# ਸਿੱਖ ਸਮਾਜ ਸਾਹਮਣੇ ਆਧੁਨਿਕ ਚੁਣੌਤੀਆਂ : ਸਰੂਪ ਤੇ ਸਮਾਧਾਨ (ਗੁਰਬਾਣੀ ਦੇ ਸੰਦਰਭ ਵਿੱਚ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

## ਖੋਜ ਪ੍ਰਬੰਧ


ਨਿਗਰਾਨ :

ਡਾ. ਗੁਰਨੇਕ ਸਿੰਘ

ਖੋਜਾਰਥੀ :

ਹਨਵੰਤ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ


2019

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜ ਵਿਦਿਆਰਥੀ ਹਨਵੰਤ ਸਿੰਘ ਨੇ **'ਸਿੱਖ ਸਮਾਜ ਸਾਹਮਣੇ ਆਧੁਨਿਕ ਚੁਣੌਤੀਆਂ : ਸਰੂਪ ਤੇ ਸਮਾਧਾਨ (ਗੁਰਬਾਣੀ ਦੇ ਸੰਦਰਭ ਵਿੱਚ)'** ਵਿਸ਼ੇ ਉਤੇ ਪੀਐਚ.ਡੀ. ਦੀ ਡਿਗਰੀ ਲਈ ਖੋਜ ਪ੍ਰਬੰਧ ਮੇਰੀ ਨਿਗਰਾਨੀ ਅਧੀਨ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਅਤੇ ਉਸਦੀ ਮਿਹਨਤ ਦਾ ਫਲ ਹੈ। ਇਸ ਨੂੰ ਪਹਿਲਾਂ ਕਿਸੇ ਹੋਰ ਡਿਪਲੋਮੇ ਜਾਂ ਡਿਗਰੀ ਲਈ ਇਸ ਜਾਂ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ ਮੁਲੰਕਣ ਲਈ ਪੇਸ਼ ਕਰਨ ਦੀ ਸਿਫ਼ਾਰਿਸ਼ ਕਰਦਾ ਹਾਂ।

**ਨਿਗਰਾਨ**

ਮਿਤੀ : 11.02.20

ਡਾ. ਗੁਰਨੇਕ ਸਿੰਘ

## ਅਧਿਆਇ ਪਹਿਲਾ

# ਧਰਮ ਅਤੇ ਸਮਾਜ

### ਧਰਮ : ਅਰਥ ਅਤੇ ਸਰੂਪ

ਮਨੁੱਖੀ ਜੀਵਨ ਵਿੱਚ ਧਰਮ ਅਤੇ ਸਮਾਜ ਦਾ ਅਹਿਮ ਸਥਾਨ ਹੈ।ਦੁਨੀਆਂ ਦੇ ਹਰ ਖੇਤਰ ਵਿੱਚ ਧਰਮ ਦੀ ਹੋਂਦ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ। ਧਰਮ ਮਾਨਵ ਜੀਵਨ ਦਾ ਅਨਿਖੜ੍ਹ ਅੰਗ ਹੈ। ਮਨੁੱਖੀ ਜ਼ਿੰਦਗੀ ਵਿੱਚ ਕੋਈ ਵੀ ਸ਼ਕਤੀ ਅਜਿਹੀ ਨਹੀਂ ਜਿਸਨੇ ਕਿ ਮਨੁੱਖਾ ਜੀਵਨ ਨੂੰ ਧਰਮ ਜਿੰਨਾ ਪ੍ਰਭਾਵਿਤ ਕੀਤਾ ਹੋਵੇ ਭਾਵ ਕਿ ਮਨੁੱਖਾ ਜੀਵਨ ਦਾ ਕੋਈ ਵੀ ਕਾਰ-ਵਿਹਾਰ ਕਰਮ-ਸੰਸਕਾਰ ਧਰਮ ਦੀ ਹੋਂਦ ਤੋਂ ਬਿਨਾਂ ਅਸੰਭਵ ਹੈ। ਮਨੁੱਖੀ ਜੀਵਨ ਦੀ ਆਰੰਭਤਾ ਭਾਵ ਕਿ ਧਰਮ ਜਨਮ ਤੋਂ ਹੀ ਮਨੁੱਖ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਇਹ ਪ੍ਰਭਾਵ ਅੰਤ ਤੱਕ ਉਸਦੇ ਜੀਵਨ ਦੇ ਆਖਰੀ ਪਲ ਜਾਂ ਉਸ ਤੋਂ ਬਾਅਦ ਤੱਕ ਵੀ ਬਣਿਆ ਰਹਿੰਦਾ ਹੈ। ਬੱਚੇ ਦੇ ਜਨਮ, ਉਸਦੇ ਨਾਮਕਰਣ, ਵਿਆਹ ਅਤੇ ਹੋਰ ਸਭ ਰਸਮ-ਰਿਵਾਜ਼ ਧਰਮ ਦੇ ਦਰਸਾਏ ਸਿਧਾਂਤਾਂ ਦੇ ਅਨੁਸਾਰ ਹੀ ਕੀਤੇ ਜਾਂਦੇ ਹਨ। ਧਰਮ ਤੋਂ ਹੀ ਬੱਚਾ ਆਪਣੇ ਆਲੇ-ਦੁਆਲੇ (ਸਮਾਜ) ਵਿੱਚ ਵਿਚਰਣ ਸੰਬੰਧੀ ਕਦਰਾਂ-ਕੀਮਤਾਂ ਸਿੱਖਦਾ ਹੈ। ਇਸ ਲਈ ਜੇਕਰ ਮਨੁੱਖੀ ਜੀਵਨ ਨੂੰ ਧਰਮ-ਨਿਰਧਾਰਿਤ ਵੀ ਕਹਿ ਲਿਆ ਜਾਵੇ ਤਾਂ ਇਸ ਵਿੱਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਮਨੁੱਖ ਦਾ ਜਨਮ ਇਸ ਸੰਸਾਰ ਵਿੱਚ ਪ੍ਰਵੇਸ਼ ਕਰਨਾ ਉਸਦਾ ਧਰਮ ਪ੍ਰਵੇਸ਼ ਕਰਨਾ ਵੀ ਹੈ ਜਿਸਤੋਂ ਕਿ ਉਹ ਕਈ ਅਜਿਹੀਆਂ ਧਾਰਮਿਕ ਸੇਧਾਂ ਗ੍ਰਹਿਣ ਕਰਦਾ ਹੈ ਜੋ ਸਹਿਜ ਸੁਭਾਵਿਕ ਹੀ ਉਸਦੀ ਜੀਵਨ-ਜਾਚ ਦਾ ਅੰਗ ਬਣ ਜਾਂਦੀਆਂ ਹਨ। ਅਸਲ ਵਿੱਚ ਧਰਮ ਹੈ ਕੀ ?

ਧਰਮ ਆਤਮਾ ਦਾ ਉਸ ਪਰਮ-ਆਤਮਾ (ਪਰਮਾਤਮਾ) ਨਾਲ ਮੇਲ ਦਾ ਨਾਮ ਹੈ। ਸੰਸਾਰ ਦੇ ਸਾਰੇ ਧਰਮਾਂ ਵਿੱਚ ਆਤਮਾ ਦੀ ਪਰਮਾਤਮਾ ਵਿੱਚ ਪੂਰਨ ਲੀਨਤਾ ਦੀ ਹੋਂਦ ਨੂੰ ਸਵੀਕਾਰਿਆ ਗਿਆ ਹੈ ਪਰ ਜੋ ਧਰਮ ਆਤਮਾ ਅਤੇ ਪਰਮਾਤਮਾ ਦੀ ਹੋਂਦ ਨੂੰ ਅਲੱਗ-ਅਲੱਗ ਮੰਨਦੇ ਹਨ, ਉਹ ਧਰਮ, ਧਰਮ ਅਖਵਾਉਣ ਦਾ ਪੂਰਨ ਤੌਰ 'ਤੇ ਦਾਅਵਾ ਨਹੀਂ ਕਰ ਸਕਦੇ। ਕਿਉਂਕਿ ਗੁਰਬਾਣੀ ਦੇ ਮਹਾਂਵਾਕ 'ਆਤਮ ਮਹਿ ਰਾਮ ਰਾਮ ਮਹਿ ਆਤਮ' ਦੇ ਅਨੁਸਾਰ ਪਰਮਾਤਮਾ ਦੇ ਬਗੈਰ ਕੋਈ ਹੋਰ ਐਸੀ ਚੀਜ਼ (ਸ਼ੈਅ) ਹੀ ਨਹੀਂ ਹੈ ਜਿਸਦੇ ਨਾਲ ਮਨੁੱਖ ਜਾਂ ਆਤਮਾ ਦੀ ਸੰਪੂਰਨ ਏਕਤਾ ਸੰਭਵ ਹੋ ਸਕੇ। ਇਸ

ਲਈ ਮਨੁੱਖ ਦਾ ਉਸ ਅਨੰਤ ਸੱਚ, ਅਨੰਤ ਸ਼ੁੱਧਤਾ ਅਤੇ ਅਨੰਤ ਪੂਰਨਤਾ ਵਿੱਚ ਲੀਨ ਕਰ ਲੈਣ ਲਈ ਬਿਹਬਲਤਾ ਹੀ ਧਰਮ ਹੈ। ਕੁਝ ਵਿਚਾਰਕਾਂ ਦੇ ਵਿਚਾਰਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਜਿਹਨਾਂ ਦਾ ਮੰਨਣਾ ਹੈ ਕਿ "ਅਧਿਆਤਮਕ ਸੱਤਾ ਵਿੱਚ ਵਿਸ਼ਵਾਸ਼ ਦਾ ਨਾਂ ਧਰਮ ਹੈ।"[1] ਜਾਂ ਧਰਮ ਇਕ ਸਦੀਵੀ ਰੱਬ ਵਿੱਚ ਵਿਸ਼ਵਾਸ ਦਾ ਦੂਜਾ ਨਾਂ ਹੈ।[2] ਇਸ ਲਈ ਧਰਮ ਦਾ ਮੂਲ ਧੁਰਾ ਅੰਤਿਮ ਸੱਚਾਈ (ਪਰਮ-ਆਤਮਾ) ਦਾ ਰਹੱਸਮਈ ਅਨੁਭਵ ਹੁੰਦਾ ਹੈ ਜਿਸ ਤੋਂ ਬਿਨ੍ਹਾਂ ਕਿਸੇ ਧਰਮ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਧਰਮ ਦੇ ਆਦੇਸ਼ ਜਾਂ ਉਪਦੇਸ਼ ਉਸ ਧਰਮ ਦੇ ਸੰਸਥਾਪਕ ਜਾਂ ਰਹਿਬਰ ਗੁਰੂ ਦੇ ਰਹੱਸਮਈ ਅਨੁਭਵ ਦੇ ਅਨੁਸਾਰ ਹੁੰਦੇ ਹਨ।

ਧਰਮ ਇਕ ਵਿਸ਼ਵਾਸ ਹੈ, ਅਕੀਦਾ ਹੈ ਜੋ ਮਨੁੱਖ ਦੀ ਆਪਣੇ ਅਨੁਭਵ ਦੀ ਵਿਆਖਿਆ ਕਰਨ ਅਤੇ ਸੇਧ ਦੀ ਕੋਸ਼ਿਸ਼ ਵਿੱਚੋਂ ਨਿਕਲਦਾ ਹੈ। ਇਸ ਲਈ ਧਰਮ ਮੁੱਢਲੇ ਤੌਰ 'ਤੇ ਕਿਸੇ ਅਨੁਭਵ ਦੀ ਆਮ ਪੱਧਰ ਤੇ ਪਛਾਣ 'ਤੇ ਅਧਾਰਿਤ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਮੁਲਾਂਕਣ ਦੇ ਘੇਰੇ ਵਿੱਚ ਆਉਂਦਾ ਹੈ ਤੇ ਨਾ ਹੀ ਕਿਸੇ ਇਕ ਜਗ੍ਹਾਂ ਸਥਿਰ ਖੜ੍ਹੋ ਕੇ ਮਨੁੱਖ ਨੂੰ ਆਪਣੇ ਅਨੁਭਵਾਂ ਦੀ ਪੇਸ਼ਕਾਰੀ ਕਰਨ ਲਈ ਸਮਾਂ ਦਿੰਦਾ ਹੈ। ਸਗੋਂ ਧਰਮ ਇਨ੍ਹਾਂ ਸਾਰਿਆਂ ਨੂੰ ਆਪਣੀ ਬੁੱਕਲ ਵਿੱਚ ਸਮੇਟ ਲੈਂਦਾ ਹੈ ਅਤੇ ਮਨੁੱਖ ਨੂੰ ਆਪਣੇ ਪਰਮਾਤਮਾ ਦੀ ਪ੍ਰਾਪਤੀ ਤੇ ਇਕਮਿਕਤਾ ਦੇ ਅਹਿਸਾਸ ਲਈ ਰਾਹ ਮੋਕਲਾ ਕਰਦਾ ਹੈ। ਇਸ ਦੇ ਲਈ ਧਰਮ ਕੋਈ ਖਾਸ ਥਾਂ, ਖਾਸ ਸਮਾਂ ਜਾਂ ਖਾਸ ਪਛਾਣ ਦਾ ਮੁਥਾਜ ਨਹੀਂ ਸਗੋਂ ਹਰ ਤਰ੍ਹਾਂ ਦੀ ਪਾਬੰਦੀ ਤੋਂ ਪਾਰ ਮਨੁੱਖ ਦੀ ਆਪੇ ਦੀ ਪਛਾਣ ਹੈ।ਕਿਸੇ ਵੀ ਧਰਮ ਦੀ ਵਾਸਤਵਿਕਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਮਾਜ ਵਿੱਚ ਵਿਚਰਦੇ ਲੋਕਾਂ ਦਾ ਇਕ ਵਰਗ ਵਿਸ਼ੇਸ਼ ਜਦੋਂ ਕਿਸੇ ਇਕ ਵਿਚਾਰਧਾਰਾ ਵਿੱਚ ਵਿਸ਼ਵਾਸ਼ ਅਤੇ ਭਾਵਨਾਤਮਕ ਆਸਥਾ ਪ੍ਰਗਟ ਕਰਨ ਲੱਗ ਪਵੇ ਅਤੇ ਉਹ ਵਿਚਾਰਧਾਰਾ ਇਸ ਬ੍ਰਹਿਮੰਡ ਦੇ ਪਾਲਣਹਾਰ ਹੋਣ ਅਤੇ ਮਾਨਵ ਨੂੰ ਅਧਿਆਤਮਕ ਸੁਝਾ ਪ੍ਰਦਾਨ ਕਰਨ ਵਾਲੀ ਹੋਣ ਦੇ ਰੂਪ ਵਿੱਚ ਪ੍ਰਗਟ ਹੋ ਰਹੀ ਹੋਵੇ ਤਾਂ ਉਸ ਵਿਚਾਰਧਾਰਾ ਨੂੰ ਆਮ ਬੋਲਚਾਲ ਦੀ ਭਾਸ਼ਾ ਵਿੱਚ ਧਰਮ ਕਹਿ ਦਿੰਦੇ ਹਾਂ।

ਧਰਮ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਇਹ ਸੱਚੀ -ਸੁੱਚੀ ਜੀਵਨ-ਜਾਚ ਸਿਖਾਉਂਦਾ ਹੈ, ਮਨ ਨੂੰ ਅਸਲੀ ਮਕਸਦ ਵੱਲ ਲੈ ਜਾਣ ਵਿੱਚ ਸਹਾਈ ਹੁੰਦਾ ਹੈ। ਇੰਦ੍ਰੀਆਂ ਨੂੰ ਕੰਟਰੋਲ ਕਰਨ ਵਿੱਚ ਮਨੁੱਖ ਲਈ ਰਾਹ ਅਖਤਿਆਰ ਕਰਦਾ ਹੈ, ਗਿਆਨ ਬਖਸ਼ਦਾ ਹੈ ਅਤੇ ਜੀਵਨ ਨੂੰ ਸੁਹਜਤਾ ਅਤੇ ਸੁੰਦਰਤਾ ਪ੍ਰਦਾਨ ਕਰਦਾ ਹੈ। ਡਾ. ਜੋਧ ਸਿੰਘ ਲਿਖਦੇ ਹਨ, "ਧਰਮ

ਨੈਤਿਕ ਅਤੇ ਅਧਿਆਤਮ ਉਚਾਣਾਂ ਵੱਲ ਲੈ ਜਾਣ ਵਾਲੀ ਉਹ ਸ਼ਕਤੀ ਹੈ ਜਿਹੜੀ ਹਰ ਮਨੁੱਖ ਵਿੱਚ ਵਿਦਮਾਨ ਹੁੰਦੀ ਹੈ ਅਤੇ ਹਰ ਵਿਅਕਤੀ ਆਪਣੀਆਂ ਇੰਦਰੀਆਂ ਰਾਹੀਂ ਆਪਣੀਆਂ ਮੂਲ ਵਾਸ਼ਨਾਵਾਂ ਨੂੰ ਨਵੀਂ ਨੁਹਾਰ ਦੇ ਕੇ ਉਨ੍ਹਾਂ ਨੂੰ ਉਦਾਤ ਕਰਕੇ ਇਸ ਅੰਦਰੂਨੀ ਸ਼ਕਤੀ ਨੂੰ ਪ੍ਰਾਪਤ ਕਰ ਸਕਦਾ ਹੈ।"[3]

ਧਰਮ ਇਕ ਸਿਧਾਂਤਕ ਨਿਸ਼ਚਾ ਹੈ। ਇਹ ਮਨੁੱਖ ਦੀ ਉਸ ਅਪਾਰ ਸ਼ਕਤੀ ਵਿੱਚ ਵਿਸ਼ਵਾਸ ਹੈ ਜੋ ਖੁਦ ਉਸ ਤੋਂ ਪਰ੍ਹੇ ਦੀ ਹੈ ਤੇ ਉਸਦੀਆਂ ਭਾਵਨਾਤਮਕ ਲੋੜਾਂ ਨੂੰ ਪੂਰਿਆਂ ਕਰਨ ਵਿੱਚ ਸਹਾਈ ਹੁੰਦੀ ਹੈ। ਇਸ ਦੇ ਮਾਧਿਅਮ ਰਾਹੀਂ ਹੀ ਮਨੁੱਖ ਆਪਣੇ ਜੀਵਨ ਨੂੰ ਸਥਿਰ ਕਰਨ ਲਈ ਉਪਰਾਲਾ ਕਰਦਾ ਹੈ। ਧਰਮ ਮਨੁੱਖੀ ਜੀਵਨ ਦੀਆਂ ਗਹਿਰਾਈਆਂ ਵਿੱਚ ਸੂਖਮ ਅਨੁਭਵ ਦੀ ਅਭਿਵਿਅਕਤੀ ਕਰਵਾਉਂਦਾ ਹੈ। ਇਸ ਅਸੀਮ ਸੱਤਾ ਦੀ ਉਪਸਥਿਤੀ ਅਤੇ ਉਸ ਦੇ ਪ੍ਰਤੱਖ ਬੋਧ ਦੇ ਅਨੁਭਵ ਨੂੰ ਹੀ ਧਰਮ ਦਾ ਮੂਲ ਕਿਹਾ ਜਾ ਸਕਦਾ ਹੈ।

ਧਰਮ ਦਾ ਪ੍ਰਭਾਵ ਕਈ ਤਰ੍ਹਾਂ ਨਾਲ ਮਨੁੱਖ ਦੇ ਜੀਵਨ ਵਿੱਚ ਵੇਖਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਉਸਦਾ ਧਾਰਮਿਕ ਵਤੀਰਾ ਹੈ ਜਿਸ ਵਿੱਚ ਉਸ ਦੀਆਂ ਧਾਰਮਿਕ ਰਸਮਾਂ ਜਿਵੇਂ ਅਰਦਾਸ, ਪਾਠ-ਪੂਜਾ, ਦਾਨ-ਪੁੰਨ ਆਦਿ ਸ਼ਾਮਿਲ ਹੁੰਦੇ ਹਨ ਜੋ ਉਸਦੇ ਆਮ ਜੀਵਨ ਜਿਉਣ ਦੇ ਢੰਗ ਵਿੱਚ ਵਿਖਾਈ ਦਿੰਦੇ ਹਨ।ਇਹ ਵਿਹਾਰ ਮਨੁੱਖ ਦਾ ਵਿਅਕਤੀਗਤ ਵਰਤਾਰਾ ਨਾ ਹੋ ਕੇ ਉਸਦੇ ਸਮਾਜਿਕ ਅਤੇ ਭਾਈਚਾਰਕ ਵਿਵਹਾਰ ਨੂੰ ਵੀ ਪ੍ਰਗਟ ਕਰਦੇ ਹਨ। ਦੂਜੇ ਪਾਸੇ ਧਾਰਮਿਕ ਅਨੁਭਵ ਮਨੁੱਖ ਦੇ ਆਤਮ ਵਿੱਚੋਂ ਪੈਦਾ ਹੁੰਦਾ ਹੈ ਜੋ ਕਿ ਇਕ ਰੂਹਾਨੀ ਸਰੋਕਾਰ ਹੈ। ਇਥੇ ਮਨੁੱਖ ਨੂੰ ਆਪਣੇ ਜੀਵਨ ਦੇ ਅਸਲ ਮਨੋਰਥ ਦੀ ਸੋਝੀ ਹੁੰਦੀ ਹੈ ਅਤੇ ਇਸ ਮਨੋਰਥ ਦੀ ਪ੍ਰਾਪਤੀ ਭਾਵ ਪਰਮਾਤਮਾ ਦੀ ਪ੍ਰਾਪਤੀ ਲਈ ਉਸਦੇ ਹਿਰਦੇ ਵਿੱਚ ਵਾਪਰਨ ਵਾਲੀਆਂ ਡੂੰਘਾਈਆਂ ਦਾ ਬਹੁਤ ਹੀ ਸੂਖਮ ਕਿਸਮ ਦੇ ਅਨੁਭਵ ਰਾਹੀਂ ਪ੍ਰਗਟਾ ਹੁੰਦਾ ਹੈ। ਇਸ ਪੱਖ ਵਿੱਚ ਮਨੁੱਖ ਦੀ ਸ਼ਰਧਾ, ਵਿਸ਼ਵਾਸ਼ ਅਤੇ ਆਪੇ ਦੀ ਪਛਾਣ ਹੀ ਧਰਮ ਦਾ ਮੂਲ ਮੰਨਿਆ ਜਾਂਦਾ ਹੈ । ਇਸ ਤਰ੍ਹਾਂ ਧਰਮ ਇਕ ਨਿਯਮਿਤ ਮਾਰਗ ਹੈ ਜਿਸ 'ਤੇ ਚੱਲ ਕੇ ਮਨੁੱਖ ਸਹੀ ਨਿਸ਼ਾਨੇ ਤੇ ਪੁੱਜ ਸਕਦਾ ਹੈ।

ਧਰਮ ਦਾ ਇਤਿਹਾਸ ਲਗਭਗ ਮਨੁੱਖ ਦੇ ਆਪਣੇ ਇਤਿਹਾਸ ਜਿੰਨਾਂ ਹੀ ਪੁਰਾਣਾ ਹੈ। ਅਲੱਗ-ਅਲੱਗ ਮਾਨਵਾਂ ਦੀ ਤਰ੍ਹਾਂ ਅਲੱਗ-ਅਲੱਗ ਧਰਮ ਵੀ ਅਸਲੋਂ ਇਕ ਹੁੰਦੇ ਹਨ। ਭਾਵੇਂ ਉਨ੍ਹਾਂ ਦੇ ਬਾਹਰੀ ਚਿੰਨ੍ਹਾਂ, ਰਸਮਾਂ ਅਤੇ ਸਿਧਾਂਤਾਂ ਨੂੰ ਬਾਹਰੀ ਰੂਪ ਵਿੱਚ ਵੇਖਣ ਤੇ ਭਿੰਨਤਾ ਜਾਪਦੀ ਹੈ ਪਰ ਸਾਰੇ

ਹੀ ਧਰਮਾਂ ਦਾ ਮੂਲ ਉਦੇਸ਼ ਸਰਵ-ਵਿਆਪਕ ਅਤੇ ਅਸੀਮ ਸੱਤਾ ਵਿੱਚ ਇਕਮਿਕਤਾ ਦਾ ਅਹਿਸਾਸ ਹੀ ਹੈ।

ਧਰਮ ਦੇ ਵਿਆਪਕ ਅਰਥਾਂ ਦੀ ਚਰਚਾ ਤੋਂ ਪਹਿਲਾਂ ਧਰਮ ਦੀ ਪਰਿਭਾਸ਼ਾ ਕਰਨੀ ਅਤਿ ਜ਼ਰੂਰੀ ਹੈ। ਧਰਮ ਦੀ ਉੱਚਿਤ ਪਰਿਭਾਸ਼ਾ ਕਰਨ ਤੋਂ ਪਹਿਲਾਂ ਇਸਦੇ ਸ਼ਾਬਦਿਕ ਅਰਥਾਂ ਨੂੰ ਜਾਣਨਾ ਪਵੇਗਾ। ਧਰਮ ਨੂੰ ਅੰਗਰੇਜ਼ੀ ਭਾਸ਼ਾ ਵਿੱਚ (Religion) ਕਹਿੰਦੇ ਹਨ। ਇਹ ਰਿਲੀਜਨ ਸ਼ਬਦ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ 'ਰੀ' ਅਤੇ 'ਲਿਗੇਅਰ' ਦੇ ਮੇਲ ਤੋਂ ਬਣਿਆ ਹੈ।'ਰੀ' ਦਾ ਅਰਥ ਹੈ 'ਦੁਬਾਰਾ' ਜਾਂ 'ਪਿਛੇ' ਅਤੇ 'ਲਿਗੇਅਰ' ਦਾ ਅਰਥ ਹੈ 'ਬੰਨਣਾ'[4] ਇਸ ਤਰ੍ਹਾਂ ਸ਼ਾਬਦਿਕ ਅਰਥਾਂ ਵਿੱਚ ਧਰਮ ਦਾ ਮਤਲਬ ਹੈ 'ਦੁਬਾਰਾ ਬੰਨਣਾ'। ਮਨੁੱਖ ਮੂਲ ਰੂਪ ਵਿੱਚ ਪਰਮਾਤਮਾ ਨਾਲ ਜੁੜਿਆ ਹੋਇਆ ਹੈ ਅਤੇ ਉਸਦਾ ਇਸ ਸੰਸਾਰ ਵਿੱਚ ਆ ਕੇ ਧਰਮ ਨਾਲ ਜੁੜ ਕੇ ਆਪਣੀ ਉਸ ਪਰਮਾਤਮਾ ਨਾਲ ਪਛਾਣ ਅਤੇ ਉਸ ਮੂਲ ਸੋਮੇ ਨਾਲ ਦੁਬਾਰਾ ਸੰਬੰਧ ਜੋੜਣ ਦਾ ਜ਼ਰੀਆਂ 'ਧਰਮ' ਹੀ ਹੈ। ਇਸ ਤਰ੍ਹਾਂ ਧਰਮ ਦਾ ਅਰਥ ਹੈ ਬੰਨ੍ਹਣਾ ਅਤੇ ਪੁਨਰ ਵਿਚਾਰ। ਇਸ ਤਰ੍ਹਾਂ ਧਰਮ ਉਹ ਸਾਧਨ ਹੈ ਜਿਸ ਨਾਲ ਮਨੁੱਖ ਇਸ ਸੰਸਾਰ ਨਾਲ ਬੰਨਿਆ ਹੋਇਆ ਹੈ। 'ਧਰਮ' ਸ਼ਬਦ ਦੇ ਬੜੇ ਹੀ ਵਿਆਪਕ ਅਰਥ ਹਨ। ਧਰਮ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਧ੍ਰਿ' ਤੋਂ ਨਿਕਲਿਆ ਮੰਨਿਆ ਜਾਂਦਾ ਹੈ ਜਿਸ ਦਾ ਅਰਥ 'ਧਾਰਨਾ ਕਰਨ, ਪਾਲਣ-ਪੋਸ਼ਣ ਕਰਨਾ'। ਇਸ ਲਈ ਧਰਮ ਦਾ ਅਰਥ ਮਨੁੱਖ ਨੂੰ ਕਿਸੇ ਵੀ ਧਰਮ ਵਿਚਲੇ ਧਾਰਮਿਕ ਆਦੇਸ਼ਾਂ ਜਾਂ ਨਿਯਮਾਂ ਨੂੰ ਧਾਰਨ ਕਰਦੇ ਹੋਏ ਉਨ੍ਹਾਂ ਆਦੇਸ਼ਾਂ ਜਾਂ ਨਿਯਮਾਂ ਦੇ ਅਧਾਰ 'ਤੇ ਆਪਣਾ ਜੀਵਨ ਬਤੀਤ ਕਰਨਾ ਹੋ ਸਕਦੇ ਹਨ।

ਆਦਿ ਕਾਲ ਤੋਂ ਹੀ ਮਨੁੱਖ ਕਿਸੇ ਨਾ ਕਿਸੇ ਧਰਮ ਵਿੱਚ ਵਿਸ਼ਵਾਸ ਰੱਖਦਾ ਆਇਆ ਹੈ। ਅਜਿਹਾ ਮੰਨਣਾ ਹੀ ਹੈ ਕਿ ਧਰਮ ਦੇ ਗਿਆਨ ਤੋਂ ਬਿਨਾਂ ਮਨੁੱਖ ਆਪਣੇ ਅਸਲੇ ਦੀ ਸੋਝੀ ਪ੍ਰਾਪਤ ਕਰਨ ਤੋਂ ਅਸਮਰੱਥ ਹੈ ਅਤੇ ਧਰਮ ਦੀ ਪੌੜੀ ਚੜ੍ਹੇ ਬਗੈਰ ਮਨੁੱਖ ਪਰਮਾਤਮਾ ਦੇ ਰਹੱਸ ਨੂੰ ਜਾਣਨ ਤੋਂ ਕੋਰਾ ਹੀ ਹੈ। ਧਰਮ ਦਾ ਮਨੁੱਖੀ ਸਮਾਜ ਵਿੱਚ ਅਹਿਮ ਮਹੱਤਵ ਹੈ। ਮਨੁੱਖਤਾ ਦਾ ਅਧਿਐਨ ਧਰਮ ਦੇ ਅਧਿਐਨ ਤੋਂ ਬਗੈਰ ਅਧੂਰਾ ਹੈ। ਧਰਮ ਅਤੇ ਮਨੁੱਖੀ ਸਮਾਜ ਦੀ ਵਿਅਕਤੀਗਤ ਧਾਰਨਾ ਸਮੇਂ ਦੇ ਬਦਲਣ ਦੇ ਨਾਲ ਹਮੇਸ਼ਾਂ ਬਦਲਦੀ ਹੀ ਰਹੀ ਹੈ। ਫਿਰ ਵੀ ਮਾਨਵੀ ਸਮਾਜ ਵਿੱਚ ਧਰਮ ਦਾ ਨਿੱਗਰ ਯੋਗਦਾਨ ਹੈ। ਧਰਮ ਦਾ ਅਸਲ ਮਨੋਰਥ ਮਨੁੱਖ ਦੀ ਅੰਤਰਿਕ ਅਤੇ ਸਮਾਜਿਕ ਜੀਵਨਧਾਰਾ ਨੂੰ ਜੋੜ ਕੇ

ਰੱਖਣਾ ਹੈ। ਧਰਮ ਦਾ ਉਚੇਰਾ ਆਦਰਸ਼ ਮਾਨਵ ਦੁਆਰਾ ਅਕਾਲ ਪੁਰਖ ਨਾਲ ਆਤਮਿਕ ਸਾਂਝ ਦਾ ਅਹਿਸਾਸ ਹੈ।

ਅਸਲ ਵਿੱਚ ਧਰਮ ਮਨੁੱਖੀ ਸਮਾਜ ਨੂੰ ਸਦਾਚਾਰ ਦੇ ਰਾਹ ’ਤੇ ਚਲਾਉਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਸੱਚੇ ਧਰਮ ਵਿੱਚ ਪਾਖੰਡ, ਲੋਭ-ਲਾਲਚ, ਕਰਮ-ਕਾਂਡ ਜਾਂ ਸੰਸਾਰਕ ਲਾਲਸਾਵਾਂ ਦੀ ਪੂਰਤੀ ਦੀ ਕੋਈ ਇੱਛਾ ਨਹੀ ਹੁੰਦੀ, ਸਗੋਂ ਇਸਦੇ ਉਲਟ ਧਰਮ ਮਾਨਵੀ ਪਿਆਰ, ਆਪਸੀ ਭਾਈਚਾਰਾ, ਸਹਿ-ਮਿਲਵਰਤਣ, ਉਦਾਰਤਾ, ਰਹਿਮ-ਦਿਲੀ ਅਤੇ ਆਪਸੀ ਸਾਂਝ ਦੀਆਂ ਸਦੀਵੀ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਦਾ ਹੋਇਆ ਸਮੁੱਚੀ ਮਾਨਵ ਜਾਤੀ ਨੂੰ ਏਕੇ ਦੀ ਲੜੀ ਵਿੱਚ ਪਰੋਣ ਦੀ ਸਮਰੱਥਾ ਰੱਖਦਾ ਹੈ। ਧਰਮ ਦਾ ਅਸਲ ਮਨੋਰਥ ਅਗਿਆਨੀ ਤੇ ਬੇਸਮਝ ਮਨੁੱਖ ਲਈ ਰਾਹ ਅਖਤਿਆਰ ਕਰਨਾ ਹੈ। ਇਹ ਕਦੇ ਵੀ ਮਨੁੱਖੀ ਕਦਰਾਂ-ਕੀਮਤਾਂ ਨੂੰ ਢਾਹ ਨਹੀ ਲੱਗਣ ਦਿੰਦਾ ਸਗੋਂ ਸੱਚੇ ਧਰਮ ਵਿੱਚ ਨਸਲੀ ਫਿਰਕਾ ਪ੍ਰਸਤੀ, ਆਰਥਿਕ ਸ਼ੋਸ਼ਣ ਅਤੇ ਸਮਾਜਿਕ ਬੇ-ਇਨਸਾਫੀ ਨੂੰ ਨੱਥ ਪਾਉਣ ਦੀ ਵੀ ਉੱਚ-ਸਮਰੱਥਾ ਹੁੰਦੀ ਹੈ।

ਧਰਮ ਦਾ ਭਾਵ ਬੁਰਾਈ ਤੇ ਚੰਗਿਆਈ ਵਿੱਚ ਫਰਕ ਸਮਝਣ ਦੀ ਕਾਬਲੀਅਤ ਦਾ ਨਾਮ ਹੈ। ਸਮੁੱਚੀ ਸ੍ਰਿਸ਼ਟੀ ਵਿੱਚ ਅਜਿਹੀ ਕਾਬਲੀਅਤ ਕੇਵਲ ਅਤੇ ਕੇਵਲ ਮਨੁੱਖ ਦੇ ਹਿੱਸੇ ਹੀ ਆਈ ਹੈ। ਸਮੁੱਚੀ ਕਾਇਨਾਤ ’ਤੇ ਨਜ਼ਰ ਮਾਰਿਆਂ ਇਹ ਗੱਲ ਸਮਝ ਆਉਂਦੀ ਹੈ ਕਿ ਪਸ਼ੂ, ਪੰਛੀ, ਕੀਟ-ਪਤੰਗੇ ਆਦਿ ਸਭ ਵਿੱਚੋਂ ਮਨੁੱਖ ਹੀ ਸ੍ਰੇਸ਼ਟ ਪ੍ਰਾਣੀ ਹੈ ਜਿਸ ਵਿੱਚ ਪਰਮਾਤਮਾ ਨੇ ਹਰ ਗੁਣ ਭਰਦੇ ਹੋਏ ਸਭ ਤੋਂ ਅਹਿਮ ਚੀਜ਼ ਦਿਮਾਗ ਵੀ ਦਿੱਤਾ ਹੈ। ਆਮ ਤੌਰ ’ਤੇ ਦੇਖਿਆਂ ਡਰ, ਨੀਂਦ, ਭੁੱਖ, ਅਰਾਮ, ਕਾਮਿਕ ਰੁਚੀਆਂ ਭਾਵੇਂ ਸਾਰੇ ਪਸ਼ੂ-ਪੰਛੀਆਂ ਅਤੇ ਮਨੁੱਖਾਂ ਸਭ ਵਿੱਚ ਹੁੰਦੀਆਂ ਹਨ ਪਰ ਮਨੁੱਖਾਂ ਅਤੇ ਪਸ਼ੂ-ਪੰਛੀਆਂ ਵਿੱਚ ਅਸਲ ਅੰਤਰ ‘ਗਿਆਨ’ ਦਾ ਹੈ ਭਾਵ ਅਜਿਹਾ ਗਿਆਨ ਜੋ ਧਰਮ ਦੇ ਰਸਤੇ ’ਤੇ ਜਾ ਕੇ ਹੀ ਮਿਲ ਸਕਦਾ ਹੈ, ਸਹੀ-ਗਲਤ ਦੀ ਪਹਿਚਾਣ ਕਰਵਾ ਸਕਦਾ ਹੈ, ਹਰ ਜੀਵ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਸਕਦਾ ਹੈ। ਅਜਿਹਾ ਅਹਿਸਾਸ ਕਿ ਜੀਵ ਆਪਣੇ ਜੀਵਨ ਵਿੱਚ ਹੀ ਜੀਵਨ ਦਾ ਅਸਲ ਮਕਸਦ ਸਮਝ ਸਕੇ। ਵੱਖ-ਵੱਖ ਸਮਿਆਂ ਦੌਰਾਨ ਅਨੇਕਾਂ ਪੀਰ, ਪੈਗੰਬਰ, ਸੰਤਾਂ, ਮਹਾਂਪੁਰਸ਼ਾਂ ਦੁਆਰਾ ਚਲਾਏ ਧਰਮ ਦਾ ਕੇਂਦਰੀ ਭਾਵ ਮਨੁੱਖ ਨਾਲ ਆਪਣੇ ਅਸਲੇ ਨਾਲ ਮਿਲਾਪ ਭਾਵ ਪਰਮਾਤਮਾ ਦੀ ਪ੍ਰਾਪਤੀ ਹੈ। ਮਨੁੱਖ ਲਈ ਸਭ ਤੋਂ ਜ਼ਰੂਰੀ ਪ੍ਰਭੂ ਦੀ ਹੋਂਦ ਜਾਣਨੀ ਹੈ, ਤਦ ਹੀ ਉਹ ਆਪਣੇ ਖੁਦ ਨੂੰ

ਪਹਿਚਾਣ ਸਕੇਗਾ, ਤਦ ਹੀ ਉਹ ਧਰਮ ਦੀ ਪੌੜੀ ਚੜ੍ਹ ਕੇ ਧਰਮ ਬਾਰੇ ਗਿਆਨ ਹਾਸਿਲ ਕਰ ਸਕੇਗਾ ਤੇ ਪਰਮਾਤਮਾ ਦੇ ਮਿਲਾਪ ਲਈ ਰਾਹਗੀਰ ਬਣ ਸਕੇਗਾ।

ਧਰਮ ਦੇ ਸਰੂਪ ਨੂੰ ਸਪਸ਼ਟ ਕਰਨ ਲਈ ਵਿਭਿੰਨ ਵਿਦਵਾਨਾਂ ਨੇ ਆਪਣੇ-ਆਪਣੇ ਨਜ਼ਰੀਏ ਤੋਂ ਵਿਚਾਰ ਪੇਸ਼ ਕੀਤੇ ਹਨ। ਕਿਉਂਕਿ ਧਰਮ ਸ਼ਬਦ ਭਾਵੇਂ ਦੇਖਣ ਵਿੱਚ ਛੋਟਾ ਹੈ ਪਰ ਇਸਦੀ ਵਿਆਪਕਤਾ ਅਤੇ ਵਿਸ਼ਾਲਤਾ ਬਹੁਤ ਸਾਰੇ ਵਿਸ਼ਿਆਂ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦੀ ਹੈ ਅਤੇ ਧਰਮ ਦੀ ਇਸ ਵਿਆਪਕਤਾ ਤੇ ਵਿਸ਼ਾਲਤਾ ਦੇ ਕਾਰਨ ਇਸਦੇ ਅਰਥ ਤੇ ਸਰੂਪ ਦੇ ਅਧਾਰ ’ਤੇ ਕਿਸੇ ਇਕ ਪਰਿਭਾਸ਼ਾ ਵਿੱਚ ਬੰਨ੍ਹ ਸਕਣਾ ਮੁਸ਼ਕਿਲ ਹੈ। ਇਸ ਲਈ ਅਲੱਗ-ਅਲੱਗ ਵਿਦਵਾਨਾਂ ਨੇ ਇਸਨੂੰ ਆਪਣੇ-ਆਪਣੇ ਨਜ਼ਰੀਏ ਤੋਂ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ।

ਜੇਮਸ ਮਾਰਟੀਨਿਊ ਦੇ ਅਨੁਸਾਰ, ‘ਧਰਮ ਇਕ ਸਦੀਵੀ ਰੱਬ ਵਿੱਚ ਵਿਸ਼ਵਾਸ ਹੈ।’[5] ਵਜ਼ੀਰ ਸਿੰਘ ਧਰਮ ਨੂੰ ਅਧਿਆਤਮਕ ਹਸਤੀਆਂ ਵਿੱਚ ਵਿਸ਼ਵਾਸ ਮੰਨਦਾ ਹੈ।[6] ਇਸ ਤਰ੍ਹਾਂ ਹੀ ਪ੍ਰਸਿੱਧ ਵਿਦਵਾਨ ਸ੍ਰੀ ਅਰਬਿੰਦੋ ਮੰਨਦੇ ਹਨ ਕਿ ਪਰਮਾਤਮਾ ਦੀ ਖੋਜ ਹੀ ਅਸਲ ਵਿੱਚ ਧਰਮ ਦਾ ਮੁੱਖ ਤੱਤ ਹੈ।

ਵਿਲੀਅਮ ਜ਼ੇਮਜ਼ ਦਾ ਮੰਨਣਾ ਹੈ ਕਿ ਮਨੁੱਖ ਆਪਣੇ ਇਕਲੇਪਣ ਵਿੱਚ ਜੋ ਅਹਿਸਾਸ, ਕਰਮਾਂ ਅਤੇ ਅਨੁਭਵਾਂ ਨੂੰ ਗ੍ਰਹਿਣ ਕਰਦਾ ਹੈ, ਉਹੀ ਧਰਮ ਹੈ।[7] ਕਿਉਂ ਕਿ ਅਜਿਹੇ ਅਨੁਭਵਾਂ ਸਮੇਂ ਉਹ ਆਪਣੇ ਆਪ ਨੂੰ ਕਿਸੇ ਅਧਿਆਤਮਕ ਸੱਤਾ ਨਾਲ ਜੁੜਿਆ ਮਹਿਸੂਸ ਕਰਦਾ ਹੈ। ਇਸੇ ਤਰ੍ਹਾਂ ਹੀ ਐਡਮਸ ਧਰਮ ਨੂੰ ਅਗਿਆਤ ਸ਼ਕਤੀਆਂ ਦੀ ਸਾਧਨਾ ਮੰਨਦਾ ਹੈ।[8] ਬਰੈਡਲੇ ਅਨੁਸਾਰ ਸਾਡੀ ਹਸਤੀ (ਹੋਂਦ) ਦੇ ਹਰ ਪੱਖ ਨੂੰ ਚੰਗਿਆਈ ਦੀ ਪੂਰਣ ਅਸਲੀਅਤ ਵਿੱਚ ਪ੍ਰਗਟ ਕਰਨ ਦਾ ਯਤਨ ਹੀ ਅਸਲ ਵਿੱਚ ਧਰਮ ਹੈ।[9]

ਪਰ ਇਥੇ ਅਸੀਂ ਦੇਖਦੇ ਹਾਂ ਕਿ ਸਾਰੇ ਵਿਦਵਾਨ ਧਰਮ ਨੂੰ ਪਰਿਭਾਸ਼ਿਤ ਕਰਨ ਵਿੱਚ ਇਕਮਤ ਨਹੀਂ ਹਨ। ਕੋਈ ਧਰਮ ਨੂੰ ਅਧਿਆਤਮਕ ਤੱਤ ਨਾਲ ਜੋੜਦਾ ਹੈ, ਕੋਈ ਮਨੋਵਿਗਿਆਨ ਤੇ ਕੋਈ ਸਦਾਚਾਰ ਨਾਲ। ਧਰਮ ਨੂੰ ਕਿਸੇ ਇਕ ਪਰਿਭਾਸ਼ਾ ਵਿੱਚ ਬੰਨ੍ਹ ਸਕਣਾ ਲਗਭਗ ਮੁਸ਼ਕਿਲ ਹੀ ਹੈ ਪਰ ਇਨਸਾਈਕਲੋਪੀਡੀਆ ਆਫ ਫਿਲਾਸਫੀ ਵਿੱਚ ਇਨ੍ਹਾਂ ਪਰਿਭਾਸ਼ਾਵਾਂ ਦੇ ਅਧਾਰ ’ਤੇ ਧਰਮ ਦੇ ਵਿਸ਼ੇਸ਼ ਲੱਛਣਾਂ ਦੀ ਸੂਚੀ ਦਿੱਤੀ ਗਈ ਹੈ ਜਿਸ ਦੇ ਅਧਾਰ ’ਤੇ ਧਰਮ ਬਾਰੇ ਸਮਝਣਾ ਅਸਾਨ ਹੋ ਸਕੇ।

ਪ੍ਰਾਭੌਤਿਕ ਹਸਤੀਆਂ ਵਿੱਚ ਵਿਸ਼ਵਾਸ , ਦੇਵਤਿਆਂ ਦੁਆਰਾ ਪ੍ਰਵਾਣਿਤ ਨੈਤਿਕ ਵਿਧਾਨ, ਪਵਿੱਤਰ ਅਤੇ ਅਪਵਿੱਤਰ ਵਸਤਾਂ ਦਾ ਨਿਖੇੜਾ, ਪਵਿੱਤਰ ਵਸਤਾਂ ’ਤੇ ਕੇਂਦਰਿਤ ਕਰਮ-ਕਾਂਡ, ਵਿਸ਼ੇਸ਼

ਧਾਰਮਿਕ ਭਾਵਨਾਵਾਂ, ਭੈ ,ਰਹੱਸ ਦੀ ਚੇਤਨਾ, ਪਾਪ ਚੇਤਨਾ, ਭਗਤੀ, ਅਰਦਾਸ, ਵਿਸ਼ਵ ਦ੍ਰਿਸ਼ਟੀਕੋਣ ਅਤੇ ਵਿਸ਼ਵ ਦ੍ਰਿਸ਼ਟੀਕੋਣ 'ਤੇ ਅਧਾਰਿਤ ਜੀਵਨ ਦੀ ਸਮੁੱਚੀ ਵਿਵਸਥਾ, ਸਮਾਜਿਕ ਸਮੂਹ।[10] ਇਸ ਸੂਚੀ 'ਤੇ ਅਧਾਰਿਤ ਇਹ ਜ਼ਰੂਰੀ ਨਹੀਂ ਕਿ ਹਰ ਧਰਮ ਵਿੱਚ ਇਹ ਸਾਰੇ ਤੱਤ ਹੀ ਪਾਏ ਜਾਂਦੇ ਹਨ। ਕਿਸੇ ਵੀ ਧਰਮ ਵਿੱਚ ਇਨ੍ਹਾਂ ਵਿੱਚੋਂ ਕਿਸੇ ਇਕ ਜਾਂ ਦੋ ਤੱਤਾਂ ਦੀ ਹੋਂਦ ਹੀ ਕਿਸੇ ਵੀ ਸੰਸਥਾ ਦੇ ਧਰਮ ਹੋਣ ਜਾਂ ਨਾ ਹੋਣ ਨੂੰ ਨਿਰਧਾਰਿਤ ਕਰਨ ਵਿੱਚ ਸਾਡੀ ਸਹਾਇਤਾ ਕਰਦੀ ਹੈ। ਉਪਰੋਕਤ ਵਿਚਾਰਾਂ ਦੀ ਚਰਚਾ ਅਧੀਨ ਇਥੇ ਕਹਿ ਸਕਦੇ ਹਾਂ ਕਿ ਧਰਮ ਮਨੁੱਖੀ ਜੀਵਨ ਦਾ ਉਸਦੀ ਉੱਚਤਮ ਸੀਮਾਂ ਤੱਕ ਵਿਕਾਸ ਹੈ।ਇਸ ਲਈ ਮਨੁੱਖੀ ਜੀਵਨ ਨੂੰ ਧਰਮ ਨਾਲ ਜੋੜਦੇ ਹੋਏ ਇਸਨੂੰ ਉੱਚਤਮ ਅਤੇ ਸੰਪੂਰਨ ਬਣਾਉਣ ਲਈ ਮਨੁੱਖੀ ਯਤਨਾਂ ਦਾ ਖਾਸ ਤੌਰ 'ਤੇ ਯੋਗਦਾਨ ਹੈ ਜਿਨ੍ਹਾਂ ਸਦਕਾ ਮਨੁੱਖ ਆਪਣੇ ਰੱਬ ਤੇ ਪੈਗੰਬਰ ਦੀ ਅਸਲੀਅਤ ਤੋਂ ਜਾਣੂ ਹੋ ਕੇ ਉਸ ਨਾਲ ਮਿਲਾਪ ਹਾਸਿਲ ਕਰ ਸਕੇ।

ਮਨੁੱਖ ਸ਼ੁਰੂ ਤੋਂ ਹੀ ਚਿੰਤਨਸ਼ੀਲ ਪ੍ਰਾਣੀ ਹੈ ਅਤੇ ਮੁੱਢ ਤੋਂ ਹੀ ਜਗਿਆਸਾ ਦੀ ਰੁਚੀ ਵਿਦਮਾਨ ਹੋਣ ਕਾਰਨ ਉਹ ਜਗਤ ਦੀ ਸਮੁੱਚੀ ਕਾਇਨਾਤ ਦੇ ਮੂਲ ਰਹੱਸਾਂ ਨੂੰ ਜਾਣਨ ਲਈ ਯਤਨਸ਼ੀਲ ਰਿਹਾ ਹੈ। ਉਸਦੇ ਯਤਨਾਂ ਸਦਕਾ ਹੀ ਸਭ ਤੋਂ ਪਹਿਲਾਂ ਉਸਨੇ ਕਾਇਨਾਤ ਦੀਆਂ ਕੁਦਰਤੀ ਸ਼ਕਤੀਆਂ ਦਾ ਅਹਿਸਾਸ ਕੀਤਾ। ਪਹਿਲਾਂ ਤਾਂ ਇਨ੍ਹਾਂ ਸ਼ਕਤੀਆਂ ਭਾਵ ਹਵਾ, ਪਾਣੀ, ਮੀਂਹ, ਹਨੇਰੀ, ਬਿਜਲੀ ਆਦਿ ਨੇ ਉਸਦੇ ਅੰਦਰ ਡਰ ਦਾ ਭਾਵ ਪੈਦਾ ਕੀਤਾ ਪਰ ਹੌਲੀ-ਹੌਲੀ ਉਸ ਨੂੰ ਅਜਿਹੀਆਂ ਕਰੋਪੀਆਂ ਤੋਂ ਗਿਆਨ ਹਾਸਿਲ ਹੋਇਆ ਕਿ ਇਨ੍ਹਾਂ ਤੋਂ ਅਗਾਂਹ ਕੋਈ ਗ਼ੈਬੀ ਸ਼ਕਤੀ ਹੈ ਤੇ ਇਹ ਸਾਰੀਆਂ ਸ਼ਕਤੀਆਂ ਉਸਦੇ ਅਧੀਨ ਹਨ। ਉਹ ਗ਼ੈਬੀ ਸ਼ਕਤੀ ਇਸ ਜਗਤ ਨਾਲ ਸੰਬੰਧਿਤ ਹੋ ਕੇ ਇਸ ਜਗਤ 'ਤੇ ਵੀ ਆਪਣਾ ਪ੍ਰਭਾਵ ਪਾ ਰਹੀ ਹੈ। ਜਿਸ ਦੇ ਸਦਕਾ ਉਸਦੇ ਅੰਦਰ ਜਗਿਆਸਾ ਨੇ ਜਨਮ ਲਿਆ ਤੇ ਨਿਰੰਤਰ ਕੌਸ਼ਿਸ਼ਾਂ ਦੇ ਬਾਵਜੂਦ ਉਸਦੇ ਸਾਹਮਣੇ ਤਿੰਨ ਤਰ੍ਹਾਂ ਦੇ ਦ੍ਰਿਸ਼ਟੀਕੋਣ ਆਏ। ਪਹਿਲੇ ਉਹ ਸਨ ਜਿਨ੍ਹਾਂ ਜਾਦੂ ਟੂਣਿਆਂ, ਕਰਮਾਂ-ਕਾਂਡਾਂ ਦਾ ਸਹਾਰਾ ਲਿਆ। ਦੂਜੇ ਦ੍ਰਿਸ਼ਟੀਕੋਣ ਦੇ ਅਧਾਰ 'ਤੇ ਉਸ ਅਦ੍ਰਿਸ਼ਟ ਸ਼ਕਤੀ ਨੂੰ ਦ੍ਰਿਸ਼ਟੀਗੋਚਰ ਕਰਨ ਲਈ ਬੁੱਧੀਜੀਵੀਆਂ ਨੇ ਬੁੱਧੀ ਦਾ ਸਹਾਰਾ ਲਿਆ ਅਤੇ ਤੀਜੇ ਦ੍ਰਿਸ਼ਟੀਕੋਣ ਵਾਲਿਆਂ ਨੇ ਆਪਣੇ ਮਨ ਵਿੱਚ ਵਿਸ਼ਵਾਸ ਰੱਖ ਕੇ ਉਸ ਅਦ੍ਰਿਸ਼ਟ ਸ਼ਕਤੀ ਨੂੰ ਸ਼ਰਧਾ ਰਾਹੀਂ ਉਸ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਿਸਨੂੰ ਭਗਤੀ ਦਾ ਨਾਂ ਦਿੱਤਾ ਗਿਆ ਤੇ ਇਸ ਤੋਂ ਹੀ ਅਸਲ ਵਿੱਚ ਧਰਮ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਕਿਉਂਕਿ ਕਿਸੇ ਵੀ ਚੀਜ਼ ਦੀ ਸ਼ੁਰੂਆਤ ਕਦੇ ਵੀ ਇਕਦਮ ਨਹੀਂ ਹੁੰਦੀ ਇਸਦਾ ਇਤਿਹਾਸ ਬਹੁਤ ਲੰਮਾ ਹੁੰਦਾ ਹੈ। ਪਰ ਸ਼ੁਰੂਆਤ ਤੋਂ ਬਾਅਦ ਉਸਦਾ

ਵਿਕਾਸ ਬਹੁਤ ਹੀ ਤਬਦੀਲੀਆਂ ਭਰਿਆ ਹੁੰਦਾ ਹੈ। ਇਸ ਤਰ੍ਹਾਂ ਧਰਮ ਦਾ ਇਤਿਹਾਸ ਮਨੁੱਖ ਦੇ ਅੰਦਰ ਧਰਮ ਦੀ ਸਰਲ ਭਾਵਨਾ ਦੀ ਉਪਜ ਅਤੇ ਅਨੁਭਵਾਂ ਦੀ ਕਹਾਣੀ ਹੈ। ਪਰ ਇਸ ਇਤਿਹਾਸ ਨੇ ਜੁਗ-ਪਲਟਿਆਂ ਦੇ ਦੌਰਾਨ ਕਈ ਜਟਿਲ ਰੂਪ ਧਾਰਨ ਕੀਤੇ ਤੇ ਸਰਲ ਮਾਰਗ ਅਖਤਿਆਰ ਕੀਤੇ। ਇਤਿਹਾਸ ਗਵਾਹ ਹੈ ਕਿ ਪ੍ਰਾਚੀਨ ਮਨੁੱਖ ਸਾਡੇ ਸਮੇਂ ਤੋਂ ਇੰਨਾ ਦੂਰ ਹੈ ਕਿ ਉਸ ਦੇ ਅਨੁਭਵਾਂ, ਤੱਥਾਂ, ਘਟਨਾਵਾਂ, ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਇਕਤ੍ਰਿਤ ਕਰਨੀ ਸਾਡੇ ਲਈ ਅਸੰਭਵ ਹੈ ਕਿ ਉਨ੍ਹਾਂ ਕਿਸ ਪ੍ਰਕਾਰ ਦੀ ਰਹਿਣੀ-ਬਹਿਣੀ, ਕੌੜੇ-ਮਿੱਠੇ ਅਨੁਭਵ ਧਾਰਨ ਕੀਤੇ ਜਾਂ ਉਸ ਪ੍ਰਾਚੀਨ ਸੰਸਕ੍ਰਿਤੀ ਦਾ ਕੀ ਰੂਪ ਸੀ? ਪਰ ਸਾਡੇ ਵਿਗਿਆਨੀਆਂ 'ਤੇ ਚਿੰਤਕਾਂ ਨੇ ਉਸ ਪੂਰਵ ਇਤਿਹਾਸਕ ਕਾਲ ਦੇ ਧਰਮ ਤੇ ਸੰਸਕ੍ਰਿਤੀ ਬਾਰੇ ਜਾਣਨ ਲਈ ਆਪਣੀ ਪਹੁੰਚ ਦਰਸਾਈ ਹੈ ਜਿਸ ਸਦਕਾ ਇਤਿਹਾਸ ਸਾਡੇ ਤੱਕ ਪਹੁੰਚ ਸਕਿਆ ਹੈ। ਇਸ ਅਨੁਭਵ ਸਕਦਾ ਹੀ ਉਸ ਅਲੌਕਿਕ ਸੱਤਾ ਜਾਂ ਸੱਚਾਈ ਦੀ ਅਨੁਭੂਤੀ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਹਾਸਿਲ ਕੀਤੀ ਉਨ੍ਹਾਂ ਨੂੰ ਰਿਸ਼ੀ ਕਿਹਾ ਗਿਆ। ਉਨ੍ਹਾਂ ਇਸ ਗੱਲ ਦਾ ਅਨੁਭਵ ਕੀਤਾ ਕਿ ਆਪਣੇ ਇਸ ਮਿੱਟੀ ਰੂਪ ਸਰੀਰ ਵਿੱਚ ਵੀ ਉਸ ਅਲੌਕਿਕ ਸੱਤਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਆਪਣੇ ਸਰੀਰ ਦੇ ਅੰਦਰ ਹੀ ਆਤਮਾ ਦਾ ਨਿਵਾਸ ਹੈ। ਉਨ੍ਹਾਂ ਇਸ ਗੱਲ ਦਾ ਅਨੁਭਵ ਵੀ ਕੀਤਾ ਕਿ ਪਰਮਾਤਮਾ ਦੀ ਪ੍ਰਾਪਤੀ ਲਈ ਕਿਸੇ ਬਾਹਰੀ ਭੌਤਿਕ ਵਰਤਾਰੇ ਦੀ ਸਹਾਇਤਾ ਦੀ ਜ਼ਰੂਰਤ ਨਹੀਂ ਸਗੋਂ ਮਨੁੱਖ ਆਪਣੇ ਹਿਰਦੇ ਘਰ ਵਿੱਚ ਉਸ ਨਾਲ ਅਭੇਦਤਾ ਹਾਸਿਲ ਕਰ ਸਕਦਾ ਹੈ। ਇਸ ਲਈ ਉਸ ਲਈ ਆਪੇ ਦੀ ਖੋਜ ਕਰਨੀ ਜ਼ਰੂਰੀ ਹੈ ਜਿਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ:-

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥*[11]

ਮਨੁੱਖ ਦੇ ਅੰਦਰ ਹੀ ਆਤਮਾ ਤੇ ਪਰਮਾਤਮਾ ਦਾ ਨਿਵਾਸ ਹੈ।ਇਸ ਲਈ ਉਸਨੂੰ ਆਪਣੀਆਂ ਇੰਦਰੀਆਂ ਤੇ ਮਨ ਨੂੰ ਸ਼ੁੱਧ ਰੱਖਣਾ ਚਾਹੀਦਾ ਹੈ ਤੇ ਵਿਸ਼ਿਆਂ ਵਲੋਂ ਹਟਾ ਕੇ ਪਰਮਸਤਿ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ। ਇਹ ਹੀ ਧਰਮ ਦੇ ਵਿਕਾਸ ਵੱਲ ਪਹਿਲਾ ਕਦਮ ਹੈ। ਹਰ ਧਰਮ ਵਿੱਚ ਮਨੁੱਖ ਨੂੰ ਸਦਾਚਾਰ ਦੇ ਮਾਰਗ 'ਤੇ ਚੱਲਦੇ ਹੋਏ ਚੰਗੇ ਕਰਮ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਰਿਹਾ ਹੈ। ਸੰਸਾਰ ਦੇ ਸਾਰੇ ਹੀ ਧਰਮਾਂ ਦਾ ਇਕਮਾਤਰ ਉਦੇਸ਼ ਆਤਮਾ-ਪਰਮਾਤਮਾ ਦਾ ਮਿਲਾਪ ਹੈ। ਸਾਰੇ ਹੀ ਧਰਮ ਉਸ ਸਰਵ-ਵਿਆਪਕ ਪਰਮਸੱਤਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਉਸਦੀ ਪ੍ਰਾਪਤੀ ਦੇ

ਚਾਹਵਾਨ ਹਨ। ਇਸ ਲਈ ਸਾਰੇ ਧਰਮਾਂ ਵਿੱਚ ਆਤਮਾ-ਪਰਮਾਤਮਾ ਦੇ ਸੰਬੰਧਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਪ੍ਰਮੁੱਖ ਭਾਰਤੀ ਧਰਮਾਂ ਦੇ ਅਧਾਰ ’ਤੇ ਕਰਨ ਦਾ ਯਤਨ ਕਰਾਂਗੇ:-

**ਵੇਦ :**

ਮੁੱਢਲੇ ਤੌਰ ’ਤੇ ਭਾਰਤੀ ਚਿੰਤਨ ਪ੍ਰੰਪਰਾ ਦਾ ਮੂਲ ਸਰੋਤ ‘ਵੇਦਾਂ’ ਨੂੰ ਹੀ ਮੰਨਿਆ ਜਾਂਦਾ ਹੈ। ਵੇਦ ਦੈਵੀ ਗਿਆਨ ਦੇ ਗ੍ਰੰਥ ਮੰਨੇ ਜਾਂਦੇ ਹਨ।ਵੇਦ ਗਿਆਨ ਦਾ ਸਰੋਤ ਅਤੇ ਗਿਆਨ ਦਾ ਸਰੂਪ ਹਨ। ਭਾਰਤੀ ਪਰੰਪਰਾ ਵਿੱਚ ਪਰਮਾਤਮਾ ਸਬੰਧੀ ਗਿਆਨ ਵੇਦਾਂ ਤੋਂ ਬਗੈਰ ਅਧੂਰਾ ਸਮਝਿਆ ਜਾਂਦਾ ਹੈ। ਵੇਦਾਂ ਦੀ ਗਿਣਤੀ ਚਾਰ ਹੈ: ਰਿਗਵੇਦ, ਸਾਮਵੇਦ ਯਜੁਰਵੇਦ ਅਤੇ ਅਥਰਵੇਦ। ਵੇਦ ਬਾਣੀ ਸਦੀਵੀ ਗਿਆਨ ਪ੍ਰਸਤੁਤ ਕਰਦੀ ਹੈ ਅਤੇ ਇਹ ਰਚਨਾ ਸਧਾਰਨ ਮਨੁੱਖਾਂ ਦੀ ਰਚਨਾ ਨਹੀਂ ਮੰਨੀ ਜਾਂਦੀ। ਵੇਦਾਂ ਵਿਚਲੇ ਦਰਜ ਜ਼ਿਆਦਾਤਰ ਮੰਤਰ ਦੇਵਤਿਆਂ ਦੀ ਪ੍ਰਸ਼ੰਸਾ ਵਿੱਚ ਲਿਖੇ ਗਏ ਹਨ। ਇਹ ਦੇਵਤੇ ਕੁਦਰਤ ਦੀਆਂ ਅਨੇਕਾਂ ਸ਼ਕਤੀਆਂ ਜਿਵੇਂ ਵਾਯੂ, ਅਗਨੀ, ਸੂਰਜ, ਚੰਦਰਮਾ, ਇੰਦਰ, ਊਸ਼ਾ ਆਦਿ ਦੇ ਸੂਚਕ ਹਨ। ਇਨ੍ਹਾਂ ਦੇਵਤਿਆਂ ਵਿੱਚ ਆਲੌਕਿਕ ਸ਼ਕਤੀ ਹੋਣ ਦੇ ਵਿਸ਼ਵਾਸ਼ ਕਾਰਨ ਬਹੁਦੇਵਵਾਦ ਦੀ ਪੂਜਾ ਦਾ ਅਧਾਰ ਬਣਿਆ। ਹੌਲੀ-ਹੌਲੀ ਗਿਆਨ ਦੇ ਵਿਕਾਸ ਨਾਲ ਬਹੁਦੇਵਵਾਦ ਦੀ ਥਾਂ ਏਕਈਸ਼ਵਰਵਾਦ ਵਿੱਚ ਵਿਸ਼ਵਾਸ਼ ਕੀਤਾ ਜਾਣ ਲੱਗਾ ਜਿਸਨੂੰ ਬ੍ਰਹਮ, ਬੰਧੂ, ਵਿਧਾਤਾ, ਰਾਜਾ, ਪਿਤਾ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਜਾਣ ਲੱਗਿਆ ਅਤੇ ਉਸਨੂੰ ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਨੂੰ ਪੈਦਾ ਕਰਨ ਵਾਲਾ ਮੰਨਿਆ ਗਿਆ। ਅਥਰਵਵੇਦ (10.2.2025) ਵਿੱਚ ਇਸ ਦੀ ਪੁਸ਼ਟੀ ਹੁੰਦੀ ਹੈ ਕਿ ਸਭ ਤੋ ਪਹਿਲਾਂ ਸਰਵ-ਗਿਆਤਾ ਬ੍ਰਹਮ ਸੀ। ਉਹੀ ਸਾਰੀ ਅਭਿਵਿਅਕਤੀ ਦਾ ਕਾਰਣ ਹੈ ਤੇ ਉਹੀ ਅਵਿਅਕਤ ਤੱਤਾਂ ਨੂੰ ਵਿਅਕਤ ਕਰਦਾ ਹੈ। ਉਹੀ ਦੇਵਤਿਆਂ ਦੇ ਜਨਮ ਬਾਰੇ ਦੱਸ ਸਕਦਾ ਹੈ।

ਵੇਦਾਂ ਵਿੱਚ ਮਨੁੱਖਾ ਜਨਮ ਨੂੰ ਕਰਮ ਭੂਮੀ ਮੰਨਿਆ ਗਿਆ ਹੈ ਕਿ ਜੀਵ-ਆਤਮਾ ਸਰੀਰਕ ਜਾਮੇ ਵਿੱਚ ਜਿਹੋ ਜਿਹੇ ਕਰਮ ਕਰਦੀ ਹੈ, ਉਹਨਾਂ ਕਰਮਾਂ ਦੇ ਅਧਾਰ ’ਤੇ ਹੀ ਉਸਨੂੰ ਫਲ ਭੋਗਣਾ ਪੈਂਦਾ ਹੈ। ਰਿਗਵੇਦ (1.164.30) ਵਿੱਚ ਕਿਹਾ ਗਿਆ ਹੈ ਕਿ ਮਰੇ ਹੋਏ ਵਿਅਕਤੀ ਦਾ ਅਮਰ ਜੀਵ (ਆਤਮਾ) ਕਰਮ ਫਲ ਅਨੁਸਾਰ ਜੋਨੀਆਂ ਵਿੱਚ ਚੱਲਦਾ ਰਹਿੰਦਾ ਹੈ। ਪਰ ਜਿਹੜੇ ਜੀਵ ਸੰਸਾਰਕ ਸੁੱਖਾਂ ਤੋਂ ਉੱਪਰ ਉੱਠ ਕੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦੇ ਹਨ, ਉਹ ਅਨੰਦ ਸਰੂਪ ਹੋ ਜਾਂਦੇ ਹਨ ਭਾਵ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

**ਉਪਨਿਸ਼ਦ :**

ਉਪਨਿਸ਼ਦ ਵੇਦਾਂ ਦੇ ਅੰਤਲੇ ਭਾਗ ਦੀ ਪ੍ਰਤੀਨਿਧਤਾ ਕਰਦੇ ਹਨ। ਇਸ ਲਈ ਇਹਨਾਂ ਵਾਸਤੇ ਵੇਦਾਂਤ ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਧਰਮ ਦੇ ਅਧਾਰ 'ਤੇ ਉਸ ਅਧਿਆਤਮਕ ਸੱਤਾ ਦੇ ਪ੍ਰਗਟਾਵੇ ਲਈ ਉਪਨਿਸ਼ਦਾਂ ਵਿੱਚ ਕਾਵਿ ਢੰਗ ਅਪਣਾਇਆ ਗਿਆ ਹੈ। ਸਾਰੇ ਉਪਨਿਸ਼ਦਾਂ ਦਾ ਉਦੇਸ਼ ਇਸ ਦ੍ਰਿਸ਼ਟਮਾਨ ਸੰਸਾਰ ਵਿੱਚ ਪਾਰਬ੍ਰਹਮ ਦੀ ਖੋਜ ਹੀ ਮੰਨਿਆ ਗਿਆ ਹੈ। ਉਸ ਅਦ੍ਰਿਸ਼ਟ ਸੱਤਾ ਨੂੰ ਖੋਜਣ ਲਈ ਬ੍ਰਹਮ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਬ੍ਰਹਮ ਨੂੰ ਬ੍ਰਹਿਮੰਡ ਦਾ ਮੌਲਿਕ ਕਾਰਣ ਅਤੇ ਸਰਵ-ਵਿਆਪਕ ਰੂਪ ਮੰਨਿਆ ਗਿਆ ਹੈ। ਬ੍ਰਹਮ ਬਾਰੇ ਵਿਚਾਰ ਹੈ ਕਿ ਸੰਸਾਰ, ਸੰਸਾਰ ਵਿਚਲੀਆਂ ਵਸਤਾਂ ਅਤੇ ਸਮੁੱਚੀ ਕਾਇਨਾਤ ਆਤਮ-ਬ੍ਰਹਮ ਤੋਂ ਨਿਕਲੇ ਹਨ ਅਤੇ ਅਖੀਰ ਸਮੇਂ ਹਰ ਚੀਜ਼ ਦਾ ਉਸ ਆਤਮ-ਬ੍ਰਹਮ ਦੀ ਕੁੱਖ ਵਿੱਚ ਸਮਾ ਜਾਣਾ ਹੀ ਨਿਸ਼ਚਿਤ ਹੈ। ਜੀਵ-ਆਤਮਾ ਆਪਣੇ ਅਗਿਆਨ ਅਤੇ ਅਵਿਦਿਆ ਕਾਰਨ ਕਰਮਾਂ ਦੇ ਫਲਾਂ ਨੂੰ ਭੋਗਦੀ ਹੈ ਪਰ ਜਦ ਉਸ ਨੂੰ ਆਪਣੇ ਅਸਲੇ ਦੀ ਸੌਝੀ ਹੁੰਦੀ ਹੈ ਤਾਂ ਵਾਸਤਵਿਕਤਾ ਦੀ ਪਹਿਚਾਣ ਕਰਕੇ ਉਸਦੇ ਬ੍ਰਹਮ ਨਾਲ ਸੰਬੰਧ ਸਥਾਪਿਤ ਹੋ ਜਾਂਦੇ ਹਨ ਅਤੇ ਇਸ ਅਵਸਥਾ ਵਿੱਚ ਉਹ ਬ੍ਰਹਮ ਵਿੱਚ ਲੀਨ ਹੋ ਜਾਂਦੀ ਹੈ ਅਤੇ ਪਰਮਪਦ ਦੀ ਪ੍ਰਾਪਤੀ ਕਰਦੀ ਹੈ।

**ਭਗਵਤਗੀਤਾ :**

ਭਗਵਤਗੀਤਾ ਹਿੰਦੂਆਂ ਦਾ ਪਵਿੱਤਰ ਧਾਰਮਿਕ ਗ੍ਰੰਥ ਹੈ ਇਸਦੀ ਵਿਚਾਰਧਾਰਾ ਉਪਨਿਸ਼ਦਾਂ ਨਾਲ ਮੇਲ ਖਾਂਦੀ ਹੈ ਅਤੇ ਆਤਮਾ ਤੇ ਪਰਮਾਤਮਾ ਸੰਬੰਧੀ ਇਸ ਵਿੱਚ ਗਿਆਨ ਭਰਪੂਰ ਰੂਪ ਵਿੱਚ ਵਿਦਮਾਨ ਹੈ। ਇਸਨੂੰ ਜੇਕਰ ਉਪਨਿਸ਼ਦਾਂ ਦਾ ਸਾਰ ਤੱਤ ਵੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਇਸਦੀ ਗਿਣਤੀ ਮਹਾਂਭਾਰਤ ਦੇ ਪੰਜ ਰਤਨਾਂ ਵਿੱਚ ਕੀਤੀ ਜਾਂਦੀ ਹੈ। ਗੀਤਾ ਮਨੁੱਖੀ ਆਤਮਾ ਅਤੇ ਪਰਮਾਤਮਾ ਸੰਬੰਧੀ ਅਨੁਭਵ ਕਰਵਾਉਣ ਯੋਗ ਗਿਆਨ ਪ੍ਰਦਾਨ ਕਰਦੀ ਹੈ।ਭਗਵਤਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਹਸਤੀ ਨੂੰ ਬ੍ਰਹਮ ਦੇ ਤਿੰਨ ਰੂਪਾਂ ਵਿਅਕਤ, ਅਵਿਅਕਤ ਅਤੇ ਵਿਅਕਤ-ਅਵਿਅਕਤ ਅਰਥਾਤ ਸਰਗੁਣ-ਨਿਰਗੁਣ ਰੂਪ ਵਿੱਚ ਦਰਸਾਇਆ ਗਿਆ ਹੈ। ਬ੍ਰਹਮ ਦੇ ਵਿਅਕਤ ਰੂਪ ਵਿੱਚ ਉਹ ਕਹਿੰਦੇ ਹਨ ਕਿ ਪ੍ਰਕ੍ਰਿਤੀ ਮੇਰਾ ਸਰੂਪ ਹੈ। ਸਭ ਜੀਵਾਂ ਵਿੱਚ ਵੱਸਣ ਵਾਲੀ ਆਤਮਾ ਮੈਂ ਹਾਂ ਅਤੇ ਸਭ ਜੀਵਾਂ ਦਾ ਆਦਿ, ਮੱਧ ਅਤੇ ਅੰਤ ਮੈਂ ਹਾਂ ਆਤਮਾ ਮੈਂ ਹਾਂ। (10/20) ਅਵਿਅਕਤ ਰੂਪ ਵਿੱਚ ਉਹ ਕਹਿੰਦੇ ਹਨ ਕਿ ਇਸ ਸਾਰੇ ਜਗਤ ਵਿੱਚ ਮੈਂ ਵਿਅਕਤ ਰੂਪ ਵਿੱਚ ਵਿਆਪ

ਰਿਹਾ ਹਾਂ । ਸਭ ਪ੍ਰਾਣੀ ਮੇਰੇ ਵਿੱਚ ਇਸਥਿਤ ਹਨ, ਪਰ ਮੈਂ ਉਨ੍ਹਾਂ ਵਿੱਚ ਇਸਥਿਤ ਨਹੀ ਹਾਂ।[12] ਬ੍ਰਹਮ ਦੇ ਵਿਅਕਤ-ਅਵਿਅਕਤ ਸਰੂਪ ਦਾ ਵਰਣਨ ਕਰਦੇ ਉਹ ਕਹਿੰਦੇ ਹਨ ਉਹ ਬ੍ਰਹਮ ਨਾ ਸਤ ਹੈ ਨਾ ਅਸਤ। ਉਹ ਨਿਰਗੁਣ ਹੁੰਦਾ ਹੋਇਆ ਗੁਣਾਂ ਨੂੰ ਭੋਗਣ ਵਾਲਾ ਵੀ ਹੈ। ਉਹ ਸਾਰੇ ਜੀਵਾਂ ਦੇ ਅੰਦਰ ਵੀ ਮੌਜੂਦ ਹੈ ਅਤੇ ਬਾਹਰ ਵੀ। ਉਹ ਸਾਰੇ ਜੀਵਾਂ ਦਾ ਨਿਰਮਾਤਾ, ਪਾਲਕ ਅਤੇ ਵਿਨਾਸ਼ਕ ਵੀ ਹੈ। (13/15/16)

ਗੀਤਾ ਵਿੱਚ ਆਤਮਾ ਨੂੰ ਅਮਰ, ਅਜੋਨੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਉਨ੍ਹਾਂ ਅਨੁਸਾਰ ਮੌਤ ਅਟੱਲ ਹੈ, ਇਹ ਕੋਈ ਨਵੀਂ ਚੀਜ਼ ਨਹੀਂ। ਜੋ ਵਿਅਕਤੀ ਜੰਮਦਾ ਹੈ, ਉਸਦੀ ਮੌਤ ਨਿਸ਼ਚਿਤ ਹੈ। ਇਹ ਮੁਕਤ ਸੁਭਾਅ ਵਾਲੀ ਆਤਮਾ ਸਰੀਰ ਤੋਂ ਵੱਖਰਾ ਤੱਤ ਹੈ। ਇਸ ਲਈ ਮਨੁੱਖ ਨੂੰ ਮੋਹ ਦੇ ਬੰਧਨਾਂ ਵਿੱਚ ਨਹੀਂ ਫੱਸਣਾ ਚਾਹੀਦਾ। ਜਦ ਵਿਅਕਤੀ ਨੂੰ ਇਹ ਗਿਆਨ ਹਾਸਿਲ ਹੋ ਜਾਂਦਾ ਹੈ ਤਾਂ ਉਸਦੀ ਮੁਕਤ ਆਤਮਾ ਦੈਵੀ ਗਿਆਨ ਦੁਆਰਾ ਪ੍ਰੇਰਿਤ ਹੁੰਦੀ ਹੈ ਅਤੇ ਦੈਵੀ ਰਜ਼ਾ ਵਿੱਚ ਵਿਚਰਦੀ ਹੋਈ ਪਰਮਗਤੀ ਨੂੰ ਪ੍ਰਾਪਤ ਕਰਦੀ ਹੈ।

**ਜੈਨ ਧਰਮ :**

ਭਾਰਤੀ ਧਰਮਾਂ ਦੀ ਕਤਾਰ ਵਿੱਚ ਜੈਨ ਧਰਮ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਜੈਨ ਸ਼ਬਦ 'ਜਿਨ' ਤੋਂ ਬਣਿਆ ਹੈ ਜਿਸਦਾ ਅਰਥ ਆਪਣੀਆਂ ਇਛਾਵਾਂ 'ਤੇ ਸੰਜਮ ਪਾ ਲੈਣਾ ਹੈ। ਸਵਾਮੀ ਮਹਾਂਵੀਰ ਦਾ ਆਪਣੀਆਂ ਇੰਦ੍ਰੀਆਂ ਨੂੰ ਕੰਟਰੋਲ ਵਿੱਚ ਰੱਖ ਕੇ ਅਤੇ ਮਨ 'ਤੇ ਜਿੱਤ ਪ੍ਰਾਪਤ ਕਰਨ ਸਦਕਾ ਹੀ ਉਨ੍ਹਾਂ ਨੂੰ 'ਜਿਨ' ਕਿਹਾ ਜਾਂਦਾ ਸੀ ਅਤੇ ਇਸੇ ਕਰਕੇ ਹੀ ਉਨ੍ਹਾਂ ਦੇ ਸ਼ਰਧਾਲੂਆਂ ਨੂੰ 'ਜੈਨ' ਕਿਹਾ ਜਾਣ ਲੱਗ ਪਿਆ।ਰਿਸ਼ਭਦੇਵ ਜੈਨ ਮਤ ਦੇ ਪਹਿਲੇ ਆਚਾਰੀਆ ਅਤੇ ਮਹਾਂਵੀਰ ਆਖਰੀ ਭਾਵ 24ਵੇਂ ਆਚਾਰੀਆ ਹਨ। ਜੈਨ ਮੱਤ ਦੇ ਦੋ ਸੰਪ੍ਰਦਾਇ ਹਨ 'ਦਿਗੰਬਰ' ਭਾਵ ਜੋ ਅਕਾਸ਼ ਨਾਲ ਹੀ ਆਪਣੇ ਸਰੀਰ ਨੂੰ ਢੱਕਦੇ ਹਨ ਅਤੇ ਦੂਜੇ ਸ਼ਵੇਂਤਾਬਰ ਜੋ ਚਿੱਟੇ ਕੱਪੜੇ ਪਾਉਂਦੇ ਹਨ। ਜੈਨ ਮੱਤ ਵਿੱਚ ਮੁਕਤੀ ਜਾਂ ਮੋਕਸ਼ ਨੂੰ ਜੀਵਨ ਦਾ ਸਭ ਤੋਂ ਵੱਡਾ ਉਦੇਸ਼ ਮੰਨਿਆ ਗਿਆ ਹੈ ਤੇ ਇਸਦੀ ਪ੍ਰਾਪਤੀ ਲਈ ਤਿੰਨ ਰਤਨਾਂ ਵਾਲੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ। ਇਹ ਤਿੰਨ ਮਾਰਗ ਹਨ ਉਚਿਤ ਗਿਆਨ, ਉੱਚਿਤ ਦਰਸ਼ਨ ਅਤੇ ਉੱਚਿਤ ਚਰਿਤੱਰ। ਉੱਚਿਤ ਗਿਆਨ ਦਾ ਅਰਥ ਜੀਵ ਤੋਂ ਅਗਿਆਨਤਾ ਦੇ ਪਰਦੇ ਨੂੰ ਦੂਰ ਕਰਨਾ ਹੈ। ਉਚਿਤ ਦਰਸ਼ਨ ਦਾ ਭਾਵ ਕਿ ਜਿਹੜਾ ਵਿਅਕਤੀ ਮੁਕਤੀ ਦਾ ਚਾਹਵਾਨ ਹੈ ਉਸਦਾ ਆਪਣੇ ਅਚਾਰੀਆ ਪ੍ਰਤੀ ਸ਼ਰਧਾ ਦਾ ਹੋਣਾ ਜ਼ਰੂਰੀ ਹੈ ਤੇ ਉਚਿਤ ਚਰਿੱਤਰ ਦਾ ਭਾਵ

ਅਨੈਤਿਕ ਕਰਮਾਂ ਦਾ ਤਿਆਗ ਕਰਕੇ ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਜੈਨ ਧਰਮ ਦੇ ਅਨੁਯਾਈ ਅਹਿੰਸਾਵਾਦੀ ਹਨ। ਹਰ ਜੀਵ ਲਈ ਦਇਆਭਾਵ ਰੱਖਣਾ ਇਨ੍ਹਾਂ ਦੇ ਧਰਮ ਵਿੱਚ ਲਾਜ਼ਮੀ ਕਰਾਰ ਦਿੱਤਾ ਗਿਆ ਹੈ।

ਜੈਨ ਧਰਮ ਈਸ਼ਵਰ ਵਿੱਚ ਵਿਸ਼ਵਾਸ਼ ਨਹੀਂ ਰੱਖਦਾ ਪਰ ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਜਿਹੜਾ ਜੀਵ ਮੁਕਤੀ ਹਾਸਿਲ ਕਰ ਲੈਂਦਾ ਹੈ ਉਸ ਵਿੱਚ ਈਸ਼ਵਰੀ ਗੁਣ ਆਪਣੇ ਆਪ ਹੀ ਆ ਜਾਂਦੇ ਹਨ। ਜੈਨ ਧਰਮ ਵਿੱਚ ਜੀਵ ਦੀ ਸੱਤਾ ਨੂੰ ਸਵੀਕਾਰ ਕੀਤਾ ਗਿਆ ਹੈ ਤੇ ਜੀਵ ਦੇ ਦੋ ਭੇਦ ਮੰਨੇ ਗਏ ਹਨ:- ਬੱਧ ਜੀਵ ਅਤੇ ਮੁਕਤ ਜੀਵ। ਇਨ੍ਹਾਂ ਵਿੱਚੋਂ ਸੰਸਾਰੀ ਜੀਵਾਂ ਨੂੰ ਬੱਧ ਜੀਵ ਅਤੇ ਪੁਨਰਜਨਮ ਤੋਂ ਰਹਿਤ ਜੀਵਾਂ ਨੂੰ ਮੁਕਤ ਜੀਵ ਕਿਹਾ ਜਾਂਦਾ ਹੈ। ਜੈਨ ਧਰਮ ਵਿੱਚ ਮੰਨਿਆ ਜਾਂਦਾ ਹੈ ਕਿ ਜੋ ਜੀਵ ਇੰਦਰੀਆਂ ਨੂੰ ਕੰਟਰੋਲ ਵਿੱਚ ਕਰ ਲੈਂਦਾ ਹੈ, ਉਹ ਸਿੱਧ ਹੋ ਜਾਂਦਾ ਹੈ। ਇਸੇ ਲਈ ਹੀ ਇਸਨੂੰ ਪ੍ਰਕਾਸ਼ਮਾਨ ਕਿਹਾ ਜਾਂਦਾ ਹੈ।

**ਬੁੱਧ ਧਰਮ :**

ਬੁੱਧ ਧਰਮ ਇਕ ਵਿਵਹਾਰਕ ਧਰਮ ਹੈ ਜਿਸਦਾ ਮੂਲ ਮੰਤਵ ਆਮ ਲੋਕਾਈ ਨੂੰ ਨੈਤਿਕ ਜੀਵਨ ਦੀ ਸੇਧ ਦਿੰਦੇ ਹੋਏ ਆਪਣੇ ਪਰਮ ਉਦੇਸ਼ ਦੀ ਪ੍ਰਾਪਤੀ ਲਈ ਪ੍ਰੇਰਿਤ ਕਰਨਾ ਹੈ। ਮਹਾਤਮਾ ਬੁੱਧ ਦਾ ਮੁੱਢਲਾ ਜੀਵਨ ਭਾਵੇਂ ਕਾਫੀ ਸੁੱਖ-ਅਰਾਮ ਨਾਲ ਬਤੀਤ ਹੋਇਆ ਪਰ ਆਪਣੇ ਜੀਵਨ ਦੇ ਕੌੜੇ ਮਿੱਠੇ ਅਨੁਭਵਾਂ ਰਾਹੀਂ ਹੀ ਉਨ੍ਹਾਂ ਨੂੰ ਜੀਵਨ ਬਾਰੇ ਅਸਲ ਸੋਝੀ ਪ੍ਰਾਪਤ ਹੋਈ ਅਤੇ ਜ਼ਿੰਦਗੀ ਜਿਉਣ ਦੇ ਅਸਲ ਮਕਸਦ ਨੂੰ ਪ੍ਰਾਪਤ ਕਰਨ ਲਈ ਪ੍ਰੇਰਣਾ ਮਿਲੀ।

ਆਪਣੀ ਹੀ ਜ਼ਿੰਦਗੀ ਦੇ ਚੰਗੇ-ਮਾੜੇ ਅਨੁਭਵਾਂ ਵਿਚੋਂ ਗੁਜ਼ਰਦੇ ਉਹਨਾਂ ਆਪਣੇ ਅਨੁਯਾਈਆਂ ਨੂੰ ਵੀ ਆਪਣੇ ਉਪਦੇਸ਼ਾਂ ਸਦਕਾ ਚਾਰ ਮਹਾਨ ਸੱਚਾਈਆਂ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਚਾਰ ਸੱਚਾਈਆਂ ਨੂੰ ਚਾਰ ਆਰਇਸਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਚਾਰ ਸੱਚਾਈਆਂ ਹਨ :- 1. ਸੰਸਾਰ ਦੁੱਖਾਂ ਨਾਲ ਭਰਿਆ ਹੈ 2. ਦੁੱਖਾਂ ਦਾ ਕਾਰਨ ਵੀ ਹੈ। 3. ਦੁੱਖਾਂ ਦਾ ਅੰਤ ਸੰਭਵ ਹੈ 4. ਦੁੱਖਾਂ ਦੇ ਅੰਤ ਦਾ ਮਾਰਗ ਹੈ। ਇਹ ਚਾਰ ਸੱਚਾਈਆਂ ਹੀ ਬੁੱਧ ਧਰਮ ਦਾ ਮੂਲ ਹਨ। ਜੋ ਜੀਵ ਇਨ੍ਹਾਂ ਚਾਰ ਸੱਚਾਈਆਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲੈਂਦਾ ਹੈ, ਉਸ ਲਈ ਨਿਰਵਾਣ ਪ੍ਰਾਪਤੀ ਲਈ ਮਾਰਗ ਖੁੱਲ ਜਾਂਦਾ ਹੈ ਜਿਸ ਤੇ ਚੱਲ ਕੇ ਮਨੁੱਖ ਦੇ ਸਾਰੇ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਮਾਰਗ ਨੂੰ ਮਹਾਤਮਾ ਬੁੱਧ ਨੇ ਅਸ਼ਟਾਂਗਿਕ (ਅੱਠ ਅੰਗਾਂ ਵਾਲਾ) ਮਾਰਗ ਦਾ ਨਾਂ

ਦਿੱਤਾ। ਇਹ ਅੱਠ ਅੰਗ ਇਸ ਤਰ੍ਹਾਂ ਹਨ:- ਠੀਕ ਦ੍ਰਿਸ਼ਟੀ, ਠੀਕ ਸੰਕਲਪ, ਠੀਕ ਵਾਕ (ਜ਼ਬਾਨ), ਠੀਕ ਕਰਮ, ਠੀਕ ਜੀਵਕਾ, ਠੀਕ ਕੋਸ਼ਿਸ਼ (ਮਿਹਨਤ), ਠੀਕ ਸਿਮਰਣ, ਠੀਕ ਸਮਾਧੀ।[13] ਬੁੱਧ ਦਾ ਮੰਨਣਾ ਹੈ ਕਿ ਜੋ ਜੀਵ ਇਸ ਅਸ਼ਟਾਂਗਿਕ ਮਾਰਗ ’ਤੇ ਚੱਲਦਾ ਹੋਇਆ ਜਦੋਂ ਆਖ਼ਰੀ ਮੰਜ਼ਿਲ ਭਾਵ ਸਮਾਧੀ ਤੱਕ ਪਹੁੰਚਦਾ ਹੈ ਤਾਂ ਨਿਰਵਾਣ ਧਾਰਨ ਕਰਨ ਦਾ ਪਾਂਧੀ ਬਣ ਜਾਂਦਾ ਹੈ। ਅਜਿਹੀ ਅਵਸਥਾ ਵਿੱਚ ਪੁੱਜਿਆ ਸਾਧਕ ਦੁੱਖ-ਸੁੱਖ ਤੋਂ ਉੱਪਰ ਉੱਠ ਜਾਂਦਾ ਹੈ ਅਤੇ ਪਰਮ ਸ਼ਾਂਤੀ ਦੀ ਅਵਸਥਾ ਵਿੱਚ ਪੁੱਜ ਕੇ ਨਿਰਵਾਣ (ਮੁਕਤੀ) ਹਾਸਿਲ ਕਰਦਾ ਹੈ।

ਬੁੱਧ ਧਰਮ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੈ। ਉਹ ਈਸ਼ਵਰ ਦੇ ਲਈ ਬ੍ਰਹਮ ਦੀ ਥਾਂ ਸ਼ੂਨਯ ਦੀ ਵਰਤੋਂ ਕਰਦੇ ਹਨ ਤੇ ਸ਼ੂਨਯ ਨੂੰ ਹੀ ਪਰਮੱਤਤ ਦਾ ਦਰਜਾ ਦਿੰਦੇ ਹਨ ਭਾਵ ਜਿਸ ਤੱਤ ਦਾ ਵਰਣਨ ਸ਼ਬਦਾਂ ਵਿੱਚ ਨਹੀਂ ਕੀਤਾ ਜਾ ਸਕਦਾ, ਉਹ ਸ਼ੂਨਯ ਹੈ। ਬੁੱਧ ਧਰਮ ਵਿੱਚ ਆਤਮਾ ਦੀ ਹੋਂਦ ਨੂੰ ਨਹੀਂ ਮੰਨਿਆ ਗਿਆ । ਉਨ੍ਹਾਂ ਅਨੁਸਾਰ ਆਤਮਾ ਸਦੀਵੀ ਨਹੀਂ ਹੈ ਸਗੋਂ ਚਲਾਇਮਾਨ ਹੈ। ਬੁੱਧ ਅਨੁਸਾਰ ਸਾਰੇ ਜੀਵ ਕਰਮਾਂ ਦੇ ਭਾਗੀ ਹਨ। ਉਹ ਆਪਣੇ ਧਰਮ ਵਿੱਚ ਕਰਮਾਂ ਨੂੰ ਪ੍ਰਮੁੱਖਤਾ ਦਿੰਦੇ ਹਨ। ਉਹ ਗਿਆਨ ਅਤੇ ਭਗਤੀ ਨਾਲੋਂ ਕਰਮਾਂ ਨੂੰ ਹੀ ਉੱਚ ਦਰਜਾ ਪ੍ਰਦਾਨ ਕਰਦੇ ਹਨ ਤੇ ਇਸੇ ਲਈ ਜੀਵ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ।

**ਸਿੱਖ ਧਰਮ** :

ਭਾਰਤ ਦੇ ਪ੍ਰਮੁੱਖ ਧਰਮਾਂ ਵਿੱਚ ਸਿੱਖ ਧਰਮ ਅਲਪ ਆਯੂ ਵਾਲਾ ਨਵੀਨਤਮ ਧਰਮ ਹੈ ਜਿਸਦਾ ਮੁੱਢ ਗੁਰੂ ਨਾਨਕ ਦੇਵ ਜੀ ਤੋਂ ਬੱਝਿਆ। ਗੁਰੂ ਨਾਨਕ ਸਾਹਿਬ ਦੁਆਰਾ ਸਿਰਜਿਤ ਇਹ ਧਰਮ ਸਮੁੱਚੀ ਮਾਨਵ ਜਾਤੀ ਲਈ ਕਲਿਆਣਕਾਰੀ ਮੰਨਿਆ ਗਿਆ ਹੈ ਕਿਉਂਕਿ ਇਸ ਧਰਮ ਵਿੱਚ ਵਰਗ-ਵੰਡ, ਜਾਤ-ਪਾਤ, ਊਚ-ਨੀਚ ਦਾ ਕੋਈ ਵਿਤਕਰਾ ਨਾ ਕਰਦੇ ਹੋਏ ਸਭ ਨੂੰ ਏਕੇ ਦੀ ਲੜੀ ਵਿੱਚ ਪਰੋਇਆ ਗਿਆ ਹੈ। ਇਸ ਸਰਬ-ਸਾਂਝੀਵਾਲਤਾ ਵਾਲੇ ਧਰਮ ਦਾ ਮੁੱਖ ਉਦੇਸ਼ ਮਨੁੱਖ ਨੂੰ ਸਚਿਆਰਾ ਬਣਾ ਕੇ ਉਸ ਨੂੰ ਸੱਚ ਸਰੂਪ ਬਣਾਉਣਾ ਹੈ। ਇਹ ਧਰਮ ਪ੍ਰਭੂ-ਪ੍ਰਾਪਤੀ ਲਈ ਪ੍ਰੇਮਾ ਭਗਤੀ ਵਾਲਾ ਰਾਹ ਅਖਤਿਆਰ ਕਰਦਾ ਹੈ ਜਿਸ ’ਤੇ ਚੱਲ ਕੇ ‘ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਵਿਚੇ ਹੋਵੈ ਮੁਕਤਿ’ ਵਾਲੇ ਮਨੋਰਥ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਨੌਂ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਇਸ ਧਰਮ ਦੀ ਵਾਗਡੋਰ ਇਸ ਤਰ੍ਹਾਂ ਸੁਚੱਜੇ ਢੰਗ ਨਾਲ ਸੰਭਾਲੀ ਕਿ ਇਹ ਧਰਮ ਭਾਰਤ ਤਾਂ ਕੀ ਵਿਸ਼ਵ ਦੇ ਸਾਰੇ

ਧਰਮਾਂ ਵਿੱਚ ਮੋਹਰੀ ਕਤਾਰ ਵਿੱਚ ਆ ਖਲੋਇਆ ਹੈ ਅਤੇ ਆਪਣੀ ਵੱਖਰੀ ਪਹਿਚਾਣ ਸਥਾਪਿਤ ਕੀਤੀ ਹੈ। ਸਿੱਖ ਧਰਮ ਜਿਹਾ ਇਤਿਹਾਸ ਦੁਨੀਆਂ ਦਾ ਕੋਈ ਵੀ ਧਰਮ ਨਹੀਂ ਰਚ ਸਕਿਆ। ਇਸ ਧਰਮ ਦੀ ਖ਼ਾਸੀਅਤ ਹੈ ਕਿ ਇਸ ਵਿੱਚ ਆਪਣੇ ਲਕਸ਼ ਦੀ ਪ੍ਰਾਪਤੀ ਲਈ ਸਦਾਚਾਰ ਦੇ ਰਾਹ ਜਿਵੇਂ ਸੇਵਾ, ਸਿਮਰਨ, ਵਿਸ਼ੇ ਵਿਕਾਰਾਂ ਦਾ ਤਿਆਗ, ਕਿਰਤ ਕਰਨ, ਵੰਡ ਛੱਕਣ, ਦੂਜੇ ਦਾ ਹੱਕ ਨਾ ਮਾਰਨ, ਨਿਮਰਤਾ ਧਾਰਨ ਕਰਨ ਆਦਿ ਗੁਣਾਂ ਨੂੰ ਧਾਰਨ ਕਰਨ ਲਈ ਉਪਦੇਸ਼ ਦਿੱਤਾ ਗਿਆ ਹੈ ਅਤੇ ਨਾਲ ਹੀ ਗ੍ਰਹਿਸਥ ਧਰਮ ਨੂੰ ਉਚੱਤਾ ਦਿੰਦਿਆਂ ਪਰਮਤੱਤ ਦੀ ਪ੍ਰਾਪਤੀ ਲਈ ਯਤਨਸ਼ੀਲ ਹੋਣ ਲਈ ਪ੍ਰੇਰਿਆ ਗਿਆ ਹੈ।

ਸਿੱਖ ਧਰਮ ਵਿੱਚ ਜੀਵਨ ਦਾ ਅਸਲ ਮਨੋਰਥ ਉਸ ਸਰਵ-ਸ਼ਕਤੀਮਾਨ ਪਰਮਾਤਮਾ ਨਾਲ ਮਿਲਾਪ ਹਾਸਿਲ ਕਰਨਾ ਹੈ ਜਿਸ ਬਾਰੇ ਗੁਰਬਾਣੀ ਸੰਕੇਤ ਹੈ 'ਭਈ ਪਰਾਪਤਿ ਮਾਨੁਖ ਦੇਹੁਰੀਆ ਗੋਬਿੰਦ ਮਿਲਣ ਕੀ ਏਹੁ ਤੇਰੀ ਬਰੀਆ[14] ਕਿ ਮਨੁੱਖ ਨੂੰ ਤਾਂ ਮਨੁੱਖਾ ਸਰੀਰ ਵੀ ਆਪਣੇ ਅੰਦਰ ਉਸ ਪਰਮ ਤੱਤ ਦੀ ਖੋਜ ਕਰਨ ਲਈ ਮਿਲਿਆ ਹੈ ਤੇ ਨਾਲ ਹੀ ਉਸ ਪਰਮਾਤਮਾ ਦੇ ਸਰੂਪ ਨੂੰ ਅਕਥਨੀਯ ਵੀ ਕਿਹਾ ਹੈ ਜੋ ਕਿ ਬਿਆਨ ਤੋਂ ਪਰ੍ਹੇ ਹੈ। ਇਹ ਗੂੰਗੇ ਦੀ ਮਿਠਾਈ ਖਾਣ ਵਾਂਗ ਹੈ ਜੋ ਕਿ ਸੁਆਦ ਤਾਂ ਚੱਖਦਾ ਹੈ ਪਰ ਬਿਆਨ ਕਰਨ ਤੋਂ ਅਸਮਰੱਥ ਹੁੰਦਾ ਹੈ। ਇਸੇ ਤਰ੍ਹਾਂ ਹੀ ਬ੍ਰਹਮ ਦੇ ਅਨੁਭਵ ਦਾ ਅਨੰਦ ਲੈਣ ਵਾਲੇ ਸਾਧਕ ਉਸ ਆਨੰਦ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਤੋਂ ਸੱਖਣੇ ਹੁੰਦੇ ਹਨ। ਗੁਰੂ ਨਾਨਕ ਸਾਹਿਬ ਦੇ ਵਿਚਾਰ ਅਨੁਸਾਰ ਜੇਕਰ ਕੋਈ ਮਨੁੱਖ ਅਜਿਹੇ ਅਨੰਦ ਨੂੰ ਬਿਆਨ ਕਰਨ ਦਾ ਦਾਅਵਾ ਵੀ ਕਰਦਾ ਹੈ ਤਾਂ ਇਹ ਮੂਰਖਤਾ ਤੋਂ ਵੱਧ ਕੁਝ ਵੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਦੀ ਵਡਿਆਈ ਤੇ ਪਰਮਾਤਮਾ ਦੇ ਸਰੂਪ ਦੇ ਬਿਆਨ ਦਾ ਮੂਲ ਕੇਂਦਰ ਮੂਲ ਮੰਤਰ ਨੂੰ ਮੰਨਿਆ ਗਿਆ ਹੈ ਜੋ ਇਸ ਪ੍ਰਕਾਰ ਹੈ:

*ੴ ਸਤਿ ਨਾਮੁ ਕਰਤਾ ਪੁਰਖੁ*
*ਨਿਰਭਉ ਨਿਰਵੈਰ ਅਕਾਲ ਮੂਰਤਿ*
*ਅਜੂਨੀ ਸੈਭੰ ਗੁਰ ਪ੍ਰਸਾਦਿ॥*

ਗੁਰੂ ਸਾਹਿਬ ਦੁਆਰਾ ਰਚਿਤ ਮੂਲ ਮੰਤਰ ਵਿੱਚ ਪਰਮਾਤਮਾ ਦੀਆਂ ਬੇਸ਼ੁਮਾਰ ਸਿਫਤਾਂ ਨੂੰ ਬਿਆਨਿਆ ਗਿਆ ਹੈ। ਮੂਲ ਮੰਤਰ ਵਿੱਚ ਸਭ ਤੋਂ ਪਹਿਲਾਂ ੴ ਪਰਮਾਤਮਾ ਦੀ ਹਸਤੀ ਦੇ ਇਕ ਹੋਣ ਦਾ ਸੰਕੇਤ ਦਿੰਦਾ ਹੈ ਭਾਵ ਪਰਮਾਤਮਾ ਇਕ ਹੀ ਹੈ। ਬੁੱਧ ਧਰਮ ਵਾਂਗ ਪਰਮਾਤਮਾ ਦੀ ਸ਼ੂਨਯ ਹੋਂਦ

ਨਹੀਂ ਹੈ ਅਤੇ ਨਾ ਹੀ ਇਕ ਤੋਂ ਵੱਧ ਪਰਮਾਤਮਾ ਦਾ ਕੋਈ ਹੋਰ ਸਰੂਪ ਹੈ ਜਿਸ ਬਾਰੇ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ :

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ*

*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*[16]

ਉਸ ਪਰਮ-ਪੁਰਖ ਅਕਾਲ ਪੁਰਖ ਦੀ ਅਪੰਰਪਾਰਤਾ ਦਾ ਜ਼ਿਕਰ ਕਰਦਿਆਂ ਗੁਰੂ ਰਾਮਦਾਸ ਜੀ ਲਿਖਦੇ ਹਨ ਕਿ ਉਹ ਇਕੋ ਦਾਤਾ ਹੈ ਉਸ ਵਰਗਾ ਹੋਰ ਕੋਈ ਨਹੀਂ। ਸਭ ਵਿੱਚ ਅਪਰੰਪਾਰ ਪਰਮਾਤਮਾ ਦੀ ਜੋਤ ਵਿਆਪ ਰਹੀ ਹੈ ਤੇ ਸਭ ਉਸ ਪਰਮਾਤਮਾ ਦੇ ਦਰ ਤੋਂ ਝੋਲੀ ਫੈਲਾ ਕੇ ਦਾਤਾਂ ਮੰਗ ਰਹੇ ਹਨ :

*ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ॥*

*ਸਭਿ ਜਾਚਕ ਤੂੰ ਏਕੋ ਦਾਤਾ ਮਾਗਹਿ ਹਾਥਿ ਪਸਾਰੀ॥*[17]

ਇਸੇ ਤਰਾਂ ਹੀ '੧' ਤੋਂ ਬਾਅਦ ਓਅੰਕਾਰਿ ਸ਼ਬਦ ਪਰਮਾਤਮਾ ਦੀ ਸਿਰਜਣ ਸ਼ਕਤੀ ਦੀ ਨਿਰੰਤਰਤਾ ਦਾ ਬੋਧ ਕਰਵਾਉਂਦਾ ਪ੍ਰਤੀਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਤਾਂ 'ਓਅੰਕਾਰਿ' ਤੋਂ ਹੀ ਸਾਰੀ ਸ਼੍ਰਿਸ਼ਟੀ ਦੀ ਉੱਤਪਤੀ ਹੋਈ ਮੰਨਦੇ ਹਨ :

*ਓਅੰਕਾਰਿ ਸਭਿ ਸ੍ਰਿਸਟਿ ਉਪਾਈ*

*ਸਭੁ ਖੇਲੁ ਤਮਾਸਾ ਤੇਰੀ ਵਡਿਆਈ॥*[18]

'ਸਤਿ' ਸ਼ਬਦ ਪਰਮਾਤਮਾ ਦੀ ਸੱਚ ਅਤੇ ਸਦੀਵੀ ਹੋਂਦ ਬਾਰੇ ਬਿਆਨ ਕਰਦਾ ਹੈ। ਸਤਿ ਦਾ ਅਰਥ ਹੈ 'ਸਦਾ ਵਿਦਮਾਨ ਰਹਿਣ ਵਾਲਾ।' ਇਸ ਲਈ ਗੁਰਬਾਣੀ ਉਸ ਸੱਚੇ ਪਰਮਾਤਮਾ ਨਾਲ ਚਿੱਤ ਜੋੜੀ ਰੱਖਣ ਦਾ ਉਪਦੇਸ਼ ਦਿੰਦੀ ਹੈ ਕਿਉਂਕਿ ਗੁਰਬਾਣੀ ਅਨੁਸਾਰ ਜੋ ਜੀਵ ਉਸ ਸੱਚੇ ਪ੍ਰਭੂ ਨੂੰ ਯਾਦ ਕਰਦੇ ਹਨ, ਉਜਲੇ ਮੁੱਖ ਲੈ ਕੇ ਉਸਦੇ ਦਰ 'ਤੇ ਸੋਂਹਦੇ ਹਨ:

*ਤੂੰ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ॥*

*ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ॥*

ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ॥ [19]

ਉਹ ਸੱਚਾ ਸਾਹਿਬ ਆਪ ਹਮੇਸ਼ਾਂ ਸੱਚਾ ਹੈ ਅਤੇ ਉਸਦਾ ਨਾਮ ਵੀ ਸੱਚਾ ਹੈ। ਇਸ ਲਈ ਉਸ ਸੱਚੇ ਪਰਮਾਤਮਾ ਦਾ ਨਾਮ ਜਪਣ ਨਾਲ ਮਨੁੱਖ ਦੀ ਸੁਰਤ ਵੀ ਉੱਚੀ ਹੋ ਜਾਂਦੀ ਹੈ ਤੇ ਦੁੱਖਾਂ ਪਾਪਾਂ ਦਾ ਨਾਸ਼ ਹੋ ਕੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ :

*ਨਾਇ ਮੰਨੀਐ ਸੁਰਤਿ ਊਪਜੈ ਨਾਮੇ ਮਤਿ ਹੋਈ॥*

*ਨਾਇ ਮੰਨੀਐ ਗੁਣ ਉਚਰੈ ਨਾਮੇ ਸੁਖਿ ਹੋਈ॥*

*ਨਾਇ ਮੰਨੀਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥*

*ਨਾਇ ਮੰਨੀਐ ਸਾਲਾਹੀਐ ਪਾਪਾਂ ਮਤਿ ਧੋਈ॥*[20]

ਗੁਰੂ ਸਾਹਿਬਾਨ ਅਨੁਸਾਰ ਪਰਮਾਤਮਾ 'ਕਰਤਾ ਪੁਰਖੁ' ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਕਰਤਾ ਸਰੂਪ ਹੈ 'ਕੀਤਾ ਪਸਾਉ ਏਕੋ ਕਵਾਉ।' ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਦੇ ਕਰਤਾ ਸਰੂਪ ਦੇ ਨਾਲ ਭਰਤਾ ਅਤੇ ਹਰਤਾ ਸਰੂਪ ਦਾ ਵਰਣਨ ਵੀ ਮਿਲਦਾ ਹੈ।

*ਆਪੇ ਥਾਪਿ ਉਥਾਪੇ ਆਪੇ*

*ਆਪੇ ਜੋੜਿ ਵਿਛੋੜੇ ਕਰਤਾ*

*ਆਪੇ ਮਾਰਿ ਜੀਵਾਇਦਾ॥*[21]

ਉਹ ਸਥਿਰ ਪਰਮਾਤਮਾ ਨੂੰ ਕਰਤਾ ਹੋਣ ਦੇ ਨਾਲ-ਨਾਲ ਪੁਰਖ ਮੰਨਣ ਦਾ ਸੰਕਲਪ ਵੀ ਉਸਦੀ ਸ਼ਕਤੀ ਦਾ ਪ੍ਰਤੀਕ ਹੈ ਜਿਸ ਦੇ ਬਰਾਬਰ ਜਾਂ ਜਿਸ ਤੋਂ ਉੱਪਰ ਹੋਰ ਕੋਈ ਵੀ ਸ਼ਕਤੀ ਨਹੀਂ ਹੈ। ਉਹ ਨਿਹਚਲ ਪਰਮਾਤਮਾ ਆਪਣੇ ਵਰਗਾ ਆਪ ਹੀ ਹੈ :

*ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ*

*ਤੁਧੁ ਜੇਵਡੁ ਅਵਰੁ ਨ ਕੋਈ ॥*

*ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂ ਏਕੋ ਜੀ*

*ਤੂੰ ਨਿਹਚਲੁ ਕਰਤਾ ਸੋਈ॥*[22]

ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਪਰਮਾਤਮਾ ਜੋ ਕਿ ਆਪ ਵੀ ਜ਼ਰੇ-ਜ਼ਰੇ ਵਿੱਚ ਰਮਿਆ ਹੋਇਆ ਹੈ ਉਸ ਨੂੰ ਕਿਸੇ ਦਾ ਡਰ, ਕਿਸੇ ਦਾ ਭਉ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਨਾਲ ਵੈਰ ਦੀ ਭਾਵਨਾ ਰੱਖਦਾ ਹੈ। ਉਹ ਸਰਵ-ਸ੍ਰੇਸ਼ਟ ਪਰਮਾਤਮਾ ਆਪਣੇ ਵਰਗਾ ਆਪ ਹੀ ਹੈ।ਉਸ ਵਰਗਾ ਹੋਰ ਕੋਈ ਵੀ ਨਹੀਂ, ਸਾਰੇ ਦੇਵੀ-ਦੇਵਤੇ ਵੀ ਉਸ ਪਰਮਾਤਮਾ ਦੀ ਕਿਰਤ ਹਨ।ਉਸ ਪਰਮਾਤਮਾ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ ਸਗੋਂ ਉਸ ਦੀ ਸਿਰਜਣਾ ਆਪਣੇ ਆਪ ਵਿੱਚ ਹੋਈ ਮੰਨੀ ਜਾਂਦੀ ਹੈ। ਇਸ ਲਈ ਜੇਕਰ ਉਸ ਪਰਮਾਤਮਾ ਵਰਗਾ ਕੋਈ ਹੋਰ ਹੈ ਨਹੀਂ, ਤਾਂ ਉਸਨੂੰ ਕਿਸੇ ਦਾ ਡਰ ਕਿਵੇਂ ਹੋ ਸਕਦਾ ਹੈ ਜਾਂ ਉਸਦਾ ਕਿਸੇ ਨਾਲ ਵੈਰ ਵੀ ਨਹੀਂ ਹੋ ਸਕਦਾ ਕਿਉਂਕਿ ਡਰ ਆਪਣੇ ਜਿੰਨੀ ਸਮਰਥਾ ਰੱਖਣ ਵਾਲੇ ਦਾ ਜਾਂ ਆਪਣੇ

ਤੋਂ ਵੱਡੇ ਦਾ ਹੁੰਦਾ ਹੈ ਅਤੇ ਵੈਰ ਵੀ ਆਪਣੇ ਸ਼ਰੀਕ ਨਾਲ ਹੀ ਹੁੰਦਾ ਹੈ। ਉਸ ਅਪਰੰਪਾਰ ਪਰਮਾਤਮਾ ਤੋਂ ਵੱਡਾ ਜਾਂ ਬਰਾਬਰ ਦਾ ਉਸਦਾ ਕੋਈ ਸ਼ਰੀਕ ਜਾਂ ਰਿਸ਼ਤਾ ਜਾਂ ਕੋਈ ਵੀ ਹੋਰ ਨਹੀਂ ਹੈ। ਇਸ ਲਈ ਉਸਨੂੰ ਕਿਸੇ ਦਾ ਡਰ ਨਹੀਂ ਤੇ ਕਿਸੇ ਨਾਲ ਉਸ ਦਾ ਵੈਰ ਨਹੀਂ। ਸਗੋਂ ਗੁਰੂ ਰਾਮਦਾਸ ਜੀ ਤਾਂ ਇੱਥੇ ਇਹ ਸਪੱਸ਼ਟ ਕਰਦੇ ਹਨ ਕਿ ਜਿਹੜਾ ਮਨੁੱਖ ਉਸ ਨਿਰਭਉ ਪਰਮਾਤਮਾ ਦਾ ਨਾਮ ਜਪਦਾ ਹੈ, ਪਰਮਾਤਮਾ ਉਸ ਦੇ ਅੰਦਰੋਂ ਵੀ ਸਾਰੇ ਡਰ ਵਾਲੇ ਭਾਵ ਖਤਮ ਕਰ ਦਿੰਦਾ ਹੈ:

*ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ*
*ਤਿਨ ਕਾ ਭਉ ਸਭੁ ਗਵਾਸੀ॥*[23]

ਮੂਲ ਮੰਤਰ ਵਿੱਚ ਪਰਮਾਤਮਾ ਨੂੰ ਅਕਾਲ ਮੂਰਤਿ ਕਿਹਾ ਗਿਆ ਹੈ। ਕਾਲ ਭਾਵ ਸਮਾਂ, ਮੌਤ ਅਤੇ ਪਰਿਵਰਤਨ ਤੋਂ ਲਿਆ ਜਾਂਦਾ ਹੈ ਅਤੇ ਅਕਾਲ ਜਿਸਨੂੰ ਮੌਤ, ਸਮਾਂ, ਪਰਿਵਰਤਨ ਆਦਿ ਕਦੇ ਪੋਹ ਨਾ ਸਕਦੇ ਹੋਣ। ਪਰਮਾਤਮਾ ਤਾਂ ਆਪ ਖੁਦ ਸਮੇਂ, ਮੌਤ ਅਤੇ ਪਰਿਵਰਤਨ ਦਾ ਕਰਤਾ ਹੈ ਭਲਾ ਉਸਦਾ ਨਾਸ਼ ਕੌਣ ਕਰ ਸਕਦਾ ਹੈ। ਉਹ ਅਬਿਨਾਸ਼ੀ ਪੁਰਖ ਜੁਗਾਂ-ਜੁਗਾਂ ਤੋਂ ਸਥਿਰ ਹੈ। ਉਹ ਜਨਮ-ਮਰਣ ਦੇ ਗੇੜ ਵਿੱਚ ਨਾ ਆ ਕੇ ਹਰ ਥਾਂ ਤੇ ਵਿਦਮਾਨ ਹੈ।ਗੁਰਬਾਣੀ ਫੁਰਮਾਨ ਹੈ:

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥*[24]

ਉਸ ਅਬਿਨਾਸ਼ੀ ਪੁਰਖ ਦੀ ਸਿਰਜਣਾ ਕਿਸੇ ਨੇ ਕੀਤੀ ਨਹੀਂ ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। 'ਸੈਭੰ' ਸ਼ਬਦ ਸੰਸਕ੍ਰਿਤ ਦੇ ਸ੍ਵੈ ਅਤੇ ਭੂ ਸ਼ਬਦਾਂ ਦੇ ਮੇਲ ਤੋਂ ਬਣਿਆ ਜਿਸਦਾ ਅਰਥ ਹੈ ਆਪਣੇ ਆਪ ਤੋਂ ਪੈਦਾ ਹੋਇਆ।[25] ਉਹ ਪਰਮਾਤਮਾ ਆਪ ਜੋਤਿ ਸਰੂਪ ਹੁੰਦਾ ਹੋਇਆ ਹਰ ਪਾਸੇ ਹਰ ਥਾਂ ਤੇ ਹਰ ਇਕ ਵਿੱਚ ਵਿਦਮਾਨ ਹੈ। ਉਸਦੀ ਜੋਤਿ ਦਾ ਪਸਾਰਾ ਵੀ ਹਰ ਪਾਸੇ ਵਰਤ ਰਿਹਾ ਹੈ ਪਰ ਅਜਿਹੇ ਅਬਿਨਾਸ਼ੀ ਪਰਮਾਤਮਾ ਦੇ ਗਿਆਨ ਮਾਤਰ ਨਹੀਂ ਸਗੋ ਅਨੁਭਵ ਸਦਕਾ ਹੀ ਦਰਸ਼ਨ ਕੀਤੇ ਜਾ ਸਕਦੇ ਹਨ:

*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥*[26]

ਅਜਿਹੇ ਸਰਵ-ਵਿਆਪਕ, ਜੋਤਿ ਸਰੂਪ, ਅਬਿਨਾਸ਼ੀ ਪਰਮਾਤਮਾ ਦੀ ਪ੍ਰਾਪਤੀ ਹੀ ਸੱਚੇ ਸਾਧਕ ਦਾ ਮੂਲ ਉਦੇਸ਼ ਹੈ। ਅਜਿਹੇ ਮੂਲ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਇਕੋ-ਇਕੋ ਸਾਧਨ ਗੁਰੂ ਦੀ ਕਿਰਪਾ ਦਰਸਾਈ ਹੈ। ਸੱਚੇ ਗੁਰੂ ਦੀ ਮਿਹਰ ਹੋ ਜਾਵੇ ਤਾਂ ਸਾਧਕ ਭਵ-ਸਾਗਰ ਪਾਰ ਕਰ ਸਕਦਾ ਹੈ, ਉਹ ਆਵਾਗਵਨ ਦੇ ਚੱਕਰਾਂ ਵਿੱਚ ਨਹੀਂ ਆਉਂਦਾ ਸਗੋਂ ਮੁਕਤੀ ਹਾਸਿਲ ਕਰਕੇ ਉਸ ਪਾਵਨ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜਮਾਨ ਹੁੰਦਾ ਹੈ ਪਰ ਅਜਿਹੇ ਸੱਚੇ ਗੁਰੂ ਦੀ ਪ੍ਰਾਪਤੀ ਬਹੁਤ ਮੁਸ਼ਕਿਲ ਨਾਲ ਹੁੰਦੀ ਹੈ। ਗੁਰੂ ਸਾਹਿਬਾਨ ਨੇ ਜਗਿਆਸੂ ਨੂੰ 'ਗੁਰਪਰਮੇਸਰੁ ਏਕੋ ਜਾਣ' ਕਹਿ ਕੇ ਇਸ ਗੱਲ ਦੀ ਦ੍ਰਿੜਤਾ ਕਰਵਾਈ ਹੈ ਕਿ ਗੁਰੂ ਕੇਵਲ ਸਧਾਰਨ ਵਿਅਕਤੀ ਮਾਤਰ ਨਾ ਰਹਿ ਕੇ ਗਿਆਨ ਦਾ ਮੁਜੱਸਮਾ ਹੈ ਜਿਸਦਾ ਹਿਰਦਾ ਬ੍ਰਹਮ ਗਿਆਨ ਨਾਲ ਸਦਾ ਹੀ ਭਰਪੂਰ ਰਹਿੰਦਾ ਹੈ। ਸੱਚਾ ਗੁਰੂ ਹੀ ਪਰਮਾਤਮਾ ਦੇ ਨਾਮ ਦੀ ਸੋਝੀ ਬਖਸ਼ ਕੇ ਪਰਮਾਤਮਾ ਦੇ ਨਾਲ ਇਕਮਿਕਤਾ ਹਾਸਿਲ ਕਰਵਾਉਣ ਦੇ ਸਮਰੱਥ ਹੁੰਦਾ ਹੈ। ਗੁਰੂ ਸਾਹਿਬ ਅਜਿਹੇ ਸੱਚੇ ਗੁਰੂ ਦੀ ਕਿਰਪਾ ਤੋਂ ਬਲਿਹਾਰ ਜਾਂਦੇ ਹਨ:

*ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ॥*
*ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥*
*ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥*
*ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ॥*
*ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥*[27]

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਮੂਲ ਮਕਸਦ ਜੀਵ-ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੈ। ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ, ਪਾਲਣਹਾਰ ਹੈ। ਉਹ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਕੇ ਆਪ ਇਕ ਰਸ ਉਸ ਵਿੱਚ ਵਿਦਮਾਨ ਹੈ ਪਰ ਜੀਵ-ਆਤਮਾ ਸੰਸਾਰਕ ਪਦਾਰਥਾਂ ਵਿੱਚ ਗਲਤਾਨ ਹੋਣ ਕਰਕੇ ਉਸ ਉੱਤੇ ਹਉਮੈ ਅਤੇ ਮਾਇਆ ਦਾ ਜਾਲ ਪਿਆ ਹੋਇਆ ਹੈ। ਇਸ ਲਈ ਉਹ ਪਰਮਾਤਮਾ ਦੇ ਅਜਿਹੇ ਰਹੱਸ ਤੋਂ ਅਣਜਾਣ ਹੈ। ਇਸ ਲਈ ਗੁਰੂ ਸਾਹਿਬਾਨ ਨੇ ਅਜਿਹੀ ਜੀਵ-ਆਤਮਾ ਲਈ ਸਤਸੰਗਤਿ ਅਤੇ ਪਰਮਾਤਮਾ ਦਾ ਨਾਮ ਅਜਿਹੇ ਸਾਧਨ ਦਰਸਾਏ ਹਨ ਕਿ ਉਹ ਗੁਰੂ ਦੀ ਕਿਰਪਾ ਸਦਕਾ ਗੁਣਾਂ ਭਰਪੂਰ ਪਰਮਾਤਮਾ ਦੀ ਵਡਿਆਈ ਜਾਣ ਸਕੇ ਤੇ ਵੱਧ ਤੋਂ ਵੱਧ ਪਰਮਾਤਮਾ ਦੇ ਨਾਮ ਸਿਮਰਨ ਦੇ ਜਾਪ ਸਦਕਾ ਆਪਣੇ ਅਸਲ ਜੀਵਨ ਮਨੋਰਥ ਦੀ ਪ੍ਰਾਪਤੀ ਕਰਨ ਦੇ ਯੋਗ ਹੋ ਸਕੇ। ਇਸ ਲਈ ਜੋ ਜੀਵ ਆਤਮਾ ਅਜਿਹੇ ਰਸਤੇ 'ਤੇ ਚੱਲਣਾ ਸ਼ੁਰੂ ਕਰ

ਦਿੰਦੀ ਹੈ, ਉਹ ਆਪਣੇ ਮੂਲ ਉਦੇਸ਼ ਪਰਮਾਤਮਾ ਨਾਲ ਇਕਮਿਕਤਾ ਦਾ ਅਹਿਸਾਸ ਕਰ ਲੈਂਦੀ ਹੈ ਤੇ ਸੰਸਾਰਕ ਜੀਵਨ ਬਾਜ਼ੀ 'ਤੇ ਜਿੱਤ ਪ੍ਰਾਪਤ ਕਰਕੇ ਸੱਚੇ ਅਕਾਲ ਪੁਰਖ ਵਿੱਚ ਜਾ ਵਿਲੀਨ ਹੁੰਦੀ ਹੈ ਤੇ ਮਨੋਰਥ ਸਿੱਧੀ ਹਾਸਿਲ ਕਰਦੀ ਹੈ।

**ਸਮਾਜ : ਅਰਥ ਅਤੇ ਸਰੂਪ**

ਸਮਾਜ ਲੋਕਾਂ ਦਾ, ਉਨ੍ਹਾਂ ਦੇ ਆਪਸੀ ਸੰਬੰਧਾਂ ਅਤੇ ਵਿਵਹਾਰਾਂ-ਵਤੀਰਿਆਂ ਦਾ ਢਾਂਚਾ ਹੈ। ਕੋਈ ਵੀ ਮਨੁੱਖ ਇਕੱਲਾ ਰਹਿਣਾ ਪਸੰਦ ਨਹੀਂ ਕਰਦਾ ਤੇ ਨਾ ਹੀ ਉਸਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ। ਇਸ ਲਈ ਮਨੁੱਖ ਦਾ ਇਕ-ਦੂਜੇ ਨਾਲ ਵਰਤ ਵਰਤਾਰੇ, ਸੰਬੰਧਾਂ ਦੀ ਹੋਂਦ ਦੀ ਸੰਭਾਵੀ ਪ੍ਰਕ੍ਰਿਆ ਰਾਹੀਂ ਹੀ ਸਮਾਜ ਹੋਂਦ ਵਿੱਚ ਆਇਆ। ਸਮਾਜ ਕੇਵਲ ਇਕ ਜਾਂ ਦੋ ਵਿਅਕਤੀਆਂ ਦੇ ਮੇਲ ਨਾਲ ਹੋਂਦ ਵਿੱਚ ਨਹੀਂ ਆਉਂਦਾ ਸਗੋਂ ਕਈ ਵਿਅਕਤੀਆਂ ਦੇ ਸਮੂਹਾਂ ਵਿੱਚ ਇਕ ਦੂਜੇ ਦੀ ਮਿਲਵਰਤਨ ਦੀ ਭਾਵਨਾ ਨਾਲ ਹੋਂਦ ਵਿੱਚ ਆਉਂਦਾ ਹੈ। ਇਸ ਲਈ ਸਮੂਹ ਵਿੱਚ ਰਹਿਣ ਦੀ ਬਿਰਤੀ ਕਾਰਨ ਹੀ ਮਨੁੱਖ ਸਮਾਜ ਵਿੱਚ ਰਹਿ ਕੇ ਸੰਤੁਸ਼ਟ ਹੁੰਦਾ ਹੈ। ਹਰ ਮਨੁੱਖ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਾਰਨ ਹੀ ਇਕ ਦੂਜੇ ਨਾਲ ਜੁੜਿਆ ਹੋਇਆ ਹੈ ਤੇ ਇਹਨਾਂ ਜ਼ਰੂਰਤਾਂ ਦੀ ਪੂਰਤੀ ਉਹ ਸਮਾਜ ਵਿੱਚ ਰਹਿ ਕੇ ਹੀ ਕਰਦਾ ਹੈ। ਇਸ ਲਈ ਮਨੁੱਖ ਦਾ ਜਨਮ, ਵਿਕਾਸ ਅਤੇ ਪ੍ਰਗਤੀ ਦੀਆਂ ਪੁਲਾਘਾਂ ਪੁੱਟ ਕੇ ਸਿੱਖਰ ਤੇ ਪੁੱਜਣਾ ਸਮਾਜ ਵਿੱਚ ਹੀ ਸੰਭਵ ਹੈ। ਜਿਸ ਬਾਰੇ ਟੀ.ਆਰ.ਵਿਨੋਦ ਦੇ ਸ਼ਬਦਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਉਹ ਲਿਖਦੇ ਹਨ ਕਿ ਸਮਾਜ ਮਨੁੱਖ ਦੇ ਪਾਲਣ-ਪੋਸ਼ਣ ਅਤੇ ਸਿਖਲਾਈ ਲਈ ਲੋੜੀਦਾ ਪ੍ਰਬੰਧ ਪ੍ਰਦਾਨ ਕਰਦਾ ਹੈ ਅਤੇ ਇਸ ਕਿਰਿਆ ਦੇ ਦੌਰਾਨ ਮਨੁੱਖ ਦੇ ਕੁਦਰਤੀ ਵਿਅਕਤੀਤਵ ਦਾ ਸਮਾਜੀਕਰਣ ਵੀ ਕਰਦਾ ਹੈ। ਸਿੱਖਿਅਤ ਅਤੇ ਸਮਾਜੀਕ੍ਰਿਤ ਮਨੁੱਖ ਪੈਦਾਵਾਰ ਦੇ ਕਾਰਜ ਵਿੱਚ ਸਮਾਜਿਕ ਤੌਰ 'ਤੇ ਕ੍ਰਿਆਸ਼ੀਲ ਹੁੰਦਾ ਹੈ ਜਿਸ ਕਰਕੇ ਉਸਦੀ ਉਤਪਾਦਨ ਸ਼ਕਤੀ ਹੋਰ ਵੱਧ ਜਾਂਦੀ ਹੈ।[28] ਸਮਾਜ ਮਨੁੱਖ ਦੇ ਸਮਾਜਿਕ ਸੰਬੰਧਾਂ ਦਾ ਜਾਲ ਹੈ। ਸਮਾਜ ਮਨੁੱਖ ਦੀਆਂ ਉਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਦਰਸਾਉਂਦਾ ਹੈ ਜਿਹੜੀਆਂ ਉਸਨੂੰ ਚੰਗੇਰਾ ਅਤੇ ਸੁਚੱਜਾ ਜੀਵਨ ਜਿਉਣ ਲਈ ਸੇਧ ਦਿੰਦੀਆਂ ਹਨ ਅਤੇ ਕਿਸੇ ਮਨੋਰਥ ਦੀ ਪ੍ਰਾਪਤੀ ਲਈ ਅਗਵਾਈ ਕਰਦੀਆਂ ਹਨ। ਸਮਾਜ ਮਨੁੱਖ ਦੇ ਜੀਵਨ ਦਾ ਅਨਿਖੜ ਅੰਗ ਹੈ ਅਤੇ ਸਮਾਜ ਤੋਂ ਟੁੱਟ ਕੇ ਰਹਿਣਾ ਮਨੁੱਖ ਲਈ ਉਸੇ ਤਰ੍ਹਾਂ ਹੈ ਜਿਵੇਂ ਮੱਛੀ ਲਈ ਬਿਨਾਂ ਪਾਣੀ ਤੋਂ ਰਹਿਣਾ ਜਾਂ ਫੁੱਲ ਦਾ ਬਿਨ੍ਹਾਂ ਸੁਗੰਧੀ ਦੇ ਹੋਣਾ।

ਸਮਾਜ ਮਨੁੱਖੀ ਜ਼ਿੰਦਗੀ ਦਾ ਕੇਂਦਰੀ ਧੁਰਾ ਹੈ। ਇਹ ਇਕ ਅਮੂਰਤ ਸੰਕਲਪ ਹੈ। ਸਮਾਜ ਕੇਵਲ ਵਿਅਕਤੀਆਂ ਦੇ ਆਪਸੀ ਸਮੂਹ ਦਾ ਹੀ ਨਹੀਂ ਬਲਕਿ ਮਨੁੱਖੀ ਅੰਤਰ-ਸੰਬੰਧਾਂ ਦੀ ਜਟਿਲ ਵਿਵਸਥਾ ਹੈ ਜੋ ਕਿ ਮਨੁੱਖ ਦੇ ਆਪਸੀ ਸਹਿਯੋਗ ਅਤੇ ਚੇਤੰਨਤਾ ਤੋਂ ਉਤਪੰਨ ਹੁੰਦੀ ਹੈ, ਜੋ ਕਿ ਅੰਤਰ -ਵਿਰੋਧਾਂ ਭਾਵ ਸਮਾਨਤਾ ਅਤੇ ਭਿੰਨਤਾ, ਸਹਿਯੋਗ ਅਤੇ ਸੰਘਰਸ਼ ਵਿੱਚ ਪਲਦੀ ਹੈ ਅਤੇ ਅੰਤਰ-ਕਿਰਿਆ ਰਾਹੀਂ ਵਿਕਾਸ ਕਰਦੀ ਹੈ। ਇਸ ਤਰ੍ਹਾਂ ਇਹ ਵਰਤਾਰਾ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੈ। ਸਮਾਜ ਵਿੱਚ ਰਹਿੰਦਿਆਂ ਸਮਾਜਿਕ ਸੰਬੰਧਾਂ ਨੂੰ ਵੇਖਿਆ ਜਾਂ ਛੂਹਿਆ ਨਹੀਂ ਜਾਂਦਾ, ਕੇਵਲ ਮਹਿਸੂਸ ਕੀਤਾ ਜਾਂਦਾ ਹੈ। ਇਸ ਲਈ ਇਹ ਇਕ ਅਮੂਰਤ ਸੰਕਲਪ ਹੈ।

ਜਿਸ ਸਮਾਜ ਦਾ ਅਸੀਂ ਹਿੱਸਾ ਹਾਂ ਜਾਂ ਜਿਸ ਸਮਾਜ ਤੇ ਸਮੂਹ ਨੂੰ ਮਨੁੱਖ ਲਗਾਤਾਰ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਹਨ, ਉਹ ਇਕ ਦਿਨ ਦੀ ਮਨੁੱਖੀ ਰਚਨਾ ਨਹੀਂ, ਸਗੋਂ ਲੱਖਾਂ ਸਾਲਾਂ ਦੀ ਇਤਿਹਾਸਕ ਪ੍ਰਕ੍ਰਿਆ ਤੈਅ ਕਰਨ ਉਪਰੰਤ ਹੋਂਦ ਵਿੱਚ ਆਇਆ ਹੈ। ਮਨੁੱਖੀ ਜ਼ਿੰਦਗੀ ਦਾ ਆਰੰਭ ਉਦੋਂ ਹੋਇਆ ਜਦੋਂ ਮਨੁੱਖ ਲਈ ਕੁਦਰਤੀ ਵਾਤਾਵਰਨ ਜਾਂ ਆਲੇ-ਦੁਆਲੇ ਦੀ ਕੋਈ ਮਹੱਤਤਾ ਬਣੀ। ਕਿਉਂਕਿ ਪਹਿਲਾਂ ਤਾਂ ਮਨੁੱਖ ਸਾਧਾਰਨ ਵਿਰੋਧ ਵਿੱਚ ਹੀ ਪ੍ਰਕ੍ਰਿਤੀ ਦੀਆਂ ਚੀਜ਼ਾਂ ਨੂੰ ਹੰਢਾ ਰਿਹਾ ਸੀ ਪਰ ਸਮੂਹ ਵਿੱਚ ਰਹਿਣ ਕਾਰਨ ਉਸ ਨੂੰ ਆਪਣੇ ਆਲੇ-ਦੁਆਲੇ ਦੀ ਸੋਝੀ ਹੋਣੀ ਸ਼ੁਰੂ ਹੋਈ। ਜਦ ਮਨੁੱਖ ਨੇ ਹੋਸ਼ ਸੰਭਾਲੀ ਤਾਂ ਉਸਨੇ ਸਮਾਜ ਦਾ ਅੰਗ ਹੋਣ ਦੇ ਨਾਤੇ ਸਨਮੁੱਖ ਪ੍ਰਸਥਿਤੀਆਂ ਦੇ ਸਾਂਝੇ ਅਸਰ ਹੇਠ ਕੁਦਰਤੀ-ਭੂਗੋਲਿਕ ਬਨਸਪਤੀ ਅਤੇ ਜੀਵ-ਵਿਗਿਆਨਕ ਚੌਗਿਰਦੇ ਵਿੱਚੋਂ ਸਮਾਜਿਕ ਅਤੇ ਪਦਾਰਥਕ ਲੋੜਾਂ ਦੀ ਘਾਟ ਮਹਿਸੂਸ ਕੀਤੀ ਅਤੇ ਇਨ੍ਹਾਂ ਦੀ ਪੂਰਤੀ ਲਈ ਕੁਝ ਤੱਤਾਂ ਦੀ ਚੋਣ ਕੀਤੀ। ਇਸ ਲਈ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਮਨੁੱਖ ਨੇ ਪ੍ਰਕ੍ਰਿਤੀ ਨਾਲ ਆਪਣਾ ਸਬੰਧ ਸਥਾਪਿਤ ਕੀਤਾ। ਜਿਵੇਂ-ਜਿਵੇਂ ਮਨੁੱਖ ਲਗਾਤਾਰ ਪ੍ਰਕ੍ਰਿਤੀ ’ਤੇ ਕਾਬੂ ਪਾਉਂਦਾ ਵਿਕਾਸ ਦੀਆਂ ਮੰਜਿਲਾਂ ਤੈਅ ਕਰਦਾ ਗਿਆ, ਉਸਦਾ ਪ੍ਰਕ੍ਰਿਤੀ ਨਾਲ ਵਿਰੋਧ ਵਾਲਾ ਸੰਬੰਧ ਨਾ ਰਹਿ ਕੇ ਸਹਿਹੋਂਦ ਵਾਲਾ ਰਿਸ਼ਤਾ ਕਾਇਮ ਹੋ ਗਿਆ। ਇਸੇ ਸਦਕਾ ਆਪਣੀਆਂ ਲੋੜਾਂ ਦੀ ਪੂਰਤੀ ਕਾਰਨ ਉਹ ਪ੍ਰਕ੍ਰਿਤੀ ਅਨੁਸਾਰ ਢੱਲ ਵੀ ਗਿਆ ਅਤੇ ਪ੍ਰਕ੍ਰਿਤੀ ਨੂੰ ਆਪਣੇ ਅਨੁਕੂਲ ਢਾਲਣਾ ਵੀ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਮਨੁੱਖ ਦਾ ਪ੍ਰਕਿਰਤੀ ਨਾਲ ਇਕ ਸਾਂਝਾ ਸੰਬੰਧ ਜੁੜ ਗਿਆ ਤੇ ਉਸਦੀ ਸਮਾਜਿਕ ਯਾਤਰਾ ਦਾ ਅਮਲ ਸ਼ੁਰੂ ਹੋ ਗਿਆ। ਇਸ ਤਰ੍ਹਾਂ ਇਕ ਪ੍ਰਾਕਿਰਤਕ ਮਨੁੱਖ ਤੋਂ ਸਮਾਜਿਕ ਮਨੁੱਖ ਬਣਨ ਤੱਕ ਕੇ ਸਮੇਂ ਦੌਰਾਨ ਮਨੁੱਖ ਨੇ ਕਈ ਨਵੀਨ ਸਿਰਜਣਾਵਾਂ (ਸੰਦ, ਵਸਤਾਂ ਜਾਂ ਨਵੀਨ ਜੁਗਤਾਂ) ਵੀ ਕਰ ਲਈਆਂ ਜਿਸ ਬਾਰੇ ਸੁਖਦੇਵ ਸਿੰਘ ਖਹਿਰਾ ਵਿਚਾਰ ਪ੍ਰਗਟ

ਕਰਦੇ ਹਨ ਕਿ “ਪਰਾ ਇਤਿਹਾਸਕ ਕਾਲ ਤੋਂ ਹੀ ਮਨੁੱਖ ਅਤੇ ਪ੍ਰਕਿਰਤੀ ਵਿਚਾਲੇ ਨਿਰੰਤਰ ਘੋਲ ਚਲਦਾ ਆ ਰਿਹਾ ਹੈ। ਇਸ ਘੋਲ ਰਾਹੀਂ ਮਨੁੱਖ ਪ੍ਰਕਿਰਤੀ ਦੇ ਸਾਰੇ ਸਿਸਟਮ ਨੂੰ ਕਿਸੇ ਹੱਦ ਤੱਕ ਸਮਝ ਕੇ ਪ੍ਰਾਪਤ ਗਿਆਨ ਦੇ ਅਧਾਰ ’ਤੇ ਆਪਣੀ ਹੋਂਦ ਦੀ ਸੁਰੱਖਿਆ ਲਈ ਅਜਿਹੇ ਸੰਦਾਂ ਦੀ ਸਿਰਜਣਾ ਕਰਦਾ ਆ ਰਿਹਾ ਹੈ ਜਿਨ੍ਹਾਂ ਦੀ ਵਰਤੋਂ ਨਾਲ ਪ੍ਰਕਿਰਤਕ ਸ਼ਕਤੀਆਂ ਨੂੰ ਆਪਣੀ ਲੋੜ ਅਨੁਸਾਰ ਢਾਲ ਸਕੇ।”[29]

ਮਾਨਵੀ ਇਤਿਹਾਸ ਵਿੱਚ ਸਮਾਜ ਅਜਿਹਾ ਬੁਨਿਆਦੀ ਤੱਤ ਹੈ ਜਿਸ ਸਦਕਾ ਮਾਨਵ ਆਪਣੀ ਪ੍ਰਕ੍ਰਿਤਕ ਹੋਂਦ ਨੂੰ ਸਮਾਜਿਕ ਹੋਂਦ ਵਿੱਚ ਪਰਿਵਰਤਿਤ ਕਰਨ ਦੇ ਸਮਰੱਥ ਹੋ ਸਕਿਆ ਹੈ। ਮਨੁੱਖ ਨੇ ਆਪਣੀ ਬੁੱਧੀ ਅਤੇ ਤਾਕਤ ਦੇ ਬਲ ’ਤੇ ਹੀ ਕੁਦਰਤੀ ਹਾਲਾਤਾਂ ਨੂੰ ਆਪਣੇ ਅਨੁਕੂਲ ਢਾਲਣ ਦਾ ਯਤਨ ਕੀਤਾ ਹੈ ਅਤੇ ਇਸ ਯਤਨ ਦੇ ਹੀ ਫਲਸਰੂਪ ਉਹ ਆਪਣੇ ਜੀਵਨ ਨੂੰ ਪਹਿਲਾਂ ਨਾਲੋਂ ਵਧੇਰੇ ਸੁਰੱਖਿਅਤ, ਅਰਾਮ ਭਰਪੂਰ ਬਣਾਉਣ ਦੇ ਯੋਗ ਹੋ ਸਕਿਆ ਹੈ।

ਮਨੁੱਖ ਨੇ ਪ੍ਰਕ੍ਰਿਤੀ ਨਾਲ ਰਾਬਤਾ ਕਾਇਮ ਕਰਕੇ ਭਾਵੇਂ ਨਵੀਨ ਸਿਰਜਣਾਵਾਂ ਕੀਤੀਆਂ ਹਨ ਜਿਸ ਨਾਲ ਉਸਦੀਆਂ ਪਦਾਰਥਕ ਲੋੜਾਂ ਦੀ ਪੂਰਤੀ ਹੁੰਦੀ ਗਈ ਪਰ ਅਜਿਹੀਆਂ ਸਿਰਜਣਾਵਾਂ ਦੇ ਦੌਰਾਨ ਉਸਨੂੰ ਕੁਝ ਮਨੋਵਿਗਿਆਨਕ ਅਤੇ ਧਾਰਮਿਕ ਰਾਹ ਵਿੱਚ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪਿਆ। ਜਿਨ੍ਹਾਂ ਸਕਦਾ ਉਸਨੂੰ ਰੋਜ਼ਾਨਾ ਜੀਵਨ ਵਿੱਚ ਵਿਚਰਦਿਆਂ ਕਈ ਤਰ੍ਹਾਂ ਦੇ ਚੰਗੇ ਜਾਂ ਮਾੜੇ ਅਨੁਭਵਾਂ ਦਾ ਅਹਿਸਾਸ ਵੀ ਹੋਇਆ । ਪਹਿਲਾਂ ਪਹਿਲ ਉਹ ਕੁਦਰਤੀ ਸ਼ਕਤੀਆਂ ਦੇ ਪ੍ਰਭਾਵ ਨੂੰ ਦੇਖ ਕੇ ਡਰ ਜਾਂਦਾ ਸੀ ਜਿਵੇਂ ਹੜ੍ਹ ਆਉਣੇ, ਅੱਗ ਲੱਗਣੀ, ਜਾਨਵਰਾਂ ਦੀ ਦਹਾੜ ਨੂੰ ਸੁਣਨਾ, ਬੱਦਲਾਂ ਦੀ ਅਵਾਜ਼ ਸੁਣਨਾ ਆਦਿ ਸਾਰੇ ਪ੍ਰਭਾਵ ਉਸਦੇ ਕੰਟਰੋਲ ਤੋਂ ਬਾਹਰ ਸਨ ਪਰ ਹੌਲੀ-ਹੌਲੀ ਉਸਨੇ ਜਦ ਇਨ੍ਹਾਂ ਦਾ ਪ੍ਰਭਾਵ ਕਬੂਲਣਾ ਸ਼ੁਰੂ ਕੀਤਾ ਤਾਂ ਉਸਨੂੰ ਗਿਆਨ ਹੋਇਆ ਕਿ ਇਨ੍ਹਾਂ ਵਿਚੋਂ ਕੁਝ ਕੁ ਸ਼ਕਤੀਆਂ ਉਸ ਵਾਸਤੇ ਲਾਭਕਾਰੀ ਹਨ ਪਰ ਕੁਝ ਵਿਨਾਸ਼ਕਾਰੀ ਵੀ ਸਨ ਜਿਵੇਂ ਵਰਖਾ ਹੋਣੀ ਉਸਦੇ ਲਈ ਲਾਭਕਾਰੀ ਸਾਬਿਤ ਹੋਈ ਪਰ ਬੇਹਿਸਾਬੇ ਭੂਚਾਲ, ਹੜ੍ਹ ਤੇ ਤੂਫਾਨ ਉਸ ਲਈ ਵਿਨਾਸ਼ਕਾਰੀ ਵੀ ਸਨ ਜਿਸ ਸਕਦਾ ਉਸਦੇ ਮਨ ਅੰਦਰ ਸ਼ਰਧਾ ਅਤੇ ਡਰ ਦੇ ਭਾਵ ਉਤਪੰਨ ਹੋਏ। ਇਨ੍ਹਾਂ ਦੇ ਪ੍ਰਭਾਵਾਂ ਤੋਂ ਬਚਣ ਲਈ ਉਸਨੇ ਧਰਮ, ਜਾਦੂ-ਟੂਣਿਆਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ। ਪ੍ਰਾਚੀਨ ਮਨੁੱਖ ਨੇ ਇਨ੍ਹਾਂ ਕੁਦਰਤੀ ਆਫਤਾਂ ਤੋਂ ਬਚਣ ਲਈ ਇਨ੍ਹਾਂ ਦਾ ਕਾਰਨ ਜਾਣਨਾ ਚਾਹਿਆ। ਮਾਨਸਿਕ ਵਿਕਾਸ ਦੀ ਅਣਹੋਂਣ ਕਾਰਨ ਉਹ ਕਾਰਨ ਜਾਣਨ ਤੋਂ ਤਾਂ ਅਸਮਰੱਥ ਹੀ ਰਿਹਾ ਪਰ ਉਸਦੇ ਅੰਦਰ ਇਹ ਵਿਸ਼ਵਾਸ ਧਾਰਨ ਕਰ ਗਿਆ ਕਿ ਇਨ੍ਹਾਂ ਸਾਰੀਆਂ ਪ੍ਰਕ੍ਰਿਤਕ ਸ਼ਕਤੀਆਂ ਤੋਂ ਉਪਰ ਕੋਈ ਹੋਰ ਗ਼ੈਬੀ ਸ਼ਕਤੀ ਹੈ ਜੋ ਅਦਿੱਖ ਅਤੇ ਉਸਦੀ

ਸਮਝ ਤੋਂ ਬਾਹਰ ਹੈ। ਇਸ ਅਦਿੱਖ ਤੇ ਸਰਵ-ਸ਼ਕਤੀਮਾਨ ਸ਼ਕਤੀ ਨੇ ਹੀ ਉਸਦੇ ਅੰਦਰ ਦੇਵੀ-ਦੇਵਤਿਆਂ ਪ੍ਰਤਿ ਵਿਸ਼ਵਾਸ਼ ਦੀ ਭਾਵਨਾ ਨੂੰ ਜਨਮ ਦਿੱਤਾ ਤੇ ਇਨ੍ਹਾਂ ਕੁਦਰਤੀ ਆਫਤਾਂ ਤੋਂ ਬਚਾਅ ਲਈ ਹੀ ਉਸਨੇ ਕਈ ਪ੍ਰਕਾਰ ਨਾਲ ਉਸ ਅਦਿੱਖ ਸ਼ਕਤੀ ਦੀ ਪੂਜਾ ਕਰਨੀ ਆਰੰਭ ਕਰ ਦਿੱਤੀ। ਇਸ ਤੋਂ ਹੀ ਧਰਮ ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਧਰਮ ਤੇ ਸਮਾਜ ਦਾ ਪ੍ਰਾਚੀਨ ਕਾਲ ਤੋਂ ਹੀ ਅਟੁੱਟ ਰਿਸ਼ਤਾ ਮੰਨਿਆ ਜਾਂਦਾ ਹੈ। ਧਰਮ ਅਤੇ ਸਮਾਜ ਦੋਵੇਂ ਇਕ ਦੂਜੇ ਤੇ ਨਿਰਭਰ ਕਰਦੇ ਹਨ। ਧਰਮ ਦੀ ਸਹੀ ਸਮਝ ਹੀ ਸਮਾਜ ਦੇ ਪੱਧਰ ਨੂੰ ਉੱਚਾ ਚੁੱਕਦੀ ਹੈ। ਧਰਮ ਸਦਕਾ ਹੀ ਇਨਸਾਨ ਵਿੱਚ ਇਕ-ਦੂਸਰੇ ਪ੍ਰਤਿ ਜ਼ਿੰਮੇਵਾਰੀ ਦੀ ਭਾਵਨਾ ਜਾਗਰੂਕ ਹੁੰਦੀ ਹੈ ਤੇ ਉਸਦੇ ਜੀਵਨ ਮਿਆਰ ਨੂੰ ਉੱਚਾ ਉਠਾ ਕੇ ਸੱਚੀ-ਸੁੱਚੀ ਜੀਵਨ ਜਾਚ ਲਈ ਸਹਾਈ ਹੁੰਦੀ ਹੈ। ਆਮ ਜਨਤਾ ਵਿੱਚ ਸਮਾਨਤਾ ਦੀ ਭਾਵਨਾ, ਆਪਸੀ ਪਿਆਰ ਦੀ ਭਾਵਨਾ ਨੂੰ ਸਥਾਪਿਤ ਕਰਨ ਅਤੇ ਸਮਾਜ ਵਿੱਚ ਵਿਚਰਦੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਵਿੱਚ ਧਰਮ ਦਾ ਵੱਡਮੁੱਲਾ ਯੋਗਦਾਨ ਹੁੰਦਾ ਹੈ। ਇਕ ਹੀ ਸਮਾਜ ਵਿੱਚ ਰਹਿ ਰਹੇ ਵੱਖ-ਵੱਖ ਸਭਿਆਚਾਰਾਂ ਦੇ ਲੋਕ ਬੇਸ਼ਕ ਬਾਹਰੋਂ ਦੇਖਣ ਨੂੰ ਤਾਂ ਇਕ ਦਿਖਾਈ ਦੇ ਸਕਦੇ ਹਨ ਪਰ ਉਨ੍ਹਾਂ ਦੇ ਮਨਾਂ ਵਿੱਚ ਆਪਣੇ ਕਿੱਤੇ, ਆਪਣੇ ਪਹਿਰਾਵੇ, ਆਪਣੇ ਰੁਤੱਬੇ ਅਤੇ ਆਰਥਿਕਤਾ ਸੰਬੰਧੀ ਆਪਸ ਵਿੱਚ ਤਣਾਅ ਦੇ ਭਾਵ ਬਣੇ ਰਹਿੰਦੇ ਹਨ ਜਿਸ ਸਦਕਾ ਇਕੋ ਹੀ ਸਮਾਜ ਵਿੱਚ ਰਹਿ ਕੇ, ਇਕੋ ਹੀ ਧਰਮ ਨੂੰ ਮੰਨਣ ਸਦਕਾ ਵੀ ਉਨ੍ਹਾਂ ਵਿੱਚ ਪਰਸਪਰ ਸਾਂਝ ਅਤੇ ਨੇੜਤਾ ਬਰਕਰਾਰ ਨਹੀਂ ਰਹਿੰਦੀ। ਕਿਉਂਕਿ ਉਨ੍ਹਾਂ ਦੇ ਇਕੱਠੇ ਰਹਿਣ ਅਤੇ ਆਪਸੀ ਮੇਲ-ਜੋਲ ਦਾ ਆਧਾਰ ਸਹੀ ਅਰਥਾਂ ਵਿੱਚ ਅਧਿਆਤਮਕ ਨਹੀਂ ਹੁੰਦਾ।ਇਸ ਲਈ ਦੇਖਣ ਵਿੱਚ ਆਇਆ ਹੈ ਕਿ ਪ੍ਰਾਚੀਨ ਸਮੇਂ ਤੋਂ ਹੀ ਲੋਕਾਂ ਵਿੱਚ ਅਜਿਹੀ ਕਾਣੀ ਵੰਡ ਕਾਰਣ ਲੋਕ ਇਕ ਦੂਜੇ ਦੇ ਨੇੜੇ ਨਹੀਂ ਆਉਂਦੇ ਤੇ ਉਨ੍ਹਾਂ ਦੇ ਧਰਮ ਅਸਥਾਨਾਂ ਤੇ ਪੂਜਾ-ਪੱਧਤੀ ਵੀ ਵੱਖ-ਵੱਖ ਅਤੇ ਵਿਅਕਤੀਗਤ ਹੀ ਰਹੀ ਹੈ। ਇਤਿਹਾਸ ਵੱਲ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਭਾਵੇਂ ਸਮਾਜ ਵਿੱਚ ਰਹਿ ਕੇ ਲੋਕਾਂ ਨੇ ਹਰ ਪੱਖ ਤੋਂ ਵਿਕਾਸ ਕੀਤਾ ਹੈ ਪਰ ਇਸ ਵਿਕਾਸਸ਼ੀਲਤਾ ਨੇ ਸਮਾਜ ਵਿੱਚ ਨਿਘਾਰ ਵੀ ਲਿਆਉਂਦਾ ਹੈ। ਇਸ ਵਿਕਾਸਸ਼ੀਲਤਾ ਕਾਰਨ ਉੱਚ ਵਰਗ ਤੇ ਨੀਵੇਂ ਵਰਗ ਦੇ ਲੋਕਾਂ ਵਿੱਚ ਬਹੁਤ ਫਰਕ ਆ ਗਿਆ। ਸਮਾਜ ਦੇ ਸਾਰੇ ਉੱਚ ਅਹੁੱਦਿਆਂ ਤੇ ਉੱਚ ਵਰਗ ਦੇ ਲੋਕਾਂ ਨੇ ਆਪਣਾ ਅਧਿਕਾਰ ਜਮਾ ਲਿਆ। ਨਾਲ ਹੀ ਸਮਾਜ ਵਿੱਚ ਜਾਤ-ਪਾਤ, ਛੂਤ-ਛਾਤ, ਉਚ-ਨੀਚ ਆਦਿ ਦੇ ਭੇਦ-ਭਾਵ ਜਿਹੀਆਂ ਬੁਰਾਈਆਂ ਨੇ ਘਰ ਕਰ ਲਿਆ। ਇਕੋ ਹੀ ਧਰਮ ਨੂੰ ਮੰਨਣ ਵਾਲੇ ਲੋਕਾਂ ਵਿੱਚ ਆਪਣੇ ਅਹੁੱਦਿਆਂ ਦਾ ਹੰਕਾਰ ਪੈਦਾ ਹੋ ਗਿਆ। ਸਮਾਜ ਵਿੱਚ ਹਿੰਦੂ ਸਮਾਜ

ਬ੍ਰਾਹਮਣ, ਖੱਤਰੀ, ਵੈਸ਼, ਸੂਦਰ ਚਾਰ ਭਾਗਾਂ ਵਿੱਚ ਵੰਡਿਆ ਗਿਆ। ਬ੍ਰਾਹਮਣ ਨੂੰ ਸਭ ਤੋਂ ਉੱਚਾ ਦਰਜਾ ਅਤੇ ਸ਼ੂਦਰ ਨੂੰ ਸਭ ਤੋਂ ਨੀਵਾਂ ਦਰਜਾ ਪ੍ਰਦਾਨ ਕੀਤਾ ਗਿਆ। ਧਰਮ ਦੇ ਅਧਾਰ 'ਤੇ ਬ੍ਰਾਹਮਣ ਹੀ ਸਾਰੇ ਕਰਮ-ਧਰਮ ਕਰਨ ਦਾ ਹੱਕਦਾਰ ਸੀ ਅਤੇ ਸ਼ੂਦਰ ਸ਼੍ਰੇਣੀ ਨੂੰ ਤਾਂ ਧਾਰਮਿਕ ਅਸਥਾਨਾਂ ਦੇ ਅੰਦਰ ਜਾ ਕੇ ਪੂਜਾ-ਪਾਠ ਕਰਨੀ ਤਾਂ ਕੀ, ਸੁਣਨ ਤੋਂ ਵੀ ਪੂਰਨ ਤੌਰ 'ਤੇ ਮਨਾਹੀ ਸੀ। ਜੇਕਰ ਕੋਈ ਸ਼ੂਦਰ ਅਜਿਹਾ ਕਰਦਾ ਵੀ ਸੀ ਤਾਂ ਉਸ 'ਤੇ ਬਹੁਤ ਜ਼ੁਲਮ ਕੀਤੇ ਜਾਂਦੇ ਤੇ ਤਸੀਹੇ ਦਿੱਤੇ ਜਾਂਦੇ। ਇਸ ਲਈ ਅਜਿਹੀ ਨੀਵੀਂ ਜਾਤ ਵਿੱਚ ਆਉਣਾ ਲੋਕਾਂ ਨੂੰ ਪਸੰਦ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਭਗਤੀ ਕਰਦੇ ਵੀ ਉਠਾ ਦਿੱਤਾ ਜਾਂਦਾ ਸੀ।ਭਗਤ ਨਾਮਦੇਵ ਜੀ ਜੋ ਆਪ ਨੀਵੀਂ ਜਾਤ ਵਿੱਚ ਜਨਮੇ ਸਨ ਤੇ ਇਸ ਬਾਰੇ ਰੱਬ ਨੂੰ ਸੰਬੋਧਨ ਕਰਦੇ ਹਨ :

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*

*ਭਗਤਿ ਕਰਤ ਨਾਮਾ ਪਕਰਿ ਉਠਾਇਆ॥*

*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥*

*ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥*

*ਲੈ ਕਮਲੀ ਚਲਿਓ ਪਲਟਾਇ॥*

*ਦੇਹੁਰੈ ਪਾਛੈ ਬੈਠਾ ਜਾਇ। ।*[30]

ਅਜਿਹੀ ਵਰਣ ਵੰਡ ਅਤੇ ਕਰਮ ਵੰਡ ਲੋਕਾਂ ਦੇ ਦਿਲਾਂ ਵਿੱਚ ਇਸ ਤਰ੍ਹਾਂ ਵੱਸ ਚੁੱਕੀ ਸੀ ਕਿ ਲੋਕ ਮੁਸੀਬਤ ਵੇਲੇ ਵੀ ਇੱਕ ਦੂਜੇ ਦੇ ਨੇੜੇ ਆਉਣ ਤੋਂ ਕਤਰਾਉਂਦੇ ਸਨ। ਪਰੰਤੂ ਸਮਾਜ ਵਿੱਚ ਅਜਿਹੀ ਵੰਡ ਅਤੇ ਬਿਖਰਾਅ ਦਾ ਲਾਭ ਹਮੇਸ਼ਾਂ ਮੁੱਠੀ ਭਰ ਧਾੜਵੀ ਉਠਾਉਂਦੇ ਰਹੇ ਹਨ। ਮੁਸਲਮਾਨੀ ਹਕੂਮਤ ਕਾਇਮ ਹੋਣ 'ਤੇ ਵੀ ਲੋਕਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ 'ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਅਤੇ ਉਨ੍ਹਾਂ ਦੇ ਘਰ ਦੀਆਂ ਔਰਤਾਂ ਨੂੰ ਬੇਪੱਤ ਕੀਤਾ ਜਾਂਦਾ। ਹੌਲੀ-ਹੌਲੀ ਸਮਾਜ ਵਿੱਚ ਧਰਮ ਦੇ ਆਗੂ ਠੇਕੇਦਾਰਾਂ ਵੱਲੋਂ ਲੋਕਾਂ ਦੀ ਲੁੱਟ-ਖਸੁੱਟ ਸ਼ੁਰੂ ਹੋ ਗਈ। ਧਰਮ ਦੇ ਨਾਂ 'ਤੇ ਲੋਕਾਂ ਕੋਲੋਂ ਬਹੁਤ ਕੁਝ ਠੱਗ ਲਿਆ ਜਾਂਦਾ। ਧਰਮ ਦੇ ਆਗੂਆਂ ਵਿੱਚ ਲਾਲਚ ਇੰਨਾਂ ਵੱਧ ਗਿਆ ਕਿ ਉਹ ਆਮ ਸ਼੍ਰੇਣੀ ਨੂੰ ਕਈ ਤਰ੍ਹਾਂ

ਦੇ ਕਰਮ-ਧਰਮ, ਵਿਸ਼ਵਾਸ਼ਾਂ ਵਿੱਚ ਫਸਾ ਕੇ ਬਹੁਤ ਕੁਝ ਉਨ੍ਹਾਂ ਤੋਂ ਲੁੱਟ ਲੈਂਦੇ, ਆਮ ਭੋਲੀ-ਭਾਲੀ ਗਰੀਬ ਜਨਤਾ ਨੂੰ ਬੇਵੱਸ ਹੋ ਕੇ ਸਭ ਕੁਝ ਕਰਨਾ ਪੈਂਦਾ ਜਿਸਦੇ ਸਿੱਟੇ ਵਜੋਂ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੰਦਾ ਗਿਆ। ਸਮਾਜ ਹੋਰ ਜ਼ਿਆਦਾ ਪਤਨ ਵੱਲ ਜਾਣ ਲੱਗਿਆ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵੀ ਵਾਂਝਿਆ ਰੱਖਿਆ ਜਾਂਦਾ ਸੀ। ਲੋਕ ਕਈ ਪ੍ਰਕਾਰ ਦੇ ਜਾਦੂ-ਟੂਣਿਆਂ, ਵਹਿਮਾਂ-ਭਰਮਾਂ, ਪੂਜਾ ਆਦਿ ਵਿੱਚ ਫਸੇ ਪਏ ਸਨ, ਪਰਮਾਤਮਾ ਦੇ ਨਾਮ ਦੀ ਤਾਂ ਕਿਸੇ ਨੂੰ ਸੋਝੀ ਵੀ ਨਹੀਂ ਸੀ। ਉਹ ਤਾਂ ਆਪਣੇ ਅਸਲ ਜੀਵਨ ਮਨੋਰਥ ਨੂੰ ਵੀ ਭੁੱਲੀ ਬੈਠੇ ਸਨ। ਸਮਾਜ ਦੀ ਰਾਜਨੀਤਿਕ ਵਿਵਸਥਾ ਵੀ ਬਹੁਤ ਮਾੜੀ ਸੀ। ਮੁਸਲਮਾਨੀ ਹਕੂਮਤ ਹੋਣ ਕਰਕੇ ਕਿਸੇ ਨੂੰ ਵੀ ਇਨਸਾਫ ਨਹੀਂ ਸੀ ਮਿਲਦਾ। ਸਾਰੇ ਪਾਸੇ ਅੰਧ-ਧੁੰਧ ਹਾਹਾਕਾਰ ਮਚੀ ਹੋਈ ਸੀ। ਕਾਜ਼ੀ ਵੀ ਰਿਸ਼ਵਤਖੋਰ ਹੋਈ ਬੈਠੇ ਸਨ ਤੇ ਸਾਰੇ ਹੀ ਆਪਣੇ-ਆਪਣੇ ਨੈਤਿਕ ਫਰਜ਼ਾਂ ਨੂੰ ਭੁਲਾ ਚੁੱਕੇ ਸਨ। ਸਮਾਜ ਨੂੰ ਚਲਾਉਣ ਵਾਲੇ ਰਾਜੇ ਸ਼ੇਰ ਅਤੇ ਕਾਜ਼ੀ ਲਾਲਚੀ ਹੋ ਚੁੱਕੇ ਸਨ, ਜਿਨ੍ਹਾਂ ਸਭ ਨੇ ਮਿਲ ਕੇ ਸਮਾਜ ਨੂੰ ਕਾਫੀ ਨੁਕਸਾਨ ਪਹੁੰਚਾਇਆ ਸੀ।[31] ਬ੍ਰਾਹਮਣਾਂ ਨੇ ਆਪਣੇ ਸਵਾਰਥ ਲਈ ਲੋਕਾਂ ਨੂੰ ਕਈ ਤਰ੍ਹਾਂ ਦੇ ਭਰਮ ਭੁਲੇਖਿਆਂ ਅਤੇ ਵਹਿਮਾਂ-ਭਰਮਾਂ ਵਿੱਚ ਪਾਇਆ ਹੋਇਆ ਸੀ। ਜਿਵੇਂ ਜਨੇਊ ਪਾਉਣਾ, ਸ਼ਰਾਧ ਕਰਨੇ, ਸੂਤਕ ਆਦਿ ਦੇ ਵਹਿਮ ਆਦਿ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਸਾਰੇ ਵਹਿਮ-ਭਰਮਾਂ ਨੂੰ ਨਿਰਾਰਥਕ ਦੱਸਦੇ ਹੋਏ ਲੋਕਾਂ ਨੂੰ ਸੁਚੱਜੀ ਜੀਵਨ-ਜਾਚ ਜਿਉਣ ਦੀ ਅਗਵਾਈ ਕੀਤੀ ਤੇ ਸਮੁੱਚੇ ਸਮਾਜ ਦੀ ਨੁਹਾਰ ਹੀ ਬਦਲ ਦਿੱਤੀ। ਉਨ੍ਹਾਂ ਦੇ ਆਗਮਨ ਨਾਲ ਹੀ ਇਸ ਧਰਤੀ ਤੇ **ਸਿੱਖ ਸਮਾਜ** ਦਾ ਬੀਜ ਬੋਇਆ ਗਿਆ ਅਤੇ ਇਸ ਬੀਜ ਦਾ ਫੈਲਾਅ ਉਨ੍ਹਾਂ ਦੇ ਨੌਂ ਉਤਰਾਧਿਕਾਰੀ ਗੁਰੂ ਸਾਹਿਬਾਨ ਦੁਆਰਾ, ਉਨ੍ਹਾਂ ਦੇ ਕੀਤੇ ਕਾਰਜਾਂ ਦੁਆਰਾ ਹੋਇਆ। ਜਿਸ ਸਦਕਾ ਸਮਾਜ ਦਾ ਮੂੰਹ-ਮੁਹਾਂਦਰਾ ਹੀ ਬਦਲ ਗਿਆ। 'ਗੁਰਬਾਣੀ ਇਸ ਜਗੁ ਮਹਿ ਚਾਨਣੁ' ਧਰਮ ਅਤੇ ਸਮਾਜ ਦੇ ਰਿਸ਼ਤੇ ਦੀ ਪਰਿਪਕੱਤਾ ਨੂੰ ਦਰਸਾਉਣ ਹਿੱਤ ਗੁਰੂ ਸਾਹਿਬ ਦੀ ਇਹ ਪੰਕਤੀ ਬਿਲਕੁਲ ਢੁੱਕਦੀ ਹੈ ਕਿਉਂਕਿ ਗੁਰਬਾਣੀ ਹੀ ਮਨੁੱਖ ਨੂੰ ਅਗਿਆਨਤਾ ਦੀ ਗਫਲਤਾ ਵਿਚੋਂ ਨਿਕਲ ਕੇ ਗਿਆਨ ਰੂਪੀ ਚਾਨਣ ਬਖਸ਼ਦੀ ਹੈ ਅਤੇ ਮਨੁੱਖ ਨੂੰ ਅਸਭਿਅਕ ਤੋਂ ਸਭਿਅਕ ਬਣਾਉਂਦੀ ਹੈ। ਕਿਸੇ ਵੀ ਧਰਮ ਦੀ ਗੱਲ ਕੀਤੀ ਜਾਵੇ ਤਾਂ ਹਰ ਧਰਮ ਦੇ ਪੈਰੋਕਾਰ, ਹਰ ਧਰਮ ਦੇ ਧਰਮ ਗ੍ਰੰਥ ਸਮਾਜ ਵਿੱਚ ਵਿਚਰਦੇ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਦਾ ਰਾਹ ਦਰਸਾਉਂਦੇ ਹਨ। ਇਸ ਲਈ ਧਰਮ ਤੋਂ ਬਿਨਾਂ ਸਮਾਜ ਅਤੇ ਸਮਾਜ ਤੋਂ ਬਿਨਾਂ ਧਰਮ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਧਰਮ ਅਤੇ ਸਮਾਜ ਆਪਸ ਵਿੱਚ ਪੂਰਕ ਹਨ ਅਤੇ ਦੋਹਾਂ ਦਾ ਆਪਸ ਵਿੱਚ ਅਨਿਖੜ੍ਹ ਸਬੰਧ ਹੈ।

ਸਿੱਖ ਸਮਾਜ ਦੀਆਂ ਅਨੇਕਾਂ ਵਿਲੱਖਣਤਾਵਾਂ ਹਨ ਜੋ ਇਸਨੂੰ ਨਿਵੇਕਲੀ ਨੁਹਾਰ ਪ੍ਰਦਾਨ ਕਰਦੀਆਂ ਹਨ। ਸਿੱਖ ਸਮਾਜ ਦੀਆਂ ਵਿਲੱਖਣਤਾਵਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ 'ਸਿੱਖ' ਦੇ ਅੱਖਰੀ ਸ਼ਬਦ ਤੇ ਉਸਦੇ ਅਰਥਾਂ ਨੂੰ ਜਾਣਨਾ ਅਤਿ ਜ਼ਰੂਰੀ ਹੈ ਜਿਸ ਤੋਂ ਸਿੱਖ ਸਮਾਜ ਬਾਰੇ ਜਾਣਨ ਵਿੱਚ ਜ਼ਿਆਦਾ ਅਸਾਨੀ ਹੋ ਜਾਵੇਗੀ।

ਸਿੱਖ ਸ਼ਬਦ ਸੰਸਕ੍ਰਿਤੀ ਦੇ ਸ਼ਿਸ਼ਯ ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਜੋ ਸਿੱਖਿਆ ਦੇਣ ਯੋਗ ਹੋਵੇ, ਜੋ ਸਿੱਖਿਆ ਗ੍ਰਹਿਣ ਕਰੇ 'ਸ਼ਾਗਿਰਦ'। ਪੰਜਾਬੀ ਸਭਿਆਚਾਰ ਵਿੱਚ ਸਿੱਖ ਉਸਨੂੰ ਕਿਹਾ ਜਾਂਦਾ ਹੈ ਜੋ ਗੁਰੂ ਨਾਨਕ ਦੇਵ ਅਤੇ ਹੋਰ ਗੁਰੂ ਸਾਹਿਬਾਨ ਦੀ ਸਿੱਖਿਆ ਅਥਵਾ ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰੇ।

'ਸਿੱਖ' ਦਾ ਸਰੂਪ ਅਤੇ ਆਚਾਰ ਕਿਹੋ ਜਿਹਾ ਹੋਵੇ? ਇਸ ਬਾਰੇ ਗੁਰੂ ਸਾਹਿਬਾਨ ਦੀ ਪਵਿੱਤਰ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਦੇਸ਼ ਮਿਲਦੇ ਹਨ:

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥*
*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥* [32]

*ਸਿੱਖ ਦੇ ਸਰੂਪ ਅਤੇ ਨਿਤ ਕਰਮ ਉਤੇ ਗੁਰਬਾਣੀ ਦਾ ਪਾਵਨ ਬਚਨ ਹੈ:*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*[33]

ਗੁਰਬਾਣੀ ਰਾਹੀਂ ਇਹ ਸਪਸ਼ਟ ਹੋ ਰਿਹਾ ਹੈ ਕਿ ਸਿੱਖ ਤੋਂ ਭਾਵ ਉਹ ਸਦਾਚਾਰੀ ਵਿਅਕਤੀ ਜੋ ਗੁਰੂ ਨਾਨਕ ਦੇਵ ਅਤੇ ਪਰਵਰਤੀ ਗੁਰੂ ਸਾਹਿਬਾਨ ਦੇ ਉਪਦੇਸ਼ ਅਨੁਸਾਰ ਜੀਵਨ ਬਤੀਤ ਕਰੇ ਅਤੇ ਪਰਮਾਤਮਾ ਦੀ ਰਜ਼ਾ ਵਿੱਚ ਜ਼ਿੰਦਗੀ ਬਤੀਤ ਕਰੇ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੀ ਬੀੜ ਦੇ ਲਿਖਾਰੀ ਅਤੇ ਗੁਰਮਤਿ ਦੇ ਪ੍ਰਸਿੱਧ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿੱਚ ਸਿੱਖ ਦੇ ਸਰੂਪ ਅਤੇ ਆਚਾਰ ਉੱਪਰ ਬਹੁਤ ਹੀ ਵਿਸਤਾਰ ਨਾਲ ਪ੍ਰਕਾਸ਼ ਪਾਇਆ ਹੈ। ਭਾਈ ਗੁਰਦਾਸ ਨੇ ਸਿੱਖ ਦੇ ਸਰੂਪ 'ਤੇ ਵਿਸ਼ਲੇਸ਼ਣ ਗੁਰਬਾਣੀ ਦੇ ਅਨੁਰੂਪ ਹੀ ਕੀਤਾ ਹੈ:

*ਕੁਰਬਾਣੀ ਤਿੰਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹਿੰਦੇ॥*
*ਕੁਰਬਾਣੀ ਤਿੰਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ॥*[34]

*ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ॥*
*ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ॥*
*ਗੁਰਮੁਖਿ ਸੋਈ ਸਹਿਜ ਸਮਾਵੈ ॥*[35]

ਸਿੱਖ ਦੀ ਇਸੀ ਪਛਾਣ ਸਦਕਾ ਹੀ ਉਸ ਦੁਆਰਾ ਅਪਣਾਏ ਸਮਾਜ ਜਾਂ ਧਰਮ ਦਾ ਨਾਮ ਹੀ ਸਿੱਖ ਸਮਾਜ ਜਾਂ ਸਿੱਖ ਧਰਮ ਪ੍ਰਚੱਲਿਤ ਹੋ ਗਿਆ।

ਸਿੱਖ ਸਮਾਜ ਨੂੰ ਸੁਚੱਜੀ ਤੇ ਨਿਵੇਕਲੀ ਦਿੱਖ ਪ੍ਰਦਾਨ ਕਰਨ ਹਿੱਤ ਸਿੱਖ ਗੁਰੂ ਸਾਹਿਬਾਨ ਨੇ ਵੱਧ ਤੋਂ ਵੱਧ ਯੋਗਦਾਨ ਪਾਇਆ। ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਸਮਾਜ ਵਿੱਚ ਪ੍ਰਚੱਲਿਤ ਗਲਤ ਮਾਨਤਾਵਾਂ ਅਤੇ ਕੁਰੀਤੀਆਂ ਨੂੰ ਮਹਿਸੂਸ ਕਰਦੇ ਹੋਏ ਇਸਦੇ ਖਾਤਮੇ ਹਿੱਤ ਵੱਧ ਤੋਂ ਵੱਧ ਕ੍ਰਾਂਤੀਕਾਰੀ ਕਦਮ ਉਠਾਏ। ਉਹਨਾਂ ਆਪਣੇ ਬਚਨਾਂ ਤੇ ਉਪਦੇਸ਼ਾਂ ਸਦਕਾ ਆਮ ਲੋਕਾਂ ਵਿੱਚ ਵਿਚਰਦੇ ਹੋਏ ਪਵਿੱਤਰ ਜੀਵਨ ਜਾਚ ਦੀ ਮਿਸਾਲ ਪੇਸ਼ ਕੀਤੀ ਕਿਉਂਕਿ ਇਹ ਸਭ ਸਮੇਂ ਅਤੇ ਪਰਿਸਥਿਤੀਆਂ ਸਦਕਾ ਬਹੁਤ ਜ਼ਰੂਰੀ ਸੀ। ਸਮਾਜ ਉਸ ਸਮੇਂ ਸਮਾਜਿਕ, ਰਾਜਸੀ, ਧਾਰਮਿਕ, ਆਰਥਿਕ ਗੱਲ ਕੀ ਹਰ ਪੱਖੋਂ ਗਿਰਾਵਟ ਵੱਲ ਜਾ ਰਿਹਾ ਸੀ। ਪਰਜਾ ਹਰ ਪੱਖੋਂ ਜੁਲਮਾਂ ਤੋਂ ਤੰਗ ਆ ਕੇ ਅਗਿਆਨਤਾ ਵੱਸ ਅੰਨ੍ਹੀ ਹੋ ਚੁੱਕੀ ਸੀ। ਕਿਸੇ ਪਾਸੋਂ ਉਮੀਦ ਦਾ ਕੋਈ ਚਾਨਣ ਨਜ਼ਰ ਨਹੀਂ ਸੀ ਆਉਂਦਾ। ਰਾਜੇ ਵੱਧ ਤੋਂ ਵੱਧ ਪਾਪ ਕਮਾ ਰਹੇ ਸਨ। ਰਿਸ਼ਵਤ ਅਤੇ ਅਨਿਆਂ ਸਿੱਖਰਾਂ ਤੇ ਪਹੁੰਚ ਚੁੱਕਾ ਸੀ। ਧਾਰਮਿਕ ਪੱਖੋਂ ਗਿਆਨ ਪ੍ਰਾਪਤ ਆਗੂ (ਗੁਰੂ) ਮੰਗਤੇ ਹੋ ਚੁੱਕੇ ਸਨ ਤੇ ਉਹ ਆਪਣੇ ਚੇਲਿਆਂ ਦੇ ਇਸ਼ਾਰਿਆਂ 'ਤੇ ਪੂਜਾ-ਪਾਠ ਦੀਆਂ ਰਸਮਾਂ ਨਿਭਾਉਂਦੇ ਸਨ। ਗ੍ਰਹਿਸਥ ਜੀਵਨ ਵੀ ਡਾਵਾਂ-ਡੋਲ ਸੀ। ਇਸ ਸਮੇਂ ਦੇ ਹਾਲਾਤਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਚਿਤਰਿਤ ਹੁੰਦਾ ਹੈ:-

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ।*
*ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।*
*ਚੇਲੇ ਬੈਠਨਿ ਘਰਾ ਵਿਚਿ ਗੁਰਿ ਉਠਿ ਘਰੀ ਤਿਨਾੜੇ ਜਾਈ।*
*ਕਾਜੀ ਹੋਇ ਰਿਸਵਤੀ ਵਢੀ ਲੈ ਕੇ ਹਕ ਗਵਾਈ।*

*ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ* ਜਾਈ।

ਵਰਤਿਆ ਪਾਪ ਸਭਸ ਜਗਿ ਮਾਂਹੀ ॥[36]

ਗੁਰੂ ਸਾਹਿਬ ਉਸ ਸਮੇਂ ਦੇ ਸਮਕਾਲੀਨ ਹਾਲਾਤਾਂ ਤੋਂ ਅਸੰਤੁਸ਼ਟ ਸਨ। ਉਨ੍ਹਾਂ ਜ਼ੁਲਮਾਂ ਵਿੱਚ ਜਲਤੀ ਪ੍ਰਿਥਵੀ ਦੀ ਪੁਕਾਰ ਸੁਣ ਕੇ ਦੁੱਖ ਦੂਰ ਕਰਨ ਲਈ ਹੀ ਕ੍ਰਾਂਤੀਕਾਰੀ ਕਦਮ ਉਠਾਏ। ਉਸ ਸਮੇਂ ਮਨੁੱਖਤਾ ਵਿੱਚੋਂ ਸੱਚੇ ਧਰਮ ਦਾ ਅਹਿਸਾਸ ਖਤਮ ਹੋ ਚੁੱਕਾ ਸੀ। ਉਹਨਾਂ ਦੀ ਸੋਚ ਇੰਨੀ ਤੰਗ ਅਤੇ ਆਚਰਣ ਇੰਨਾ ਡਿੱਗ ਚੁੱਕਾ ਸੀ ਕਿ ਉਹ ਕੋਈ ਵੀ ਸਹੀ-ਗਲਤ ਨੂੰ ਸਮਝਣ-ਸਮਝਾਉਣ ਲਈ ਤਿਆਰ ਹੀ ਨਹੀਂ ਸੀ। ਸਮਾਜ ਵਿੱਚ ਇਸਤਰੀ ਦੀ ਹਾਲਤ ਇੰਨੀ ਤਰਸਯੋਗ ਹੋ ਚੁੱਕੀ ਸੀ ਕਿ ਕਿਸੇ ਵੀ ਧਾਰਮਿਕ ਰਸਮਾਂ-ਰਿਵਾਜਾਂ ਵਿੱਚ ਉਸਦੀ ਸ਼ਮੂਲੀਅਤ ਨਹੀਂ ਸੀ ਕਰਵਾਈ ਜਾਂਦੀ। ਉਸ ਨੂੰ ਪੈਰ ਦੀ ਜੁੱਤੀ ਸਮਾਨ ਸਮਝਿਆ ਜਾਂਦਾ ਸੀ ਤੇ ਉਸਦੀ ਦੁਨੀਆਂ ਘਰ ਦੀ ਚਾਰ ਦੀਵਾਰੀ ਅੰਦਰ ਹੀ ਕੈਦ ਸੀ। ਇਸਤਰੀ ਦੀ ਅਜਿਹੀ ਤਰਸਯੋਗ ਹਾਲਤ ਬਾਰੇ ਗੁਰੂ ਨਾਨਕ ਸਾਹਿਬ ਨੇ ਨਿੰਦਣਯੋਗ ਟਿੱਪਣੀ ਕੀਤੀ ਤੇ ਸਮਾਜ ਵਿੱਚ ਉਸਨੂੰ ਰਾਜਿਆਂ ਦੀ ਜਣਨੀ ਹੋਣ ਦਾ ਮਾਣ ਬਖਸ਼ਿਆ ਤੇ ਵਡਿਆਇਆ ਕਿ ਜਿਸ ਇਸਤਰੀ ਬਿਨਾਂ ਘਰ-ਪਰਿਵਾਰ ਤੇ ਸਮਾਜ ਦਾ ਹਰ ਕੰਮ ਅਧੂਰਾ ਹੈ, ਉਸਨੂੰ ਮਾੜਾ ਕਿਉਂ ਬੋਲਿਆ ਜਾਵੇ :

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*

*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*

*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*[37]

ਸਮਾਜ ਵਿੱਚ ਲੋਕਾਂ ਵਿੱਚ ਇੰਨਾਂ ਡਰ ਅਤੇ ਇੰਨੀ ਹੀਣ ਭਾਵਨਾ ਛਾਈ ਹੋਈ ਸੀ ਕਿ ਉਹ ਆਪਣੇ ਸਭਿਆਚਾਰ, ਆਪਣੀ ਬੋਲੀ ਨੂੰ ਭੁਲਾ ਕੇ ਦੂਜਿਆਂ ਦੇ ਸਭਿਆਚਾਰ ਤੇ ਬੋਲੀ ਨੂੰ ਹੀ ਅਪਣਾਈ ਜਾ ਰਹੇ ਸਨ, ਪਹਿਰਾਵਾ ਵੀ ਉਨ੍ਹਾਂ ਦਾ ਹੀ ਧਾਰਨ ਕਰੀ ਜਾ ਰਹੇ ਸਨ :

*ਨੀਲ ਬਸਤ੍ਰ ਲੇ ਕਪੜੇ ਪਹਿਰੇ*

*ਤੁਰਕ ਪਠਾਣੀ ਅਮਲੁ ਕੀਆ ॥*

*ਘਰਿ ਘਰਿ ਮੀਆ ਸਭਨਾ ਜੀਆ*

*ਬੋਲੀ ਅਵਰ ਤੁਮਾਰੀ ॥*[38]

'ਬਹੁਤੇ ਭੇਖ ਕਰੇ ਭੇਖਧਾਰੀ' ਅਨੁਸਾਰ ਸਮਾਜ ਵਿਚਲੇ ਲੋਕਾਂ ਦਾ ਜੀਵਨ ਭੇਖ ਤੇ ਦਿਖਾਵੇ 'ਤੇ ਹੀ ਅਧਾਰਿਤ ਸੀ ਪਰ ਉਹ ਦਿਖਾਵਾ ਤੇ ਪਾਖੰਡ ਸਭ ਪਰਮਾਤਮਾ ਦੇ ਰਾਹ 'ਤੇ ਜਾਣ ਲਈ ਸਭ ਤੋਂ ਵੱਡੀ ਰੁਕਾਵਟ ਹਨ। ਲੋਕ ਅਸਲੀਅਤ ਤੋਂ ਦੂਰ ਜਾ ਕੇ ਇਨ੍ਹਾਂ ਦਿਖਾਵੇ ਮਾਤਰ ਅਤੇ ਫਾਲਤੂ ਦੇ ਕਰਮਾਂ-ਕਾਂਡਾਂ ਨੂੰ ਹੀ ਅਸਲ ਜੀਵਨ ਸਮਝੀ ਬੈਠੇ ਸਨ ਜਿਸ ਬਾਰੇ ਗੁਰੂ ਸਾਹਿਬ ਫੁਰਮਾਨ ਕਰਦੇ ਹਨ :

ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ
ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥[39]

ਸਿੱਖ ਸਮਾਜ ਸਰਬ-ਸਾਂਝਾ ਸਮਾਜ ਹੈ ਜਿਸ ਵਿੱਚ ਕਿਸੇ ਵੀ ਪ੍ਰਕਾਰ ਦਾ ਭੇਦ-ਭਾਵ, ਵਿਤਕਰਾ ਨਹੀਂ ਕੀਤਾ ਜਾਂਦਾ ਸਗੋਂ ਸਭਨਾਂ ਨੂੰ ਏਕੇ ਦੀ ਲੜੀ ਵਿੱਚ ਪਰੋ ਕੇ ਸਮਾਨਤਾ ਦਾ ਦਰਜਾ ਦਿੱਤਾ ਜਾਂਦਾ ਹੈ। ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲਾਂ ਸਮਾਜ ਵਿੱਚ ਜੋਗੀਆਂ, ਸੰਨਿਆਸੀਆਂ ਦੁਆਰਾ ਘਰ-ਬਾਰ ਤਿਆਗ ਕੇ ਜੰਗਲਾਂ-ਪਹਾੜਾਂ ਵਿੱਚ ਜਾ ਕੇ ਭਗਤੀ ਕਰਨ ਨੂੰ ਵਧੀਆ ਸਮਝਿਆ ਜਾਂਦਾ ਸੀ। ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਘਰ-ਬਾਰ ਦਾ ਤਿਆਗ ਕਰ ਦਿੰਦੇ ਸਨ ਪਰ ਗੁਰੂ ਸਾਹਿਬ ਨੇ ਗ੍ਰਿਹਸਥ ਜੀਵਨ ਦੀ ਉਚੱਤਾ ਨੂੰ ਦ੍ਰਿੜ ਕਰਵਾਉਂਦਿਆਂ ਅਜਿਹੇ ਜੋਗੀਆਂ ਨੂੰ ਆਪਣੇ ਘਰ ਪਰਿਵਾਰ ਵਿੱਚ ਰਹਿ ਕੇ ਭਗਤੀ ਕਰਨ 'ਤੇ ਬਲ ਦਿੱਤਾ। ਉਨ੍ਹਾਂ ਅਨੁਸਾਰ ਸੰਨਿਆਸੀ ਬਣ ਕੇ, ਘਰਬਾਰ ਤਿਆਗ ਕੇ, ਜੰਗਲਾਂ ਵਿੱਚ ਜਾ ਕੇ ਭਗਤੀ ਕਰਨ ਨਾਲ ਪਰਮਾਤਮਾ ਨਹੀਂ ਪਸੀਜਦਾ। ਸਗੋਂ 'ਗ੍ਰਿਹਸਥ ਵਿੱਚ ਉਦਾਸ' ਅਤੇ 'ਅੰਜਨ ਮਹਿ ਨਿਰੰਜਨ' ਰਹਿਣ ਦੇ ਮਹਾਂਵਾਕ ਅਨੁਸਾਰ ਕਿਰਤ ਕਮਾਈ ਕਰਦਿਆਂ, 'ਘਾਲਿ ਖਾਇ ਕਿਛ ਹਥਹੁ ਦੇਇ' ਦੇ ਸਿਧਾਂਤ 'ਤੇ ਹੀ ਵਾਹਿਗੁਰੂ ਪ੍ਰਸੰਨ ਹੁੰਦਾ ਹੈ ਤੇ ਸੱਚੇ ਬੈਰਾਗੀ ਦੀ ਅਵਸਥਾ ਦਾ ਚਿਤਰਣ ਕਰਦੇ ਗੁਰੂ ਸਾਹਿਬ ਲਿਖਦੇ ਹਨ :

*ਗਿਰਹ ਕੁਟੰਬ ਮਹਿ ਸਹਿਜ ਸਮਾਧੀ*
*ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥*[40]

ਇਹ ਸਿੱਖ ਸਮਾਜ ਦੇ ਹੀ ਮੋਹਰੀ ਕਾਰਜਾਂ ਵਿੱਚੋਂ ਵਿਲੱਖਣਤਾ ਹੈ ਕਿ ਗੁਰੂ ਸਾਹਿਬਾਨ ਨੇ ਹੀ ਗ੍ਰਿਹਸਥ ਜੀਵਨ ਦੀ ਉਚਿਤਤਾ ਨੂੰ ਸਵੀਕਾਰਿਆ ਹੈ ਤੇ ਇਨਸਾਨ ਨੂੰ ਘਰ-ਪਰਿਵਾਰ ਵਿੱਚ ਰਹਿ ਕੇ, ਸੱਚੇ ਬੈਰਾਗੀ ਦੀ ਅਵਸਥਾ ਵਿੱਚ ਵਿਚਰਦਿਆਂ, ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਭਗਤੀ ਕਰਨ 'ਤੇ ਬਲ ਦਿੱਤਾ ਹੈ।

ਸਿੱਖ ਸਮਾਜ ਨੇ ਮਨੁੱਖ ਨੂੰ ਆਪਣੀ ਵਿਲੱਖਣ ਪਛਾਣ ਸਥਾਪਿਤ ਕਰਨ ਹਿੱਤ ਖਾਸ ਰਹਿਣੀ-ਬਹਿਣੀ, ਰਸਮ-ਰਿਵਾਜ਼, ਖਾਣ-ਪਹਿਨਣ ਦੇ ਢੰਗ ਤੇ ਮਿੱਠੀ ਬੋਲ-ਬਾਣੀ ਪ੍ਰਦਾਨ ਕੀਤੀ ਹੈ। ਸਿੱਖ ਸਮਾਜ ਦੀ ਵਿਲੱਖਣਤਾ ਦਾ ਪੱਖ ਹੀ ਹੈ ਕਿ ਸਿੱਖ ਸਮਾਜ ਵਿੱਚ ਹੀ ਹਰ ਮਨੁੱਖ ਲਈ ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ। ਕਿਸੇ ਨਾਲ ਵਿਤਕਰੇ ਜਿਹੇ ਭਾਵ ਨਹੀਂ ਰੱਖੇ ਜਾਂਦੇ। ਇਸਦੀ ਸਭ ਤੋਂ ਵੱਡੀ ਖ਼ਾਸੀਅਤ ਹੈ ਕਿ ਅਮਲੀ ਰੂਪ ਵਿੱਚ ਹੋਣ ਕਰਕੇ ਇਹ ਸਭ ਦੇ ਅਪਨਾਉਣਯੋਗ ਹੈ। ਇਹ ਮਨੁੱਖ ਨੂੰ ਉਚੇਰੇ ਆਤਮਿਕ ਆਦਰਸ਼ ਪ੍ਰਦਾਨ ਕਰਦਾ ਹੋਇਆ ਜੀਵਨ ਦੇ ਅਸਲ ਮਨੋਰਥ ਦੀ ਪ੍ਰਾਪਤੀ ਲਈ ਰਾਹ ਵੀ ਅਖਤਿਆਰ ਕਰਦਾ ਹੈ।

ਸਿੱਖ ਸਮਾਜ ਵਿੱਚ ਹੀ ਮਨੁੱਖ ਨੂੰ ਅਸਲ ਮਨੋਰਥ ਦੀ ਪ੍ਰਾਪਤੀ ਲਈ ਪਰਮਾਤਮਾ ਤੱਕ ਪਹੁੰਚਣ ਲਈ ਪ੍ਰੇਰਿਤ ਕੀਤਾ ਗਿਆ ਹੈ। ਗੁਰੂ ਸਾਹਿਬਾਨ ਅਨੁਸਾਰ ਮਨੁੱਖ ਦਾ ਪਰਮਾਤਮਾ ਨਾਲ ਬਹੁਪੱਖੀ ਰਿਸ਼ਤਾ ਹੈ ਜਿਸਨੂੰ ਪ੍ਰਾਪਤ ਕਰਨ ਲਈ ਕੋਈ ਵਿਖਾਵਾ, ਪਾਖੰਡ ਜਾਂ ਕਰਮ-ਕਾਂਡ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਸੱਚੇ ਮਨ ਨਾਲ ਜੇ ਉਸਨੂੰ ਯਾਦ ਕੀਤਾ ਜਾਵੇ ਤਾਂ ਜੀਵ ਦਾ ਪਾਰ ਉਤਾਰਾ ਹੋ ਜਾਂਦਾ ਹੈ। ਉਸਨੂੰ ਪਾਉਣ ਲਈ ਕਿਤੇ ਬਾਹਰ ਜਾਣ ਦੀ ਵੀ ਜ਼ਰੂਰਤ ਨਹੀਂ, ਸਗੋਂ ਉਸਦਾ ਨਿਵਾਸ ਮਨੁੱਖ ਦੇ ਆਪਣੇ ਹਿਰਦੇ ਘਰ ਵਿੱਚ ਹੀ ਹੁੰਦਾ ਹੈ। ਪਰਮਾਤਮਾ ਸਰਵ-ਵਿਆਪਕ ਹੈ ਤੇ ਕਿਸੇ ਧਰਮ ਦੀਆਂ ਬੰਦਿਸ਼ਾਂ ਵਿੱਚ ਨਹੀਂ ਰਹਿੰਦਾ ਸਗੋਂ ਭਾਵੇਂ ਕੋਈ ਹਿੰਦੂ ਹੋਵੇ, ਮੁਸਲਿਮ ਜਾਂ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ, ਹਰ ਇਕ ਵਿੱਚ ਉਸ ਪਰਮਾਤਮਾ ਦੀ ਜੋਤ ਵਿਆਪ ਰਹੀ ਹੈ। ਗੁਰੂ ਸਾਹਿਬ ਅਨੁਸਾਰ ਕੋਈ ਵੀ ਮਨੁੱਖ ਜਾਤ-ਪਾਤ ਜਾਂ ਧਰਮ ਕਰਕੇ ਉੱਚਾ ਨੀਵਾਂ ਨਹੀਂ। ਉਹਨਾਂ ਤਾਂ ਸਭ ਨੂੰ ਏਕੇ ਦੀ ਲੜੀ ਵਿੱਚ ਪਰੋ ਕੇ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਕੀਤਾ ਹੈ। ਗੁਰੂ ਸਾਹਿਬਾਨ ਨੇ ਤਾਂ ਕਿਸੇ ਨੂੰ ਧਰਮ ਜਾਂ ਜਾਤ ਪੱਖੋਂ ਨਕਾਰਨ ਦੀ ਥਾਂ ਉਸ ਵਿਚਲੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਿਤ ਕੀਤਾ ਹੈ।[41]

ਪਰਮਾਤਮਾ ਦੁਆਰਾ ਸਾਜੀ ਸ੍ਰਿਸ਼ਟੀ ਦਾ ਮੂਲ ਧੁਰਾ ਮਨੁੱਖ ਹੈ। ਇਸ ਮਨੁੱਖ ਨੂੰ ਹੀ ਗੁਰਬਾਣੀ ਵਿੱਚ ਜੀਵ ਆਤਮਾ ਕਹਿ ਕੇ ਵਡਿਆਇਆ ਗਿਆ ਹੈ। ਸਾਰੀ ਹੀ ਗੁਰਬਾਣੀ ਵਿੱਚ ਪਰਮਾਤਮਾ ਲਈ ਪਤੀ ਅਤੇ ਮਨੁੱਖ (ਭਾਵੇਂ ਇਸਤਰੀ ਹੈ ਜਾਂ ਪੁਰਸ਼) ਲਈ ਪਤਨੀ ਦਾ ਪ੍ਰਤੀਕ ਵਰਤਿਆ ਹੈ। ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਜੀਵਾਤਮਾ ਸੰਸਾਰ ਵਿੱਚ ਵਿਚਰਦਿਆਂ ਮਾਇਆ, ਹਉਮੈ ਆਦਿ ਦੇ ਵੱਸ ਵਿੱਚ ਆ ਕੇ ਕਈ ਤਰ੍ਹਾਂ ਦੇ ਕੁਕਰਮ ਕਰਦੀ ਹੈ ਅਤੇ ਜਦ ਸੱਚੇ ਨਾਮ ਅਤੇ ਗੁਰੂ

ਦੀ ਅਗਵਾਈ ਮਿਲਦੀ ਹੈ ਤਾਂ ਉਹ ਪਰਮਾਤਮਾ ਨੂੰ ਮਿਲਣ ਲਈ ਯਤਨਸ਼ੀਲ ਹੋ ਕੇ ਉਸ ਨਾਲ ਮਿਲਾਪ ਹਾਸਿਲ ਕਰਦੀ ਹੈ।

ਗੁਰੂ ਸਾਹਿਬ ਨੇ ਅਜਿਹੇ ਸਰਵ-ਸ਼੍ਰੇਸ਼ਟ ਤੇ ਅਗੰਮੀ ਪਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦੀ ਅਗਵਾਈ 'ਤੇ ਜ਼ੋਰ ਦਿੱਤਾ ਹੈ ਜੋ ਜੀਵ ਦੀ ਅਧਿਆਤਮਕ ਰਸਤੇ 'ਤੇ ਚੱਲਣ ਵਿੱਚ ਯੋਗ ਅਗਵਾਈ ਕਰਦਾ ਹੈ। ਗੁਰੂ ਰਾਹੀਂ ਹੀ ਜੀਵ ਨੂੰ ਪਰਮਾਤਮਾ ਦੇ ਨਾਮ ਅਤੇ ਗਿਆਨ ਦੀ ਸੋਝੀ ਹੁੰਦੀ ਹੈ। ਗੁਰੂ ਦੀ ਪ੍ਰਾਪਤੀ ਸਾਧਕ ਦੇ ਜੀਵਨ ਵਿੱਚ ਵਡਮੁੱਲਾ ਯੋਗਦਾਨ ਪਾਉਂਦੀ ਹੈ। ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਹੀ ਜੀਵ ਉਚੇਰੀਆਂ ਅਧਿਆਤਮਕ ਪ੍ਰਾਪਤੀਆਂ ਕਰਦਾ ਹੈ। ਗੁਰੂ ਸਾਹਿਬਾਨ ਨੇ ਤਾਂ 'ਗੁਰਪਰਮੇਸਰੁ ਏਕੋ ਜਾਣੁ' ਕਹਿ ਕੇ ਗੁਰੂ ਨੂੰ ਪਰਮਾਤਮਾ ਦਾ ਰੂਪ ਜਾਣਨ ਲਈ ਹੀ ਪ੍ਰੇਰਿਤ ਕੀਤਾ ਹੈ ਕਿ ਗੁਰੂ ਕੇਵਲ ਇਕ ਵਿਅਕਤੀ ਮਾਤਰ ਨਹੀਂ ਸਗੋਂ ਉਹ ਜੋਤਿ-ਸਰੂਪ ਹੈ ਤੇ ਪਰਮਾਤਮਾ ਦੇ ਗਿਆਨ ਦਾ ਮੁਜੱਸਮਾ ਹੈ। ਇਸ ਸਦਕਾ ਜੀਵ ਦਾ ਉਧਾਰ ਹੋ ਸਕਦਾ ਹੈ। ਇਸ ਲਈ ਗੁਰੂ ਰਾਮਦਾਸ ਜੀ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਗੁਰੂ ਅਤੇ ਪਰਮਾਤਮਾ ਵਿਚਕਾਰ ਕੋਈ ਭੇਦ ਨਹੀਂ ਸਮਝਣਾ ਚਾਹੀਦਾ :

*ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ*
*ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥*[42]

ਤੀਸਰੇ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰਤਾ ਅਤੇ ਊਚ-ਨੀਚ ਦਾ ਭੇਦ-ਭਾਵ ਖਤਮ ਕਰਨ ਲਈ ਸੰਗਤ ਅਤੇ ਪੰਗਤ ਦੀ ਪ੍ਰਥਾ ਜੋ ਗੁਰੂ ਨਾਨਕ ਸਾਹਿਬ ਦੁਆਰਾ ਚਲਾਈ ਗਈ ਸੀ, ਨੂੰ ਨਿਰੰਤਰ ਜਾਰੀ ਰੱਖਿਆ। ਇਹ ਸਿੱਖੀ ਦੇ ਦੋ ਅਜਿਹੇ ਬੁਨਿਆਦੀ ਸਿਧਾਂਤ ਹਨ ਜਿਨ੍ਹਾਂ ਬਗੈਰ ਸਿੱਖੀ ਜੀਵਨ ਦੀ ਉਸਾਰੀ ਨਹੀਂ ਹੋ ਸਕਦੀ। ਇਸ ਪ੍ਰਥਾ ਨੇ ਸਮਾਜ ਨੂੰ ਇਕ ਨਵੀਂ ਸੇਧ ਦਿੱਤੀ ਕਿ ਹਰ ਜੀਵ ਭਾਵੇਂ ਉਹ ਕਿਸੇ ਵੀ ਜਾਤ, ਫਿਰਕੇ ਜਾਂ ਕੌਮ ਨਾਲ ਸੰਬੰਧ ਰੱਖਦਾ ਹੋਵੇ, ਹਰ ਇਕ ਨੂੰ ਇਕੋ ਪੰਗਤ ਵਿੱਚ ਬੈਠ ਕੇ ਲੰਗਰ ਛੱਕਣ ਅਤੇ ਸੰਗਤ ਦੇ ਇਕੱਠ ਵਿੱਚ ਪ੍ਰਭੂ ਦੇ ਨਾਮ ਦੀ ਅਰਾਧਨਾ ਕਰਨ ਦਾ ਆਦੇਸ਼ ਸੀ। ਅਜਿਹੇ ਵਿਚਾਰਾਂ ਸਦਕਾ ਉਹਨਾਂ ਆਤਮਿਕ ਸ਼ੁੱਧੀ ਅਤੇ ਮਨੁੱਖੀ ਸਮਾਨਤਾ ਜਿਹੇ ਵਿਚਾਰ ਜੀਵਾਂ ਵਿੱਚ ਵਿਚਰਿਤ ਕੀਤੇ ਤੇ ਉਪਦੇਸ਼ ਕੀਤਾ :

*ਸਤਸੰਗਤਿ ਕੈਸੀ ਜਾਣੀਐ*
*ਜਿਥੈ ਏਕੋ ਨਾਮੁ ਵਖਾਣੀਐ ॥*[43]

ਗੁਰੂ ਦੇ ਲੰਗਰ ਦੀ ਸਭ ਤੋਂ ਵੱਡੀ ਖ਼ਾਸੀਅਤ ਕਿ ਹੁਣ ਤੱਕ ਵੀ ਇਹ ਕਿਸੇ ਵਿਸ਼ੇਸ਼ ਪੂੰਜੀਪਤੀ ਵਲੋਂ ਨਹੀਂ ਚਲਾਇਆ ਜਾਂਦਾ ਸਗੋਂ ਸ਼ਰਧਾਲੂਆਂ ਅਤੇ ਸੰਗਤ ਦੁਆਰਾ ਇਕੱਤਰ ਕੀਤੀ ਮਾਇਆ ਸਦਕਾ ਚਲਾਇਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਸੰਗਤ-ਪੰਗਤ ਦੇ ਸਿਧਾਂਤ ਨੂੰ ਸਥਾਪਿਤ ਕਰਕੇ ਸਭ ਨੂੰ 'ਏਕ ਨੂਰ ਤੇ ਸਭ ਜਗੁ ਉਪਜਿਆ' ਜਿਹੇ ਮਹਾਨ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਦਾ ਰਾਹ ਸੁਲਝਾਇਆ ਹੈ।

ਸਿੱਖ ਸਮਾਜ ਦਾ ਹੀ ਇਕ ਹੋਰ ਮਹਾਨ ਪੱਖ ਇਹ ਵੀ ਹੈ ਕਿ ਇਸ ਵਿੱਚ ਮਨੁੱਖ ਨੂੰ ਹੱਥੀਂ ਕਿਰਤ ਕਰਨ 'ਤੇ ਬਲ ਦਿੱਤਾ ਗਿਆ ਹੈ। ਕਿਉਂਕਿ ਉਸ ਸਮੇਂ ਸਮਾਜ ਵਿੱਚ ਉੱਚ ਸ਼੍ਰੇਣੀ ਲਾਲਚ ਵੱਸ ਹੋਣ ਕਰਕੇ ਹੱਥੀਂ ਕਿਰਤ ਕਰਨ ਨਾਲੋਂ ਲੋਕਾਂ ਦਾ ਲਹੂ ਹੀ ਚੂਸਦੀ ਸੀ। ਇਸ ਲਈ ਗੁਰੂ ਸਾਹਿਬ ਨੇ ਕਿਰਤ ਨੂੰ ਧਰਮ ਨਾਲ ਜੋੜ ਕੇ ਸੱਚੀ-ਸੁੱਚੀ ਕਿਰਤ ਕਰਨ 'ਤੇ ਜ਼ੋਰ ਦਿੱਤਾ ਅਤੇ ਦੂਸਰਿਆਂ ਦੀ ਕਮਾਈ ਤੇ ਜਿਉਣ ਨਾਲੋਂ ਆਪ ਮਿਹਨਤੀ ਹੋਣ ਦਾ ਸਿਧਾਂਤ ਬਖਸ਼ਿਆ। ਜਿਥੇ ਉਨ੍ਹਾਂ ਮਨੁੱਖ ਨੂੰ ਹੱਥੀਂ ਕਿਰਤ ਕਰਨ ਲਈ ਪ੍ਰੇਰਿਆ ਉਥੇ ਨਾਲ ਹੀ ਆਪਣੀ ਕਮਾਈ ਵਿੱਚੋਂ ਦਸਵੰਧ ਨਿਕਾਲ ਕੇ ਕਿਸੇ ਗਰੀਬ, ਲਾਚਾਰ ਦੀ ਸਹਾਇਤਾ ਲਈ ਖਰਚ ਕਰਨ ਲਈ ਵੀ ਉਪਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਨੇ ਸਿੱਖੀ ਦੇ ਤਿੰਨ ਸਿਧਾਂਤਾਂ 'ਤੇ ਪਹਿਰਾ ਦਿੱਤਾ ਕਿਰਤ ਕਰਨੀ, ਵੰਡ ਛੱਕਣੀ ਤੇ ਨਾਮ ਜਪਣਾ । ਉਨ੍ਹਾਂ ਅਨੁਸਾਰ ਤਾਂ ਅਸਲ ਵਿੱਚ ਸਿੱਖੀ ਜੀਵਨ ਦਾ ਸੁਚੱਜਾ ਰਾਹ ਵੀ ਉਹੀ ਪਛਾਣਦਾ ਹੈ ਜੋ ਹੱਥੀ ਕਿਰਤ ਕਰਕੇ ਵੰਡ ਕੇ ਛੱਕਦਾ ਹੈ :

*ਘਾਲਿ ਖਾਇ ਕਿਛੁ ਹਥਹੁ ਦੇਇ*
*ਨਾਨਕ ਰਾਹੁ ਪਛਾਣਹਿ ਸੇਇ ॥*[44]

ਇਸੇ ਲਈ ਗੁਰੂ ਸਾਹਿਬ ਨੇ ਜਿਥੇ ਮਨੁੱਖ ਨੂੰ ਕਿਰਤੀ ਬਣਾ ਕੇ ਆਪਣੇ ਮਨ ਵਿੱਚ ਦਇਆ ਭਾਵ ਵਸਾਉਣ ਲਈ ਪ੍ਰੇਰਿਆ ਹੈ ਉਥੇ ਨਾਲ ਹੀ ਦਾਤਾਂ ਦੇ ਸੁਆਮੀ ਪਰਮਾਤਮਾ ਦਾ ਵੀ ਸਵਾਸ ਸਵਾਸ ਨਾਮ ਜਪਣ ਦੀ ਤਾਕੀਦ ਕੀਤੀ ਹੈ ਕਿ ਮਨੁੱਖ ਨੂੰ ਨਿੱਤ ਦੇ ਕਾਰ ਵਿਹਾਰ ਕਰਦਿਆਂ ਪਰਮਾਤਮਾ ਨੂੰ ਵਿਸਾਰਣਾ ਨਹੀਂ ਚਾਹੀਦਾ। ਸਗੋਂ ਉਸਦਾ ਓਟ-ਆਸਰਾ ਲੈਣ ਲਈ ਹਰ ਪਲ ਮਨ ਵਿਚ ਵਸਾ ਕੇ ਉਸਨੂੰ ਯਾਦ ਰੱਖਣਾ ਚਾਹੀਦਾ ਹੈ:

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*[45]

ਸਿੱਖੀ ਦੀ ਨੀਂਹ ਨੂੰ ਮਜ਼ਬੂਤ ਬਣਾਉਣ ਲਈ ਸਿੱਖੀ ਦੇ ਦੋ ਧੁਰੇ ਹਨ, ਜਿਨ੍ਹਾਂ ਨੂੰ **'ਸੇਵਾ'** ਅਤੇ **'ਸਿਮਰਨ'** ਦੇ ਨਾਂ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸਿੱਖ ਸਮਾਜ ਵਿੱਚ ਨਿੱਜ-ਸੁਆਰਥ ਤੋਂ ਉੱਪਰ ਉੱਠ ਕੇ ਅਤੇ ਬਿਨਾਂ ਫਲ ਦੀ ਇੱਛਾ ਦੇ ਕੀਤੇ ਗਏ ਕਾਰਜਾਂ ਦਾ ਨਾਮ 'ਸੇਵਾ' ਹੈ ਅਤੇ ਕਿਸੇ ਵੀ ਕਾਰਜ ਨੂੰ ਕਰਦਿਆਂ ਵਾਹਿਗੁਰੂ ਦੇ ਗੁਣਾਂ ਨੂੰ ਮਨ ਵਿੱਚ ਵਸਾ ਕੇ ਸਵਾਸ-ਸਵਾਸ ਉਸਨੂੰ ਯਾਦ ਕਰਨਾ 'ਸਿਮਰਨ' ਹੈ। ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਅਜਿਹੇ ਥੰਮ ਹਨ ਜਿਸ 'ਤੇ ਚੱਲਦਿਆਂ ਜੀਵ ਵਿੱਚ ਹਉਮੈ ਜਾਂ ਹੰਕਾਰ ਜਿਹੇ ਵਿਕਾਰਾਂ ਦਾ ਵਾਸਾ ਨਹੀਂ ਹੁੰਦਾ। ਸੇਵਾ ਨਾਲ ਮਨੁੱਖ ਵਿੱਚ ਨਿਮਰਤਾ, ਸਬਰ, ਸੰਤੋਖ, ਪਰਉਪਕਾਰ ਜਿਹੇ ਭਾਵ ਉਪਜਦੇ ਹਨ ਅਤੇ ਸਿਮਰਨ ਨਾਲ ਮਨੁੱਖ ਆਤਮਿਕ ਤੌਰ 'ਤੇ ਬਲਵਾਨ ਹੁੰਦਾ ਹੈ। ਪਰਮਾਤਮਾ ਨਾਲ ਇਕਮਿਕਤਾ ਦਾ ਅਨੁਭਵ ਪ੍ਰਾਪਤ ਕਰਕੇ ਉਸਦੀ ਸੁਰਤ ਉੱਚ ਆਤਮਿਕ ਮੰਡਲਾਂ ਦੀਆਂ ਉਡਾਰੀਆਂ ਲਗਾਉਂਦੀ ਹੈ। ਸਿੱਖ ਸਮਾਜ ਵਿੱਚ ਮਨ ਵਿੱਚ ਪਰਉਪਕਾਰ ਦੀ ਭਾਵਨਾ ਰੱਖ ਕੇ ਨਿਸ਼ਕਾਮ ਭਾਵ ਨਾਲ ਕੀਤੀ ਸੇਵਾ ਹੀ ਸਫਲ ਮੰਨੀ ਜਾਂਦੀ ਹੈ ਅਤੇ ਹਉਮੈ ਭਾਵ ਤੋਂ ਉਪਰ ਉੱਠ ਕੇ ਮਨ ਵਿੱਚ ਉਚ-ਨੀਚ ਦਾ ਭਾਵ ਖਤਮ ਕਰਕੇ ਕੀਤਾ ਗਿਆ ਸਿਮਰਨ ਪ੍ਰਵਾਨ ਹੈ। ਸਿੱਖ ਸਮਾਜ ਜਿਹੀ ਸੇਵਾ ਅਤੇ ਸਿਮਰਨ ਦੀ ਮਿਸਾਲ ਲਾਸਾਨੀ ਹੈ। ਇਹ ਸਾਂਝ ਕਿਸੇ ਵੀ ਹੋਰ ਸਮਾਜ ਜਾਂ ਧਰਮ ਵਿੱਚ ਦੇਖਣ ਨੂੰ ਨਹੀਂ ਮਿਲਦੀ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਜੋ ਮਨੁੱਖ ਸਤਿਗੁਰੂ ਦੇ ਭਾਣੇ ਵਿੱਚ ਨਿਰਸੁਆਰਥ ਹੋ ਕੇ ਸੇਵਾ ਕਰਦੇ ਹਨ, ਪਰਮਾਤਮਾ ਦੇ ਦਰ 'ਤੇ ਉਨ੍ਹਾਂ ਦੀ ਸੇਵਾ ਪ੍ਰਵਾਨ ਚੜ੍ਹਦੀ ਹੈ ਅਤੇ ਮਨੁੱਖ ਦੇ ਮਨ ਦੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ :

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*[46]

ਇਸ ਸੇਵਾ ਦੀ ਪ੍ਰਾਪਤੀ ਲਈ ਮਨ ਵਿੱਚ ਨਿਮਰਤਾ ਭਾਵ ਦਾ ਹੋਣਾ ਲਾਜ਼ਮੀ ਹੈ। ਨਿਮਰਤਾ ਭਾਵ ਮਨ ਵਿੱਚ ਹੰਕਾਰ ਤੇ ਹਉਮੈ ਦੇ ਭਾਵ ਨੂੰ ਖਤਮ ਕਰਨਾ। ਕਿਉਂਕਿ ਹਉਮੈ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਦੇ ਰਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ ਮੰਨੀ ਗਈ ਹੈ। ਗੁਰੂ ਸਾਹਿਬ ਦਾ ਬਚਨ ਹੈ ਕਿ ਜੋ ਮਨੁੱਖ ਆਪਣੇ ਵਿੱਚੋਂ ਹਉਮੈ ਭਾਵ ਖਤਮ ਕਰਕੇ ਪਰਮਾਤਮਾ ਦੇ ਨਾਮ ਨਾਲ ਆਪਣਾ ਚਿੱਤ ਜੋੜਦੇ ਹਨ ਅਜਿਹੇ ਗੁਰਮੁਖ ਜੀਵ ਪਰਮਾਤਮਾ ਦੇ ਦਰ 'ਤੇ ਸ਼ੋਭਾ ਪਾਉਂਦੇ ਹਨ ਤੇ ਵਡਿਆਈ ਦੇ ਪਾਤਰ ਬਣਦੇ ਹਨ:-

*ਜਿਸੁ ਅੰਦਰਿ ਨਾਮੁ ਨਿਧਾਨੁ ਹੈ*

*ਤਿਸੁ ਜਨ ਕਉ ਹਉ ਬਲਿਹਾਰੀ ॥*[47]

ਗੁਰੂ ਸਾਹਿਬ ਤਾਂ ਆਪ ਅਜਿਹੇ ਜੀਵਾਂ ਤੋਂ ਕੁਰਬਾਨ ਜਾਂਦੇ ਹਨ ਜੋ ਆਪ ਤਾਂ ਪਰਮਾਤਮਾ ਦਾ ਨਾਮ ਜਪਦੇ ਹੀ ਹਨ ਤੇ ਹੋਰਨਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ ਹਨ:-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*

*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*[48]

ਸਿੱਖ ਸਮਾਜ ਦਾ ਸਭ ਤੋਂ ਵੱਡਾ ਤੇ ਲਾਸਾਨੀ ਪੱਖ ਇਹ ਵੀ ਹੈ ਕਿ ਇਸ ਵਿੱਚ ਮਨੁੱਖ ਨੂੰ ਕਦੇ ਵੀ ਦੁਨਿਆਵੀ ਆਸਰਿਆਂ ਦੇ ਸਹਾਰੇ ਤੇ ਜ਼ਿੰਦਗੀ ਜਿਉਣ ਦਾ ਮਾਰਗ ਨਹੀਂ ਦਿਖਾਇਆ ਜਾਂਦਾ ਸਗੋਂ 'ਮੰਗਣ ਗਿਆ ਸੋ ਮਰ ਗਿਆ' ਦੇ ਸਿਧਾਂਤ ਮੁਤਾਬਕ ਮਨੁੱਖ ਨੂੰ ਕਿਸੇ ਦੇ ਮੁਥਾਜ ਹੋਣ ਨਾਲੋਂ ਪਰਮਾਤਮਾ ਅੱਗੇ ਅਰਦਾਸ ਕਰਨ ਨੂੰ ਤਰਜ਼ੀਹ ਦਿੱਤੀ ਗਈ ਹੈ। ਸਿੱਖ ਆਪਣੀਆਂ ਦੁਨਿਆਵੀ ਜਾਂ ਅਧਿਆਤਮਕ ਇੱਛਾਵਾਂ ਦੀ ਪੂਰਤੀ ਲਈ ਪਰਮਾਤਮਾ ਅੱਗੇ ਹੱਥ ਜੋੜ ਕੇ ਅਰਦਾਸ ਕਰਦੇ ਹਨ। ਉਹਨਾਂ ਦੇ ਵਿਸ਼ਵਾਸ਼ ਮੁਤਾਬਿਕ ਪਰਮਾਤਮਾ ਅੱਗੇ ਅਰਦਾਸ ਕਰਨ ਨਾਲ ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਮਾਧਾਨ ਹੋ ਜਾਵੇਗਾ ਤੇ ਪਰਮਾਤਮਾ ਉਨ੍ਹਾਂ ਦੀ ਹਰ ਪ੍ਰਕਾਰ ਨਾਲ ਮਦਦ ਕਰੇਗਾ:

ਤੂੰ ਭੰਨਣ ਘੜਣ ਸਮਰਥੁ ਦਾਤਾਰੁ ਹਹਿ

ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ ॥[49]

ਪਰੰਤੂ ਉਹ ਸਮਰੱਥ ਪਰਮਾਤਮਾ ਦਾਤਾਂ ਦਾ ਭੰਡਾਰ ਕਦੇ ਵੀ ਆਪਣੇ ਭਗਤਾਂ ਨੂੰ ਕਿਸੇ ਦੇ ਮੁਥਾਜ ਨਹੀਂ ਹੋਣ ਦਿੰਦਾ। ਉਹ ਮਿਹਰਵਾਨ ਆਪਣੇ ਭਗਤਾਂ ਦੀਆਂ ਅਰਦਾਸਾਂ ਸੁਣ ਕੇ ਹਰ ਪ੍ਰਕਾਰ ਨਾਲ ਉਨ੍ਹਾਂ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਦਿੰਦਾ ਹੈ। ਇਥੋ ਤੱਕ ਕੇ ਵੱਡੇ-ਵੱਡੇ ਮਹਾਰਾਜੇ ਵੀ ਮੰਗਤਿਆਂ ਦੀ ਤਰ੍ਹਾਂ ਉਸ ਅੱਗੇ ਅਰਜ਼ੋਈ ਕਰਦੇ ਹਨ ਅਤੇ ਦਾਤਾਂ ਦੀ ਪ੍ਰਾਪਤੀ ਕਰਦੇ ਹਨ ਅਤੇ ਅਜਿਹੀਆਂ ਦਾਤਾਂ ਜਿਨ੍ਹਾਂ ਦੀ ਕਦੇ ਵੀ ਤੋਟ ਨਹੀਂ ਆਉਂਦੀ। ਪਰਮਾਤਮਾ ਵੀ ਜੀਵਾਂ ਨੂੰ ਦਾਤਾਂ ਬਖਸ਼ਣ ਵੇਲੇ ਥੱਕਦਾ ਨਹੀਂ ਅਤੇ ਖੰਡਾਂ-ਵਰਭੰਡਾਂ ਤੱਕ ਸਭ ਨੂੰ ਦਾਤਾਂ ਦੀ ਬਖਸ਼ਿਸ਼ ਕਰਦਾ ਹੈ:

*ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ*

*ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥*[50]

ਪਰਮਾਤਮਾ ਅੱਗੇ ਅਰਦਾਸ ਕਰਨ ਲਈ ਮਨੁੱਖ ਦੀ ਜੀਵਨ ਜਾਚ ਦਾ ਸਭ ਤੋਂ ਉੱਤਮ ਗੁਣ ਹੈ ਕਿ ਮਨੁੱਖ ਜਿਥੇ ਪਰਮਾਤਮਾ ਕੋਲੋਂ ਆਪਣੇ ਲਈ ਇਛਾਵਾਂ ਦੀ ਪੂਰਤੀ ਦੀ ਅਰਦਾਸ ਕਰਦਾ ਹੈ ਉਥੇ ਨਾਲ ਹੀ ਸਰਬੱਤ ਦਾ ਭਲਾ ਮੰਗਣਾ ਵੀ ਲੋਚਦਾ ਹੈ। ਉਸ ਵਾਸਤੇ ਸਾਰਾ ਸੰਸਾਰ ਉਸ ਪਰਮਾਤਮਾ ਦੀ ਰਚਨਾ ਹੈ, ਕੋਈ ਛੋਟਾ ਵੱਡਾ ਜਾਂ ਚੰਗਾ ਮਾੜਾ ਨਹੀਂ। ਇਸ ਲਈ ਉਹ ਆਪਣੀ ਨਿੱਤ ਦੀ ਅਰਦਾਸ ਵਿੱਚ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਵੀ ਜ਼ਰੂਰ ਕਰਦਾ ਹੈ :

*ਨਾਨਕ ਨਾਮ ਚੜ੍ਹਦੀ ਕਲਾ*

*ਤੇਰੇ ਭਾਣੇ ਸਰਬੱਤ ਦਾ ਭਲਾ ॥*

ਸਿੱਖ ਗੁਰੂ ਸਾਹਿਬਾਨ ਦੀ ਸਭ ਤੋਂ ਵੱਡੀ ਦੇਣ ਹੈ ਕਿ ਉਨ੍ਹਾਂ ਸਮਾਜ ਵਿੱਚ ਫੈਲੇ ਜ਼ੁਲਮ ਤੇ ਅਨਿਆਂ ਆਦਿ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਸੁੱਤੀ ਕੌਮ ਨੂੰ ਹੁੰਗਾਰਾ ਭਰ ਕੇ ਜਗਾ ਕੇ ਉਨ੍ਹਾਂ ਅੰਦਰ ਜੋਸ਼ ਭਰਿਆ। ਪਰ ਵਿਲੱਖਣਤਾ ਇਹ ਸੀ ਕਿ ਕਦੇ ਵੀ ਕਿਸੇ ਦੇ ਖਿਲਾਫ ਭੇਦ-ਭਾਵ ਜਾਂ ਨਫਰਤ ਦਾ ਰਵੱਈਆ ਅਪਣਾਉਣ ਦਾ ਸੰਦੇਸ਼ ਕਦੇ ਵੀ ਨਹੀਂ ਦਿੱਤਾ ਸਗੋਂ ਅਜਿਹੇ ਜ਼ੁਲਮਾਂ ਅਤੇ ਅਨਿਆਂ ਨੂੰ ਠੱਲ੍ਹ ਪਾਉਣ ਲਈ ਆਪਣੀਆਂ ਕੁਰਬਾਨੀਆਂ ਜ਼ਰੂਰ ਦੇ ਦਿੱਤੀਆਂ। ਉਹਨਾਂ ਸਮੁੱਚੀ ਲੋਕਾਈ ਅੰਦਰ ਪਿਆਰ, ਸਾਂਝ, ਮਿਲਵਰਤਨ, ਸੇਵਾ, ਅਰਦਾਸ ਜਿਹੇ ਗੁਣ ਭਰ ਕੇ ਮਨ 'ਤੇ ਕਾਬੂ ਪਾਉਣ ਦੇ ਆਦਰਸ਼ਾਂ ਨੂੰ ਹੀ ਸਾਹਮਣੇ ਰੱਖਿਆ ।

ਸਿੱਖ ਸਮਾਜ ਦਾ ਮੂਲ ਮਨੋਰਥ ਮਨੁੱਖ ਨੂੰ ਅਧਿਆਤਮਕ ਤੇ ਦੁਨਿਆਵੀ ਦੋਹਾਂ ਪੱਖਾਂ ਤੋਂ ਇਕੋ ਜਿਹਾ ਉੱਚਾ ਚੁੱਕਣਾ ਹੈ। ਇਸ ਲਈ ਉਨ੍ਹਾਂ ਭਗਤੀ ਤੇ ਸ਼ਕਤੀ ਦਾ ਇਕੋ ਥਾਂ ਸੁਮੇਲ ਕਰਕੇ ਇਕ ਵਿਲੱਖਣ ਮਿਸਾਲ ਕਾਇਮ ਕੀਤੀ ਹੈ। ਉਹਨਾਂ ਮਨੁੱਖ ਵਿੱਚ ਅਧਿਆਤਮਕਤਾ ਅਤੇ ਸੂਰਮਗਤੀ ਦੋਵਾਂ ਤਰ੍ਹਾਂ ਦੇ ਭਾਵ ਭਰੇ ਹਨ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਮਨ ਨੂੰ ਵੱਸ ਵਿੱਚ ਰੱਖਣ ਅਤੇ ਸੰਜਮੀ ਜੀਵਨ ਜਿਉਣ ਦੀ ਜਾਚ ਦੱਸੀ ਹੈ, ਨਾਲ ਹੀ ਜ਼ੁਲਮਾਂ ਖਿਲਾਫ ਲੜਨ ਲਈ ਜੋਸ਼ ਵੀ ਭਰਿਆ ਹੈ। ਉਨ੍ਹਾਂ ਮਨੁੱਖ ਅੰਦਰ ਭਗਤੀ ਅਤੇ ਸ਼ਕਤੀ ਦੋਹਾਂ ਪੱਖਾਂ ਨੂੰ ਪ੍ਰਗਟ ਕਰਦੇ ਹੋਏ 'ਸੰਤ ਸਿਪਾਹੀ' ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਇਤਿਹਾਸ ਹਾਮੀ ਭਰਦਾ ਹੈ ਕਿ ਸਿੱਖ ਕੌਮ ਅੰਦਰ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮਾਜ ਵਿੱਚ ਜ਼ੁਲਮ ਅਤੇ ਅਨਿਆਂ ਨੂੰ ਠੱਲ ਪਾਉਣ ਲਈ ਇਕ ਸ਼ਾਂਤਮਈ ਕੁਰਬਾਨੀ ਦੀ ਮਿਸਾਲ ਸੀ ਜਿਸਦੇ ਫਲਸਰੂਪ ਅਜਿਹੇ ਅਨਿਆਂ ਦੇ ਖਿਲਾਫ ਗੁਰੂ ਹਰਿਗੋਬਿੰਦ ਸਾਹਿਬ ਨੇ

ਤਲਵਾਰ ਉਠਾਈ ਅਤੇ ਮਾਨਵਤਾ ਵਿੱਚ ਨਵੀਂ ਕ੍ਰਾਂਤੀ ਲਿਆਂਦੀ ਅਤੇ ਜ਼ੁਲਮਾਂ ਨੂੰ ਨਾ ਸਹਿਣ ਲਈ ਉਹਨਾਂ ਵਿੱਚ ਜੋਸ਼ ਭਰਿਆ। ਉਹਨਾਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਪ੍ਰਗਟ ਕੀਤਾ, ਉਹਨਾਂ ਸਿੱਖਾਂ ਵਿੱਚ ਸੂਰਮਗਤੀ, ਅਣਖ ਅਤੇ ਸਵੈਮਾਨ ਜਿਹੇ ਗੁਣਾਂ ਨੂੰ ਪ੍ਰਬਲ ਕਰਦੇ ਹੋਏ ਮਜ਼ਲੂਮਾਂ ਦੀ ਰੱਖਿਆ ਲਈ ਮੁਗਲਾਂ ਨਾਲ ਯੁੱਧ ਵੀ ਲੜੇ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਤਾਂ ਸਿੱਖ ਕੌਮ ਅੰਦਰ ਸ਼ਹੀਦੀਆਂ ਦੀਆਂ ਕਤਾਰਾਂ ਹੀ ਬੰਨ੍ਹੀਆਂ ਗਈਆਂ । ਪਰ ਸਿੱਖ ਕੌਮ ਵਿੱਚ ਅਜਿਹਾ ਜੋਸ਼, ਅਜਿਹਾ ਸਵੈਮਾਨ ਭਰਿਆ ਗਿਆ ਕਿ ਸਿੱਖ ਕਦੇ ਵੀ ਡੋਲੇ ਨਹੀਂ।

ਇਸ ਤੋਂ ਉਪਰੰਤ ਨੋਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਨਾ ਸਿਰਫ ਆਪਣੇ ਧਰਮ ਦੀ ਖਾਤਿਰ ਬਲਕਿ ਹਿੰਦੂ ਧਰਮ ਉੱਤੇ ਹੁੰਦੇ ਅਤਿਆਚਾਰਾਂ ਨੂੰ ਖ਼ਤਮ ਕਰਨ ਲਈ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਔਰੰਗਜੇਬ ਦੇ ਜ਼ੁਲਮਾਂ ਨੂੰ ਆਪਣੇ ਆਪ ਉੱਤੇ ਸਹਿਣ ਕੀਤਾ। ਉਹਨਾਂ ਔਰੰਗਜੇਬ ਦੀ ਧਾਰਮਿਕ ਕੱਟੜਨੀਤੀ ਖਿਲਾਫ ਆਪਣੇ ਸੀਸ ਦੀ ਭੇਟਾ ਦਿੱਤੀ ਜੋ ਕਿ ਸਿੱਖ ਕੌਮ ਵਿੱਚ ਇਕ ਹੋਰ ਸ਼ਾਂਤਮਈ ਕੁਰਬਾਨੀ ਦੀ ਅਦੁੱਤੀ ਮਿਸਾਲ ਸੀ। ਸਿੱਖ ਕੌਮ ਦੀ ਇਹੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਹ ਆਪਣੇ ਨਾਲ ਹੁੰਦੇ ਜ਼ੁਲਮ ਤਾਂ ਕੀ ਕਿਸੇ ਹੋਰ ਉੱਤੇ ਹੁੰਦੇ ਅਤਿਆਚਾਰਾਂ ਨੂੰ ਵੀ ਬਰਦਾਸ਼ਤ ਨਹੀਂ ਕਰਦੇ ਸਗੋਂ ਸਭ ਨੂੰ ਉਸ ਇਕ ਪਰਮਾਤਮਾ ਦੀ ਸੰਤਾਨ ਮੰਨਦੇ ਹੋਏ ਸਰਬੱਤ ਦਾ ਭਲਾ ਮੰਗਦੇ ਹਨ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਅਨਿਆਂ ਤੇ ਜੁਲਮਾਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਹੱਥ ਵਿੱਚ ਖੰਡਾ ਪਕੜ ਕੇ 'ਚਿੜੀਉ ਸੇ ਮੈ ਬਾਜ ਲੜਾਊ' ਦਾ ਨਾਅਰਾ ਲਗਾਇਆ। ਉਹਨਾਂ ਸਿੱਖ ਕੌਮ ਵਿੱਚ ਜੋਸ਼ ਭਰਿਆ ਅਤੇ ਸਿੱਖ ਕੌਮ ਦਾ ਮੂੰਹ ਮੁਹਾਂਦਰਾ ਹੀ ਬਦਲ ਦਿੱਤਾ। ਉਨ੍ਹਾਂ ਇਸ ਧਰਮ ਦੀ ਇਕ ਵਿਲੱਖਣ ਪਛਾਣ ਸਥਾਪਿਤ ਕੀਤੀ ਕਿ ਸਮਾਜ ਵਿੱਚ ਬਿਨਾਂ ਕਿਸੇ ਧਾਰਮਿਕ, ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ ਤੋਂ ਉਨ੍ਹਾਂ ਪੰਜ ਪਿਆਰਿਆਂ ਦੀ ਚੋਣ ਕਰਕੇ ਅੰਮ੍ਰਿਤ ਛਕਾਇਆ ਤੇ ਸਿੱਖ ਕੌਮ ਨੂੰ ਇਕ ਨਵਾਂ ਰੂਪ ਬਖਸ਼ਿਆ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਨਾਲ ਹੀ ਉਹਨਾਂ ਲਈ ਪੰਜ ਕਕਾਰਾਂ (ਕੇਸ,ਕੜਾ,ਕੰਘਾ,ਕਿਰਪਾਨ,ਕਛਹਿਰਾ) ਦੀ ਵਰਦੀ ਵੀ ਨਿਯੁਕਤ ਕੀਤੀ। ਸਭ ਤੋਂ ਵਿਲੱਖਣ ਪੱਖ ਤਾਂ ਇਹ ਸੀ ਕਿ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਪਾਸੋਂ ਆਪ

ਅੰਮ੍ਰਿਤ ਛਕਿਆ ਅਤੇ ਸਿੱਖ ਕੌਮ ਨੂੰ ਪੰਜ ਪਿਆਰਿਆਂ ਦੇ ਫੈਸਲੇ ਨੂੰ ਅੰਤਿਮ ਫੈਸਲਾ ਮੰਨਣ ਦਾ ਸਿਧਾਂਤ ਦ੍ਰਿੜ ਕਰਵਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਚਲਾਏ ਪੰਥ ਜੋ ਕਿ ਸੰਤ ਮਾਰਗ 'ਤੇ ਚੱਲ ਰਿਹਾ ਸੀ, ਉਸ ਨੂੰ ਸੰਤ-ਸਿਪਾਹੀ ਦੇ ਰੂਪ ਵਿੱਚ ਪ੍ਰਗਟ ਕੀਤਾ ਤੇ ਅੰਤਿਮ ਰੂਪ ਪ੍ਰਦਾਨ ਕੀਤਾ। ਇਸ ਕੌਮ ਦੀ ਵਿਲੱਖਣਤਾ ਅਤੇ ਮਾਣ-ਮਰਿਆਦਾ ਨੂੰ ਕਾਇਮ ਰੱਖਣ ਹਿੱਤ ਸਿੱਖਾਂ ਨੇ ਅਨੇਕ ਕੁਰਬਾਨੀਆਂ ਕੀਤੀਆਂ ਜਿਨ੍ਹਾਂ ਵਿੱਚ ਚਾਰ ਸਾਹਿਬਜਾਦੇ, ਪੰਜ ਪਿਆਰੇ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਤੀ ਦਾਸ , ਭਾਈ ਸਤੀ ਦਾਸ, ਭਾਈ ਦਿਆਲਾ ਜੀ ਅਤੇ ਹੋਰ ਅਨੇਕਾਂ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸਿੱਖ ਕੌਮ ਵਿੱਚ ਇੰਨੀਆਂ ਕੁਰਬਾਨੀਆਂ, ਇੰਨੀਆਂ ਸ਼ਹੀਦੀਆਂ ਦਿੱਤੀਆਂ ਗਈਆਂ ਕਿ ਸੰਸਾਰ ਵਿੱਚ ਕਿਸੇ ਵੀ ਕੌਮ ਵਿੱਚ ਕਦੇ ਵੀ ਇੰਨੀਆਂ ਸ਼ਹੀਦੀਆਂ ਨਹੀਂ ਹੋਈਆਂ ਹੋਣਗੀਆਂ। ਇਹ ਸਿੱਖ ਕੌਮ ਦਾ ਹਰ ਕੌਮ ਨਾਲੋਂ ਲਾਸਾਨੀਪਨ ਹੈ। ਪਰ ਹੁਣ ਤੱਕ ਵੀ ਸਿੱਖ ਕੌਮ ਕਦੇ ਵੀ ਪਿੱਛੇ ਨਹੀਂ ਹੱਟਦੀ। ਇਨ੍ਹਾਂ ਕੁਰਬਾਨੀਆਂ ਦੀ ਲੜੀ ਅਜੇ ਤੱਕ ਚੱਲੀ ਆ ਰਹੀ ਹੈ। ਆਪਣੀ ਇਸ ਵਿਲੱਖਣਤਾ ਅਤੇ ਉਦਾਰਤਾ ਦੇ ਸਦਕੇ ਹੀ ਸਿੱਖ ਸਮਾਜ ਨੇ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ।

ਇਸ ਤਰ੍ਹਾਂ ਸਿੱਖ ਸਮਾਜ ਵਿੱਚ ਗੁਰੂ ਸਾਹਿਬ ਦੀ ਘਾਲਣਾ ਅਤੇ ਮਿਹਨਤ ਸਦਕਾ ਸਮਾਜ ਵਿਚੋਂ ਗਲਤ ਮਾਨਤਾਵਾਂ ਦਾ ਖਾਤਮਾ ਹੁੰਦਾ ਰਿਹਾ ਹੈ। ਉਹਨਾਂ ਨਿੱਜ ਸੁਆਰਥ ਤੋਂ ਉੱਪਰ ਉੱਠ ਕੇ ਮਨੁੱਖ ਲਈ ਸੁਚੱਜੀ ਜੀਵਨ-ਜਾਚ ਦਾ ਰਾਹ ਅਖਤਿਆਰ ਕੀਤਾ ਹੈ। ਗੁਰੂ ਸਾਹਿਬਾਨ ਭਾਵੇਂ ਆਤਮਿਕ ਮੰਡਲਾਂ ਦੇ ਵਾਸੀ ਸਨ ਪਰ ਧਰਤੀ 'ਤੇ ਜ਼ੁਲਮਾਂ ਅਤੇ ਅਨਿਆਂ ਦੇ ਖਿਲਾਫ ਆਵਾਜ਼ ਉਠਾ ਕੇ ਉਨ੍ਹਾਂ ਹਰ ਤਰ੍ਹਾਂ ਨਾਲ ਮਜ਼ਲੂਮਾਂ ਦੀ ਰੱਖਿਆ ਲਈ ਯਤਨ ਵੀ ਕੀਤੇ। ਉਨ੍ਹਾਂ ਮਨੁੱਖ ਨੂੰ ਕੇਵਲ ਤੇ ਕੇਵਲ ਪਰਮਾਤਮਾ ਦੇ ਨਾਮ ਦੀ ਸੋਝੀ ਹੀ ਨਹੀਂ ਬਖਸ਼ੀ ਬਲਕਿ ਸੰਸਾਰਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਅਸਲ ਮਕਸਦ ਵਿੱਚ ਕਾਮਯਾਬ ਹੋਣ ਦੀ ਜਾਚ ਵੀ ਸਿਖਾਈ। ਜਿਸ ਤੋਂ ਕਿ ਸਪੱਸ਼ਟ ਹੁੰਦਾ ਹੈ ਕਿ ਧਰਮ ਦਾ ਮਨੋਰਥ ਮਨੁੱਖ ਨੂੰ ਅਧਿਆਤਮਕਤਾ ਨਾਲ ਜੋੜਨਾ ਅਤੇ ਸਮਾਜ ਦਾ ਮਕਸਦ ਮਨੁੱਖ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਭਾਈਚਾਰਕ ਸਾਂਝ ਸਥਾਪਿਤ ਕਰਨਾ ਹੈ। ਇਸ ਤਰ੍ਹਾਂ ਦੋਹਾਂ ਦੀ ਸੁਮੇਲਤਾ ਹੀ ਸਿੱਖੀ ਜੀਵਨ ਹੈ। ਇਸ ਲਈ ਧਰਮ ਬਿਨਾਂ ਸਮਾਜ ਜਾਂ ਸਮਾਜ ਬਿਨਾਂ ਧਰਮ ਦੀ ਕੋਈ ਹੋਂਦ ਨਹੀਂ। ਦੋਹਾਂ ਦਾ ਹੀ ਇਨਸਾਨ ਦੇ ਜੀਵਨ ਵਿੱਚ ਬਹੁਤ ਅਹਿਮ ਰੋਲ ਹੈ ਜਿਸਦੇ ਸਿੱਟੇ ਵਜੋਂ ਅੱਜ ਧਰਮ ਸਮਾਜ ਦਾ ਜ਼ਰੂਰੀ ਅੰਗ ਬਣ ਗਿਆ ਹੈ। ਜੀਵਨ ਦੀਆਂ ਸਭ ਕਿਰਿਆਵਾਂ ਭਾਵੇਂ ਜਨਮ, ਮੌਤ ਜਾਂ ਕੋਈ ਵੀ

ਰਸਮ-ਰਿਵਾਜ਼ ਹੋਵੇ ਸਭ ਵਿੱਚ ਧਰਮ ਦੀ ਅਗਵਾਈ ਮਿਲਣੀ ਲਾਜ਼ਮੀ ਹੋ ਗਈ ਹੈ। ਮੌਜੂਦਾ ਸਮੇਂ ਵਿੱਚ ਜੀਵਨ ਦਾ ਕੋਈ ਵੀ ਖੇਤਰ ਹੋਵੇ, ਹਰ ਖੇਤਰ ਵਿੱਚ ਧਰਮ ਮੋਹਰੀ ਹੋ ਕੇ ਵਿਚਰ ਰਿਹਾ ਹੈ। ਇਸ ਵਿੱਚ ਕੋਈ ਅਤਿ ਕਥਨੀ ਨਹੀਂ ਕਿ ਧਰਮ ਸਮਾਜ ਦਾ ਅਨਿਖੜ੍ਹ ਅੰਗ ਹੈ।

## ਹਵਾਲੇ ਅਤੇ ਟਿੱਪਣੀਆਂ

1. E.B. Tylor, Primitive Culture page, 68.
2. ਉਧਰਿਤ ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ : 5
3. ਜੋਧ ਸਿੰਘ, ਸਿੱਖ ਸਿਧਾਂਤ : ਸਰੂਪ ਅਤੇ ਸਮਰੱਥਾ, ਪੰਨਾ: 64
4. ਮਨਜੀਤ ਸਿੰਘ, ਧਰਮ ਦਰਸ਼ਨ, ਪੰਨਾ: 1
5. ਉਹੀ, ਪੰਨਾ : 6
6. ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪੰਨਾ: 19
7. ਮਨਜੀਤ ਸਿੰਘ, ਧਰਮ ਦਰਸ਼ਨ, ਪੰਨਾ :7
8. ਉਹੀ, ਪੰਨਾ : 9
9. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ : 9
10. Encyclopedia of Philosophy (Vol. VII), page 347
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 440
12. ਰਾਜਾ ਸਰ ਦਲਜੀਤ ਸਿੰਘ, ਭਗਵਤ ਗੀਤਾ, ਪੰਨਾ : 67
13. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ : 112
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ:12
15. ਜਿਨਿ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਕੀ ਮਿਠਿਆਈ। (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ: 634)
16. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1291
17. ਉਹੀ, ਅੰਗ : 506
18. ਉਹੀ, ਅੰਗ : 1061
19. ਉਹੀ, ਅੰਗ :302
20. ਉਹੀ, ਅੰਗ :1242
21. ਉਹੀ, ਅੰਗ :1034
22. ਉਹੀ, ਅੰਗ : 11

23. ਉਹੀ, ਅੰਗ : 11

24. ਉਹੀ, ਅੰਗ : 507

25. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ, ਪੰਨਾ : 12

26. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ : 87

27. ਉਹੀ, ਅੰਗ : 1421

28. ਟੀ.ਆਰ.ਵਿਨੋਦ, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ, ਪੰਨਾ : 10

29. ਸੁਖਦੇਵ ਸਿੰਘ ਖਹਿਰਾ, ਪੰਜਾਬੀ ਨਾਵਲ ਵਿੱਚ ਸਾਂਸਕ੍ਰਿਤਕ ਚੇਤਨਾ, ਪੰਨਾ: 4

30. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1164

31. ਰਾਜੇ ਸੀਹ ਮੁਕਦਮ ਕੁਤੇ ਜਾਇ ਜਗਾਇਨ ਬੈਠੇ ਸੁਤੇ॥ ਉਹੀ, ਅੰਗ : 1288

32. ਉਹੀ, ਅੰਗ : 601

33. ਉਹੀ, ਅੰਗ : 305

34. ਗਿਆਨੀ ਨਰੈਣ ਸਿੰਘ, ਵਾਰਾਂ ਭਾਈ ਗੁਰਦਾਸ ਸਟੀਕ, ਵਾਰ 12 ਪਉੜੀ 21, ਪੰਨਾ: 135

35. ਉਹੀ, ਵਾਰ 12, ਪਉੜੀ 8, ਪੰਨਾ 128

36. ਉਹੀ, ਵਾਰ-1 ਪਉੜੀ-30, ਪੰਨਾ : 3

37. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 473

38. ਉਹੀ, ਅੰਗ : 470

39. ਉਹੀ, ਅੰਗ : 1190

40. ਉਹੀ, ਅੰਗ : 1297

41. ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ ਉਹੀ, ਅੰਗ : 766

42. ਉਹੀ, ਅੰਗ : 77

43. ਉਹੀ, ਅੰਗ :71

44. ਉਹੀ, ਅੰਗ : 1245

45. ਉਹੀ, ਅੰਗ : 522

46. ਉਹੀ, ਅੰਗ : 314

47. ਉਹੀ, ਅੰਗ : 589

48. ਉਹੀ, ਅੰਗ : 306

49. ਉਹੀ, ਅੰਗ : 549

50. ਉਹੀ, ਅੰਗ : 549

### ਅਧਿਆਇ ਦੂਜਾ

# ਸਿੱਖ ਸਮਾਜ : ਆਰੰਭ ਅਤੇ ਬਣਤਰ

ਕਿਸੇ ਵੀ ਧਰਮ ਦੀ ਨਿਰੰਤਰ ਵਿਕਾਸਸ਼ੀਲਤਾ ਅਤੇ ਸਾਰਥਕਤਾ ਨੂੰ ਬਰਕਰਾਰ ਰੱਖਣ ਹਿੱਤ ਸਮੇਂ-ਸਮੇਂ ਵਿਭਿੰਨ ਅਧਿਆਤਮਕ ਹਸਤੀਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ ਜਿਨ੍ਹਾਂ ਦੇ ਉਪਦੇਸ਼ਾਂ ਅਤੇ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਸਦਕਾ ਸਮਾਜ ਵਿਚਲੀਆਂ ਗਲਤ ਮਾਨਤਾਵਾਂ ਅਤੇ ਕਦਰਾਂ-ਕੀਮਤਾਂ ਦਾ ਖਾਤਮਾ ਹੁੰਦਾ ਰਿਹਾ ਹੈ। ਇਹ ਪੂਰਨ ਪੁਰਖ ਨਿੱਜ ਸੁਆਰਥ ਤੋਂ ਉੱਪਰ ਉੱਠ ਕੇ ਸਮੁੱਚੀ ਲੋਕਾਈ ਲਈ ਸਰਬ-ਸਾਂਝਾ ਸੰਦੇਸ਼ ਦ੍ਰਿੜਾਉਂਦੇ ਹੋਏ ਮਨੁੱਖ ਦੇ ਜੀਵਨ ਪ੍ਰਤਿ ਅਸਲ ਮਨੋਰਥ ਪ੍ਰਾਪਤੀ ਲਈ ਰਾਹ ਪੱਧਰਾ ਕਰਦੇ ਰਹੇ ਹਨ। ਇਹ ਪੂਰਨ ਪੁਰਖ ਪਰਮਾਤਮਾ ਦੇ ਨੂਰ ਨਾਲ ਭਰਪੂਰ ਆਤਮਿਕ ਮੰਡਲਾਂ ਦੇ ਸੁਆਮੀ ਸਨ ਪਰ ਉਹ ਸਮਾਜ ਵਿੱਚ ਵਿਚਰਦੇ ਲੋਕਾਂ ਦੇ ਜ਼ੁਲਮਾਂ ਅਤੇ ਅਨਿਆਂ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰਦੇ ਸਨ। ਸਗੋਂ ਧਰਤਵਾਸੀਆਂ ਪ੍ਰਤਿ ਮਨ ਵਿੱਚ ਉਦਾਰਤਾ ਰੱਖਦੇ ਹੋਏ ਉਨ੍ਹਾਂ ਨੂੰ ਸੁਚੱਜੀ ਜੀਵਨ ਜਾਚ ਬਖਸ਼ਣੀ ਉਨ੍ਹਾਂ ਦਾ ਅਸਲ ਮਨੋਰਥ ਸੀ। ਸਿੱਖ ਧਰ੍ਮ ਦੇ ਆਗਮਨ ਤੋਂ ਪਹਿਲਾਂ ਦੇਸ਼ ਦੀ ਹਾਲਤ ਚੰਗੀ ਨਹੀਂ ਸੀ। ਸਾਰੇ ਹੀ ਭਾਰਤੀ ਧਰਮਾਂ ਦੀ ਆਪੋ-ਆਪਣੀ ਪਛਾਣ ਖਤਮ ਹੋ ਚੁੱਕੀ ਸੀ। ਦੇਸ਼ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਆਰਥਿਕ ਗੱਲ ਕੀ ਹਰ ਪੱਖੋਂ ਗਿਰਾਵਟ ਆ ਚੁੱਕੀ ਸੀ। ਲੋਕ ਇੰਨੇ ਬੇਵੱਸ ਹੋ ਚੁੱਕੇ ਸਨ ਕਿ ਉਹ ਆਪਣੀ ਰਹਿਣੀ-ਬਹਿਣੀ, ਭਾਸ਼ਾ , ਸਭਿਆਚਾਰ ਆਦਿ ਸਭ ਕੁਝ ਗੁਆ ਚੁੱਕੇ ਸਨ। ਹਰ ਪਾਸੇ ਪਾਖੰਡਾਂ, ਕਰਮਾਂ-ਕਾਂਡਾਂ, ਨਿਰਾਰਥਕ ਰੀਤੀ-ਰਿਵਾਜਾਂ ਦਾ ਬੋਲ-ਬਾਲਾ ਸੀ। ਹਰ ਪਾਸੇ ਜ਼ੁਲਮਾਂ ਅਤੇ ਅਤਿਆਚਾਰਾਂ ਪ੍ਰਤਿ ਹਾਹਾਕਾਰ ਮਚੀ ਹੋਈ ਸੀ। ਲੋਕਾਈ ਨੂੰ ਉਨ੍ਹਾਂ ਦੇ ਹੱਕਾਂ ਤੋਂ ਵੀ ਵਾਂਝਿਆਂ ਰੱਖਿਆ ਜਾਂਦਾ ਸੀ । ਅਜਿਹੇ ਨਾਜ਼ੁਕ ਦੌਰ ਵਿੱਚ ਲੋਕਾਈ ਦੀ ਫਰਿਆਦ ਸੁਣ ਕੇ ਪਰਮਾਤਮਾ ਨੇ ਆਪਣੇ ਹੀ ਨੂਰ ਗੁਰੂ ਨਾਨਕ ਸਾਹਿਬ ਨੂੰ ਦੀਨ-ਦੁਖੀਆਂ ਦੇ ਦੁੱਖ ਦੂਰ ਕਰਨ ਲਈ ਇਸ ਧਰਤੀ ਤੇ ਭੇਜਿਆ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ ਰਚਨਾ ਵਿੱਚ ਲਿਖਦੇ ਹਨ:-

*ਸੁਣੀ ਪੁਕਾਰੁ ਦਾਤਾਰ ਪ੍ਰਭੁ*
*ਗੁਰੁ ਨਾਨਕ ਜਗ ਮਾਹਿ ਪਠਾਇਆ॥*[1]

ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਮੁਸਲਮਾਨੀ ਹਕੂਮਤ ਦਾ ਰਾਜ ਕਾਇਮ ਸੀ। ਦਿੱਲੀ ਤਖਤ 'ਤੇ ਬਹਿਲੋਲ ਲੋਧੀ ਬੈਠਾ ਹੋਇਆ ਸੀ ਤੇ ਉਪਰੰਤ ਸੁਲਤਾਨ ਸਿਕੰਦਰ ਲੋਧੀ ਨੇ ਰਾਜ ਦੀ ਵਾਗ-ਡੋਰ ਸੰਭਾਲ ਲਈ। ਇਸ ਸਮੇਂ ਦੌਰਾਨ ਦੇਸ਼ ਮੁਗਲ ਸ਼ਾਸਕਾਂ ਦੇ ਅਤਿਆਚਾਰਾਂ ਤੋਂ ਤੰਗ ਆ ਚੁੱਕਾ ਸੀ। ਚਾਰੇ-ਪਾਸੇ ਅਗਿਆਨਤਾ ਦਾ ਘੁੱਪ ਹਨੇਰਾ ਛਾਇਆ ਹੋਇਆ ਸੀ। ਕਿਸੇ ਪਾਸੋਂ ਵੀ ਆਸ-ਉਮੀਦ ਦੀ ਕੋਈ ਕਿਰਨ ਵਿਖਾਈ ਨਹੀਂ ਸੀ ਦਿੰਦੀ। ਸਧਾਰਨ ਜਨਤਾ ਆਤਮ-ਵਿਸ਼ਵਾਸ, ਸਵੈਮਾਨ ਜਿਹੇ ਗੁਣਾਂ ਨੂੰ ਤਿਆਗ ਕੇ ਨਿਰਾਸ਼ਾਵਾਦੀ ਅਤੇ ਕਾਇਰ ਬਣ ਚੁੱਕੀ ਸੀ ਜਿਨ੍ਹਾਂ ਰਾਜਿਆਂ ਨੂੰ ਪਰਜਾ ਦਾ ਰਖਵਾਲਾ ਸਮਝਿਆ ਜਾਂਦਾ ਸੀ, ਉਹ ਆਪ ਹੀ ਸ਼ੇਰ ਰੂਪ ਵਿੱਚ ਪਰਜਾ ਨੂੰ ਖਾ ਰਹੇ ਸਨ, ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਨਕਰ ਹੋ ਕੇ ਐਸ਼-ਪ੍ਰਸਤੀ ਵਾਲਾ ਜੀਵਨ ਬਤੀਤ ਕਰੇ ਰਹੇ ਸਨ। ਕਾਜ਼ੀ ਅਤੇ ਅਹਿਲਕਾਰ ਵੀ ਆਪਣੇ ਫ਼ਰਜਾਂ ਤੋਂ ਕੁਤਾਹੀ ਵਰਤ ਰਹੇ ਸਨ। ਜਿਨ੍ਹਾਂ ਦਾ ਵਰਣਨ ਗੁਰੂ ਸਾਹਿਬ ਦੁਆਰਾ ਰਚਿਤ ਬਾਣੀ ਵਿੱਚ ਮਿਲਦਾ ਹੈ:

*ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ/ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨਿ/ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥*[2]

ਉਸ ਸਮੇਂ ਲੋਕਾਂ ਨੂੰ ਧਰਮ ਦੇ ਨਾਂ 'ਤੇ ਅਤਿਅੰਤ ਤਸੀਹੇ ਦਿੱਤੇ ਜਾਂਦੇ ਸਨ ਤੇ ਜ਼ਬਰਦਸਤੀ ਧਰਮ ਪਰਿਵਰਤਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਹਰ ਪਾਸੇ ਹਫੜਾ-ਦਫੜੀ ਮਚੀ ਹੋਈ ਸੀ। ਰਿਸ਼ਵਤਖੋਰੀ ਅਤੇ ਗਿਰਾਵਟ ਪੂਰੇ ਜ਼ੋਰਾਂ 'ਤੇ ਸੀ। ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕੀਤਾ ਹੋਇਆ ਸੀ ਤੇ ਧਰਮ ਤਾਂ ਜਿਵੇਂ ਵਿੱਚੋਂ ਖੰਭ ਲਾ ਕੇ ਉੱਡ ਹੀ ਗਿਆ ਸੀ। ਸੱਚ ਕਿਧਰੇ ਵੀ ਦਿਖਾਈ ਨਹੀਂ ਸੀ ਦਿੰਦਾ ਤੇ ਹਰ ਪਾਸੇ ਦੁੱਖ ਹੀ ਦੁੱਖ ਨਜ਼ਰ ਆਉਂਦੇ ਸਨ :

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*[3]

ਮੁਸਲਮਾਨੀ ਹਕੂਮਤ ਕਾਇਮ ਹੋਣ ਸਦਕਾ ਸਮਾਜ ਵਿੱਚ ਹਿੰਦੂਆਂ ਦੀ ਹਾਲਤ ਵੀ ਬੜੀ ਤਰਸਯੋਗ ਸੀ। ਲੋਕ ਜਾਤ-ਪਾਤ ਦੇ ਕਰੜੇ ਬੰਧਨਾਂ ਵਿੱਚ ਫਸੇ ਹੋਏ ਸਨ। ਹਿੰਦੂ ਸਮਾਜ ਚਾਰ ਜਾਤਾਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਜਾਤ-ਪਾਤ ਦੀਆਂ ਵੰਡੀਆਂ ਕਾਰਨ ਲੋਕ ਇਕ-ਦੂਜੇ ਤੋਂ ਨਫਰਤ ਕਰਦੇ ਸਨ। ਉੱਚ ਜਾਤਾਂ ਵਾਲੇ ਲੋਕ ਨੀਵੀਂ ਜਾਤ ਦੇ ਲੋਕਾਂ ਨੂੰ ਮੰਦਰਾਂ ਵਿੱਚ ਨਹੀਂ ਸੀ ਆਉਣ ਦਿੰਦੇ, ਇਥੋਂ ਤੱਕ ਕਿ ਉਨ੍ਹਾਂ ਨੂੰ ਖੂਹਾਂ ਤੋਂ ਪਾਣੀ ਭਰਨ ਦੀ ਵੀ ਮਨਾਹੀ ਸੀ।ਉਸ ਸਮੇਂ ਬੁੱਤ ਪੂਜਾ ਜ਼ੋਰਾਂ ’ਤੇ ਸੀ। ਸਮਾਜ ਵਿੱਚ ਤੀਰਥ ਯਾਤਰਾ, ਮੱਥੇ ਤੇ ਟਿੱਕੇ ਲਾਉਣਾ, ਵਿਸ਼ੇਸ਼ ਪਕਵਾਨ, ਦਾਨ-ਪੁੰਨ ਆਦਿ ਆਮ ਪ੍ਰਚਲਿਤ ਸਨ। ਕੇਵਲ ਤੇ ਕੇਵਲ ਪੁਜਾਰੀ ਵਰਗ ਨੂੰ ਹੀ ਧਰਮ-ਗ੍ਰੰਥ ਤੋਂ ਪਾਠ ਕਰਨ ਦੀ ਆਗਿਆ ਸੀ। ਉਨ੍ਹਾਂ ਨੂੰ ਇਹ ਧਰਮ ਗ੍ਰੰਥ ਭਾਵੇਂ ਜ਼ਬਾਨੀ ਯਾਦ ਸਨ ਪਰ ਧਰਮ ਗ੍ਰੰਥਾਂ ਵਿਚਲੇ ਗਿਆਨ ਤੋਂ ਉਹ ਬਿਲਕੁਲ ਕੋਰੇ ਸਨ। ਸੱਚੇ ਧਰਮ ਦੀ ਥਾਂ ਨਿਰਾਰਥਕ ਕਦਰਾਂ ਕੀਮਤਾਂ ਨੇ ਸਮਾਜ ਵਿੱਚ ਥਾਂ ਲੈ ਲਈ ਸੀ। ਧਰਮ ਕੇਵਲ ਵਿਖਾਵੇ ਮਾਤਰ ਹੀ ਰਹਿ ਗਿਆ ਸੀ। ਇਸ ਲਈ ਲਾਲਚਵੱਸ ਕਈ ਵਾਰ ਤਾਂ ਉਹ ਧਰਮ ਗ੍ਰੰਥ ਵਿਚਲੇ ਵਿਚਾਰਾਂ ਦਾ ਗਲਤ ਅਰਥ ਹੀ ਕਰੀ ਜਾਂਦੇ ਸਨ ਜਿਨ੍ਹਾਂ ਬਾਰੇ ਗੁਰਬਾਣੀ ਫੁਰਮਾਨ ਹੈ :

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥*[4]

ਅਜਿਹੇ ਭਿਆਨਕ ਮਾਹੌਲ ਵਿੱਚ ਜਿਥੇ ਹਰ ਕੋਈ ਘੁੱਟ-ਘੁੱਟ ਕੇ ਜੀਅ ਰਿਹਾ ਸੀ, ਧਰਮ-ਵਾਸੀਆਂ ਦਾ ਉਧਾਰ ਕਰਨ ਵਾਲਾ ਕੋਈ ਰਹਿਬਰ ਜ਼ਰੂਰੀ ਸੀ ਜਿਸਨੇ ਪ੍ਰਚਲਿਤ ਹਾਲਾਤਾਂ ਵਿੱਚ ਅਮਨ ਭਰਨਾ ਸੀ ਅਤੇ ਦੂਰ ਤੱਕ ਅਸਰ ਕਾਰਨ ਵਾਲਾ ਇਨਕਲਾਬ ਚਾਲੂ ਕਰਨਾ ਸੀ। ਅਜਿਹੇ ਕ੍ਰਾਂਤੀਕਾਰੀ ਕਦਮ ਉਠਾਣੇ ਸਨ ਕਿ ਸਦੀਆਂ ਤੋਂ ਗਫਲਤ ਦੀ ਨੀਂਦ ਵਿੱਚ ਸੁੱਤੀ ਮਾਨਵਤਾ ਜਾਗ ਸਕੇ ਅਤੇ ਆਪਣੇ ਅਸਲ ਮਨੋਰਥ ਨੂੰ ਪਛਾਣ ਸਕੇ। ਇਸ ਲਈ ਦੁੱਖਾਂ ਨਾਲ ਭਰੇ ਧਰਤ ਦੇ ਲੋਕਾਂ ਦੀ ਪੁਕਾਰ ਸੁਣ ਕੇ ਪਰਮਾਤਮਾ ਨੇ ਅਗਿਆਨਤਾ ਕੀ ਕਾਲੀ ਬੋਲੀ ਰਾਤ ਖਤਮ ਕਰਨ ਤੇ ਗਿਆਨ ਰੂਪੀ ਚਾਨਣ ਬਖਸ਼ਣ ਦੀ ਖਾਤਰ ਗੁਰੂ ਨਾਨਕ ਸਾਹਿਬ ਨੂੰ ਪ੍ਰਗਟ ਕੀਤਾ। ਜਿਸ ਬਾਰੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਜ਼ਿਕਰ ਮਿਲਦਾ ਹੈ :

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣੁ ਹੋਆ॥*
*ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥*[5]

## ਗੁਰੂ ਨਾਨਕ ਦੇਵ ਜੀ :

ਗੁਰੂ ਨਾਨਕ ਸਾਹਿਬ ਦਾ ਆਗਮਨ 1469 ਈ: ਨੂੰ ਰਾਇ ਭੋਇ ਦੀ ਤਲਵੰਡੀ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਹੋਇਆ।[6] ਆਪ ਬਚਪਨ ਤੋਂ ਬੜੀ ਹੀ ਉੱਚੀ-ਸੁੱਚੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ 'ਤੇ ਸੰਸਾਰਕਤਾ ਨਾਲੋਂ ਆਪ ਦੀ ਰੁਚੀ ਪਰਮਾਰਥ ਵਾਲੇ ਪਾਸੇ ਜ਼ਿਆਦਾ ਸੀ। ਆਪ ਸ਼ਾਂਤ ਸੁਭਾਅ ਦੇ ਮਾਲਕ ਸਨ। ਆਪ ਜੀ ਤੋਂ ਵੱਡੀ ਇਕ ਭੈਣ ਸੀ। ਜਿਸ ਦਾ ਨਾਂ ਬੇਬੇ ਨਾਨਕੀ ਸੀ। ਬੇਬੇ ਨਾਨਕੀ ਜੀ ਗੁਰੂ ਸਾਹਿਬ ਤੋਂ ਪੰਜ ਸਾਲ ਵੱਡੇ ਸਨ ਪਰ ਉਨ੍ਹਾਂ ਹਮੇਸ਼ਾਂ ਹੀ ਆਪਣੇ ਛੋਟੇ ਵੀਰ ਨੂੰ ਪਰਮੇਸ਼ਵਰ ਦਾ ਰੂਪ ਜਾਣ ਕੇ ਮੰਨਿਆ । ਬੇਬੇ ਨਾਨਕੀ ਜੀ ਦਾ ਵਿਆਹ ਸੁਲਤਾਨਪੁਰ ਨਿਵਾਸੀ ਜੈ ਰਾਮ ਜੀ ਨਾਲ ਹੋਇਆ ਸੀ ਜੋ ਕਿ ਦੌਲਤ ਖਾਂ ਲੋਧੀ ਪਾਸ ਨੌਕਰੀ ਕਰਦੇ ਸਨ।

ਆਪ ਜੀ ਦੇ ਪਿਤਾ ਮਹਿਤਾ ਕਾਲੂ ਜੀ ਖੇਤੀ ਅਤੇ ਵਪਾਰ ਦਾ ਕੰਮ ਕਰਦੇ ਸਨ। ਛੋਟੀ ਉਮਰ ਵਿੱਚ ਹੀ ਗੁਰੂ ਸਾਹਿਬ ਜੀ ਲਈ ਦੁਨਿਆਵੀ ਵਿੱਦਿਆ ਸਿਖਾਉਣ ਦਾ ਪ੍ਰਬੰਧ ਕੀਤਾ ਗਿਆ। ਸਭ ਤੋਂ ਪਹਿਲਾਂ ਉਨ੍ਹਾਂ ਨੂੰ ਗੋਪਾਲ ਨਾਂ ਦੇ ਪਾਂਧੇ ਕੋਲ ਭੇਜਿਆ ਗਿਆ। ਉਪਰੰਤ ਪੰਡਿਤ ਬ੍ਰਿਜ ਲਾਲ ਕੋਲ ਸੰਸਕ੍ਰਿਤ ਅਤੇ ਮੌਲਵੀ ਕੁਤੁਬਦੀਨ ਕੋਲ ਮਸੀਤ ਵਿੱਚ ਫ਼ਾਰਸੀ ਦੀ ਵਿੱਦਿਆ ਗ੍ਰਹਿਣ ਕਰਨ ਲਈ ਭੇਜਿਆ ਗਿਆ ਪਰ ਗੁਰੂ ਸਾਹਿਬ ਨੇ ਦੁਨਿਆਵੀ ਵਿੱਦਿਆ ਗ੍ਰਹਿਣ ਕਰਨ ਨਾਲੋਂ ਅਧਿਆਤਮਕ ਗਿਆਨ ਵਿੱਚ ਜ਼ਿਆਦਾ ਦਿਲਚਸਪੀ ਦਿਖਾਈ ਤੇ ਆਪ ਜ਼ਿਆਦਾਤਰ ਉਦਾਸ ਹੀ ਰਹਿੰਦੇ ਸਨ। ਜਿਸ ਕਾਰਨ ਆਪ ਦੇ ਪਿਤਾ ਹਮੇਸ਼ਾਂ ਹੀ ਚਿੰਤਤ ਰਹਿੰਦੇ ਸਨ। ਜਦ ਉਨ੍ਹਾਂ ਦੇਖਿਆ ਕਿ ਗੁਰੂ ਸਾਹਿਬ ਦਾ ਧਿਆਨ ਪੜ੍ਹਾਈ ਵੱਲ ਨਹੀਂ ਲੱਗ ਰਿਹਾ ਤਾਂ ਉਹਨਾਂ ਗੁਰੂ ਨਾਨਕ ਨੂੰ ਕੰਮ-ਕਾਰ ਵਿੱਚ ਲਗਾਉਣ ਖਾਤਿਰ ਆਪਣੇ ਨਾਲ ਹੀ ਵਣਜ-ਵਪਾਰ ਦਾ ਧੰਦਾ ਕਰਨ ਲਈ ਲਗਾ ਲਿਆ। ਇਕ ਵਾਰ ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਸਾਹਿਬ ਨੂੰ ਵੀਹ ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ। ਰਸਤੇ ਵਿੱਚ ਉਨ੍ਹਾਂ ਨੂੰ ਕੁੱਝ ਭੁੱਖੇ ਸਾਧੂ ਮਿਲ ਗਏ ਤੇ ਉਨ੍ਹਾਂ ਵੀਹ ਰੁਪਈਆਂ ਦਾ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਭੋਜਨ ਖੁਆ ਦਿੱਤਾ ਪਰ ਜਦ ਗੁਰੂ ਸਾਹਿਬ ਵਾਪਿਸ ਘਰ ਪਹੁੰਚੇ ਤਾਂ ਪਿਤਾ ਜੀ ਇਸ ਕੰਮ ਤੋਂ ਬਹੁਤ ਨਰਾਜ਼ ਹੋਏ।

ਜਦ ਗੁਰੂ ਸਾਹਿਬ ਦੀ ਉਮਰ ਨੌਂ ਸਾਲ ਦੀ ਹੋਈ ਤਾਂ ਧਾਰਮਿਕ ਰਸਮਾਂ ਮੁਤਾਬਿਕ ਪੰਡਿਤ ਹਰਿਦਿਆਲ ਜੀ ਨੂੰ ਗੁਰੂ ਜੀ ਨੂੰ ਜਨੇਊ ਧਾਰਨ ਕਰਵਾਉਣ ਸੰਬੰਧੀ ਬੁਲਾਇਆ ਗਿਆ। ਗੁਰੂ ਸਾਹਿਬ ਤਾਂ ਜਨਮ ਤੋਂ ਹੀ ਗਿਆਨੀ ਸਨ ਤੇ ਜਦ ਪੰਡਿਤ ਹਰਿਦਿਆਲ ਜੀ ਗੁਰੂ ਜੀ ਦੇ ਜਨੇਊ ਪਾਉਣ

ਲੱਗੇ ਤਾਂ ਗੁਰੂ ਸਾਹਿਬ ਨੇ ਇਸ ਜਨੇਊ ਦੀ ਨਿਰਾਰਥਕਤਾ ਦਰਸਾਉਂਦੇ ਹੋਏ ਕਿਹਾ ਕਿ ਇਹ ਤਾਂ ਧਾਗੇ ਦਾ ਜਨੇਊ ਹੈ ਜੋ ਮੈਲਾ ਹੋ ਸਕਦਾ ਹੈ, ਟੁੱਟ ਵੀ ਸਕਦਾ ਹੈ ਤੇ ਮਨੁੱਖ ਦੇ ਅੰਤਿਮ ਸਮੇਂ ਇਹ ਸੜ ਵੀ ਜਾਂਦਾ ਹੈ ਜਿਸ ਬਾਰੇ ਗੁਰਬਾਣੀ ਫੁਰਮਾਨ ਹੈ :

*ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥*
*ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥*
*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥*
*ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥*[7]

ਤੇ ਫਿਰ ਕਿਹਾ ਕਿ ਮੈਨੂੰ ਅਜਿਹਾ ਜਨੇਊ ਚਾਹੀਦਾ ਹੈ ਜੋ ਮਨੁੱਖੀ ਜੀਵਨ ਨੂੰ ਹਰ ਪਾਸਿਉਂ ਉੱਚਾ ਸੁੱਚਾ ਉੱਠਾ ਸਕੇ ਤੇ ਸਦੀਵੀ ਤੌਰ ’ਤੇ ਮੇਰੇ ਨਾਲ ਰਹੇ :

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*
*ਨ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥*[8]

ਇਸ ਸਮੇਂ ਮਾਤਾ-ਪਿਤਾ, ਪੰਚਾਇਤ ਤੇ ਸਕੇ ਸਬੰਧੀਆਂ ਦੀਆਂ ਹਾਜ਼ਰੀਆਂ ਵਿੱਚ ਗੁਰੂ ਸਾਹਿਬ ਨੇ ਸਭ ਨੂੰ ਨਿਰੁਤਰ ਕਰ ਦਿੱਤਾ। ਇਸ ਉਪਰੰਤ ਜਦ ਗੁਰੂ ਸਾਹਿਬ ਬਾਰੇ ਦੇਖਿਆ ਗਿਆ ਕਿ ਉਨ੍ਹਾਂ ਦਾ ਧਿਆਨ ਪੜ੍ਹਾਈ ਵੱਲ ਜਾਂ ਕਾਰੋਬਾਰ ਵੱਲ ਕਿਧਰੇ ਵੀ ਨਹੀਂ ਟਿਕ ਰਿਹਾ ਤਾਂ ਉਸ ਸਮੇਂ ਬੇਬੇ ਨਾਨਕੀ ਜੀ ਦੇ ਪਤੀ ਜੈ ਰਾਮ 1484 ਈ: ਵਿੱਚ ਆ ਕੇ ਇਨ੍ਹਾਂ ਨੂੰ ਆਪਣੇ ਨਾਲ ਸੁਲਤਾਨਪੁਰ ਵਿਖੇ ਲੈ ਗਏ[9] ਤੇ ਬਹੁਤ ਯਤਨਾਂ ਸਦਕਾ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿੱਚ ਨੌਕਰੀ ਲਵਾ ਦਿੱਤਾ। ਇਥੇ ਵੀ ਗੁਰੂ ਸਾਹਿਬ ਪਰਮਾਤਮਾ ਦੇ ਰੰਗ ਵਿੱਚ ਰੰਗੇ ਹੋਏ ਖੁੱਲੇ ਹੱਥੀਂ ਤੇਰਾ-ਤੇਰਾ ਉਚਾਰਦੇ ਹੋਏ ਸਾਰੀਆਂ ਚੀਜ਼ਾਂ ਤੋਲ ਕੇ ਲੋਕਾਂ ਨੂੰ ਦੇ ਦਿੰਦੇ ਸਨ ਤੇ ਕਿਸੇ ਨੇ ਇਕ ਦਿਨ ਰਾਇ ਬੁਲਾਰ ਕੋਲ ਜਾ ਕੇ ਸ਼ਿਕਾਇਤ ਕੀਤੀ ਕਿ ਨਾਨਕ ਦੇਵ ਤਾਂ ਸਾਰਾ ਮੋਦੀਖਾਨਾ ਹੀ ਬਿਨ੍ਹਾਂ ਕਿਸੇ ਹਿਸਾਬ ਕਿਤਾਬ ਦੇ ਲੋਕਾਂ ਨੂੰ ਲੁਟਾਈ ਜਾ ਰਹੇ ਹਨ ਤਾਂ ਰਾਇ ਬੁਲਾਰ ਨੇ ਇਸ ਸ਼ਿਕਾਇਤ ਦੀ ਨਿਵ੍ਰਿਤੀ ਹਿਤ ਮੋਦੀਖਾਨੇ ਦਾ ਸਾਰਾ ਹਿਸਾਬ-ਕਿਤਾਬ ਕਰਨ ਲਈ ਕਿਹਾ। ਜਦ ਮੋਦੀਖਾਨੇ ਦਾ ਹਿਸਾਬ ਲਗਾਇਆ ਗਿਆ ਤਾਂ ਕੋਈ ਵੀ ਚੀਜ਼ ਵੱਧ-ਘੱਟ ਨਾ ਨਿਕਲੀ ਸਗੋਂ ਪੂਰੇ ਦਾ ਪੂਰਾ ਹਿਸਾਬ ਇੰਨ-ਬਿੰਨ ਸਹੀ ਨਿਕਲਿਆ। ਇਸ ਉਪਰੰਤ ਭਾਈ ਮਰਦਾਨਾ ਜੀ

ਆਪ ਜੀ ਕੋਲ ਸੁਲਤਾਨਪੁਰ ਵਿਖੇ ਹੀ ਆ ਗਏ। ਆਪ ਜੀ ਦਾ ਪਰਮਾਤਮਾ ਪ੍ਰਤਿ ਅਥਾਹ ਪ੍ਰੇਮ ਅਤੇ ਅਨੰਤ ਵਿਸ਼ਵਾਸ਼ ਸੀ। ਇਸ ਲਈ ਹਮੇਸ਼ਾਂ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ। ਮਰਦਾਨਾ ਰਬਾਬ ਵਜਾਉਂਦਾ ਸੀ ਅਤੇ ਗੁਰੂ ਜੀ ਇਲਾਹੀ ਮਸਤੀ ਵਿੱਚ ਬਾਣੀ ਉਚਾਰਣ ਕਰਦੇ ਸਨ। ਇਥੇ ਹੀ ਕੁਝ ਸਮਾਂ ਬਾਅਦ 1487 ਈ: ਨੂੰ ਆਪ ਜੀ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋ ਗਿਆ । ਆਪ ਜੀ ਦੇ ਘਰ ਦੋ ਪੁੱਤਰਾਂ ਸ੍ਰੀ ਚੰਦ ਤੇ ਲਖਮੀ ਦਾਸ ਦਾ ਜਨਮ ਹੋਇਆ।[10] ਭਾਵੇਂ ਆਪ ਗ੍ਰਹਿਸਥੀ ਬਣ ਗਏ ਸਨ ਪਰ ਲਿਵ ਹਮੇਸ਼ਾਂ ਪਰਮੇਸ਼ਰ ਨਾਲ ਹੀ ਜੁੜੀ ਰਹਿੰਦੀ ਸੀ।

ਸੁਲਤਾਨਪੁਰ ਨੇੜੇ ਹੀ ਵੇਈਂ ਨਦੀ ਵਿੱਚ ਆਪ ਇਸ਼ਨਾਨ ਕਰਨ ਜਾਂਦੇ ਸਨ ਪਰ ਇਕ ਦਿਨ ਜਦ ਵੇਈ ਨਦੀ ਵਿੱਚ ਇਸ਼ਨਾਨ ਕਰਨ ਲਈ ਗਏ ਤਾਂ ਤਿੰਨ ਦਿਨ ਤੱਕ ਬਾਹਰ ਨਾ ਨਿਕਲੇ। ਸਭ ਪਾਸੇ ਘਰ-ਪਰਿਵਾਰ, ਆਂਢ-ਗੁਆਂਢ ਵਿੱਚ ਉਦਾਸੀ ਦਾ ਮਾਹੌਲ ਛਾਇਆ ਹੋਇਆ ਸੀ। ਇਸ ਸਮੇਂ ਦੌਰਾਨ ਗੁਰੂ ਸਾਹਿਬ ਨੂੰ ਪਰਮਾਤਮਾ ਵੱਲੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਅਤੇ ਤੀਸਰੇ ਦਿਨ ਜਦ ਆਪ ਵੇਈ ਨਦੀ ਵਿੱਚੋਂ ਬਾਹਰ ਨਿਕਲੇ ਤਾਂ ਸਭ ਨੂੰ ਇਕ ਪਰਮਾਤਮਾ ਦੀ ਸੰਤਾਨ ਮੰਨਦੇ ਹੋਏ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਆਖ ਕੇ ਲੋਕਾਂ ਨੂੰ ਤੰਗ ਨਜ਼ਰੀਏ ਤੋਂ ਉੱਪਰ ਉੱਠ ਕੇ ਸੱਚਾ ਧਰਮ ਧਾਰਨ ਕਰਨ ਲਈ ਪ੍ਰੇਰਿਤ ਕੀਤਾ।

ਇਸ ਉਪਰੰਤ ਜਦ ਗੁਰੂ ਸਾਹਿਬ ਨੇ ਲੋਕਾਂ ਨੂੰ ਇਕ ਦੂਜੇ ਪ੍ਰਤਿ ਈਰਖਾ ਦੀ ਅੱਗ ਵਿੱਚ ਸੜਦੇ ਵੇਖਿਆ ਤਾਂ ਸਮੁੱਚੀ ਲੋਕਾਈ ਦਾ ਉਧਾਰ ਕਰਨ ਵਾਸਤੇ ਘਰ-ਪਰਿਵਾਰ ਤਿਆਗ ਕੇ ਥਾਂ-ਥਾਂ ਘੁੰਮ ਫਿਰ ਕੇ ਲੋਕਾਂ ਨੂੰ ਸਹੀ ਮਾਰਗ ਸਮਝਾਉਣ ਦਾ ਮਨ ਬਣਾਇਆ। ਇਸ ਲਈ ਸਭ ਤੋਂ ਪਹਿਲਾਂ ਉਨ੍ਹਾਂ ਮੋਦੀਖਾਨੇ ਦਾ ਕੰਮ ਛੱਡ ਦਿੱਤਾ ਅਤੇ ਕੁਰਾਹੇ ਪਈ ਲੋਕਾਈ ਨੂੰ ਸਿੱਧੇ ਰਾਹ ਪਾਉਣ ਲਈ ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਪ੍ਰਚਾਰ ਦੋਰਿਆਂ ਲਈ ਨਿਕਲੇ ਪਏ। ਗੁਰੂ ਸਾਹਿਬ ਦੁਆਰਾ ਆਰੰਭ ਕੀਤੇ ਅਜਿਹੇ ਪ੍ਰਚਾਰ ਦੌਰਿਆਂ ਨੂੰ 'ਉਦਾਸੀਆਂ' ਦਾ ਨਾਮ ਦਿੱਤਾ ਗਿਆ। ਗੁਰੂ ਸਾਹਿਬ ਆਪਣੇ ਇਸ ਮਨੋਰਥ ਲਈ ਭਾਰਤ ਦੀਆਂ ਚੋਹਾਂ ਦਿਸ਼ਾਵਾਂ ਪੂਰਬ, ਪੱਛਮ, ਉੱਤਰ, ਦੱਖਣ ਹਰ ਪਾਸੇ ਪਰਮਾਤਮਾ ਦੇ ਨਾਮ ਦਾ ਡੰਕਾ ਵਜਾਉਣ ਲਈ ਗਏ ਅਤੇ ਰਾਹ ਵਿੱਚ ਪੈਂਦੇ ਹਰ ਪ੍ਰਸਿੱਧ ਧਰਮ ਸਥਾਨਾਂ ਤੋਂ ਹੁੰਦੇ ਉਥੇ ਦੇ ਪ੍ਰਸਿੱਧ ਧਾਰਮਿਕ ਮੁੱਖੀਆਂ, ਪੁਜਾਰੀਆਂ, ਪੀਰਾਂ ਫਕੀਰਾਂ ਨਾਲ ਸੰਵਾਦ ਰਚਾਉਂਦੇ ਹੋਏ ਸਹੀ ਜੀਵਨ ਜਾਚ ਸਿਖਾਈ ਅਤੇ ਉਨ੍ਹਾਂ ਨੂੰ ਆਪਣੇ ਅਨੁਯਾਈ ਬਣਾਇਆ।

ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਪੂਰਬ ਦੇ ਦੇਸ਼ਾਂ ਦੀ ਹੈ। ਇਸ ਉਦਾਸੀ ਦੌਰਾਨ ਗੁਰੂ ਸਾਹਿਬ ਸੁਲਤਾਨਪੁਰ (ਤਲਵੰਡੀ) ਤੋਂ ਚੱਲ ਕੇ ਐਮਾਨਾਬਾਦ, ਲਾਹੌਰ, ਪਾਣੀਪਤ, ਗਯਾ, ਪਟਨਾ (ਬਿਹਾਰ) ਬਨਾਰਸ ਆਦਿ ਥਾਵਾਂ ਤੇ ਘੁੰਮੇ ਫਿਰੇ।[11] ਇਸ ਉਦਾਸੀ ਦੌਰਾਨ ਭਾਈ ਮਰਦਾਨਾ ਜੀ ਗੁਰੂ ਜੀ ਦੇ ਨਾਲ ਸਨ ਤੇ ਲਗਭਗ 12 ਸਾਲ ਬਾਅਦ ਇਸ ਉਦਾਸੀ ਉਪਰੰਤ ਦੇਸ਼ ਵਾਪਿਸ ਆਏ ਸਨ।

ਦੂਸਰੀ ਉਦਾਸੀ ਦਾ ਸਮਾਂ ਜੋ 1510 ਈ: ਤੋਂ 1514 ਈ: ਤੱਕ ਪੰਜ ਸਾਲਾਂ ਦਾ ਹੈ, ਦੌਰਾਨ ਗੁਰੂ ਸਾਹਿਬ ਨੇ ਦੱਖਣ ਵਾਲੇ ਪਾਸੇ ਦੇਸ਼ ਰਟਨ ਕੀਤਾ। ਇਸ ਉਦਾਸੀ ਦੌਰਾਨ ਗੁਰੂ ਸਾਹਿਬ ਸਰਸਾ, ਬੀਕਾਨੇਰ, ਜੈਪੁਰ, ਜੋਧਪੁਰ, ਅਜਮੇਰ, ਉਜੈਨ, ਲੋਧੀਪੁਰ, ਮਦਰਾਸ, ਸੰਗਲਾਦੀਪ ਆਦਿ ਥਾਵਾਂ ’ਤੇ ਗਏ[12] ਅਤੇ ਮਨੁੱਖ ਨੂੰ ਇਕ ਪਰਮੇਸ਼ਰ ਨਾਲ ਜੋੜਨ ਦਾ ਰਾਹ ਦਰਸਾਇਆ।

ਗੁਰੂ ਸਾਹਿਬ ਆਪਣੀ ਤੀਸਰੀ ਉਦਾਸੀ (1515 ਈ: ਤੋਂ 1518 ਈ:) ਦੌਰਾਨ ਪ੍ਰਚਾਰ ਦੌਰਿਆਂ ਲਈ ਉਤਰਾਖੰਡ ਵਾਲੇ ਪਾਸੇ ਗਏ। ਇਸ ਸਮੇਂ ਗੁਰੂ ਸਾਹਿਬ ਕਸ਼ਮੀਰ ਤੋਂ ਹੁੰਦੇ ਹੋਏ ਉਤਰਾਖੰਡ ਦੀਆਂ ਘਾਟੀਆਂ ਵਿੱਚ ਗਏ। ਗਿਆਨੀ ਗਿਆਨ ਸਿੰਘ ਅਨੁਸਾਰ ਇਸ ਸਮੇਂ ਦੌਰਾਨ ਗੁਰੂ ਸਾਹਿਬ ਤਲਵੰਡੀਉਂ ਕਲਾਨੌਰ, ਗੁਰਦਾਸਪੁਰ, ਦਸੂਹੇ, ਕੋਟਲੇ, ਤਿਲੋਕਨਾਥ, ਪਾਲਮਪੁਰ, ਘੁੜੇਰਨ, ਕਾਂਗੜਾ, ਜੁਆਲਾਮੁਖੀ, ਸੁਕੇਤ ਮੰਡੀ, ਰਵਾਲਸਰ, ਚੰਬਾ, ਕੀਰਤਪੁਰ, ਪਿੰਜੌਰ, ਸ਼ਿਮਲਾ, ਦੇਹਰਾਦੂਨ, ਮਨਸੂਰੀ, ਬਦਰੀਨਾਥ, ਸਪਤਸ੍ਰਿੰਗ ਤੋਂ ਹੁੰਦੇ ਹੋਏ ਸੁਮੇਰ ਪਰਬਤ ’ਤੇ ਪਹੁੰਚੇ।[13] ਉੱਥੇ ਗੁਰੂ ਸਾਹਿਬ ਨੇ ਗੋਰਖ ਨਾਥ, ਗੋਪੀ ਚੰਦ, ਰਾਜਾ ਭਰਥਰੀ ਹਰੀ, ਚਰਪਟ ਨਾਥ ਆਦਿ ਸਿੱਧਾਂ ਨਾਲ ਗੋਸ਼ਟਿ ਕੀਤੀ।

ਇਸ ਤੋਂ ਉਪਰੰਤ ਚੌਥੀ ਉਦਾਸੀ (1519ਤੋਂ 1524) ਜੋ ਕਿ ਪੱਛਮ ਦੀ ਉਦਾਸੀ ਦੇ ਨਾਲ ਜਾਣੀ ਜਾਂਦੀ ਹੈ। ਇਸ ਉਦਾਸੀ ਦੌਰਾਨ ਗੁਰੂ ਸਾਹਿਬ ਉੱਚ, ਹੜੱਪਾ, ਜਿਹਲਮ, ਅਜ਼ਰਬਾਈਜ਼ਾਨ, ਗਜ਼ਨੀ, ਕੰਧਾਰ, ਕਾਬਲ, ਜਲਾਲਾਬਾਦ, ਪਿਸ਼ਾਵਰ ਤੋਂ ਹੁੰਦੇ ਹੋਏ ਵਾਪਸ ਕਰਤਾਰਪੁਰ ਪਹੁੰਚ ਗਏ।[14] ਇਸ ਤੋਂ ਬਾਅਦ ਗੁਰੂ ਸਾਹਿਬ ਨੇ ਆਪਣੇ ਜੀਵਨ ਦਾ ਬਾਕੀ ਸਮਾਂ ਕਰਤਾਰਪੁਰ ਵਿੱਚ ਹੀ ਬਤੀਤ ਕੀਤਾ। ਇਥੇ ਹੀ ਉਹ ਸਿੱਖ ਸੰਗਤਾਂ ਨੂੰ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੰਦੇ ਰਹੇ। ਇਸੇ ਸਥਾਨ ਤੇ ਉਹਨਾਂ ਸੰਗਤਾਂ ਨੂੰ ਕਿਰਤ ਕਰਨ, ਵੰਡ ਛੱਕਣ ਤੇ ਨਾਮ ਜਪਣ ਜਿਹੇ ਸਿਧਾਂਤਾਂ ਨੂੰ ਅਮਲੀ ਰੂਪ ਵਿੱਚ ਆਪਣੇ ਜੀਵਨ ਵਿੱਚ ਧਾਰਨ ਕਰਨ ਦਾ ਉਪਦੇਸ਼ ਦਿੱਤਾ ਅਤੇ ਗੁਰੂ ਜੋਤ ਦਾ ਪ੍ਰਕਾਸ਼ ਆਪਣੇ ਅਨਿਨ ਸੇਵਕ ਭਾਈ ਲਹਿਣਾ ਨੂੰ ਆਪਣਾ ਅੰਗ ਜਾਣਦੇ ਹੋਏ ‘ਗੁਰੂ ਅੰਗਦ ਸਾਹਿਬ’ ਦੇ ਰੂਪ ਵਿੱਚ

ਪ੍ਰਗਟ ਕੀਤਾ ਅਤੇ ਉਨ੍ਹਾਂ ਨੂੰ ਦੂਜੇ ਗੁਰੂ ਹੋਣ ਦਾ ਮਾਣ ਬਖਸ਼ਦਿਆਂ ਗੁਰੂਤਾ-ਗੱਦੀ ਦੇ ਵਾਰਿਸ ਥਾਪਿਆ। ਇਸ ਤੋਂ ਉਪਰੰਤ ਜਲਦੀ ਹੀ 1539 ਈ: ਵਿੱਚ ਕਰਤਾਰਪੁਰ ਵਿੱਚ ਹੀ ਜੋਤੀ-ਜੋਤ ਸਮਾ ਗਏ।[15]

ਗੁਰੂ ਨਾਨਕ ਦੇਵ ਜੀ ਨੇ ਧਰਤ ਲੁਕਾਈ ਤੱਕ ਪਹੁੰਚਣ ਤੇ ਉਨ੍ਹਾਂ ਨੂੰ ਸੋਧਨ ਦਾ ਜਿਹੜਾ ਤਰੀਕਾ ਚੁਣਿਆ ਉਹ ਵੀ ਬੜਾ ਰੌਚਕ ਤੇ ਸਾਰਥਿਕ ਸੀ। ਪਹਿਲੀ ਉਦਾਸੀ ਦੀ ਯਾਤਰਾ ਆਰੰਭ ਕਰਨ ਵੇਲੇ ਹੀ ਗੁਰੂ ਨਾਨਕ ਦੇਵ ਜੀ ਨੇ ਤੀਰਥਾਂ 'ਤੇ ਜਾਣ ਦਾ ਨਿਰਣਾ ਲਿਆ। ਕਿਉਂਕਿ ਭਾਰਤੀ ਤੀਰਥਾਂ ਉੱਤੇ ਹੀ ਲੋਕਾਂ ਦਾ ਧਰਮ, ਆਚਾਰ-ਵਿਹਾਰ ਤੇ ਵਿਸ਼ਵਾਸ਼ ਪਰੰਪਰਾ ਵੱਸਦੀ ਸੀ। ਗੁਰੂ ਜੀ ਆਪਣੀ ਭਾਰਤੀ ਯਾਤਰਾ ਦੌਰਾਨ ਸਾਰੇ ਤੀਰਥਾਂ ਤੇ ਗਏ। ਭਾਈ ਗੁਰਦਾਸ ਜੀ ਪਹਿਲੀ ਵਾਰ ਵਿੱਚ ਜ਼ਿਕਰ ਕਰਦੇ ਹਨ :

*ਬਾਬਾ ਆਇਆ ਤੀਰਥੈ*
*ਤੀਰਥ ਪੁਰਬ ਸਭੇ ਫਿਰਿ ਦੇਖੈ॥*[16]

ਤੀਰਥਾਂ ਤੇ ਜਾ ਕੇ ਗੁਰੂ ਜੀ ਨੇ ਦੇਖਿਆ ਕਿ ਧਰਮ ਕਰਮ, ਆਚਾਰ ਵਿਹਾਰ ਤੇ ਭੇਖ ਦਾ ਵਰਤਾਰਾ ਸਭ ਪਾਸੇ ਹੈ। ਪਰ ਧਰਮ ਕਰਮ ਵਿੱਚ ਜਿਹੜਾ ਭਾਉ, ਪ੍ਰੇਮ ਚਾਹੀਦਾ ਹੈ ਉਹ ਕਿਧਰੇ ਵੀ ਨਹੀਂ। ਆਚਾਰ, ਵਿਹਾਰ ਵਿੱਚ ਨਿਮਰਤਾ ਅਤੇ ਮਿੱਠਤ ਦਾ ਗੁਣ ਵੀ ਕਿਧਰੇ ਨਜ਼ਰ ਨਹੀਂ ਸੀ ਆਉਂਦਾ। ਭੇਖ ਪੌਸ਼ਾਕ ਪਿਛੇ ਜਿਹੜਾ ਤਿਆਗ ਤੇ ਕੁਰਬਾਨੀ ਦਾ ਜਜ਼ਬਾ ਚਾਹੀਦਾ ਸੀ, ਉਹ ਵੀ ਕਿਧਰੇ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੇ ਧਰਮ ਦਾ ਅਧਾਰ ਪ੍ਰੇਮ ਸੀ। ਜੇ ਧਰਮ ਵਿੱਚ ਪ੍ਰੇਮ, ਪਿਆਰ ਤੇ ਮਿਲਾਪ ਨਹੀਂ ਤਾਂ ਧੋਖਾ ਹੈ। ਗੁਰੂ ਜੀ ਨੇ ਤੀਰਥਾਂ ਉੱਤੇ ਵੱਸਦੀ ਲੋਕਾਈ ਨੂੰ ਧਰਮ ਆਚਾਰ -ਵਿਹਾਰ ਸਮਝਾ ਬੁਝਾ ਕੇ ਸੋਧਣ ਦਾ ਯਤਨ ਕੀਤਾ ਅਤੇ ਬਾਹਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਬਜਾਇ ਪਰਮਾਤਮਾ ਦੇ ਨਾਮ ਰਸ ਵਿੱਚ ਇਸ਼ਨਾਨ ਕਰਨ ਲਈ ਪ੍ਰੇਰਿਤ ਕੀਤਾ। ਗੁਰੂ ਸਾਹਿਬ ਨੇ ਮਾਨਵਤਾ ਨੂੰ ਸੁਚੱਜੀ ਜੀਵਨ ਜਾਚ ਦਾ ਰਾਹ ਅਪਣਾਉਣ ਅਤੇ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੱਤਾ।

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*[17]

*ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ॥*
*ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ॥*[18]

*ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥*
*ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥*[19]

ਇਨ੍ਹਾਂ ਯਾਤਰਾਵਾਂ ਦੇ ਦੌਰਾਨ ਹੀ ਗੁਰੂ ਸਾਹਿਬ ਦਾ ਮਿਲਾਪ ਸਿੱਧਾਂ ਤੇ ਜੋਗੀਆਂ ਨਾਲ ਹੋਇਆ। ਇਸ ਮਿਲਾਪ ਦੌਰਾਨ ਉਨ੍ਹਾਂ ਦੇ ਸਿੱਧਾਂ ਤੇ ਜੋਗੀਆਂ ਵਿਚਕਾਰ ਬੜੇ ਪ੍ਰਸ਼ਨ ਉੱਤਰ ਹੋਏ। ਗੁਰੂ ਨਾਨਕ ਦੇਵ ਜੀ ਦੇ ਸਹਿਜ ਮਾਰਗ ਅਤੇ ਜੋਗੀਆਂ ਦੇ ਹੱਠ ਮਾਰਗ ਦਾ ਵੀ ਬੜੀ ਗੰਭੀਰਤਾ ਤੇ ਤਰਕ ਨਾਲ ਵਿਸ਼ਲੇਸ਼ਣ ਹੋਇਆ। ਅੰਤ ਜੀਵਨ ਤੇ ਸਮਾਜ ਵਾਸਤੇ ਸਹਿਜ ਮਾਰਗ ਹੀ ਉੱਤਮ ਸਮਝਦੇ ਹੋਏ ਜੋਗੀਆਂ ਨੇ ਹੱਠ ਮਾਰਗ ਤਿਆਗ ਕੇ ਸਹਿਜ ਮਾਰਗ ਗ੍ਰਹਿਣ ਕਰ ਲਿਆ ਤੇ ਲੋਕਾਈ ਦੇ ਸੁਧਾਰ ਤੇ ਉਧਾਰ ਵਿੱਚ ਉਹ ਵੀ ਹਿੱਸਾ ਪਾਉਣ ਲੱਗੇ :

*ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥*
*ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥*
*ਗਲੀ ਜੋਗੁ ਨ ਹੋਈ॥*
*ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥*[20]

*ਸੋ ਜੋਗੀ ਜੋ ਜੁਗਤਿ ਪਛਾਣੈ ॥*
*ਗੁਰ ਪਰਸਾਦੀ ਏਕੋ ਜਾਣੈ ॥*[21]

ਆਪਣੇ ਪ੍ਰਚਾਰ ਦੌਰਿਆਂ ਦੌਰਾਨ ਗੁਰੂ ਨਾਨਕ ਦੇਵ ਜੀ ਇਸਲਾਮੀ ਧਰਮ ਕੇਂਦਰਾਂ ਵੱਲ ਵੀ ਗਏ। ਬਾਬਰ ਹਮਲੇ ਵੇਲੇ ਜਿਵੇਂ ਭਾਰਤੀ ਹਿੰਦੂਆਂ ਨਾਲ ਗੁਰੂ ਨਾਨਕ ਜੀ ਨੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਸੀ ਬਿਲਕੁਲ ਉਸੇ ਭਾਵਨਾ ਵਿੱਚ ਭਾਰਤ ਵਿੱਚ ਰਹਿੰਦੀਆਂ ਪਠਾਣੀਆਂ ਤੇ ਮੁਸਲਮਾਨੀਆਂ ਦੀ ਬੇਪੱਤੀ ਵੇਲੇ ਵੀ ਉਨ੍ਹਾਂ ਨੇ ਖੂਨ ਦੇ ਸੋਹਿਲੇ ਗਾਏ ਸਨ।[22] ਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਜਾਤ-ਪਾਤ ਪ੍ਰਤੀ ਕੋਈ ਫਰਕ ਨਹੀਂ ਸੀ। ਜਿੱਥੇ ਉਹ ਹਿੰਦੂਆ ਲਈ ਗੁਰੂ ਦਾ ਦਰਜਾ ਰੱਖਦੇ ਸਨ ਉੱਥੇ ਮੁਸਲਮਾਨਾਂ ਲਈ ਪੀਰ ਦਾ ਦਰਜਾ ਵੀ ਰੱਖਦੇ ਸਨ।ਗੁਰੂ ਸਾਹਿਬ ਦਾ ਤਾਂ ਮੁੱਖ ਉਦੇਸ਼ ਉਨ੍ਹਾਂ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉੱਪਰ ਉਠਾ ਕੇ ਸਚਿਆਰ ਬਣਾਉਣ ਦਾ ਸੀ। ਇਸ ਲਈ ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਮੱਕਾ ਤੇ ਬਗਦਾਦ ਵੀ ਗਏ। ਗੁਰੂ ਜੀ ਨੇ ਪੀਰ ਦਸਤਗੀਰ ਤੇ ਹੋਰ ਮੁੱਲਾਂ ਮੁੱਲਾਣਿਆਂ ਨਾਲ ਉਨ੍ਹਾਂ ਨੂੰ ਕੁਰਾਨ ਦੀ ਸਹੀ ਸਿੱਖਿਆ ਦੀ ਪਛਾਣ ਵੀ ਕਰਵਾਈ ਸੀ:

*ਮਿਹਰ ਮਸੀਤ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥*
*ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥*
*ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥*[23]

ਗੁਰੂ ਜੀ ਆਪਣੀ ਸਮੁੱਚੀ ਯਾਤਰਾ ਦੇ ਦੌਰਾਨ ਪੂਰੀ ਤਰ੍ਹਾਂ ਸਮਦ੍ਰਿਸ਼ਟ ਤੇ ਨਿਆਸ਼ੀਲ ਰਹੇ। ਉਹ ਨਾ ਕਿਸੇ ਕੋਲੋਂ ਡਰੇ, ਨਾ ਹੀ ਕਿਸੇ ਨੂੰ ਡਰਾਇਆ। ਸੱਚੇ ਨਾਮ ਤੋਂ ਬਿਨ੍ਹਾਂ ਉਨ੍ਹਾਂ ਨੇ ਨਾ ਤਾਂ ਕਸਾਈ ਰਾਜਿਆਂ ਦੀ ਪ੍ਰਵਾਹ ਕੀਤੀ ਤੇ ਨਾ ਹੀ ਬਾਬਰ ਵਰਗੇ ਜਾਬਰਾਂ ਦੀ। ਰਾਜਿਆਂ ਨੂੰ ਸ਼ੀਹ ਤੇ ਮੁਕਦਮਾਂ ਨੂੰ ਕੁੱਤੇ ਤੱਕ ਆਖਿਆ।[24] ਸਭਿਆਚਾਰਕ ਗੁਲਾਮੀ ਦਾ ਡਟ ਕੇ ਵਿਰੋਧ ਕੀਤਾ। ਯਾਤਰਾਵਾਂ ਸਮੇਂ ਉਨ੍ਹਾਂ ਨੂੰ ਕਿਸੇ 'ਬੇਤਾਲਾ' ਕਿਹਾ ਕਿਸੇ ਨੇ 'ਬਉਰਾਨਾ' ਕਿਸ ਨੇ 'ਭੂਤਨਾਂ'। ਗੁਰੂ ਜੀ ਨੇ ਆਪਣੇ ਆਪ ਨੂੰ 'ਭਇਆ ਦਿਵਾਨਾ ਸਾਹ ਕਾ' ਕਹਿ ਕੇ ਜਿਥੇ ਧਰਤ ਲੁਕਾਈ ਨੂੰ ਸੱਚ ਦੀ ਬਾਣੀ ਸੁਣਾ ਕੇ ਪੂਰੀ ਤਰ੍ਹਾਂ ਸੋਧਿਆ, ਉਥੇ ਹਿੰਦੋਸਤਾਨ ਦੇ ਗੋਰਵ ਨੂੰ ਵੀ ਵਧਾਇਆ

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ॥*
*ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥*[25]

ਕਰਤਾਰਪੁਰ ਵਿਚ ਰਹਿੰਦਿਆਂ ਗੁਰੂ ਸਾਹਿਬ ਨੇ ਬਹੁਤ ਸਾਰੇ ਅਹਿਮ ਕਾਰਜ ਕੀਤੇ ਜਿਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਤੇ ਪਰਿਪੱਕ ਕਾਰਜ ਉਨ੍ਹਾਂ ਵੱਲੋਂ ਬਾਣੀ ਰਚਨਾ ਦਾ ਸੀ। ਗੁਰੂ ਸਾਹਿਬ ਨੇ ਬਹੁਤ ਸਾਰੀ ਬਾਣੀ ਰਚੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਸਾਹਿਬ ਦੁਆਰਾ 19 ਰਾਗਾਂ ਵਿੱਚ ਰਚਿਤ ਬਾਣੀ ਮਿਲਦੀ ਹੈ। ਇਸ ਤੋਂ ਇਲਾਵਾ ਰਾਗ ਰਹਿਤ ਬਾਣੀ ਵੀ ਆਪ ਜੀ ਦੁਆਰਾ ਰਚੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਪੁਜੀ ਸਾਹਿਬ, ਸਿੱਧ ਗੋਸਟਿ, ਬਾਰਹਮਾਹਾ ਤੁਖਾਰੀ, ਕੁਚੱਜੀ, ਸੁਚੱਜੀ, ਪਹਰੇ, ਥਿਤੀ, ਅਲਾਹੁਣੀਆਂ, ਆਸਾ ਦੀ ਵਾਰ, ਮਾਝ ਕੀ ਵਾਰ, ਵਾਰ ਮਾਲਰ ਆਪ ਦੁਆਰਾ ਰਚਿਤ ਪ੍ਰਮੁੱਖ ਬਾਣੀਆਂ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

| ਨੰ | ਰਾਗ | ਪਦੇ | ਅਸਟਪ ਦੀਆਂ | ਛੰਤ | ਹੋਰ ਰਚਨਾਵਾਂ | ਸਲੋਕ | ਪਉੜੀਆਂ (ਵਾਰਾਂ ਵਿੱਚ) |
|---|---|---|---|---|---|---|---|
| 1. | ਸਿਰੀਰਾਗ | 33 | 18 | – – | ਪਹਰੇ (2) | 7 | – |
| 2. | ਮਾਝ | – | 1 | – | – | 46 | 27 |
| 3. | ਗਉੜੀ | 20 | 18 | 2 | – | – | – |
| 4. | ਆਸਾ | 39 | 22 | 5 | ਪੱਟੀ (35 ਪਦੇ) | 44 | 24 |
| 5. | ਗੂਜਰੀ | 2 | 5 | – | – | – | – |
| 6. | ਵਡਹੰਸ | 3 | 2 | – | ਅਲਾਹਣੀਆ(5) | 3 | – |
| 7. | ਸੋਰਠਿ | 12 | 4 | – | – | 2 | – |
| 8. | ਧਨਾਸਰੀ | 9 | 2 | 3 | – | – | – |
| 9. | ਤਿਲੰਗ | 5 | 1 | – | – | – | – |
| 10. | ਸੂਹੀ | 9 | 5 | 5 | ਕੁਚੱਜੀ, ਸੁਚੱਜੀ | 21 | – |
| 11. | ਬਿਲਾਵਲ | 4 | 2 | 2 | ਥਿਤੀ (20 ਪਦੇ) | 2 | – |
| 12. | ਰਾਮਕਲੀ | 11 | 9 | | ਦੱਖਣੀ ਓਅੰਕਾਰ (54ਪਦੇ),ਸਿਧ ਗੋਸਟਿ(73 ਪਦੇ) | 19 | – |
| 13. | ਮਾਰੂ | 12 | 11 | – | ਸੋਲਹੇ | 20 | – |
| 14. | ਤੁਖਾਰੀ | – | – | 5 | ਬਾਰਹਮਾਹਾ ਤੁਖਾਰੀ | – | – |
| 15. | ਭੈਰਉ | 8 | 1 | – | – | – | – |
| 16. | ਬਸੰਤ | 10 | 8 | – | – | – | – |
| 17. | ਸਾਰੰਗ | 3 | 2 | – | – | 33 | – |
| 18. | ਮਲਾਰ | 9 | 5 | – | – | 24 | 27 |
| 19. | ਪ੍ਰਭਾਤੀ | 17 | 7 | | | | |

ਆਪ ਜੀ ਦੀਆਂ ਰਚਿਤ ਬਾਣੀਆਂ ਦਾ ਕੁੱਲ ਜੋੜ 958 ਹੈ।[26] ਜਿਨ੍ਹਾਂ ਵਿੱਚੋਂ ਜਪੁਜੀ, ਸਿੱਧ ਗੋਸਟਿ, ਓਅੰਕਾਰਿ, ਪੱਟੀ, ਬਾਰਹਾਮਾਹਾ ਅਤੇ ਥਿਤੀ ਵੱਡ ਅਕਾਰੀ ਬਾਣੀਆਂ ਹਨ। ਪਹਰੇ, ਅਲਾਹੁਣੀਆਂ ਆਰਤੀ, ਕੁਚੱਜੀ, ਸੁਚੱਜੀ ਲਘੂ-ਅਕਾਰੀ ਬਾਣੀਆਂ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਦੁਆਰਾ ਤਿੰਨ ਵਾਰਾਂ ਆਸਾ ਦੀ ਵਾਰ, ਮਾਝ ਕੀ ਵਾਰ ਅਤੇ ਵਾਰ ਮਲਾਰ ਦੀ ਰਚਨਾ ਹੋਈ ਮਿਲਦੀ ਹੈ।

ਗੁਰੂ ਨਾਨਕ ਦੇਵ ਜੀ ਅਧਿਆਤਮਕ ਰਹਿਨੁਮਾ ਸਨ। ਆਪਣੀ ਬਾਣੀ ਵਿੱਚ ਉਨ੍ਹਾਂ ਨੇ ਸਮਾਜਿਕ, ਧਾਰਮਿਕ, ਰਾਜਨੀਤਿਕ ਪਰਸਥਿਤੀਆਂ ਦਾ ਜ਼ਿਕਰ ਕਰਦੇ ਹੋਏ ਇਕ ਸਵੱਛ ਅਤੇ ਕਲਿਆਣਕਾਰੀ ਸਮਾਜ ਦੀ ਪੇਸ਼ਕਾਰੀ ਕੀਤੀ ਹੈ। ਉਹਨਾਂ ਮਨੁੱਖ ਨੂੰ ਅਸਲ ਮਨੋਰਥ ਬਾਰੇ ਵੀ ਜਾਗਰੁਕ ਕੀਤਾ ਹੈ। ਗੁਰੂ ਸਾਹਿਬ ਦੁਆਰਾ ਜੀਵਨ ਮਨੋਰਥ ਦੀ ਪ੍ਰਾਪਤੀ ਦਾ ਰਾਹ ਸੰਸਾਰ ਤਿਆਗ ਨਹੀਂ ਬਲਕਿ ਉਨ੍ਹਾਂ ਅਨੁਸਾਰ ਗ੍ਰਹਿਸਥ ਵਿੱਚ ਵਿਚਰਦਿਆਂ, ਸੰਸਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਵੀ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਕਿਉਂਕਿ ਪਰਵਿਰਤੀ ਮਾਰਗ ਹੀ ਮਨੁੱਖ ਨੂੰ ਯਥਾਰਥਕਤਾ ਦੀ ਪਹਿਚਾਣ ਕਰਵਾਉਂਦਿਆਂ ਅਧਿਆਤਮਕਤਾ ਦਾ ਰਾਹ ਉਲੀਕਦਾ ਹੈ। ਉਨ੍ਹਾਂ ਅਨੁਸਾਰ ਉਹ ਮਨੁੱਖ ਹੀ ਸੱਚਾ ਬੈਰਾਗੀ ਹੈ ਜਿਸਨੇ ਸੰਸਾਰ ਵਿੱਚ ਕਮਲ ਫੁੱਲ ਦੀ ਤਰ੍ਹਾਂ ਨਿਰਲੇਪ ਰਹਿ ਕੇ, ਜੀਵਨ ਦੇ ਸੁੱਖਾਂ ਵਿੱਚ ਖੰਚਿਤ ਹੋਣ ਦੀ ਬਜਾਏ, ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਵੀ ਆਪਣੇ ਹਿਰਦੇ ਵਿੱਚ ਪਰਮਾਤਮਾ ਦੇ ਸੱਚੇ ਸ਼ਬਦ(ਨਾਮ) ਦੀ ਪਛਾਣ ਕਰ ਲਈ ਹੈ। ਗੁਰੂ ਜੀ ਫਰਮਾਉਂਦੇ ਹਨ:-

*ਸੋ ਗਿਰਹੀ ਸੋ ਦਾਸੁ ਉਦਾਸੀ*
*ਜਿਨਿ ਗੁਰਮੁਖਿ ਆਪੁ ਪਛਾਣਿਆ॥*
*ਨਾਨਕ ਕਹੈ ਅਵਰੁ ਨਹੀ ਦੂਜਾ*
*ਸਾਚੁ ਸਬਦਿ ਮਨੁ ਮਾਨਿਆ॥*[27]

ਗੁਰੂ ਸਾਹਿਬ ਮਨੁੱਖ ਨੂੰ ਬਾਹਰੀ ਦਿਖਾਵਿਆਂ ਨਾਲੋਂ ਅੰਦਰ ਦੀ ਪਵਿੱਤਰਤਾ ਦਾ ਮਾਰਗ ਦਰਸਾਉਂਦੇ ਹਨ ਕਿਉਂਕਿ ਪਰਮਾਤਮਾ ਕਦੇ ਬਾਹਰੀ ਭੇਖ, ਪਹਿਰਾਵਿਆਂ ਜਾਂ ਪਾਖੰਡਾਂ ਨਾਲ ਕਦੇ ਵੀ ਨਹੀਂ ਖੁਸ਼ ਨਹੀਂ ਹੁੰਦਾ ਤੇ ਇਨ੍ਹਾਂ ਭੇਖ, ਪਹਿਰਾਵਿਆਂ ਸਦਕਾ ਮਨੁੱਖ ਦੇ ਅਧਿਆਤਮਕ ਰਸਤੇ ਵਿੱਚ ਰੁਕਾਵਟ ਪੈਦਾ ਹੁੰਦੀ ਹੈ ਤੇ ਮਨੁੱਖ ਇਨ੍ਹਾਂ ਬਾਹਰੀ ਚਿੰਨ੍ਹਾਂ ਜਾਂ ਪਹਿਰਾਵਿਆਂ ਨੂੰ ਧਾਰਨ ਕਰਕੇ ਸਰੀਰਕ ਤੌਰ 'ਤੇ ਦੁੱਖ ਸਹਾਰਦਾ ਹੈ ਤੇ ਨਾਲ ਹੀ ਉਸ ਵਿੱਚ ਹਉਮੇ ਦਾ ਵਾਸਾ ਵੀ ਹੁੰਦਾ ਹੈ ਜਿਸ ਸਦਕਾ ਉਸਦਾ ਪਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ :

*ਬਹੁ ਭੇਖ ਕੀਆ ਦੇਹੀ ਦੁਖੁ ਦੀਆ*

*ਸਹੁ ਵੇ ਜੀਆ ਆਪਣਾ ਕੀਆ॥*[28]

ਤੇ ਫਿਰ ਫੁਰਮਾਉਂਦੇ ਹਨ ਕਿ ਸੱਚੇ ਮਨ ਨਾਲ ਜੇ ਪਰਮਾਤਮਾ ਦਾ ਨਾਮ ਨਹੀਂ ਜਪਿਆ ਤਾਂ ਮਨੁੱਖ ਵਿੱਚੋਂ ਨਾ ਤਾਂ ਹੰਕਾਰ ਦਾ ਖਾਤਮਾ ਹੁੰਦਾ ਹੈ ਤੇ ਨਾ ਹੀ ਆਤਮਿਕ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ

*ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰ ਭਰਨ ਕੈ ਤਾਈ॥*

*ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ॥*[29]

ਗੁਰੂ ਸਾਹਿਬ ਅਜਿਹਾ ਵਿਅੰਗ ਉਨ੍ਹਾਂ ਲੋਕਾਂ ਤੇ ਕੱਸਦੇ ਹਨ ਜੋ ਕਿ ਆਪਣੇ ਆਪ ਨੂੰ ਧਾਰਮਿਕ ਆਗੂ ਕਹਾਉਂਦੇ ਹਨ, ਪਰ ਪਰਮਾਤਮਾ ਦੇ ਗਿਆਨ ਤੋਂ ਬਿਲਕੁਲ ਕੋਰੇ ਹੁੰਦੇ ਹਨ। ਸਮਾਜ ਵਿੱਚ ਉੱਚ ਪਦਵੀਂ ਦੇ ਹੱਕਦਾਰ ਹੋਣ ਕਰਕੇ ਉਨ੍ਹਾਂ ਦਾ ਆਪਣਾ ਜੀਵਨ ਤਾਂ ਭ੍ਰਿਸ਼ਟ ਹੋ ਚੁੱਕਾ ਹੁੰਦਾ ਹੈ ਤੇ ਆਪਣੇ ਤੋਂ ਨੀਵੇਂ ਲੋਕਾਂ ਨੂੰ ਉਹ ਤਸੀਹੇ ਦੇਣ ਤੋਂ ਕਤਰਾਉਂਦੇ ਨਹੀਂ। ਧਾਰਮਿਕ ਗ੍ਰੰਥਾਂ ਦੇ ਪਠਨ-ਪਾਠਨ ਦਾ ਕਾਰਜ ਵੀ ਉਹੀ ਕਰਦੇ ਸਨ ਤੇ ਨੀਵੀਂ ਜਾਤ ਵਾਲਿਆਂ ਨੂੰ ਧਾਰਮਿਕ ਗ੍ਰੰਥਾਂ ਤੋਂ ਪਾਠ ਕਰਨਾ ਤਾਂ ਦੂਰ, ਧਾਰਮਿਕ ਅਸਥਾਨਾਂ ਦੇ ਨੇੜਿਉਂ ਵੀ ਲੰਘਣ ਦੀ ਮਨਾਹੀ ਸੀ। ਇਥੋਂ ਤੱਕ ਕਿ ਬ੍ਰਾਹਮਣ ਦਾ ਕਿਰਦਾਰ ਇਹੋ ਜਿਹਾ ਸੀ ਕਿ ਲਾਲਚ ਵੱਸ ਉਹ ਆਮ ਭੋਲੀ-ਭਾਲੀ ਜਨਤਾ ਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਕੁਰਾਹੇ ਪਾ ਰਹੇ ਸਨ ਪਰ ਗੁਰੂ ਨਾਨਕ ਸਾਹਿਬ ਨੇ ਬ੍ਰਾਹਮਣਾਂ ਦੇ ਅਜਿਹੇ ਕਿਰਦਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ:

*ਸੁਣਿ ਪੰਡਿਤ ਕਰਮਾ ਕਾਰੀ॥*
*ਜਿਤੁ ਕਰਮਿ ਸੁਖਿ ਉਪਜੈ ਭਾਈ ਸੁ ਆਤਮ ਤਤੁ ਬੀਚਾਰੀ॥ ਰਹਾਉ ॥*
*ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥*
*ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥*
*ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥*[30]

ਗੁਰੂ ਸਾਹਿਬ ਅਨੁਸਾਰ ਤਾਂ ਧਾਰਮਿਕ ਆਗੂ ਹੁੰਦੇ ਹੋਏ ਬ੍ਰਾਹਮਣ ਦਾ ਸਮਾਜ ਵਿੱਚ ਅਤਿ ਸਤਿਕਾਰਯੋਗ ਰੁਤੱਬਾ ਹੁੰਦਾ ਹੈ। ਇਸ ਲਈ ਉਸਨੂੰ ਉੱਚ ਆਚਰਣ ਦਾ ਧਾਰਨੀ ਹੋ ਕੇ ਸੱਚੀ-ਸੁੱਚੀ ਜੀਵਨ ਜਾਚ ਦਾ ਧਾਰਨੀ ਹੋਣਾ ਚਾਹੀਦਾ ਹੈ ਤੇ ਨਾਲ ਹੀ ਉਸ ਦਾ ਕਿਰਦਾਰ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਆਪ ਤਾਂ ਪਰਮਾਤਮਾ ਦੇ ਗਿਆਨ ਨਾਲ ਭਰਪੂਰ ਹੋਵੇ ਤੇ ਆਪਣੇ ਜੀਵਨ ਮਨੋਰਥ ਨੂੰ

ਪਹਿਚਾਣਦੇ ਹੋਏ ਉਸਨੂੰ ਸਮੁੱਚੀ ਲੋਕਾਈ ਨੂੰ ਵੀ ਇਸ ਦਾ ਗਿਆਨ ਦੇਣਾ ਚਾਹੀਦਾ ਹੈ। ਉਹੀ ਬ੍ਰਾਹਮਣ ਸਹੀ ਸ਼ਬਦਾਂ ਵਿੱਚ ਬ੍ਰਾਹਮਣ ਹੁੰਦਾ ਹੈ ਤੇ ਸਮਾਜ ਵਿੱਚ ਉਸਦੀ ਹਸਤੀ ਪੂਜਣਯੋਗ ਹੁੰਦੀ ਹੈ।

*ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥*
*ਸੀਲ ਸੰਤੋਖ ਨਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥*
*ਸੋਈ ਬ੍ਰਹਮਣੁ ਪੂਜਣ ਜੁਗਤੁ॥*[31]

ਗੁਰੂ ਸਾਹਿਬ ਸੱਚੇ ਮਾਨਵਤਾਵਾਦੀ ਸਨ। ਜਿਥੇ ਉਹ ਆਪਣੀ ਬਾਣੀ ਰਾਹੀਂ ਸਮੇਂ ਦੇ ਧਾਰਮਿਕ ਪਾਖੰਡਵਾਦ ਦੀ ਆਲੋਚਨਾ ਕਰਦੇ ਹਨ, ਉਥੇ ਨਾਲ ਹੀ ਉਸ ਸਮੇਂ ਦੇ ਰਾਜਨੀਤਿਕ ਹਾਲਾਤਾਂ ਤੋਂ ਵੀ ਅਸੰਤੁਸ਼ਟ ਨਜ਼ਰ ਆਉਂਦੇ ਹਨ। ਉਨ੍ਹਾਂ ਬੜੀ ਦਲੇਰੀ ਨਾਲ ਵੇਲੇ ਦੇ ਹਾਕਮਾਂ ਵੱਲੋਂ ਹੋ ਰਹੇ ਜ਼ਬਰ-ਜ਼ੁਲਮ ਨੂੰ ਨਿੰਦਿਆ ਹੈ। ਆਪ ਨੇ ਨਿਧੜਕ ਕ੍ਰਾਂਤੀਕਾਰੀ ਵਾਂਗ ਬਾਬਰ ਦੇ ਜ਼ੁਲਮਾਂ ਦੀ ਨਿੰਦਿਆ ਕਰਦੇ ਹਾਅ ਦਾ ਨਾਅਰਾ ਮਾਰਿਆ ਹੈ। ਉਨ੍ਹਾਂ ਦੁਆਰਾ ਰਚਿਤ ਆਸਾ ਦੀ ਵਾਰ ਵਿੱਚ ਇਨ੍ਹਾਂ ਸਾਰੇ ਜੁਲਮਾਂ, ਅਨਿਆਂ ਦਾ ਚਿਤਰਣ ਬਹੁਤ ਕਰੁਣਾਮਈ ਢੰਗ ਨਾਲ ਬਿਆਨ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਦੀ ਅਣਖ ਨੂੰ ਵੰਗਾਰਿਆ ਤੇ ਲਲਕਾਰਿਆ ਹੈ। ਕਿਉਂਕਿ ਇਸ ਵਿੱਚ ਬੱਚਿਆਂ ਤੇ ਇਸਤਰੀਆਂ 'ਤੇ ਜ਼ੁਲਮ ਕਰਨ ਤੋਂ ਵੀ ਸੰਕੋਚ ਨਹੀਂ ਸੀ ਕੀਤਾ ਗਿਆ। ਗੁਰੂ ਸਾਹਿਬ ਨੇ ਬਾਬਰ ਦੇ ਹਮਲੇ ਦੀ ਪਾਪਾਂ ਦੀ ਜੰਞ ਨਾਲ ਤੁਲਨਾ ਕਰਦੇ ਹੋਏ ਕਰੜੇ ਸ਼ਬਦਾਂ ਵਿੱਚ ਇਸ ਦੀ ਨਿਖੇਧੀ ਕੀਤੀ ਹੈ:

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*
*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥*
*ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥*
*ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥*
*ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥*
*ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ॥*[32]

ਗੁਰੂ ਸਾਹਿਬ ਬਾਬਰ ਦੇ ਹਮਲੇ ਨੂੰ ਭਾਵੇਂ ਰੱਬ ਦਾ ਭਾਣਾ ਸਵੀਕਾਰਦੇ ਹਨ ਪਰ ਫਿਰ ਵੀ ਲੋਕਾਈ ਲਈ ਦਿਲ ਵਿੱਚ ਅਥਾਹ ਪਿਆਰ ਤੇ ਸਭ ਉਸ ਅਕਾਲ ਪੁਰਖ ਦੀ ਰਚਨਾ ਮੰਨਣ ਕਰਕੇ ਉਨ੍ਹਾਂ ਤੋਂ ਲੋਕਾਈ ਦਾ ਦੁੱਖ ਬਰਦਾਸ਼ਤ ਨਾ ਹੋਇਆ ਤਾਂ ਮਨੁੱਖੀ ਦਰਦ ਨਾਲ ਉਛਲਦੇ ਦਿਲ ਤੋਂ ਜਦ ਅਜਿਹੇ

ਅਸਹਿਣਸ਼ੀਲ ਜ਼ੁਲਮਾਂ ਨੂੰ ਦੇਖਦੇ ਹੋਏ ਰਿਹਾ ਨਾ ਗਿਆ ਤਾਂ ਉਸ ਪਰਮਾਤਮਾ ਨੂੰ ਵੀ ਉਲਾਂਭਾ ਦੇਣ ਤੋਂ ਸੰਕੋਚ ਨਾ ਕੀਤਾ ਤੇ ਕਹਿ ਉਠਦੇ ਹਨ:

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨਾ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੈ, ਤੈਂ ਕੀ ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*
*ਸਕਤਾ ਸੀਹ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ॥*[33]

ਗੁਰੂ ਸਾਹਿਬ ਦੀ ਅਗਰਗਾਮੀ ਵਿਚਾਰਧਾਰਾ ਦਾ ਇਕ ਹੋਰ ਪੱਖ ਨਾਰੀ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਵੇਖਣਾ ਅਤੇ ਰੂਪਮਾਨ ਕਰਨਾ ਹੈ । ਗੁਰੂ ਸਾਹਿਬ ਤੋਂ ਪਹਿਲਾਂ ਨਾਥ ਜੋਗੀਆਂ ਨੇ ਤਾਂ ਇਸਤਰੀਆਂ ਲਈ 'ਬਾਘਨਿ' ਸ਼ਬਦ ਦੀ ਵਰਤੋਂ ਕਰਦੇ ਹੋਏ ਨਿੰਦਿਆ ਕੀਤੀ ਹੈ ਤੇ ਕਿਸੇ ਨੇ ਵੀ ਇਸਤਰੀ ਨੂੰ ਸਤਿਕਾਰ ਭਰੀ ਨਜ਼ਰ ਨਾਲ ਨਹੀਂ ਸਲਾਹਿਆ। ਸੰਤਾਂ, ਭਗਤਾਂ ਅਤੇ ਸੂਫੀਆਂ ਦੁਆਰਾ ਵੀ ਨਾਰੀ ਨੂੰ ਮੁਕਤੀ ਦੇ ਰਾਹ ਵਿੱਚ ਰੁਕਾਵਟ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਨਾਰੀ ਦੇ ਮਹੱਤਵ ਅਤੇ ਗੌਰਵ ਸੰਬੰਧੀ ਆਪਣੀ ਧਾਰਨਾ ਨੂੰ ਬੜੇ ਸਪੱਸ਼ਟ ਢੰਗ ਨਾਲ ਵਿਅਕਤ ਕੀਤਾ ਹੈ ਅਤੇ ਉਨ੍ਹਾਂ ਨੇ ਇਸਤਰੀ ਨੂੰ ਰਾਜਿਆਂ ਦੀ ਜਣਨੀ ਹੋਣ ਦਾ ਮਾਣ ਬਖਸ਼ਿਆ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥*[34]

ਗੁਰੂ ਸਾਹਿਬ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ। ਜਿਥੇ ਇਕ ਪਾਸੇ ਉਨ੍ਹਾਂ ਦੀ ਬਾਣੀ ਵਿੱਚ ਸਮਕਾਲੀਨ ਹਾਲਾਤਾਂ ਦੇ ਮੱਦੇ ਨਜ਼ਰ ਸਮਾਜਿਕ, ਧਾਰਮਿਕ, ਰਾਜਨੀਤਿਕ ਅਵਸਥਾ ਬਾਰੇ ਅਸੰਤੁਸ਼ਟਤਾ ਅਤੇ ਨਿਰਾਸ਼ਾਪਨ ਪ੍ਰਗਟ ਕੀਤਾ ਗਿਆ ਹੈ, ਉਥੇ ਨਾਲ ਹੀ ਉਨ੍ਹਾਂ ਦੀ ਬਾਣੀ ਵਿੱਚ ਇਨ੍ਹਾਂ ਬਾਰੇ ਕਰੜੇ ਸ਼ਬਦਾਂ ਵਿੱਚ ਨਿੰਦਿਆ ਕਰਦੇ ਹੋਏ ਇਸਦੇ ਵਿਰੋਧ ਵਿੱਚ ਸਵੱਛ ਤੇ ਕਲਿਆਣਕਾਰੀ ਸਮਾਜ ਦੀ ਉਸਾਰੀ ਦੇ ਯਤਨ ਵੀ ਕੀਤੇ ਗਏ ਹਨ। ਗਲਤ ਮਾਨਤਾਵਾਂ, ਕਦਰਾਂ-ਕੀਮਤਾਂ, ਊਚ-ਨੀਚ ਦੇ ਭੇਦ-ਭਾਵ ਨੂੰ

ਨਕਾਰਿਆ ਗਿਆ ਹੈ। ਗੁਰੂ ਸਾਹਿਬ ਮਨੁੱਖ ਨੂੰ ਸਦਾਚਾਰ ਦੇ ਮਾਰਗ ’ਤੇ ਚਲਦਿਆਂ ਆਪਣੇ ਜੀਵਨ ਵਿੱਚ ਚੰਗੇ ਗੁਣਾਂ ਨੂੰ ਅਪਣਾਉਣ ਅਤੇ ਨਿਮਰਤਾ, ਮਿਠਾਸ ਅਤੇ ਸੰਜਮ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨ ਦਾ ਉਪਦੇਸ਼ ਦ੍ਰਿੜ ਕਰਦੇ ਹਨ। ਗੁਰੂ ਸਾਹਿਬ ਮਨੁੱਖੀ ਜੀਵਨ ਦਾ ਅਸਲ ਮਨੋਰਥ ਵੀ ਦ੍ਰਿੜ ਕਰਦੇ ਹਨ। ਉਨ੍ਹਾਂ ਅਨੁਸਾਰ ਮਨੁੱਖੀ ਜੀਵਨ ਦਾ ਅਸਲ ਮਨੋਰਥ ਉਸ ਸੱਚ ਦੀ ਅਸਲੀਅਤ ਨੂੰ ਸਮਝਣਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਨੂੰ ਇਹ ਜੂਨ 84 ਲੱਖ ਜੂਨਾਂ ਭੋਗਣ ਤੋਂ ਬਾਅਦ ਮਿਲੀ ਹੈ ਤੇ ਮਨੁੱਖਾ ਜੂਨ ਹੀ ਅਜਿਹੀ ਸ੍ਰੇਸ਼ਟ ਹੈ ਜਿਸ ਵਿੱਚ ਮਨੁੱਖ ਨੂੰ ਪਰਮਾਤਮਾ ਦਾ ਅੰਸ਼ ਮੰਨਦੇ ਹੋਏ ਉਸ ਵਿੱਚ ਲੀਨਤਾ ਦਾ ਮਾਰਗ ਸੁਝਾਇਆ ਗਿਆ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਇਕ ਹੈ, ਸਰਵ-ਵਿਆਪਕ ਹੈ, ਉਹ ਸਮੁੱਚੀ ਕਾਇਨਾਤ ਦਾ ਸਿਰਜਣਹਾਰਾ ਹੈ, ਸੱਚ ਉਸ ਸੱਚੇ ਦਾ ਨਾਮ ਹੈ, ਉਹ ਜਗਤ ਰਚਨਾ ਕਰਕੇ ਆਪ ਉਸ ਵਿੱਚ ਇਕ-ਰਸ ਵਿਆਪ ਰਿਹਾ ਹੈ, ਉਸਨੂੰ ਨਾ ਤਾਂ ਕਿਸੇ ਦਾ ਡਰ ਹੈ ਤੇ ਨਾ ਹੀ ਕਿਸੇ ਨਾਲ ਉਸਦੀ ਦੁਸ਼ਮਣੀ ਹੈ। ਉਹ ਸਰਵ-ਸ਼੍ਰੇਸ਼ਟ ਪਰਮਾਤਮਾ ਸਮੇਂ ਤੇ ਸਥਾਨ ਦੀ ਸੀਮਾਂ ਦੇ ਬੰਧਨ ਤੋਂ ਮੁਕਤ ਹੈ । ਉਸਨੇ ਆਪਣੇ ਆਪ ਨੂੰ ਆਪ ਹੀ ਸਿਰਜਿਆ ਹੈ ਅਤੇ ਕਿਸੇ ਵੀ ਰੂਪ ਵਿੱਚ ਉਹ ਜਨਮ ਨਹੀਂ ਲੈਂਦਾ। ਉਸਨੂੰ ਸੱਚੇ ਗੁਰੂ ਦੀ ਕਿਰਪਾ ਨਾਲ ਜਾਣਿਆ ਜਾ ਸਕਦਾ ਹੈ। ਪਰਮਾਤਮਾ ਦੇ ਅਕਥਨੀਯ ਸਰੂਪ ਦਾ ਵਰਣਨ ਮੂਲਮੰਤਰ ਜਿਸਨੂੰ ‘ਗੁਰਬਾਣੀ ਦਾ ਧੁਰਾ’ ਕਿਹਾ ਜਾਂਦਾ ਹੈ, ਵਿੱਚ ਇਸ ਤਰ੍ਹਾਂ ਪ੍ਰਾਪਤ ਹੈ:-

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*[35]

ਅਜਿਹਾ ਸਰਵ-ਸ੍ਰੇਸ਼ਟ ਪਰਮਾਤਮਾ ਕੁੱਲ ਕਾਇਨਾਤ ਦਾ ਮਾਲਕ ਹੈ ਤੇ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵੱਸਿਆ ਹੋਇਆ ਹੈ। ਇਹ ਸਾਰਾ ਖੇਲ ਉਸ ਪਰਮਾਤਮਾ ਦਾ ਰਚਾਇਆ ਹੋਇਆ ਹੈ। ਇਹ ਸਾਰੀ ਸ੍ਰਿਸ਼ਟੀ ਰਚਨਾ ਉਸ ਅਕਾਲ-ਪੁਰਖ ਦੀ ਇੱਛਾ ਦਾ ਕਰਮ ਹੈ ਤੇ ਇਸ ਜਗਤ ਰਚਨਾ ਦਾ ਖੇਲ ਕਦੋਂ ਰਚਨਾ ਸ਼ੁਰੂ ਹੋਇਆ ਇਸ ਬਾਰੇ ਕਿਸੇ ਨੂੰ ਕੋਈ ਗਿਆਨ ਨਹੀਂ। ਜਪੁਜੀ ਸਾਹਿਬ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਧਰਮਾਂ ਦੇ ਆਗੂ ਕਹਾਉਣ ਵਾਲੇ ਵੀ ਇਸ ਗੱਲ ਨੂੰ ਜਾਣਨ ਦੀ ਸਮਰੱਥਾ ਨਹੀਂ ਰੱਖਦੇ ਬਲਕਿ ਕਰਤਾ ਨੂੰ ਹੀ ਕਿਰਤ ਸਾਜਣ ਦੇ ਵਕਤ ਦਾ ਅਨੁਮਾਨ ਹੈ:-

*ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥*
*ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥*

*ਵੇਲ ਨ ਪਾਈਓ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥*
*ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥*
*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*[36]

ਪਰਮਾਤਮਾ ਦੇ ਇਕ ਵਾਰ ਕਹਿਣ ਤੇ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਪਰ ਇਹ ਚਲਾਇਆ ਮਾਨ ਹੈ, ਇਥੇ ਕੁਝ ਵੀ ਸਥਿਰ ਨਹੀਂ। ਨਿਰੰਕਾਰ ਦੀ ਸਾਜੀ ਸ੍ਰਿਸ਼ਟੀ ਨੂੰ ਸੱਚ ਮੰਨ ਕੇ ਮੋਹ ਪਾਉਣ ਨਾਲੋਂ ਕਾਇਨਾਤ ਨੂੰ ਸਾਜਣ ਵਾਲੇ ਨਾਲ ਮੋਹ ਪਾਉਣ ਤੇ ਜੀਵਨ ਮਨੋਰਥ ਦੀ ਪ੍ਰਾਪਤੀ ਸੰਭਵ ਹੈ। ਇਸ ਲਈ ਗੁਰੂ ਸਾਹਿਬ ਦੁਆਰਾ ਜੀਵ ਨੂੰ ਬਾਰ-ਬਾਰ ਜੀਵਨ ਦੀ ਛਿੰਨਭੰਗਤਾ ਦਾ ਅਹਿਸਾਸ ਕਰਵਾਇਆ ਗਿਆ ਹੈ ਕਿ ਜੀਵ ਨੂੰ ਇਹ ਜਨਮ 84 ਲੱਖ ਜੂਨਾਂ ਭੋਗਣ ਤੋਂ ਬਾਅਦ ਬੜੀ ਕਠਿਨਾਈ ਨਾਲ ਮਿਲਿਆ ਹੈ। ਇਸ ਲਈ ਉਸਦੀ ਸ੍ਰੇਸ਼ਟਤਾ ਇਸੇ ਵਿੱਚ ਹੀ ਹੈ ਕਿ ਉਹ ਆਪਣੇ ਜੀਵਨ ਦੀ ਅਸਲ ਕੀਮਤ ਨੂੰ ਭਾਵ ਆਪਣੇ ਮੂਲ ਨੂੰ ਪਛਾਣੇ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*[37]

ਪਰ ਵਿਸ਼ੇ-ਵਿਕਾਰਾਂ ਵਿੱਚ ਗਲਤਾਨ ਜੀਵ ਇਸ ਸੰਸਾਰ ਨਾਲ ਮੋਹ ਪਾ ਕੇ ਆਪਣੇ ਅਸਲੇ ਤੋਂ ਟੁੱਟਿਆ ਹੋਇਆ ਹੈ। ਉਸਨੂੰ ਤਾਂ ਇਸ ਵਿਛੋੜੇ ਦਾ ਅਹਿਸਾਸ ਵੀ ਨਹੀਂ ਹੈ। ਉਹ ਮਾਇਆ ਵਿੱਚ ਗਲਤਾਨ ਵਿਸ਼ੇ-ਵਿਕਾਰਾਂ ਵਿੱਚ ਫੱਸਿਆ ਹਉਮੈ ਵੱਸ ਕਈ ਕੁਕਰਮ ਕਰਦਾ ਹੈ ਪਰ ਆਪਣੇ ਅਸਲ ਮਕਸਦ ਤੋਂ ਅਵੇਸਲਾ ਹੈ। ਇਸ ਲਈ ਗੁਰੂ ਸਾਹਿਬ ਜੀਵ ਨੂੰ ਸੱਚੇ ਗੁਰੂ ਦੀ ਸਿੱਖਿਆ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨ ਦੀ ਸਿੱਖਿਆ ਦਿੰਦੇ ਹਨ ਕਿਉਂਕਿ ਸੱਚਾ ਗੁਰੂ ਹੀ ਪਰਮਾਤਮਾ ਦੇ ਗਿਆਨ ਨਾਲ ਭਰਪੂਰ ਹੁੰਦਾ ਹੈ ਤੇ ਜੀਵ ਨੂੰ ਵੀ ਉਸ ਗਿਆਨ ਵਿੱਚ ਰੰਗਣ ਦੀ ਸਮਰੱਥਾ ਰੱਖਦਾ ਹੈ। ਉਹ ਜੀਵ ਨੂੰ ਪਰਮਾਤਮਾ ਦੇ ਸੱਚੇ ਨਾਮ ਨਾਲ ਜੋੜਦਾ ਹੈ। ਉਹ ਮਨੁੱਖ ਅੰਦਰੋਂ ਵਿਸ਼ੇ ਵਿਕਾਰਾਂ ਨੂੰ ਖਤਮ ਕਰਕੇ ਮਾਣਸ ਤੋਂ ਦੇਵਤੇ ਹੋਣ ਦਾ ਮਾਣ ਵੀ ਦਿਵਾਉਂਦਾ ਹੈ। ਉਹ ਜੀਵ ਦੀ ਅਗਵਾਈ ਕਰਕੇ ਪਰਮਾਤਮਾ ਨਾਲ ਇਕਮਿਕਤਾ ਦਾ ਅਹਿਸਾਸ ਕਰਵਾਉਣ ਦੀ ਕੜੀ ਦਾ ਕੰਮ ਵੀ ਕਰਦਾ ਹੈ। ਗੁਰੂ ਸਾਹਿਬ ਅਜਿਹੇ ਗੁਣਾਂ ਦੇ ਮੁਜੱਸਮੇ ਸੱਚੇ ਗੁਰੂ ਤੋਂ ਬਲਿਹਾਰ ਜਾਂਦੇ ਹਨ:

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥*[38]

ਸੱਚਾ ਗੁਰੂ ਹੀ ਮਨੁੱਖ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਦਾ ਹੈ। ਜਿਹੜੇ ਜੀਵ ਗੁਰੂ ਦੀ ਕਿਰਪਾ ਸਦਕਾ ਪਰਮਾਤਮਾ ਦੇ ਨਾਮ ਵਿੱਚ ਲੀਨ ਰਹਿੰਦੇ ਹਨ ਉਹਨਾਂ ਦੀ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਦੇ ਨਾਮ ਨਾਲ ਜੁੜ ਕੇ ਜੀਵ ਦੀ ਸੁਰਤਿ ਉੱਚੀ ਹੁੰਦੀ ਹੈ ਤੇ ਉਸਨੂੰ ਆਪਣੇ ਜੀਵਨ ਦੇ ਅਸਲ ਮਨੋਰਥ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ ਤੇ ਅਜਿਹੇ ਜੀਵ ਹੀ ਪਰਮਾਤਮਾ ਦੇ ਦਰ 'ਤੇ ਵਡਿਆਈ ਦੇ ਪਾਤਰ ਬਣਦੇ ਹਨ।

## ਗੁਰੂ ਅੰਗਦ ਦੇਵ ਜੀ:

ਗੁਰੂ ਨਾਨਕ ਦੇਵ ਜੀ ਦੀ ਜੋਤਿ ਦੇ ਦੂਸਰੇ ਗੁਰੂ, ਗੁਰੂ ਅੰਗਦ ਦੇਵ ਜੀ ਸਨ। ਗੁਰੂ ਨਾਨਕ ਸਾਹਿਬ ਨੇ ਆਪਣੇ ਜਿਉਂਦੇ ਜੀਅ ਹੀ ਭਾਈ ਲਹਿਣੇ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਦੇ ਖੁਦ ਮੱਥਾ ਟੇਕਿਆ।ਉਹਨਾਂ ਨੂੰ ਆਪਣੇ ਅੰਗ ਤੋਂ ਉਪਜਿਆ ਦਰਸਾ ਕੇ ਗੁਰੂ ਅੰਗਦ ਦੇ ਰੂਪ ਵਿੱਚ ਪ੍ਰਗਟ ਕਰਨਾ ਸਮਾਜਿਕ ਧਾਰਮਿਕ ਖੇਤਰ ਵਿੱਚ ਇਕ ਵਿਲੱਖਣ ਪਰੰਪਰਾ (ਪ੍ਰਾਪਤੀ /ਘਟਨਾ) ਸੀ। ਗੁਰੂ ਅੰਗਦ ਸਾਹਿਬ 'ਤੇ ਇਸ ਮਹਾਨ ਵਿਰਾਸਤ ਨੂੰ ਸੰਭਾਲਣ ਦੀ ਬਹੁਤ ਵੱਡੀ ਜ਼ਿੰਮੇਵਾਰੀ ਸੀ ਜਿਸਨੂੰ ਹੋਰ ਵਿਕਸਿਤ ਕਰਕੇ ਸੰਭਾਲਦਿਆਂ ਹੋਇਆ ਅੱਗੇ ਤੋਰਨਾ ਸੀ। ਉਨ੍ਹਾਂ ਤੋਂ ਪਹਿਲਾਂ ਅਜਿਹੀ ਜ਼ਿੰਮੇਵਾਰੀ ਦਾ ਇੰਨਾ ਭਾਰ ਕਿਸੇ ਵੀ ਵਿਅਕਤੀ ਉੱਤੇ ਨਹੀਂ ਸੀ ਪਿਆ। ਗੁਰੂ ਅੰਗਦ ਸਾਹਿਬ ਜੀ ਮਹਾਨ ਗੁਰੂ ਪ੍ਰਣਾਲੀ ਵਿੱਚ ਪਹਿਲੀ ਵਾਰ ਗੁਰੂ ਥਾਪੇ ਗਏ ਸਨ। ਉਨ੍ਹਾਂ ਵਲੋਂ ਪ੍ਰਾਪਤ ਕੀਤੀ ਜਾਣ ਵਾਲੀ ਸਫਲਤਾ ਨੇ ਹੀ ਭਵਿੱਖ ਵਿੱਚ ਦੀ ਮਿਸਾਲ ਅਤੇ ਪੱਥ ਪ੍ਰਦਰਸ਼ਕ ਬਣਨਾ ਸੀ। ਇਸ ਸਫਲਤਾ ਦੀ ਪੂਰਨ ਲੋੜ ਸੀ ਕਿਉਂਕਿ ਗੁਰੂ ਨਾਨਕ ਦੇਵ ਜੀ ਜੋ ਧੁਰੋਂ ਹੀ ਗੁਰੂ ਥਾਪੇ ਗਏ ਸਨ ਅਤੇ ਉਨ੍ਹਾਂ ਦਾ ਧੁਰੋਂ ਲਿਆਂਦਾ ਸੰਦੇਸ਼ ਪੂਰਨ ਸ਼ੁੱਧਤਾ ਵਿੱਚ ਹੀ ਸੰਸਾਰ ਵਿੱਚ ਸਥਾਪਿਤ ਕਰਨਾ ਸੀ।

ਗੁਰੂ ਅੰਗਦ ਦੇਵ ਜੀ ਦਾ ਜਨਮ 31 ਮਾਰਚ 1504 ਈ: ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਫਰੀਦਕੋਟ ਵਿੱਚ ਫੇਰੂ ਮੱਲ ਖੱਤਰੀ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ ਹੋਇਆ।[39] ਇਨ੍ਹਾਂ ਦਾ ਪਹਿਲਾਂ ਨਾਂ ਭਾਈ ਲਹਿਣਾ ਸੀ। ਭਾਈ ਫੇਰੂ ਮੱਲ ਵਪਾਰ ਕਰਦੇ ਸਨ ਅਤੇ ਨਾਲ ਹੀ ਚੌਧਰੀ ਤਖਤ ਮੱਲ ਕੋਲ ਹਿਸਾਬ ਕਿਤਾਬ ਦਾ ਕੰਮ ਕਰਨ ਲਈ ਮੁਨਸ਼ੀ ਦੇ ਤੌਰ 'ਤੇ ਨੌਕਰੀ ਕਰਦੇ ਸਨ। ਭਾਈ ਫੇਰੂ ਮੱਲ ਪਰਿਵਾਰ ਸਮੇਤ ਪਿੰਡ ਛੱਡ ਕੇ ਥੋੜੀ ਦੇਰ ਹਰੀਕੇ ਠਹਿਰਣ ਉਪਰੰਤ ਖਡੂਰ ਚਲੇ ਗਏ। ਜਿਸਨੂੰ ਅੱਜਕਲ੍ਹ ਖਡੂਰ ਸਾਹਿਬ ਕਹਿੰਦੇ ਹਨ।

ਭਾਈ ਲਹਿਣਾ ਦਾ ਵਿਆਹ ਸੰਨ 1519 ਈ: ਵਿੱਚ ਸੰਘਰ, ਨਾਮਕ ਪਿੰਡ (ਜੋ ਖਡੂਰ ਦੇ ਨੇੜੇ ਸੀ) ਦੇ ਦੇਵੀ ਚੰਦ ਖੱਤਰੀ ਦੀ ਸਪੁੱਤਰੀ ਬੀਬੀ ਖੀਵੀ ਨਾਲ ਹੋਇਆ।[40] ਇਨ੍ਹਾਂ ਦੇ ਘਰ ਦੋ ਪੁੱਤਰਾਂ ਦਾਤੂ ਤੇ ਦਾਸੂ ਅਤੇ ਦੋ ਧੀਆਂ ਅਮਰੋ ਤੇ ਅਨੋਖੀ ਨੇ ਜਨਮ ਲਿਆ। ਬੀਬੀ ਖੀਵੀ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਇਸਤਰੀ ਸੀ। ਭਾਈ ਲਹਿਣਾ ਨੂੰ ਬਚਪਨ ਤੋਂ ਹੀ ਧਾਰਮਿਕ ਮਾਹੌਲ ਮਿਲਿਆ ਹੋਇਆ ਸੀ । ਇਨ੍ਹਾਂ ਦੇ ਪਿਤਾ ਦੇਵੀ ਭਗਤ ਸਨ ਅਤੇ ਹਰ ਸਾਲ ਜਵਾਲਾਮੁਖੀ ਦੀਆਂ ਪਹਾੜੀਆਂ ਤੇ ਵੈਸ਼ਨੂੰ ਦੇਵੀ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ। ਇਨ੍ਹਾਂ ਦੇ ਨਾਲ ਹੋਰ ਸੰਗੀ ਸਾਥੀ ਵੀ ਹੁੰਦੇ ਸਨ। ਇਨ੍ਹਾਂ ਦੇ ਜਥੇਦਾਰ ਉਹ ਆਪ ਹੋਇਆ ਕਰਦੇ ਸਨ। 1526 ਈ: ਵਿੱਚ ਭਾਈ ਫੇਰੂ ਮੱਲ ਜੀ ਚਲਾਣਾ ਕਰ ਗਏ ਤੇ ਭਾਈ ਲਹਿਣਾ ਜੀ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ ਸੰਘ ਦੇ ਜਥੇਦਾਰ ਬਣ ਗਏ ਤੇ ਸੰਗਤਾਂ ਨੂੰ ਦੇਵੀ ਦੇ ਦਰਸ਼ਨਾਂ ਲਈ ਹਰ ਸਾਲ ਜ਼ਰੂਰ ਲੈ ਕੇ ਜਾਂਦੇ ਪਰ ਉੱਥੇ ਜਾ ਕੇ ਵੀ ਉਨ੍ਹਾਂ ਦਾ ਮਨ ਤ੍ਰਿਪਤ ਨਾ ਹੁੰਦਾ, ਸਗੋ ਉਖੜਿਆ ਉਖੜਿਆ ਰਹਿੰਦਾ ਸੀ।

ਭਾਈ ਲਹਿਣਾ ਜੀ ਨੇ ਭਾਈ ਜੋਧਾ ਜੋ ਕਿ ਗੁਰੂ ਨਾਨਕ ਸਾਹਿਬ ਦਾ ਸਿੱਖ ਸੀ, ਦੇ ਪਾਸੋਂ ਗੁਰਬਾਣੀ ਦੀਆਂ ਕੁਝ ਪੰਕਤੀਆਂ ਦਾ ਗਾਇਨ ਸੁਣਿਆ ਤੇ ਉਨ੍ਹਾਂ ਪੁੱਛਿਆ ਕਿ ਇਹ ਕਿਸ ਦੀ ਰਚਨਾ ਹੈ ਤਾਂ ਭਾਈ ਜੋਧਾ ਨੇ ਕਿਹਾ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਤੇ ਨਾਲ ਹੀ ਉਸਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਬਾਰੇ ਹੋਰ ਵੀ ਵਿਚਾਰ ਪ੍ਰਗਟਾਏ। ਗੁਰੂ ਨਾਨਕ ਸਾਹਿਬ ਬਾਰੇ ਵਿਚਾਰ ਸੁਣ ਕੇ ਭਾਈ ਲਹਿਣਾ ਜੀ ਦੇ ਮਨ ਵਿੱਚ ਸ਼ਰਧਾ ਦਾ ਪ੍ਰਵਾਹ ਵੱਗ ਪਿਆ ਅਤੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਤਾਂਘ ਜਾਗ ਪਈ ਅਤੇ ਇਸ ਲਈ ਅਗਲੀ ਵਾਰ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਮੇਂ ਭਾਈ ਲਹਿਣਾ ਸੰਗ ਨਾਲੋਂ ਵੱਖ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਚੱਲ ਪਏ। ਰਸਤੇ ਵਿੱਚ ਉਨ੍ਹਾਂ ਇਕ ਬਜੁਰਗ ਪਾਸੋਂ ਗੁਰੂ ਨਾਨਕ ਸਾਹਿਬ ਦੇ ਦਰਬਾਰ ਦਾ ਰਾਹ ਪੁੱਛਿਆ ਤੇ ਉਸ ਬਜੁਰਗ ਨੇ ਭਾਈ ਲਹਿਣਾ ਨੂੰ ਆਪਣੇ ਪਿੱਛੇ ਆਉਣ ਲਈ ਕਿਹਾ ਤੇ ਭਾਈ ਲਹਿਣਾ ਉਨ੍ਹਾਂ ਦੇ ਪਿਛੇ ਘੋੜੇ ਤੇ ਸਵਾਰ ਚਲਦੇ ਗਏ। ਪਰ ਉਨ੍ਹਾਂ ਦੀ ਹੈਰਾਨਗੀ ਦੀ ਉਦੋਂ ਕੋਈ ਹੱਦ ਨਾ ਰਹੀ ਜਦ ਗੁਰੂ ਨਾਨਕ ਦਰਬਾਰ ਪਹੁੰਚ ਕੇ ਉਨ੍ਹਾਂ ਨੂੰ ਪਤਾ ਚਲਦਾ ਹੈ ਕਿ ਉਹ ਰਸਤਾ ਦੱਸਣ ਵਾਲਾ ਬਜ਼ੁਰਗ ਕੋਈ ਹੋਰ ਨਹੀਂ ਸਗੋਂ ਗੁਰੂ ਨਾਨਕ ਦੇਵ ਜੀ ਸਨ। ਭਾਈ ਲਹਿਣਾ ਜੀ ਨੇ ਗੁਰੂ ਚਰਨਾਂ ਉੱਪਰ ਸੀਸ ਝੁਕਾ ਕੇ ਆਪਣੀ ਭੁੱਲ ਲਈ ਮਾਫੀ ਮੰਗੀ। ਤਾਂ ਗੁਰੂ ਨਾਨਕ ਜੀ ਨੇ ਮੁਸਕਰਾ ਕੇ ਕਿਹਾ ਕਿ ਇਹ ਨਵੀਂ ਗੱਲ ਨਹੀਂ, ਲਹਿਣੇ ਵਾਲੇ ਸਦਾ ਘੋੜੇ ਉੱਪਰ ਹੀ ਹੁੰਦੇ ਹਨ ਤੇ ਦੇਣਦਾਰ ਪੈਦਲ। ਲਹਿਣਾ ਜੀ ਦਾ ਮਨ ਸ਼ਾਂਤ ਤੇ ਪ੍ਰਸੰਨ ਹੋ ਗਿਆ ਤੇ ਉਨ੍ਹਾਂ ਦੇ ਸਾਰੇ ਭਰਮ ਭੁਲੇਖੇ ਦੂਰ

ਹੋ ਗਏ ਤੇ ਉਹ ਸਦਾ ਲਈ ਗੁਰੂ ਨਾਨਕ ਦੇਵ ਜੀ ਨਾਲ ਜੁੜ ਗਏ। ਵੈਸ਼ਨੂੰ ਦੇਵੀ ਦੀ ਯਾਤਰਾ ਉਹ ਸਦਾ ਲਈ ਛੱਡ ਕੇ ਨਾਨਕ ਦਰਬਾਰ ਦੇ ਅਨਿਨ ਭਗਤ ਬਣ ਗਏ। ਉਨ੍ਹਾਂ ਨੇ ਇਥੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿੱਚ ਟਿੱਕੇ ਰਹਿਣ ਦਾ ਫੈਸਲਾ ਕਰ ਲਿਆ ਤੇ ਨਾਲ ਦੇ ਦੇਵੀ ਭਗਤਾਂ ਨੂੰ ਜਾਣ ਦੀ ਆਗਿਆ ਦੇ ਦਿੱਤੀ।ਕਰਤਾਰਪੁਰ ਰਹਿੰਦਿਆਂ ਭਾਈ ਲਹਿਣਾ ਨੂੰ ਆਪਣੇ ਪਰਿਵਾਰ ਦਾ ਖਿਆਲ ਵੀ ਨਾ ਰਿਹਾ। ਫੇਰ ਕੁਝ ਦਿਨਾਂ ਬਾਅਦ ਗੁਰੂ ਨਾਨਕ ਸਾਹਿਬ ਦੇ ਹੁਕਮਾਂ ਅਨੁਸਾਰ ਆਪਣੇ ਘਰ ਖਡੂਰ ਗਏ, ਸਾਰਾ ਕਾਰੋਬਾਰ ਸੰਭਾਲ ਕੇ ਤੇ ਫੇਰ ਵਾਪਸ ਕਰਤਾਰਪੁਰ ਆ ਕੇ ਗੁਰੂ ਚਰਨਾਂ ਵਿੱਚ ਟਿਕ ਗਏ।

1532 ਈ: ਤੋਂ 1539 ਈ: ਤੱਕ ਭਾਈ ਲਹਿਣਾ ਕਰਤਾਰਪੁਰ ਵਿੱਚ ਗੁਰੂ ਭਗਤੀ ਅਤੇ ਸਾਧ ਸੇਵਾ ਵਿੱਚ ਜੁੜੇ ਰਹੇ। ਉਹ ਗੁਰੂ ਸੇਵਾ ਵਿੱਚ ਹਾਜ਼ਰ ਹੋ ਕੇ ਗੁਰਬਾਣੀ ਸੁਣਦੇ, ਜਗਿਆਸੂਆਂ ਨੂੰ ਮਿਲਦੇ, ਗੁਰੂ ਸਿੱਖਿਆ ਸੁਣਦੇ, ਆਏ ਸੰਤਾਂ ਮਹਾਂਪੁਰਸ਼ਾਂ ਤੇ ਸਾਧੂ ਜਨਾਂ ਨਾਲ ਗੁਰੂ ਸਾਹਿਬ ਦੇ ਵਾਰਤਾਲਾਪ ਸੁਣਦੇ, ਸਦਾ ਸਿਮਰਨ ਭਗਤੀ ਵਿੱਚ ਲੀਨ ਰਹਿੰਦੇ ਤੇ ਗੁਰੂ ਸਾਹਿਬ ਦੇ ਹਰ ਹੁਕਮ ਦੀ ਤਨੋਂ ਮਨੋਂ ਪਾਲਣਾ ਕਰਦੇ। ਗੁਰੂ ਸਾਹਿਬ ਨੇ ਉਹਨਾਂ ਨੂੰ ਆਈ ਸੰਗਤ ਦੀ ਹਰ ਪ੍ਰਕਾਰ ਨਾਲ ਸੇਵਾ ਕਰਨ ਦੀ ਸਿੱਖਿਆ ਦਿੱਤੀ। ਗੁਰੂ ਸਾਹਿਬ ਦੀ ਸੰਗਤ ਤੇ ਸਿਮਰਨ ਨੇ ਭਾਈ ਲਹਿਣਾ ਨੂੰ ਅਜਿਹੀ ਹੀ ਰਹਿਣੀ ਤੇ ਕਰਨੀ ਵਿੱਚ ਪਰਿਪੱਕ ਕਰ ਦਿੱਤਾ ਤੇ ਉਹਨਾਂ ਆਪਾ ਭਾਵ ਗੁਆ ਕੇ ਗੁਰੂ ਨਾਨਕ ਦੇ ਹੁਕਮ ਵਿੱਚ ਰਹਿ ਕੇ ਇੰਨੀ ਸੇਵਾ ਕੀਤੀ ਕਿ ਗੁਰੂ ਸਾਹਿਬ ਦੇ ਪਿਆਰ ਵਿੱਚ ਰੰਗੇ ਗਏ। ਕਦੇ ਵੀ ਉਨ੍ਹਾਂ ਦੇ ਹੁਕਮ ਅੱਗੇ ਕਿੰਤੂ ਨਹੀਂ ਕੀਤਾ ਸਗੋਂ ਤੱਤਪਰਤਾ ਨਾਲ ਆਗਿਆ ਦਾ ਪਾਲਣ ਕੀਤਾ । ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ ਗੰਦੇ ਪਾਣੀ ਵਿੱਚੋਂ ਕੱਪੜੇ ਕੱਢਣਾ, ਅੱਧੀ ਰਾਤ ਨੂੰ ਦਰਿਆ ਤੋਂ ਬਸਤਰ ਧੋ ਕੇ ਲਿਆਉਣੇ, ਰਾਤ ਭਰ ਡਿੱਗੀ ਕੰਧ ਮੁੜ ਬਣਾਉਣੀ, ਚਿੱਕੜ ਨਾਲ ਭਰੇ ਘਾਹ ਦੀ ਪੰਡ ਸਿਰ ਤੇ ਚੁੱਕਣੀ, ਸਿਆਲ ਦੀ ਰੁੱਤ ਵਿੱਚ ਰਾਵੀ ਦੇ ਕੰਡੇ ਗੁਰੂ ਜੀ ਦੀ ਉਡੀਕ ਕਰਨੀ ਤੇ ਮੁਰਦਾ ਖਾਣ ਦੇ ਹੁਕਮ ਨੂੰ ਵੀ ਸਿਰ ਮੱਥੇ ਮੰਨਣਾ ਆਦਿ ਕਈ ਪ੍ਰੀਖਿਆਵਾਂ ਦਿੱਤੀਆਂ ਜਿਨ੍ਹਾਂ ਵਿੱਚੋਂ ਭਾਈ ਲਹਿਣਾ ਜੀ ਸਫਲ ਹੀ ਨਾ ਹੋਏ ਬਲਕਿ ਉਸ ਮੰਜ਼ਿਲ ਤੱਕ ਪੁੱਜੇ ਜਿੱਥੇ ਗੁਰੂ ਨਾਨਕ ਸਾਹਿਬ ਉਨ੍ਹਾਂ ਨੂੰ ਲਿਜਾਣਾ ਚਾਹੁੰਦੇ ਸਨ। ਭਾਈ ਲਹਿਣਾ ਜੀ ਦੀ ਸੇਵਾ, ਭਗਤੀ, ਰਹਿਣੀ, ਗੁਰਮੁਖਤਾ ਨੂੰ ਦੇਖਦੇ ਹੋਏ ਗੁਰੂ ਨਾਨਕ ਸਾਹਿਬ ਨੂੰ ਵਿਸ਼ਵਾਸ਼ ਹੋ ਗਿਆ ਕਿ ਕੇਵਲ ਭਾਈ ਲਹਿਣਾ ਜੀ ਵਿੱਚ ਹੀ ਸਿੱਖੀ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਯੋਗਤਾ ਤੇ ਗੁਰਗੱਦੀ ਸੰਭਾਲਣ ਦੀ ਸਮਰੱਥਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸਰੀਰਕ ਤੌਰ ’ਤੇ ਜਿਉਂਦਿਆਂ ਹੀ ਆਪਣੇ ਅਨਿਨ ਸੇਵਕ ਤੇ ਪੂਰਨ ਗੁਰਸਿੱਖ ਭਾਈ ਲਹਿਣਾ ਅੱਗੇ 18 ਜੂਨ 1539 ਈ:

ਨੂੰ ਮੱਥਾ ਟੇਕਿਆ ਅਤੇ ਗੁਰਿਆਈ ਦਾ ਤਿਲਕ ਲਗਾ ਦਿੱਤਾ। ਆਪਣਾ ਅੰਗ ਜਾਣ ਕੇ ਉਨ੍ਹਾਂ ਦਾ ਨਾਂ 'ਅੰਗਦ ਦੇਵ' ਰੱਖ ਦਿੱਤਾ।ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ 'ਅਬ ਤੂੰ ਮੇਰੇ ਅੰਗ ਤੇ ਭਇਆ। ਤੂੰ ਲਹਿਣਾ ਮੈਂ ਦੇਣ ਦਹਿਆ॥[41] "ਗੁਰੂ ਅੰਗਦ ਦੇਵ ਜੀ ਦੀ ਆਪਣੀ ਰਾਇ ਹੈ ਕਿ ਇਹ ਪ੍ਰਾਪਤੀ ਕਿਸੇ ਤਾਣ ਜਾਂ ਮਾਣ ਦਾ ਸਿੱਟਾ ਨਹੀ:

*ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥*
*ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥*[42]

ਇਹ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਦਰ ਤੇ ਬਖਸ਼ਿਸ਼ ਦੁਆਰਾ ਪ੍ਰਾਪਤ ਹੋਈ ਦਾਤ ਹੈ

*ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥*
*ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥*
*ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥*
*ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹ ਨੀਸਾਣੁ॥*[43]

ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੀ ਨਿਰਸਵਾਰਥ ਸੇਵਾ, ਨਿਸ਼ਕਾਮ ਪ੍ਰੇਮ ਅਤੇ ਗੁਰੂ ਪ੍ਰਤੀ ਨਿਭਾਏ ਫਰਜ਼ਾਂ ਰਾਹੀਂ ਇਹ ਗੁਰ ਪਦਵੀ ਗੁਰੂ ਨਾਨਕ ਸਾਹਿਬ ਪਾਸੋਂ ਪ੍ਰਾਪਤ ਹੋਈ । ਉਨ੍ਹਾਂ ਦੀ ਸੱਚੀ ਸੁੱਚੀ ਸ਼ਖ਼ਸ਼ੀਅਤ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਰੱਖੀ।

ਗੁਰੂ ਅੰਗਦ ਸਿੱਖ ਧਰਮ ਦੇ ਦਸਾਂ ਗੁਰੂਆਂ ਵਿੱਚੋ ਦੂਜੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਇਨ੍ਹਾਂ ਨੂੰ ਹੀ ਆਪਣੇ ਸ਼ਰਧਾਲੂਆਂ ਵਿੱਚੋਂ ਚੁਣਿਆ। ਉਨ੍ਹਾਂ ਦੇ ਨਿਮਰਤਾ ਅਤੇ ਆਗਿਆਕਰਤਾ ਇਨ੍ਹਾਂ ਦੋਹਾਂ ਗੁਣਾਂ ਸਦਕਾ ਹੀ ਗੁਰੂ ਨਾਨਕ ਜੀ ਨੇ ਨਾ ਕੇਵਲ ਆਪ ਜੀ ਨੂੰ ਗੱਦੀ ਬਖਸ਼ੀ ਸਗੋਂ ਆਪਣੇ ਅੰਗ ਲਗਾ ਕੇ ਆਪਣੇ ਵਰਗਾ ਹੀ ਬਣਾ ਲਿਆ ਅਤੇ ਆਪਣੀ ਜੋਤ ਆਪ ਵਿੱਚ ਰੱਖ ਦਿੱਤੀ। ਇਸ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

*ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ॥*[44]

ਭਾਈ ਗੁਰਦਾਸ ਜੀ ਅਨੁਸਾਰ ਇਹ ਵਰਤਾਰਾ 'ਦੀਵੇ ਤੋਂ ਜਿਉ ਦੀਵਾ ਬਲਿਆ' ਹੀਰੇ ਹੀਰਾ ਬੇਧਿਆ, 'ਪਾਣੀ ਅੰਦਰ ਪਾਣੀ ਰਲਿਆ' ਵਾਂਗ ਹੈ।[45] ਦੋਵੇਂ ਇਕ ਰੂਪ ਹੋ ਗਏ। ਗੁਰੂ ਨਾਨਕ ਸਾਹਿਬ ਆਪ ਪ੍ਰਕਾਸ਼ ਸਰੂਪ ਹਨ ਅਤੇ ਅੱਗੇ ਭਾਈ ਲਹਿਣਾ ਜੀ ਵੀ ਗੁਰੂ ਅੰਗਦ ਰੂਪ ਵਿੱਚ ਪ੍ਰਕਾਸ਼ਮਈ

ਸ਼ਖ਼ਸ਼ੀਅਤ ਹੋ ਨਿਬੜੇ। ਗੁਰੂ ਜੀ ਨੇ ਆਪਣੀ ਜੋਤ ਦਾ ਪ੍ਰਕਾਸ਼ ਗੁਰ ਸਿੱਖ ਭਾਈ ਲਹਿਣਾ ਜੀ ਵਿੱਚੋਂ ਕਰ ਕੇ ਗੁਰਮਤਿ ਪਰੰਪਰਾ ਦਾ ਆਦਰਸ਼ ਕਾਇਮ ਕੀਤਾ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਆਪਣੇ ਜੀਉਂਦੇ ਜੀਅ ਹੀ ਗੁਰਗੱਦੀ ਭਾਈ ਲਹਿਣੇ ਦੀ ਝੋਲੀ ਪਾ ਕੇ ਗੁਰੂ ਅਤੇ ਗੁਰਮਤਿ ਪਰੰਪਰਾ ਦੀ ਰੀਤ ਸ਼ੁਰੂ ਕੀਤੀ ਤੇ ਇਹ ਰੀਤ ਦੱਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਤੱਕ ਚੱਲਦੀ ਰਹੀ । ਗੁਰੂ ਨਾਨਕ ਸਾਹਿਬ ਨੇ ਸਿੱਖੀ ਦੇ ਬੂਟੇ ਦੀ ਬਿਜਾਈ ਕੀਤੀ ਸੀ ਅੱਠਾਂ ਗੁਰੂਆਂ (ਗੁਰੂ ਅੰਗਦ ਦੇਵ ਤੇ ਗੁਰੂ ਤੇਗ ਬਹਾਦਰ ਸਾਹਿਬ) ਨੇ ਉਸ ਨੂੰ ਸਿੰਜਿਆ ਸੀ ਤੇ ਇਸ ਵੱਧਦੇ ਬੂਟੇ ਨੂੰ ਫਲ ਗੁਰੂ ਗੋਬਿੰਦ ਸਾਹਿਬ ਦੇ ਸਮੇਂ ਲੱਗੇ ਸਨ।

1539 ਈ: ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ ਤੇ ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਗੁਰੂ ਥਾਪੇ ਗਏ। ਇਸ ਉਪਰੰਤ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਚਲੇ ਗਏ। ਹੁਣ ਖਡੂਰ ਸਿੱਖ ਲਹਿਰ ਦਾ ਪ੍ਰਮੁੱਖ ਕੇਂਦਰ ਬਣ ਗਿਆ। ਖਡੂਰ ਰਹਿੰਦੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਮਿਸ਼ਨ ਦੀ ਸਥਾਪਤੀ ਅਤੇ ਵਿਕਾਸ ਲਈ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਦਰਸਾਏ ਆਦਰਸ਼ਾਂ ਨੂੰ ਨਿਰੰਤਰਤਾ ਤੇ ਵਿਸ਼ੇਸ਼ਤਾ ਪ੍ਰਦਾਨ ਕੀਤੀ । ਗੁਰੂ ਅੰਗਦ ਦੇਵ ਜੀ ਦੇ ਸਾਹਮਣੇ ਪ੍ਰਮੁੱਖ ਤੌਰ ’ਤੇ ਦੋ ਵੱਡੇ ਕੰਮ ਸਨ। ਇੱਕ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਮਿਸ਼ਨ ਲਈ ਸਿੱਖਾਂ ਨੂੰ ਆਤਮ ਨਿਰਭਰ ਬਣਾਉਣਾ, ਭਾਵ ਸਿੱਖ ਧਰਮ ਵਿੱਚ ਪ੍ਰਵੇਸ਼ ਕਰ ਰਹੇ ਸਿੱਖਾਂ ਨੂੰ ਪੁਰਾਣੇ ਸੰਸਕਾਰਾਂ ਤੋਂ ਮੁਕਤ ਕਰਕੇ ਸਿੱਖੀ ਵਿੱਚ ਪਰਿਪੱਕ ਕਰਨਾ। ਦੂਜਾ ਸਿੱਖ ਧਰਮ ਵਿੱਚ ਸਿੱਖਾਂ ਨੂੰ ਪਰਿਪੱਕ ਕਰਨ ਲਈ ਉਨ੍ਹਾਂ ਨੂੰ ਉਹ ਸਭ ਸਾਧਨ ਮੁਹੱਈਆ ਕਰਵਾਉਂਣੇ ਤਾਂ ਕਿ ਸਿੱਖਾਂ ਨੂੰ ਸੰਪੂਰਨ ਜੀਵਨ ਜਾਚ ਆਪਣੇ ਧਰਮ (ਸਿੱਖ ਧਰਮ) ਵਿਚੋਂ ਪ੍ਰਾਪਤ ਹੋ ਸਕੇ। ਇਨ੍ਹਾਂ ਆਦਰਸ਼ਾਂ ਦੀ ਪੂਰਤੀ ਲਈ ਨਾਨਕ ਜੋਤ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਸੰਸਾਰ ਵਿੱਚ ਪ੍ਰਗਟ ਹੋਈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਸਿਧਾਂਤਾਂ ਦਾ ਬਹੁਤ ਸੁਚੱਜੇ ਢੰਗ ਨਾਲ ਪ੍ਰਸਾਰ ਕੀਤਾ ਤੇ ਇਨ੍ਹਾਂ ਸਿਧਾਂਤਾਂ ਨੂੰ ਅਪਣਾਉਣ ਅਤੇ ਇਨ੍ਹਾਂ ਤੇ ਚੱਲਣ ਲਈ ਮਾਨਵਤਾ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਸਿੱਖਾਂ ਨੂੰ ਨਾਮ ਸਿਮਰਨ ਨਾਲ ਜੋੜਨਾ ਸ਼ੁਰੂ ਕੀਤਾ। ਦੀਨ ਦੁਖੀਆਂ ਦੀ ਸੇਵਾ ਲਈ ਯਤਨ ਕੀਤੇ। ਲੰਗਰ ਦੀ ਮਰਿਯਾਦਾ ਨੂੰ ਉਤਸ਼ਾਹਿਤ ਕੀਤਾ, ਗੁਰਮੁਖੀ ਲਿਪੀ ਦਾ ਪ੍ਰਚਾਰ ਕੀਤਾ । ਗੁਰੂ ਨਾਨਕ ਸਾਹਿਬ ਦੇ ਜੀਵਨ ਪ੍ਰਸੰਗਾਂ ਨੂੰ ਸੰਭਾਲਣ ਲਈ ਜਨਮ-ਸਾਖੀ ਪੰਰਪਰਾ ਸ਼ੁਰੂ ਕੀਤੀ। ਗੁਰਬਾਣੀ ਕੀਰਤਨ, ਸੰਗਤ, ਪੰਗਤ ਦੀ ਜੁਗਤ ਦਾ ਪ੍ਰਚਾਰ ਕਰ ਕੇ ਮਾਨਵਵਾਦੀ ਫਲਸਫੇ ਨੂੰ ਉਤਸ਼ਾਹਿਤ ਕੀਤਾ ਤੇ ਊਚ ਨੀਚ, ਜਾਤ ਪਾਤ ਦੇ

ਬੰਧਨਾਂ ਵਿੱਚੋਂ ਲੋਕਾਂ ਨੂੰ ਕੱਢਣ ਲਈ ਯਤਨ ਕੀਤੇ। ਉਨ੍ਹਾਂ ਲੋਕਾਂ ਦੇ ਆਤਮਿਕ ਜੀਵਨ ਦੇ ਵਿਕਾਸ ਦੇ ਨਾਲ ਨਾਲ ਸਰੀਰਕ ਤੌਰ 'ਤੇ ਨਿਰੋਗ ਰੱਖਣ ਲਈ ਮੱਲ ਅਖਾੜਿਆਂ ਦਾ ਵਿਕਾਸ ਕੀਤਾ। ਗੁਰੂ ਅੰਗਦ ਸਾਹਿਬ ਨੇ ਲਗਭਗ 12 ਸਾਲ ਸਿੱਖ ਸੰਗਤਾਂ ਦੀ ਅਗਵਾਈ ਕੀਤੀ। ਇਨ੍ਹਾਂ ਸਭ ਕਾਰਜਾਂ ਦੇ ਨਾਲ ਸਭ ਤੋਂ ਵੱਡਾ ਕਾਰਜ ਉਨ੍ਹਾਂ ਦੁਆਰਾ ਰਚਿਤ ਬਾਣੀ ਹੈ। ਉਨ੍ਹਾਂ ਦੁਆਰਾ ਰਚਿਤ ਬਾਣੀ ਦੇ ਕੇਵਲ 63 ਸਲੋਕ ਹੀ ਮਿਲਦੇ ਹਨ। ਭਾਵੇਂ ਗੁਰੂ ਸਾਹਿਬ ਦੀ ਬਾਣੀ ਅਕਾਰ ਪੱਖੋਂ ਬਹੁਤ ਥੋੜੀ ਹੈ ਪਰ ਵਿਚਾਰ ਪੱਖੋਂ ਸਮੁੰਦਰ ਦੀ ਨਿਆਈਂ ਹੈ। ਗੁਰੂ ਅੰਗਦ ਸਾਹਿਬ ਦੁਆਰਾ ਰਚਿਤ ਬਾਣੀ 63 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਵਾਰਾਂ ਵਿੱਚ ਸ਼ਾਮਿਲ ਹਨ:[46]

ਗੁਰੂ ਨਾਨਕ ਸਾਹਿਬ ਦੁਆਰਾ ਰਹਿਤ ਵਾਰਾਂ ਵਿੱਚ ਦਰਜ ਸਲੋਕ:-

| | | | | |
|---|---|---|---|---|
| 1. | ਮਾਝ ਦੀ ਵਾਰ | 12 ਸਲੋਕ | | |
| 2. | ਆਸਾ ਦੀ ਵਾਰ | 15 ਸਲੋਕ | 32 ਸਲੋਕ | |
| 3. | ਮਲਾਰ ਦੀ ਵਾਰ | 5 ਸਲੋਕ | | |

ਗੁਰੂ ਅਮਰਦਾਸ ਜੀ ਦੁਆਰਾ ਰਚਿਤ ਵਾਰਾਂ ਵਿੱਚ ਦਰਜ ਸਲੋਕ:-

| | | | | |
|---|---|---|---|---|
| 1. | ਸੂਹੀ ਕੀ ਵਾਰ | 11 ਸਲੋਕ | | |
| 2. | ਰਾਮਕਲੀ ਕੀ ਵਾਰ | 07 ਸਲੋਕ | 19 ਸਲੋਕ | |
| 3 | ਮਾਰੂ ਕੀ ਵਾਰ | 01 ਸਲੋਕ | | |

ਗੁਰੂ ਰਾਮਦਾਸ ਜੀ ਦੁਆਰਾ ਰਚਿਤ ਵਾਰਾਂ ਵਿੱਚ ਦਰਜ ਸਲੋਕ:-

| | | | | |
|---|---|---|---|---|
| 1. | ਵਾਰ ਸ੍ਰੀ ਰਾਗ | 02 ਸਲੋਕ | | |
| 2. | ਸੋਰਠਿ ਕੀ ਵਾਰ | 01 ਸਲੋਕ | | |
| 3. | ਸਾਰੰਗ ਕੀ ਵਾਰ | 09 ਸਲੋਕ | | 12 ਸਲੋਕ |
| | ਕੁੱਲ | 63 ਸਲੋਕ | | |

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੇ ਗਏ ਸਿੱਖੀ ਸਿਧਾਂਤਾਂ ਦਾ ਕੇਵਲ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਪਰਿਪੱਕ ਵੀ ਕੀਤਾ। ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿੱਚ ਗੁਰੂ ਦੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਪਿਆਂ ਹੀ ਹੁੰਦੀ ਹੈ। ਗੁਰੂ ਹੀ ਪਰਮਾਤਮਾ ਨਾਲ ਮਿਲਾਉਣ ਦਾ ਸਹੀ ਸਾਧਨ ਹੈ। ਗੁਰੂ ਹੀ ਅਜਿਹੀ ਪੌੜੀ ਹੈ

ਜਿਸ ਦੁਆਰਾ ਪਰਮਾਤਮਾ ਦੇ ਦਰ ਤੱਕ ਅਪੜਿਆ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਗੁਰੂ ਜੋ ਰਸਤਾ ਦੱਸੇ, ਸਾਧਕ ਨੂੰ ਉਸੇ 'ਤੇ ਹੀ ਚਲਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਦੀ ਮਹੱਤਤਾ ਪ੍ਰਗਟ ਕਰਦੇ ਹੋਏ ਕਿਹਾ ਹੈ:-

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*

*ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥*[47]

ਸੰਸਾਰਕ ਪਦਾਰਥਾਂ (ਮਾਇਆ) ਦੇ ਹਨੇਰੇ ਵਿੱਚ ਗੁਆਚੇ ਹੋਏ ਮਨੁੱਖ ਨੂੰ ਬਾਹਰ ਨਿਕਲਣ ਲਈ ਗੁਰੂ ਦੀ ਬਹੁਤ ਲੋੜ ਹੈ। ਕਿਉਂਕਿ ਸੰਸਾਰਕ ਜੀਵਾਂ ਉਪਰ ਮਾਇਆ ਦਾ ਪ੍ਰਭਾਵ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਹ ਆਪਣੇ ਆਪ ਤੱਕ ਸੀਮਤ ਹੋ ਕੇ ਸਵਾਰਥੀ ਬਣ ਜਾਂਦੇ ਹਨ ਤੇ ਉਨ੍ਹਾਂ ਦਾ ਸੁਭਾਅ ਪਰਉਪਕਾਰੀ ਨਹੀਂ ਰਹਿੰਦਾ ਪਰ ਇਸ ਸਭ ਤੋਂ ਛੁਟਕਾਰਾ ਗੁਰੂ ਦੀ ਸ਼ਰਨ ਪਿਆਂ ਹੀ ਹੁੰਦਾ ਹੈ। ਗੁਰੂ ਦੀ ਸ਼ਰਨ ਪਿਆਂ ਹੀ ਵਿਅਕਤੀ ਜੀਵਨ ਦੇ ਸਿੱਧੇ ਰਸਤੇ ਤੇ ਭਾਵ ਪ੍ਰਭੂ ਪ੍ਰਾਪਤੀ ਦੇ ਮਾਰਗ ਉੱਪਰ ਚਲਦਾ ਹੋਇਆ ਪਰਮਾਤਮਾ ਦੇ ਦਰ ਤੋਂ ਨਾਮ ਰੂਪੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ।

ਗੁਰੂ ਸਾਹਿਬ ਅਨੁਸਾਰ ਜੀਵਾਤਮਾ ਤੇ ਪਰਮਾਤਮਾ ਵਿੱਚ ਅਭੇਦਤਾ ਨਾਮ ਸਿਮਰਨ ਰਾਹੀਂ ਹੀ ਸੰਭਵ ਹੈ। ਪਰਮਾਤਮਾ ਦੇ ਨਾਮ ਨੂੰ ਸਦੀਵੀ ਤੌਰ 'ਤੇ ਹਿਰਦੇ ਵਿੱਚ ਟਿਕਾ ਲੈਣ ਨਾਲ ਹੀ ਪ੍ਰਭੂ ਪ੍ਰੀਤਮ ਨਾਲ ਮਿਲਾਪ ਹੁੰਦਾ ਹੈ।[48] ਮਨੁੱਖ ਨੂੰ ਕਾਰ ਵਿਹਾਰ ਕਰਦਿਆਂ ਉਸ ਪਰਮਾਤਮਾ ਨੂੰ ਹਰ ਵੇਲੇ ਯਾਦ ਰੱਖਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਜੀ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਵਿੱਚ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ। ਸਿੱਖ ਜੀਵਨ ਜਾਚ ਵਿੱਚ ਹਉਮੈ ਨੂੰ ਹਿਰਦੇ ਅਤੇ ਮਨ ਦਾ ਸਭ ਤੋਂ ਭਿਆਨਕ ਰੋਗ ਮੰਨਿਆ ਗਿਆ ਹੈ ਕਿਉਂਕਿ ਹਉਮੈ ਵੱਸ ਮਨੁੱਖ ਪਰਮਾਤਮਾ ਤੋਂ ਦੂਰ ਚਲਾ ਜਾਂਦਾ ਹੈ ਤੇ ਆਵਾਗਾਵਣ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ। ਸਾਰੇ ਵਿਕਾਰਾਂ ਦਾ ਮੂਲ ਹਉਮੈ ਨੂੰ ਦਰਸਾਇਆ ਗਿਆ ਹੈ ਪਰ ਗੁਰੂ ਅੰਗਦ ਦੇਵ ਜੀ ਨੇ ਇਸ ਹਉਮੈ ਵਰਗੇ ਭਿਆਨਕ ਰੋਗ ਦਾ ਇਲਾਜ ਵੀ ਦਰਸਾਇਆ ਹੈ। ਜੇਕਰ ਜੀਵ ਗੁਰੂ ਦੀ ਆਗਿਆ ਮੰਨੇ ਤਾਂ ਗੁਰੂ ਦੀ ਕਿਰਪਾ ਸਦਕਾ ਇਹ ਰੋਗ ਵੀ ਦੂਰ ਹੋ ਜਾਂਦਾ ਹੈ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦ ਕਮਾਹਿ॥*[49]

ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੀ ਪ੍ਰਫੁੱਲਤਾ ਲਈ ਬਹੁਤ ਸਾਰੇ ਕਾਰਜ ਕੀਤੇ ਜਿਨ੍ਹਾਂ ਵਿੱਚੋਂ ਸਭ ਤੋਂ ਅਹਿਮ ਤੇ ਸ੍ਰੇਸ਼ਟ ਕਾਰਜ ਲੰਗਰ ਤੇ ਪੰਗਤ ਦੇ ਸਿਧਾਂਤ ਨੂੰ ਬਹੁਤ ਦ੍ਰਿੜਤਾ ਨਾਲ ਲਾਗੂ ਕੀਤਾ। ਲੰਗਰ ਛੱਕਣ ਲਈ ਵੱਖ-ਵੱਖ ਧਰਮਾਂ, ਜਾਤਾਂ ਅਤੇ ਨਸਲਾਂ ਦੇ ਲੋਕ ਇਕ ਪੰਗਤ ਵਿੱਚ ਬੈਠਦੇ। ਇਸ ਨਾਲ ਬ੍ਰਾਹਮਣੀ ਸਮਾਜ ਵਿੱਚ ਪ੍ਰਚੱਲਿਤ ਵਰਣ ਵਿਵਸਥਾ ਨੂੰ ਤੋੜਨ ਅਤੇ ਰੱਦ ਕਰਨ ਵਿੱਚ ਭਰਵਾਂ ਹੁੰਗਾਰਾ ਮਿਲਿਆ। ਲੋਕਾਂ ਵਿੱਚ ਜਾਤ-ਪਾਤ ਅਤੇ ਉੱਚ-ਨੀਚ ਦਾ ਭਰਮ ਤੋੜਨ ਲਈ ਲੰਗਰ ਦੀ ਪ੍ਰਥਾ ਨੇ ਅਹਿਮ ਭੂਮਿਕਾ ਨਿਭਾਈ ਜਿਸ ਨਾਲ ਹਿੰਦੂ ਸਮਾਜ ਵਿੱਚ ਸ਼ੂਦਰ ਸਮਝੇ ਜਾਂਦੇ ਬਹੁ-ਗਿਣਤੀ ਲੋਕਾਂ ਨੇ ਹੀਣ-ਭਾਵਨਾ ਨਾਲ ਜੀਵਨ ਜਿਊਣ ਦੀ ਥਾਂ ਸਤਿਕਾਰ ਵਾਲੀ ਜੀਵਨ ਜਾਚ ਅਪਣਾਉਂਦੇ ਹੋਏ ਸਿੱਖ ਧਰਮ ਨੂੰ ਗ੍ਰਹਿਣ ਕੀਤਾ। ਸਾਰੀ ਸੰਗਤ ਲਈ ਇਕੋ ਰਸੋਈ ਵਿੱਚ ਲੰਗਰ ਪੱਕ ਕੇ ਤਿਆਰ ਹੁੰਦਾ ਸੀ ਤੇ ਇਸਦੀ ਸਾਂਭ-ਸੰਭਾਲ ਦਾ ਕੰਮ ਗੁਰੂ ਸਾਹਿਬ ਦੀ ਸੁਪਤਨੀ ਮਾਤਾ ਖੀਵੀ ਦੇ ਸਪੁੱਰਦ ਸੀ। ਗੁਰੂ ਸਾਹਿਬ ਦੁਆਰਾ ਚਲਾਇਆ ਲੰਗਰ ਬਹੁਤ ਉੱਚ ਪੱਧਰ ਤੇ ਚੱਲ ਰਿਹਾ ਸੀ ਜਿਸ ਬਾਰੇ ਭਾਈ ਬਲਵੰਡ ਜੀ ਨੇ ਫੁਰਮਾਇਆ ਹੈ:-

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥*[50]

ਗੁਰੂ ਅੰਗਦ ਦੇਵ ਜੀ ਕਰਤਾਰਪੁਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਕੁਝ ਚਿਰ ਰਹੇ ਜਿਥੇ ਉਨ੍ਹਾਂ ਨੂੰ ਸਿੱਖ ਧਰਮ ਦੇ ਅਸੂਲਾਂ ਨੂੰ ਸਮਝਣ ਦਾ ਅਵਸਰ ਵੀ ਮਿਲਿਆ। ਗੁਰੂ ਨਾਨਕ ਸਾਹਿਬ ਦਾ ਕਰਤਾਰਪੁਰ ਵਿੱਚ ਨਿਵਾਸ ਗੁਰਬਾਣੀ ਪਰੰਪਰਾ ਦੇ ਵਿਕਾਸ ਵਿੱਚ ਬੜਾ ਮਹੱਤਵਪੂਰਨ ਸਥਾਨ ਰੱਖਦਾ ਹੈ। ਗੁਰੂ ਅੰਗਦ ਸਾਹਿਬ ਨੇ ਬਾਣੀ ਨੂੰ ਲਿਖਤੀ ਰੂਪ ਵਿੱਚ ਸੰਭਾਲਣ ਤੇ ਇਸਦੇ ਸੰਚਾਰ ਲਈ ਗੁਰਮੁਖੀ ਲਿਪੀ ਨੂੰ ਵਰਤੋਂ ਵਿੱਚ ਲਿਆਂਦਾ। ਗੁਰਮੁਖੀ ਲਿਪੀ ਭਾਵੇਂ ਪਹਿਲਾਂ ਮੌਜੂਦ ਸੀ ਪਰ ਗੁਰਬਾਣੀ ਲਿਖਣ ਲਈ ਇਸਨੂੰ ਮਿਆਰੀ ਸ਼ਕਲ ਗੁਰੂ ਅੰਗਦ ਦੇਵ ਜੀ ਨੇ ਹੀ ਪ੍ਰਦਾਨ ਕੀਤੀ। ਹੁਣ ਸਿੱਖਾਂ ਨੂੰ ਅਹਿਸਾਸ ਹੋਣ ਲੱਗ ਪਿਆ ਕਿ ਉਹ ਸਧਾਰਨ ਹਿੰਦੂ ਜਨਤਾ ਨਾਲੋਂ ਕੁਝ ਵੱਖਰੇ ਹਨ। ਇਸਨੇ ਪੁਜਾਰੀ ਸ਼੍ਰੇਣੀ ਦੇ ਨਿਯੰਤਰਣ 'ਤੇ ਵੀ ਕਰਾਰੀ ਸੱਟ ਮਾਰੀ। ਬ੍ਰਾਹਮਣ ਦੇ ਮਹੱਤਵ ਦਾ ਇਕ ਵੱਡਾ ਆਧਾਰ ਉਸਦਾ ਸੰਸਕ੍ਰਿਤੀ ਦਾ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਗੁਰੂ ਸਾਹਿਬ ਨੇ ਗੁਰਮੁਖੀ ਲਿਪੀ ਨੂੰ ਪ੍ਰਚਾਰਨ ਤੇ ਲੋਕ ਪ੍ਰਿਯ ਬਣਾਉਣ ਲਈ ਖਡੂਰ ਸਾਹਿਬ ਵਿੱਚ ਇਸਦੇ ਮਾਧਿਅਮ ਰਾਹੀਂ ਬੱਚਿਆਂ ਨੂੰ ਸਿੱਖਿਆ ਦੇਣ ਦੀ ਵਿਵਸਥਾ ਕੀਤੀ ਤੇ ਬਾਲ ਬੋਧ ਤਿਆਰ ਕੀਤਾ, ਇਸ ਨੇ ਜਿਥੇ ਸਿੱਖਾਂ ਨੂੰ ਫਾਰਸੀ ਤੇ ਸੰਸਕ੍ਰਿਤ ਦੇ

ਪ੍ਰਭਾਵ ਤੋਂ ਮੁਕਤ ਕੀਤਾ, ਉਥੇ ਨਾਲ ਹੀ ਇਹ ਅਹਿਸਾਸ ਪੈਦਾ ਕੀਤਾ ਕਿ ਇਹ ਸਿੱਖਾਂ ਦੀ ਆਪਣੀ ਭਾਸ਼ਾ ਤੇ ਲਿਪੀ ਹੈ। ਇਸ ਤਰ੍ਹਾਂ ਸਿੱਖਾਂ ਲਈ ਵੱਖਰੀ ਭਾਸ਼ਾਈ ਪਛਾਣ ਸਥਾਪਿਤ ਕੀਤੀ।

ਗੁਰੂ ਅੰਗਦ ਦੇਵ ਜੀ ਨੇ ਸਿੱਖ ਪੰਥ ਨੂੰ ਆਤਮਿਕ ਬਲ ਦੇ ਨਾਲ-ਨਾਲ ਸਰੀਰਕ ਤੌਰ 'ਤੇ ਬਲਵਾਨ ਬਣਾਉਣ ਲਈ ਵੀ ਧਿਆਨ ਦਿੱਤਾ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬਦਲੇ ਹੋਏ ਹਾਲਾਤਾਂ ਵਿੱਚ ਰਵਾਇਤ ਬਣ ਚੁੱਕੇ ਜਾਂ ਪ੍ਰੰਪਰਾ ਬੱਧ ਹੋ ਚੁੱਕੇ ਵਿਸ਼ਵਾਸ਼ ਨਕਾਰਾ ਹੋ ਚੁੱਕੇ ਹਨ ਤੇ ਹੁਣ ਯੁੱਗ ਉਨ੍ਹਾਂ ਨੂੰ ਸਹਾਰ ਨਹੀਂ ਸਕਦਾ। ਇਸ ਲਈ ਇਕ ਅਜਿਹਾ ਅਮਲ ਸਾਹਮਣੇ ਆਉਣਾ ਚਾਹੀਦਾ ਹੈ ਕਿ ਜੋ ਜੀਵਨ ਦੀਆਂ ਡੂੰਘਾਈਆਂ ਨੂੰ ਹਿਲਾ ਕੇ ਰੱਖ ਦੇਵੇ ਅਤੇ ਅਜਿਹੇ ਸੂਰਮੇ ਪੈਦਾ ਹੋਣ ਜੋ ਧਰਮ ਜਾਂ ਕੌਮ ਦੀ ਬੰਦ ਖਲਾਸੀ ਲਈ ਆਪਣਾ ਜੀਵਨ ਅਰਪਣ ਕਰਨ ਤੋਂ ਵੀ ਗੁਰੇਜ਼ ਨਾ ਕਰਨ।[51] ਸੋ ਅਜਿਹੇ ਮਨੁੱਖਾਂ ਦੀ ਸਿਰਜਨਾ ਕਰਨ ਲਈ ਉਨ੍ਹਾਂ ਮਨੁੱਖੀ ਸਖਸ਼ੀਅਤ ਦੇ ਸਰਬ ਪੱਖੀ ਵਿਕਾਸ ਵੱਲ ਧਿਆਨ ਦੇਂਦਿਆਂ ਸਰੀਰਕ ਬਲ ਪੈਦਾ ਕਰਨ ਲਈ ਮੱਲ ਅਖਾੜੇ ਦੀ ਸਥਾਪਨਾ ਕੀਤੀ ਤਾਂ ਕਿ ਹਿੰਦੁਸਤਾਨ ਉੱਤੇ ਹੋ ਰਹੇ ਹਮਲਿਆਂ ਅਤੇ ਧਾੜਵੀਆਂ ਦਾ ਡੱਟ ਕੇ ਮੁਕਾਬਲਾ ਕੀਤਾ ਜਾ ਸਕੇ। ਸਿੱਖ ਸੰਗਤ ਨੂੰ ਸਰੀਰਕ ਤੰਦਰੁਸਤੀ ਲਈ ਉਨ੍ਹਾਂ ਕਸਰਤ ਤੇ ਕੁਸ਼ਤੀਆਂ ਕਰਨ ਲਈ ਪ੍ਰੇਰਿਤ ਤੇ ਉਤਸ਼ਾਹਿਤ ਕੀਤਾ । ਇਸ ਤਰ੍ਹਾਂ ਕਰਨ ਨਾਲ ਭਵਿੱਖ ਵਿੱਚ ਸਿੱਖ ਗੁਰੂਆਂ ਨੂੰ ਲੋੜ ਵੇਲੇ ਰਿਸ਼ਟ ਪੁਸ਼ਟ ਤੇ ਬਲਵਾਨ ਸੈਨਾ ਖੜੀ ਕਰਨ ਵਿੱਚ ਅਸਾਨੀ ਹੋ ਗਈ। ਗੁਰੂ ਅੰਗਦ ਸਾਹਿਬ ਦੁਆਰਾ ਸ਼ੁਰੂ ਕੀਤਾ ਇਹ ਕ੍ਰਾਂਤੀਕਾਰੀ ਕਾਰਜ ਗੁਰੂ ਹਰਿਗੋਬਿੰਦ ਸਾਹਿਬ ਲਈ ਫੋਜੀ ਸੰਗਠਨ ਦਾ ਅਧਾਰ ਬਣਿਆ।

*ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥*[52]

ਗੁਰੂ ਅੰਗਦ ਦੇਵ ਜੀ 12 ਸਾਲ ਗੁਰੂ ਨਾਨਕ ਸਾਹਿਬ ਦੁਆਰਾ ਸੌਂਪੀ ਗੁਰਤਾਗੱਦੀ ਦੇ ਵਾਰਸ ਰਹੇ ਤੇ ਫੇਰ 1552 ਈ: ਵਿੱਚ ਗੁਰੂ ਅਮਰਦਾਸ ਨੂੰ ਪਰਖ ਕਸਵੱਟੀ 'ਚੋਂ ਪੂਰੇ ਉਤਰਨ ਉਪਰੰਤ ਤੇ ਉਹਨਾਂ ਨੂੰ ਗੁਰਗੱਦੀ ਦੀ ਸੋਂਪਣਾ ਕੀਤੀ।[53] ਇਸ ਤਰ੍ਹਾਂ ਗੁਰੂ ਨਾਨਕ ਦੀ ਇਹ ਗੁਰੂ ਪਰੰਪਰਾ ਦੀ ਰੀਤ ਅੱਗੇ ਵਧੀ। ਗੁਰੂ ਅੰਗਦ ਦੇਵ ਜੀ 29 ਮਾਰਚ 1552 ਈ: ਨੂੰ ਸੰਸਾਰਿਕ ਯਾਤਰਾ ਪੂਰੀ ਕਰਨ ਉਪਰੰਤ ਜੋਤੀ ਜੋਤ ਸਮਾ ਗਏ।[54]

ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਸੇਵਾ ਸਿਮਰਨ, ਨਿਡਰਤਾ, ਨਿਰਵੈਰਤਾ , ਸਿਦਕ ਦ੍ਰਿੜਤਾ ਦਾ ਮੁਜੱਸਮਾ ਸਨ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਿਰਜੇ ਨਵੇਂ ਪੰਥ ਨੂੰ ਸੰਭਾਲਿਆ ਅਤੇ ਦ੍ਰਿੜਤਾ ਨਾਲ ਅੱਗੇ ਪ੍ਰਚਾਰ ਕੀਤਾ। ਉਨ੍ਹਾਂ ਦਾ ਸਮੁੱਚਾ ਜੀਵਨ ਸੇਵਾ ਵਿੱਚ ਗੁਜ਼ਰਿਆ। ਪਹਿਲਾਂ ਗੁਰੂ ਦੀ

ਸੇਵਾ ਅਤੇ ਫੇਰ ਸੰਗਤ ਦੀ ਸੇਵਾ। ਉਨ੍ਹਾਂ ਦੁਆਰਾ ਪਹਿਲਾਂ ਦੇ ਬਖਸ਼ੇ ਸਿਧਾਂਤਾਂ ਨੂੰ ਬਹੁਤ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਵਜੂਦ ਚੜ੍ਹਦੀ ਕਲਾ ਵਿੱਚ ਲੈ ਜਾਣਾ, ਗੁਰੂ ਅੰਗਦ ਦੇਵ ਜੀ ਨੂੰ ਹੀ ਸੁਭਾਗ ਪ੍ਰਾਪਤ ਸੀ। ਗੁਰੂ ਸਾਹਿਬ ਨੇ ਇਹ ਕਾਰਜ ਆਪਣੇ ਤਨ ਦੇਹੀ ਨਾਲ ਪੂਰੀ ਸਫਲਤਾ ਨਾਲ ਸਿਰੇ ਚੜ੍ਹਾਇਆ ਅਤੇ ਸਮੁੱਚੀ ਕਾਇਨਾਤ ਵਿੱਚ ਜੱਸ ਖੱਟਿਆ। ਜਿਸ ਬਾਰੇ ਗੁਰੂ ਘਰ ਦੇ ਰਬਾਬੀ ਭਾਈ ਸੱਤਾ ਤੇ ਬਲਵੰਡ ਨੇ ਫੁਰਮਾਇਆ ਹੈ।

*ਗੁਰੂ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥* [55]

## **ਗੁਰੂ ਅਮਰਦਾਸ ਜੀ** :-

ਗੁਰੂ ਅਮਰਦਾਸ ਜੀ ਇਕ ਆਦਰਸ਼ਵਾਦੀ ਤੇ ਪਰਿਪੂਰਨ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੀ ਸਰਬਪੱਖੀ ਤੇ ਸਰਬਗੁਣ ਸੰਪੰਨ ਸ਼ਖ਼ਸੀਅਤ ਦਾ ਵਰਣਨ ਕਰਨਾ ਆਮ ਮਨੁੱਖ ਦੇ ਵੱਸ ਦੀ ਗੱਲ ਨਹੀਂ। ਭੱਟ ਭੱਲ ਨੇ ਆਪਣੇ ਸਵੱਯਾਂ ਵਿੱਚ ਗੁਰੂ ਸਾਹਿਬ ਦੀ ਮਹਿਮਾ ਇਸ ਪ੍ਰਕਾਰ ਕੀਤੀ ਹੈ:

*ਭਲੇ ਅਮਰਦਾਸ ਗੁਣ ਤੇਰੇ*

*ਤੇਰੀ ਉਪਮਾ ਤੋਹਿ ਬਨ ਆਵੈ॥*[56]

ਗੁਰੂ ਅਮਰਦਾਸ ਜੀ ਦੀ ਸ਼ਖ਼ਸ਼ੀਅਤ ਦਾ ਇਕ ਨਿਵੇਕਲਾ ਪੱਖ ਉਨ੍ਹਾਂ ਦੀ ਬਜ਼ੁਰਗੀ ਹੈ। ਗੁਰੂ ਨਾਨਕ ਸਾਹਿਬ ਦੀ ਗੱਦੀ ਉੱਤੇ ਬਿਰਾਜਨ ਵਾਲੇ ਉਹ ਤੀਸਰੇ ਗੁਰੂ ਵਿਅਕਤੀ ਸਨ, ਪਰ ਉਮਰ ਵਿੱਚ ਉਹ ਗੁਰੂ ਨਾਨਕ ਸਾਹਿਬ ਤੋਂ 10 ਸਾਲ ਛੋਟੇ ਸਨ। ਆਪਣੇ ਪੂਰਵ-ਅਧਿਕਾਰੀ ਗੁਰੂ ਅੰਗਦ ਦੇਵ ਪਾਸੋਂ ਉਹ ਉਮਰ ਵਿੱਚ 25 ਸਾਲ ਵੱਡੇ ਸਨ। ਉਨ੍ਹਾਂ ਨੇ ਕੁੱਲ 95 ਸਾਲ ਉਮਰ ਭੋਗੀ ਜਿਸ ਵਿਚੋਂ ਅੰਤਲੇ 22 ਸਾਲ ਉਹ ਗੁਰਿਆਈ ਦੀ ਗੱਦੀ ਉੱਤੇ ਰਹੇ । ਪਹਿਲੇ ਪੰਜ ਗੁਰੂ ਸਾਹਿਬਾਨ ਗੁਰੂ ਅਮਰਦਾਸ ਜੀ ਦੀ ਬਜ਼ੁਰਗੀ ਰਾਹੀਂ ਇਕ ਦੂਸਰੇ ਨਾਲ ਕਾਲਗਤ ਸੰਬੰਧ ਵਿੱਚ ਜੁੜੇ ਹੋਏ ਸਨ। ਇਹ ਗੱਲ ਦਿਲਚਸਪੀ ਤੋਂ ਖਾਲੀ ਨਹੀਂ ਹੈ ਕਿ ਗੁਰੂ ਅਮਰਦਾਸ ਗੁਰੂ ਨਾਨਕ ਦੇ 60 ਸਾਲ ਸਮਕਾਲੀ ਰਹੇ, ਚਾਹੇ ਇਨ੍ਹਾਂ ਦਾ ਪਰਸਪਰ ਮੇਲ ਨਹੀਂ ਹੋਇਆ। ਉਹ ਭਾਈ ਲਹਿਣਾ(ਗੁਰੂ ਅੰਗਦ ਦੇਵ) ਦੇ 48 ਸਾਲ ਸਮਕਾਲੀ ਰਹੇ। ਇਸ ਤਰ੍ਹਾਂ ਆਪਣੇ ਜਵਾਈ ਭਾਈ ਜੇਠਾ (ਗੁਰੂ ਰਾਮਦਾਸ) ਪਾਸੋਂ ਉਹ ਉਮਰ ਵਿੱਚ 55 ਸਾਲ ਵੱਡੇ ਸਨ ਅਤੇ 40 ਸਾਲ ਉਨ੍ਹਾਂ ਦੇ ਸਮਕਾਲੀ ਰਹੇ। ਆਪਣੇ ਦੋਹਤਰੇ ਗੁਰੂ ਅਰਜਨ ਦੇਵ ਪਾਸੋਂ ਉਹ 84 ਸਾਲ ਵੱਡੇ ਸਨ ਅਤੇ 11 ਸਾਲ ਉਨ੍ਹਾਂ ਦੇ ਵੀ ਸਮਕਾਲੀ ਰਹੇ। ਸੋ ਸਮੇਂ ਦੇ ਲਿਹਾਜ਼ ਨਾਲ ਇਕ ਪਾਸੇ ਆਪਣੇ ਦੋ ਉਤਰ ਅਧਿਕਾਰੀਆਂ ਗੁਰੂ ਵਿਅਕਤੀਆਂ ਨਾਲ ਸੰਬੰਧਿਤ ਸਨ। ਗੁਰੂ ਅੰਗਦ ਦੇਵ ਨਾਲ ਉਨ੍ਹਾਂ ਦਾ

ਮੇਲ ਸੰਨ 1540 ਵਿੱਚ ਹੋਇਆ, ਜਦੋਂ ਕਿ ਉਨ੍ਹਾਂ ਦੀ ਆਯੂ 61 ਸਾਲ ਸੀ। ਬਾਰ੍ਹਾਂ ਸਾਲ ਦੀ ਕਠਿਨ ਤਪੱਸਿਆ ਅਤੇ ਸੇਵਾ ਤੋਂ ਉਪਰੰਤ 73 ਸਾਲਾਂ ਦੀ ਉਮਰ ਵਿੱਚ ਉਹ ਗੁਰਗੱਦੀ ਤੇ ਬਿਰਾਜੇ।[57]

ਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਈ: ਨੂੰ ਪਿੰਡ ਬਾਸਰਕੇ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਦਾ ਨਾਂ ਤੇਜ਼ ਭਾਨ ਤੇ ਮਾਤਾ ਦਾ ਨਾਮ ਲਖੋ ਸੀ।[58] ਗੁਰੂ ਸਾਹਿਬ ਸ਼ੁਰੂ ਤੋਂ ਹੀ ਆਗਿਆਕਾਰੀ ਅਤੇ ਧੀਰਜ ਸੁਭਾਅ ਦੇ ਮਾਲਕ ਸਨ। ਇਨ੍ਹਾਂ ਦੇ ਪਿਤਾ ਭੱਲਾ ਵੰਸ਼ ਦੇ ਖੱਤਰੀ ਸਨ। ਉਹ ਬਾਸਰਕੇ ਵਿਖੇ ਹੱਟੀ ਅਤੇ ਵਪਾਰ ਕਰਦੇ ਸਨ ਪਰ ਇਨ੍ਹਾਂ ਕੋਲ ਕੁਝ ਜ਼ਮੀਨ ਵੀ ਸੀ ਜਿਸ ਉਤੇ ਉਹ ਖੇਤੀ ਕਰਵਾਉਂਦੇ ਸਨ। ਗੁਰੂ ਅਮਰਦਾਸ ਨੂੰ ਪਿੰਡ ਦੀ ਧਰਮਸ਼ਾਲਾ ਵਿੱਚ ਪੜਨ ਲਈ ਭੇਜਿਆ ਗਿਆ ਤੇ ਨਾਲ ਪਿਤਾ ਜੀ ਦੀ ਵਪਾਰ ਦੇ ਕੰਮ ਵਿੱਚ ਵੀ ਮਦਦ ਕਰਦੇ ਸਨ। ਕਾਰ ਵਿਹਾਰ ਸਬੰਧੀ ਜਾਣਕਾਰੀ ਗੁਰੂ ਸਾਹਿਬ ਨੇ ਆਪਣੇ ਪਿਤਾ ਤੋਂ ਪ੍ਰਾਪਤ ਕੀਤੀ। ਗੁਰੂ ਸਾਹਿਬ ਨੂੰ ਬਚਪਨ ਤੋਂ ਹੀ ਘਰ ਵਿੱਚ ਸ਼ਾਂਤ ਅਤੇ ਧਾਰਮਿਕ ਮਾਹੌਲ ਮਿਲਿਆ ਜਿਸ ਦੇ ਪ੍ਰਭਾਵ ਸਦਕਾ ਦੁਕਾਨ ਤੇ ਬੈਠਿਆਂ ਵੀ ਇਨ੍ਹਾਂ ਦੀ ਬਿਰਤੀ ਭਜਨ ਬੰਦਗੀ ਵੱਲ ਲੱਗੀ ਰਹਿੰਦੀ ਸੀ।

ਮਾਘ ਸੰਮਤ 1559 ਈ: ਨੂੰ ਇਨ੍ਹਾਂ ਦਾ ਵਿਆਹ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ। ਬੀਬੀ ਮਨਸਾ ਦੇਵੀ ਦਾ ਸੁਭਾਅ ਅਤਿ ਮਿੱਠਾ ਅਤੇ ਸਹਿਨਸ਼ੀਲਤਾ ਵਾਲਾ ਸੀ। ਇਨ੍ਹਾਂ ਦੇ ਘਰ ਬੀਬੀ ਭਾਨੀ ਤੇ ਬੀਬੀ ਦਾਨੀ ਦੋ ਲੜਕੀਆਂ ਅਤੇ (ਬਾਬਾ) ਮੋਹਨ ਤੇ ਮੋਹਰੀ ਜੀ ਦੋ ਲੜਕੇ ਪੈਦਾ ਹੋਏ।[59] ਵਿਆਹ ਉਪਰੰਤ ਜ਼ਿੰਮੇਵਾਰੀਆਂ ਦਾ ਭਾਰ ਵੱਧਣ ਦੇ ਬਾਵਜੂਦ ਵੀ ਇਨ੍ਹਾਂ ਦੀਆਂ ਧਾਰਮਿਕ ਰੁਚੀਆਂ ਉਸੇ ਤਰ੍ਹਾਂ ਕਾਇਮ ਰਹੀਆਂ। ਗੁਰੂ ਅਮਰਦਾਸ ਜੀ ਦੀ ਸਖ਼ਸ਼ੀਅਤ ਉੱਪਰ ਆਪਣੇ ਮਾਪਿਆਂ ਦੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਸੀ। ਹਿੰਦੂ ਸ਼ਾਸਤਰਾਂ ਅਨੁਸਾਰ ਕਰਮ ਕਾਂਡ ਕਰਨਾ, ਦਾਨ-ਪੁੰਨ ਕਰਨਾ, ਵਰਤ ਰੱਖਣੇ, ਹਰ ਸਾਲ ਗੰਗਾ ਇਸ਼ਨਾਨ ਜਾਣਾ ਤੇ ਪਾਠ ਪੂਜਾ ਕਰਨਾ ਇਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਅੰਗ ਬਣ ਚੁੱਕੇ ਸਨ। ਧਰਮ ਕਰਮ ਅਨੁਸਾਰ ਤੀਰਥ ਯਾਤਰਾ ਨੂੰ ਸਭ ਤੋਂ ਉੱਤਰ ਮੰਨਿਆ ਜਾਂਦਾ ਸੀ। ਇਸ ਵਿਚਾਰਧਾਰਾ ਅਧੀਨ ਇਹ ਕੰਮਕਾਰ ਵਿੱਚੋਂ ਸਮਾਂ ਕੱਢ ਕੇ ਤੀਰਥ ਯਾਤਰਾ ਤੇ ਜਾਇਆ ਕਰਦੇ ਸਨ। ਸੰਨ 1541 ਈ: ਵਿੱਚ ਗੁਰੂ ਸਾਹਿਬ ਇਕੀਵੀਂ ਵਾਰੀ ਗੰਗਾ ਇਸ਼ਨਾਨ ਵਾਸਤੇ ਹਰਿਦੁਆਰ ਗਏ।[60] ਵਾਪਸ ਆਉਂਦੇ ਹੋਏ ਰਸਤੇ ਵਿੱਚ ਇਕ ਬ੍ਰਹਮਚਾਰੀ ਗੁਰੂ ਜੀ ਦਾ ਸਾਥੀ ਬਣ ਗਿਆ ਜੋ ਬਾਸਰਕੇ ਤੱਕ ਗੁਰੂ ਜੀ ਦੇ ਨਾਲ ਹੀ ਆਇਆ। ਪਰ ਜਦ ਇਥੇ ਆ ਕੇ ਬ੍ਰਹਮਚਾਰੀ ਨੂੰ ਇਸ ਹਕੀਕਤ ਦਾ ਪਤਾ ਲੱਗਿਆ ਕਿ ਅਮਰਦਾਸ ਜੀ ਨੇ ਅਜੇ ਤੱਕ ਕੋਈ ਗੁਰੂ ਧਾਰਨ ਨਹੀਂ ਕੀਤਾ ਤਾਂ ਉਸ ਨੂੰ ਬੜਾ

ਮਾਨਸਿਕ ਦੁੱਖ ਹੋਇਆ। ਉਹ ਬ੍ਰਹਮਚਾਰੀ ਗੁਰੂ ਸਾਹਿਬ ਤੇ ਕ੍ਰੋਧਿਤ ਹੋ ਕੇ ਕਹਿਣ ਲੱਗਾ ਕਿ ਤੇਰੇ ਜਿਹੇ ਨਿਗੁਰੇ ਨਾਲ ਸੰਗ ਕਰਕੇ ਮੇਰੇ ਸਾਰੇ ਪੁੰਨ ਦਾਨ ਤੇ ਤੀਰਥ ਇਸ਼ਨਾਨ ਵਿਅਰਥ ਚਲੇ ਗਏ ਹਨ:

*ਬ੍ਰਹਮਚਾਰੀ ਤਬ ਪੂਛਤ ਭਏ*
*ਤੁਮ ਕਿਸ ਗੁਰੂ ਗ੍ਰਿਹ ਕੇ ਸੇਵਕ ਅਹੋ*
*ਯਹਿ ਬ੍ਰਿਤੰਤ ਸੱਤ ਮੁੜ ਕਹੋ*
*ਇਹੀ ਬਚਨ ਅਮ੍ਰ ਗੁਰਤਾ ਸੋ ਕਹਾ*
*ਮੈਂ ਤਬ ਤਕ ਗੁਰ ਖੋਜਤ ਹੀ ਰਹਾ*
*ਬ੍ਰਹਮਚਾਰੀ ਇਹ ਬਚਨ ਸੁਨ ਅਤਿ ਮਨਿ ਤਨਿ ਦੁਖੁ ਲਾਗਾ*
*ਮੁਹਿ ਤੀਰਥ ਬ੍ਰਤ ਬ੍ਰਿਥਾ ਭਏ ਸਭ ਕੀਉ ਜੁ ਤੁਮ ਸੰਗ ਖਾਨ॥*[61]

ਬ੍ਰਹਮਚਾਰੀ ਦੇ ਮੂੰਹੋਂ ਨਿਗੁਰਾ ਸ਼ਬਦ ਸੁਣ ਕੇ ਗੁਰੂ ਅਮਰਦਾਸ ਜੀ ਦਾ ਹਿਰਦਾ ਗੁਰੂ ਮਿਲਾਪ ਲਈ ਤੜਪ ਉਠਿਆ ਅਤੇ ਮਨ ਵਿੱਚ ਸਤਿਗੁਰੂ ਦੀ ਸ਼ਰਨ ਵਿੱਚ ਜਾਣ ਦਾ ਪੱਕਾ ਫੈਸਲਾ ਕਰ ਲਿਆ। ਇਕ ਦਿਨ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ, ਜੋ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ, ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਕਰ ਰਹੀ ਸੀ। ਉਨ੍ਹਾਂ ਦੇ ਮੁੱਖ ਤੋਂ ਇਹ ਬਾਣੀ ਸੁਣ ਕੇ ਗੁਰੂ ਅਮਰਦਾਸ ਜੀ ਦੇ ਦਿਲ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਦਾ ਪ੍ਰੇਮ ਜਾਗਿਆ। ਉਹ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਗਏ। ਗੁਰੂ ਅੰਗਦ ਦੇਵ ਜੀ ਨੇ ਲੋਕ ਰਸਮ ਅਨੁਸਾਰ ਇਕ ਕੁੜਮ ਦਾ ਸਤਿਕਾਰ ਕਰਨਾ ਚਾਹਿਆ। ਪਰ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ ’ਤੇ ਸੀਸ ਰੱਖ ਦਿੱਤਾ ਅਤੇ ਬੇਨਤੀ ਕੀਤੀ ਕਿ ਮੈਂ ਆਪ ਜੀ ਦਾ ਸਿੱਖ ਬਣਨ ਅਤੇ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਆਇਆਂ ਹਾਂ। ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ। ਇਸ ਉਪਰੰਤ ਗੁਰੂ ਅਮਰਦਾਸ ਜੀ ਵਾਪਿਸ ਨਹੀਂ ਗਏ ਸਗੋਂ ਖਡੂਰ ਸਾਹਿਬ ਹੀ ਰਹਿਣਾ ਸ਼ੁਰੂ ਕਰ ਦਿੱਤਾ। ਇਥੇ ਟਿਕ ਕੇ ਗੁਰੂ ਸਾਹਿਬ ਦੀ ਗੁਰੂ ਭਗਤੀ ਤੇ ਸੇਵਾ ਵਿੱਚ ਕਰੜੀ ਘਾਲਣਾ ਘਾਲ ਕੇ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਇਥੇ ਰਹਿ ਕੇ ਉਨ੍ਹਾਂ ਪਹਿਲਾਂ ਲੰਗਰ ਦੀ ਸੇਵਾ ਆਰੰਭ ਕੀਤੀ, ਫਿਰ ਗੁਰੂ ਜੀ ਨੂੰ ਇਸ਼ਨਾਨ ਕਰਵਾਉਣਾ, ਇਨ੍ਹਾਂ ਦੇ ਬਸਤਰ ਸਾਫ ਕਰਨੇ, ਲੰਗਰ ਵਾਸਤੇ ਜਲ ਭਰਨਾ ਤੇ ਹਰ ਪ੍ਰਕਾਰ ਦੀ ਸੇਵਾ ਕਰਨੀ ਆਪਣਾ ਨਿਤ ਕਰਮ ਬਣਾ ਲਿਆ। ਉਹ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਬਿਆਸ ਦਰਿਆ ਤੋਂ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ

ਕਰਨ ਲਈ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਸਨ। ਇਸੇ ਸਮੇਂ ਗੁਰੂ ਅਮਰਦਾਸ ਜੀ ਦੀ ਉਮਰ ਲਗਭਗ 72 ਸਾਲ ਦੀ ਸੀ। ਭਾਵੇਂ ਇਨ੍ਹਾਂ ਦਾ ਸਰੀਰ ਬਿਰਧ ਸੀ ਪਰ ਆਲਸ ਤੇ ਸੁਸਤੀ ਉਨ੍ਹਾਂ ਤੋਂ ਕੋਹਾਂ ਦੂਰ ਸੀ। ਹਰ ਰੋਜ਼ ਦੀ ਤਰ੍ਹਾਂ ਇਕ ਵਾਰ ਹਨੇਰੀ ਰਾਤ ਵਿੱਚ ਪਾਣੀ ਦੀ ਗਾਗਰ ਲਿਆਉਂਦੇ ਹੋਏ ਇਹ ਜੁਲਾਹੀ ਦੇ ਖੱਡੀ ਨਾਲ ਠੇਡਾ ਖਾ ਕੇ ਡਿੱਗ ਪਏ ਪਰ ਗਾਗਰ ਹੱਥੋਂ ਨਹੀਂ ਡਿੱਗਣ ਦਿੱਤੀ। ਖੜਾਕ ਦੀ ਅਵਾਜ਼ ਸੁਣ ਕੇ ਜੁਲਾਹੇ ਨੇ ਆਪਣੀ ਪਤਨੀ ਤੋਂ ਖੜਾਕ ਦਾ ਕਾਰਨ ਪੁਛਿਆ ਤਾਂ ਉਸਨੇ ਜਵਾਬ ਦਿੱਤਾ, ਉਹ ਅਮਰੂ ਨਿਥਾਵਾਂ ਡਿੱਗ ਪਿਆ ਹੋਣਾ। ਇਹ ਸੁਣ ਕੇ ਗੁਰੂ ਅਮਰਦਾਸ ਜੀ ਦੇ ਮੂੰਹੋਂ ਸੁਭਾਵਿਕ ਹੀ ਨਿਕਲਿਆ ਕਿ ਕਮਲੀਏ! ਮੈਂ ਨਿਥਾਵਾਂ ਨਹੀਂ ਹਾਂ ਸਗੋਂ ਹੁਣ ਤਾਂ ਮੈਂ ਗੁਰੂ ਵਾਲਾ ਹਾਂ, ਗੁਰੂ ਸਾਹਿਬ ਦੇ ਇਹ ਬਚਨ ਉਚਾਰਦਿਆਂ ਹੀ ਜੁਲਾਹੀ ਕਮਲਿਆਂ ਵਾਂਗ ਗੱਲਾਂ ਕਰਨ ਲੱਗ ਪਈ। ਪਰ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਸਦਕਾ ਠੀਕ ਹੋ ਗਈ।

ਗੁਰੂ ਅਮਰਦਾਸ ਨਿਸ਼ਕਾਮ ਸੇਵਾ, ਪੂਰਨ ਭਗਤੀ ਵਿੱਚ ਸਫਲ ਹੋਏ ਉਨ੍ਹਾਂ ਦੀ ਗੁਰੂ ਬਚਨਾਂ ਵਿੱਚ ਵਿਸ਼ਵਾਸ਼, ਕਰੜੀ ਘਾਲਣਾ ਵਿੱਚ ਸਿਦਕ ਤੇ ਸੰਤੋਖ, ਤਕਲੀਫਾਂ ਦੇ ਸਹਿਣ ਵਿੱਚ ਅਡੋਲਤਾ, ਗੁਰੂ ਗੁਰਸਿੱਖਾਂ ਤੇ ਹੋਰ ਆਮ-ਖਾਸ ਦੀ ਸੇਵਾ ਲਈ ਕਰੜੀ ਘਾਲਣਾ, ਲੋਕਾਂ ਵਲੋਂ ਦਿੱਤੇ ਜਾਂਦੇ ਤਾਨ੍ਹਿਆਂ ਦੇ ਵਾਤਾਵਰਣ ਵਿੱਚ ਲੋਕ ਕਲਿਆਣ ਵਿੱਚ ਮਗਨਤਾ ਦੇਖ ਕੇ ਗੁਰੂ ਅੰਗਦ ਦੇਵ ਜੀ ਨੂੰ ਪੱਕਾ ਯਕੀਨ ਤੇ ਤਸੱਲੀ ਹੋ ਗਈ ਕਿ ਗੁਰੂ ਨਾਨਕ ਦੇਵ ਜੀ ਦੀ ਸਪੁੱਰਦ ਕੀਤੀ ਹੋਈ ਜ਼ਿੰਮੇਵਾਰੀ ਦਾ ਬੋਝ ਗੁਰੂ ਅਮਰਦਾਸ ਜੀ ਚੁੱਕਣਯੋਗ ਹਨ। ਇਸ ਲਈ ਗੁਰੂ ਅੰਗਦ ਦੇਵ ਜੀ ਨੇ 29 ਮਾਰਚ 1552 ਈ: ਨੂੰ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਬਖਸ਼ਿਸ਼ ਕੀਤੀ। ਸੋ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਜਿਹੜੀ ਜੋਤ ਗੁਰੂ ਅੰਗਦ ਵਿੱਚ ਪ੍ਰਵੇਸ਼ ਹੋਈ ਸੀ ਹੁਣ ਉਹ ਗੁਰੂ ਅਮਰਦਾਸ ਜੀ ਵਿੱਚ ਪਲਟ ਗਈ। ਗੁਰੂ ਨਾਨਕ ਸਾਹਿਬ ਦੁਆਰਾ ਅਰੰਭ ਕੀਤੀ ਗੁਰਮਤਿ ਪਰੰਪਰਾ ਦੀ ਲੀਹ ਹੁਣ ਅੱਗੇ ਗੁਰੂ ਅਮਰਦਾਸ ਜੀ ਦੇ ਰੂਪ ਵਿੱਚ ਅੱਗੇ ਵਧੀ। ਭਾਈ ਗੁਰਦਾਸ ਜੀ ਨੇ ਗੁਰੂ ਅਮਰਦਾਸ ਜੀ ਨੂੰ ਗਰੁਗੱਦੀ ਸੌਂਪੇ ਜਾਣ ਦਾ ਜ਼ਿਕਰ ਆਪਣੀ ਰਚਨਾ ਵਿੱਚ ਵੀ ਕੀਤਾ ਹੈ।

*ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥*
*ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ॥*[63]

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਥਾਪਣ ਤੋਂ ਬਾਅਦ ਆਪਣੀ ਬਾਣੀ (ਸਲੋਕ)ਤੇ ਗੁਰੂ ਨਾਨਕ ਸਾਹਿਬ ਪਾਸੋਂ ਪ੍ਰਾਪਤ ਨਾਨਕ ਬਾਣੀ ਤੇ ਭਗਤ ਬਾਣੀ, ਇਨ੍ਹਾਂ ਦੇ ਹਵਾਲੇ

ਕਰ ਦਿੱਤੀ ਅਤੇ ਪ੍ਰੇਮ ਵਿੱਚ ਗੜੂੰਦ ਹੋ ਕੇ ਬਚਨ ਕੀਤਾ ਕਿ ਗੁਰੂ ਅਮਰਦਾਸ ਜੀ ਨਿਰਅਸਰਿਆਂ ਦਾ ਆਸਰਾ ਅਤੇ ਨਿਥਾਵਿਆਂ ਦੀ ਥਾਂ ਸਾਬਤ ਹੋਣਗੇ। ਜਦੋਂ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਦੀ ਮਾਨਸਿਕ ਅਵਸਥਾ ਬਡੀ ਪ੍ਰੋੜ ਸੀ। ਜ਼ਿੰਦਗੀ ਦਾ ਅਨੁਭਵ ਬੜਾ ਡੂੰਘਾ ਤੇ ਵਿਸ਼ਾਲ ਸੀ। ਇਸੇ ਕਰਕੇ ਉਨ੍ਹਾਂ ਨੇ ਉਸ ਵਕਤ ਦੇ ਜੀਵਨ ਤੇ ਸਮਾਜ ਦੋਹਾਂ ਦੀ ਅਸਲੀਅਤ ਨੂੰ ਪਹਿਲਾਂ ਸਮਝਿਆ, ਫਿਰ ਉਸਦੀ ਅਸਲੀਅਤ ਦਾ ਅਧਿਐਨ ਕੀਤਾ ਤੇ ਉਸ ਅਸਲੀਅਤ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਇਸ ਅਸਲੀਅਤ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਉਨ੍ਹਾਂ ਆਪਣੀ ਉਮਰ ਦੇ ਪਿਛਲੇ 22 ਸਾਲਾਂ ਵਿੱਚ ਸਾਰੀ ਬਾਣੀ ਰਚੀ।

ਗੁਰੂ ਅਮਰਦਾਸ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਵਡਮੁੱਲੇ ਕਾਰਜ ਕੀਤੇ ਜਿਨ੍ਹਾਂ ਵਿੱਚੋ ਉਨ੍ਹਾਂ ਦੁਆਰਾ ਰਚਿਤ ਬਾਣੀ ਸਿੱਖ ਧਰਮ ਲਈ ਅਣਮੁੱਲੀ ਦਾਤ ਹੈ। ਇਨ੍ਹਾਂ ਨੇ ਨਾ ਕੇਵਲ ਆਪ ਹੀ ਬਾਣੀ ਲਿਖੀ ਸਗੋਂ ਪਹਿਲੇ ਗੁਰੂ ਸਾਹਿਬਾਨ ਅਤੇ ਗੁਰਮਤਿ ਵਿਚਾਰਧਾਰਾ ਨਾਲ ਮਿਲਦੀ ਭਗਤਾਂ ਦੀ ਬਾਣੀ ਦੀ ਸੰਭਾਲ ਵੀ ਕੀਤੀ। ਗੁਰੂ ਅਮਰਦਾਸ ਜੀ ਦੀ ਕਾਵਿ ਰਚਨਾ ਅਕਾਰ ਦੇ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਗੁਰੂ ਸਾਹਿਬਾਨ ਅਤੇ ਭਗਤ ਕਵੀਆਂ ਦੀ ਰਚਨਾ ਵਿੱਚ ਤੀਸਰੇ ਸਥਾਨ ’ਤੇ ਆਉਂਦੀ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਆਦਿ ਗ੍ਰੰਥ ਵਿੱਚ ਸਮੁੱਚੀ ਕਾਵਿ ਰਚਨਾ ਦੀ ਕੁੱਲ ਗਿਣਤੀ 5867 ਹੈ ਜਿਨ੍ਹਾਂ ਵਿੱਚ 869 ਕਾਵਿ ਰਚਨਾਵਾਂ ਗੁਰੂ ਅਮਰਦਾਸ ਜੀ ਦੀਆਂ ਹਨ।[64] ਸੋ ਆਕਾਰ ਪੱਖੋਂ ਆਦਿ ਗ੍ਰੰਥ ਦੀ ਸਮੁੱਚੀ ਬਾਣੀ ਦਾ ਲਗਭਗ ਸੱਤਵਾਂ ਭਾਗ ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਗੁਰੂ ਸਾਹਿਬ ਦੀ 17 ਰਾਗਾਂ ਵਿੱਚ ਰਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੇਠ ਲਿਖੇ ਰਾਗ ਕ੍ਰਮ ਅਨੁਸਾਰ ਦਰਜ ਹੈ:-

| ਨੰ | ਰਾਗ | ਪਦੇ | ਅਸਟਪਦੀਆ | ਛੰਤ | ਹੋਰ ਬਾਣੀਆਂ | ਸਲੋਕ | ਪਉੜੀਆਂ (ਵਾਰ ਵਿੱਚ) |
|---|---|---|---|---|---|---|---|
| 1. | ਸਿਰੀ | 31 | 8 | - | - | 33 | - |
| 2. | ਮਾਝ | - | 32 | - | - | 3 | - |
| 3. | ਗਉੜੀ | 18 | 5 | - | 7 | - | - |

| | | | | | | | |
|---|---|---|---|---|---|---|---|
| 4. | ਆਸਾ | 13 | 15 | 2 | ਪੱਟੀ (184 ਪਉੜੀਆਂ) | 12 | – |
| 5. | ਗੂਜਰੀ | 7 | 1 | – | – | 44 | 22 |
| 6. | ਬਿਹਾਗੜਾ | – | – | – | – | 33 | – |
| 7. | ਵਡਹੰਸ | 9 | 2 | 6 | ਅਲਾਹੁਣੀਆ(4) | 40 | – |
| 8. | ਸੋਰਠਿ | 12 | 3 | – | – | 48 | – |
| 9. | ਧਨਾਸਰੀ | 9 | – | – | – | – | – |
| 10. | ਸੂਹੀ | – | 4 | 7 | – | 15 | – |
| 11. | ਬਿਲਾਵਲ | 6 | – | 1 | ਵਾਰਸਤ | 24 | – |
| 12. | ਰਾਮਕਲੀ | 1 | – | 5 | ਆਨੰਦ (40) | 24 | 21 |
| 13. | ਮਾਰੂ | 5 | – | 1 | (24) ਸੋਲਹੇ | 15 | 22 |
| 14. | ਭੈਰਉ | 21 | – | 2 | – | – | – |
| 15. | ਬਸੰਤ | 20 | – | – | – | 23 | – |
| 16. | ਸਾਰੰਗ | – | – | 3 | – | 83 | – |
| 17. | ਮਲਾਰ | 13 | – | 3 | – | 27 | – |
| 18 | ਪ੍ਰਭਾਤੀ | 7 | – | 2 | – | – | – |

ਸਲੋਕ ਵਾਰਾਂ ਤੇ ਵਧੀਕ

ਕੁਲ 172 91 20 16

ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਹੈ। ਉਨ੍ਹਾਂ ਅਨੁਸਾਰ ਇਸ ਸਾਰੇ ਦਿੱਸਦੇ ਅਤੇ ਅਣਦਿੱਸਦੇ ਪਸਾਰੇ ਪਿੱਛੇ ਸੰਚਾਲਕ ਸ਼ਕਤੀ ਪਰਮਸੱਤਾ ਪਰਮਾਤਮਾ ਹੈ। ਇਹ ਸੱਤਾ ਇਕੋ ਇਕ ਹੈ, ਉਸ ਵਰਗੀ ਹੋਰ ਕੋਈ ਸ਼ਕਤੀ ਨਹੀ ਹੈ। ਇਹ ਸੱਤਾ ਅਵਿਅਕਤ ਜਾਂ ਨਿਰਗੁਣ, ਸੂਖਮ, ਨਿਰਾਕਾਰ ਰੂਪ ਵਿੱਚ ਰਹਿੰਦੀ ਹੈ ਪਰ ਆਪਣੇ ਹੀ ਭਾਣੇ ਵਿੱਚ ਹੁਕਮ, ਰਜ਼ਾ ਵਿੱਚ ਵਿਅਕਤ ਸਰਗੁਣ, ਸਥੂਲ ਤੇ ਸਾਕਾਰ ਰੂਪ ਧਾਰਨ ਕਰਦੀ ਹੈ। ਜਦੋਂ ਸਰਗੁਣ ਹੋ ਕੇ ਵਿਚਰਦੀ ਹੈ ਤਾਂ ਉਦੋਂ ਵੀ ਨਿਰਲੇਪ ਰਹਿ ਕੇ ਨਿਰਗੁਣ ਰੂਪ ਵਿੱਚ ਹੀ ਰਹਿੰਦੀ

ਹੈ। ਉਨ੍ਹਾਂ ਅਨੁਸਾਰ ਉਸ ਪਰਮਾਤਮਾ ਦੀ ਹੋਂਦ ਆਪਣੇ ਆਪ ਤੋਂ ਹੈ, ਸਭ ਥਾਵਾਂ, ਰਸਾਂ-ਕਸਾਂ ਵਿੱਚ ਬਿਰਾਜ਼ਮਾਨ ਹੁੰਦਿਆਂ ਵੀ ਉਹ ਅਦਿੱਖ ਸ਼ਕਤੀ ਹੈ:-

*ਆਪੇ ਆਪੁ ਉਪਾਇ ਉਪੰਨਾ॥*

*ਸਭ ਮਹਿ ਵਰਤੈ ਏਕੁ ਪਰਛੰਨਾ॥*[65]

ਉਹਨਾਂ ਪਰਮਾਤਮਾ ਨੂੰ ਅਕੱਥ, ਅਗਮ, ਅਗੋਚਰ, ਅਮੁੱਲ ਦੱਸਿਆ ਹੈ, ਜਿਸਦਾ ਅੰਤ ਨਹੀਂ ਪਾਇਆ ਜਾ ਸਕਦਾ:

*ਅਗਮ ਅਗੋਚਰਾ ਤੇਰਾ ਅੰਤੁ ਨਾ ਪਾਇਆ॥*

*ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂੰ ਜਾਣਹੇ॥*[66]

ਸਾਰੀ ਸ੍ਰਿਸ਼ਟੀ ਦਾ ਮੂਲ ਪਰਮਾਤਮਾ ਹੈ ਅਤੇ ਉਸ ਪਰਮਾਤਮਾ ਨੇ ਜੀਵ ਵਿੱਚ ਆਪਣੀ ਜੋਤ ਰੱਖ ਕੇ ਸੰਸਾਰ ਵਿੱਚ ਭੇਜਿਆ ਹੈ। ਜੀਵ ਆਤਮਾ ਪਰਮਾਤਮਾ ਦੀ ਹੀ ਅੰਸ਼ ਹੈ। ਇਹ ਅਬਿਨਾਸ਼ੀ ਹੈ। ਆਪਣੇ ਕਰਮਾਂ ਕਰਕੇ ਆਵਾਗਾਵਣ ਦੇ ਚੱਕਰ ਵਿੱਚ ਪਈ ਰਹਿੰਦੀ ਹੈ। ਗੁਰੂ ਅਮਰਦਾਸ ਜੀ ਅਨੁਸਾਰ ਜਦ ਤੱਕ ਆਤਮਾ ਸਰੀਰ ਵਿੱਚ ਹੈ ਤਾਂ ਕਾਰਜਸ਼ੀਲ ਹੈ ਪਰ ਜਦ ਪਰਮਾਤਮਾ ਆਤਮਾ ਨੂੰ ਸਰੀਰ ਵਿੱਚੋਂ ਕੱਢ ਲੈਂਦਾ ਹੈ ਤਾਂ ਸਰੀਰ ਮਿੱਟੀ ਹੋ ਜਾਂਦਾ ਹੈ। ਪਰ ਦੂਜੇ ਪਾਸੇ ਇਹ ਵੀ ਕਿਹਾ ਹੈ ਕਿ ਆਤਮਾ ਦਾ ਸਰੀਰ ਤੋਂ ਬਿਨ੍ਹਾਂ ਕੋਈ ਮਹੱਤਵ ਨਹੀਂ। ਇਹ ਸਰੀਰ ਵਿੱਚ ਹੀ ਕਾਰਜਸ਼ੀਲ ਹੈ। ਸਰੀਰ ਵਿੱਚ ਹੀ ਸਮਰੱਥ ਤੇ ਸ਼ਕਤੀਸ਼ਾਲੀ ਹੈ। ਇਸ ਲਈ ਗੁਰੂ ਸਾਹਿਬ ਸਰੀਰ ਦੀ ਮਹੱਤਤਾ ਪੇਸ਼ ਕਰਦੇ ਕਹਿੰਦੇ ਹਨ:

*ਮੇਰੈ ਕਰਤੈ ਇਕ ਬਣਤ ਬਣਾਈ॥*

*ਇਸੁ ਦੇਹੀ ਵਿਚਿ ਸਭ ਵਥੁ ਪਾਈ॥*[67]

ਗੁਰੂ ਸਾਹਿਬ ਕਹਿੰਦੇ ਹਨ ਕਿ ਹਉਮੈ ਵੱਸ ਜੀਵ ਸੰਸਾਰ ਵਿੱਚ ਕੁਕਰਮ ਕਰਦਾ ਹੈ ਜਿਸ ਕਰਕੇ ਆਵਾਗਾਵਣ ਦੇ ਚੱਕਰਾਂ ਵਿੱਚ ਪਿਆ ਰਹਿੰਦਾ ਹੈ। ਹਉਮੈ ਵਿੱਚ ਉਹ ਮੂਲ ਪਰਮਾਤਮਾ ਨੂੰ ਭੁੱਲ ਕੇ ਮਾਇਆ ਵਿੱਚ ਗਲਤਾਨ ਰਹਿੰਦਾ ਹੈ ਤੇ ਆਪਣੇ ਅਸਲੇ (ਪਰਮਾਤਮਾ) ਤੋਂ ਦੂਰ ਚਲਾ ਜਾਂਦਾ ਹੈ:

*ਹਉਮੈ ਮਾਇਆ ਮਹਾ ਬਿਖੁ ਖਾਇ॥*

*ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥*

*ਮਨਮੁਖਿ ਅੰਧਾ ਆਵੈ ਜਾਇ॥*[68]

ਪਰ ਗੁਰੂ ਸਾਹਿਬ ਇਸ ਦਾ ਸਮਾਧਾਨ ਵੀ ਦੱਸਦੇ ਹਨ ਕਿ ਜੇਕਰ ਜੀਵ ਵਿਕਾਰਾਂ ਨੂੰ ਛੱਡ ਕੇ ਸੱਚੇ ਗੁਰੂ ਦੀ ਸਿੱਖਿਆ ਗ੍ਰਹਿਣ ਕਰਦਾ ਹੋਇਆ ਗੁਣਾਂ ਨੂੰ ਧਾਰਨ ਕਰ ਲਵੇ ਤਾਂ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ। ਕਿਉਂਕਿ ਇਹ ਵਿਕਾਰ ਹੀ ਆਤਮਾ ਨੂੰ ਪਰਮਾਤਮਾ ਤੋਂ ਦੂਰ ਲਿਜਾਉਂਦੇ ਹਨ ਤੇ ਸੱਚੇ ਗੁਰੂ ਦੀ ਸੰਗਤ ਵਿੱਚ ਸ਼ੁੱਭ ਗੁਣਾਂ ਤੇ ਔਗੁਣਾਂ ਦੀ ਸਮਝ ਆਉਂਦੀ ਹੈ। ਗੁਰੂ ਸਾਹਿਬ ਅਨੁਸਾਰ ਜਿਹੜਾ ਜੀਵ ਸੱਚੇ ਗੁਰੂ ਦੇ ਹੁਕਮ ਸਦਕਾ ਨਾਮ ਸਿਮਰਨ ਕਰਦਾ ਹੋਇਆ ਪਰਮਾਤਮਾ ਦੀ ਸ਼ਰਨ ਵਿੱਚ ਜਾਂਦਾ ਹੈ, ਪਰਮਾਤਮਾ ਉਸ ਨੂੰ ਵਡਿਆਈਆਂ ਬਖਸ਼ਿਸ਼ ਕਰਦਾ ਹੈ:

*ਹਰਿ ਜੀਉ ਤੇਰੀ ਸਦਾ ਸਰਣਾਈ*
*ਆਪੇ ਬਖਸਿਹਿ ਦੇ ਵਡਿਆਈ॥* [69]

ਕਿਉਂਕਿ ਉਸ ਪਰਮਾਤਮਾ ਨਾਲ ਮੇਲ ਹੋਣ ਤੇ ਮਨ ਨਿਰਮਲ ਹੋ ਜਾਂਦਾ ਹੈ ਤੇ ਜੀਵ ਨੂੰ ਆਵਾਗਵਣ ਤੋਂ ਛੁਟਕਾਰਾ ਮਿਲ ਕੇ ਮੁਕਤੀ ਪ੍ਰਾਪਤ ਹੁੰਦੀ ਹੈ:

*ਆਪ ਪਛਾਣੈ ਮਨੁ ਨਿਰਮਲੁ ਹੋਇ॥*
*ਜੀਵਨ ਮੁਕਤਿ ਹਰਿ ਪਾਵੈ ਸੋਇ॥*
*ਹਰਿ ਗੁਣ ਗਾਵੈ ਗਤਿ ਊਤਮ ਹੋਇ॥*
*ਸਹਜੇ ਸਹਜਿ ਸਮਾਵੈ ਸੋਇ॥* [70]

ਜੀਵਾਤਮਾ ਪਰਮਾਤਮਾ ਨਾਲ ਮਿਲਾਪ ਹਾਸਿਲ ਕਰਕੇ ਉਸੇ ਵਿੱਚ ਸਮਾ ਜਾਂਦੀ ਹੈ ਤੇ ਮੁਕਤੀ ਪ੍ਰਾਪਤ ਕਰਦੀ ਹੈ। ਇਹ ਹੀ ਪੂਰਨ ਮਿਲਾਪ ਦੀ ਅਵਸਥਾ ਹੁੰਦੀ ਹੈ ਜਿਸ ਬਾਰੇ ਗੁਰੂ ਸਾਹਿਬ ਦੁਆਰਾ ਅਨੰਦ ਸਾਹਿਬ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

*ਅਨੰਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥*
*ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥*
*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥* [71]

ਇਸ ਤਰ੍ਹਾਂ ਜਦ ਮਨੁੱਖ ਗੁਰੂ ਦੀ ਸਿੱਖਿਆ 'ਤੇ ਅਮਲ ਕਰਦਾ ਹੋਇਆ ਨਾਮ ਸਿਮਰਨ ਕਰਦਾ ਹੈ ਤਾਂ ਆਵਾਗਵਣ ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਉਸ ਪਰਮਾਤਮਾ ਨਾਲ ਮਿਲਾਪ ਹਾਸਿਲ ਕਰਦਾ ਹੈ।

ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਦੀ ਅਧਿਆਤਮਕ ਜੀਵਨ ਦੀ ਅਗਵਾਈ ਦੇ ਨਾਲ-ਨਾਲ ਸਦਾਚਾਰਕ ਜੀਵਨ ਦੀ ਅਗਵਾਈ ਵੀ ਕੀਤੀ ਅਤੇ ਨਾਲ ਹੀ ਬਹੁਤ ਸਾਰੇ ਸਿਰਜਣਾਤਮਕ

ਕਾਰਜ ਵੀ ਕੀਤੇ। ਸਭ ਤੋਂ ਪਹਿਲਾਂ ਉਨ੍ਹਾਂ ਸੰਗਤਾਂ ਦੀਆਂ ਗਤੀਵਿਧੀਆਂ ਅਤੇ ਸਾਂਝ ਬਣਾਏ ਰੱਖਣ ਲਈ ਗੋਇੰਦਵਾਲ ਦੀ ਉਸਾਰੀ ਕਰਵਾਉਣੀ ਆਰੰਭ ਕੀਤੀ। ਇਹ ਨਗਰ ਸ਼ਾਹੀ ਸੜਕ ਤੇ ਸਥਿਤ ਹੋਣ ਕਾਰਨ ਲੋਕਾਂ ਦੀ ਆਵਾਜਾਈ ਵੱਧ ਗਈ। ਇਥੇ ਨਵੇਂ ਮਕਾਨ ਬਣਾਏ ਗਏ ਤੇ 22 ਜਾਤਾਂ ਦੇ ਖੱਤਰੀਆਂ ਨੇ ਇਥੇ ਵੱਸੋਂ ਕੀਤੀ। ਇਸ ਨਾਲ ਵਪਾਰ ਵੀ ਕਾਫੀ ਵੱਧ ਗਿਆ । ਗੁਰੂ ਸਾਹਿਬ ਦੀ ਸੁਚੱਜੀ ਅਗਵਾਈ ਤੇ ਨਿਤਾ ਪ੍ਰਤੀ ਦੀਆਂ ਗਤੀਵਿਧੀਆਂ ਸਦਕਾ ਗੋਇੰਦਵਾਲ ਵਿੱਚ ਨਵੀਆਂ ਇਮਾਰਤਾਂ ਖੜੀਆਂ ਹੋ ਗਈਆਂ ਅਤੇ ਇੱਥੋਂ ਦੀ ਰੋਣਕ ਵੱਧ ਗਈ। ਇਸ ਉਪਰੰਤ ਗੁਰੂ ਸਾਹਿਬ ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਕਰਵਾਇਆ ਜਿਸਦਾ ਮੰਤਵ ਲੋਕਾਂ ਨੂੰ ਤੀਰਥ ਇਸ਼ਨਾਨ ਜਿਹੇ ਫੋਕਟ ਕਰਮ-ਕਾਂਡਾਂ ਨੂੰ ਤਿਆਗ ਕੇ ਜਾਤ-ਪਾਤ, ਵਰਣ-ਭੇਦ ਦੇ ਵਿਤਕਰੇ ਤੋਂ ਉੱਪਰ ਉਠ ਕੇ ਨਿਮਰਤਾ, ਬਿਬੇਕ ਅਤੇ ਪਰਉਪਕਾਰ ਵਾਲੀ ਜ਼ਿੰਦਗੀ ਪ੍ਰਦਾਨ ਕਰਨਾ ਸੀ।

ਗੁਰੂ ਨਾਨਕ ਸਾਹਿਬ ਦੁਆਰਾ ਉਦਾਸੀਆਂ ਦੌਰਾਨ ਸਥਾਪਿਤ ਕੀਤੇ ਪ੍ਰਚਾਰਕ ਕੇਦਰਾਂ ਵਿੱਚ ਸਿੱਖ ਸੰਗਤਾਂ ਦੀ ਗਿਣਤੀ ਬਹੁਤ ਵੱਧ ਗਈ ਸੀ। ਪਰ ਪ੍ਰਚਾਰ ਬਹੁਤ ਘੱਟ ਰਿਹਾ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਗੁਰੂ ਅਮਰਦਾਸ ਜੀ ਨੇ ਵੱਖ-ਵੱਖ ਥਾਵਾਂ ਤੇ ਰਹਿੰਦੇ ਸਿੱਖਾਂ ਨੂੰ ਜਥੇਬੰਦ ਕਰਨ ਲਈ ਤੇ ਹਰ ਥਾਂ ਪ੍ਰਚਾਰ ਕਰਨ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਇਸ ਦੀ ਸਥਾਪਨਾ ਦਾ ਇਕ ਹੋਰ ਫਾਇਦਾ ਇਹ ਹੋਇਆ ਕਿ ਆਰਥਿਕ ਤੌਰ ’ਤੇ ਗੁਰੂ ਖ਼ਜਾਨੇ ਵਿੱਚ ਕਾਫੀ ਵਾਧਾ ਹੋਇਆ ਕਿਉਂਕਿ ਹਰ ਇਕ ਮੰਜੀਦਾਰ ਆਪਣੇ ਇਲਾਕੇ ਦੀ ਸੰਗਤ ਦਾ ਦਸਵੰਧ ਕੇਂਦਰੀ ਖ਼ਜਾਨੇ ਵਿੱਚ ਪਾਉਂਦਾ ਸੀ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅਮਰਦਾਸ ਜੀ ਪਹਿਲੇ ਸਮਾਜ ਸੁਧਾਰਕ ਸਨ ਜਿਨ੍ਹਾਂ ਇਸਤਰੀ ਜਾਤੀ ਵਿੱਚ ਪ੍ਰਚੱਲਿਤ ਵਿਧਵਾ ਵਿਆਹ ਦੇ ਹੱਕ ਵਿੱਚ ਅਤੇ ਸਤੀ ਪ੍ਰਥਾ ਅਤੇ ਪਰਦਾ ਪ੍ਰਥਾ ਦੇ ਵਿਰੋਧ ਵਿੱਚ ਆਵਾਜ਼ ਉਠਾਈ। ਸਮਾਜ ਵਿੱਚ ਇਸਤਰੀ ਨੂੰ ਮਾਨਯੋਗ ਰੁੱਤਬਾ ਬਖਸ਼ਿਆ ਤੇ ਕਿਹਾ ਕਿ ਪਤੀ ਦੀ ਚਿਤਾ ਉੱਤੇ ਜਿਉਂਦੇ ਜੀਅ ਸੜਨ ਨਾਲੋਂ ਉਸਦੀ ਯਾਦ ਨੂੰ ਦਿਲ ਵਿੱਚ ਵਸਾਈ ਰੱਖਣਾ ਤੇ ਬਿਰਹਾ ਦੀ ਚੋਟ ਵਿੱਚ ਮਰਨਾ ਜ਼ਿਆਦਾ ਕਲਿਆਣਕਾਰੀ ਹੈ। ਉਨ੍ਹਾਂ ਦੀ ਬਾਣੀ ਵਿੱਚ ਇਸ ਬਾਰੇ ਜ਼ਿਕਰ ਮਿਲਦਾ ਹੈ।

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥*[72]

ਗੁਰੂ ਸਾਹਿਬ ਦੇ ਕਹਿਣ ਮੁਤਾਬਕ ਅਕਬਰ ਨੇ ਇਹਨਾਂ ਕੋਝੀਆਂ ਰੀਤੀਆਂ ਦੇ ਵਿਰੁੱਧ ਕਾਨੂੰਨ ਬਣਾ ਦਿੱਤਾ ਜਿਸ ਨਾਲ ਇਸਤਰੀ ਨੂੰ ਵੀ ਸਮਾਜ ਵਿੱਚ ਆਦਰਸ਼ਕ ਰੂਪ ਵਿੱਚ ਵਿਚਰਨ ਦਾ ਸੁਭਾਗ ਪ੍ਰਾਪਤ ਹੋਇਆ।

ਗੁਰੂ ਨਾਨਕ ਦੇਵ ਜੀ ਨੇ ਹਿੰਦੂ ਸਮਾਜ ਦੇ ਛੂਤ-ਛਾਤ, ਜਾਤ-ਪਾਤ ਤੇ ਊਚ-ਨੀਚ ਦੇ ਵਿਤਕਰਿਆਂ ਨੂੰ ਅੱਖੀ ਡਿੱਠਾ ਸੀ ਤੇ ਸਮਾਜ ਵਿੱਚ ਇਸ ਨਫਰਤ ਤੇ ਵਿਤਕਰੇ ਨੂੰ ਦੂਰ ਕਰਨ ਲਈ ਗੁਰੂ ਕੇ ਲੰਗਰ ਦੀ ਪ੍ਰਥਾ ਚਲਾਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ 'ਤੇ ਤੁਰਦੇ ਹੋਏ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿੱਚ ਲੰਗਰ ਜਾਰੀ ਰੱਖਿਆ। ਗੁਰੂ ਅਮਰਦਾਸ ਜੀ ਨੇ ਵੀ ਪਹਿਲੇ ਦੋ ਗੁਰੂਆਂ ਦੀਆਂ ਚਲਾਈਆਂ ਲੀਹਾਂ 'ਤੇ ਤੁਰਦੇ ਹੋਏ ਇਸ ਉੱਦਮ ਨੂੰ ਜਾਰੀ ਰੱਖਿਆ ਤੇ ਲੰਗਰ ਦੀ ਸੰਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਹੁਕਮ ਕੀਤਾ ਕਿ ਜਿਸਨੇ ਮੇਰੇ ਦਰਸ਼ਨ ਕਰਨੇ ਹੋਣ ਉਹ ਪਹਿਲਾਂ ਲੰਗਰ ਛਕੇ। ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਕਿ ਕਿਸੇ ਵੀ ਆਏ ਪਰਦੇਸੀ ਨਾਲ ਕੋਈ ਘਟੀਆ ਕਿਸਮ ਦਾ ਸਲੂਕ  ਜਾਂ ਵਿਤਕਰਾ ਨਾ ਕੀਤਾ ਜਾਵੇ। ਇਸ ਲਈ ਸਾਰਿਆਂ ਨੂੰ ਇਕੋ ਪੰਗਤ ਵਿੱਚ ਬਿਠਾ ਕੇ ਭੋਜਨ ਛਕਾਇਆ ਜਾਂਦਾ ਸੀ। ਆਮ ਸਧਾਰਨ ਜਨਤਾ ਅਤੇ ਗਰੀਬਾਂ ਉੱਤੇ ਜ਼ੁਲਮ ਅਤੇ ਅਤਿਆਚਾਰਾਂ ਨੂੰ ਦੇਖ ਕੇ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਸੰਸਥਾ ਨੂੰ ਮਨੁੱਖੀ ਬਰਾਬਰੀ ਦੀ ਸਥਾਪਨਾ ਦਾ ਇਕ ਤਕੜਾ ਸਾਧਨ ਬਣਾ ਦਿੱਤਾ। ਮਾਨਵ ਜਾਤੀ ਨੂੰ ਅਧਿਆਤਮਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ਟੀ ਤੋਂ  ਬਰਾਬਰ ਰੱਖਣ ਲਈ ਉਨ੍ਹਾਂ ਪੰਗਤ ਦੀ ਸੰਸਥਾ  ਨੂੰ ਸੁਚੇਤ ਤੌਰ 'ਤੇ ਮਰਿਯਾਦਾ ਬੱਧ ਕੀਤਾ।

ਗੁਰੂ ਅਮਰਦਾਸ ਜੀ ਨੇ ਲੰਗਰ ਦੇ ਮਿਆਰ ਨੂੰ ਵੀ ਉੱਚਾ ਚੁੱਕਿਆ ਜਿਸ ਸਦਕਾ ਲੋਕਾਂ ਲਈ ਗੁਰੂ ਦਾ ਲੰਗਰ ਇਕ ਮਹਾਨ ਆਕਰਸ਼ਣ ਬਣ ਗਿਆ। ਰਾਮਕਲੀ ਕੀ ਵਾਰ ਵਿੱਚ ਸੱਤਾ ਡੂਮ ਦਾ ਕਥਨ ਹੈ:-

ਨਿੱਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥ [73]

ਸਿੱਖ ਇਤਿਹਾਸ ਇਸ ਤੱਥ ਦੀ ਹਾਮੀ ਭਰਦਾ ਹੈ ਕਿ ਅਕਬਰ ਬਾਦਸ਼ਾਹ ਤੇ ਹਰੀਪੁਰ ਰਾਜ ਦਾ ਬਾਦਸ਼ਾਹ ਜਦ ਗੁਰੂ ਜੀ ਦੇ ਦਰਸ਼ਨਾਂ ਲਈ ਆਏ ਤਾਂ ਪਹਿਲਾਂ ਉਨ੍ਹਾਂ ਦੋਹਾਂ ਨੇ ਹੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛੱਕਿਆ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਸੰਸਥਾ ਨੂੰ ਰਾਜਾ ਰੰਕ ਦੀ

ਬਰਾਬਰੀ ਲਈ, ਚਾਰੇ ਵਰਣਾਂ ਦੇ ਭੇਦ ਖਤਮ ਕਰਨ ਲਈ ਤੇ ਮਨੁੱਖੀ ਭਾਈਚਾਰੇ ਦੀ ਸਥਾਪਨਾ ਦਾ ਇਕ ਸਫਲ ਮਾਧਿਅਮ ਬਣਾ ਦਿੱਤਾ।

ਗੁਰੂ ਅਮਰਦਾਸ ਜੀ ਨੇ ਆਪਣਾ ਉਤਰਾਧਿਕਾਰੀ ਚੁਣਨ ਵਿੱਚ ਪੂਰਵ ਪਰੰਪਰਾ ਦਾ ਪਾਲਣ ਨਾ ਕਰਦੇ ਹੋਏ ਉਸਨੂੰ ਪੈਤ੍ਰਿਕ ਬਣਾ ਦਿੱਤਾ। ਉਹਨਾਂ ਤੋਂ ਪਹਿਲਾਂ ਇਸਨੂੰ ਪੈਤ੍ਰਿਕ ਰੂਪ ਨਹੀਂ ਦਿੱਤਾ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸੇਵਕ 'ਅੰਗ਼ਦ ਦੇਵ' ਨੂੰ ਅਤੇ ਗੁਰੂ ਅੰਗਦ ਦੇਵ ਨੇ ਆਪਣੇ ਸੇਵਕ 'ਅਮਰਦਾਸ' ਨੂੰ ਗੁਰਗੱਦੀ ਪ੍ਰਦਾਨ ਕੀਤੀ। ਇਸੇ ਪਰੰਪਰਾ ਵਿੱਚ ਗੁਰੂ ਅਮਰਦਾਸ ਨੇ ਆਪਣੇ ਦੋਵੇਂ ਜਵਾਈਆਂ ਵਿੱਚੋਂ 'ਰਾਮਦਾਸ' ਨੂੰ ਯੋਗ ਸਮਝ ਕੇ ਸੰਮਤ 1631 ਨੂੰ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਗੁਰੂ ਘਰ ਦੀ ਮਰਿਯਾਦਾ ਅਨੁਸਾਰ ਮੱਥਾ ਟੇਕਿਆ ਤੇ ਗੁਰਗੱਦੀ 'ਤੇ ਸੁਸ਼ੋਭਿਤ ਕੀਤਾ। ਗੁਰੂ ਅਮਰਦਾਸ ਜੀ ਦੇ ਇਸ ਕਾਰਜ ਤੋਂ ਇਹ ਇਤਿਹਾਸਿਕ ਤੱਥ ਸਪਸ਼ੱਟ ਹੁੰਦਾ ਹੈ ਕਿ ਭਾਵੇਂ ਉਨ੍ਹਾਂ ਨੇ ਇਸ ਗੁਰਗੱਦੀ ਦੇ ਅਧਿਕਾਰ ਨੂੰ ਸੋਢੀ ਪਰਿਵਾਰ ਤੱਕ ਸੀਮਤ ਕਰ ਦਿੱਤਾ ਤਾਂ ਵੀ ਉਹਨਾਂ ਪੂਰਵ ਪ੍ਰਚੱਲਿਤ ਪਰੰਪਰਾ ਦੇ ਅਨੁਸਾਰ ਸੇਵਾ ਨੂੰ ਹੀ ਮੁੱਖ ਕਸੌਟੀ ਮੰਨਦੇ ਹੋਏ ਗੁਰੂ ਰਾਮਦਾਸ ਨੂੰ ਆਪਣਾ ਉਤਰਾਧਿਕਾਰੀ ਨਿਸ਼ਚਿਤ ਕੀਤਾ ਸੀ।[74] ਇਸ ਉਪਰੰਤ 1 ਸਤੰਬਰ 1574 ਈ: ਨੂੰ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੀ ਜੋਤਿ ਗੁਰੂ ਰਾਮਦਾਸ ਜੀ ਵਿੱਚ ਪ੍ਰਵੇਸ਼ ਕਰ ਗਈ। ਗੁਰੂ ਨਾਨਕ ਦੇਵ ਜੀ ਦੁਆਰਾ ਗੁਰਮਤਿ ਪਰੰਪਰਾ ਦੀ ਲੀਹ ਗੁਰੂ ਅਮਰਦਾਸ ਜੀ ਵੱਲੋਂ ਉਸੇ ਤਰ੍ਹਾਂ ਹੀ ਅੱਗੇ ਵਧੀ ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਇਸਦੀ ਸ਼ੁਰੂਆਤ ਕੀਤੀ ਸੀ। ਇਸੇ ਹੀ ਗੁਰੂ ਪਰੰਪਰਾ ਦੀ ਲੀਹ ਵਿੱਚ ਗੁਰੂ ਰਾਮਦਾਸ ਜੀ ਹੁਣ ਚੌਥੇ ਗੁਰੂ ਸਨ।

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਇਕ ਮਨੁੱਖ ਦੇ ਰੂਪ ਵਿੱਚ, ਗੁਰੂ ਸਿੱਖ ਦੇ ਰੂਪ ਵਿੱਚ , ਸੇਵਕ ਦੇ ਰੂਪ ਵਿੱਚ , ਗੁਰੂ ਦੇ ਰੂਪ ਵਿੱਚ, ਸਿੱਖ ਧਰਮ ਦੇ ਪ੍ਰਚਾਰਕ ਦੇ ਰੂਪ ਵਿੱਚ, ਸਮਾਜ ਸਿਰਜਕ ਦੇ ਰੂਪ ਵਿੱਚ, ਕਵੀ ਅਤੇ ਬਾਣੀਕਾਰ ਦੇ ਰੂਪ ਵਿੱਚ ਮਹਾਨ ਸ਼ਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਦੀ ਅਧਿਆਤਮਿਕ ਅਨੁਭੂਤੀ ਅਤੇ ਰਹੱਸਵਾਦੀ ਅਨੁਭਵ ਉਨ੍ਹਾਂ ਦੀ ਬਾਣੀ ਵਿੱਚ ਸਪੱਸ਼ਟ ਰੂਪ ਵਿੱਚ ਉਜਾਗਰ ਹੁੰਦੇ ਹਨ। ਉਹਨਾਂ 17 ਰਾਗਾਂ ਵਿੱਚ ਬਾਣੀ ਰਚਨਾ ਕੀਤੀ ਤੇ ਇੰਨੀ ਬਿਰਧ ਅਵਸਥਾ (84 ਸਾਲ) ਦੀ ਉਮਰ ਵਿੱਚ ਅਦੁੱਤੀ ਬਾਣੀ ਰਚਨਾ ਕਰਕੇ ਸੰਸਾਰ ਸਾਹਿਤ ਵਿੱਚ ਮਿਸਾਲ ਕਾਇਮ ਕੀਤੀ। ਗੁਰੂ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਹਮੇਸ਼ਾਂ ਮਨੁੱਖੀ ਜਾਤ ਲਈ ਪ੍ਰੇਰਨਾ ਸ੍ਰੋਤ ਹੈ।

**ਗੁਰੂ ਰਾਮਦਾਸ ਜੀ ;**

ਗੁਰੂ ਰਾਮਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਚੌਥੇ ਉਤਰਾਧਿਕਾਰੀ ਹੋਏ ਜਿਨ੍ਹਾਂ ਅਗਿਆਨਤਾ ਦੇ ਹਨੇਰੇ ਨੂੰ ਗਿਆਨ ਦੀ ਰੋਸ਼ਨੀ ਨਾਲ ਦੂਰ ਕੀਤਾ। ਆਪ ਜੀ ਦਾ ਜੀਵਨ ਸਮੁੱਚੇ ਮਨੁੱਖੀ ਜੀਵਨ ਦਾ ਦਰਪਣ ਹੈ ਕਿਉਂਕਿ ਉਨ੍ਹਾਂ ਨੇ ਬਚਪਨ ਤੋਂ ਹੀ ਆਪਣੇ ਜੀਵਨ ਵਿੱਚ ਹਰ ਕੌੜੇ, ਫਿੱਕੇ ਤੇ ਪੀੜਾਂ ਭਰਪੂਰ ਦਿਨ ਦੇਖੇ ਹਨ ਜਿਨ੍ਹਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਜੀਵਨ ਦੇ ਬਹੁਤ ਸਾਰੇ ਪੱਖਾਂ ਤੋਂ ਅਮੀਰ ਬਣਾ ਦਿੱਤਾ ਅਤੇ ਅਜਿਹੇ ਅਮੀਰੀ ਗੁਣਾਂ ਭਰਪੂਰ ਹੀਰੇ ਨੂੰ ਗੁਰੂ ਅਮਰਦਾਸ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਅਨੁਸਾਰ ਪਹਿਚਾਣ ਕੇ ਸਿੱਖ ਕੌਮ ਦਾ ਹੋਰ ਮਾਣ ਵਧਾ ਦਿੱਤਾ।

ਗੁਰੂ ਰਾਮਦਾਸ ਜੀ ਦਾ ਜਨਮ 24 ਸਤੰਬਰ 1534ਈ: ਨੂੰ ਸੋਢੀ ਹਰਿਦਾਸ ਜੀ ਦੇ ਘਰ, ਮਾਤਾ ਦਇਆ ਕੌਰ ਦੀ ਕੁੱਖੋਂ ਚੂਨਾ ਮੰਡੀ ਲਾਹੌਰ ਵਿਖੇ ਹੋਇਆ।[75] ਭਾਈ ਕੰਕਣ ਜੀ ਗੁਰੂ ਰਾਮਦਾਸ ਜੀ ਦੇ ਜਨਮ ਬਾਰੇ ਦੱਸਦੇ ਹਨ ਕਿ ਗੁਰੂ ਸਾਹਿਬ ਸੋਢੀ ਬੰਸ ਵਿੱਚ ਪ੍ਰਗਟ ਹੋਏ ਹਨ:

*ਸਤਿਗੁਰ ਸਕਲ ਜਹਾਨ ਕੇ ਸੋਢੀ ਬੰਸੁ ਕਹਾਇ॥*
*ਰਾਮਦਾਸ ਗੁਰੂ ਨਾਮ ਹੈ ਜਨਮ ਪ੍ਰਗਟੇ ਆਇ॥*[76]

ਗੁਰੂ ਰਾਮਦਾਸ ਜੀ ਘਰ ਵਿੱਚ ਪਲੇਠੀ ਦਾ ਪੁੱਤਰ ਸਨ ਤੇ ਇਸ ਕਰਕੇ ਵੱਡਾ (ਜੇਠਾ) ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਂ 'ਜੇਠਾ' ਹੀ ਪੈ ਗਿਆ। ਪਰ ਇਨ੍ਹਾਂ ਦਾ ਮੂਲ ਨਾਂ ਰਾਮਦਾਸ ਸੀ। ਕੇਸਰ ਸਿੰਘ ਛਿੱਬਰ ਦੁਆਰਾ ਗੁਰੂ ਸਾਹਿਬ ਦੇ ਇਕ ਭਰਾ ਹਰਿਦਿਆਲ ਅਤੇ ਭੈਣ ਰਾਮਦਾਸੀ ਦੇ ਹੋਣ ਦਾ ਪ੍ਰਮਾਣ ਮਿਲਦਾ ਹੈ।

*ਰਾਮਦਾਸ, ਹਰਿਦਿਆਲ ਸੋਢੀ ਦੁਇ ਭਾਈ*
*ਇਕ ਬੀਬੀ ਰਾਮਦਾਸੀ ਛੋਟੀ ਭੈਣ ਕਹਾਈ॥*[77]

ਜੇਠਾ ਜੀ ਦੀ ਪਾਲਣਾ ਵੀ ਗੁਰਮਤਿ ਸੰਸਕਾਰਾਂ ਅਧੀਨ ਧਾਰਮਿਕ ਬਿਰਤੀ ਵਾਲੇ ਮਾਂ ਬਾਪ ਦੇ ਅਸਰ ਹੇਠ ਸ਼ੁਰੂ ਹੋਈ। ਪਰ ਹੋਣੀ ਅਜਿਹੀ ਸੀ ਕਿ ਅਜੇ ਛੋਟੀ ਉਮਰ ਦੇ ਹੀ ਸਨ ਕਿ ਮਾਤਾ ਜੀ ਚਲਾਣਾ ਕਰ ਗਏ ਅਤੇ ਸੱਤ ਸਾਲਾਂ ਦੀ ਉਮਰ ਹੋਈ ਤਾਂ ਪਿਤਾ ਜੀ ਦਾ ਵੀ ਦੇਹਾਂਤ ਹੋ ਗਿਆ। ਮਾਤਾ-ਪਿਤਾ ਦੇ ਚਲਾਣੇ ਤੋਂ ਬਾਅਦ ਜੇਠਾ ਜੀ ਇਕਦਮ ਯਤੀਮ ਹੋ ਗਏ ਪਰ ਉਨ੍ਹਾਂ ਬਿਨਾਂ ਕਿਸੇ ਵੀ ਆਸਰੇ ਦੀ ਪਰਵਾਹ ਕੀਤਿਆਂ ਛੋਟੀ ਉਮਰ ਵਿੱਚ ਹੀ ਹੱਥੀਂ ਕਿਰਤ ਕਰਨੀ ਆਰੰਭ ਕਰ ਦਿੱਤੀ। ਉਨ੍ਹਾਂ ਦੀ ਬਿਰਧ ਨਾਨੀ ਜੋ ਕਿ ਬਾਸਰਕੇ ਇਕੱਲੀ ਹੀ ਰਹਿੰਦੀ ਸੀ, ਜੇਠਾ ਜੀ ਦੀ ਅਜਿਹੀ ਤਰਸਯੋਗ ਹਾਲਤ

ਨੂੰ ਸਹਿਣ ਨਾ ਕਰ ਸਕੀ ਤੇ ਜੇਠਾ ਜੀ ਨੂੰ ਆਪਣੇ ਨਾਲ ਲਾਹੌਰ ਤੋਂ ਬਾਸਰਕੇ ਲੈ ਗਈ। ਇਸ ਗੱਲ ਦਾ ਦੁੱਖ ਆਂਢ-ਗੁਆਢ ਵਾਲਿਆਂ ਤੇ ਸਕੇ-ਸਬੰਧੀਆਂ ਨੇ ਜ਼ਰੂਰ ਪ੍ਰਗਟ ਕੀਤਾ ਪਰ ਕੌਣ ਜਾਣਦਾ ਸੀ ਕਿ ਇਸ ਲਵਾਰਿਸ ਬਾਲਕ ਨੇ ਹੀ ਇਕ ਦਿਨ ਨਿਆਸਰਿਆਂ ਦਾ ਆਸਰਾ ਬਣਨਾ ਸੀ ਅਤੇ ਇਸਦੇ ਸਿਰ ’ਤੇ ਪਰਮਾਤਮਾ ਦੀ ਮਿਹਰ ਸਦਕਾ ਰੱਬੀ ਛਤਰ ਝੂਲਣਾ ਸੀ।

ਬਾਸਰਕੇ ਕੋਈ ਬਹੁਤਾ ਵੱਡਾ ਨਗਰ ਸੀ। ਜਦ ਰਿਸ਼ਤੇਦਾਰਾਂ ਵਿੱਚ ਜੇਠਾ ਜੀ ਦੇ ਬਾਸਰਕੇ ਪਹੁੰਚਣ ਬਾਰੇ ਪਤਾ ਲੱਗਿਆ ਤਾਂ ਉਹ ਨਾਨੀ-ਦੋਹਤਰੇ ਨੂੰ ਹੌਂਸਲਾ ਦੇਣ ਲਈ ਪਹੁੰਚੇ। ਇਨ੍ਹਾਂ ਦਿਨਾਂ ਵਿੱਚ ਤੀਜੇ ਗੁਰੂ ਅਮਰਦਾਸ ਜੀ ਜੋ ਗੁਰੂ ਨਾਨਕ ਸਾਹਿਬ ਦੁਆਰਾ ਆਰੰਭੇ ਮਿਸ਼ਨ ਨੂੰ ਬਾ-ਖੂਬੀ ਨਿਭਾ ਰਹੇ ਸਨ, ਵੀ ਭਾਈ ਜੇਠਾ ਜੀ ਨੂੰ ਮਿਲਣ ਲਈ ਆਏ। ਉਨ੍ਹਾਂ ਜੇਠਾ ਜੀ ਦੇ ਪਾਲਣ-ਪੋਸ਼ਣ ਵਿੱਚ ਖਾਸ ਦਿਲਚਸਪੀ ਪ੍ਰਗਟ ਕੀਤੀ ਤੇ ਗੁਰੂ ਅਮਰਦਾਸ ਜੀ ਨਾਲ ਮਿਲਾਪ ਹੋਣ ’ਤੇ ਭਾਈ ਜੇਠਾ ਜੀ ਦੇ ਜੀਵਨ ਵਿੱਚ ਨਵਾਂ ਮੋੜ ਆਇਆ। ਹੁਣ ਜੇਠਾ ਜੀ ਦੀ ਅਧਿਆਤਮਕ ਤੌਰ ’ਤੇ ਅਗਵਾਈ ਵੀ ਹੋਣ ਲੱਗ ਪਈ ਸੀ। ਜੇਠਾ ਜੀ ਕਿਰਤੀ ਪਰਿਵਾਰ ਵਿੱਚ ਜਨਮ ਲੈਣ ਸਦਕਾ ਸ਼ੁਰੂ ਤੋਂ ਹੀ ਮਿਹਨਤੀ, ਹੱਠੀ ਅਤੇ ਹਰ ਕੰਮ ਨੂੰ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਉਨ੍ਹਾਂ ਦੀ ਨਾਨੀ ਬਿਰਧ ਹੋਣ ਕਰਕੇ ਕਿਸੇ ਵੀ ਕੰਮ ਨੂੰ ਕਰਨ ਤੋ ਅਸਮਰੱਥ ਸੀ ਇਸ ਲਈ ਜੇਠਾ ਜੀ ’ਤੇ ਪਰਿਵਾਰਕ ਜ਼ਿੰਮੇਵਾਰੀ ਵੀ ਆ ਪਈ ਸੀ। ਅਜਿਹੇ ਹਾਲਾਤਾਂ ਵਿੱਚ ਉਨ੍ਹਾਂ ਘੁੰਗਣੀਆਂ ਵੇਚਣ ਦਾ ਕਿੱਤਾ ਅਪਣਾਇਆ।

ਇਸ ਸਮੇਂ ਗੁਰੂ ਅੰਗਦ ਦੇਵ ਜੀ ਵਲੋਂ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਸਾਹਿਬ ਵਸਾਉਣ ਦਾ ਹੁਕਮ ਹੋਇਆ ਸੀ ਜਿਸ ਸਦਕਾ ਉਹ ਆਪਣੇ ਸਾਕ-ਸੰਬੰਧੀਆਂ ਨੂੰ ਇਸ ਕੰਮ ਨੂੰ ਨੇਪਰੇ ਚਾੜਨ ਲਈ ਨਾਲ ਲੈ ਗਏ ਤੇ ਭਾਈ ਜੇਠਾ ਜੀ ਤੇ ਉਨ੍ਹਾਂ ਦੀ ਨਾਨੀ ਨੂੰ ਵੀ ਨਾਲ ਜਾਣ ਲਈ ਪ੍ਰੇਰਿਆ। ਭਾਈ ਜੇਠਾ ਜੀ ਨੇ ਇੱਥੇ ਆ ਕੇ ਗੁਰੂ ਅਮਰਦਾਸ ਜੀ ਦਾ ਸਾਥ ਤੇ ਨਿਕਟ ਤਾਂ ਮਾਣਿਆ ਹੀ ਸੀ ਉਨ੍ਹਾਂ ਦੇ ਵਸੀਲੇ ਹੁਣ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਦਾ ਸੁਭਾਗ ਵੀ ਪ੍ਰਾਪਤ ਹੋ ਜਾਂਦਾ ਸੀ। ਗੋਇੰਦਵਾਲ ਆ ਕੇ ਵੀ ਉਨ੍ਹਾਂ ਘੁੰਗਣੀਆਂ ਵੇਚਣ ਦਾ ਕਿੱਤਾ ਜਾਰੀ ਰੱਖਿਆ ਅਤੇ ਸਵੇਰੇ ਸ਼ਾਮ ਪਰਮਾਤਮਾ ਦੇ ਨਾਮ ਨਾਲ ਜੁੜਦੇ ਸਨ ਤੇ ਗੋਇੰਦਵਾਲ ਸਾਹਿਬ ਦੇ ਨਿਰਮਾਣ ਵਿੱਚ ਵੀ ਉਨ੍ਹਾਂ ਕਾਫੀ ਸ਼ਰਧਾ, ਲਗਨ ਅਤੇ ਸੇਵਾ-ਭਾਵ ਨਾਲ ਕੰਮ ਕੀਤਾ। ਗੁਰੂ ਅੰਗਦ ਦੇਵ ਜੀ 1552 ਈ: ਨੂੰ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਪਰੰਪਰਾ ਦੇ ਤੀਸਰੇ ਉਤਰਧਿਕਾਰੀ ਥਾਪ ਕੇ ਜੋਤੀ-ਜੋਤ ਸਮਾ ਗਏ।[78]

ਗੁਰੂ ਅਮਰਦਾਸ ਜੀ ਨੇ ਇਸ ਸਮੇਂ ਦੌਰਾਨ ਭਾਈ ਜੇਠਾ ਜੀ ਦੀ ਸ਼ਖ਼ਸੀਅਤ ਨੂੰ ਬਹੁਤ ਨੇੜੇ ਤੋਂ ਤੱਕਿਆ ਸੀ ਤੇ ਉਨ੍ਹਾਂ ਦੀ ਲਗਨ ਤੇ ਗੁਰੂ-ਘਰ ਪ੍ਰਤਿ ਸ਼ਰਧਾ ਤੇ ਸੇਵਾ-ਭਾਵ ਨੂੰ ਦੇਖਕੇ ਬਹੁਤ ਪ੍ਰਸੰਨ ਹੁੰਦੇ ਸਨ।ਇਸ ਲਈ  ਉਨ੍ਹਾਂ ਜੇਠਾ ਜੀ ਨੂੰ ਉਨ੍ਹਾਂ ਦੇ ਗੁਣਾਂ ਦੀ ਪਰਖ ਕਰਦੇ ਹੋਏ ਆਪਣੇ ਹੀ ਪਰਿਵਾਰ ਦਾ ਹਿੱਸਾ ਬਣਾਉਣ ਦਾ ਮਨ ਬਣਾ ਲਿਆ ਅਤੇ 1553 ਈ: ਵਿੱਚ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ, ਜੇਠਾ ਜੀ ਨਾਲ ਕਰ ਦਿੱਤਾ।[79] ਜਿਸ ਬਾਰੇ ਬੰਸਾਵਲੀਨਾਮਾ ਵਿੱਚ ਜ਼ਿਕਰ ਹੈ:

*ਜੇਠੇ ਦੀ ਹੋਈ ਕੁੜਮਾਈ ਬੀਬੀ ਭਾਨੀ ਨਾਲਿ*
*ਸੋਲਾ ਸੈ ਦੁਇ  ਸੰਮਤ ਮੇ ਕੀਤਾ ਬਿਆਹੁ*
*ਫੱਗਣ ਦਿਨ ਸਤਾਰਵੇਂ ਮਾਹ।*[80]

ਇਸ ਸਮੇਂ ਜੇਠਾ ਜੀ ਦੀ ਨਿਸ਼ਕਾਮ  ਭਗਤੀ ਅਤੇ ਅਧਿਆਤਮਕਤਾ ਦੀ ਪਛਾਣ ਕਰਦੇ ਹੋਏ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਹੀ ਰੱਖ ਲਿਆ। ਭਾਈ ਜੇਠਾ ਜੀ ਨੇ ਬੜੀ ਨਿਰਮਾਣਤਾ ਅਤੇ ਹਲੀਮੀ ਨਾਲ ਗੁਰੂ ਅਮਰਦਾਸ ਜੀ ਅਤੇ ਸੰਗਤ ਦੀ ਸੇਵਾ ਕੀਤੀ। ਭਾਈ ਜੇਠਾ ਜੀ ਨੇ ਕਦੇ ਵੀ ਗੁਰੂ ਅਮਰਦਾਸ ਜੀ ਨੂੰ ਸਹੁਰੇ ਦੀ ਹੈਸੀਅਤ ਨਾਲ ਨਹੀਂ ਦੇਖਿਆ ਬਲਕਿ ਪਰਮਾਤਮਾ ਦਾ ਅਗੰਮੀ ਨੂਰ ਜਾਣ ਕੇ ਉਨ੍ਹਾਂ ਦੀ ਤਨੋਂ-ਮਨੋਂ ਸੇਵਾ ਕੀਤੀ। ਇਸ ਸਮੇਂ ਦੌਰਾਨ ਸਮਾਜ ਵਿੱਚ ਜਾਤ-ਪਾਤ, ਛੂਤ ਛਾਤ, ਊਚ-ਨੀਚ ਦੀ ਭਾਵਨਾ ਸਿਖਰ ’ਤੇ ਸੀ। ਸਮਾਜ ਵਿਚੋਂ ਅਜਿਹੀਆਂ ਕੁਰੀਤੀਆਂ ਦਾ ਖਾਤਮਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਹੁਕਮ ਜਾਰੀ ਕੀਤਾ ਕਿ ਗੁਰੂ ਦਰਬਾਰ ਵਿੱਚ ਹਾਜ਼ਰੀ ਭਰਨ ਵਾਲਾ ਹਰ ਵਿਅਕਤੀ ਗੁਰੂ ਸਿਧਾਂਤਾਂ ਦੀ ਪਾਲਣਾ ਕਰਦਾ ਹੋਇਆ ਬਿਨਾਂ ਕਿਸੇ ਭੇਦਭਾਵ ਦੇ ਇਕੋ ਪੰਗਤ ਵਿੱਚ ਬੈਠ ਕੇ ਲੰਗਰ ਛਕੇਗਾ ਤੇ ਫਿਰ ਗੁਰੂ-ਦਰਬਾਰ ਵਿੱਚ ਹਾਜ਼ਰੀ ਭਰੇਗਾ ਪਰੰਤੂ ਇਹ ਗੱਲ ਦਾ ਧਰਮ ਦੇ ਜਾਤ ਅਭਿਆਨੀਆਂ ਨੇ ਬਹੁਤ ਇਤਰਾਜ਼  ਪ੍ਰਗਟ ਕੀਤਾ ਤੇ ਗੁਰੂ ਸਾਹਿਬ ਦੀ ਹਰ ਪਾਸੇ ਵੱਧਦੀ ਲੋਕ ਪ੍ਰਿਯਤਾ ਨੂੰ ਉਹ ਸਹਿਣ ਨਾ ਕਰ ਸਕੇ। ਜਿਸਦੇ ਸਿੱਟੇ ਵਜੋਂ ਗੋਂਡ ਖੱਤਰੀ ਅਤੇ ਤਪੇ ਨੇ ਹਿੰਦੂ ਲੀਡਰਾਂ ਨੂੰ  ਮਿਲਾ ਕੇ ਗੁਰੂ ਜੀ ਦੇ ਖਿਲਾਫ ਸਾਜਿਸ਼ ਸ਼ੁਰੂ ਕਰ ਦਿੱਤੀ ਅਤੇ ਮੁਗਲ ਹਾਕਮ ਅਕਬਰ ਕੋਲ ਜਾ ਕੇ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਧਾਰਮਿਕ ਭਾਵਨਾਵਾਂ ਦਾ ਤਿਆਗ ਕਰਦੇ ਹੋਏ, ਭਾਈਚਾਰਕ ਰਸਮਾਂ ਦੀ ਪਰਵਾਹ ਨਾ ਕਰਦੇ ਹੋਏ ਸਮਾਜ ਵਿੱਚ ਅਸੰਤੁਲਨ ਪੈਦਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ, “ਇਸ ਪੰਥ ਵਾਲਿਆਂ ਨੇ ਤੀਰਥ ਅਸ਼ਨਾਨਾਂ, ਸੰਸਕ੍ਰਿਤ ਵੇਦ-ਪਾਠ ਮੂਰਤੀ ਪੂਜਾ, ਗਾਇਤਰੀ ਸੰਧਿਆ, ਸ਼ਾਸ਼ਤਰੀ ਰੀਤਾਂ ਤੇ ਵਰਣ-ਆਸ਼ਰਮ ਦੀ ਮਨੋਤ ਨੂੰ ਛੱਡ ਦਿੱਤਾ ਹੈ ਤੇ ਇਹ ਵੀ ਕਿਹਾ ਕਿ ਪੰਥ ਦੇ ਤੀਜੇ

ਗੁਰੂ ਨੇ ਲੰਗਰ ਵਿੱਚ ਚਾਰੇ ਵਰਣਾਂ ਦੇ ਲੋਕਾਂ ਨੂੰ ਇਕੋ ਪੰਗਤ ਵਿੱਚ ਬਿਠਾ ਕੇ ਵਰਣ-ਆਸ਼ਰਮ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਣ ਪਿੱਤਰ ਪੂਜਾ ਅਤੇ ਬ੍ਰਾਹਮਣਾਂ ਦੀ ਮਨੌਤ ਖਤਮ ਹੋ ਰਹੀ ਹੈ। ਉਨ੍ਹਾਂ ਦੁਆਰਾ ਵੇਦ ਬਾਣੀ ਦੀ ਥਾਂ ਗੁਰੂ ਬਾਣੀ ਰਾਹੀਂ ਧਰਮ ਦੇ ਨਵੇਂ ਅਰਥ ਕੱਢੇ ਜਾ ਰਹੇ ਹਨ। ਉਨ੍ਹਾਂ ਆਪਣੀ ਧਰਮਸ਼ਾਲਾ ਦੇ ਦਰਵਾਜੇ ਚਾਰੇ ਵਰਣਾਂ ਲਈ ਖੋਲ ਦਿੱਤੇ ਹਨ ਜਿਸ ਨਾਲ ਧਾਰਮਿਕ ਤੇ ਸਮਾਜਿਕ ਮਰਿਯਾਦਾ ਭੰਗ ਹੋ ਰਹੀ ਹੈ।”[81] ਅਕਬਰ ਨੇ ਅਜਿਹੀਆਂ ਸ਼ਿਕਾਇਤਾਂ ਦੀ ਪੁਸ਼ਟੀ ਵਜੋਂ ਗੁਰੂ ਅਮਰਦਾਸ ਜੀ ਨੂੰ ਦਰਬਾਰ ਵਿੱਚ ਹਾਜ਼ਰੀ ਭਰਨ ਦਾ ਹੁਕਮ ਦਿੱਤਾ ਪਰ ਗੁਰੂ ਅਮਰਦਾਸ ਜੀ ਨੇ ਅਕਬਰ ਦੇ ਸ਼ੰਕਿਆਂ ਦੀ ਨਵਿਰਤੀ ਲਈ ਜੇਠਾ ਜੀ ਨੂੰ ਦਰਬਾਰ ਵਿੱਚ ਭੇਜਿਆ। ਭਾਈ ਜੇਠਾ ਜੀ ਨੇ ਅਕਬਰ ਦੇ ਦਰਬਾਰ ਵਿੱਚ ਹਰ ਪ੍ਰਕਾਰ ਦੀਆਂ ਸ਼ਿਕਾਇਤਾਂ ਦੇ ਅਜਿਹੇ ਉੱਤਰ ਦਿੱਤੇ ਕਿ ਸਾਰੇ ਲਾ-ਜਵਾਬ ਹੋ ਗਏ ਤੇ ਪਰਮਾਤਮਾ ਦੇ ਗੁਣਾਂ ਦੀ ਉਸਤਤ ਕਰਦੇ ਕਿਹਾ ਕਿ ਸਤਿਯੁਗ ਵਿੱਚ ‘ਵਾਸਦੇਵ’ ਦੇ ਨਾਮ ਨਾਲ, ਤ੍ਰੇਤੇ ਵਿੱਚ ‘ਹਰਿ’ ਦੇ ਨਾਮ ਨਾਲ ਦੁਆਪਰ ਵਿੱਚ ‘ਗੋਬਿੰਦ’ ਦੇ ਨਾਮ ਨਾਲ ਅਤੇ ਕਲਿਯੁਗ ਵਿੱਚ ‘ਰਾਮ’ ਦੇ ਨਾਮ ਨਾਲ ਪਰਮਾਤਮਾ ਦੀ ਪੂਜਾ ਹੁੰਦੀ ਆਈ ਹੈ ਤੇ ਗੁਰੂ ਜੀ ਨੇ ਇਨ੍ਹਾਂ ਚਾਰੇ ਨਾਵਾਂ ਦੇ ਪਹਿਲੇ ਅੱਖਰ ਨਾਲ ‘ਵਾਹਿਗੁਰੂ’ ਸ਼ਬਦ ਬਣਾ ਦਿੱਤਾ ਹੈ ਜੋ ਪਰਮਾਤਮਾ ਦੀ ਉਸਤਤ ਲਾਇਕ ਹੈ।[82] ਰੱਬ ਹਰੇਕ ਥਾਂ, ਹਰ ਜੀਵ, ਹਰ ਰੂਪ ਵਿੱਚ ਵਿਆਪਕ ਹੈ। ਗੁਰਬਾਣੀ ਹਰ ਇਕ ਨੂੰ ਮਾਣ ਬਖਸ਼ਦੀ ਹੈ ਤੇ ਅਜਿਹੇ ਸਰਵ-ਸ੍ਰੇਸ਼ਟ ਪਰਮਾਤਮਾ ਨੂੰ ਪਾਉਣ ਲਈ ਰਾਹ ਅਖਤਿਆਰ ਕਰਦੀ ਹੈ। ਇਸਦੇ ਨਾਲ ਹੀ ਇਨ੍ਹਾਂ ਗੁਰੂ ਅਮਰਦਾਸ ਜੀ ਦੁਆਰਾ ਕੀਤੇ ਜਾ ਰਹੇ ਲੋਕ-ਭਲਾਈ ਦੇ ਕਾਰਜਾਂ ਅਤੇ ਸਮਾਜਿਕ ਨਾ-ਬਰਾਬਰੀ ਨੂੰ ਖਤਮ ਕਰਨ ਜਿਹੇ ਵਿਚਾਰਾਂ ਬਾਰੇ ਖੋਲ ਕੇ ਦੱਸਿਆ ਜਿਸ ਤੋਂ ਅਕਬਰ ਗੁਰੂ ਘਰ ਦੇ ਅਜਿਹੇ ਅਸੂਲਾਂ ਬਾਰੇ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਆਪ ਵੀ ਗੁਰੂ-ਘਰ ਦਾ ਸ਼ਰਧਾਲੂ ਬਣ ਗਿਆ। ਉਸਨੇ ਖੁਸ਼ ਹੋ ਕੇ ਤੀਰਥ ਯਾਤਰਾ ਤੇ ਜਾਣ ਵਾਲੇ ਯਾਤਰੀਆਂ ਦਾ ਟੈਕਸ ਮਾਫ ਕਰ ਦਿੱਤਾ, ਸਤੀ ਪ੍ਰਥਾ ਦੇ ਖਾਤਮੇ ਲਈ ਆਦੇਸ਼ ਦਿੱਤਾ ਅਤੇ ਕਿਸਾਨਾਂ ਦਾ ਇਕ ਸਾਲ ਲਈ ਜ਼ਮੀਨ ਦਾ ਮਾਲੀਆ ਵੀ ਮਾਫ ਕਰ ਦਿੱਤਾ। ਅਕਬਰ ਦੇ ਗੁਰੂ ਘਰ ਪ੍ਰਤਿ ਅਜਿਹੇ ਹਮਦਰਦੀ ਭਰੇ ਰਵੱਈਏ ਅਤੇ ਗੁਰੂ ਸਾਹਿਬ ਦੁਆਰਾ ਚਲਾਈ ਲੰਗਰ ਪ੍ਰਥਾ ਗੋਂਡ ਖੱਤਰੀ ਅਤੇ ਤਪੇ ਵਾਸਤੇ ਅਸਹਿਣਯੋਗ ਸੀ। ਇਸ ਲਈ ਉਨ੍ਹਾਂ ਗੁਰੂ ਘਰ ਵਿੱਚ ਸੰਗਤਾਂ ਨੂੰ ਤੰਗ ਕਰਨ ਲਈ ਸਿੱਖਾਂ ਦੇ ਪਾਣੀ ਨਾਲ ਭਰੇ ਕੱਚੇ ਘੜਿਆਂ ਨੂੰ ਪੱਥਰ ਮਾਰ ਕੇ ਤੋੜਨਾ ਸ਼ੁਰੂ ਕਰ ਦਿੱਤਾ ਜਿਸ ਸਦਕਾ ਗੁਰੂ ਜੀ ਨੇ ਸੰਗਤਾਂ ਦੀ ਸਹੂਲਤ ਲਈ 1553

ਈ: ਵਿੱਚ ਬਾਉਲੀ ਉਸਾਰਨ ਦਾ ਫੈਸਲਾ ਕੀਤਾ।[83] ਇਸ ਬਾਉਲੀ ਸਾਹਿਬ ਦੀ ਖੁਦਾਈ ਅਤੇ ਪੌੜੀਆਂ ਦੀ ਉਸਾਰੀ ਲਈ ਦੂਰੋਂ-ਦੂਰੋਂ ਸਿੱਖ ਸੰਗਤਾਂ ਸੇਵਾ ਵਿੱਚ ਸ਼ਾਮਿਲ ਹੋਈਆ।

ਬਾਉਲੀ ਸਾਹਿਬ ਦੇ ਨਿਰਮਾਣ ਕਾਰਜਾਂ ਵਿੱਚ ਭਾਈ ਜੇਠਾ ਜੀ ਨੇ ਬਿਨਾਂ ਕਿਸੇ ਮਾਣ-ਹੰਕਾਰ ਤੋਂ ਬੜੀ ਸਹਿਣਸ਼ੀਲਤਾ ਨਾਲ ਸੇਵਾ ਕੀਤੀ। ਉਨ੍ਹਾਂ ਮਿੱਟੀ, ਚੂਨੇ ਤੇ ਗਾਰੇ ਦੀਆਂ ਭਰੀਆਂ ਟੋਕਰੀਆਂ ਨੂੰ ਆਪਣੇ ਸਿਰ ’ਤੇ ਢੋਣ ਵਿੱਚ ਰੱਬੀ ਅਜ਼ਮਤ ਸਮਝੀ। ਬਾਉਲੀ ਸਾਹਿਬ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ ਤਾਂ ਭਾਈ ਜੇਠਾ ਜੀ ਦੇ ਕੁੱਝ ਰਿਸ਼ਤੇਦਾਰ ਹਰਿਦੁਆਰ ਤੋਂ ਲਾਹੌਰ ਜਾਂਦੇ ਹੋਏ ਗੋਇੰਦਵਾਲ ਸਾਹਿਬ ਆ ਰੁੱਕੇ। ਉਹਨਾਂ ਭਾਈ ਜੇਠਾ ਜੀ ਨੂੰ ਮਿੱਟੀ, ਗਾਰੇ ਦੀ ਸੇਵਾ ਕਰਦਿਆਂ ਦੇਖ ਕੇ ਪਛਾਣ ਲਿਆ ਅਤੇ ਕਈ ਤਾਹਣੇ-ਮਿਹਣੇ ਦਿੱਤੇ। ਉਨ੍ਹਾਂ ਗੁਰੂ ਅਮਰਦਾਸ ਜੀ ਕੋਲ ਨਰਾਜ਼ਗੀ ਪ੍ਰਗਟ ਕੀਤੀ ਪਰ ਭਾਈ ਜੇਠਾ ਜੀ ਜੋ ਸੱਚੀ ਸੇਵਾ ਦੀ ਮੂਰਤ ਸਨ, ਗੁਰੂ ਅਮਰਦਾਸ ਜੀ ਅੱਗੇ ਫਰਿਆਦ ਕਰਨ ਲੱਗੇ, “ਪਾਤਸ਼ਾਹ! ਇਹ ਅੰਞਾਣ ਹਨ ਇਨ੍ਹਾਂ ਨੂੰ ਨਹੀਂ ਪਤਾ ਕਿ ਇਹ ਕੀ ਬੋਲ ਰਹੇ ਹਨ। ਤੁਸੀਂ ਇਨ੍ਹਾਂ ਦੇ ਅੰਞਾਣਪੁਣੇ ਨੂੰ ਨਾ ਵਿਚਾਰਨਾ। ਜਿਵੇਂ ਹੋਰ ਦੋਖੀਆਂ ਨੂੰ ਪਿਆਰ ਨਾਲ ਦੇਖਦੇ ਹੋ, ਇਹਨਾਂ ਤੇ ਵੀ ਮਿਹਰ ਹੀ ਰੱਖਣੀ।”[84] ਗੁਰੂ ਸਾਹਿਬ ਭਾਈ ਜੇਠਾ ਜੀ ਦੇ ਅਜਿਹੇ ਬੋਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਅਜਿਹੇ ਰਵੱਈਏ ਕਾਰਨ ਜੇਠਾ ਜੀ ਪ੍ਰਤੀ ਗੁਰੂ ਸਾਹਿਬ ਦੇ ਮਨ ਵਿੱਚ ਹੋਰ ਵੀ ਸਤਿਕਾਰਤ ਥਾਂ ਬਣ ਗਈ।

ਅਕਾਲ ਪੁਰਖ ਦੀ ਰਜ਼ਾ ਮੁਤਾਬਕ ਭਾਈ ਜੇਠਾ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ (1557ਈ:), ਬਾਬਾ ਮਹਾਂਦੇਵ ਜੀ(1560ਈ:), ਅਰਜਨ ਦੇਵ (ਗੁਰੂ) (1563ਈ:) ਨੇ ਜਨਮ ਲਿਆ।[85]

ਬਾਉਲੀ ਸਾਹਿਬ ਦਾ ਨਿਰਮਾਣ ਕਾਰਜ ਸੰਪੂਰਨ ਹੋਣ ਤੋਂ ਕੁਝ ਸਮੇਂ ਬਾਅਦ ਗੁਰੂ ਅਮਰਦਾਸ ਜੀ ਨੇ ਧਰਮ ਅਤੇ ਵਪਾਰ ਦਾ ਇਕ ਵੱਡਾ ਕੇਂਦਰ ਕਿਸੇ ਕੇਂਦਰੀ ਸਥਾਨ ਤੇ ਸਥਾਪਿਤ ਕਰਨ ਦਾ ਮਨ ਬਣਾਇਆ ਤੇ ਇਸ ਕੰਮ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਸੌਂਪੀ ਗਈ। ਉਨ੍ਹਾਂ ਜੇਠਾ ਜੀ ਨੂੰ ਨਾਲ ਲੱਗਦੇ ਇਲਾਕੇ ਵਿੱਚ ਕੋਈ ਢੁੱਕਵੀਂ ਥਾਂ ਲੱਭਣ ਲਈ ਭੇਜਿਆ । ਭਾਈ ਜੇਠਾ ਜੀ ਨੇ 1577 ਈ: ਵਿੱਚ ਅੰਮ੍ਰਿਤਸਰ ਦੇ ਨਾਲ ਲੱਗਦੀ 500 ਵਿਘੇ ਜ਼ਮੀਨ ਅਕਬਰ ਤੋਂ ਜਗੀਰ ਵਿੱਚ ਲਈ ਤੇ ਉਸਦੇ ਬਦਲੇ ਤੁੰਗ ਪਿੰਡ ਦੇ ਜ਼ਿੰਮੀਦਾਰਾਂ ਨੂੰ, ਜੋ ਉਸ ਜ਼ਮੀਨ ਦੇ ਮਾਲਕ ਸਨ, 700 ਅਕਬਰੀ ਰੁਪਏ ਦੇ ਕੇ ਖਰੀਦ ਲਈ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਸਰੋਵਰ ਦੀ ਖੁਦਵਾਈ ਦਾ ਕੰਮ ਸ਼ੁਰੂ ਹੋ ਗਿਆ।ਇਸਦਾ

ਨਾਮ 'ਅੰਮ੍ਰਿਤਸਰ' ਰੱਖਿਆ ਗਿਆ। ਇਹ ਕੰਮ ਕੁਝ ਦਿਨਾਂ ਜਾਂ ਮਹੀਨਿਆਂ ਵਿੱਚ ਮੁੱਕਣ ਵਾਲਾ ਨਾ ਹੋਣ ਕਰਕੇ ਭਾਈ ਰਾਮਦਾਸ ਜੀ ਸਰੋਵਰ ਹੀ ਬਣਾ ਸਕੇ, ਹਰਿਮੰਦਰ ਸਾਹਿਬ ਅਰਜਨ ਦੇਵ (ਗੁਰੂ) ਦੇ ਸਮੇਂ ਬਣਿਆ। ਉਨ੍ਹਾਂ 52 ਅਲੱਗ-ਅਲੱਗ ਕੰਮ-ਧੰਦਿਆਂ ਵਾਲੇ ਲੋਕਾਂ ਨੂੰ ਉਥੇ ਰਹਿਣ ਅਤੇ ਕਾਰੋਬਾਰ ਚਲਾਉਣ ਲਈ ਕਿਹਾ। ਇਸ ਸਥਾਨ ਨੂੰ ਹੁਣ 'ਗੁਰੂ ਦਾ ਬਾਜ਼ਾਰ' ਵੀ ਕਿਹਾ ਜਾਂਦਾ ਹੈ। ਸਮੇਂ ਦੇ ਨਾਲ ਇਹ ਸ਼ਹਿਰ ਉੱਤਰੀ ਭਾਰਤ ਵਿੱਚ ਵਪਾਰ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ ਅਤੇ ਇਸ ਸਥਾਨ ਦੀ ਅਬਾਦੀ ਵੱਧਣ ਲੱਗੀ। ਇਹ ਸਥਾਨ 'ਰਾਮਦਾਸਪੁਰਾ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਇਸਦਾ ਜ਼ਿਕਰ ਆਉਦਾ ਹੈ:

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥[86]

ਗੁਰੂ ਅਮਰਦਾਸ ਜੀ ਕਾਫੀ ਬਿਰਧ ਹੋ ਚੁੱਕੇ ਸਨ ਅਤੇ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਵੇਖ ਕੇ ਮਹਿਸੂਸ ਕੀਤਾ ਕਿ ਸੰਗਤਾਂ ਦੀ ਰਾਹਨੁਮਾਈ ਲਈ ਕਿਸੇ ਯੋਗ ਉਤਰਾਧਿਕਾਰੀ ਦੀ ਜ਼ਰੂਰਤ ਹੈ। ਇਸ ਲਈ ਉਨ੍ਹਾਂ ਆਪਣੇ ਦੋਹਾਂ ਜਵਾਈਆਂ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਨੂੰ ਬੁਲਾਇਆ ਅਤੇ ਥੜੇ ਬਣਾਉਣ ਲਈ ਕਿਹਾ। ਜਦ ਥੜੇ ਤਿਆਰ ਹੋ ਗਏ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਾ ਪਸੰਦ ਕਰਦੇ ਹੋਏ ਹੋਰ ਥੜਾ ਬਣਾਉਣ ਲਈ ਕਿਹਾ। ਦੋਹਾਂ ਨੇ ਥੜਾ ਢੁਆ ਕੇ ਹੋਰ ਬਣਾ ਦਿੱਤਾ ਪਰ ਗੁਰੂ ਸਾਹਿਬ ਇਸੇ ਤਰ੍ਹਾਂ ਬਣੇ ਥੜਿਆਂ ਨੂੰ ਨਾ-ਪਸੰਦ ਕਰਦੇ ਗਏ ਅਤੇ ਹੋਰ ਥੜੇ ਬਣਵਾਉਂਦੇ ਰਹੇ। ਪਰ ਜਦ ਚੌਥੀ ਵਾਰ ਵੀ ਗੁਰੂ ਸਾਹਿਬ ਨੇ ਥੜਾ ਨਾ-ਪਸੰਦ ਕਰ ਦਿੱਤਾ ਤਾਂ ਭਾਈ ਰਾਮਾ ਜੀ ਦਾ ਸਿਦਕ ਵੀ ਡੌਲ ਗਿਆ ਤੇ ਕਿਹਾ ਕਿ ਤੁਸੀ ਬਿਰਧ ਹੋ ਜਾਣ ਕਰਕੇ ਆਪਣੀ ਕਹੀ ਗੱਲ ਭੁੱਲ ਜਾਂਦੇ ਹੋ, ਮੈਂ ਹੋਰ ਥੜਾ ਨਹੀਂ ਬਣਾ ਸਕਦਾ। ਪਰ ਗੁਰੂ ਸਾਹਿਬ ਦਾ ਅਸਲ ਮਕਸਦ ਤਾਂ ਜ਼ਿੰਦਗੀ ਦੀ ਮਜ਼ਬੂਤ ਉਸਾਰੀ ਅਤੇ ਸਿਦਕ ਦੀ ਪਰਖ ਕਰਨਾ ਸੀ। ਦੂਜੇ ਪਾਸੇ ਭਾਈ ਜੇਠਾ ਜੀ ਜਿਹਨਾਂ ਖੁਸ਼ੀ-ਖੁਸ਼ੀ ਥੜਾ ਢਾਹ ਕੇ ਦੁਬਾਰਾ ਬਣਾ ਦਿੱਤਾ। ਉਹ ਫਿਰ ਨਵੇਂ ਥੜੇ ਤਿਆਰ ਕਰਦੇ ਰਹੇ ਤੇ ਗੁਰੂ ਸਾਹਿਬ ਉਹਨਾਂ ਬਣੇ ਹੋਏ ਥੜ੍ਹਿਆਂ ਨੂੰ ਨਾ-ਪਸੰਦ ਕਰਦੇ ਗਏ। ਜਦ ਸੱਤਵੀਂ ਵਾਰ ਉਨ੍ਹਾਂ ਸਬਰ-ਸੰਤੋਖ ਨਾਲ ਥੜਾ ਢਾਹ ਦਿੱਤਾ ਤਾਂ ਕਹਿਣ ਲੱਗੇ, "ਪਾਤਸ਼ਾਹ! ਮੈਂ ਘੱਟ ਸਮਝ ਰੱਖਦਾ ਹਾਂ, ਮਾਫ ਕਰੋ, ਮੈਨੂੰ ਠੀਕ ਉਸਾਰੀ ਦੀ ਜਾਚ ਸਮਝਾ ਦਿਉ। ਅਜਿਹੇ ਨਿਮਰਤਾ ਭਰਪੂਰ ਸ਼ਬਦ ਸੁਣ ਕੇ ਗੁਰੂ ਸਾਹਿਬ ਮੁਸਕਰਾ ਪਏ ਤੇ ਜੇਠਾ ਜੀ ਨੂੰ ਜੱਫੀ ਵਿੱਚ ਲੈਂਦਿਆਂ ਸੱਤ ਪੀੜ੍ਹੀਆਂ ਦੀ ਗੁਰਿਆਈ ਦੀ ਦਾਤ ਉਨ੍ਹਾਂ ਦੀ ਝੋਲੀ ਵਿੱਚ ਪਾ ਦਿੱਤੀ। ਭਾਵ ਅਗਲੀਆਂ ਸੱਤ ਗੁਰਿਆਈਆਂ ਦੀ ਥਾਪਨਾ ਭਾਈ ਜੇਠਾ ਜੀ ਦੇ ਵੰਸ਼ ਨੂੰ ਕਰ ਦਿੱਤੀ। ਉਨ੍ਹਾਂ ਅਗਸਤ

1574 ਈ: ਵਿੱਚ ਚੌਥੇ ਗੁਰੂ ਦੀ ਗੁਰਿਆਈ[87] ਲਈ ਗੋਇੰਦਵਾਲ ਵਿੱਚ ਇਕ ਸਮਾਗਮ ਰੱਖਿਆ ਤੇ ਉਸ ਵਿੱਚ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਭਾਈ ਜੇਠਾ ਜੀ ਨੂੰ ਰਾਮਦਾਸ ਤੋਂ 'ਗੁਰੂ ਰਾਮਦਾਸ ਜੀ' ਦੇ ਰੂਪ ਵਿੱਚ ਪ੍ਰਗਟ ਕੀਤਾ ਜਿਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

*ਬੈਠਾ ਸੋਢੀ ਪਾਤਿਸਾਹੁ*

*ਰਾਮਦਾਸੁ ਸਤਿਗੁਰੂ ਕਹਾਵੈ॥*[88]

ਰਾਮਕਲੀ ਕੀ ਵਾਰ ਵਿੱਚ ਸੱਤਾ ਬਲਵੰਡ ਗੁਰੂ ਸਾਹਿਬ ਦੀ ਗੁਰਿਆਈ ਦੇ ਸੰਬੰਧ ਵਿੱਚ ਲਿਖਦੇ ਹਨ:-

*ਨਾਨਕ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*[89]

ਗੁਰੂ ਰਾਮਦਾਸ ਜੀ ਦੀ ਗੁਰਿਆਈ ਤੋਂ ਛੇਤੀ ਹੀ ਬਾਅਦ ਸਤੰਬਰ 1574 ਈ: ਵਿੱਚ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ। ਇਸ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ 1574 ਈ: ਤੋਂ 1581 ਈ: ਤੱਕ ਸੱਤ ਸਾਲ ਗੁਰੂਤਾ-ਗੱਦੀ ਤੇ ਬੈਠ ਕੇ ਸਿੱਖ ਲਹਿਰ ਦੀ ਵਾਗਡੋਰ ਸੰਭਾਲੀ ਅਤੇ ਫਿਰ ਇਕ ਨਹੀਂ, ਸਗੋਂ ਅਨੇਕਾਂ ਹੀ ਅਜਿਹੇ ਲਾਸਾਨੀ ਕਾਰਜ ਕੀਤੇ ਜਿਨ੍ਹਾਂ ਸਦਕਾ ਨਾ ਸਿਰਫ ਸਿੱਖ ਇਤਿਹਾਸ ਬਲਕਿ ਸਮੁੱਚੇ ਵਿਸ਼ਵ ਵਿੱਚ ਆਪ ਜੀ ਨੂੰ ਵਿਲੱਖਣ ਸਥਾਨ ਪ੍ਰਾਪਤ ਹੋਇਆ ਹੈ। ਇਨ੍ਹਾਂ ਵਿੱਚੋਂ ਆਪ ਦੁਆਰਾ ਕੀਤੇ ਨਿਰਮਾਣ ਕਾਰਜ ਅਤੇ ਮਹਾਨ ਬਾਣੀ ਦੀ ਰਚਨਾ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

ਗੁਰੂ ਰਾਮਦਾਸ ਜੀ ਨੇ ਆਪਣੀ ਗੁਰਿਆਈ ਕਾਲ ਦੌਰਾਨ ਗੁਰੂ ਪਰੰਪਰਾ ਮੁਤਾਬਕ ਮਹਾਨ ਬਾਣੀ ਦੀ ਰਚਨਾ ਕੀਤੀ। ਆਪ ਪਹਿਲੇ ਬਾਣੀਕਾਰ ਸਨ ਜਿਨ੍ਹਾਂ ਇਕਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਵਿੱਚੋਂ 30 ਰਾਗਾਂ ਵਿੱਚ ਬਾਣੀ ਰਚਨਾ ਕੀਤੀ ਅਤੇ 22 ਵਾਰਾਂ ਵਿੱਚ ਸਭ ਤੋਂ ਵੱਧ 8 ਵਾਰਾਂ ਦੀ ਰਚਨਾ ਕੀਤੀ। ਆਪ ਜੀ ਦੀ ਬਾਣੀ ਪਹਿਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਹੀ ਵਿਸਤਾਰ ਕਰਦੀ ਹੈ। ਪ੍ਰਭੂ ਵਿਛੋੜੇ ਵਿੱਚ ਵੈਰਾਗ ਦੀ ਤੀਬਰਤਾ ਆਪ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਹੈ। ਗੁਰੂ ਸਾਹਿਬ ਦੁਆਰਾ ਜਿਨ੍ਹਾਂ ਰਾਗਾਂ ਵਿੱਚ ਬਾਣੀ ਰਚਨਾ ਕੀਤੀ ਗਈ ਉਹ ਰਾਗ ਹਨ: ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਜੈਤਸਰੀ, ਧਨਾਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ। ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀਆਂ ਪ੍ਰਮੁੱਖ ਬਾਣੀਆਂ ਵਿੱਚ ਵਾਰਾਂ, ਘੋੜੀਆਂ, ਲਾਵਾਂ, ਮਾਰੂ ਸੋਲਹੇ, ਕਰਹਲੇ,

ਵਣਜਾਰਾ, ਪਹਿਰੇ, ਛੰਤ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਗੁਰੂ ਸਾਹਿਬ ਦੁਆਰਾ ਰਚਿਤ ਸਮੁੱਚੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ:[90]

| ਨੰ | ਰਾਗ | ਪਦੇ | ਅਸਟਪਦੀਆਂ | ਛੰਤ | ਹੋਰ ਰਚਨਾਵਾਂ | ਸਲੋਕ | ਵਾਰਾਂ(ਪਉੜੀਆਂ) |
|---|---|---|---|---|---|---|---|
| 1. | ਸਿਰੀ ਰਾਗ | 6 | – | 1 | ਪਹਰੇ(1) ਵਣਜਾਰਾ(1) | --- | 1(21) |
| 2. | ਮਾਝ | 7 | 1 | --- | --- | 2 | ---- |
| 3. | ਗਉੜੀ | 32 | – | -- | ਕਰਹਲੇ (2) | 53 | 1(28) |
| 4. | ਆਸਾ | 16 | --- | 14 | --- | --- | ---- |
| 5. | ਗੂਜਰੀ | 7 | 1 | -- | --- | --- | --- |
| 6. | ਦੇਵਗੰਧਾਰੀ | 6 | -- | --- | --- | --- | -- |
| 7. | ਬਿਹਾਗੜਾ | 6 | --- | --- | --- | 2 | 1(21) |
| 8. | ਵਡਹੰਸ | 3 | -- | 4 | ਘੋੜੀਆਂ (2) | --- | 1(21) |
| 9. | ਸੋਰਠਿ | 9 | --- | --- | --- | 7 | 1(29) |
| 10. | ਜੈਤਸਰੀ | 11 | ----- | ---- | ---- | --- | --- |
| 11. | ਧਨਾਸਰੀ | 13 | --- | 1 | -- | --- | --- |
| 12. | ਟੋਡੀ | 1 | --- | --- | --- | --- | --- |
| 13. | ਬੈਰਾੜੀ | 6 | -- | -- | -- | -- | -- |
| 14. | ਤਿਲੰਗ | 2 | -- | -- | -- | -- | -- |
| 15. | ਸੂਹੀ | 15 | 2 | 6 | ਲਾਵਾਂ | -- | -- |
| 16. | ਬਿਲਾਵਲ | 7 | 2 | 2 | --- | 2 | 1(13) |
| 17. | ਗੌਂਡ | 6 | -- | -- | -- | -- | -- |

| | | | | | | | |
|---|---|---|---|---|---|---|---|
| 18. | ਰਾਮਕਲੀ | 6 | -- | -- | -- | -- | -- |
| 19. | ਨਟ-ਨਰਾਇਣ | 9 | 6 | -- | -- | -- | -- |
| 20. | ਮਾਲੀ ਗਉੜਾ | 6 | -- | -- | -- | -- | --- |
| 21. | ਮਾਰੂ | 8 | -- | -- | -- | 6 | -- |
| 22. | ਤੁਖਾਰੀ | -- | -- | 4 | -- | -- | -- |
| 23. | ਕੇਦਾਰਾ | 2 | -- | -- | -- | -- | -- |
| 24. | ਭੈਰਉ | 7 | -- | -- | -- | -- | -- |
| 25. | ਬਸੰਤ | 7 | 1 | -- | --- | --- | --- |
| 26. | ਸਾਰੰਗ | 13 | 2 | -- | -- | 6 | 1(35) |
| 27. | ਮਲਾਰ | 9 | -- | -- | -- | -- | -- |
| 28. | ਕਾਨੜਾ | 12 | 6 | -- | -- | 30 | 1(15) |
| 29. | ਕਲਿਆਣ | 7 | 6 | --- | --- | --- | --- |
| 30 | ਪ੍ਰਭਾਤੀ | 7 | -- | --- | -- | -- | -- |
| | ਕੁੱਲ | 246 | 31 | 32 | (30ਸਲੋਕ ਵਾਰਾਂ ਤੇ ਵਧੀਕ) 6 | 138 | 8(183) |

ਗੁਰੂ ਰਾਮਦਾਸ ਜੀ ਦੁਆਰਾ ਰਚਿਤ ਸਮੁੱਚੀ ਬਾਣੀ ਪਰਮਾਤਮਾ ਦੇ ਨਾਮ ਰੰਗ ਵਿੱਚ ਰੰਗੀ ਹੋਈ ਹੈ। ਇਨ੍ਹਾਂ ਦੀ ਬਾਣੀ ਵਿੱਚ ਪ੍ਰੇਮ ਅਤੇ ਸ਼ਰਧਾ ਦਾ ਵਰਣਨ ਅਥਾਹ ਤੇ ਅਕਹਿ ਹੈ। ਇਸ ਵਿੱਚ ਗੁਰੂ ਦਾ ਵਿਛੋੜਾ ਅਸਹਿ ਹੈ ਅਤੇ ਮਿਲਾਪ ਲਈ ਅਰਜੋਈਆਂ ਅਤੇ ਮਿੰਨਤਾਂ-ਤਰਲਾ ਹੈ। ਸਮੁੱਚੀ ਬਾਣੀ ਵਿੱਚ ਜੀਵ-ਆਤਮਾ ਨੂੰ ਅਸਲ ਮਨੋਰਥ ਦੀ ਸੋਝੀ ਦੇ ਨਾਲ ਪਰਮਾਤਮਾ ਨਾਲ ਇਕਮਿਕਤਾ ਦਾ ਅਹਿਸਾਸ ਵੀ ਕਰਵਾਇਆ ਗਿਆ ਹੈ।

ਆਪਣੀ ਜ਼ਿੰਮੇਵਾਰੀ ਨੂੰ ਸੰਭਾਲਦੇ ਹੋਏ ਬਾਣੀ ਰਚਨਾ ਦੇ ਨਾਲ-ਨਾਲ ਗੁਰੂ ਰਾਮਦਾਸ ਜੀ ਨੇ ਸਮਾਜ ਸੇਵਾ ਦੇ ਕਾਰਜਾਂ ਵਲੋਂ ਵੀ ਅਣਗਹਿਲੀ ਨਹੀਂ ਵਰਤੀ, ਸਗੋਂ ਵੱਧ ਚੜ ਕੇ ਹਿੱਸਾ ਲਿਆ।

ਉਨ੍ਹਾਂ ਦੇ ਸਮਾਜ ਵਿਕਾਸ ਲਈ ਕਾਰਜਾਂ ਵਿੱਚੋਂ ਪਵਿੱਤਰ ਸਰੋਵਰ ਦੀ ਉਸਾਰੀ ਸਭ ਤੋਂ ਤਰਜ਼ੀਹੀ ਕਾਰਜ ਸੀ। ਇਸ ਕੰਮ ਲਈ ਕਿਰਤੀਆਂ ਤੋਂ ਇਲਾਵਾ ਸਿੱਖ ਸ਼ਰਧਾਲੂਆਂ ਨੇ ਵੀ ਸਰੋਵਰ ਦੀ ਉਸਾਰੀ ਲਈ ਵੱਧ ਤੋਂ ਵੱਧ ਸੇਵਾ ਕੀਤੀ। ਬਾਬਾ ਬੁੱਢਾ ਜੀ ਸਰੋਵਰ ਦੀ ਖੁਦਾਈ ਦੇ ਕੰਮ ਦੀ ਦੇਖ-ਰੇਖ ਕਰਦੇ ਸਨ ਤੇ ਭਾਈ ਗੁਰਦਾਸ ਜੀ ਦੀ ਨਿਗਰਾਨੀ ਹੇਠ ਨਗਰੀ ਦੇ ਵਿਕਾਸ ਦਾ ਕੰਮ ਚੱਲ ਰਿਹਾ ਸੀ। ਦੂਜੇ ਪਾਸੇ ਲੰਗਰ ਦਾ ਪ੍ਰਵਾਹ ਵੀ ਨਿਰੰਤਰ ਚੱਲ ਰਿਹਾ ਸੀ। ਪਰ ਇਸ ਸਾਰੇ ਦੀ ਸੰਪੂਰਨਤਾ ਵਾਸਤੇ ਸਾਂਝੇ ਕੌਮੀ ਖਜ਼ਾਨੇ ਦੀ ਘਾਟ ਮਹਿਸੂਸ ਕੀਤੀ ਗਈ। ਇਸ ਲਈ ਗੁਰੂ ਸਾਹਿਬ ਨੇ ਮਾਇਆ ਇਕੱਤਰ ਕਰਨ ਦੇ ਮਨੋਰਥ ਲਈ ਗੁਰੂ ਅਮਰਦਾਸ ਜੀ ਵਲੋਂ ਥਾਪੇ 22 ਮੰਜੀਆਂ ਦੇ ਸੰਸਥਾਪਕਾਂ ਨੂੰ ਮਸੰਦਾ ਦਾ ਨਾਂ ਦਿੱਤਾ ਅਤੇ ਉਨ੍ਹਾਂ ਨੂੰ ਮਾਇਆ ਇਕੱਤਰ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਹ ਮਸੰਦ ਚੰਗੇ ਪ੍ਰਚਾਰਕ ਵੀ ਬਣ ਗਏ ਅਤੇ ਗੁਰੂ ਘਰ ਦੇ ਕੰਮਾਂ ਲਈ ਮਾਇਆ ਵੀ ਇੱਕਤਰ ਹੋਣ ਲੱਗ ਪਈ। ਗੁਰੂ ਸਾਹਿਬ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਪ੍ਰਬੰਧਕੀ ਯੋਗਤਾ ਵਿੱਚ ਕਾਫੀ ਕਾਬਿਲ ਸੀ, ਇਸ ਲਈ ਮਸੰਦਾਂ ਕੋਲੋਂ ਜੋ ਉਗਰਾਹੀ ਪੁੱਜਦੀ ਸੀ, ਪ੍ਰਿਥੀ ਚੰਦ ਨੂੰ ਉਸਦਾ ਇੰਚਾਰਜ ਬਣਾਇਆ ਗਿਆ ਸੀ।

ਗੁਰੂ ਰਾਮਦਾਸ ਜੀ ਦੇ ਸਮੇਂ ਦਾ ਸਮਾਜ ਕਾਫੀ ਹੱਦ ਤੱਕ ਊਚ-ਨੀਚ, ਛੂਤ-ਛਾਤ ਤੇ ਜਾਤ-ਪਾਤ ਦੇ ਬੰਧਨਾਂ ਵਿੱਚ ਜਕੜਿਆ ਹੋਇਆ ਸੀ। ਲੋਕ ਕਰਮ-ਕਾਂਡਾਂ ਵਿੱਚ ਫੱਸ ਕੇ ਕਈ ਪ੍ਰਕਾਰ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ । ਗੁਰੂ ਸਾਹਿਬ ਨੇ ਲੋਕਾਂ ਨੂੰ ਸੁਚੱਜੀ ਜੀਵਨ ਜਾਚ ਅਪਣਾਉਣ ਬਾਰੇ ਪ੍ਰੇਰਿਤ ਕੀਤਾ ਅਤੇ ਸਵੱਛ ਸਮਾਜ ਦੀ ਉਸਾਰੀ ਲਈ ਸੇਧ ਪ੍ਰਦਾਨ ਕੀਤੀ।

ਗੁਰੂ ਸਾਹਿਬ ਆਪਣੇ ਤੋਂ ਪਹਿਲਾਂ ਗੁਰੂ ਜੋਤਿ ਦੇ ਸਿਧਾਂਤਾਂ ਨੂੰ ਬਰਕਰਾਰ ਰੱਖਦੇ ਹੋਏ ਕਿਸੇ ਯੋਗ ਉਤਰਾਧਿਕਾਰੀ ਦੀ ਚੋਣ ਕਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਆਪਣੇ ਤਿੰਨਾਂ ਪੁੱਤਰਾਂ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ (ਗੁਰੂ) ਜੀ ਨੂੰ ਪਰਖ ਕਸਵੱਟੀ 'ਤੇ ਅਜੇ ਪਰਖਣਾ ਸੀ। ਉਨ੍ਹਾਂ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਦੁਨਿਆਵੀ ਕਾਰ-ਵਿਹਾਰ ਵਿੱਚ ਤਾਂ ਚੁਸਤ ਸੀ ਪਰ ਗੁਰੂ ਘਰ ਦੇ ਕਾਰਜਾਂ ਵਿੱਚ ਘੱਟ ਰੁਚੀ ਹੋਣ ਕਰਕੇ ਪ੍ਰਭੂਤਾ ਦਾ ਪ੍ਰਦਰਸ਼ਨ ਕਰਦੇ ਸਨ ਤੇ ਕਈ ਵਾਰ ਤਾਂ ਪਰਿਵਾਰਕ ਤੇ ਸੰਪਤੀ ਸੰਬੰਧੀ ਮਾਮਲਿਆਂ ਨੂੰ ਲੈ ਕੇ ਤਕਰਾਰ ਕਰਨ ਤੋਂ ਵੀ ਸੰਕੋਚ ਨਹੀਂ ਸਨ ਕਰਦੇ ਜਿਸਦਾ ਪ੍ਰਮਾਣ ਗੁਰੂ ਸਾਹਿਬ ਦੀ ਬਾਣੀ ਤੋਂ ਸਪਸ਼ਟ ਹੋ ਜਾਂਦਾ ਹੈ :

*ਕਾਹੇ ਪੂਤ ਝਗਰਤ ਹਉ ਸੰਗਿ ਬਾਪ*
*ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥*[91]

ਦੂਸਰਾ ਪੁੱਤਰ ਮਹਾਂਦੇਵ ਬਹੁਤ ਹੀ ਸਿੱਧੇ -ਸਾਦੇ ਤੇ ਮਸਤ ਸੁਭਾਅ ਦੇ ਮਾਲਿਕ ਸਨ। ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਜ਼ਿੰਮੇਵਾਰੀ ਨਿਭਾਉਣ ਦਾ ਕੋਈ ਅਹਿਸਾਸ ਹੀ ਨਹੀਂ ਸੀ। ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ, ਜਿਨ੍ਹਾਂ ਨੂੰ ਬਚਪਨ ਵਿੱਚ ਹੀ ਗੁਰੂ ਅਮਰਦਾਸ ਜੀ ਤੋਂ 'ਦੋਹਿਤਾ ਬਾਣੀ ਦਾ ਬੋਹਿਥਾ' ਦਾ ਵਰ ਪ੍ਰਾਪਤ ਸੀ, ਉਨ੍ਹਾਂ ਦੀ ਬਿਰਤੀ ਧਾਰਮਿਕ ਮਹਾਂਪੁਰਖਾਂ ਵਾਲੀ ਸੀ। ਆਪ ਬਹੁਤ ਹੀ ਸ਼ਾਂਤ, ਆਗਿਆਕਾਰੀ ਸੁਭਾਅ ਦੇ ਮਾਲਿਕ ਅਤੇ ਰੂਹਾਨੀਅਤ ਦੇ ਪੁੰਜ ਸਨ। ਪਿਤਾ ਦੀ ਆਗਿਆ ਦਾ ਪਾਲਣ ਕਰਨ ਵਿੱਚ ਆਪ ਦਾ ਕੋਈ ਮੁਕਾਬਲਾ ਨਹੀਂ ਸੀ। ਗੁਰੂ ਘਰ ਦੀ ਹਰ ਸੇਵਾ, ਹਰ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਸਨ। ਇਸ ਲਈ ਗੁਰੂ ਰਾਮਦਾਸ ਜੀ ਨੇ ਗੁਰੂਤਾ ਗੱਦੀ ਦੀ ਜ਼ਿੰਮੇਵਾਰੀ ਲਈ ਗੁਰੂ ਅਰਜਨ ਦੇਵ ਜੀ ਨੂੰ ਯੋਗ ਸਮਝਦੇ ਹੋਏ 1581 ਈ: ਵਿੱਚ ਗੁਰਿਆਈ ਉਨ੍ਹਾਂ ਦੀ ਝੋਲੀ ਵਿੱਚ ਪਾਈ ਅਤੇ 'ਪਰਤਖਿ ਹਰਿ' ਦੇ ਰੂਪ ਵਿੱਚ ਪ੍ਰਗਟ ਕੀਤਾ।[92] ਜਿਸ ਬਾਰੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਜ਼ਿਕਰ ਆਉਂਦਾ ਹੈ:

*ਫਿਰ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ॥*
*ਜਾਣਿ ਨ ਦੇਸਾਂ ਸੋਢੀਓ....ਘਰ ਹੀ ਕੀ ਵਥੁ ਘਰੇ ਰਹਾਵੈ॥*[93]

ਗੁਰੂ ਅਰਜਨ ਦੇਵ ਜੀ ਨੂੰ ਗੁਰ-ਗੱਦੀ ਦੇ ਉਤਰਾਧਿਕਾਰੀ ਥਾਪ ਕੇ ਕੁਝ ਚਿਰ ਬਾਅਦ ਗੁਰੂ ਰਾਮਦਾਸ ਜੀ ਸਤੰਬਰ 1581 ਈ: ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਭਾਵ ਜੋਤੀ ਜੋਤ ਸਮਾ ਗਏ। ਗੁਰੂ ਰਾਮਦਾਸ ਜੀ ਦੀ ਆਤਮਾ (ਜੋਤੀ) ਜਦ ਅਕਾਲ-ਪੁਰਖ ਦੀ ਜੋਤ ਵਿੱਚ ਜਾ ਸਮਾਈ ਤਾਂ ਇਸ ਸਮੇਂ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰੀ ਪਉੜੀ ਦਾ ਜ਼ਿਕਰ ਮਿਲਦਾ ਹੈ:

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥*[94]

## ਗੁਰੂ ਅਰਜਨ ਦੇਵ ਜੀ :

ਗੁਰੂ ਨਾਨਕ ਦੀ ਗੱਦੀ ਦੇ ਪੰਜਵੇਂ ਅਲੰਬਰਦਾਰ ਗੁਰੂ ਅਰਜਨ ਦੇਵ ਜੀ ਸਨ। ਜਿਨ੍ਹਾਂ ਨੇ ਨਾ ਕੇਵਲ ਸਿੱਖ ਧਰਮ ਦੇ ਵਿਕਾਸ ਵਿੱਚ ਹੀ ਆਪਣਾ ਵਡਮੁੱਲਾ ਯੋਗਦਾਨ ਪਾਇਆ ਸਗੋਂ ਸਿੱਖ ਕੌਮ ਵਿੱਚ ਪਹਿਲੀ ਵਾਰ ਆਪਣਾ ਬਲੀਦਾਨ ਦੇ ਕੇ ਗੁਰੂ ਪਰੰਪਰਾ ਨੂੰ ਇਕ ਨਵੇਂ ਮੋੜ 'ਤੇ ਲਿਆ ਖੜਾ ਕੀਤਾ ਜਿਥੇ ਭਗਤੀ ਦੀ ਰੱਖਿਆ ਲਈ ਸ਼ਕਤੀ ਦੇ ਸੰਕਲਪ ਦੀ ਤੀਬਰ ਜ਼ਰੂਰਤ ਅਨੁਭਵ ਹੋਣ ਲੱਗੀ।

ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ:[95] ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਬੀਬੀ ਭਾਨੀ ਦੇ ਕੁੱਖੋਂ ਗੋਇੰਦਵਾਲ ਵਿਖੇ ਹੋਇਆ। ਆਪ ਦੇ ਨਾਨਾ ਗੁਰੂ ਅਮਰਦਾਸ ਜੀ ਅਤੇ ਪਿਤਾ ਗੁਰੂ ਰਾਮਦਾਸ ਜੀ ਦੀ ਰਾਹਨੁਮਾਈ ਹੇਠ ਆਪ ਜੀ ਦਾ ਬਚਪਨ ਬੀਤਿਆ। ਬਚਪਨ ਤੋਂ ਹੀ ਆਪ ਜੀ ਨੂੰ ਘਰ ਵਿੱਚ ਅਧਿਆਤਮਕ ਵਾਤਾਵਰਨ ਮਿਲਿਆ ਜਿਸ ਕਰਕੇ ਸੰਸਾਰੀ ਖੇਡਾਂ ਨਾਲੋਂ ਆਪ ਜੀ ਦੀ ਰੁਚੀ ਜ਼ਿਆਦਾ ਅਧਿਆਤਮਕਤਾ ਵਾਲੀ ਹੀ ਸੀ। ਗੁਰੂ ਅਮਰਦਾਸ ਜੀ ਵੱਲੋਂ ਆਪ ਨੂੰ ਬਚਪਨ ਤੋਂ ਹੀ 'ਦੋਹਿਤਾ ਬਾਣੀ ਦਾ ਬੋਹਿਥਾ' ਦਾ ਵਰ ਪ੍ਰਾਪਤ ਸੀ। ਗੁਰੂ ਅਰਜਨ ਦੇਵ ਜੀ ਸ਼ੁਰੂ ਤੋਂ ਜ਼ਿਆਦਾਤਰ ਆਪਣੇ ਨਾਨਾ ਗੁਰੂ ਅਮਰਦਾਸ ਜੀ ਦੀ ਸੰਗਤ ਵਿੱਚ ਰਹੇ ਜਿਸ ਸਦਕਾ ਉਨ੍ਹਾਂ ਦੀ ਆਤਮਿਕ ਪ੍ਰਤਿਭਾ ਠੀਕ ਢੰਗ ਨਾਲ ਵਿਕਸਿਤ ਹੋ ਕੇ ਗੁਰੂ-ਪਦ ਦੀ ਅਧਿਕਾਰੀ ਬਣੀ। ਉਨ੍ਹਾਂ ਦੀ ਸੰਗਤ ਵਿੱਚ ਰਹਿੰਦਿਆਂ ਹੀ ਆਪ ਨੇ ਸੰਜਮੀ, ਧੀਰਜ, ਬ੍ਰਹਮ ਦੀ ਪਛਾਣ ਭਾਵ ਸਾਰੇ ਸਦਗੁਣ ਧਾਰਨ ਕੀਤੇ ਸਨ। ਭੱਟ ਕਲ੍ਹ ਆਪ ਜੀ ਦੀ ਉਸਤਤ ਕਰਦਿਆਂ ਲਿਖਦੇ ਹਨ ਕਿ ਜਨਮ ਤੋਂ ਹੀ ਉਨ੍ਹਾਂ ਅੰਦਰ ਬ੍ਰਹਮ ਦੀ ਪਛਾਣ ਕਰਨ ਦੀ ਦਿਬਦ੍ਰਿਸ਼ਟੀ ਸੀ।

*ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥*
*ਕਲ੍ਯ ਜੋੜਿ ਕਰ ਸੁਜਸੁ ਵਖਾਣਿਓ॥*[96]

ਗੁਰੂ ਅਰਜਨ ਦੇਵ ਜੀ ਨੇ ਗੁਰਮੁੱਖੀ ਅੱਖਰ ਦਾ ਗਿਆਨ ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਕੀਤਾ। ਬਾਬਾ ਮੋਹਰੀ ਜੀ ਨੇ ਗਣਿਤ ਵਿਦਿਆ ਦੀ ਸਿਖਲਾਈ ਦਿੱਤੀ। ਆਪ ਨੇ ਦੇਵਨਾਗਰੀ ਵਿੱਦਿਆ ਪਿੰਡ ਦੀ ਪਾਠਸ਼ਾਲਾ ਵਿੱਚ ਪਾਂਧੇ ਪਾਸੋਂ ਹਾਸਿਲ ਕੀਤੀ। ਸੰਸਕ੍ਰਿਤ ਦਾ ਗਿਆਨ ਪੰਡਿਤ ਬੈਣੀ ਪਾਸੋਂ ਅਤੇ ਫ਼ਾਰਸੀ ਅੱਖਰ ਪਿੰਡ ਦੇ ਮਦਰੱਸੇ ਵਿੱਚ ਸਿੱਖੇ। ਆਪ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਗੁਰਬਾਣੀ ਦਾ ਅਧਿਐਨ ਕੀਤਾ। ਆਪ ਜੀ ਦੁਆਰਾ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਤੋਂ ਲੱਗਦਾ ਹੈ ਕਿ ਆਪ ਨੇ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਪੰਜਾਬੀ, ਬ੍ਰਜ ਅਤੇ ਸੰਸਕ੍ਰਿਤ ਭਾਸ਼ਾ, ਵਿਆਕਰਣ ਅਤੇ ਸੰਗੀਤ ਵਿੱਚ ਮੁਹਾਰਤ ਹਾਸਲ ਕਰ ਲਈ ਸੀ।

ਗੁਰੂ ਅਰਜਨ ਦੇਵ ਜੀ ਦਾ ਵਿਆਹ 1579 ਈ: ਵਿੱਚ ਮਉ ਪਿੰਡ ਦੇ ਕ੍ਰਿਸ਼ਨ ਚੰਦ ਦੀ ਸਪੁੱਤਰੀ ਗੰਗਾ ਦੇਵੀ ਨਾਲ ਹੋਇਆ।[97]

ਅਧਿਆਤਮਕ ਬਿਰਤੀ ਦੇ ਮਾਲਕ ਹੋਣ ਸਦਕਾ ਅਤੇ ਗੁਰੂ ਅਮਰਦਾਸ ਜੀ ਦੇ ਵਰਦਾਨ ਸਦਕਾ ਗੁਰਮਤਿ ਪਰੰਪਰਾ ਵਿੱਚ ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਸਨ ਜੋ ਆਪਣੇ ਪਿਤਾ ਪੁਰਖਾਂ

ਵੱਲੋਂ ਵਿਰਾਸਤੀ ਰੂਪ ਵਿੱਚ ਗੁਰੂਤਾ ਗੱਦੀ ਦੇ ਹੱਕਦਾਰ ਬਣੇ। ਗੁਰੂ ਸਾਹਿਬ ਦਾ ਵੱਡਾ ਭਰਾ ਪ੍ਰਿਥੀ ਚੰਦ ਜੋ ਕਿ ਉਮਰ ਵਿੱਚ ਗੁਰੂ ਸਾਹਿਬ ਤੋਂ ਵੱਡਾ ਸੀ ਤੇ ਸੰਸਾਰਕ ਕਾਰ ਵਿਹਾਰ ਵੀ ਮੋਹਰੀ ਹੋ ਕੇ ਕਰਦਾ ਸੀ, ਆਪਣੇ-ਆਪ ਨੂੰ ਗੱਦੀ ਦਾ ਹੱਕਦਾਰ ਸਮਝਦਾ ਸੀ ਪਰ ਗੁਰੂਤਾ ਗੱਦੀ ਦਾ ਰਹੱਸ ਤਾਂ ਧੁਰੋਂ ਹੀ ਨਿਸ਼ਚਿਤ ਸੀ। ਜਦ ਉਸਨੂੰ ਗੁਰੂਤਾ ਗੱਦੀ ਦੇ ਹੱਕ ਤੋਂ ਵਾਂਝਿਆ ਰੱਖਿਆ ਗਿਆ ਤਾਂ ਉਹ ਬਹੁਤ ਨਰਾਜ਼ ਹੋਇਆ ਇਥੋ ਤੱਕ ਕਿ ਆਪਣੇ ਗੁਰੂ-ਪਿਤਾ ਗੁਰੂ ਰਾਮਦਾਸ ਜੀ ਦੇ ਸਮਝਾਉਣ 'ਤੇ ਉਨ੍ਹਾਂ ਨਾਲ ਵੀ ਕੁਬੋਲ ਬੋਲਣ ਤੋਂ ਗੁਰੇਜ਼ ਨਾ ਕੀਤਾ। ਜਿਸ ਸਦਕਾ ਗੁਰੂ ਸਾਹਿਬ ਨੇ ਉਸਨੂੰ ਆਪਣੇ ਨਾਲ ਨਾ ਮਿਲਣ ਦਾ ਹੁਕਮ ਦਿੰਦੇ ਹੋਏ ਉਸਦੀਆਂ ਕਾਲੀਆਂ ਕਰਤੂਤਾਂ ਸਦਕਾ ਮੀਣਾ ਤੱਕ ਕਹਿ ਦਿੱਤਾ। ਕਿਉਂਕਿ ਪ੍ਰਿਥੀ ਚੰਦ ਲਾਲਚੀ, ਸਵਾਰਥੀ ਅਤੇ ਈਰਖਾਲੂ ਸੁਭਾਅ ਦਾ ਮਾਲਕ ਸੀ, ਛੋਟਾ ਪੁੱਤਰ ਮਹਾਂਦੇਵ ਬਿਲਕੁਲ ਹੀ ਮਸਤ ਸੁਭਾਅ ਦਾ ਮਾਲਿਕ ਸੀ ਤੇ ਕੇਵਲ ਗੁਰੂ ਅਰਜਨ ਦੇਵ ਜੀ ਵਿੱਚ ਹੀ ਪਹਿਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਸੇਵਾ, ਸਾਦਗੀ, ਸਬਰ, ਸੰਤੋਖ, ਨਿਸ਼ਕਾਮ ਭਗਤੀ ਤੇ ਤਿਆਗ ਜਿਹੇ ਗੁਣ ਭਰਪੂਰ ਸਨ ਤੇ ਗੁਰੂਤਾ-ਗੱਦੀ ਦੇ ਹੱਕਦਾਰ ਤਾਂ ਗੁਰੂ ਸਾਹਿਬ ਦੀ ਪਰਖ ਕਸੱਵਟੀ ਵਿਚੋਂ ਪੂਰੇ ਉਤਰਨ ਵਾਲੇ ਸ਼ਰਧਾਲੂ ਹੀ
ਹੁੰਦੇ ਸਨ। ਇਨ੍ਹਾਂ ਗੁਣਾਂ ਦੀ ਕਸਵੱਟੀ ਵਿਚੋਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੂੰ ਵੀ ਲੰਘਣਾ ਪਿਆ ਸੀ। ਅੰਤ ਗੁਰੂ ਅਰਜਨ ਦੇਵ ਜੀ ਵੀ ਅਜਿਹੇ ਗੁਣਾਂ ਦੇ ਧਾਰਨੀ ਹੋਣ ਸਦਕਾ ਹੀ ਗੁਰੂ ਰਾਮਦਾਸ ਜੀ ਦੀ ਪਾਰਖੂ ਅੱਖ ਵਿੱਚੋਂ ਪਰਖ ਕਸੱਵਟੀ ਤੇ ਪੂਰੇ ਉਤਰਨ ਉਪਰੰਤ ਹੀ 1 ਸਤੰਬਰ 1581 ਈ: ਨੂੰ ਗੁਰੂਤਾ ਗੱਦੀ ਦੇ ਯੋਗ ਉੱਤਰਾਧਿਕਾਰੀ ਬਣੇ।[98]

ਗੁਰੂਤਾ ਗੱਦੀ ਦੀ ਪ੍ਰਾਪਤੀ ਨਾ ਹੋਣ ਕਰਕੇ ਪ੍ਰਿਥੀ ਚੰਦ ਈਰਖਾ ਦੀ ਅੱਗ ਵਿੱਚ ਸੜ ਰਿਹਾ ਸੀ। ਉਹ ਤੇ ਉਸਦੀ ਪਤਨੀ ਅਜਿਹੀ ਨਿਰਾਦਰੀ ਤੋਂ ਅਤਿਅੰਤ ਦੁੱਖੀ ਸਨ। ਦੂਜੇ ਪਾਸੇ ਕਾਫੀ ਸਮਾਂ ਲੰਘ ਜਾਣ ਤੇ ਵੀ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਸੰਤਾਨ ਦਾ ਜਨਮ ਨਾ ਹੋਇਆ ਜਿਸ ਕਰਕੇ ਪ੍ਰਿਥੀ ਚੰਦ ਨੂੰ ਹੁਣ ਆਪਣੇ ਪੁੱਤਰ ਮਿਹਰਬਾਨ ਦੇ ਅਗਲਾ ਵਾਰਸ ਬਣਨ ਦੀ ਉਮੀਦ ਜਾਗ ਗਈ। ਪਰ 14 ਜੂਨ 1595 ਈ: ਨੂੰ[99] ਮਾਤਾ ਗੰਗਾ ਜੀ ਦੀ ਕੁੱਖੋਂ ਪਿੰਡ ਵਡਾਲੀ, ਅੰਮ੍ਰਿਤਸਰ ਵਿਖੇ ਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਹਰਿਗੋਬਿੰਦ (ਛੇਵੇਂ ਗੁਰੂ) ਰੱਖਿਆ ਗਿਆ। ਅਜਿਹੇ ਸਮੇਂ ਬਾਲਕ (ਹਰਿਗੋਬਿੰਦ) ਦੇ ਜਨਮ ਲੈਣ ਉਪਰੰਤ ਪ੍ਰਿਥੀ ਚੰਦ ਦੀਆਂ ਅਜਿਹੀਆਂ ਆਸਾਂ-ਉਮੀਦਾਂ ਵੀ ਢਹਿ ਗਈਆਂ। ਇਸ ਲਈ ਉਸਨੇ ਹਰਿਗੋਬਿੰਦ (ਗੁਰੂ) ਨੂੰ ਸ਼ੁਰੂ ਤੋਂ ਮਾਰਨ ਦੀਆਂ ਸਾਜਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ ਪਰ ਪਰਮਾਤਮਾ ਦੇ ਭਾਣੇ ਅੰਦਰ ਹਰ ਸਾਜਿਸ਼ ਵਿੱਚ ਨਾ-ਕਾਮਯਾਬ ਰਿਹਾ। ਪਰ ਗੁਰੂ ਅਰਜਨ ਦੇਵ ਜੀ

ਪ੍ਰਿਥੀ ਚੰਦ ਦੇ ਕਿਸੇ ਵੀ ਕੰਮ ਵੱਲ ਧਿਆਨ ਨਾ ਦਿੰਦੇ। ਉਸਨੇ ਸਿੱਖ ਸੰਗਤਾਂ ਨੂੰ ਗੁਰੂ ਸਾਹਿਬ ਦੇ ਖਿਲਾਫ ਭੜਕਾ ਕੇ ਆਪਣੇ ਮਗਰ ਲਗਾ ਲਿਆ ਅਤੇ ਉਨ੍ਹਾਂ ਦੇ ਸਮਾਨਾਂਤਰ ਗੁਰਗੱਦੀ ਕਾਇਮ ਕਰ ਲਈ। ਇੱਥੋਂ ਤੱਕ ਕਿ ਮਸੰਦਾਂ ਨੂੰ ਵੀ ਆਪਣੇ ਨਾਲ ਜੋੜ ਲਿਆ। ਪਰ ਇਸ ਸਮੇਂ ਦੌਰਾਨ ਗੁਰੂ ਸਾਹਿਬ ਗੁਰੂ ਘਰ ਦੀ ਜ਼ਿੰਮੇਵਾਰੀ ਨੂੰ ਸੰਭਾਲਦੇ ਹੋਏ ਸੰਗਤਾਂ ਦੀ ਸਹੂਲਤ ਲਈ ਸਮਾਜ ਭਲਾਈ ਦੇ ਕਾਰਜਾਂ ਵਿੱਚ ਇਕਜੁੱਟ ਸਨ। ਆਪ ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੇ ਕਾਰਜਾਂ ਨੂੰ ਨੇਪਰੇ ਚਾੜਨ ਵਿੱਚ ਲੱਗੇ ਹੋਏ ਸਨ ਅਤੇ ਇਨ੍ਹਾਂ ਦਿਨਾਂ ਵਿੱਚ ਅੰਮ੍ਰਿਤ ਸਰੋਵਰ ਦਾ ਕੰਮ ਮੁਕੰਮਲ ਕੀਤਾ। ਆਪ ਜੀ ਦੇ ਗੁਰਗੱਦੀ ਤੇ ਬੈਠਣ ਉਪਰੰਤ ਸਿੱਖ ਧਰਮ ਦਾ ਮੂੰਹ-ਮੁਹਾਂਦਰਾ ਹੋਰ ਵੀ ਨਿਖਰਨਾ ਸ਼ੁਰੂ ਹੋ ਗਿਆ। ਉਹਨਾਂ ਧਰਮ ਦੇ ਵਿਗੜਦੇ ਰੂਪ ਜਿਵੇਂ ਤੀਰਥ ਯਾਤਰਾ, ਦੇਵੀ-ਦੇਵਤਿਆਂ ਦੀ ਪੂਜਾ, ਮੜੀ ਮਸਾਣਾਂ ਦੀ ਪੂਜਾ ਆਦਿ ਬਾਰੇ ਵਹਿਮ ਭਰਮਾਂ ਨੂੰ ਨਕਾਰਦੇ ਹੋਏ ਧਰਮ ਦਾ ਸਹੀ ਰੂਪ ਸਪੱਸ਼ਟ ਕੀਤਾ। ਇਸ ਦੇ ਨਾਲ ਹੀ ਅਜਿਹਾ ਵਿਤਕਰਾ ਦੂਰ ਕਰਨ ਲਈ ਸਮਾਜ ਵਿੱਚ ਜਾਤ-ਪਾਤ ਦਾ ਹੁੰਦਾ ਵਿਰੋਧ ਖਤਮ ਕਰਨ ਹਿੱਤ ਗੁਰੂ ਨਾਨਕ ਸਾਹਿਬ ਦੁਆਰਾ ਚਲਾਏ ਸੰਗਤ-ਪੰਗਤ ਦੇ ਸੰਕਲਪ ਨੂੰ ਹੋਰ ਵੀ ਵਿਕਸਿਤ ਕੀਤਾ। ਉਨ੍ਹਾਂ ਅੰਮ੍ਰਿਤਸਰ, ਤਰਨ-ਤਾਰਨ, ਕਰਤਾਰਪੁਰ ਤੇ ਹਰਿਗੋਬਿੰਦਪੁਰਾ ਸ਼ਹਿਰ ਵਸਾਏ ਅਤੇ ਸੰਤੋਖਸਰ, ਰਾਮਸਰ ਅਤੇ ਤਰਨਤਾਰਨ ਸਾਹਿਬ ਵਿਖੇ ਸਰੋਵਰਾਂ ਦਾ ਵੀ ਨਿਰਮਾਣ ਕਰਵਾਇਆ। ਹਰਿਮੰਦਰ ਸਾਹਿਬ ਦੀ ਇਮਾਰਤ ਤਿਆਰ ਕਰਵਾਉਣ ਲਈ ਇਸਦੀ ਨੀਂਹ ਸੂਫੀ ਫਕੀਰ ਸਾਈਂ ਮੀਆਂ ਮੀਰ ਮੁਹੰਮਦ ਦੇ ਹੱਥੋਂ ਰਖਵਾਈ ਤੇ ਸੰਗਤ ਨੂੰ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹੋਏ ਉਨ੍ਹਾਂ ਦੀ ਯੋਗ ਅਗਵਾਈ ਕੀਤੀ। ਅੰਤ ਮਈ 1606 ਈ: ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਰੂਤਾ ਗੱਦੀ ਦੇ ਅਗਲੇ ਉਤਰਾਧਿਕਾਰੀ ਥਾਪ ਕੇ ਆਪ ਨੇ ਮਹਾਨ ਸ਼ਹੀਦੀ ਪ੍ਰਾਪਤ ਕੀਤੀ।[100]

ਗੁਰੂ ਅਰਜਨ ਦੇਵ ਜੀ ਮਹਾਨ ਸਾਹਿਤਕਾਰ ਸਨ। ਉਨ੍ਹਾਂ ਆਪਣੇ ਪੂਰਵਰਤੀ ਗੁਰੂ ਸਾਹਿਬਾਨ ਵਾਂਗ ਬਾਣੀ ਰਚਨਾ ਕੀਤੀ। ਗੁਰੂ ਸਾਹਿਬ ਦੀ ਬਾਣੀ ਜਗਿਆਸੂਆਂ ਦੇ ਕਲਿਆਣ ਹਿਤ ਸੇਧ ਪ੍ਰਦਾਨ ਕਰਦੀ ਹੈ ਤੇ ਪੂਰਵਵਰਤੀ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਹੀ ਵਿਸਤਾਰ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ ਬਾਣੀ ਰਚਨਾ ਕੀਤੀ ਤੇ ਨਾਲ ਹੀ ਵਾਰਾਂ, ਛੰਤ, ਪਦੇ, ਬਿਰਹੜੇ, ਸਲੋਕ ਸਹਸਕ੍ਰਿਤੀ, ਸੁਖਮਨੀ, ਥਿਤੀ, ਬਾਵਨ ਅੱਖਰੀ, ਬਾਰਹਮਾਹਾ ਮਾਝ ਆਦਿ ਬਾਣੀਆਂ ਦੀ ਰਚਨਾ ਵੀ ਆਪ ਜੀ ਦੁਆਰਾ ਹੋਈ ਮਿਲਦੀ ਹੈ। ਜਿਸਦਾ ਵੇਰਵਾ ਇਸ ਪ੍ਰਕਾਰ ਹੈ:[101]

| ਨੰ | ਰਾਗ | ਪਦੇ | ਅਸਟਪਦੀਆਂ | ਛੰਤ | ਹੋਰ ਰਚਨਾਵਾਂ | ਸਲੋਕ | ਵਾਰਾਂ (ਪਉੜੀਆਂ) |
|---|---|---|---|---|---|---|---|
| 1. | ਸਿਰੀਰਾਗ | 30 | 3 | 2 | ਪਹਰਾ (1) | 6 | --- |
| 2. | ਮਾਝ | 143 | 5 | --- | ਬਾਰਾਮਾਹਾ (14) ਦਿਨ ਰੈਣਿ(4) | | |
| 3. | ਗਉੜੀ | 172 | 15+24=39 | 4 | ਬਾਵਨ ਅੱਖਰੀ, ਥਿਤੀ, ਸੁਖਮਨੀ | 51 | 1(26) |
| 4. | ਆਸਾ | 163 | 2 | 14 | ਬਿਰਹੜੇ | 5 | --- |
| 5. | ਗੂਜਰੀ | 32 | 2 | -- | -- | 42 | 1(21) |
| 6. | ਦੇਵਗੰਧਾਰੀ | 38 | -- | -- | -- | -- | -- |
| 7. | ਬਿਹਾਗੜਾ | 1 | -- | 9 | -- | 2 | -- |
| 8. | ਵਡਹੰਸ | 9 | -- | 3 | -- | 4 | --- |
| 9. | ਸੋਰਠਿ | 94 | 3 | -- | -- | -- | -- |
| 10. | ਧਨਾਸਰੀ | 58 | 1 | 1 | -- | -- | -- |
| 11. | ਜੈਤਸਰੀ | 13 | -- | 3 | -- | 45 | 1(20) |
| 12. | ਟੋਡੀ | 30 | --- | -- | --- | -- | --- |
| 13. | ਬੈਰਾੜੀ | 1 | -- | -- | -- | -- | -- |
| 14. | ਤਿਲੰਗ | 5 | -- | -- | -- | - | - |
| 15. | ਸੂਹੀ | 58 | 5 | 11 | ਗੁਣਵੰਤੀ | -- | -- |
| 16. | ਬਿਲਾਵਲ | 129 | 2 | 5 | -- | -- | -- |
| 17. | ਗੋਂਡ | 22 | 1 | -- | -- | -- | -- |
| 18. | ਰਾਮਕਲੀ | 60 | 8 | 5 | ਰੁਤੀ | 49 | 1(22) |
| 19. | ਨਟ ਨਰਾਇਣ | 10 | -- | -- | -- | -- | --- |

| | | | | | | | |
|---|---|---|---|---|---|---|---|
| 20. | ਮਾਲੀ ਗਉੜਾ | 8 | -- | -- | -- | -- | -- |
| 21. | ਮਾਰੂ | 30 | 6 | -- | ਅੰਜੁਲੀਆਂ | 71 | 1(23) |
| 22. | ਤੁਖਾਰੀ | -- | -- | 1 | -- | -- | -- |
| 23. | ਕੇਦਾਰਾ | 15 | -- | 1 | -- | -- | -- |
| 24. | ਭੈਰਉ | 58 | 3 | -- | -- | -- | -- |
| 25. | ਬਸੰਤ | 21 | 2 | -- | -- | -- | (3) |
| 26. | ਸਾਰੰਗ | 139 | 2 | 1 | -- | 3 | (1) |
| 27. | ਮਲਾਰ | 30 | -- | 1 | -- | 3 | (1) |
| 28. | ਕਾਨੜਾ | 50 | -- | 1 | -- | -- | -- |
| 29. | ਕਲਿਆਣ | 10 | -- | -- | -- | -- | -- |
| 30. | ਪ੍ਰਭਾਤੀ | 15 | 3 | -- | -- | -- | -- |
| | ਕੁੱਲ ਜੋੜ | 134 (4) | 63 | 62 | 10 | 281 | 6 (177) |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਬਾਣੀ ਹੈ। ਆਪ ਨੇ ਤਕਰੀਬਨ 1581 ਈ: ਤੋਂ 1604 ਈ ਤੱਕ 22 ਸਾਲ ਨਿਰੰਤਰ ਬਾਣੀ ਰਚਨਾ ਕੀਤੀ। ਆਪ ਜੀ ਦੀ ਬਾਣੀ ਬੋਲੀ ਪੱਖੋਂ ਬਹੁਤ ਸਰਲਤਾ ਅਤੇ ਕਾਵਿਕ ਗੁਣਾਂ ਭਰਪੂਰ ਹੈ ਜੋ ਪ੍ਰਭੂ ਪਿਆਰ, ਨਾਮ ਸਿਮਰਨ, ਪ੍ਰਭੂ ਪ੍ਰਾਪਤੀ ਆਦਿ ਵਿਸ਼ਿਆਂ ’ਤੇ ਭਰਪੂਰ ਰੋਸ਼ਨੀ ਪਾਉਂਦੀ ਹੈ। ਆਪ ਜੀ ਦੀ ਬਾਣੀ ਵਿੱਚ ਮਨੁੱਖ ਨੂੰ ਆਪਣੇ ਅਸਲ ਮਕਸਦ ਦੀ ਪ੍ਰਾਪਤੀ ਲਈ ਸਮਝਾਇਆ ਗਿਆ ਹੈ ਕਿ ਉਸ ਨੂੰ ਮਨੁੱਖਾ ਸਰੀਰ ਮਿਲਿਆ ਹੀ ਪਰਮਾਤਮਾ (ਪਰਮਪਦ) ਦੀ ਪ੍ਰਾਪਤੀ ਲਈ ਹੈ। ਆਪਣੀ ਬਾਣੀ ਵਿੱਚ ਉਹ ਫੁਰਮਾਉਂਦੇ ਹਨ:-

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*[102]

ਧਰਮ ਪ੍ਰਚਾਰ ਅਤੇ ਨਿਰਮਾਣ ਕਾਰਜਾਂ ਅਤੇ ਬਾਣੀ ਰਚਨਾ ਦੇ ਨਾਲ-ਨਾਲ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਨਿਵੇਕਲਾ ਅਤੇ ਤਰਜ਼ੀਹੀ ਕੰਮ ਬਾਣੀ ਰਚਣ ਦੇ ਨਾਲ-ਨਾਲ ਬਾਣੀ ਇਕੱਤਰ ਕਰਨ ਦਾ ਵੀ ਸੀ ਤੇ ਆਪਣੇ ਤੋਂ ਪੂਰਵਵਰਤੀ ਗੁਰੂ ਸਾਹਿਬਾਨ ਦੀ ਬਾਣੀ ਇਕੱਤਰ ਕਰਕੇ ਉਨ੍ਹਾਂ ਸਿੱਖ ਕੌਮ ਲਈ ਸਭ ਤੋਂ ਵਿਲੱਖਣ ਧਰਮ ਗ੍ਰੰਥ ਦੀ ਸੰਪਾਦਨਾ ਕੀਤੀ ਹੈ ਜਿਸ ਨੂੰ ਆਦਿ ਗ੍ਰੰਥ ਹੋਣ ਦਾ ਮਾਣ ਬਖਸ਼ਿਆ। ਭਾਵੇਂ ਇਸ ਗ੍ਰੰਥ ਦੀ ਸੰਪਾਦਨਾ ਦਾ ਕੰਮ ਗੁਰੂ ਅਰਜਨ ਦੇਵ ਜੀ ਦੇ ਹੱਥੋਂ ਹੋਇਆ ਪਰ ਸਮੁੱਚੀ ਸਿੱਖ ਕੌਮ ਦੀ ਅਗਵਾਈ ਕਰਨ ਵਾਲੇ ਗੁਰੂ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਆਪਣੇ ਤੋਂ ਬਾਅਦ ਰਸਮੀ ਤੌਰ 'ਤੇ ਗੁਰਿਆਈ ਦੇ ਕੇ ਗੁਰੂ ਦਾ ਦਰਜਾ ਬਖਸ਼ਿਆ।

ਆਦਿ ਗ੍ਰੰਥ ਵਿੱਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਨੂੰ ਮੌਲਿਕ ਅਤੇ ਸ਼ੁੱਧ ਰੂਪ ਵਿੱਚ ਸੰਪਾਦਿਤ ਕਰਵਾਇਆ। ਇਸਦੇ ਲਿਖਾਰੀ ਦਾ ਕਾਰਜ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਕੀਤਾ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਭ ਤੋਂ ਵੱਡੀ ਵਿਲੱਖਣਤਾ ਹੈ ਕਿ ਇਸ ਵਿਚਲੇ ਰਚੇਤਿਆਂ ਦੀ ਬਾਣੀ ਨੂੰ ਬਿਨਾਂ ਕਿਸੇ ਊਚ-ਨੀਚ ਜਾਂ ਜਾਤੀਗਤ ਭੇਦ ਇਸ ਗ੍ਰੰਥ ਦੇ ਵਿੱਚ ਸ਼ਾਮਿਲ ਕੀਤਾ ਗਿਆ ਹੈ। ਜਿਥੇ ਤ੍ਰਿਲੋਚਨ, ਜੈਦੇਵ, ਬ੍ਰਾਹਮਣ ਸ਼੍ਰੇਣੀ ਦੇ ਭਗਤਾਂ ਦੀ ਬਾਣੀ ਹੈ, ਉਥੇ ਨਾਲ ਹੀ ਕਬੀਰ, ਨਾਮਦੇਵ ਰਵਿਦਾਸ ਅਤੇ ਸੈਣ ਆਦਿ ਨੀਵੀਆਂ ਅਤੇ ਅਛੂਤ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਵੀ ਨਾਲ ਹੀ ਦਰਜ ਹੈ। ਹਿੰਦੂ ਭਗਤਾਂ ਦੀ ਬਾਣੀ ਦੀ ਸ਼ਮੂਲੀਅਤ ਵੀ ਕੀਤੀ ਗਈ ਹੈ। ਸਭ ਤੋਂ ਵੱਡੀ ਖ਼ਾਸੀਅਤ ਹੈ ਕਿ ਇਸ ਗ੍ਰੰਥ ਵਿਚਲੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਨੂੰ ਸਿੱਖ ਸਿਧਾਂਤਾਂ ਤੇ ਪੂਰੇ ਉਤਰਨ ਉਪਰੰਤ ਗੁਰੂ ਅਰਜਨ ਦੇਵ ਜੀ ਦੁਆਰਾ ਬਿਨਾਂ ਕਿਸੇ ਰਲਾਅ ਦੇ ਆਪਣੀ ਨਿਗਰਾਨੀ ਹੇਠ ਸ਼ਾਮਿਲ ਕੀਤਾ ਗਿਆ ਹੈ।ਆਦਿ ਗ੍ਰੰਥ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਦਰਜ ਹੈ। ਇਸ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਇਸ ਵਿੱਚ ਦਰਜ ਕਰਵਾ ਕੇ 'ਆਦਿ ਗ੍ਰੰਥ' ਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਪਦਵੀ ਨਾਲ ਸਨਮਾਨਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ:

**ਗੁਰੂ ਸਾਹਿਬਾਨ ਦੀ ਬਾਣੀ :**

| **ਗੁਰੂ ਸਾਹਿਬਾਨ** | **ਬਾਣੀ ਵੇਰਵਾ** |
|---|---|
| ਗੁਰੂ ਨਾਨਕ ਦੇਵ ਜੀ | 974 ਸ਼ਬਦ ਤੇ ਸਲੋਕ |
| ਗੁਰੂ ਅੰਗਦ ਦੇਵ ਜੀ | 62 ਸ਼ਬਦ ਤੇ ਸਲੋਕ |
| ਗੁਰੂ ਅਮਰਦਾਸ ਜੀ | 907 ਸ਼ਬਦ ਤੇ ਸਲੋਕ |
| ਗੁਰੂ ਰਾਮਦਾਸ ਜੀ | 679 ਸ਼ਬਦ ਤੇ ਸਲੋਕ |
| ਗੁਰੂ ਅਰਜਨ ਦੇਵ ਜੀ | 2218 ਸ਼ਬਦ ਤੇ ਸਲੋਕ |
| ਗੁਰੂ ਤੇਗ ਬਹਾਦਰ ਸਾਹਿਬ ਜੀ | 115 ਸ਼ਬਦ ਤੇ ਸਲੋਕ |

**ਭਗਤਾਂ ਦੀ ਬਾਣੀ:**

| | **ਭਗਤ** | **ਬਾਣੀ ਵੇਰਵਾ** |
|---|---|---|
| 1. | ਜੈਦੇਵ | 2 ਸ਼ਬਦ |
| 2. | ਸ਼ੇਖ ਫਰੀਦ | 4 ਸ਼ਬਦ 130 ਸਲੋਕ |
| 3. | ਤ੍ਰਿਲੋਚਨ | 4 ਸ਼ਬਦ |
| 4. | ਨਾਮਦੇਵ | 60 ਸ਼ਬਦ |
| 5. | ਰਾਮਾਨੰਦ | 1 ਸ਼ਬਦ |
| 6. | ਸਧਨਾ | 1 ਸ਼ਬਦ |
| 7. | ਬੇਨੀ | 3 ਸ਼ਬਦ |
| 8. | ਰਵਿਦਾਸ | 41 ਸ਼ਬਦ |
| 9. | ਕਬੀਰ | 292 ਸ਼ਬਦ 249 ਸਲੋਕ |
| 10. | ਧੰਨਾ | 4 ਸ਼ਬਦ |
| 11. | ਪੀਪਾ | 1 ਸ਼ਬਦ |
| 12. | ਸੈਣ | 1 ਸ਼ਬਦ |
| 13. | ਪਰਮਾਨੰਦ | 1 ਸ਼ਬਦ |
| 14. | ਸੂਰਦਾਸ | 2 ਪੰਕਤੀਆਂ |

| | | |
|---|---|---|
| 15. | ਭੀਖਨ | 2 ਸ਼ਬਦ |
| 16. | ਸੁੰਦਰ | 1 ਸੱਦ |

**ਭੱਟਾਂ ਅਤੇ ਡੂਮਾਂ ਦੀ ਬਾਣੀ:**

| | **ਭੱਟ** | **ਬਾਣੀ ਦਾ ਵੇਰਵਾ (ਸਵੱਈਏ)** |
|---|---|---|
| 1. | ਕਲ੍ਹ | 49 (46 ਸਵੱਈਏ ਤੇ 3 ਸੋਰਠੇ) |
| 2. | ਕਲਸਹਾਰ | 4 ਸਵੱਈਏ |
| 3. | ਤੱਲ | 1 |
| 4. | ਜਾਲਪ | 4 |
| 5 | ਜੱਲ੍ਹ | 1 |
| 6. | ਕੀਰਤ | 8 |
| 7. | ਸੱਲ | 3 |
| 8. | ਭੱਲ | 1 |
| 9. | ਨੱਲ | 6 |
| 10. | ਸੇਵਕ | 10 |
| 11. | ਦਾਸ | 14 |
| 12. | ਜੱਲ੍ਹਣ | 1 |
| 13. | ਗਯੰਦ | 5 |
| 14. | ਮਥੁਰਾ | 10 |
| 15. | ਭਿਖਾ | 2 |
| 16. | ਬੱਲ | 5 |
| 17. | ਹਰਬੰਸ | 2 |
| 18. | ਮਰਦਾਨਾ | 3 ਸਲੋਕ |
| 19. | ਸੱਤਾ/ਬਲਵੰਤ | 1 ਵਾਰ(4 ਪਉੜੀਆਂ) |

ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ ਦੀ ਬੀੜ ਦੀ ਸੰਪਾਦਨਾ ਦਾ ਕਾਰਜ 1601 ਈ: ਵਿੱਚ ਆਰੰਭ ਕੀਤਾ ਗਿਆ ਅਤੇ ਇਸਦੀ ਸੰਪਾਦਨਾ 1604 ਈ: ਵਿੱਚ ਸੰਪੂਰਨ ਹੋਈ। ਇਸ ਗ੍ਰੰਥ ਨੂੰ ਆਦਿ ਬੀੜ ਦਾ ਦਰਜਾ ਦੇ ਕੇ ਇਸਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਜੀ ਵਿਖੇ ਬਾਬਾ ਬੁੱਢਾ ਜੀ ਪਾਸੋਂ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਪਹਿਲਾ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ ਗਿਆ। ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਸੰਪੂਰਨ ਹੋਣ ਉਪਰੰਤ ਗੁਰੂ ਘਰ ਦੇ ਦੋਖੀ ਜੋ ਕਿ ਗੁਰੂ ਸਾਹਿਬ ਦੀ ਲੋਕ ਪ੍ਰਿਯਤਾ ਨੂੰ ਸਹਾਰ ਨਾ ਸਕੇ, ਉਨ੍ਹਾਂ ਅਕਬਰ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਜੀ ਨੇ ਬਿਨਾਂ ਕਿਸੇ ਜਾਤੀ ਜਾਂ ਊਚ ਨੀਚ ਦੇ ਭੇਦਭਾਵ ਦੇ ਸਭ ਭਗਤਾਂ ਦੀ ਬਾਣੀ ਸ਼ਾਮਿਲ ਕਰਕੇ ਇਕ ਗ੍ਰੰਥ ਤਿਆਰ ਕਰਵਾਇਆ ਹੈ, ਜਿਸ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਰਮ ਅਤੇ ਉਨ੍ਹਾਂ ਦੀ ਪੂਜਾ ਵਿਧੀ ਬਾਰੇ ਨਿੰਦਿਆ ਕੀਤਾ ਗਈ ਹੈ। ਪਰ ਜਦ ਇਸ ਗੱਲ ਦੀ ਪੁਸ਼ਟੀ ਅਕਬਰ ਦੇ ਦਰਬਾਰ ਵਿੱਚ ਹੋਈ ਤੇ ਉਸਨੂੰ ਇਸ ਵਿਚਲੀ ਬਾਣੀ ਅਤੇ ਇਸਦੇ ਰਹੱਸ ਬਾਰੇ ਗਿਆਨ ਹੋਇਆ ਤਾਂ ਉਹ ਬਹੁਤ ਪ੍ਰਸੰਨ ਹੋਇਆ ਅਤੇ ਉਸਨੇ ਆਪ ਵੀ ਇਸ ਗ੍ਰੰਥ ਦਾ ਬਹੁਤ ਅਦਬ-ਸਤਿਕਾਰ ਕੀਤਾ। ਪਰ ਅਕਬਰ ਦੀ ਮੌਤ ਤੋਂ ਬਾਅਦ ਜਦ ਜਹਾਂਗੀਰ ਗੱਦੀ 'ਤੇ ਬੈਠਿਆ ਤਾਂ ਉਹ ਆਪ ਹੀ ਗੁਰੂ ਘਰ ਦਾ ਹਮਾਇਤੀ ਨਾ ਹੋਣ ਕਰਕੇ ਆਪਣੇ ਪੈਰੋਕਾਰਾਂ ਦੇ ਕਹੇ ਅਨੁਸਾਰ ਇਸਲਾਮ ਧਰਮ ਦਾ ਵਿਸਥਾਰ ਕਰਨ ਲੱਗਾ ਤੇ ਗੁਰੂ ਸਾਹਿਬ ਨੂੰ ਵੀ ਇਸਲਾਮ ਧਾਰਨ ਕਰਨ ਬਾਰੇ ਪ੍ਰੋਤਸਾਹਿਤ ਕੀਤਾ ਗਿਆ ਤੇ ਅਖੀਰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ਦੀ ਸਿੱਖ ਕੌਮ ਵਿੱਚ ਪਹਿਲੀ ਅਤੇ ਲਾਸਾਨੀ ਸ਼ਹਾਦਤ ਹੈ, ਸਿੱਖ ਇਤਿਹਾਸ ਵਿੱਚ ਇਸ ਸ਼ਹਾਦਤ ਦਾ ਕੋਈ ਇਕ ਨਹੀਂ ਸਗੋਂ ਅਨੇਕਾਂ ਕਾਰਨ ਮੰਨੇ ਗਏ ਹਨ। ਜਿਨ੍ਹਾਂ ਵਿੱਚੋਂ ਮਹਿੰਦਰ ਕੌਰ ਗਿੱਲ ਨੇ ਇਨ੍ਹਾਂ ਕਾਰਨਾਂ ਦਾ ਵੇਰਵਾ ਦਿੱਤਾ ਹੈ:[104]

- ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਪਹਿਲਾ ਕਾਰਨ ਦੋਹਾਂ ਭਰਾਵਾਂ ਦੀ ਘਰੋਗੀ ਫੁੱਟ ਸੀ।
- ਚੰਦੂ ਸ਼ਾਹ ਜੋ ਗੁਰੂ ਜੀ ਦਾ ਆਪਣੀ ਲੜਕੀ ਦੇ ਰਿਸ਼ਤੇ ਨੂੰ ਠੁਕਰਾਨ ਕਾਰਨ ਜਾਨੀ ਦੁਸ਼ਮਣ ਬਣ ਚੁੱਕਾ ਸੀ।
- ਜਾਤ-ਅਭਿਮਾਨੀ ਕਾਜ਼ੀ, ਮੁੱਲਾਂ ਅਤੇ ਪੰਡਿਤ ਜੋ ਗਾਹੇ-ਬ-ਗਾਹੇ ਬਾਦਸ਼ਾਹ ਦੇ ਕੰਨ ਭਰਦੇ ਸਨ।

- ਗੁਰੂ ਜੀ ਦਾ ਕੌਮ ਦਾ ਸੰਗਠਨ ਕਾਰਜ, ਬਹੁਤ ਸੰਖਿਅਕ ਇਮਾਰਤਾਂ ਅਤੇ ਸੁਧਾਰਕ ਕਾਰਜ ਜਿਨ੍ਹਾਂ ਨੇ ਹਕੂਮਤ ਦੇ ਮਨ ਵਿੱਚ ਆਂਤਕ ਪੈਦਾ ਕਰ ਦਿੱਤਾ ਸੀ।
- ਬਹੁਤੇ ਸਾਰੇ ਇਤਿਹਾਸਕਾਰਾਂ ਨੇ ਖੁਸਰੋ ਦੀ ਮਦਦ ਕਰਨਾ ਵੀ ਸ਼ਹੀਦੀ ਦੇ ਕਾਰਨਾਂ ਵਿਚੋਂ ਇਕ ਲਿਖਿਆ ਹੈ ।

ਪਰ ਇਨ੍ਹਾਂ ਸਭ ਕਾਰਨਾਂ ਤੋਂ ਇਲਾਵਾ ਬਾਦਸ਼ਾਹ ਜਹਾਂਗੀਰ ਦਾ ਸਿੱਖ ਕੌਮ ਪ੍ਰਤੀ ਆਪਣਾ ਰਵੱਈਆ ਵੀ ਠੀਕ ਨਹੀਂ ਸੀ ਕਿਉਂਕਿ ਉਸਦੀ ਆਪਣੀ ਲਿਖਤ ਤੁਜ਼ਕ-ਏ-ਜਹਾਂਗੀਰੀ ਵਿੱਚ ਲਿਖਿਆ ਮਿਲਦਾ ਹੈ, ਬਹੁਤ ਸਾਰੇ ਸਧਾਰਨ ਹਿੰਦੂ ਅਤੇ ਬਹੁਤ ਸਾਰੇ ਮੂਰਖ ਮੁਸਲਮਾਨ ਗੁਰੂ ਦੇ ਤੌਰ-ਤਰੀਕਿਆਂ ਅਤੇ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਗਏ ਸਨ। ਕਈ ਸਾਲ ਤੱਕ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਰਿਹਾ ਹੈ ਕਿ ਜਾਂ ਤਾਂ ਇਸ ਝੂਠ ਦੇ ਵਪਾਰ ਨੂੰ ਬੰਦ ਕੀਤਾ ਜਾਵੇ ਅਤੇ ਜਾਂ ਇਸ (ਗੁਰੂ ਅਰਜਨ ਦੇਵ ਜੀ) ਨੂੰ ਇਸਲਾਮ ਵਿੱਚ ਲਿਜਾਇਆ ਜਾਵੇ। ਆਪਣੇ ਇਸ ਮਕਸਦ ਦੀ ਕਾਮਯਾਬੀ ਲਈ ਅਤੇ ਉਪਰੋਕਤ ਕਾਰਨਾਂ ਦੇ ਮੱਦੇ ਨਜ਼ਰ ਗੁਰੂ ਸਾਹਿਬ ਨੂੰ ਲਾਹੌਰ ਬੁਲਾਇਆ ਗਿਆ। ਖੁਸਰੋ ਦੀ ਮਦਦ ਕਰਨ ’ਤੇ ਪਹਿਲਾਂ ਤਾਂ ਭਾਰੀ ਜ਼ੁਰਮਾਨਾ ਅਦਾ ਕਰਨ ਲਈ ਕਿਹਾ ਗਿਆ ਪਰ ਜਦ ਗੁਰੂ ਸਾਹਿਬ ਨੇ ਜ਼ੁਰਮਾਨੇ ਦੀ ਰਕਮ ਦੀ ਅਦਾਇਗੀ ਤੋਂ ਮਨ੍ਹਾਂ ਕਰ ਦਿੱਤਾ ਤਾਂ ਉਹਨਾਂ ਨੂੰ ਗ੍ਰਿਫਤਾਰ ਕਰਕੇ ਬਹੁਤ ਸਾਰੇ ਸਰੀਰਕ ਤਸੀਹੇ ਦਿੱਤੇ ਗਏ। ਅੰਤ 30 ਮਈ 1606 ਈ: ਨੂੰ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ।[105]

ਗੁਰੂ ਸਾਹਿਬ ਬੜੇ ਹੀ ਸਹਿਣਸ਼ੀਲ ਅਤੇ ਗੰਭੀਰ ਸੁਭਾਅ ਵਾਲੇ ਧਰਮ-ਸਾਧਕ ਸਨ। ਉਨ੍ਹਾਂ ਦਾ ਸਾਰਾ ਜੀਵਨ ਹੀ ਤਨਾਅ ਭਰਿਆ ਸੀ ਪਰ ਫਿਰ ਵੀ ਅਧਿਆਤਮਕ ਬਿਰਤੀ ਦੇ ਮਾਲਕ ਹੋਣ ਸਦਕਾ ਕਦੇ ਵੀ ਨਿਮਰਤਾ ਦਾ ਪੱਲਾ ਨਾ ਛੱਡਿਆ ਅਤੇ ਅੱਤ ਦੇ ਕਸ਼ਟਾਂ ਵਿੱਚ ਵੀ ਮਨ ਵਿੱਚ ਟਿਕਾਊ ਦੀ ਅਵਸਥਾ ਨੂੰ ਕਾਇਮ ਰੱਖਿਆ ਅਤੇ ਅੰਤ ਤੱਕ ਪਰਮਾਤਮਾ ਦੇ ਨਾਮ-ਸਿਮਰਨ ਨਾਲ ਜੁੜੇ ਰਹੇ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਵਿੱਚ ਇਕ ਨਵਾਂ ਮੋੜ ਆਇਆ ਜਿਸ ਸਦਕਾ ਸਿੱਖ ਕੌਮ ਦਾ ਰੂਪ ਬਿਲਕੁਲ ਹੀ ਬਦਲ ਗਿਆ। ਜੋ ਲਹਿਰ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਚੱਲ ਰਹੀ ਸੀ, ਉਸਨੇ ਹੁਣ **‘ਸੰਤ ਸਿਪਾਹੀ’** ਦਾ ਰੂਪ ਧਾਰਨ ਕਰ ਲਿਆ ਸੀ

**ਗੁਰੂ ਹਰਿਗੋਬਿੰਦ ਸਾਹਿਬ ਜੀ:**

ਗੁਰੂ ਹਰਿਗੋਬਿੰਦ ਸਾਹਿਬ ਜੀ ਇਕ ਮਹਾਨ ਗੁਰੂ, ਪਰਉਪਕਾਰੀ, ਮਹਾਨ ਯੋਧੇ ਅਤੇ ਆਦਰਸ਼ਕ ਇਨਸਾਨ, 'ਸੰਤ ਸਿਪਾਹੀ' ਦੇ ਰੂਪ ਵਿੱਚ ਉਭਰੇ। ਉਨ੍ਹਾਂ ਦੀ ਗੁਰਿਆਈ ਸਮੇਂ ਸਿੱਖੀ ਪੱਕੇ ਪੈਰਾਂ ਉੱਤੇ ਖੜੋ ਗਈ ਜਿਸਨੂੰ ਮੁਗਲ ਸਲਤਨਤ ਦਾ ਝੱਖੜ ਹਿਲਾ ਨਾ ਸਕਿਆ। ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਸਨ। ਆਪ ਦਾ ਜਨਮ ਗੁਰੂ ਅਰਜਨ ਦੇਵ ਜੀ ਦੇ ਘਰ, ਮਾਤਾ ਗੰਗਾ ਦੀ ਕੁੱਖੋਂ 1595 ਈ:[106] ਵਿੱਚ ਵਡਾਲੀ ਵਿਖੇ ਹੋਇਆ। ਆਪ ਜੀ ਦੇ ਜਨਮ ਸਮੇਂ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਣ ਕੀਤਾ:

*ਸਤਿਗੁਰੂ ਸਾਚੈ ਦੀਆ ਭੇਜਿ॥ ਚਿਰ ਜੀਵਨੁ ਉਪਜਿਆ ਸੰਜੋਗੁ॥*
*ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨੁ ਬਹੁਤੁ ਬਿਗਾਸੁ॥*
*ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥*[107]

ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਸਮੇਂ ਜਿਥੇ ਘਰ-ਪਰਿਵਾਰ ਅਤੇ ਸੰਗਤਾਂ ਵੱਲੋਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ, ਉਥੇ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਤੇ ਉਸਦੀ ਪਤਨੀ ਅਤਿ ਗਮਗੀਨ ਅਵਸਥਾ ਵਿਚੋਂ ਗੁਜ਼ਰ ਰਹੇ ਸਨ। ਕਿਉਂਕਿ ਅਨੇਕਾਂ ਯਤਨਾਂ ਦੇ ਬਾਵਜੂਦ ਵੀ ਗੁਰੂਤਾ ਗੱਦੀ 'ਤੇ ਕਬਜ਼ਾ ਕਰਨ ਵਿੱਚ ਉਹ ਅਸਫਲ ਰਹੇ ਸਨ। ਇਸ ਤੋਂ ਉਪਰੰਤ ਉਹ ਇਸ ਉਮੀਦ ਤੇ ਰਹੇ ਕਿ ਉਨ੍ਹਾਂ ਦੇ ਪੁੱਤਰ ਮਿਹਰਬਾਨ ਨੂੰ ਗੱਦੀ ਮਿਲ ਜਾਏਗੀ ਪਰ ਬਾਲ 'ਹਰਿਗੋਬਿੰਦ ਸਾਹਿਬ' ਦੇ ਜਨਮ ਉਪਰੰਤ ਇਹ ਆਸ ਵੀ ਨਿਰਾਸ਼ਤਾ ਦਾ ਰੂਪ ਧਾਰਨ ਕਰ ਗਈ। ਇਸ ਲਈ ਪ੍ਰਿਥੀ ਚੰਦ ਨੇ ਬਾਲਕ ਹਰਿਗੋਬਿੰਦ ਸਾਹਿਬ ਨੂੰ ਜਾਨੋਂ ਮਾਰ ਦੇਣ ਦੀਆਂ ਕਈ ਸਾਜਿਸ਼ਾਂ ਰਚੀਆਂ। ਸਭ ਤੋਂ ਪਹਿਲਾਂ ਦਾਈ, ਫਿਰ ਸਪੇਰੇ ਅਤੇ ਉਸ ਤੋਂ ਬਾਅਦ ਖਿਡਾਵੇ ਨੂੰ ਗੁਰੂ ਸਾਹਿਬ ਜੀ ਨੂੰ ਜਾਨੋਂ ਮਾਰਨ ਲਈ ਲਾਲਚ ਦਿੱਤੇ ਗਏ ਪਰ ਉਨ੍ਹਾਂ ਦੀਆਂ ਕੋਝੀਆਂ ਕਰਤੂਤਾਂ ਵੀ ਸਫਲ ਨਾ ਹੋ ਸਕੀਆਂ। ਇਸ ਉਪਰੰਤ ਗੁਰੂ ਅਰਜਨ ਦੇਵ ਜੀ ਆਪਣੇ ਪਰਿਵਾਰ ਸਮੇਤ ਲਾਹੌਰ ਆ ਗਏ।

ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿਖਲਾਈ ਦਾ ਯੋਗ ਪ੍ਰਬੰਧ ਕੀਤਾ ਗਿਆ। ਉਸ ਸਮੇਂ ਦੇਸ਼ ਵਿੱਚ ਰਾਜਸੀ ਹਾਲਾਤ ਸੁਖੈਨ ਨਹੀਂ ਸਨ ਅਤੇ ਅਜਿਹੇ ਹਾਲਾਤਾਂ ਦੇ ਮੱਦੇ ਨਜ਼ਰ ਗੁਰੂ ਅਰਜਨ ਸਾਹਿਬ ਨੇ ਅਨੁਮਾਨ ਲਗਾ ਲਿਆ ਸੀ ਕਿ ਆਉਣ ਵਾਲਾ ਸਮਾਂ ਸਿੱਖਾਂ ਲਈ ਮੁਸੀਬਤਾਂ ਭਰਿਆ ਹੋਵੇਗਾ ਅਤੇ ਜ਼ੁਲਮਾਂ ਤੇ ਅਤਿਆਚਾਰਾਂ ਨੂੰ ਠੱਲ ਪਾਉਣ ਲਈ ਤੇ ਉਹਨਾਂ ਦਾ ਟਾਕਰਾ ਕਰਨ ਲਈ ਹਥਿਆਰਬੰਦ

ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ। ਇਸ ਮਕਸਦ ਲਈ ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਜਿਹੀ ਸਿਖਲਾਈ ਦੇਣ ਦਾ ਫੈਸਲਾ ਕੀਤਾ ਜੋ ਭਵਿੱਖ ਵਿੱਚ ਉਨ੍ਹਾਂ ਲਈ ਸਹਾਇਕ ਸਿੱਧ ਹੋਈ। ਆਪ ਨੇ ਉਨ੍ਹਾਂ ਦੀ ਪੜ੍ਹਾਈ ਲਿਖਾਈ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤੀ । ਉਦੋਂ ਗੁਰੂ ਸਾਹਿਬ ਦੀ ਉਮਰ 6 ਸਾਲ ਦੀ ਸੀ। ਬਾਬਾ ਬੁੱਢਾ ਜੀ ਨੇ ਆਪ ਨੂੰ ਅੱਖਰੀ ਗਿਆਨ ਦੇ ਨਾਲ-ਨਾਲ ਗੁਰਬਾਣੀ ਦੀ ਪੜ੍ਹਾਈ ਕਰਾਈ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਦਿੱਤੀ। ਇਸਦੇ ਨਾਲ-ਨਾਲ ਸ਼ਸਤਰ ਵਿਦਿਆ, ਘੋੜ ਸਵਾਰੀ, ਕੁਸ਼ਤੀ ਆਦਿ ਯੋਧਿਆਂ ਸੂਰਬੀਰਾਂ ਦੇ ਕਰਤੱਬਾਂ ਵਿੱਚ ਨਿਪੁੰਨ ਕੀਤਾ। ਗੁਰੂ ਸਾਹਿਬ ਸ਼ਸਤਰ ਚਲਾਉਣ ਵਿੱਚ ਇੰਨੇ ਨਿਪੁੰਨ ਹੋ ਗਏ ਸਨ ਕਿ ਇਸ ਅਭਿਆਸ ਨੂੰ ਵੇਖ ਕੇ ਬਾਬਾ ਜੀ ਨੇ ਗੁਰੂ ਸਾਹਿਬ ਦੇ ਭਵਿੱਖ ਬਾਰੇ ਅਨੁਮਾਨ ਲਗਾਇਆ ਸੀ ਕਿ ਇਹ ਅਤਿਆਚਾਰੀ ਮੁਗਲਾਂ ਦੇ ਸਿਰ ਭੰਨਣਗੇ। ਇਸ ਸਿਖਲਾਈ ਦਾ ਇਹ ਅਸਰ ਹੋਇਆ ਕਿ (ਗੁਰੂ) ਹਰਿਗੋਬਿੰਦ ਸਾਹਿਬ ਹਰ ਪਾਸਿਉਂ ਸੰਪੂਰਨ ਯੋਗਤਾ ਵਾਲੇ ਵਿਅਕਤੀ ਬਣ ਗਏ। ਆਪ ਇਕ ਪਾਸੇ ਮਹਾਂਵੀਰ ਯੋਧੇ ਦੇ ਰੂਪ ਵਿੱਚ ਪ੍ਰਗਟ ਹੋਏ ਅਤੇ ਦੂਜੇ ਪਾਸੇ ਪੂਰਨ ਸੰਤ ਤੇ ਬ੍ਰਹਮਗਿਆਨੀ ਦੇ ਰੂਪ ਵਿੱਚ।

ਇਸ ਉਪਰੰਤ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਵਿੱਚ ਗ੍ਰਿਫਤਾਰ ਕਰਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਇਸ ਸਮੇਂ ਦੌਰਾਨ ਹੀ 25 ਮਈ 1606 ਈ:[108] ਨੂੰ ਗੁਰੂ ਅਰਜਨ ਸਾਹਿਬ ਦੇ ਹੁਕਮ ਅਨੁਸਾਰ ਬਾਬਾ ਜੀ ਵੱਲੋਂ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਬਖਸ਼ ਕੇ ਛੇਵੇਂ ਗੁਰੂ 'ਗੁਰੂ ਹਰਿਗੋਬਿੰਦ ਸਾਹਿਬ' ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ।[109]

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਮਗਰੋਂ ਸਿੱਖਾਂ ਵਿੱਚ ਢਹਿੰਦੀ ਕਲਾ ਦੇ ਆਉਣ ਦਾ ਡਰ ਸੀ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਮਣੇ ਸਭ ਤੋਂ ਵੱਡਾ ਕੰਮ ਇਹ ਸੀ ਕਿ ਸਿੱਖਾਂ ਦੇ ਹੌਂਸਲੇ ਬੁਲੰਦ ਰੱਖੇ ਜਾਣ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਤਾਂ ਜ਼ਾਹਿਰ ਹੋ ਚੁੱਕਾ ਸੀ ਕਿ ਜ਼ਬਰ-ਜ਼ੁਲਮ ਦੇ ਖਾਤਮੇ ਲਈ ਸ਼ਾਂਤਮਈ ਸੰਘਰਸ਼ ਦਾ ਕੋਈ ਪ੍ਰਭਾਵ ਨਹੀਂ ਸੀ ਪੈਣਾ। ਇਸ ਕਰਕੇ ਗੁਰੂ ਸਾਹਿਬ ਨੇ ਗੰਭੀਰਤਾ ਪੂਰਵਕ ਸਾਰੇ ਹਾਲਾਤਾਂ ਨੂੰ ਸਮਝਿਆ ਅਤੇ ਜਿਸ ਸਦਕਾ ਉਨ੍ਹਾਂ ਸਾਹਮਣੇ ਦੋ ਰਾਹ ਆਏ। ਇਕ ਇਹ ਸੀ ਕਿ ਸਿੱਖ ਕੌਮ ਦੀ ਰੱਖਿਆ ਲਈ ਸ਼ਸਤਰ ਧਾਰਨ ਕਰਕੇ ਹਥਿਆਰਬੰਦ ਸੰਘਰਸ਼ ਦਾ ਰਾਹ ਅਪਣਾਇਆ ਜਾਵੇ ਤੇ ਦੂਜਾ ਸਿੱਖ ਕੌਮ ਪ੍ਰਤੀ ਸਾਰੀਆਂ ਸਰਗਰਮੀਆਂ ਬੰਦ ਕਰਕੇ ਚੰਗੇ ਦਿਨਾਂ ਦੀ ਉਡੀਕ ਕੀਤੀ ਜਾਵੇ। ਪਰ ਮੁਗਲ ਸਲਤਨਤ ਦੇ ਜ਼ੁਲਮਾਂ ਅਤੇ ਅਤਿਆਚਾਰਾਂ ਨੂੰ ਠੱਲ ਪਾਉਣ ਲਈ ਉਨ੍ਹਾਂ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਮੁਤਾਬਕ ਭਗਤੀ ਅਤੇ ਸ਼ਕਤੀ ਦਾ ਰਾਹ

ਅਖਤਿਆਰ ਕਰਨ ਦਾ ਫੈਸਲਾ ਲਿਆ। ਇਸ ਲਈ ਅਣਖ ਦਾ ਜੀਵਨ ਜਿਉਣ ਲਈ ਹੱਥ ਵਿੱਚ ਤਲਵਾਰ ਫੜੇ ਬਗੈਰ ਕੋਈ ਵੀ ਚਾਰਾ ਨਹੀਂ ਸੀ।

ਇਸ ਲਈ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਉਨ੍ਹਾਂ ਸਿੱਖਾਂ ਨੂੰ ਘੋੜ-ਸਵਾਰੀ, ਸ਼ਸਤਰ ਵਿੱਦਿਆ ਦੇਣ ਦਾ ਖ਼ਾਸ ਪ੍ਰਬੰਧ ਕੀਤਾ। ਇਸਦੇ ਨਾਲ ਉਨ੍ਹਾਂ ਦੁਆਰਾ ਫੋਜਾਂ ਰੱਖਣਾ ਜਾਂ ਸ਼ਿਕਾਰ ਖੇਡਣਾ ਉਸ ਵੇਲੇ ਦੀ ਹਕੂਮਤ ਨੂੰ ਸਿੱਧੀ ਵੰਗਾਰ ਸੀ। ਇਸੇ ਸਮੇਂ ਦੌਰਾਨ ਗੁਰੂ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਸਥਾਪਨਾ ਦਾ ਐਲਾਨ ਵੀ ਕਰ ਦਿੱਤਾ। 1607-1608 ਈ: ਵਿੱਚ ਜਦ ਗੁਰੂ ਹਰਿਗੋਬਿੰਦ ਸਾਹਿਬ ਡਰੋਲੀ ਤੋਂ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਸਭ ਤੋਂ ਮਹੱਤਵਪੂਰਨ ਕਾਰਜ 'ਸ੍ਰੀ ਅਕਾਲ ਤਖਤ ਸਾਹਿਬ' ਦੀ ਉਸਾਰੀ ਕੀਤੀ।[109] ਨੀਂਹ ਗੁਰੂ ਜੀ ਨੇ ਆਪ ਰੱਖੀ ਅਤੇ ਉਸਾਰੀ ਦਾ ਕੰਮ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿੱਚ ਹੋਇਆ।

ਅਕਾਲ ਤਖਤ ਮੂਲ ਰੂਪ ਵਿੱਚ ਲਗਭਗ ਤਿੰਨ ਮੀਟਰ ਉੱਚਾ ਥੜ੍ਹਾ ਹੀ ਸੀ, ਬਾਕੀ ਇਮਾਰਤ ਬਾਅਦ ਵਿੱਚ ਉਸਾਰੀ ਗਈ। ਅਕਾਲ ਤਖਤ ਦਾ ਭਾਵ ਅਕਾਲ ਦਾ ਸਦੀਵੀ ਸਿੰਘਾਸਨ ਹੈ। ਅਕਾਲ ਤਖਤ ਅਕਾਲ-ਪੁਰਖੀ ਰਾਜ ਦਾ ਸੰਕਲਪ ਪੇਸ਼ ਕਰਦਾ ਹੈ, ਜਿਸਦਾ ਅਧਾਰ ਦੈਵੀ ਤੇ ਨੈਤਿਕ ਗੁਣ ਹਨ ਜੋ ਇਕ ਪਾਸੇ ਸੱਚ, ਇਨਸਾਫ ਤੇ ਮਨੁੱਖੀ ਬਰਾਬਰੀ ਦਾ ਸੰਦੇਸ਼ ਦਿੰਦਾ ਹੈ ਅਤੇ ਦੂਜੇ ਪਾਸੇ ਅਤਿਆਚਾਰੀ ਸ਼ਕਤੀਆਂ ਦੇ ਟਾਕਰੇ ਅਤੇ ਵਿਨਾਸ਼ ਵੱਲ ਵੀ ਸੰਕੇਤ ਕਰਦਾ ਹੈ।

ਅਕਾਲ ਤਖਤ ਦੇ ਅੱਗੇ 'ਮੀਰੀ' ਅਤੇ 'ਪੀਰੀ' ਅਥਵਾ 'ਰਾਜਨੀਤੀ' ਅਤੇ 'ਧਰਮ' ਦੇ ਪ੍ਰਤੀਕ ਦੇ ਦੋ ਨਿਸ਼ਾਨ ਸਾਹਿਬ ਸਥਾਪਿਤ ਕੀਤੇ ਗਏ। ਗੁਰੂ ਸਾਹਿਬ 'ਮੀਰੀ' ਅਤੇ 'ਪੀਰੀ' ਦੀਆਂ ਦੋ ਤਲਵਾਰਾਂ ਧਾਰਨ ਕਰਕੇ ਸੱਚੇ ਪਾਤਸ਼ਾਹ ਦੇ ਰੂਪ ਵਿੱਚ ਬਿਰਾਜਮਾਨ ਹੋ ਕੇ ਸਿੱਖ ਸੰਗਤਾਂ ਨੂੰ ਉਪਦੇਸ਼ ਦੇਣ ਲੱਗੇ ਅਤੇ ਹੁਕਮਨਾਮੇ ਜਾਰੀ ਕਰਨ ਲੱਗੇ । ਇਸ ਸਦਕਾ ਉਨ੍ਹਾਂ ਸਿੱਖ ਪੰਥ ਦੀ ਨਿਵੇਕਲੀ ਪਛਾਣ ਕਾਇਮ ਕੀਤੀ। ਆਪ ਜੀ ਨੇ ਉਨ੍ਹਾਂ ਆਦਰਸ਼ਾਂ ਦਾ ਪ੍ਰਚਾਰ ਪ੍ਰਸਾਰ ਕੀਤਾ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਵੀ ਵੰਗਾਰ ਦੇ ਰੂਪ ਵਿੱਚ ਰੱਖੇ ਗਏ ਸਨ। ਆਪ ਜੀ ਨੇ ਸਿੱਖ ਪੰਥ ਦੀ ਅਗਵਾਈ ਅਤਿ ਬਿਖੜੇ ਸਮੇਂ ਸੰਭਾਲੀ। ਇਸ ਹਨੇਰੇ ਵਿੱਚ ਆਸ਼ਾ ਦਾ ਸੂਰਜ ਬਣ ਕੇ ਚਮਕੇ ਅਤੇ ਆਪ ਨੇ ਤੇਜ਼, ਗੋਰਵ, ਪ੍ਰਤਿਭਾ ਅਤੇ ਬਹਾਦਰੀ ਨਾਲ ਸਿੱਖਾਂ ਨੂੰ ਇਨ੍ਹਾਂ ਪਰਿਸਥਿਤੀਆਂ ਨਾਲ ਟਕਰਾਉਣ ਦਾ ਸਾਹਸ ਬਖਸ਼ਿਆ। 'ਸੰਤ' ਸਰੂਪ ਸਿੱਖਾਂ ਨੂੰ 'ਸੰਤ ਸਿਪਾਹੀ' ਬਣ ਕੇ ਤਲਵਾਰ ਫੜਨ ਦਾ ਹੌਂਸਲਾ ਦਿੱਤਾ। ਆਪਣੇ ਪਿਤਾ ਜੀ ਦੀ ਸ਼ਹੀਦੀ ਉਪਰੰਤ ਉਨ੍ਹਾਂ ਨੇ ਨਾ ਕੇਵਲ ਸਿੱਖ ਜਥੇਬੰਦੀ ਦੇ ਪੈਰ ਵੀ ਨਾ ਥਿੜਕਣ ਦਿੱਤੇ ਸਗੋਂ ਇਸ ਨੂੰ

ਇਕ ਅਹਿੱਲ ਅਤੇ ਸ਼ਕਤੀਸ਼ਾਲੀ ਜਥੇਬੰਦਕ ਸ਼ਕਤੀ ਵਿੱਚ ਪਰਿਵਤਿਤ ਕਰ ਦਿੱਤਾ। ਪੂਰੀ ਕੌਮ ਨੂੰ ਗੁਰੂ ਜੀ ਨੇ ਸਹਿਮ ਤੇ ਡਰ ਤੋਂ ਮੁਕਤ ਕੀਤਾ ਅਤੇ ਉਸ ਵਿੱਚ ਆਤਮ ਵਿਸ਼ਵਾਸ਼ ਦਾ ਸੰਚਾਰ ਕੀਤਾ। ਵੀਰ ਯੋਧੇ ਹੋਣ ਦੇ ਨਾਲ-ਨਾਲ ਆਪ ਰੂਹਾਨੀਅਤ ਦੇ ਸੋਮੇ ਸਨ। ਜਦ ਵੀ ਉਪਦੇਸ਼ ਦਿੰਦੇ ਗੁਰਬਾਣੀ ਦਾ ਸੰਦੇਸ਼ ਦਿੰਦੇ। ਡਰੋਲੀ ਦੀ ਸੰਗਤ ਦੇ ਵਿਛੜਨ ਸਮੇਂ ਸਦਾ ਦਰਸ਼ਨਾਂ ਦੀ ਜੋਦੜੀ ਕੀਤੀ ਤਾਂ ਗੁਰੂ ਸਾਹਿਬ ਨੇ ਪੋਥੀ ਤੇ ਕਟਾਰ ਬਖਸ਼ੀ। ਇਹ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬ ਹਰ ਕਦਮ ਉੱਤੇ ਮੀਰੀ ਅਤੇ ਪੀਰੀ, ਸ਼ਕਤੀ ਅਤੇ ਭਗਤੀ ਨੂੰ ਇਕੱਠਾ ਰੱਖ ਕੇ ਵੇਖਦੇ ਸਨ।

ਗੁਰੂ ਸਾਹਿਬ ਸ਼ਹਾਨਾ ਠਾਠ ਅਤੇ ਤਾਕਤ ਦੇ ਪ੍ਰਤੀਕ ਬਾਜ਼ ਨਾਲ ਤਖਤ ਉੱਤੇ ਬਿਰਾਜਦੇ। ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ ਰਸੀ ਵਾਰਾਂ ਸੁਣਦੇ । ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਉੱਤੇ ਬੀਰ ਰਸੀ ਵਾਰਾਂ ਦੀਆਂ ਧੁਨੀਆਂ ਗੁਰੂ ਅਰਜਨ ਦੇਵ ਜੀ ਨੇ ਅੰਕਿਤ ਕਰ ਦਿੱਤੀਆਂ ਸਨ। ਇਨ੍ਹਾਂ ਨੂੰ ਬੀਰ ਰਸੀ ਧੁਨੀਆਂ ਤੇ ਗਾਉਣ ਦੀ ਪਰੰਪਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਲਾਈ। ਇਹ ਵਾਰਾਂ ਦੋ ਤਰ੍ਹਾਂ ਨਾਲ ਸਿੱਖਾਂ ਲਈ ਸਹਾਇਕ ਹੋਈਆਂ ਇਕ ਪਾਸੇ ਤਾਂ ਇਹ ਸੰਗਤਾਂ ਨੂੰ ਆਤਮਕ ਰੰਗ ਵਿੱਚ ਰੰਗਦੀਆਂ ਤੇ ਦੂਸਰੇ ਪਾਸੇ ਧਰਮ ਯੁੱਧ ਲਈ ਜੋਸ਼ ਪੈਦਾ ਕਰਦੀਆਂ । ਇਸ ਤਰ੍ਹਾਂ ਸਿੱਖ ਲਹਿਰ ਵਿੱਚ ਨਵੇਂ ਜੋਸ਼ ਦਾ ਸੰਚਾਰ ਹੋਇਆ।

ਅੰਤ ਸ਼ਿਕਾਇਤਾਂ ਤੇ ਚੁਗਲੀਆਂ ਸੁਣ ਕੇ ਜਹਾਂਗੀਰ ਬੜਾ ਕ੍ਰੋਧਿਤ ਹੋਇਆ ਤੇ ਕਹਿਣ ਲੱਗਾ ਉਹ (ਗੁਰੂ) ਅਰਜਨ ਦਾ ਪੁੱਤਰ ਹੈ ਅਤੇ ਅਜੇ ਜੀਉਂਦਾ ਹੈ? ਵਜ਼ੀਰ ਖਾਨ ਨੂੰ ਕਹੋ ਕਿ ਸੈਨਾ ਲੈ ਕੇ ਅੰਮ੍ਰਿਤਸਰ ਪੁੱਜੇ ਤੇ ਉਸ ਨੂੰ ਫੜ ਕੇ ਹਾਜ਼ਰ ਕਰੇ। ਇਹ ਝੂਠ ਦੀ ਦੁਕਾਨ ਬੰਦ ਕਰਨੀ ਹੋਵੇਗੀ।

ਮਗਰੋਂ ਗੁਰੂ ਜੀ ਨੂੰ ਕੈਦ ਕਰਕੇ ਪੇਸ਼ ਕਰਨ ਦੇ ਹੁਕਮ ਦਿੱਤੇ। ਇਸ ਮਗਰੋਂ ਆਪ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਜਹਾਂਗੀਰ ਨੂੰ ਸ਼ੁਰੂ ਤੋਂ ਹੀ ਸ਼ਰਾਬ ਪੀਣ ਦੀ ਬਹੁਤ ਭੈੜੀ ਆਦਤ ਸੀ ਤੇ ਉਮਰ ਵੱਧਣ ਨਾਲ ਇਹ ਆਦਤ ਵੀ ਵੱਧਦੀ ਗਈ। ਜਿਸ ਕਾਰਨ ਇਕ ਵਾਰ ਉਹ ਸਖਤ ਬੀਮਾਰ ਪੈ ਗਿਆ। ਕੋਈ ਦਵਾ ਦਾਰੂ ਵੀ ਉਸ ਤੇ ਕੋਈ ਅਸਰ ਨਾ ਕੀਤੀ। ਪੀਰਾਂ -ਫਕੀਰਾਂ ਤੋਂ ਵੀ ਇਲਾਜ ਕਰਵਾਇਆ ਗਿਆ ਤੇ ਇਨ੍ਹਾਂ ਸਭ ਨੇ ਬਿਮਾਰੀ ਦਾ ਕਾਰਨ ਪ੍ਰਭੂ ਦੇ ਪਿਆਰੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦ ਕਰਨਾ ਤੇ ਦੁੱਖ ਦੇਣਾ ਦੱਸਿਆ। ਜਹਾਂਗੀਰ ਤਾਂ ਪਹਿਲੇ ਹੀ ਬਹੁਤ ਵਹਿਮੀ ਸੀ ਇਸ ਕਰਕੇ ਉਸਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਗੁਰੂ ਸਾਹਿਬ ਜਿਸ ਕਿਲ੍ਹੇ ਵਿੱਚ ਕੈਦ ਸਨ ਉੱਥੇ ਬਹੁਤ ਸਾਰੇ ਬੇਕਸੂਰ ਰਾਜਿਆਂ ਨੂੰ ਵੀ ਜਹਾਂਗੀਰ ਨੇ ਕੈਦ ਕੀਤਾ ਹੋਇਆ ਸੀ ਤੇ

ਗੁਰੂ ਸਾਹਿਬ ਦੀ ਸੰਗਤ ਵਿੱਚ ਰਹਿਣ ਸਦਕਾ ਉਹ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਦੇ ਕਾਇਲ ਹੋ ਚੁੱਕੇ ਸਨ। ਉਨ੍ਹਾਂ ਗੁਰੂ ਸਾਹਿਬ ਨੂੰ ਆਪਣੀ ਵੀ ਰਿਹਾਈ ਲਈ ਅਰਦਾਸ ਕੀਤੀ ਤਾਂ ਗੁਰੂ ਸਾਹਿਬ ਨੇ ਆਪਣੀ ਰਿਹਾਈ ਵੀ ਇਨ੍ਹਾਂ ਰਾਜਿਆਂ ਦੇ ਨਾਲ ਲੈਣ ਦਾ ਹੀ ਫੈਸਲਾ ਕੀਤਾ । ਜਹਾਂਗੀਰ ਨੇ ਗੁਰੂ ਸਾਹਿਬ ਦੇ ਇਸ ਫੈਸਲੇ ਤੇ ਹੁਕਮ ਜਾਰੀ ਕੀਤਾ ਕਿ ਛੋਟੀਆਂ ਕੈਦਾਂ ਵਾਲੇ 51 ਰਾਜੇ ਰਿਹਾਅ ਕੀਤੇ ਜਾਣ ਤੇ ਵੱਡੀਆਂ ਕੈਦਾ ਵਾਲੇ ਜਿੰਨੇ ਗੁਰੂ ਜੀ ਦਾ ਕੁੜਤਾ ਫੜ੍ਹ ਸਕਣ, ਰਿਹਾਈ ਦੇ ਦਿੱਤੀ ਜਾਵੇ ਤਾਂ ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਕੁੜਤਾ ਸਿਲਵਾਇਆ ਤੇ ਸਾਰੇ ਰਾਜੇ ਗੁਰੂ ਸਾਹਿਬ ਦੇ ਕੁੜਤੇ ਦੀ ਇਕ ਇਕ ਕਲੀ ਨੂੰ ਪਕੜ ਕੇ ਬਾਹਰ ਆ ਗਏ। ਗੁਰੂ ਸਾਹਿਬ ਜੀ ਨੂੰ ਰਾਜਿਆਂ ਦੀ ਰਿਹਾਈ ਕਰਵਾਉਣ ਦੇ ਮਹਾਨ ਕਾਰਜ ਸਦਕਾ ਹੀ 'ਬੰਦੀ ਛੋੜ ਦਾਤਾ' ਕਿਹਾ ਜਾਣ ਲੱਗਾ।[110] ਇਸ ਉਪਰੰਤ ਗੁਰੂ ਸਾਹਿਬ ਨੇ ਮੁਗਲ ਹਕੂਮਤ ਦੇ ਜ਼ੁਲਮਾਂ ਅਤਿਆਚਾਰਾਂ ਖਿਲਾਫ ਕਾਫੀ ਜੰਗਾਂ ਵਿੱਚ ਵੀ ਹਿੱਸਾ ਲਿਆ ਅਤੇ ਸਿੱਖ ਪੰਥ ਦੀ ਵਾਗ-ਡੋਰ ਬੜੇ ਸੁਚੱਜੇ ਢੰਗ ਨਾਲ ਸੰਭਾਲੀ।

ਗੁਰੂ ਸਾਹਿਬ ਦੁਆਰਾ ਆਪਣਾ ਅੰਤਲਾ ਸਮਾਂ ਨੇੜੇ ਦੇਖਦਿਆਂ ਗੁਰੂਤਾ ਗੱਦੀ ਲਈ ਯੋਗ ਉਤਰਾਧਿਕਾਰੀ ਦੀ ਚੋਣ ਅਜੇ ਬਾਕੀ ਸੀ। ਇਸ ਲਈ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸ੍ਰੀ ਹਰਿ ਰਾਇ ਜੀ, ਜੋ ਬਚਪਨ ਤੋਂ ਹੀ ਧਾਰਮਿਕ ਖਿਆਲਾਂ ਵਾਲੇ ਸਨ ਤੇ ਭਜਨ-ਬੰਦਗੀ ਵਿੱਚ ਲੱਗੇ ਰਹਿੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਸ਼ਸਤਰ ਵਿੱਦਿਆ ਦੀ ਸਿਖਲਾਈ ਵੀ ਦਿੱਤੀ ਸੀ। ਹਰਿਰਾਇ (ਗੁਰੂ) ਜੀ ਨੂੰ ਕਾਫੀ ਬਾਣੀ ਵੀ ਕੰਠ ਸੀ ਤੇ ਉਨ੍ਹਾਂ ਦੀ ਸੁਖ਼ਸੀਅਤ ਦੀ ਘਾੜਤ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਘੜੀ ਸੀ। ਇਸ ਲਈ ਹਰਿ ਰਾਇ (ਗੁਰੂ) ਜੀ ਨੂੰ ਗੁਰਤਾਗੱਦੀ ਦੇ ਯੋਗ ਸਮਝਦੇ ਹੋਏ ਗੁਰੂ ਸਾਹਿਬ ਨੇ ਇਹ ਜ਼ਿੰਮੇਵਾਰੀ ਉਨ੍ਹਾਂ ਦੀ ਝੋਲੀ ਪਾਈ। ਗੁਰੂ ਹਰਿ ਰਾਇ ਜੀ ਨੂੰ ਨਾਨਕ ਦੀ ਗੱਦੀ ਦੇ ਵਾਰਿਸ ਥਾਪ ਕੇ 3 ਮਾਰਚ 1644 ਈ:[111] ਨੂੰ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾ ਗਏ।

**ਗੁਰੂ ਹਰਿ ਰਾਇ ਜੀ :**

ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਜਨਮ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਘਰ ਕੀਰਤਪੁਰ ਵਿਖੇ 16 ਜਨਵਰੀ ਸੰਨ 1630 ਦਿਨ ਐਤਵਾਰ ਨੂੰ ਹੋਇਆ।[112] ਕੁਝ ਇਤਿਹਾਸਕਾਰ ਮਾਤਾ ਦਾ ਨਾਮ ਅਨੰਤੀ ਜਾਂ ਰਾਜ ਕੋਰ ਵੀ ਲਿਖਦੇ ਹਨ। ਬਾਬਾ ਗੁਰਦਿੱਤਾ ਜੀ 1638 ਵਿੱਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਜੀ, ਜੋ ਕਰਤਾਰਪੁਰ ਵਿੱਚ

ਸਨ, ਨੂੰ ਵੀ ਸੁਨੇਹਾ ਭੇਜਿਆ ਗਿਆ, ਪਰ ਉਹ ਨਾ ਆਏ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਸਾਰਿਕ ਜ਼ਿੰਮੇਵਾਰੀ ਦੀ ਪੱਗ (ਗੁਰੂ) ਹਰਿ ਰਾਇ ਜੀ ਨੂੰ ਬੰਨ੍ਹੀ ਤੇ ਉਨ੍ਹਾਂ ਨੂੰ ਆਪਣੀ ਦੇਖ-ਰੇਖ ਵਿੱਚ ਰੱਖਣ ਲੱਗੇ ਪਏ।

ਬਾਲਕ (ਗੁਰੂ) ਹਰਿ ਰਾਇ ਜੀ ਦੀ ਪੜ੍ਹਾਈ, ਲਿਖਾਈ, ਸ਼ਸਤਰ ਵਿਦਿਆ ਤੇ ਘੋੜ ਸਵਾਰੀ ਗੁਰੂ ਹਰਿਗੋਬਿੰਦ ਜੀ ਨੇ ਆਪ ਸਿਖਾਈ। ਉਨ੍ਹਾਂ ਨੂੰ ਹਰ ਸਮੇਂ ਆਪਣੇ ਨਾਲ ਹੀ ਰੱਖਦੇ। ਕੀਰਤਨ ਸੁਣਨ ਸਮੇਂ, ਵਾਰਾਂ ਗਾਉਂਦੇ ਤੇ ਸੁਣਦੇ ਸਮੇਂ ਨਾਲ ਹੀ ਬਿਠਾਂਦੇ। (ਗੁਰੂ) ਹਰਿ ਰਾਇ ਜੀ ਵੀ ਸੇਵਾ ਤੋਂ ਪਿੱਛੇ ਨਾ ਹਟਦੇ ਤੇ ਸੇਵਾ ਵਿਚ ਜੁੱਟੇ ਰਹਿੰਦੇ। ਲੰਗਰ ਵੀ ਗੁਰੂ ਹਰਿਗੋਬਿੰਦ ਜੀ ਆਪਣੇ ਨਾਲ ਬਿਠਾ ਕੇ ਛਕਾਉਂਦੇ। ਸਮੇਂ ਸਮੇਂ ਤੇ ਗਿਆਨ, ਵੈਰਾਗ ਤੇ ਸੱਚ ਬਾਰੇ ਚਰਚਾ ਵੀ ਕਰਦੇ ਰਹਿੰਦੇ ।

ਇਕ ਦਿਨ ਗੁਰੂ ਹਰਿਗੋਬਿੰਦ ਜੀ ਤੇ ਹਰਿ ਰਾਇ ਜੀ ਬਾਗ ਵਿੱਚ ਸੈਰ ਨੂੰ ਜਾ ਰਹੇ ਸਨ। ਇਕ ਬੇਮੌਸਮੀ ਫੁੱਲ ਨੂੰ ਖਿੜਿਆ ਦੇਖ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਫੁੱਲ ਅਤੇ ਮਾਲੀ ਦੀ ਬੜੀ ਸ਼ਲਾਘਾ ਕੀਤੀ। ਸੈਰ ਤੋਂ ਪਰਤਦੇ ਸਮੇਂ ਟਾਹਣੀ ਤੋਂ ਫੁੱਲ ਨਾ ਦੇਖ ਕੇ ਪੁੱਛਿਆ ਕਿ ਫੁੱਲ ਕਿੱਥੇ ਹੈ? ਦੱਸਿਆ ਗਿਆ ਕਿ ਹਰਿ ਰਾਇ ਜੀ ਦੇ ਕਲੀਆਂ ਵਾਲੇ ਚੋਲੇ ਨਾਲ ਅੜ ਕੇ ਡਿੱਗ ਗਿਆ ਸੀ ਤੇ ਪੈਰਾਂ ਹੇਠ ਮਸਲਿਆ ਗਿਆ ਸੀ। ਗੁਰੂ ਹਰਿਗੋਬਿੰਦ ਜੀ ਨੇ ਬੁਲਾ ਕੇ ਇਤਨਾ ਹੀ ਕਿਹਾ ਕਿ ਜਾਮਾ ਵੱਡਾ ਪਹਿਨਿਆ ਹੋਵੇ ਤਾਂ ਸੰਭਾਲ ਕੇ ਤੁਰਨਾ ਚਾਹੀਦਾ ਹੈ ਅਤੇ ਇਸਦਾ ਗੁੱਝਾ ਭਾਵ ਸੀ ਕਿ ਜੇ ਕੁਝ ਪ੍ਰਾਪਤ ਹੋ ਜਾਵੇ ਤਾਂ ਪ੍ਰਾਪਤ ਕਰਕੇ ਜਰਨਾ ਚਾਹੀਦਾ ਹੈ। ਆਪਣੀ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਨਿਭਾਉਣਾ ਚਾਹੀਦਾ ਹੈ। ਇਹ ਬਚਨ (ਗੁਰੂ) ਹਰਿ ਰਾਇ ਜੀ ਨੇ ਸਾਰੀ ਉਮਰ ਪੱਲੇ ਬੰਨੀ ਰੱਖਿਆ।

ਗੁਰੂ ਹਰਿ ਰਾਇ ਜੀ ਦਾ ਵਿਆਹ ਸੰਨ 1640 ਵਿੱਚ ਭਾਈ ਦਇਆ ਰਾਮ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਸਹੁਰੇ ਘਰ ਆ ਕੇ ਇਨ੍ਹਾਂ ਦਾ ਨਾਮ ਕ੍ਰਿਸ਼ਨ ਕੌਰ ਰਖਿਆ ਗਿਆ । ਗੁਰੂ ਸਾਹਿਬ ਜੀ ਦੇ ਘਰ ਦੋ ਸਪੁੱਤਰ ਬਾਬਾ ਰਾਮ ਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪੈਦਾ ਹੋਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ ਬਾਬਾ ਗੁਰਦਿੱਤਾ ਜੀ, ਸੂਰਜ ਮੱਲ, ਅਣੀ ਰਾਏ, ਬਾਬਾ ਅੱਟਲ ਅਤੇ ਗੁਰੂ ਤੇਗ ਬਹਾਦਰ ਜੀ ਸਨ। ਬਾਬਾ ਅੱਟਲ, ਅਣੀ ਰਾਏ ਅਤੇ ਗੁਰਦਿੱਤਾ ਜੀ ਆਪਣੇ ਪਿਤਾ ਜੀ ਦੇ ਹੁੰਦਿਆਂ ਹੀ ਪੂਰੇ ਹੋ ਗਏ। ਸੂਰਜ ਮੱਲ ਸੰਸਾਰਕ ਮਾਮਲਿਆਂ ਵਿੱਚ ਖਚਿਤ ਰਹਿੰਦੇ ਸਨ ਅਤੇ ਗੁਰੂ ਤੇਗ ਬਹਾਦਰ ਜੀ ਦੁਨਿਆਵੀ ਮਾਮਲਿਆਂ ਵਿੱਚ ਦਿਲਚਸਪੀ ਨਹੀਂ ਸਨ ਲੈਂਦੇ। ਇਸ ਲਈ ਗੁਰੂ ਜੀ ਨੇ ਦੋਹਾਂ ਨੂੰ ਹੀ ਗੁਰਗੱਦੀ ਦੇ ਯੋਗ ਨਾ ਸਮਝਿਆ। ਬਾਬਾ ਗੁਰਦਿੱਤਾ ਜੀ ਦੇ ਦੋ

ਪੁੱਤਰ ਸਨ ਹਰਿਰਾਏ, ਧੀਰ ਮੱਲ। ਧੀਰ ਮੱਲ ਉਮਰ ਵਿੱਚ ਵੱਡਾ ਭਾਵੇਂ ਸੀ ਪਰ ਵਫਾਦਾਰ ਨਹੀਂ ਸੀ। ਉਹ ਵਿਰੋਧੀਆਂ ਨਾਲ ਮਿਲ ਕੇ ਗੁਰੂ ਘਰ ਪ੍ਰਤੀ ਸਾਜਿਸ਼ਾਂ ਕਰਦਾ ਰਹਿੰਦਾ ਸੀ। ਹੁਣ ਹਰਿ ਰਾਇ ਜੀ ਸਨ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦੇ ਯੋਗ ਪ੍ਰਤੀਤ ਹੋਏ। ਉਨ੍ਹਾਂ ਆਪਣੇ ਆਪ ਨੂੰ ਕੌਮ ਦੀ ਅਗਵਾਈ ਦੇ ਯੋਗ ਸਿੱਧ ਕੀਤਾ। ਆਪ ਸ਼ਿਕਾਰੀ ਵੀ ਸਨ ਤੇ ਕੋਮਲ ਦਿਲ ਵੀ। ਆਪ ਸ਼ਿਕਾਰ ਸਮੇਂ ਜਾਨਵਰਾਂ ਨੂੰ ਫੜ੍ਹ ਕੇ ਲੈ ਆਉਂਦੇ ਅਤੇ ਚਿੜੀਆ ਘਰ ਵਿੱਚ ਰੱਖਦੇ ਤੇ ਉਨਾਂ ਦਵਾ ਦਾਰੂ ਕਰਦੇ। ਆਪ ਇਕ ਚੰਗੇ ਸਿਪਾਹੀ ਵੀ ਸਨ। ਆਪ ਜੀ ਕੋਲ ਦੋ ਸੌ ਘੋੜ-ਸਵਾਰ ਸੈਨਿਕ ਸਨ। ਜਿਨ੍ਹਾਂ ਨੂੰ ਲੋੜ ਪੈਣ ’ਤੇ ਵਰਤਿਆ ਜਾ ਸਕਦਾ ਸੀ। ਔਰੰਗਜ਼ੇਬ ਜਦ ਤਖਤ ’ਤੇ ਬੈਠਾ ਤਾਂ ਉਸਨੇ ਗੁਰੂ ਜੀ ਨੂੰ ਹਾਜ਼ਰ ਹੋਣ ਲਈ ਬੁਲਾਵਾ ਭੇਜਿਆ। ਗੁਰੂ ਜੀ ਆਪ ਨਹੀਂ ਗਏ ਉਨ੍ਹਾਂ ਆਪਣੇ ਪੁੱਤਰ ਰਾਮ ਰਾਇ ਨੂੰ ਭੇਜਿਆ। ਔਰੰਗਜੇਬ ਇਸ ਗੱਲ ਦੀ ਤਸੱਲੀ ਕਰਨਾ ਚਾਹੁੰਦਾ ਸੀ ਕਿ ਸਿੱਖ ਮਤ ਵਿੱਚ ਇਸਲਾਮ ਦੇ ਵਿਰੁੱਧ ਤਾਂ ਕੋਈ ਗੱਲ ਨਹੀਂ ਹੈ? ਔਰੰਗਜੇਬ ਨੇ ਰਾਮ ਰਾਇ ਨੂੰ ਬਹੁਤ ਸਾਰੇ ਪ੍ਰਸ਼ਨ ਪੁੱਛੇ। ਉਨ੍ਹਾਂ ਵਿਚੋਂ ਇਕ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਇਕ ਤੁਕ ਹੈ:-

*ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥*

*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥*[113]

ਬਾਦਸ਼ਾਹ ਨੇ ਰਾਮ ਰਾਇ ਨੂੰ ਪੁੱਛਿਆ ਕਿ ਇਸ ਵਿੱਚ ਮੁਸਲਮਾਨਾਂ ਦੀ ਨਿੰਦਿਆ ਕਿਵੇਂ ਕੀਤੀ ਗਈ ਹੈ। ਪਰ ਰਾਮ ਰਾਇ ਨੇ ਕਿਹਾ ਕਿ ਮੁਸਲਮਾਨ ਸ਼ਬਦ ਕਾਤਬ ਦੀ ਗਲਤੀ ਨਾਲ ਲਿਖਿਆ ਗਿਆ ਹੈ, ਅਸਲ ਵਿੱਚ ਸ਼ਬਦ ‘ਬੇਈਮਾਨ’ ਹੈ। ਬਾਦਸ਼ਾਹ ਖੁਸ਼ ਹੋ ਗਿਆ। ਰਾਮ ਰਾਇ ਨੂੰ ਦੂਨ ਦੀ ਵਾਦੀ ਵਿੱਚ ਜਾਗੀਰ ਦਿੱਤੀ। ਪਰ ਗੁਰੂ ਜੀ ਨੂੰ ਜਦੋਂ ਇਸ ਘਟਨਾ ਬਾਰੇ ਪਤਾ ਚਲਿਆ ਤਾਂ ਉਹ ਆਪਣੇ ਪੁੱਤਰ ਵਿੱਚ ਸੱਚਾਈ ਤੇ ਹੌਸਲੇ ਦੀ ਘਾਟ ਸੁਣ ਕੇ ਨਿਰਾਸ਼ ਹੋਏ ਅਤੇ ਉਨ੍ਹਾਂ ਨੇ ਉਸ ਨੂੰ ਗੁਰਗੱਦੀ ਦੇਣ ਦਾ ਮਨ ਬਦਲ ਲਿਆ।

**ਸ੍ਰੀ ਗੁਰੂ ਹਰਿਕ੍ਰਿਸ਼ਨ ਜੀ:**

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ 7 ਜੁਲਾਈ ਸੰਨ 1656 ਈ:[114] ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਅਤੇ ਪਿਤਾ ਗੁਰੂ ਹਰਿ ਰਾਇ ਜੀ ਦੇ ਗ੍ਰਹਿ ਵਿਖੇ ਹੋਇਆ।ਆਪ ਦਾ ਚਿਹਰਾ ਮਨਮੋਹਣਾ ਅਤੇ ਹਿਰਦਾ ਕੋਮਲ ਸੀ। ਹਰ ਦੇਖਣ ਵਾਲਾ ਉਹਨਾਂ ਵੱਲ ਖਿੱਚਿਆ ਜਾਂਦਾ ਸੀ।

ਆਪ ਜੀ ਦਾ ਬਚਪਨ ਗੁਰੂ ਹਰਿ ਰਾਇ ਜੀ ਦੀ ਨਿਗਰਾਨੀ ਵਿੱਚ ਬੀਤਿਆ। ਆਪ ਜੀ ਦੀ ਸੁਖਸੀਅਤ 'ਤੇ ਆਪ ਦੇ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਸੁਭਾਅ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ। ਆਪ ਆਪਣੇ ਹੱਥੀਂ ਆਈ ਸੰਗਤ ਨੂੰ ਪ੍ਰਸ਼ਾਦਾ ਛਕਾਉਣ ਆਦਿ ਦੀ ਸੇਵਾ ਵਿੱਚ ਲੱਗੇ ਰਹਿੰਦੇ ਸਨ। ਗੁਰੂ ਹਰਿ ਰਾਇ ਸਾਹਿਬ ਜੀ ਦੀ ਰੱਬੀ ਸ਼ਖ਼ਸੀਅਤ ਵਾਲੇ ਗੁਣ ਹੌਲੀ-ਹੌਲੀ ਆਪ ਦੀ ਸ਼ਖ਼ਸੀਅਤ ਦਾ ਹਿੱਸਾ ਬਣਦੇ ਜਾ ਰਹੇ ਸਨ। ਕੋਮਲ ਸੁਭਾਅ ਅਤੇ ਸੰਵੇਦਨਸ਼ੀਲਤਾ ਆਪ ਦੀ ਸ਼ਖ਼ਸੀਅਤ ਦੇ ਮੁੱਖ ਗੁਣ ਸਨ। ਆਪ ਜੀ ਦੀ ਅੱਖਰੀ ਵਿਦਿਆ ਆਪਣੇ ਪਿਤਾ ਜੀ ਦੀ ਨਿਗਰਾਨੀ ਹੇਠ ਪੂਰੀ ਹੋਈ। ਗੁਰੂ ਹਰਿ ਰਾਇ ਸਾਹਿਬ ਜਿੱਥੇ ਸੰਗਤਾਂ ਨੂੰ ਅਧਿਆਤਮਿਕ ਸ਼ਾਂਤੀ ਦਾ ਰਾਹ ਦਿਖਾ ਰਹੇ ਸਨ, ਉਥੇ ਦੀਨ-ਦੁਖੀਆਂ ਦਾ ਦੁੱਖ ਵੀ ਵੰਡਾਉਦੇ ਸਨ। ਆਪ ਜੀ ਪਾਸ ਰੋਗੀ ਆਉਂਦੇ, ਬਰਕਤਾਂ ਪਾ ਕੇ ਤੰਦਰੁਸਤੀ ਪ੍ਰਾਪਤ ਕਰਦੇ। ਆਪ ਜੀ ਪਾਸ ਜੋ ਵੀ ਆਇਆ ਸਭ ਨੂੰ ਇਕ ਸਮਾਨ ਮਦਦ ਮਿਲੀ। ਜੇ ਬਾਦਸ਼ਾਹ ਵੀ ਕੋਈ ਚੀਜ਼ ਮੰਗਣ ਆਇਆ, ਉਹ ਉਸ ਨੂੰ ਮਿਲੀ। ਸ਼ਾਹਜਹਾਨ ਦਾ ਚਹੇਤਾ ਪੁੱਤਰ ਦਾਰਾ ਸ਼ਿਕੋਹ ਸੀ। ਜਦੋਂ ਬੀਮਾਰੀ ਕਾਰਨ ਦਾਰਾ ਲਈ ਕੋਈ ਦਵਾਈ ਨਾ ਮਿਲੀ ਤਾਂ ਸ਼ਾਹਜਹਾਨ ਨੇ ਗੁਰੂ ਹਰਿ ਰਾਇ ਸਾਹਿਬ ਪਾਸ ਬੇਨਤੀ ਕੀਤੀ, ਤਾਂ ਗੁਰੂ ਜੀ ਨੇ ਦਵਾਈ ਦੀਆਂ ਦੁਰੱਲਭ ਚੀਜ਼ਾਂ ਭੇਜੀਆਂ। ਦਾਰਾ ਦਵਾਈ ਨਾਲ ਠੀਕ ਹੋ ਗਿਆ। ਉਸਦੇ ਦਿਲ ਵਿੱਚ ਗੁਰੂ ਸਾਹਿਬ ਲਈ ਪਹਿਲਾਂ ਹੀ ਅਥਾਹ ਅਦਬ-ਸਤਿਕਾਰ ਸੀ, ਜੋ ਹੁਣ ਹੋਰ ਵਧੇਰੇ ਹੋ ਗਿਆ ਸੀ।

ਉਸ ਸਮੇਂ ਰਾਜਸੀ ਪਰਸਥਿਤੀਆਂ ਅਣਸੁਖਾਵੀਆਂ ਸਨ। ਰਾਜਸੀ ਪਰਸਥਿਤੀਆਂ ਦੀ ਆੜ ਵਿੱਚ ਧੀਰ ਮੱਲ ਨੇ ਔਰੰਗਜ਼ੇਬ ਪਾਸ ਗੁਰੂ ਹਰਿ ਰਾਇ ਸਾਹਿਬ ਦੀ ਸ਼ਿਕਾਇਤ ਕਰ ਦਿੱਤੀ ਕਿ ਵੱਡਾ ਹੋਣ ਕਰਕੇ ਗੁਰਿਆਈ ਦਾ ਹੱਕ ਉਸ ਦਾ ਬਣਦਾ ਹੈ, ਜਦੋਂ ਕਿ ਉਸ ਦਾ ਛੋਟਾ ਭਰਾ (ਗੁਰੂ ਹਰਿ ਰਾਇ ਜੀ) ਗੁਰਗੱਦੀ ਸਾਂਭੀ ਬੈਠਾ ਹੈ। ਉਸ ਨੂੰ ਉਸਦਾ ਬਣਦਾ ਹੱਕ ਦਿਵਾਇਆ ਜਾਵੇ। ਔਰੰਗਜ਼ੇਬ ਨੇ ਧੀਰ ਮੱਲ ਦੀ ਇਸ ਸ਼ਿਕਾਇਤ ਵੱਲ ਕੋਈ ਧਿਆਨ ਨਾ ਦਿੱਤਾ। ਫਿਰ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ। ਇਹ ਸੁਣ ਕੇ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਆਉਣ ਲਈ ਬੁਲਾਵਾ ਭੇਜਿਆ। ਗੁਰੂ ਸਾਹਿਬ ਨੇ ਸੰਗਤ ਨਾਲ ਸਲਾਹ ਕਰਕੇ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਔਰੰਗਜ਼ੇਬ ਬਹੁਤ ਪਰੇਸ਼ਾਨ ਹੋਇਆ। ਉਸਨੇ ਪੇਸ਼ ਹੋਣ ਲਈ ਦੁਬਾਰਾ ਚਿੱਠੀ ਭੇਜੀ। ਰਾਜਾ ਜੈ ਸਿੰਘ ਅਤੇ ਰਾਜਪੂਤ ਰਾਜਿਆਂ ਨੇ ਕਿਹਾ ਕਿ ਨਿਮਰਤਾ ਸਹਿਤ ਲਿਖੋ, ਗੁਰੂ ਜੀ ਜ਼ਰੂਰ ਆਉਣਗੇ। ਔਰੰਗਜ਼ੇਬ ਵੱਲੋਂ ਨਿਮਰਤਾ ਵਾਲੀ ਚਿੱਠੀ ਪਾ ਕੇ ਗੁਰੂ ਹਰਿ ਰਾਇ ਸਾਹਿਬ ਨੇ ਬਾਬਾ ਰਾਮ

ਰਾਇ ਨੂੰ ਦਿੱਲੀ ਭੇਜਣ ਦਾ ਫੈਸਲਾ ਕੀਤਾ। ਗੁਰਮਤਿ ਤੋਂ ਜਾਣੂੰ ਹੋਣ ਦੇ ਨਾਲ-ਨਾਲ ਉਹ ਬੁੱਧੀਮਾਨ ਅਤੇ ਹਾਜ਼ਰ ਜਵਾਬ ਸਨ। ਉਹਨਾਂ ਨੂੰ ਦਿੱਲੀ ਵੱਲ ਤੋਰਨ ਸਮੇਂ ਗੁਰੂ ਹਰਿ ਰਾਇ ਜੀ ਨੇ ਥਾਪੜਾ ਦਿੱਤਾ ਤੇ ਫੁਰਮਾਇਆ-'ਅਕਾਲ ਪੁਰਖ ਤੇ ਗੁਰੂ ਨਾਨਕ ਤੇਰੇ ਅੰਗ-ਸੰਗ ਹਨ' ਇਸ ਲਈ ਘਬਰਾਉਣਾ ਨਹੀਂ। ਬਾਦਸ਼ਾਹ ਔਰੰਗਜੇਬ ਦੇ ਪ੍ਰਸ਼ਨਾਂ ਦਾ ਉੱਤਰ ਧੀਰਜ ਨਾਲ ਦੇਣਾ, ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਦਾ ਨਾਮ ਰੌਸ਼ਨ ਕਰਨਾ ਹੈ।

ਬਾਬਾ ਰਾਮ ਰਾਇ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਚੰਗਾ ਅਸਰ ਪਿਆ। ਸਿੱਖ ਇਤਿਹਾਸਕਾਰਾਂ ਅਨੁਸਾਰ ਬਾਦਸ਼ਾਹ ਨੇ ਬਾਬਾ ਰਾਮ ਰਾਇ ਦੀ ਅਜ਼ਮਤ ਪਰਖਣ ਲਈ ਅਜ਼ਮਾਇਸ਼ਾਂ ਕੀਤੀਆਂ ਤੇ ਬਾਬਾ ਜੀ ਹਰੇਕ ਅਜ਼ਮਾਇਸ਼ ਵਿੱਚ ਪੂਰੇ ਉਤਰਦੇ ਰਹੇ। ਇਸ ਕਾਰਨ ਔਰੰਗਜ਼ੇਬ ਉਨ੍ਹਾਂ ਦੀ ਕਦਰ ਕਰਨ ਲੱਗਾ। ਦਰਬਾਰੀ ਕਾਜ਼ੀਆਂ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਗੁਰੂ ਸਾਹਿਬਾਨ ਤੇ ਸਿੱਖਾਂ ਵਿਰੁੱਧ ਬਾਦਸ਼ਾਹ ਦੇ ਲਗਾਤਾਰ ਕੰਨ ਭਰਦੇ ਰਹਿੰਦੇ ਸਨ। ਕਾਜ਼ੀਆਂ ਦੀ ਪ੍ਰੇਰਨਾ 'ਤੇ ਔਰੰਗਜ਼ੇਬ ਨੇ ਬਾਬਾ ਰਾਮ ਰਾਇ ਤੋਂ ਪੁੱਛਿਆ ਕਿ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨਾਂ ਬਾਰੇ ਜੋ ਲਿਖਿਆ ਹੈ: " ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਇਸ ਦਾ ਕੀ ਅਰਥ ਹੈ? ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਬਾਬਾ ਰਾਮ ਰਾਇ ਨੇ ਆਖ ਦਿੱਤਾ: ਗੁਰੂ ਜੀ ਨੇ ਤਾਂ ਮਿਟੀ ਬੇਈਮਾਨ ਕੀ ਉਚਾਰਿਆ ਸੀ, ਲਿਖਾਰੀ ਦੀ ਭੁੱਲ ਨਾਲ ਮਿਟੀ ਮੁਸਲਮਾਨ ਕੀ ਲਿਖਿਆ ਗਿਆ ਹੈ। ਇਸ ਨਾਲ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਤੁਕ ਵਿੱਚ ਤਬਦੀਲੀ ਕਰਨੀ ਇਕ ਅਜਿਹਾ ਗੁਨਾਹ ਸੀ ਜੋ ਬਖਸ਼ਿਆ ਨਹੀਂ ਸੀ ਜਾ ਸਕਦਾ। ਇਸ ਲਈ ਗੁਰੂ ਹਰਿ ਰਾਇ ਜੀ ਨੇ ਬਾਬਾ ਰਾਮ ਰਾਇ ਨੂੰ ਹੁਕਮ ਕੀਤਾ ਕਿ ਸਾਡੇ ਮੱਥੇ ਨਾ ਲੱਗੇ, ਜਿਧਰ ਮੂੰਹ ਹੈ ਉਧਰ ਹੀ ਜਾਵੇ। ਇਹ ਪਤਾ ਲੱਗਣ 'ਤੇ ਔਰੰਗਜ਼ੇਬ ਬਹੁਤ ਖੁਸ਼ ਹੋਇਆ, ਉਸ ਦਾ ਨਿਸ਼ਾਨਾ ਗੁਰੂ ਘਰ ਵਿੱਚ ਫੁੱਟ ਪਾਉਣਾ ਹੀ ਸੀ। ਇਸ ਫੁੱਟ ਨੂੰ ਹੋਰ ਪੱਕੀ ਕਰਨ ਲਈ ਉਸ ਨੇ ਬਾਬਾ ਰਾਮ ਰਾਇ ਨੂੰ ਜਾਗੀਰ ਦਿੱਤੀ।

ਗੁਰੂ ਹਰਿ ਰਾਇ ਸਾਹਿਬ ਨੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਦੀ ਇਸ ਕੋਝੀ ਹਰਕਤ ਕਾਰਨ ਉਸ ਨੂੰ ਮੱਥੇ ਨਹੀਂ ਸੀ ਲਾਇਆ। ਇਸ ਲਈ ਗੁਰੂ ਹਰਿ ਰਾਇ ਜੀ ਨੇ ਛੋਟੇ ਸਾਹਿਬਜ਼ਾਦੇ 'ਸ੍ਰੀ ਹਰਿਕ੍ਰਿਸ਼ਨ ਜੀ' ਨੂੰ ਗੁਰਿਆਈ ਬਖਸ਼ ਦਿੱਤੀ। ਸਿੱਖਾਂ ਵਾਸਤੇ ਭਾਰੀ ਪਰਖ ਵਾਲਾ ਸਮਾਂ ਸੀ, 6 ਅਕਤੂਬਰ 1661 ਈ: ਨੂੰ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾ ਗਏ।[115] ਉਸ ਸਮੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਮਰ ਸਿਰਫ ਸਵਾ ਪੰਜ ਸਾਲ ਦੀ ਹੀ ਸੀ।

ਰਾਮਰਾਇ ਨੂੰ ਭਾਵੇਂ ਗੁਰਗੱਦੀ ਨਹੀਂ ਸੀ ਦਿੱਤੀ ਗਈ ਪਰ ਉਸਨੇ ਗੱਦੀ ਦੀ ਆਸ ਨਹੀਂ ਛੱਡੀ। ਉਹ ਆਪਣੇ ਵੱਲ ਕੁਝ ਮਸੰਦ ਕਰ ਕੇ ਆਪਣੇ ਆਪ ਨੂੰ ਗੁਰੂ ਕਹਾਉਣ ਲੱਗੇ ਸਨ। ਪਰ ਸਿੱਖ ਪਿਛਲੇ ਗੁਰੂ ਦੇ ਫੈਸਲੇ ਤੋਂ ਜਾਣੂ ਸਨ ਤੇ ਰਾਮਰਾਇ ਨੂੰ ਗੁਰੂ ਮੰਨਣ ਤੋਂ ਇਨਕਾਰੀ ਸਨ। ਫੈਸਲੇ ਲਈ ਬਾਦਸ਼ਾਹ ਨੇ ਦੋਹਾਂ ਧਿਰਾਂ ਨੂੰ ਦਿੱਲੀ ਬੁਲਾਇਆ। ਰਾਮਰਾਇ ਤਾਂ ਦਿੱਲੀ ਚਲਾ ਗਿਆ ਪਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮਨਾਉਣਾ ਮੁਸ਼ਕਿਲ ਸੀ ਕਿਉਂਕਿ ਗੁਰੂ ਹਰਿ ਰਾਇ ਸਾਹਿਬ ਨੇ ਬਾਦਸ਼ਾਹ ਨਾਲ ਨਾ ਉਲਝਣ ਦੀ ਤਾਕੀਦ ਕੀਤੀ ਸੀ

ਰਾਜਾ ਜੈ ਸਿੰਘ ਨੇ ਦਿੱਲੀ ਵਿੱਚ ਹੀ ਰਾਇਸੀਨਾਂ ਦੇ ਸਥਾਨ 'ਤੇ ਆਪਣੇ ਬੰਗਲੇ ਵਿੱਚ ਗੁਰੂ ਜੀ ਨੂੰ ਸੱਦ ਕੇ ਗੁਰੂ ਜੀ ਦੀ ਔਕੜ ਨੂੰ ਦੂਰ ਕਰ ਦਿੱਤਾ। ਬਾਦਸ਼ਾਹ ਗੁਰੂ ਜੀ ਦੀ ਸੂਝ ਪਰਖਣਾ ਚਾਹੁੰਦਾ ਸੀ। ਉਸਨੇ ਰਾਣੀ ਨੂੰ ਅਤੇ ਦਾਸੀਆਂ ਨੂੰ ਇਕੋ ਜਿਹਾ ਸ਼ਾਹੀ ਲਿਬਾਸ ਪਹਿਨਾ ਕੇ ਬਿਠਾ ਦਿੱਤਾ ਤੇ ਵਿੱਚੋਂ ਰਾਣੀ ਨੂੰ ਲੱਭਣ ਲਈ ਕਿਹਾ। ਬਾਲ ਹਰਿ ਕ੍ਰਿਸ਼ਨ ਜੀ ਨੇ ਝੱਟ ਨਾਲ ਰਾਣੀ ਨੂੰ ਪਹਿਚਾਣ ਲਿਆ। ਰਾਜਾ ਸਮਝ ਗਿਆ ਕਿ ਪਿਛਲੇ ਗੁਰੂ(ਗੁਰੂ ਹਰਿ ਰਾਏ) ਸਾਹਿਬ ਦੀ ਚੋਣ ਬਿਲਕੁਲ ਸਹੀ ਸੀ ਤੇ ਰਾਮ ਰਾਏ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ।

ਦਿੱਲੀ ਵਿੱਚ ਗੁਰੂ ਜੀ ਨੂੰ ਬਹੁਤ ਬੁਖਾਰ ਹੋ ਗਿਆ ਤੇ ਨਾਲ ਹੀ ਚੇਚਕ ਨਿਕਲ ਆਈ। ਉਨ੍ਹਾਂ ਅੰਤਲਾ ਸਮਾਂ ਨਜ਼ਦੀਕ ਦੇਖ ਕੇ ਸਿੱਖਾਂ ਦੇ ਪੁੱਛਣ ਤੇ ਅਗਲਾ ਉਤਰਾਧਿਕਾਰੀ ਦੱਸੇ ਜਾਣ ਤਾਂ ਉਨ੍ਹਾਂ ਨੇ ਪੰਜ ਪੈਸੇ ਮੰਗਵਾਏ ਤੇ ਹਵਾ ਵਿੱਚ ਤਿੰਨ ਵਾਰ ਉਛਾਲਦੇ ਹੋਏ ਕਿਹਾ '**ਬਾਬਾ ਬਕਾਲੇ**' ਇਸ ਤੋਂ ਛੇਤੀ ਬਾਅਦ ਹੀ ਉਨ੍ਹਾਂ ਨੇ ਸੁਆਸ ਛੱਡ ਦਿੱਤੇ।

## ਗੁਰੂ ਤੇਗ ਬਹਾਦਰ ਸਾਹਿਬ ਜੀ :

ਗੁਰੂਆਂ ਦੀ ਉਕਤ ਅਖੰਡ ਪਰੰਪਰਾ ਵਿੱਚ ਗੁਰੂ ਤੇਗ ਬਹਾਦਰ ਜੀ ਨੌਵੇਂ ਗੁਰੂ ਸਨ ਅਤੇ ਨੌਵੇਂ ਸਥਾਨ ਤੇ ਹੋਣ ਕਾਰਨ ਉਹਨਾਂ ਨੂੰ ਉਹ ਸਭ ਕੁਝ ਵਿਰਾਸਤ ਵਿੱਚ ਮਿਲਿਆ ਜੋ ਉਨ੍ਹਾਂ ਤੋਂ ਪਹਿਲੇ ਅੱਠ ਗੁਰੂ ਸਾਹਿਬਾਨ ਨੇ ਧਾਰਮਿਕ ਸਿਧਾਂਤਾਂ ਤੇ ਪਰੰਪਰਾਵਾਂ ਦੇ ਰੂਪ ਵਿੱਚ ਸੰਚਿਤ ਕੀਤਾ ਸੀ। ਵਿਰਾਸਤ ਵਿੱਚ ਮਿਲੇ ਅਮੋਲਕ ਗੁਣਾਂ ਦੇ ਧਾਰਨੀ ਗੁਰੂ ਤੇਗ ਬਹਾਦਰ ਸਾਹਿਬ ਮਹਾਨ ਤਿਆਗੀ, ਦੈਵੀ ਤਪੱਸਵੀ, ਉਦਾਰਚਿਤ, ਪਰਉਪਕਾਰੀ, ਸ਼ਾਂਤੀ ਦੇ ਪ੍ਰਤੀਕ, ਦੇਗ-ਤੇਗ ਦੇ ਧਨੀ ਅਤੇ ਮਜ਼ਲੂਮਾਂ ਦੇ ਰੱਖਿਅਕ ਸਨ। ਆਪ ਜੀ ਦਾ ਜਨਮ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ 1

ਅਪ੍ਰੈਲ 1621 ਈ: ਨੂੰ ਹੋਇਆ।[116] ਆਪ ਜੀ ਦੇ ਜਨਮ ਸਥਾਨ ਨੂੰ ਗੁਰੂ ਦੇ ਮਹੱਲ ਦੇ ਪਵਿੱਤਰ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸਿੱਖਾਂ ਦੇ ਚੌਥੇ ਗੁਰੂ ਤੇ ਅੰਮ੍ਰਿਤਸਰ ਸ਼ਹਿਰ ਦੇ ਸੰਸਥਾਪਕ ਗੁਰੂ ਰਾਮਦਾਸ ਜੀ ਆਪ ਦੇ ਪੜਦਾਦਾ ਜੀ ਸਨ। ਸਿੱਖਾਂ ਦੇ ਪੰਜਵੇਂ ਗੁਰੂ ਅੰਮ੍ਰਿਤਸਰ ਸਾਹਿਬ ਦੇ ਉਸੱਰਈਏ, ਸਿੱਖ ਧਰਮ ਦੇ ਪਹਿਲੇ ਸ਼ਿਰੋਮਣੀ ਸ਼ਹੀਦ ਤੇ ਸਿੱਖਾਂ ਦੇ ਪਾਵਨ ਪਵਿੱਤਰ ਗ੍ਰੰਥ, ਆਦਿ ਗ੍ਰੰਥ ਦੇ ਰਚਨਹਾਰ ਤੇ ਸੰਪਾਦਕ ਗੁਰੂ ਅਰਜਨ ਦੇਵ ਜੀ ਆਪ ਦੇ ਦਾਦਾ ਜੀ ਸਨ ਤੇ ਇਕ ਭੈਣ ਬੀਬੀ ਵੀਰੋ ਸੀ।

ਉਮਰ ਦੇ ਨਾਲ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਪ ਤਿਆਗੀ ਦੀ ਰੁਚੀ ਵੀ ਵੱਧਦੀ ਗਈ । ਉਹ ਅਸਧਾਰਨ ਦੈਵੀ ਬਾਲਕ ਸਨ ਤੇ ਦਿਨ ਰਾਤ ਸਮਾਧੀ ਵਿੱਚ ਲੀਨ ਰਹਿੰਦੇ ਸਨ। ਮਾਤਾ ਨਾਨਕੀ ਦੇ ਚਿੰਤਾ ਕਰਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਸੱਲੀ ਦਿੰਦਿਆਂ ਫੁਰਮਾਇਆ ਕਿ ਤੇਗ ਬਹਾਦਰ ਨੇ ਸ਼ਕਤੀਸ਼ਾਲੀ ਗੁਰੂ ਬਣਨਾ ਹੈ, ਧਰਮ ਲਈ ਆਪਾ ਵਾਰਨਾ ਹੈ ਅਤੇ ਉਨ੍ਹਾਂ ਨੇ ਸੰਸਾਰ ਵਿੱਚ ਕੁਰਬਾਨੀ ਦੀ ਅਦੁੱਤੀ ਮਿਸਾਲ ਕਾਇਮ ਕਰਨੀ ਹੈ। ਜਦੋਂ ਆਪ ਪੰਜ ਸਾਲ ਦੇ ਹੋਏ ਤਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਆਪ ਨੂੰ ਵਿੱਦਿਆ ਪ੍ਰਦਾਨ ਕਰਨ ਅਤੇ ਸ਼ਸਤਰ ਵਿੱਦਿਆ ਦੇਣ ਲਈ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਮਹਾਨ ਵਿਦਵਾਨਾਂ ਤੋ ਸਿੱਖਿਆ ਗ੍ਰਹਿਣ ਕਰਕੇ ਆਪ ਬਹੁਪੱਖੀ ਵਿੱਦਿਆ ਦੇ ਧਾਰਨੀ ਹੋ ਗਏ। ਆਪ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਮੋਲਕ ਬਚਨਾਂ, ਸ਼ੁੱਭ ਕਰਮਾਂ ਤੇ ਨਿਤਾ ਪ੍ਰਤੀ ਦੇ ਕਾਰਜਾਂ ਨੂੰ ਸੁਣ ਕੇ ਤੇ ਵੇਖ ਕੇ ਉਨ੍ਹਾਂ ਦਾ ਹੀ ਰੂਪ ਹੁੰਦੇ ਜਾ ਰਹੇ ਸਨ। ਆਪ ਨੇ ਸੂਰਮਗਤੀ, ਬਹਾਦਰ, ਦਲੇਰੀ ਅਤੇ ਨਿਰਭੈਰਤਾ ਦੇ ਭਾਵ ਆਪਣੇ ਗੁਰੂ ਪਿਤਾ ਪਾਸੋਂ ਪ੍ਰਾਪਤ ਕੀਤੇ ਅਤੇ ਪਰਉਪਕਾਰ ਤੇ ਕੋਮਲਤਾ ਜਿਹੇ ਗੁਣ ਆਪਣੀ ਮਾਤਾ ਜੀ ਪਾਸੋਂ ਗ੍ਰਹਿਣ ਕੀਤੇ। ਆਪ ਪੂਰੀ ਤਰ੍ਹਾਂ ਧਰਮ ਕਰਮ ਲਈ ਤੱਤਪਰ ਸਨ। ਤਿਆਗ ਅਤੇ ਕੁਰਬਾਨੀ ਦੇ ਭਾਵ ਬਚਪਨ ਤੋਂ ਹੀ ਆਪ ਵਿੱਚ ਕੁੱਟ-ਕੁੱਟ ਕੇ ਭਰੇ ਹੋਏ ਸਨ।

11 ਸਾਲ ਦੀ ਉਮਰ ਵਿੱਚ 1632 ਈ: ਵਿੱਚ ਆਪ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਅਤੇ ਮਾਤਾ ਕ੍ਰਿਸ਼ਨ ਕੌਰ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਹੋਇਆ।[117] ਇਸ ਤੋਂ ਉਪਰੰਤ ਗੁਰੂ ਸਾਹਿਬ ਨੇ ਨਗਰ ਬਕਾਲਾ ਵਿਖੇ ਲਗਭਗ 30 ਸਾਲ ਕਠਿਨ ਤਪੱਸਿਆ ਕੀਤੀ। ਇਸੇ ਤੱਪ ਸਦਕਾ ਹੀ ਉਹ ਨਗਰ ਬਾਬਾ ਬਕਾਲਾ ਅਖਵਾਉਂਦਾ ਹੈ। ਉਧਰ ਸਿੱਖਾ ਦੇ ਅੱਠਵੇਂ ਗੁਰੂ , ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ 30 ਮਾਰਚ 1664 ਈ: ਨੂੰ ਜੋਤੀ ਜੋਤ ਸਮਾ ਗਏ। ਅੰਤਲੇ ਸਮੇਂ ਸਿੱਖਾਂ ਨੂੰ ਇਹੀ ਵਚਨ ਕੀਤਾ: 'ਬਾਬਾ ਬਸੇ ਗ੍ਰਾਮ ਬਕਾਲੇ ' ਅਰਥਾਤ ਸਿੱਖਾਂ ਦੇ ਨੋਵੇਂ ਗੁਰੂ ਬਾਬਾ ਬਕਾਲੇ ਵਿਖੇ

ਹਨ। ਬਾਬਾ ਬਕਾਲੇ ਦਾ ਵਾਕ ਗੁਰੂ ਹਰਿਕ੍ਰਿਸ਼ਨ ਜੀ ਪਾਸੋਂ ਅੰਤਲੇ ਸਮੇਂ ਸੁਣ ਕੇ ਲਾਹੌਰ, ਅੰਮ੍ਰਿਤਸਰ ਤੇ ਕਰਤਾਰਪੁਰ ਦੇ ਸੋਢੀਆਂ, ਬੇਦੀਆਂ ਅਤੇ ਮੀਣਿਆਂ ਨੇ ਆਪਣੀਆਂ ਗੁਰਗੱਦੀਆਂ ਸਥਾਪਿਤ ਕਰਨ ਲਈਆਂ ਜਿਨ੍ਹਾਂ ਵਿਚੋਂ ਮੰਨੇ-ਪਰਮੰਨੇ ਮਸੰਦ ਸਨ ਜਿਨ੍ਹਾਂ ਦਾ ਸੰਗਤਾਂ ਵਿੱਚ ਕਾਫੀ ਬੋਲ ਬਾਲਾ ਸੀ। ਇਸੇ ਤਰ੍ਹਾਂ 22 ਮੰਜੀਆਂ ਸਥਾਪਿਤ ਹੋ ਗਈਆਂ । ਸੰਗਤ ਵਿੱਚ ਬੜੀ ਬੇਚੈਨੀ ਸੀ। ਕਿਸੇ ਨੂੰ ਵੀ ਸੱਚੇ ਗੁਰੂ ਦਾ ਪਤਾ ਨਹੀਂ ਸੀ ਲੱਗ ਰਿਹਾ। ਸਾਰੇ ਗੱਦੀਦਾਰਾਂ ਨੇ ਭੋਲੀ ਭਾਲੀ ਤੇ ਸ਼ਰਧਾਲੂ ਸੰਗਤਾਂ ਨੂੰ ਆਪਣੇ ਵੱਲ ਖਿੱਚਿਆ ਹੋਇਆ ਸੀ।ਪਰ ਸੱਚਾਈ ਬਹੁਤੀ ਦੇਰ ਤੱਕ ਛੁਪੀ ਨਹੀਂ ਸੀ ਰਹਿ ਸਕਦੀ। ਉਹਨੀਂ ਦਿਨੀਂ ਇਕ ਲੁਬਾਣਾ ਸੁਦਾਗਰ ਮੱਖਣਸ਼ਾਹ ਬਕਾਲੇ ਵਿੱਚ ਆਪਣੀ ਸੁੱਖਣਾ ਸੁੱਖੀ ਹੋਈ ਭੇਟ ਚੜਾਉਣ ਆਇਆ ਪਰ ਬਹੁਤ ਨਿਰਾਸ਼ ਹੋਇਆ ਜਦ ਉਸਨੇ ਚਾਰੇ ਪਾਸੇ ਆਪਣੇ ਆਪ ਬਣੇ ਗੁਰੂ ਹੀ ਗੁਰੂ ਦੇਖੇ।

ਅੰਤ ਦਿਲ ਵਿਚ ਧਾਰ ਕੇ ਕਿ ਜੋ ਸੱਚਾ ਗੁਰੂ ਹੋਵੇਗਾ ਉਹ ਦਿਲ ਦੀ ਗੱਲ ਬੁੱਝ ਕੇ ਆਪ 500 ਮੋਹਰਾਂ ਲੈ ਲਵੇਗਾ। ਉਸਨੇ ਸਭ ਅੱਗੇ ਪੰਜ-ਪੰਜ ਮੋਹਰਾਂ ਰੱਖੀਆਂ ਉਸਨੂੰ ਤ੍ਰਿਪਤੀ ਨਾ ਹੋਈ ਸਗੋਂ ਬੜੀ ਨਿਰਾਸ਼ਾ ਹੋਈ। ਅਖ਼ੀਰ ਪਤਾ ਲੱਗਾ ਕਿ 'ਤੇਗ' ਨਾਂ ਦਾ ਤਿਆਗੀ ਗੁਰੂ ਵੀ ਕੋਈ ਹੈ। ਉਨ੍ਹਾਂ ਦੇ ਦਰਸ਼ਨ ਕੀਤੇ। ਮੱਖਣ ਸ਼ਾਹ ਤੇ ਉਸਦੀ ਪਤਨੀ ਗਦ-ਗਦ ਹੋ ਗਏ ਜਦ ਗੁਰੂ ਸਾਹਿਬ ਨੇ ਆਖਿਆ, ਭਾਈ ਗੁਰੂ ਘਰ ਵਿੱਚ ਮਾਇਆ ਦੀ ਕਮੀ ਤਾਂ ਹੈ ਨਹੀਂ ਪਰ! ਜੋ ਬਚਨ ਕਰੀਏ, ਉਸ ਤੇ ਪੂਰੇ ਰਹੀਏ। ਇਸ ਤਰ੍ਹਾਂ ਪੂਰਾ ਗੁਰੂ ਪ੍ਰਾਪਤ ਹੋ ਗਿਆ। ਇਸ ਉਪਰੰਤ ਮੱਖਣ ਸ਼ਾਹ ਕੋਠੇ ਤੇ ਚੜ ਗਿਆ ਅਤੇ ਕੋਠੇ ਤੇ ਚੜ ਕੇ 'ਗੁਰੂ ਲਾਧੋ ਰੇ' ਦਾ ਹੋਕਾ ਦੇਣ ਲੱਗਾ।[118] ਇਸ ਤਰ੍ਹਾਂ 16 ਅਪ੍ਰੈਲ 1664 ਈ: ਨੂੰ ਭਾਈ ਗੁਰਦਿੱਤਾ ਜੀ ਨੇ ਗੁਰੂ ਜੀ ਦੀ ਗੁਰਗੱਦੀ ਨਸ਼ੀਨੀ ਦਾ ਐਲਾਨ ਕੀਤਾ । ਸੱਚਾ ਗੁਰੂ ਮਿਲਣ ਤੇ ਸਾਰੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚ ਗਈਆਂ ਤੇ ਸਾਰੇ ਅਖੌਤੀ ਤੇ ਪਖੰਡੀ ਗੁਰੂਆਂ ਦਾ ਪਾਜ ਖੁੱਲ੍ਹ ਗਿਆ। ਗੁਰੂ ਥਾਪੇ ਜਾਣ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਪ੍ਰਚਾਰ ਲਈ ਕਈ ਯਾਤਰਾਵਾਂ ਕੀਤੀਆਂ ਅਤੇ ਸੰਗਤਾਂ ਨੂੰ ਮੁਗਲ ਹਕੂਮਤਾਂ ਦੇ ਜ਼ੁਲਮਾਂ ਤੋਂ ਬਚਾਉਣ ਲਈ ਕਈ ਲੜਾਈਆਂ ਲੜੀਆਂ। ਇਸੇ ਸਮੇਂ ਦੌਰਾਨ ਹੀ ਆਪ ਜੀ ਦੇ ਘਰ ਕੁਝ ਸਮੇਂ ਬਾਅਦ ਸਪੁੱਤਰ ਨੇ ਜਨਮ ਲਿਆ, ਜਿਸਦਾ ਨਾਂ 'ਗੋਬਿੰਦ ਰਾਏ' ਰੱਖਿਆ ਗਿਆ।[119]

ਉਸ ਸਮੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ਬਰ-ਜ਼ੁਲਮ ਦੇ ਕਹਿਰ ਦਾ ਸਮਾਂ ਸੀ। ਉਹ ਆਮ ਜਨਤਾ ਨੂੰ ਅਕਹਿ ਤੇ ਅਸਹਿ ਕਸ਼ਟ ਦਿੰਦਾ ਸੀ ਇਥੋਂ ਤੱਕ ਕਿ ਆਪਣੇ ਸਕੇ ਭਰਾਵਾਂ ਤੇ ਭਤੀਜਿਆਂ ਦਾ ਖ਼ੂਨ ਡੋਲਦਿਆਂ ਵੀ ਉਸਦੇ ਦਿਲ ਵਿੱਚ ਰਤਾ ਭਰ ਵੀ ਰਹਿਮ ਨਹੀਂ ਸੀ ਉਪਜਿਆ।

ਉਹ ਇਸਲਾਮ ਦਾ ਪੱਕਾ ਧਾਰਨੀ ਸੀ ਤੇ ਉਹ ਆਪਣੇ ਰਾਜ ਵਿੱਚ ਆਮ ਜਨਤਾ ਨੂੰ ਵੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਆਪਣੇ ਇਸ ਮਕਸਦ ਵਿੱਚ ਕਾਮਯਾਬੀ ਲਈ ਉਸਨੇ ਮੰਦਰਾਂ ਦੀ ਥਾਂ ਮਸਜਿਦਾਂ ਬਣਾਉਣੀਆਂ, ਜਜ਼ੀਆ ਕਰ ਲਗਾਉਣਾ ਅਤੇ ਤਲਵਾਰ ਦੇ ਜ਼ੋਰ 'ਤੇ ਸ਼ਰਾ ਦਾ ਪ੍ਰਚਾਰ ਕਰਨਾ ਜਿਹੇ ਕਾਰਜ ਕਰਨੇ ਸ਼ੁਰੂ ਕਰ ਦਿੱਤੇ। ਕੇਵਲ ਹਿੰਦੂਆਂ ਹੀ ਨਹੀਂ, ਸਗੋ ਸ਼ੀਆ ਮੁਸਲਮਾਨ ਤੇ ਸੂਫੀ ਫਕੀਰਾਂ ਤੇ ਵੀ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਉਸਦੇ ਅਜਿਹੇ ਜ਼ੁਲਮ ਤੇ ਅਤਿਆਚਾਰਾਂ ਨਾਲ ਪੰਜਾਬ ਅਤੇ ਕਸ਼ਮੀਰ ਵਿੱਚ ਬੜੀ ਹਾਹਾਕਾਰ ਮੱਚ ਗਈ। ਅਜਿਹੇ ਨਾਜ਼ੁਕ ਸਮੇਂ ਵਿੱਚ ਲਾਚਾਰ ਤੇ ਬੇਵੱਸ ਪੰਡਿਤ ਗੁਰੂ ਜੀ ਦੀ ਸ਼ਰਨ ਵਿਚ ਸਹਾਇਤਾ ਲਈ ਪੁੱਜੇ ਅਤੇ ਆਪਣਾ ਦੁੱਖ ਸੁਣਾਇਆ। ਗੁਰੂ ਜੀ ਪੰਡਿਤਾਂ ਦੀ ਬੇਵੱਸੀ ਤੇ ਲਾਚਾਰੀ ਦੀ ਵਿਥਿਆ ਸੁਣ ਕੇ ਅਜੇ ਬਲੀਦਾਨ ਦੀ ਲੋੜ ਤੇ ਵਿਚਾਰ ਹੀ ਕਰ ਰਹੇ ਸਨ ਕਿ ਬਾਲਕ ਗੋਬਿੰਦ ਰਾਏ ਜੋ ਕਿ ਅਜੇ 9 ਸਾਲ ਦੇ ਹੀ ਸਨ, ਨੇ ਆਪਣੇ ਵਿਚਾਰ ਪ੍ਰਗਟਾ ਕੇ ਗੁਰੂ ਜੀ ਨਿਸ਼ਚੇ ਨੂੰ ਹੋਰ ਦ੍ਰਿੜ ਕਰ ਦਿੱਤਾ ਕਿ ਆਪ ਤੋਂ ਮਹਾਨ ਤਿਆਗੀ ਤੇ ਬਲੀਦਾਨੀ ਕੌਣ ਹੋ ਸਕਦਾ ਹੈ। ਗੋਬਿੰਦ ਰਾਏ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਕੁਝ ਸਮੇਂ ਬਾਅਦ ਹੀ ਪਰਿਵਾਰ ਤੋਂ ਵਿਦਾਈ ਲਈ ਤੇ ਦਿੱਲੀ ਦੇ ਰਾਹ ਪੈ ਗਏ। ਉਥੇ ਹੀ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਕੈਦ ਕਰ ਲਿਆ।ਕੈਦ ਵਿਚ ਰਹਿੰਦਿਆਂ ਗੁਰੂ ਜੀ ਨੂੰ ਕਈ ਲਾਲਚ ਦੇ ਕੇ ਇਸਲਾਮ ਕਬੂਲਣ ਲਈ ਪ੍ਰੇਰਿਤ ਕੀਤਾ ਅਤੇ ਕਰਾਮਾਤ ਦਿਖਾਉਣ ਲਈ ਕਿਹਾ। ਪਰ ਗੁਰੂ ਜੀ ਆਪਣੇ ਇਰਾਦੇ ਤੇ ਅਟੱਲ ਸਨ ਤੇ ਉਹ ਮੁਗਲ ਰਾਜ ਦੀਆਂ ਜੜ੍ਹਾਂ ਉਖਾੜਣ ਲਈ ਕੁਰਬਾਨੀ ਦੇਣ ਲਈ ਤਿਆਰ ਸਨ। ਗੁਰੂ ਜੀ ਨੇ ਜਦ ਔਰੰਗਜ਼ੇਬ ਦੀਆਂ ਗੱਲਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਪਹਿਲਾਂ ਉਨ੍ਹਾਂ ਦੇ ਸੇਵਕਾਂ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਬ੍ਰਹਮ ਗਿਆਨੀ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲ ਦਾਸ ਨੂੰ ਦੇਗ ਵਿੱਚ ਉਬਾਲਿਆ ਗਿਆ। ਪਰ ਇਸ ਤਰ੍ਹਾਂ ਦੇ ਕਸ਼ਟਾਂ ਨਾਲ ਵੀ ਜਦੋਂ ਗੁਰੂ ਜੀ ਤੇ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕਰ ਦਿੱਤਾ, ਉਪਰੰਤ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ।ਗੁਰੂ ਤੇਗ ਬਹਾਦਰ ਸਾਹਿਬ ਨੇ 11 ਨਵੰਬਰ 1675 ਈ: ਨੂੰ ਗੁਰੂਤਾ ਗੱਦੀ ਦੀ ਰਸਮ ਅਦਾ ਕਰਦੇ ਹੋਏ ਪੁੱਤਰ ਗੋਬਿੰਦ ਰਾਏ ਦੇ ਮੋਢਿਆਂ 'ਤੇ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਅਤੇ ਸਮੁੱਚੀ ਮਨੁੱਖਤਾ ਦੇ ਭਲੇ ਦਾ ਉਪਦੇਸ਼ ਦਿੱਤਾ। ਅੰਤ 11 ਨਵੰਬਰ 1675 ਈ: ਵਿੱਚ ਚਾਂਦਨੀ ਚੌਂਕ ਵਿਚ ਸੀਸ ਗੰਜ ਗੁਰਦੁਆਰੇ ਵਾਲੇ ਸਥਾਨ 'ਤੇ ਸਮਾਣੇ ਦੇ ਜਲਾਲੁਦੀਨ ਨਾਂ ਦੇ ਜਲਾਦ ਨੇ ਹੱਥੀਂ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ।[120] ਇਸ ਤਰ੍ਹਾਂ

ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਤੇ ਦੇਸ਼ ਨੂੰ ਜ਼ਬਰ ਤੇ ਨਿਆਂ ਤੋਂ ਬਚਾਉਣ ਲਈ ਮਹਾਨ ਬਲੀਦਾਨ ਦਿੱਤਾ। ਆਪ ਨੇ ਹਿੰਦ ਦੀ ਚਾਦਰ ਬਣ ਕੇ ਸਾਰੇ ਦੇਸ਼ ਤੇ ਸਿੱਖ ਕੌਮ ਦੀ ਇੱਜ਼ਤ ਰੱਖੀ। ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਸਿੱਖ ਇਤਿਹਾਸ ਵਿਚ ਚੱਲੀ ਆ ਰਹੀ ਸ਼ਹੀਦੀ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ ਅਤੇ ਇਸਨੂੰ ਹੋਰ ਦ੍ਰਿੜ ਕੀਤਾ ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਵਾਕ ਹਨ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨਾ ਉਚਰੀ ॥*[121]

ਤੇ ਹੋਰ ਅੱਗੇ ਲਿਖਦੇ ਹਨ:

*ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ॥*
*ਤੇਗ ਬਹਾਦਰ ਦੇ ਚਲਤ ਭਯੋ ਜਗਤ ਕੇ ਸੋਕ*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥*[122]

ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਸੀਸ ਤੇ ਧੜ ਉਥੇ ਹੀ ਪਿਆ ਰਹਿਣ ਦਿੱਤਾ ਗਿਆ ਤਾਂ ਜੋ ਲੋਕ ਮੁਗਲ ਬਾਦਸ਼ਾਹ ਦੇ ਕਹਿਰ ਤੋ ਡਰ ਕੇ ਰਹਿਣ ਪਰ ਗੁਰੂ ਦੇ ਸਿੱਖ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਆਨੰਦਪੁਰ ਸਾਹਿਬ ਲੈ ਆਏ ਤੇ ਸੰਸਕਾਰ ਕੀਤਾ ਤੇ ਦੂਜੇ ਪਾਸੇ ਲਖੀ ਸ਼ਾਹ ਵਣਜਾਰਾ ਨੇ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਸਾਹਿਬ ਦੇ ਧੜ ਦਾ ਸੰਸਕਾਰ ਕੀਤਾ। ਇਥੇ ਇਕ ਗੱਲ ਕਮਾਲ ਦੀ ਹੈ ਜੋ ਇਤਿਹਾਸ ਵਿੱਚ ਕਿੰਨੇ ਮੇਲ ਖਾਂਦੀ ਹੈ ਕਿ ਇਕ ਸ਼ਾਹ ਜਿਸਦਾ ਨਾਂ ਇਤਿਹਾਸ ਵਿੱਚ ਆਉਂਦਾ ਹੈ 'ਮੱਖਣ ਸ਼ਾਹ ਲੁਬਾਣਾ', ਜਿਸਨੇ 'ਗੁਰੂ ਲਾਧੋ ਰੇ' ਕਹਿ ਕੇ ਗੁਰੂ ਸਾਹਿਬ ਨੂੰ ਸੰਸਾਰ ਵਿੱਚ ਪ੍ਰਗਟ ਕੀਤਾ ਸੀ ਤੇ ਇਕ ਸ਼ਾਹ ਉਹ 'ਲੱਖੀ ਸ਼ਾਹ ਵਣਜਾਰਾ' ਜਿਸਨੇ ਗੁਰੂ ਸਾਹਿਬ ਦਾ ਧੜ ਸੰਸਾਰ ਤੋਂ ਲੁਕਾ ਕੇ ਉਨ੍ਹਾਂ ਦਾ ਸੰਸਕਾਰ ਕੀਤਾ ਹੈ ਫੁਰਮਾਨ ਹੈ:-

*ਇਕ ਸ਼ਾਹ ਨੇ ਪ੍ਰਗਟ ਕੀਤਾ ਤੇ ਇਕ ਸ਼ਾਹ ਨੇ ਲੁਕਾਇਆ*
*ਉਹਨੇ ਆਪਣਾ ਫਰਜ਼ ਨਿਭਾਇਆ ਤੇ ਉਹਨੇ ਆਪਣਾ ਫਰਜ਼ ਨਿਭਾਇਆ।*

ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹਾਦਤ ਤੇ ਧੰਨ ਗੁਰੂ ਗੋਬਿੰਦ ਸਿੰਘ ਨੇ ਇਹ ਸੰਕਲਪ ਲਿਆ ਕਿ ਇਕ ਇਹੋ ਜਿਹਾ ਇਨਸਾਨ ਤਿਆਰ ਕਰਾਂਗਾ ਜਿਹੜਾ ਦੁਨੀਆਂ ਤੋਂ ਨਿਵੇਕਲਾ ਹੋਵੇਗਾ ਤੇ ਦੁਸ਼ਮਣਾਂ ਦੀਆਂ ਤੇਗਾਂ ਦਾ ਸਾਹਮਣਾ ਕਰੇਗਾ। ਉਸ ਜਿਹਾ ਇਨਸਾਨ ਉਨ੍ਹਾਂ ਵਿਸਾਖੀ ਵਾਲੇ ਦਿਨ ਪ੍ਰਗਟ ਕੀਤਾ ਜਿਸਨੂੰ ਕਿ ਸਿੱਖ ਕੌਮ ਵਿੱਚ 'ਖਾਲਸਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿੱਤਰ ਜੀਵਨ ਦੀ ਤਰ੍ਹਾਂ ਆਪ ਜੀ ਦੀ ਰਚੀ ਬਾਣੀ ਵਿੱਚ ਵੀ ਬਲਵਾਨ ਪ੍ਰੇਰਣਾ ਸ੍ਰੋਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀ ਬਾਣੀ 15 ਰਾਗਾਂ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਅਤੇ ਜੈਜਾਵੰਤੀ ਵਿੱਚ ਦਰਜ ਹੈ। ਇਸ ਤੋਂ ਇਲਾਵਾ ਆਪ ਨੇ 59 ਪਦੇ (ਸ਼ਬਦ) ਅਤੇ 57 ਸਲੋਕਾਂ ਦੀ ਰਚਨਾ ਵੀ ਕੀਤੀ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਤੱਤਕਾਲੀਨ ਜੀਵਨ, ਸੰਸਾਰਕ ਪਦਾਰਥਾਂ ਦੀ ਨਾਸ਼ਮਾਨਤਾ, ਨਾਮ ਦੀ ਮਹੱਤਤਾ, ਪ੍ਰਭੂ ਸਿਮਰਨ ਤੇ ਜ਼ੋਰ, ਸਦਾਚਾਰੀ ਜੀਵਨ ਦੀ ਵਿਸ਼ੇਸ਼ਤਾ, ਸਾਧ ਸੰਗਤ ਤੇ ਭਜਨ ਬੰਦਗੀ ਦੀ ਮਹੱਤਤਾ ਆਦਿ ਵਿਸ਼ਿਆਂ 'ਤੇ ਭਰਪੂਰ ਬਲ ਦਿੱਤਾ ਹੈ। ਆਪ ਦੇ ਜੀਵਨ ਫਲਸਫੇ ਤੇ ਬਾਣੀ ਵਿਚ ਭਗਤੀ ਭਾਵ ਦੇ ਨਾਲ ਵੈਰਾਗ ਅਤੇ ਤਿਆਗ ਦੀ ਵੀ ਵਿਸ਼ੇਸ਼ ਮਹੱਤਤਾ ਹੈ। ਆਪ ਨੇ ਬੜੇ ਮਿੱਠੇ ਤੇ ਭਾਵ-ਪੂਰਨ ਸ਼ਬਦਾਂ ਰਾਹੀਂ ਮਨੁੱਖੀ ਜੀਵਨ ਤੇ ਸੰਸਾਰ ਦੀ ਵਾਸਤਕਿਤਾ ਨੂੰ ਪੇਸ਼ ਕੀਤਾ ਹੈ। ਆਪ ਨੇ ਜੀਵਨ ਤੋਂ ਨਿਰਾਸ਼ਤਾ ਪੈਦਾ ਨਹੀਂ ਕੀਤੀ ਸਗੋਂ ਉਸਨੂੰ ਕਰਮਯੋਗੀ ਸਿੱਧ ਕੀਤਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਵੈਰਾਗ ਦਾ ਸਰੂਪ ਭਰਪੂਰ ਰੂਪ ਵਿਚ ਦ੍ਰਿਸ਼ਟਮਾਨ ਹੈ।

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ 'ਚੋਂ ਵੈਰਾਗ ਦੀ ਸੁਰ ਪੈਦਾ ਹੁੰਦੀ ਹੈ। ਵੈਰਾਗ ਤੋਂ ਭਾਵ ਹੈ: ਲੋਕ ਪਰਲੋਕ ਦੇ ਵਿਸ਼ਿਆਂ ਨਾਲ ਪ੍ਰੀਤੀ ਨਾ ਹੋਣਾ ਭਾਵ ਪਦਾਰਥਕ ਵਸਤੂਆਂ ਵਲੋਂ ਨਿਰਲੇਪਤਾ, ਪਰਮਾਰਥ ਪ੍ਰਾਪਤੀ ਦੇ ਯਤਨ ਅਤੇ ਇੰਦ੍ਰੀਆਂ ਤੇ ਮਨ ਨੂੰ ਵੱਸ ਵਿੱਚ ਕਰਨਾ ਹੀ 'ਵੈਰਾਗ' ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਬੈਰਾਗੀ ਦਾ ਚਿੱਤਰ ਪੇਸ਼ ਕੀਤਾ ਹੈ :

*ਅਸੰਖ ਬੈਰਾਗੀ ਕਰਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥*
*ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥*
*ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥*
*ਸਹਜੈ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ॥*[123]

ਅਰਥਾਤ ਅਸਲ ਵੈਰਾਗੀ ਉਹ ਹੈ ਜੋ ਪਰਮਾਤਮਾ ਦੀ ਮਿਹਰ ਦਾ ਪਾਤਰ ਬਣਦਾ ਹੈ ਤੇ ਉਸਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਉਸਦੇ ਭਾਣੇ ਵਿਚ ਜ਼ਿੰਦਗੀ ਬਸਰ ਕਰਦਾ ਹੈ। ਜੋ ਆਪਣੇ ਮਨ ਤੇ ਕਾਬੂ ਕਰ ਕੇ ਸਹਿਜ ਅਵਸਥਾ ਵਿਚ ਵਿਚਰਦਾ ਹੈ ਤੇ ਪਰਮਾਤਮਾ ਦੇ ਗੁਣਾਂ ਦਾ ਗੁਣਗਾਨ ਕਰਦਾ ਹੈ। ਅਜਿਹਾ ਵੈਰਗੀ ਮਨੁੱਖ ਹੀ ਪਰਮਾਤਮਾ ਦੇ ਦਰ ਤੇ ਮਾਣ-ਇੱਜ਼ਤ ਪ੍ਰਾਪਤ ਕਰਦਾ ਹੈ। ਜਿਸ ਬਾਰੇ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:-

*ਗੁਰੂ ਸਬਦਿ ਰੱਤੇ ਸਦਾ ਬੈਰਾਗੀ*
*ਹਰਿ ਦਰਗਹ ਸਾਚੀ ਪਾਵਹਿ ਮਾਨੁ॥*[124]

ਵੈਰਾਗ ਅਤੇ ਤਿਆਗ ਸ਼ਬਦ ਕਈ ਵਾਰ ਇਕੱਠੇ ਵਰਤੇ ਜਾਂਦੇ ਹਨ ਪਰ ਵੈਰਾਗ ਦੀ ਅਵਸਥਾ ਤਿਆਗ ਕੇ ਪਰਮਾਤਮਾ ਵੱਲ ਜੁੜਨ ਤੇ ਉਸ ਨਾਲ ਇਕਮਿਕ ਹੋਣ ਦੀ ਗੱਲ ਕੀਤੀ ਹੈ। ਉਨ੍ਹਾਂ ਅਨੁਸਾਰ ਉਹੀ ਮਨੁੱਖ ਇਸ ਅਵਸਥਾ ਤੇ ਪੁੱਜਦਾ ਹੈ ਜਿਸਦੇ ਭਾਗ ਖੁੱਲ੍ਹ ਜਾਂਦੇ ਹਨ ਭਾਵ ਜਿਨ੍ਹਾਂ ਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਤੇ ਪਰਮਾਤਮਾ ਅਜਿਹੇ ਜੀਵ ਦੇ ਮਨ ਵਿੱਚ ਆਪ ਨਿਵਾਸ ਕਰਦਾ ਹੈ:-

*ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥*
*ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥*[125]

*ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ*
*ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥*[126]

ਪ੍ਰਭੂ ਮਿਹਰ ਤੋਂ ਇਲਾਵਾ ਵੈਰਾਗ ਪੈਦਾ ਕਰਨ ਲਈ ਸੱਚੇ ਗੁਰੂ ਦੀ ਮਿਹਰ ਵੀ ਜ਼ਰੂਰੀ ਹੈ। ਸੱਚਾ ਗੁਰੂ ਹੀ ਸੱਚ ਦਾ ਮਾਰਗ ਦਰਸਾਉਂਦਾ ਹੈ। ਗੁਰੂ ਹੀ ਅਜਿਹੀ ਕੜੀ ਹੈ ਜੋ ਜੀਵ ਨੂੰ ਪਰਮਾਤਮਾ ਦਾ ਭੇਦ ਦੱਸ ਕੇ ਆਤਮਾ ਨੂੰ ਪਰਮਾਤਮਾ ਵਿੱਚ ਅਭੇਦ ਕਰਨ ਦਾ ਯਤਨ ਕਰਦੀ ਹੈ। ਇਹ ਗੁਰੂ ਹੀ ਹੈ ਜੋ ਮਨੁੱਖ ਦੇ ਮਨ ਉੱਪਰ ਪਏ ਮਾਇਆ ਦੇ ਪਰਦੇ ਨੂੰ ਉਤਾਰ ਕੇ ਉਸਨੂੰ ਆਪਣੇ ਆਪ ਦੀ ਪਛਾਣ ਕਰਨ ਲਈ ਸੂਝ ਬਖਸ਼ਦਾ ਹੈ। ਕਿਉਂਕਿ ਆਪੇ ਦੀ ਪਛਾਣ ਤੋਂ ਬਿਨ੍ਹਾਂ ਭਰਮਾਂ ਦਾ ਨਾਸ਼ ਨਹੀਂ ਹੋ ਸਕਦਾ ਜਿਸ ਬਾਰੇ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਸੰਕੇਤ ਦਿੰਦੇ ਹਨ:

*ਗੁਰੂ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥*[127]

*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ [128]

ਸੱਚੇ ਗੁਰੂ ਤੋਂ ਇਲਾਵਾ ਸਾਧ ਸੰਗਤ ਜਾਂ ਸਤਿਸੰਗਤ ਵੀ ਜੀਵ ਆਤਮਾ ਨੂੰ ਸੰਸਾਰਕ ਮੋਹ ਮਾਇਆ ਨੂੰ ਤਿਆਗ ਕੇ ਸੱਚ ਦੇ ਮਾਰਗ ਦਾ ਸੰਦੇਸ਼ ਦਿੰਦੀ ਹੈ। ਸਤਿਸੰਗਤ ਵਿੱਚ ਵਿਚਰ ਕੇ ਮਨੁੱਖ ਪਵਿੱਤਰ ਹੋ ਜਾਂਦਾ ਹੈ:-

*ਕਰਿ ਸਾਧਸੰਗਤਿ ਸਿਮਰੁ ਮਾਧੋ*

*ਹੋਹਿ ਪਤਿਤ ਪੁਨੀਤ॥* [129]

ਗੁਰੂ ਸਾਹਿਬ ਦੀ ਬਾਣੀ ਵਿੱਚ ਬਾਰ-ਬਾਰ ਦੁਹਰਾਇਆ ਗਿਆ ਹੈ ਕਿ ਸਫਲ ਮਨੁੱਖੀ ਜੀਵਨ ਦਾ ਆਧਾਰ ਪ੍ਰਭੂ ਦੀ ਸ਼ਰਨ ਵਿੱਚ ਆਉਣਾ ਤੇ ਉਸਦਾ ਨਾਮ ਧਿਆਉਣਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਮਾਇਆ ਵਿੱਚ ਖੰਚਿਤ ਵਿਅਕਤੀ ਦਾ ਜੀਵਨ ਵਿਅਰਥ ਹੈ। ਪਰਮਾਤਮਾ ਦਾ ਨਾਮ ਉਸਦਾ ਆਸਰਾ ਹੈ। ਕਿਉਂਕਿ ਮਨੁੱਖੀ ਜੀਵਨ ਅਮੋਲਕ ਹੈ ਜੋ ਵਾਰ ਵਾਰ ਨਹੀਂ ਮਿਲਣਾ। ਇਸ ਲਈ ਸੰਸਾਰ ਰੂਪੀ ਭਵਸਾਗਰ ਨੂੰ ਪਾਰ ਕਰਨ ਲਈ ਗੁਰੂ ਸਾਹਿਬ ਇਸੇ ਜਨਮ ਵਿੱਚ ਹੀ ਉਪਰਾਲਾ ਕਰਨ ਦੀ ਪ੍ਰੇਰਣਾ ਦਿੰਦੇ ਹਨ। ਕਿਉਂਕਿ ਮੁਕਤੀ ਪ੍ਰਾਪਤ ਕਰਨ ਲਈ ਕੇਵਲ ਪਰਮਾਤਮਾ ਦਾ ਨਾਮ ਹੀ ਸਹਾਈ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਸ ਨਾਮ ਦੀ ਪ੍ਰਾਪਤੀ ਵੀ ਉਸੇ ਨੂੰ ਹੀ ਹੁੰਦੀ ਹੈ ਜਿਸ 'ਤੇ ਵਾਹਿਗੁਰੂ ਦੀ ਬਖਸ਼ਿਸ਼ ਹੁੰਦੀ ਹੈ:

*ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥*

*ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥* [130]

*ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ॥ ਤੈ ਭਵ ਸਾਗਰ ਉਤਰੈ ਪਾਰਿ॥*

*ਜਨ ਨਾਨਕ ਹਰਿ ਕੀ ਸਰਨਾਇ॥ ਦੀਜੈ ਨਾਮ ਰਹੈ ਗੁਨ ਗਾਇ॥* [131]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਸੰਕੇਤ ਦਿੱਤੇ ਹਨ ਕਿ ਜੋ ਪ੍ਰਭੂ ਦੀ ਸ਼ਰਨ ਵਿੱਚ ਆ ਕੇ ਹਰਿ ਨਾਮ ਨੂੰ ਧਿਆਉਂਦੇ ਹਨ, ਉਹ ਮੁਕਤੀ ਪਦ ਨੂੰ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਉਨ੍ਹਾਂ ਨੇ ਗਨਿਕਾ ਵੇਸਵਾ, ਧ੍ਰੂ ਭਗਤ, ਅਜ਼ਾਮਲ ਪਾਪੀ ਦੇ ਹਵਾਲੇ ਦਿੱਤੇ ਹਨ ਜੋ ਉਸ ਪਰਮਾਤਮਾ ਦਾ ਨਾਮ ਜਪ ਕੇ ਹੀ ਸੰਸਾਰ ਤੋਂ ਪਾਰ ਹੋ ਗਏ ਹਨ:

*ਦੁਖ ਹਰਤਾ ਹਰਿ ਨਾਮੁ ਪਛਾਨੋ॥*

*ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥*

*ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ।*

*ਨਾਰਦ ਕਹਤ ਸੁਨਤ ਧ੍ਰੂਅ ਬਾਰਿਕ, ਭਜਨ ਮਾਹਿ ਲਪਟਾਨੋ॥*[132]

ਇਸ ਲਈ ਗੁਰੂ ਸਾਹਿਬ ਆਤਮਾ ਤੇ ਪਰਮਾਤਮਾ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਪ੍ਰਤੀ ਸੁਚੇਤ ਕਰਦੇ ਹਨ ਕਿ ਜੀਵ ਨੂੰ ਆਪਣੇ ਅੰਦਰੋ ਵਿਸ਼ੇ-ਵਿਕਾਰਾਂ ਦਾ ਮੋਹ ਤਿਆਗਣਾ ਚਾਹੀਦਾ ਹੈ ਕਿਉਂਕਿ ਜੋ ਮਾਨ-ਅਪਮਾਨ, ਉਸਤਤ-ਨਿੰਦਾ ਆਦਿ ਅਵਸਥਾਵਾਂ ਤੋਂ ਉੱਪਰ ਉਠਦਾ ਹੈ ਤੇ ਪਰਮਾਤਮਾ ਨੂੰ ਮਿਲਣ ਲਈ ਤਤਪਰ ਰਹਿੰਦਾ ਹੈ, ਉਹ ਹੀ ਮੁਕਤੀ ਹਾਸਲ ਕਰ ਸਕਦਾ ਹੈ ਤੇ ਸਹੀ ਅਰਥਾਂ ਵਿੱਚ ਗੁਰਮੁਖ (ਵੈਰਾਗੀ) ਕਹਾਉਣ ਦਾ ਹੱਕਦਾਰ ਹੁੰਦਾ ਹੈ:-

*ਸਾਧੋ ਮਨ ਕਾ ਮਾਨ ਤਿਆਗਉ॥*

*ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥*

*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*

*ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗਿ ਤਤੁ ਪਛਾਨਾ॥*

*ਉਸਤਤ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*

*ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥*[133]

ਗੁਰੂ ਸਾਹਿਬ ਨੇ ਵਿਸ਼ੇ-ਵਿਕਾਰਾਂ ਦੁੱਖ ਸੁੱਖ ਤੇ ਮਾਨ-ਅਪਮਾਨ ਤੋਂ ਇਲਾਵਾ ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਉਣ ਦਾ ਯਤਨ ਵੀ ਕੀਤਾ ਹੈ। ਉਨ੍ਹਾਂ ਆਪਣੀ ਬਾਣੀ ਵਿਚ ਦਰਸਾਇਆ ਹੈ ਕਿ ਸੰਸਾਰ ਤੇ ਇਸ ਦੀਆਂ ਵਸਤਾਂ ਨਾਸ਼ਮਾਨ ਤੇ ਛਿਣ ਭੰਗਰ ਹਨ ਪਰ ਫਿਰ ਵੀ ਮਨੁੱਖ ਇਸਦੇ ਮੋਹ ਵਿੱਚ ਗ੍ਰਸਿਆ ਪਿਆ ਹੈ। ਮਨੁੱਖ ਨੇ ਜਾਣ-ਬੁੱਝ ਕੇ ਆਪਣੇ ਜੀਵਨ ਨੂੰ ਨਾਸ਼ ਕੀਤਾ ਹੋਇਆ ਹੈ। ਜੀਵਨ ਦੀ ਨਾਸ਼ਮਾਨਤਾ ਨੂੰ ਜਾਣਦਾ ਹੋਇਆ ਵੀ ਉਹ ਇਸ ਨਾਲ ਨੇਹੁ ਲਗਾ ਕੇ ਬੈਠਾ ਹੈ ਤੇ ਪਾਪ ਕਰਨ ਤੋਂ ਵੀ ਨਹੀਂ ਹੱਟਦਾ। ਪਰਮਾਤਮਾ ਦਾ ਨਾਮ ਸਿਮਰਨ ਕਰਨ ਦੀ ਥਾਂ ਬਾਹਰੀ ਕਰਮਾਂ-ਕਾਂਡ ਵਿਚ ਫੱਸਿਆ ਹੋਇਆ ਹੈ ਤੇ ਤੀਰਥ ਯਾਤਰਾ, ਦਾਨ, ਵਰਤ ਆਦਿ ਵਰਗੇ ਨਿਹਫਲ ਕਰਮ ਕਰਨ ਵਿੱਚ ਲੱਗਾ ਹੋਇਆ ਹੈ ਜੋ ਵੈਰਾਗੀ ਦੀ ਅਵਸਥਾ ਤੱਕ ਪੁੱਜਣ ਵਾਲੇ ਰਸਤੇ ਵਿੱਚ ਰੁਕਾਵਟ ਹਨ:-

*ਜਾਨਿ ਬੂਝ ਕੈ ਬਾਵਰੇ ਤੈ ਕਾਜ ਬਿਗਾਰਿਓ॥*

*ਪਾਪ ਕਰਤ ਸੁਕਚਿਉ ਨਹੀ ਨਹ ਗਰਬੁ ਨਿਵਾਰਿਉ॥*[134]

*ਤੀਰਥ ਬਰਤ ਅਰੁ ਦਾਨੁ ਕਰਿ ਮਨ ਮਹ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*[135]

ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਨੂੰ ਰੇਤ ਦੀ ਕੰਧ, ਸੁਪਨਾ, ਬੱਦਲ ਦੀ ਛਾਂ, ਪਾਣੀ ਤੇ ਬੁਲਬਲਾ, ਧੂੰਏਂ ਦਾ ਪਹਾੜ ਆਦਿ ਉਪਮਾਵਾਂ ਰਾਹੀਂ ਬਿਆਨ ਕਰਕੇ ਇਸਦੀ ਨਾਸ਼ਮਾਨਤਾ ਤੇ ਛਿਣ ਭੰਗਰੀ ਹੋਂਦ ਵੱਲ ਇਸ਼ਾਰਾ ਕੀਤਾ ਹੈ:

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥*
*ਕਹੁ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥*[136]

*ਰਾਮ ਗਇਓ ਰਾਵਨ ਗਇਓ ਜਾ ਕਉ ਬਹੁ ਪਰਵਾਰ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥*[137]

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥*[138]

ਜਿਥੇ ਗੁਰੂ ਸਾਹਿਬ ਨੇ ਸੰਸਾਰ ਨੂੰ ਨਾਸ਼ਮਾਨ ਦਰਸਾ ਕੇ ਇਸਦੀ ਅਭੇਦਤਾ ਦਾ ਪ੍ਰਗਟਾਵਾ ਕੀਤਾ ਹੈ ਉਸੇ ਤਰ੍ਹਾਂ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਦਰਸਾ ਕੇ ਉਨ੍ਹਾਂ ਬ੍ਰਹਮਗਿਆਨੀ ਦੀ ਪ੍ਰਭੂ ਦੇ ਨਾਮ ਵਿੱਚ ਅਭੇਦਤਾ ਨੂੰ ਦਰਸਾਇਆ ਹੈ:-

*ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ*
*ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥*[139]

ਗੁਰੂ ਸਾਹਿਬ ਇਸ ਗੱਲ ’ਤੇ ਵੀ ਜ਼ੋਰ ਦਿੰਦੇ ਹਨ ਕਿ ਕੁਟੰਬ ਜਾਂ ਪਰਿਵਾਰ ਅਤੇ ਹੋਰ ਸਾਕ-ਸਬੰਧੀਆਂ ਨਾਲ ਵੀ ਮੋਹ ਝੂਠਾ ਹੈ। ਸੰਸਾਰਕ ਸੁੱਖਾਂ ਨੂੰ ਭੋਗਣ ਵੇਲੇ ਸਾਕ ਸਬੰਧੀ ਨਾਲ ਰਹਿੰਦੇ ਹਨ ਪਰ ਅੰਤ ਸਮੇਂ ਕਿਸੇ ਨੇ ਵੀ ਸਹਾਈ ਨਹੀਂ ਹੋਣਾ। ਜੀਵਨ ਦੇ ਅੰਤਲੇ ਸਮੇਂ ਕੇਵਲ ਪਰਮਾਤਮਾ ਦਾ ਨਾਮ ਹੀ ਸਹਾਈ ਹੁੰਦਾ ਹੈ। ਇਹੋ ਜੀਵ ਦੀ ਅਸਲ ਪੂੰਜੀ ਹੈ। ਇਸ ਲਈ ਗੁਰੂ ਸਾਹਿਬ ਇਹ ਪ੍ਰੇਰਣਾ ਦਿੰਦੇ ਹਨ ਕਿ

ਮਨੁੱਖ ਜੋ ਨਾਸ਼ਮਾਨ ਸੰਸਾਰ ਦੀਆਂ ਅਸਥਾਈ ਕਦਰਾਂ-ਕੀਮਤਾਂ ਨੂੰ ਤਿਆਗ ਕੇ, ਕੁਟੰਬ ਅਤੇ ਸਾਕ-ਸੰਬੰਧੀਆਂ ਦੀ ਪ੍ਰੀਤ ਵਿੱਚੋਂ ਨਿਕਲ ਕੇ ਪ੍ਰਭੂ ਦੀ ਸ਼ਰਨ ਅਤੇ ਹਰੀ ਦੇ ਨਾਮ ਦੀ ਓਟ ਲਵੇ ਤਾਂ ਹੀ ਉਹ ਜੀਵਨ ਦੀ ਸੰਪੂਰਨਤਾ ਅਰਥਾਤ ਅਸਲ ਵੈਰਾਗੀ ਦੀ ਅਵਸਥਾ ਤੇ ਪੁੱਜ ਸਕਦਾ ਹੈ।

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*
*ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥*
*ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤੁ॥*
*ਅੰਤ ਕਾਲਿ ਸੰਗੀ ਨਹਿ ਕੋਊ ਇਹ ਅਚਰਜ ਹੈ ਰੀਤਿ॥*[140]

ਗੁਰੂ ਸਾਹਿਬ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਮਨੁੱਖ ਇਸ ਸਰੀਰ ਤੇ ਮਾਣ ਕਰਦਾ ਹੋਇਆ ਈਸ਼ਵਰ ਅਤੇ ਮੁਕਤੀ ਦੇ ਮੰਤਵ ਨੂੰ ਭੁੱਲ ਗਿਆ ਹੈ। ਇਸ ਲਈ ਸਰੀਰ ਦੇ ਮੋਹ ਵਿੱਚੋਂ ਨਿਕਲਣ ਅਤੇ ਇਸਦੇ ਮਾਣ-ਹੰਕਾਰ ਤੋਂ ਵੈਰਾਗ ਪੈਦਾ ਕਰਨ ਲਈ ਸੁਚੇਤ ਕਰਦੇ ਹਨ ਕਿ ਪਤਾ ਨਹੀਂ ਕਦੋਂ ਇਸ ਸਰੀਰ ਨੇ ਮਿੱਟੀ ਦੀ ਢੇਰੀ ਹੋ ਜਾਣਾ ਹੈ। ਇਸ ਵਿੱਚੋਂ ਜੀਵਾਤਮਾ ਦੇ ਨਿਕਲਣ ਦੇ ਤੁਰੰਤ ਬਾਅਦ ਹੀ ਸਬੰਧੀਆਂ ਨੇ ਇਸਨੂੰ ਪ੍ਰੇਤ ਕਹਿ ਕੇ ਅੱਗ ਲਗਾ ਦੇਣੀ ਹੈ ਤੇ ਇਸ ਲਈ ਮਨੁੱਖ ਲਈ ਇਸ ਸਰੀਰ ਦਾ ਮਾਣ ਵੀ ਝੂਠਾ ਹੈ:

*ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥*
*ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥*[141]

ਅੰਤ ਵਿੱਚ ਗੁਰੂ ਸਾਹਿਬ ਸੰਸਾਰਕ ਮੋਹ ਦਾ ਤਿਆਗ ਕਰਨ ਉਪਰੰਤ ਮਨੁੱਖ ਨੂੰ ਆਪਣੇ ਮਨ ਤੇ ਕਾਬੂ ਪਾਉਣ ਦੀ ਸਿੱਖਿਆ ਵੀ ਦਿੰਦੇ ਹਨ ਕਿਉਂਕਿ ਮਨੁੱਖੀ ਮਨ ਬੜਾ ਚੰਚਲ ਹੈ ਅਤੇ ਇਹ ਸੰਸਾਰਕ ਪਦਾਰਥਾਂ ਦੇ ਪਿੱਛੇ ਲਗਾ ਹੋਇਆ ਹੈ। ਵੱਡੇ ਵੱਡੇ ਜੋਗੀਆਂ ਤਪੀਆਂ ਨੇ ਇਸਨੂੰ ਵੱਸ ਵਿੱਚ ਕਰਨ ਦੇ ਅਨੇਕਾਂ ਯਤਨ ਕੀਤੇ ਹਨ। ਪਰ ਅਸਫਲ ਰਹੇ ਹਨ। ਇਸ ਮਨ ਨੂੰ ਵੱਸ ਵਿਚ ਕਰਨ ਦਾ ਇਕੋ ਇਕ ਤਰੀਕਾ ਵਾਹਿਗੁਰੂ ਦੀ ਸ਼ਰਨ, ਵਾਹਿਗੁਰੂ ਦਾ ਨਾਮ ਅਤੇ ਵਿਸ਼ੇ-ਵਿਕਾਰਾਂ ਤੋਂ ਮੁਕਤੀ ਹਾਸਿਲ ਕਰਨੀ ਹੈ। ਜਿਹੜੇ ਜੀਵ ਅਜਿਹਾ ਕਰ ਲੈਂਦੇ ਹਨ ਉਹ ਹੀ ਅਸਲ ਵੈਰਾਗੀ ਮੰਨੇ ਜਾਂਦੇ ਹਨ:-

*ਸਾਧੋ ਇਹੁ ਮਨੁ ਗਹਿਓਨ ਜਾਈ॥*
*ਚੰਚਲ ਤ੍ਰਿਸਨਾ ਸੰਗਿ ਬਸਤ ਹੈ ਯਾ ਤੇ ਥਿਰੁ ਨਾ ਰਹਾਈ॥*
*ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥*

*ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥*

*ਜੋਗੀ ਜਤਨ ਕਰਤ ਸਭਿ ਹਾਰੈ ਗੁਨੀ ਰਹੇ ਗੁਨ ਗਾਈ॥*

*ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥*[142]

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚ ਪੇਸ਼ ਵੈਰਾਗ ਜੀਵਨ ਦਾ ਤਿਆਗ ਨਹੀਂ ਸਗੋਂ ਜੀਵਨ ਦੀ ਇਕ ਵਿਸ਼ੇਸ਼ ਵਿਧੀ ਦਾ ਤਿਆਗ ਹੈ। ਇਹ ਗਿਆਨ ਪ੍ਰਾਪਤੀ ਲਈ ਇਕ ਮਾਰਗ ਹੈ। ਇਸ ਅਵਸਥਾ ਤੇ ਪੁੱਜਣ ਲਈ ਸੰਸਾਰਕ ਵਸਤਾਂ ਦਾ ਤਿਆਗ, ਦੁੱਖ ਸੁੱਖ ਤੋਂ ਨਿਰਲੇਪਤਾ, ਵਿਸ਼ੇ ਵਿਕਾਰਾਂ ਦਾ ਤਿਆਗ ਜ਼ਰੂਰੀ ਹੈ ਤੇ ਸਭ ਤੋਂ ਵੱਡੀ ਗੱਲ ਉਸ ਪਰਮਾਤਮਾ ਦਾ ਨਾਮ ਜਪ ਕੇ ਉਸ ਵਿਚ ਅਭੇਦਤਾ ਪ੍ਰਾਪਤ ਕਰਨੀ ਸਭ ਤੋਂ ਜ਼ਰੂਰੀ ਕਰਮ ਹੈ। ਇਨ੍ਹਾਂ ਸਿਧਾਂਤਾਂ ਨੂੰ ਅਪਣਾ ਕੇ ਹੀ ਮਨੁੱਖ ਸੱਚਾ ਸਾਧਕ ਬਣ ਸਕਦਾ ਹੈ ਤੇ ਪਰਮਾਤਮਾ ਨਾਲ ਇਕਮਿਕਤਾ ਦਾ ਅਨੁਭਵ ਕਰ ਸਕਦਾ ਹੈ।

**ਗੁਰੂ ਗੋਬਿੰਦ ਸਿੰਘ ਜੀ**

ਖਾਲਸਾ ਕੌਮ ਦੇ ਸਿਰਜਕ ਬਾਦਸ਼ਾਹ ਦਰਵੇਸ਼ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪਟਨਾ ਦੀ ਧਰਤੀ 'ਤੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ' ਦੇ ਘਰ 'ਮਾਤਾ ਗੁਜਰੀ ਜੀ' ਦੀ ਦੀ ਕੁੱਖੋਂ 22 ਦਸੰਬਰ, 1666 ਈ: ਨੂੰ ਹੋਇਆ।[143] ਆਪਣੀ ਆਤਮ ਕਥਾ ਵਿੱਚ ਗੁਰੂ ਗੋਬਿੰਦ ਸਾਹਿਬ ਆਪਣੇ ਜੀਵਨ ਉਦੇਸ਼ ਨੂੰ ਸਪੱਸ਼ਟ ਕਰਦੇ ਲਿਖਦੇ ਹਨ ਕਿ ਮੈਨੂੰ ਪਰਮਾਤਮਾ ਨੇ ਧਰਮ ਦੇ ਪ੍ਰਚਾਰ ਪ੍ਰਸਾਰ ਕਰਨ ਅਤੇ ਇਸ ਕੰਮ ਵਿੱਚ ਰੁਕਾਵਟ ਬਣਨ ਵਾਲੇ ਦੋਖੀਆਂ ਦਾ ਨਾਸ਼ ਕਰਨ ਹਿੱਤ ਧਰਤੀ ਤੇ ਭੇਜਿਆ ਹੈ:-

*ਹਮ ਇਹ ਕਾਜ ਜਗਤ ਮੋ ਆਏ॥*

*ਧਰਮ ਹੇਤ ਗੁਰਦੇਵ ਪਠਾਏ॥*

*ਜਹਾਂ ਤਹਾਂ ਤੁਮ ਧਰਮ ਬਿਥਾਰੋ॥*

*ਦੁਸਟ ਦੋਖੀਅਨਿ ਪਕਰ ਪਛਾਰੋ॥*[144]

ਆਪ ਜੀ ਦਾ ਵਿਅਕਤੀਤਵ ਜਨਮ ਤੋਂ ਹੀ ਬਹੁਤ ਪ੍ਰਭਾਵਸ਼ਾਲੀ ਸੀ। 6 ਸਾਲ ਦੀ ਉਮਰ ਤੱਕ ਆਪ ਪਟਨੇ ਵਿੱਚ ਹੀ ਰਹੇ ਅਤੇ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਕੋਲ

ਆਨੰਦਪੁਰ ਸਾਹਿਬ ਬੁਲਾ ਲਿਆ। ਇਥੇ ਹੀ ਆਪ ਜੀ ਦੀ ਵਿੱਦਿਆ ਦਾ ਯੋਗ ਪ੍ਰਬੰਧ ਕੀਤਾ ਗਿਆ। ਆਪ ਨੇ ਫਾਰਸੀ, ਸੰਸਕ੍ਰਿਤ ਦਾ ਗਿਆਨ ਹਾਸਿਲ ਕਰਨ ਤੋਂ ਇਲਾਵਾ ਘੋੜ ਸਵਾਰੀ, ਤੀਰ ਅੰਦਾਜ਼ੀ, ਸੈਨਿਕ ਸਿੱਖਿਆ ਵਿੱਚ ਵਿਸ਼ੇਸ਼ ਮੁਹਾਰਤ ਹਾਸਿਲ ਕੀਤੀ। ਸਮਕਾਲੀਨ ਸਮਾਜਿਕ ਤੇ ਰਾਜਸੀ ਹਾਲਾਤ ਠੀਕ ਨਾ ਹੋਣ ਕਾਰਨ ਇਕ ਵਾਰ ਗੁਰੂ ਤੇਗ ਬਹਾਦਰ ਸਾਹਿਬ ਹਿੰਦੂ ਧਰਮ ਦੀ ਆਨ-ਸ਼ਾਨ ਬਰਕਰਾਰ ਰੱਖਣ ਹਿੱਤ ਸੋਚਾਂ ਵਿੱਚ ਪਏ ਸਨ ਕਿ ਬਾਲ ਗੋਬਿੰਦ ਰਾਇ ਨੇ ਖੇਲਦੇ-ਖੇਲਦੇ ਆ ਕੇ ਗੁਰੂ ਪਿਤਾ ਤੋਂ ਉਦਾਸੀ ਦਾ ਕਾਰਨ ਪੁੱਛਿਆ ਤਾਂ ਗੁਰੂ ਸਾਹਿਬ ਨੇ ਇਸਲਾਮੀ ਹਕੂਮਤ ਦੇ ਦੱਬ-ਦੱਬਾ ਹੇਠ ਕਸ਼ਮੀਰ ਹਿੰਦੂਆਂ ਦਾ ਦੁੱਖੜਾ ਗੁਰੂ ਜੀ ਨਾਲ ਸਾਂਝਾ ਕੀਤਾ। ਇਸ ਸਮੇਂ ਗੋਬਿੰਦ ਰਾਇ ਦੀ ਉਮਰ 9 ਸਾਲ ਦੀ ਸੀ। ਪਿਤਾ ਜੀ ਦੀ ਗੱਲ ਸੁਣ ਕੇ ਬੜੀ ਗੰਭੀਰਤਾ ਨਾਲ ਸੋਚਿਆ ਤੇ ਜਵਾਬ ਦਿੱਤਾ ਕਿ ਉਨ੍ਹਾਂ ਦੇ ਗੁਰੂ ਪਿਤਾ ਤੋਂ ਵੱਧ ਹੋਰ ਕਿਹੜੀ ਬਲਵਾਨ ਹਸਤੀ ਹੋ ਸਕਦੀ ਹੈ ਤੇ ਉਨ੍ਹਾਂ ਹਿੰਦੂ ਧਰਮ ਦੀ ਰੱਖਿਆ ਲਈ ਗੁਰੂ-ਪਿਤਾ ਨੂੰ ਮਹਾਨ ਬਲੀਦਾਨ ਦੇਣ ਲਈ ਪ੍ਰਾਰਥਨਾ ਕੀਤੀ। ਇਸ ਮਨੋਰਥ ਦੀ ਸਿੱਧੀ ਲਈ ਗੁਰੂ ਤੇਗ ਬਹਾਦਰ ਸਾਹਿਬ ਨੇ 11 ਨਵੰਬਰ 1675 ਈ: ਨੂੰ ਗੁਰੂਤਾ ਗੱਦੀ ਦੀ ਰਸਮ ਅਦਾ ਕਰਦੇ ਹੋਏ ਪੁੱਤਰ 'ਗੋਬਿੰਦ ਰਾਇ' ਦੇ ਮੋਢਿਆਂ 'ਤੇ ਗੁਰੂ ਨਾਨਕ ਦੀ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਅਤੇ ਸਮੁੱਚੀ ਮਨੁੱਖਤਾ ਦੇ ਭਲੇ ਦਾ ਉਪਦੇਸ਼ ਦਿੱਤਾ। ਅੰਤ 11 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਲੋਕ ਸਹਿਮ ਗਏ ਸਨ ਤੇ ਗੁਰੂ ਗੋਬਿੰਦ ਸਾਹਿਬ ਨੇ ਬੜੀ ਦੂਰ ਆਦੇਸ਼ੀ ਤੋਂ ਕੰਮ ਲਿਆ। ਉਹਨਾਂ ਨੇ ਇਸ ਸਮੇਂ ਸੈਨਿਕ ਗਤੀਵਿਧੀਆਂ ਨੂੰ ਹੋਰ ਜ਼ਿਆਦਾ ਵਧਾ ਦਿੱਤਾ। ਗੁਰੂ ਦਰਬਾਰ ਵਿੱਚ ਸ਼ਰਧਾਲੂ ਜੋ ਭੇਟਾ ਲੈ ਕੇ ਆਉਂਦੇ ਸਨ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸ਼ਸਤਰਾਂ, ਜੰਗੀ ਵਸਤੂਆਂ, ਘੋੜਿਆਂ ਨੂੰ ਭੇਟਾ ਦੇ ਰੂਪ ਵਿੱਚ ਦੇਣ ਲਈ ਪ੍ਰੇਰਿਤ ਕੀਤਾ ਤਾਂ ਕਿ ਸਿੱਖ ਕੌਮ ਨੂੰ ਨਵਾਂ ਰੂਪ ਦੇ ਕੇ ਜੋਸ਼ੀਲੀ ਕੌਮ ਬਣਾਇਆ ਜਾਵੇ।

ਗੁਰੂ ਸਾਹਿਬ ਪਟਨੇ ਤੋਂ ਆਨੰਦਪੁਰ ਆਏ ਤਾਂ ਉਨ੍ਹਾਂ ਉੱਥੇ ਪੰਜ ਕਿਲ੍ਹਿਆਂ ਆਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ, ਫਤਹਿਗੜ੍ਹ ਦਾ ਨਿਰਮਾਣ ਕਰਵਾਇਆ। ਇਥੇ ਹੀ ਗੁਰੂ ਸਾਹਿਬ ਨੇ ਕੌਮੀ ਉਸਾਰੀ ਲਈ ਸਾਹਿਤਕ ਰਚਨਾ ਵੱਲ ਧਿਆਨ ਦਿੱਤਾ। ਇਸ ਕੰਮ ਲਈ ਉਨ੍ਹਾਂ 52 ਕਵੀ ਆਪਣੇ ਕੋਲ ਰੱਖੇ। ਇਸ ਸਮੇਂ ਦੌਰਾਨ ਰਚੇ ਸਾਹਿਤ ਦੀ ਪ੍ਰਮੁੱਖ ਬਿਰਤੀ ਰਾਸ਼ਟਰੀ ਚੇਤਨਾ ਦਾ ਪਸਾਰ ਸੀ ਤੇ ਇਸ ਸਾਹਿਤ ਸਦਕਾ ਗੁਰੂ ਸਾਹਿਬ ਨੇ ਸਿੱਖਾਂ ਵਿੱਚ ਨਵੀਂ ਰੂਹ ਫੂਕ ਦਿੱਤੀ। ਇਸ ਸਮੇਂ ਦੌਰਾਨ ਗੁਰੂ ਸਾਹਿਬ ਨੂੰ ਦੇਸ਼

ਦੀ ਆਨ-ਸ਼ਾਨ ਦੀ ਖਾਤਿਰ ਕਈ ਵਾਰ ਪਹਾੜੀ ਰਾਜਿਆਂ ਨਾਲ ਯੁੱਧ ਵੀ ਕਰਨਾ ਪਿਆ। ਗੁਰੂ ਸਾਹਿਬ ਨੇ ਕੌਮ ਵਿੱਚ ਸਾਹਸ ਅਤੇ ਦਲੇਰੀ ਭਰਨੀ ਚਾਹੀ ਕਿਉਂਕਿ ਸਮਾਜ ਰਾਜਸੀ ਤੇ ਧਾਰਮਿਕ ਪੱਖੋਂ ਗੁਲਾਮੀ ਵਿੱਚ ਜਕੜਿਆ ਹੋਇਆ ਸੀ ਤੇ ਅਤਿ ਦੇ ਵਹਿਮਾਂ ਭਰਮਾਂ ਦਾ ਸ਼ਿਕਾਰ ਸੀ। ਗੁਰੂ ਸਾਹਿਬ ਨੇ ਲੋਕਾਂ ਵਿੱਚ ਸਮਾਜਿਕ, ਰਾਜਨੀਤਿਕ, ਧਾਰਮਿਕ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਕੱਟ ਕੇ ਸਵੈਮਾਨ ਅਤੇ ਅਣਖ ਭਰੇ ਜੀਵਨ ਜਿਉਣ ਦੀ ਜਾਚ ਸਿਖਾਈ।ਇਸ ਮਕਸਦ ਲਈ 1699 ਈ: ਵਿੱਚ ਪਹਿਲੀ ਵਿਸਾਖ ਵਾਲੇ ਦਿਨ ਕੇਸਗੜ੍ਹ ਵਿੱਚ ਇਕ ਭਾਰੀ ਇਕੱਠ ਕੀਤਾ ਗਿਆ।[145] ਗੁਰਬਾਣੀ ਦਾ ਪਾਠ ਤੇ ਕੀਰਤਨ ਮਗਰੋਂ ਕੁਝ ਦੇਰ ਬਾਅਦ ਗੁਰੂ ਸਾਹਿਬ ਨੰਗੀ ਤਲਵਾਰ ਹੱਥ ਵਿੱਚ ਫੜ ਕੇ ਮੰਚ ਤੇ ਆਏ ਤੇ ਇੱਕਠ ਵਿਚਲੇ ਲੋਕਾਂ ਨੂੰ ਸੀਸ ਭੇਟ ਕਰਨ ਲਈ ਮੰਗੀ ਕੀਤੀ। ਪਹਿਲਾਂ ਤਾਂ ਸੰਗਤ ਵਿੱਚ ਹਰ ਪਾਸੇ ਚੁੱਪ ਛਾ ਗਈ ਪਰ ਗੁਰੂ ਸਾਹਿਬ ਦੇ ਦੁਬਾਰਾ ਕਹਿਣ ਤੇ ਖੱਤਰੀ ਦਇਆ ਰਾਮ ਉੱਠਿਆ ਤੇ ਆਪਣੇ ਆਪ ਨੂੰ ਸੀਸ ਭੇਟ ਕਰਨ ਲਈ ਹਾਜ਼ਿਰ ਕੀਤਾ। ਗੁਰ ਸਾਹਿਬ ਉਸਨੂੰ ਤੰਬੂ ਵਿੱਚ ਲੈ ਗਏ ਤੇ ਲਹੂ ਨਾਲ ਭਰੀ ਤਲਵਾਰ ਲੈ ਕੇ ਫਿਰ ਸੀਸ ਭੇਟ ਦੀ ਮੰਗ ਕੀਤੀ। ਇਸ ਸਮੇਂ ਦੌਰਾਨ ਵਾਰੀ ਵਾਰੀ ਪਹਿਲਾਂ ਧਰਮ ਦਾਸ, ਫਿਰ ਮੋਹਕਮ ਚੰਦ, ਭਾਈ ਸਾਹਿਬ ਚੰਦ ਤੇ ਫਿਰ ਭਾਈ ਹਿੰਮਤ ਰਾਇ ਨੇ ਗੁਰੂ ਸਾਹਿਬ ਨੂੰ ਸੀਸ ਭੇਟ ਕੀਤੇ। ਗੁਰੂ ਸਾਹਿਬ ਨੇ ਇਨ੍ਹਾਂ ਪੰਜ ਸਿੱਖਾਂ ਨੂੰ ਨਵੇਂ ਕੱਪੜੇ ਤੇ ਸ਼ਸਤਰ ਧਾਰਨ ਕਰਵਾ ਕੇ ਸੰਗਤ ਦੇ ਸਾਹਮਣੇ ਲਿਆ ਖੜਾ ਕੀਤਾ। ਉਹਨਾਂ ਫਿਰ ਇਨ੍ਹਾਂ 'ਪੰਜ ਸਿੱਖਾਂ' ਨੂੰ ਗੁਰਬਾਣੀ ਦਾ ਪਾਠ ਕਰਦੇ ਹੋਏ ਅੰਮ੍ਰਿਤ ਜਲ ਤਿਆਰ ਕਰਕੇ ਅੰਮ੍ਰਿਤ ਛਕਾਇਆ ਅਤੇ ਇਨ੍ਹਾਂ ਨੂੰ 'ਖਾਲਸਾ' ਦਾ ਨਾਂ ਦਿੱਤਾ। ਉਹ ਸਾਰੇ ਸਿੱਖ ਦੀ ਥਾਂ 'ਸਿੰਘ' ਬਣ ਗਏ। ਸਿੱਖ ਇਤਿਹਾਸ ਵਿੱਚ ਜ਼ਿਕਰ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਪੰਜ ਸਿੰਘਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਫਿਰ ਖੁਦ ਇਨ੍ਹਾਂ ਪਾਸੋਂ ਅੰਮ੍ਰਿਤ ਛਕਿਆ ਤੇ 'ਆਪੇ ਗੁਰ ਆਪੇ ਚੇਲਾ' ਦੇ ਸਿਧਾਂਤ ਵਿੱਚ ਪਰਿਪੱਕਤਾ ਦਰਸਾਈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੰਜ ਕਕਾਰੀ (ਕੇਸ, ਕੜਾ, ਕੰਘਾ, ਕਿਰਪਾਨ, ਕਛਹਿਰਾ) ਵਰਦੀ ਪਹਿਨਾਈ ਅਤੇ ਸਿੱਖ ਧਰਮ ਦੇ ਸਿਧਾਂਤਾਂ ਇਕ ਪਰਮਾਤਮਾ ਵਿੱਚ ਵਿਸ਼ਵਾਸ਼, ਜਾਤ-ਪਾਤ, ਛੂਤ-ਛਾਤ ਦਾ ਖੰਡਨ ਕਰਕੇ ਸਭ ਨੂੰ ਸਮਾਨਤਾ ਦਾ ਹੱਕ ਦੇਣਾ, ਕੁਕਰਮਾਂ ਦਾ ਤਿਆਗ ਕਰਕੇ ਸਦਾਚਾਰ ਦੇ ਰਾਹ 'ਤੇ ਚਲਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਖਾਲਸਾ ਪੰਥ ਤਿਆਰ ਕੀਤਾ ਅਤੇ ਸਿੱਖ ਕੌਮ ਨੂੰ ਨਿਆਰਾਪਨ ਬਖਸ਼ਿਆ।

ਖਾਲਸਾ ਪੰਥ ਦੀ ਸਾਜਣਾ ਤੋਂ ਬਾਅਦ ਪਹਾੜੀ ਰਾਜੇ ਗੁਰੂ ਸਾਹਿਬ ਦੇ ਜੋਸ਼, ਦਲੇਰੀ ਅਤੇ ਸਿੱਖ ਕੌਮ ਵਿੱਚਲੀ ਇਕਮੁੱਠਤਾ ਤੋਂ ਡਰ ਗਏ। ਇਸ ਲਈ ਉਹਨਾਂ ਮੁਗਲ ਬਾਦਸ਼ਾਹ ਔਰੰਗਜ਼ੇਬ

ਨੂੰ ਸਿੱਖਾਂ ਖਿਲਾਫ ਭੜਕਾ ਕੇ ਅਨੰਦਪੁਰ ਦੇ ਕਿਲ੍ਹੇ ਤੇ ਘੇਰਾ ਪੁਆ ਦਿੱਤਾ। ਕਾਫੀ ਸਮਾਂ ਇਹ ਘੇਰਾ ਇਸੇ ਤਰ੍ਹਾਂ ਹੀ ਰਿਹਾ ਅਤੇ ਸਿੱਖ ਬੜੀ ਦਲੇਰੀ ਨਾਲ ਵੈਰੀਆਂ ਨਾਲ ਲੜਦੇ ਰਹੇ ਪਰ ਹੌਲੀ-ਹੌਲੀ ਕਿਲ੍ਹੇ ਅੰਦਰ ਖਾਣ-ਪੀਣ ਦੇ ਸਮਾਨ ਵਿੱਚ ਘਾਟ ਆ ਗਈ। ਸਿੱਖ ਤ੍ਰੇਹ ਨਾਲ ਕੁਰਲਾ ਰਹੇ ਸਨ ਜਿਸ ਸਦਕਾ ਕਈ ਸਿੱਖਾਂ ਦਾ ਸਿਦਕ ਡੋਲ ਗਿਆ ਸੀ। ਗੁਰੂ ਸਾਹਿਬ ਦੇ ਕਹਿਣ ਮੁਤਾਬਿਕ ਕਿ ਜੋ ਸਿੱਖ ਕਿਲ੍ਹਾ ਛੱਡ ਕੇ ਜਾਣਾ ਚਾਹੁੰਦੇ ਹਨ, ਜਾ ਸਕਦੇ ਹਨ ਤਾਂ 40 ਸਿੰਘ ਬੇਦਾਵਾ ਲਿਖ ਕੇ ਗੁਰੂ ਜੀ ਦਾ ਸਾਥ ਛੱਡ ਕੇ ਘਰੋਂ-ਘਰੀ ਚਲੇ ਗਏ। ਜਦ ਕਈ ਮਹੀਨਿਆਂ ਤੱਕ ਗੁਰੂ ਸਾਹਿਬ ਨੇ ਕਿਲ੍ਹਾ ਖਾਲੀ ਨਾ ਕੀਤਾ ਤਾਂ ਮੁਗਲ ਹਾਕਮਾਂ ਨੇ ਝੂਠੀਆਂ ਕਸਮਾਂ ਦੀ ਆੜ ਵਿੱਚ ਗੁਰੂ ਸਾਹਿਬ ਤੋਂ ਕਿਲ੍ਹਾ ਖਾਲੀ ਕਰਵਾ ਲਿਆ ਤੇ ਜਦ ਗੁਰੂ ਸਾਹਿਬ ਆਪਣੇ ਸਿੱਖਾਂ ਅਤੇ ਪਰਿਵਾਰ ਸਮੇਤ ਕਿਲ੍ਹਾ ਖਾਲੀ ਕਰਕੇ ਜਾ ਰਹੇ ਸਨ ਤਾਂ ਆਪਣੀਆਂ ਕਸਮਾਂ ਨੂੰ ਤੋੜਦੇ ਹੋਏ ਮੁਗਲ ਫੌਜਾਂ ਨੇ ਗੁਰੂ ਸਾਹਿਬ ਦੀਆ ਫੌਜਾਂ ਤੇ ਚੜ੍ਹਾਈ ਕਰ ਦਿੱਤੀ । ਰਾਤ ਦੇ ਸਮੇਂ ਸਰਸਾ ਨਦੀ ਦੇ ਕੰਢੇ ਜਦ ਮੁਗਲ ਫੋਜਾਂ ਦੀ ਚੜ੍ਹਾਈ ਦੀ ਖਬਰ ਸੁਣੀ ਤਾਂ ਗੁਰੂ ਜੀ ਦਾ ਸਾਰਾ ਕੀਮਤੀ ਸਾਹਿਤ, ਲਿਖਤਾਂ ਸਰਸਾ ਨਦੀ ਦੀ ਭੇਟ ਚੜ੍ਹ ਗਿਆ, ਸਾਰਾ ਪਰਿਵਾਰ ਇਕ ਦੂਜੇ ਤੋਂ ਨਿਖੜ ਗਿਆ, ਕਈ ਸਿੰਘ ਸ਼ਹੀਦ ਹੋ ਗਏ।

ਗੁਰੂ ਜੀ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਸਮੇਤ ਚਮਕੌਰ ਦੀ ਗੜੀ ਵਿੱਚ ਪੁੱਜੇ ਅਤੇ ਉਥੇ ਮੁਗਲਾਂ ਨਾਲ ਯੁੱਧ ਕਰਦੇ ਰਹੇ। ਗੁਰੂ ਸਾਹਿਬ ਅਤੇ ਪੰਜ ਸਿੱਖਾਂ ਤੋਂ ਇਲਾਵਾ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜਾਦੇ ਅਤੇ ਬਾਕੀ ਸਾਰੇ ਸਿੱਖ ਸ਼ਹੀਦ ਹੋ ਗਏ। ਪੰਜਾਂ ਸਿੱਖਾਂ ਦੇ ਕਹਿਣ ਅਨੁਸਾਰ ਗੁਰੂ ਸਾਹਿਬ ਗੜੀ ਵਿੱਚੋਂ ਨਿਕਲ ਕੇ ਮਾਛੀਵਾੜੇ ਦੇ ਜੰਗਲਾਂ ਵਿੱਚ ਚਲੇ ਗਏ। ਉਧਰ ਦੂਜੇ ਪਾਸੇ ਗੁਰੂ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਆਪਣੇ ਪਰਿਵਾਰ ਤੋਂ ਸਰਸਾ ਨਦੀ ਪਾਰ ਕਰਨ ਵੇਲੇ ਵਿਛੜ ਗਏ, ਉਹ ਰਸੋਈਏ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਖੇੜੀ ਪਹੁੰਚ ਗਏ। ਪਰ ਗੰਗੂ ਬ੍ਰਾਹਮਣ ਦੇ ਲਾਲਚੀ ਸੁਭਾਅ ਕਾਰਨ ਉਸਨੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਨਵਾਬ ਦੇ ਹਵਾਲੇ ਕਰ ਦਿੱਤਾ ਤੇ ਅੱਗੇ ਵਜ਼ੀਰ ਖਾਂ ਕੋਲ ਲਿਜਾ ਕੇ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਵਜ਼ੀਰ ਖਾਂ ਨੇ ਉਨ੍ਹਾਂ ਨਾਲ ਬਹੁਤ ਅਣਮਨੁੱਖੀ ਵਿਵਹਾਰ ਕੀਤਾ ਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ। ਅਜਿਹੀ ਸਥਿਤੀ ਵਿੱਚ ਬੱਚਿਆਂ ਦਾ ਦੁੱਖ ਨਾ ਸਹਾਰਦੇ ਹੋਏ ਬਿਰਧ ਮਾਤਾ ਜੀ ਨੇ ਵੀ ਪ੍ਰਾਣ ਤਿਆਗ ਦਿੱਤੇ।

ਇਸ ਤੋਂ ਕੁਝ ਚਿਰ ਬਾਅਦ ਗੁਰੂ ਸਾਹਿਬ ਦਮਦਮਾ ਸਾਹਿਬ ਆ ਗਏ। ਇਥੇ ਹੀ ਉਨ੍ਹਾਂ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਜਿਸ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਸ਼ਾਮਿਲ ਕਰਵਾਈ ਗਈ। ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਣ ਤੇ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਜਿਸ ਵਿੱਚ ਉਸਨੂੰ ਬਹੁਤ ਫਿਟਕਾਰਾਂ ਪਾਈਆਂ। ਫਿਰ ਗੁਰੂ ਸਾਹਿਬ ਦੱਖਣ ਵੱਲ ਜਾ ਕੇ ਨਾਂਦੇੜ ਪਹੁੰਚ ਗਏ ਅਤੇ ਇਥੇ ਮਾਧੋਦਾਸ ਬੈਰਾਗੀ ਸਾਧੂ ਨੂੰ ਅੰਮ੍ਰਿਤ ਛਕਾ ਕੇ 'ਬੰਦਾ ਸਿੰਘ ਬਹਾਦਰ' ਦਾ ਖਿਤਾਬ ਦਿੱਤਾ। ਉਨ੍ਹਾਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜ ਦਿੱਤਾ ਜਿਥੇ ਉਸਨੇ ਸਿੰਘਾਂ ਨੂੰ ਇਕੱਤਰ ਕਰਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਨਾਂਦੇੜ ਵਿੱਚ ਹੀ ਵਜ਼ੀਰ ਖਾਂ ਵੱਲੋਂ ਭੇਜੇ ਪਠਾਣ ਨੇ ਧੋਖੇ ਨਾਲ ਗੁਰੂ ਜੀ 'ਤੇ ਹਮਲਾ ਕਰ ਦਿੱਤਾ ਤੇ ਗੁਰੂ ਜੀ ਦੇ ਪੇਟ ਤੇ ਜ਼ਖਮ ਹੋ ਗਿਆ। ਇਹ ਜ਼ਖ਼ਮ ਪੂਰੀ ਤਰ੍ਹਾਂ ਠੀਕ ਨਾ ਹੋਇਆ ਤੇ ਅੰਤ ਉਹਨਾਂ ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ ਸਰੀਰਕ ਤੌਰ 'ਤੇ ਕਿਸੇ ਨੂੰ ਸਰੀਰਕ ਰੂਪ ਵਿੱਚ ਗੁਰਿਆਈ ਨਹੀਂ ਦਿੱਤੀ ਬਲਕਿ 1 ਅਕਤੂਬਰ 1708 ਈ:[146] ਨੂੰ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਨੂੰ ਗੁਰਿਆਈ ਬਖਸ਼ ਕੇ ਸਮੁੱਚੀ ਸਿੱਖ ਕੌਮ ਨੂੰ ਇਨ੍ਹਾਂ ਦੇ ਲੜ੍ਹ ਲਾਇਆ।

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਦੁਆਰਾ ਉਠਾਏ ਕ੍ਰਾਂਤੀਕਾਰੀ ਕਦਮਾਂ ਸਦਕਾ ਭਾਵੇਂ ਸਿੱਖਾਂ ਨੇ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ ਹਨ ਪਰ ਅਜਿਹੇ ਰਾਹ ਦੀ ਚਾਅਨਾ ਉਨ੍ਹਾਂ ਅੰਦਰ ਗੁਰੂ ਗੋਬਿੰਦ ਸਾਹਿਬ ਨੇ ਹੀ ਭਰੀ। ਗੁਰੂ ਸਾਹਿਬ ਦੇ ਯਤਨਾਂ ਸਦਕਾ ਸਦੀਆਂ ਤੋਂ ਸ਼ੋਸ਼ਣ ਅਤੇ ਵਿਤਕਰੇ ਦਾ ਸ਼ਿਕਾਰ ਹੁੰਦੇ ਚਲੇ ਆ ਰਹੇ ਭਾਰਤੀ ਸਮਾਜ ਅੰਦਰ ਹੁਣ ਜਾਗਰੁਕਤਾ ਪੈਦਾ ਹੋ ਗਈ ਸੀ, ਆਮ ਆਦਮੀ ਨੂੰ ਵੀ ਆਸ ਦੀ ਕਿਰਨ ਨਜ਼ਰ ਆਉਣੀ ਸ਼ੁਰੂ ਹੋ ਗਈ ਸੀ। ਉਨ੍ਹਾਂ ਆਪਣੇ ਆਪ ਨੂੰ ਹਥਿਆਰਬੰਦ ਅਤੇ ਦਲੇਰ ਬਣਾ ਲਿਆ ਸੀ। ਦੁਸ਼ਮਣਾਂ ਤੋਂ ਡਰ ਕੇ ਰਹਿਣ ਨਾਲੋਂ ਬਹਾਦਰੀ ਨਾਲ ਲੜ ਕੇ ਮਰਨ ਵਿੱਚ ਆਪਣੀ ਸ਼ਾਨ ਸਮਝਣ ਲੱਗ ਪਏ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕੌਮ ਅੰਦਰ ਇਕ ਨਵੀਂ ਕ੍ਰਾਂਤੀ ਤੇ ਵਿਲੱਖਣ ਪਹਿਚਾਣ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਹੈ।

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੈ ਕਿ ਸਿੱਖ ਧਰਮ ਦੇ ਆਗਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪੂਰਵ ਸਮਾਜ ਦੀ ਸਮਾਜਿਕ, ਰਾਜਨੀਤਕ, ਧਾਰਮਿਕ, ਆਰਥਿਕ ਤੇ ਸਭਿਆਚਾਰਕ ਵਿਵਸਥਾ ਅਤਿ ਗੰਭੀਰ ਸੰਕਟਮਈ ਦੌਰ ਵਿੱਚੋ ਗੁਜ਼ਰ ਰਹੀ ਸੀ। ਜਾਤ-ਪਾਤ ਦੇ ਇਸ ਭੇਦ-ਭਾਵ ਦੇ ਹੰਕਾਰ ਵਿੱਚ ਸਮਾਜ ਦਾ ਉੱਚ ਵਰਗ ਧਾਰਮਿਕ ਤੌਰ ਤੇ ਪਤਿਤ ਹੋ ਚੁੱਕਾ ਸੀ। ਚਾਰੇ ਪਾਸੇ

ਪਾਪ ਤੇ ਕੂੜ ਦਾ ਬੋਲ ਬਾਲਾ ਸੀ।ਬ੍ਰਾਹਮਣ ਗਿਆਨ ਦੇ ਹੰਕਾਰ ਅਤੇ ਕਰਮਕਾਂਡਾਂ ਦੁਆਰਾ ਲੋਕਾਂ ਤੇ ਅਤਿਆਚਾਰ ਕਰਕੇ ਉਹਨਾਂ ਨੂੰ ਕੁਰਾਹੇ ਪਾ ਰਹੇ ਸਨ ਅਤੇ ਸਦਾਚਾਰਕ ਕੀਮਤਾਂ ਦੇ ਪਤਨ ਹੋਣ ਨਾਲ ਉਸ ਯੁੱਗ ਵਿੱਚ ਧਰਮ ਗਿਰਾਵਟ ਦੀ ਇਸ ਹੱਦ ਤੱਕ ਸੀ ਕਿ ਜਨਮਾਨਸ ਅਡੰਬਰ, ਤੰਤ੍ਰ, ਜੰਤ੍ਰ, ਜਾਦੂ ਟੂਣਾ, ਤੀਰਥ ਵਰਤ, ਆਦਿ ਵਿੱਚ ਲਿਪਤ ਹੋ ਕੇ ਰਹਿ ਗਿਆ ਸੀ।

ਅੰਤ ਇਸ ਸਭ ਵਿੱਚੋਂ ਜਨਤਾ ਨੂੰ ਬਾਹਰ ਕੱਢਣ ਤੇ ਸੱਚ ਦਾ ਰਾਹ ਵਿਖਾਉਣ ਲਈ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਭ ਗੁਰੂ ਸਾਹਿਬਾਨ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਭਾਰਤ ਅਤੇ ਭਾਰਤ ਤੋਂ ਬਾਹਰ ਭ੍ਰਮਣ ਕਰਦਿਆਂ ਆਪਣੇ ਅਧਿਆਤਮਕ ਚਿੰਤਨ ਦਾ ਪਸਾਰਾ ਸ਼ਬਦ ਰੂਪ ਵਿੱਚ ਕੀਤਾ ਅਤੇ ਹਸੰਦਿਆ ਖੇਲੰਦਿਆ,ਪੈਨੰਦਿਆ, ਖਾਵੰਦਿਆ ਵਿਚੇ ਹੋਏ ਮੁਕਤਿ ਦਾ ਮਾਰਗ ਦਰਸਾਇਆ। ਦਸਾਂ ਗੁਰੂ ਸਾਹਿਬਾਨ ਦੇ ਯੋਗਦਾਨ ਸਦਕਾ ਸਿੱਖ ਧਰਮ ਇਕ ਵਿਲੱਖਣ ਧਰਮ ਦੇ ਰੂਪ ਵਿੱਚ ਸਥਾਪਿਤ ਹੈ ਤੇ ਅੱਜ ਦੇ ਸਮੇਂ ਵਿੱਚ ਦਸਾਂ ਗੁਰੂਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦੀ ਰਾਹਨੁਮਾਈ ਕਰ ਰਹੇ ਹਨ।

## ਹਵਾਲੇ ਅਤੇ ਟਿੱਪਣੀਆ

1. ਗਿਆਨੀ ਨਰੈਣ ਸਿੰਘ, ਵਾਰਾਂ ਭਾਈ ਗੁਰਦਾਸ ਜੀ ਸਟੀਕ ਵਾਰ 1, ਪਉੜੀ: 23
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1288
3. ਉਹੀ, ਅੰਗ : 145
4. ਉਹੀ, ਅੰਗ : 662
5. ਗਿਆਨੀ ਨਰੈਣ ਸਿੰਘ, ਉਹੀ ਵਾਰ 1 , ਪਉੜੀ : 27
6. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ : 161
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ਨੰ : 471
8. ਉਹੀ, ਅੰਗ : 471
9. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ : 162
10. ਉਹੀ, ਪੰਨਾ: 662
11. ਗਿ. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਪੰਨਾ : 35
12. ਉਹੀ, ਪੰਨਾ: 37
13. ਉਹੀ, ਪੰਨਾ: 38
14. ਉਹੀ, ਪੰਨਾ: 20
15. ਪ੍ਰਿੰ. ਸਤਬੀਰ ਸਿੰਘ, ਸਿੱਖ ਇਤਿਹਾਸ, ਪੰਨਾ : 128
16. ਗਿਆਨੀ ਨਰੈਣ ਸਿੰਘ- ਉਹੀ, ਵਾਰ 1, ਪਉੜੀ 25
17. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 470
18. ਉਹੀ, ਅੰਗ : 1008
19. ਉਹੀ, ਅੰਗ : 140
20. ਉਹੀ, ਅੰਗ : 730
21. ਉਹੀ, ਅੰਗ : 662
22. ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ - ਉਹੀ ਪੰਨਾ : 722

23. ਉਹੀ, ਅੰਗ : 140

24. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥ ਉਹੀ – ਪੰਨਾ : 1288

25. ਉਹੀ – ਅੰਗ : 991

26. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ : ਪੰਨਾ : 157–158

27. ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ : 1232

28. ਉਹੀ, ਅੰਗ : 467

29. ਉਹੀ, ਅੰਗ : 504

30. ਉਹੀ, ਅੰਗ : 635

31. ਉਹੀ, ਅੰਗ : 410

32. ਉਹੀ, ਅੰਗ : 722

33. ਉਹੀ, ਅੰਗ : 360

34. ਉਹੀ, ਅੰਗ : 473

35. ਉਹੀ, ਅੰਗ : 1

36. ਉਹੀ, ਅੰਗ : 4

37. ਉਹੀ, ਅੰਗ : 440

38. ਉਹੀ, ਅੰਗ : 462

39. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ ਪੰਨਾ : 106

40. ਉਹੀ – ਪੰਨਾ : 107

41. ਜੋਗਿੰਦਰ ਸਿੰਘ ਮਹਿਮਾ ਪ੍ਰਕਾਸ਼ ਪੰਨਾ : 53

42. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 474

43. ਉਹੀ, ਅੰਗ : 1239

44. ਗਿਆਨੀ ਨਰੈਣ ਸਿੰਘ, ਉਹੀ – ਵਾਰ 1, ਪਉੜੀ – 45

45. ਉਹੀ, ਵਾਰ 24 ਪਉੜੀ : 8

46. ਰਤਨ ਸਿੰਘ ਜੱਗੀ, ਉਹੀ ; ਪੰਨਾ : 105

47. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 463

48. ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ ਉਹੀ, ਅੰਗ : 791

49. ਉਹੀ ਅੰਗ : 466

50. ਉਹੀ ਅੰਗ : 966

51. ਸਰਬਜਿੰਦਰ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ, ਗੁਰੂ ਅੰਗਦ ਦੇਵ ਵਿਸ਼ੇਸ਼ ਅੰਕ, ਪੰਨਾ : 99

52. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 138

53. ਰਤਨ ਸਿੰਘ ਜੱਗੀ, ਉਹੀ – ਪੰਨਾ : 106

54. ਉਹੀ, ਪੰਨਾ: : 106

55. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 966

56. ਉਹੀ ਅੰਗ :1396

57. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ : 324

58. ਉਹੀ – ਸਹਜ ਅਤੇ ਆਨੰਦ– ਪੰਨਾ : 18

59. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆ ਕਾ, ਪੰਨਾ : 29

60. ਕਾਲਾ ਸਿੰਘ ਬੇਦੀ, ਖੋਜ ਪੱਤ੍ਰਿਕਾ, ਗੁਰੂ ਅਮਰਦਾਸ ਵਿਸ਼ੇਸ਼ ਅੰਕ, ਪੰਨਾ : 16

61. ਜੋਗਿੰਦਰ ਸਿੰਘ, ਮਹਿਮਾ ਪ੍ਰਕਾਸ਼, ਪੰਨਾ : 29

62. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ : 52

63. ਗਿਆਨੀ ਨਰੈਣ ਸਿੰਘ – ਉਹੀ – ਵਾਰ 1 ਪਉੜੀ 46

64. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ : 49

65. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1051

66. ਉਹੀ, ਅੰਗ : 918

67. ਉਹੀ, ਅੰਗ : 1064

68. ਉਹੀ, ਅੰਗ : : 161

69. ਉਹੀ, ਅੰਗ : ਨਾ : 111

70. ਉਹੀ, ਅੰਗ : : 161

71. ਉਹੀ, ਅੰਗ : : 922

72. ਉਹੀ, ਅੰਗ : : 787

73. ਉਹੀ, ਅੰਗ : : 968

74. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ , ਅੰਗ : 53

75. ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ, ਪੰਨਾ : 24

76. ਭਾਈ ਕੰਕਣ, ਸੰਖੇਪ ਦਸ ਗੁਰੂ ਕਥਾ, ਪੰਨਾ : 34

77. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆ ਕਾ ਪੰਨਾ : 69

78. ਰਤਨ ਸਿੰਘ ਜੱਗੀ, ਉਹੀ ਪੰਨਾ : 106

79. ਹਿੰਮਤ ਸਿੰਘ ਸੋਢੀ, ਗੁਰੂ ਰਾਮਦਾਸ : ਜੀਵਨ ਤੇ ਰਚਨਾ ਪੰਨਾ : 81

80. ਕੇਸਰ ਸਿੰਘ ਛਿੱਬਰ, ਉਹੀ ਪੰਨ : 69

81. ਹਿੰਮਤ ਸਿੰਘ ਸੋਢੀ, ਉਹੀ, ਪੰਨਾ : 7

82. ਮੈਕਾਲਿਫ, ਸਿੱਖ ਇਤਿਹਾਸ ਪੰਨਾ : 111

83. ਗੋਬਿੰਦ ਸਿੰਘ ਮਨਸੁਖਾਨੀ, ਗੁਰੂ ਰਾਮਦਾਸ ਜੀਵਨ, ਬਾਣੀ ਅਤੇ ਫਲਸਫਾ, ਪੰਨਾ : 27

84. ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ, ਪੰਨਾ : 8

85. ਹਰਜਿੰਦਰ ਸਿੰਘ ਢਿਲੋਂ, ਗੁਰੂ ਰਾਮਦਾਸ ਜੀਵਨ ਤੇ ਰਚਨਾ, ਪੰਨਾ : 10

86. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1362

87. ਸਾਹਿਬ ਸਿੰਘ, ਉਹੀ – ਅੰਗ : 39

88. ਗਿਆਨੀ ਨਰੈਣ ਸਿੰਘ, ਉਹੀ, ਵਾਰ 1, ਪਉੜੀ 47

89. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 968

90. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨਾ : 361-362

91. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1200

92. ਗੰਡਾ ਸਿੰਘ ਤੇਜਾ ਸਿੰਘ, ਉਹੀ – ਪੰਨਾ : 26

93. ਗਿਆਨੀ ਨਰੈਣ ਸਿੰਘ, ਉਹੀ, ਵਾਰ1, ਪਉੜੀ 47

94. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 846

95. ਜੋਧ ਸਿੰਘ, ਗੁਰੂ ਅਰਜਨ ਦੇਵ ਸ਼ਹੀਦੀ ਤੇ ਰਚਨਾ : ਪੰਨਾ : 54

96. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1406

97. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ : 281

98. ਉਹੀ, ਪੰਨਾ: 71

99. ਉਹੀ, ਪੰਨਾ: 281

100. ਹਰਬੰਸ ਸਿੰਘ, ਦਸ ਗੁਰੂ ਸਾਹਿਬਾਨ, ਪੰਨਾ : 17

101. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀਵਨ ਅਤੇ ਬਾਣੀ, ਪੰਨਾ : 92

102. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 12

103. ਰਤਨ ਸਿੰਘ ਜੱਗੀ ਉਹੀ – ਪੰਨਾ : 256

104. ਮਹਿੰਦਰ ਕੌਰ ਗਿੱਲ, ਉਹੀ – ਪੰਨਾ : 37–38

105. ਉਹੀ, ਪੰਨਾ: : 25

106. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ : 281

107. ਉਹੀ, ਅੰਗ : 396

108. ਪ੍ਰਿੰ: ਸਤਿਬੀਰ ਸਿੰਘ ਸਾਡਾ ਇਤਿਹਾਸ, ਪੰਨਾ : 269

109. ਪ੍ਰਿੰ: ਸਤਿਬੀਰ ਸਿੰਘ, ਸਾਡਾ ਇਤਿਹਾਸ, ਪੰਨਾ : 278

110. ਉਹੀ, ਪੰਨਾ: 283

111. ਉਹੀ, ਪੰਨਾ: 298

112. ਹਰਿਬੰਸ ਸਿੰਘ, ਦਸ ਗੁਰੂ ਸਾਹਿਬਾਨ : ਪੰਨਾ : 130

113. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 466

114. ਹਰਿਬੰਸ ਸਿੰਘ, ਦਸ ਗੁਰੂ ਸਾਹਿਬਾਨ : ਪੰਨਾ : 156

115. ਉਹੀ, ਪੰਨਾ: 147

116. ਪ੍ਰਿੰ:ਸਤਿਬੀਰ ਸਿੰਘ, ਸਾਡਾ ਇਤਿਹਾਸ – ਪੰਨਾ : 325

117. ਉਹੀ, ਪੰਨਾ: 326

118. ਉਹੀ, ਪੰਨਾ: 329

119. ਉਹੀ, ਪੰਨਾ: 339

120. ਉਹੀ, ਪੰਨਾ: 350

121. ਬਚਿਤ੍ਰ ਨਾਟਕ – ਭਾਗ– ਪੰਜਵਾਂ

122. – ਉਹੀ – ਭਾਗ – ਪੰਜਵਾਂ

123. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 634

124. ਉਹੀ, ਅੰਗ : 1259

125. ਉਹੀ, ਅੰਗ : 1426

126. ਉਹੀ, ਅੰਗ : 1426

127. ਉਹੀ, ਅੰਗ : 633

128. ਉਹੀ, ਅੰਗ : 684

129. ਉਹੀ, ਅੰਗ : 631

130. ਉਹੀ, ਅੰਗ : 219

131. ਉਹੀ, ਅੰਗ : 1186

132. ਉਹੀ, ਅੰਗ : 830

133. ਉਹੀ, ਅੰਗ : 219

134. ਉਹੀ, ਅੰਗ : 727

135. ਉਹੀ, ਅੰਗ : 1428

136. ਉਹੀ, ਅੰਗ : 1429

137. ਉਹੀ, ਅੰਗ : : 1429

138. ਉਹੀ, ਅੰਗ : : 1427

139. ਉਹੀ, ਅੰਗ : : 1426

140. ਉਹੀ, ਅੰਗ : : 536

141. ਉਹੀ, ਅੰਗ : : 634

142. ਉਹੀ, ਅੰਗ : : 219

143. ਪ੍ਰਿੰ: ਸਤਿਬੀਰ ਸਿੰਘ, ਸਾਡਾ ਇਤਿਹਾਸ – ਪੰਨਾ : 341

144. ਬਚਿੱਤਰ ਨਾਟਕ, ਭਾਗ ਛੇਵਾਂ

145. ਪ੍ਰਿੰ: ਸਤਿਬੀਰ ਸਿੰਘ ਸਾਡਾ ਇਤਿਹਾਸ, ਪੰਨਾ : 392

146. ਹਰਿਬੰਸ ਸਿੰਘ, ਦਸ ਗੁਰੂ ਸਾਹਿਬਾਨ ਪੰਨਾ : 370

## ਅਧਿਆਇ ਤੀਜਾ

# ਸਿੱਖ ਸਮਾਜ ਸਾਹਮਣੇ ਆਧੁਨਿਕ, ਸਿਧਾਂਤਕ ਅਤੇ ਵਿਵਹਾਰਕ ਚੁਣੌਤੀਆਂ

**ਜਾਣ ਪਛਾਣ :**

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਆਪਣੇ ਰਹੱਸਮਈ ਅਨੁਭਵ ਵਿਚੋਂ ਜੋ ਇਲਾਹੀ ਬਾਣੀ ਦਾ ਪ੍ਰਕਾਸ਼ ਹੋਇਆ ਉਸਨੇ ਸਮੁੱਚੇ ਭਾਰਤ ਕੀ ਸਮੁੱਚੀ ਕਾਇਨਾਤ ਵਿੱਚ ਇਕ ਨਵੀਂ ਕ੍ਰਾਂਤੀ ਨੂੰ ਜਨਮ ਦਿੱਤਾ। ਜਿਸਦੇ ਫਲਸਰੂਪ ਇਕ ਨਵਾਂ ਸਮਾਜਿਕ-ਧਾਰਮਿਕ ਭਾਈਚਾਰਾ 'ਸਿੱਖ ਪੰਥ' ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਇਆ। ਇਸ ਭਾਈਚਾਰੇ ਨੇ ਜ਼ੁਲਮ ਅਤੇ ਜ਼ਾਲਮਾਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਉਨ੍ਹਾਂ ਨਾਲ ਮੁਕਾਬਲਾ ਕਰਦੇ ਹੋਏ ਅਟਕ ਦਰਿਆ ਤੋਂ ਲੈ ਕੇ ਜਮਨਾ ਤੱਕ ਆਪਣੇ ਬਲ 'ਤੇ ਨਾ ਕੇਵਲ ਸਿੱਖ ਰਾਜ ਦੀ ਸਥਾਪਨਾ ਹੀ ਕੀਤੀ ਬਲਕਿ ਹਿੰਦੁਸਤਾਨ ਉਪਰ ਚੜਾਈ ਕਰਨ ਵਾਲੇ ਵਿਦੇਸ਼ੀ ਹਮਲਾਵਰਾਂ ਤੇ ਧਾੜਵੀਆਂ ਦਾ ਹਮੇਸ਼ਾਂ ਹਮੇਸ਼ਾਂ ਲਈ ਮੂੰਹ ਮੋੜ ਕੇ ਰੱਖ ਦਿੱਤਾ। ਸਿੱਖ ਪੰਥ ਆਪਣੇ ਗੌਰਵਮਈ ਅਤੇ ਲਾਸਾਨੀ ਇਤਿਹਾਸ ਦੇ ਇਕ ਨਵੀਨ ਅਤੇ ਅਚੰਭਿਤ, ਪਰ ਉੱਜਵਲ ਤੇ ਹੋਣੀਆਂ ਭਰਪੂਰ ਹਾਲਾਤਾਂ ਵਿਚੋਂ ਲੰਘ ਰਿਹਾ ਹੈ ਜਿਥੇ ਪੈਰ-ਪੈਰ ਤੇ ਮੁਸ਼ਕਿਲਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਤਾਂ ਦੇ  ਬਦਲਣ ਨਾਲ ਸਿੱਖ ਪੰਥ ਵਿੱਚ ਵੀ ਬਹੁਤ ਕੁਝ ਪਰਿਵਰਤਿਤ ਹੋ ਰਿਹਾ ਹੈ। ਅੱਜ ਅਸੀਂ ਦੇਖਦੇ ਹਾਂ ਕਿ ਗਲੋਬਲਾਈਜ਼ੇਸ਼ਨ ਅਤੇ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਸਮੁੱਚਾ ਸੰਸਾਰ ਹੀ ਸੁੰਗੜ ਕੇ ਇਕ ਸ਼ਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ । ਦੁਨੀਆਂ ਦੇ ਕਿਸੇ ਵੀ ਹਿੱਸੇ ਦੀ, ਕਿਸੇ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ, ਕਿਤੇ ਬਾਹਰ ਜਾਣ ਦੀ ਜ਼ਰੂਰਤ ਨਹੀਂ ਬਲਕਿ ਘਰ ਬੈਠੇ ਹੀ ਮਿੰਟਾਂ ਸਕਿੰਟਾਂ ਵਿੱਚ ਪੂਰੇ ਵਿਸ਼ਵ ਦੀ ਜਾਣਕਾਰੀ ਅਸੀਂ ਇੰਟਰਨੈਟ ਦੀ ਸਹਾਇਤਾ ਨਾਲ ਪ੍ਰਾਪਤ ਕਰ ਸਕਦੇ ਹਾਂ। ਸੰਭਵ ਹੈ ਕਿ ਵਿਗਿਆਨ ਅਤੇ ਤਕਨੀਕੀ ਦੌਰ ਵਿੱਚ ਜੋ ਕੁਝ ਵੀ ਵਾਪਰ ਰਿਹਾ ਹੈ ਜਾਂ ਕੁਝ ਵੀ ਨਵਾਂ ਆ ਰਿਹਾ ਹੈ, ਮਨੁੱਖੀ ਜਿੰਦਗੀ ਲਈ ਅਤਿਅੰਤ ਲਾਹੇਵੰਦ ਤਾਂ ਹੈ ਤੇ ਨਾਲ ਹੀ ਹਰ ਪ੍ਰਕਾਰ ਦੀਆਂ ਮਨੁੱਖੀ ਕੀਮਤਾਂ ਨੂੰ ਵੀ ਇਹ ਜ਼ਰੂਰ ਪ੍ਰਭਾਵਿਤ ਕਰੇਗਾ। ਇਸ ਨਾਲ ਮਨੁੱਖੀ ਜ਼ਿੰਦਗੀ ਸੁੱਖ-ਸਹੂਲਤਾਂ ਭਰਪੂਰ ਵੀ ਹੋ ਜਾਵੇਗੀ ਪਰ ਇਸ ਨਾਲ ਅਤਿਅੰਤ ਗੰਭੀਰ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਵੇਗਾ। ਜਦ ਹੁਣ ਵਿਗਿਆਨਕ ਦੌਰ ਵਿੱਚ ਕੁਝ ਇਸੇ ਤਰ੍ਹਾਂ ਦਾ ਵਾਪਰ ਵੀ ਰਿਹਾ ਹੈ ਕਿ ਮਨੁੱਖੀ ਜੀਵਨ ਦੇ ਹਰ ਪੱਖ ਵਿੱਚ ਕੁਝ ਕੁ ਸਮੱਸਿਆਵਾਂ ਆਪਣਾ ਗੰਭੀਰ ਰੂਪ ਧਾਰਨ ਕਰਨ ਲੱਗ ਪਈਆਂ ਹਨ। ਇਹ ਸਮੱਸਿਆਵਾ ਅਤੇ ਚੁਣੋਤੀਆਂ

ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਹਰ ਖੇਤਰ ਵਿੱਚ ਦੇਖਣ ਨੂੰ ਮਿਲਦੀਆਂ ਹਨ।ਜੇਕਰ ਸ਼ੁਰੂਆਤੀ ਦੌਰ ਵਿੱਚ ਹੀ ਅਜਿਹੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਅਸੀਂ ਚੇਤੰਨ ਜਾਂ ਤਾਰਕਿਕ ਨਾ ਹੋਏ, ਇਨ੍ਹਾਂ ਦੇ ਹੱਲ ਲਈ ਕੋਈ ਠੋਸ ਕਦਮ ਨਾ ਉਠਾਏ ਤਾਂ ਇਹ ਸਮੱਸਿਆਵਾਂ ਤੇ ਚੁਣੌਤੀਆਂ ਸਗੋਂ ਹੋਰ ਵੀ ਗੰਭੀਰ ਰੂਪ ਧਾਰਨ ਕਰ ਲੈਣਗੀਆਂ ਜਿਥੇ ਕਿ ਇਨ੍ਹਾਂ ਦਾ ਸਮਾਧਾਨ ਕਰਨ ਦੀ ਬਜਾਏ ਸਮੱਸਿਆਵਾਂ ਹੋਰ ਵੱਧ ਜਾਣਗੀਆਂ। ਇਹ ਮਨੁੱਖੀ ਹੋਂਦ ਲਈ ਸਭ ਤੋਂ ਵੱਡਾ ਖਤਰਾ ਹੈ। ਇਸ ਨਾਲ ਮਨੁੱਖੀ ਹੋਂਦ ਹਮੇਸ਼ਾ ਹਮੇਸ਼ਾ ਲਈ ਖਤਮ ਹੀ ਹੋ ਜਾਵੇਗੀ। ਜਦ ਇਨ੍ਹਾਂ ਸਮੱਸਿਆਵਾਂ ਨੇ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ ਤਾਂ ਨਿਸ਼ਚਿਤ ਹੈ ਕਿ ਧਰਮ ਵੀ ਇਨ੍ਹਾਂ ਦੀ ਗ੍ਰਿਸਤ ’ਚੋ ਕਿਤੇ ਲੁਪਤ ਨਹੀਂ ਰਿਹਾ ਹੋਵੇਗਾ। ਇਨ੍ਹਾਂ ਦਾ ਪ੍ਰਭਾਵ ਧਰਮ ਦੇ ਖੇਤਰ ਵਿੱਚ ਵੀ ਜ਼ਰੂਰ ਪਿਆ ਹੋਵੇਗਾ ਤੇ ਪਿਆ ਵੀ ਹੈ। ਮਨੁੱਖੀ ਜੀਵਨ ਵਿੱਚ ਇਨ੍ਹਾਂ ਸਮੱਸਿਆਵਾਂ ਨੇ ਧਰਮ ਨੂੰ ਇੰਨਾ ਪ੍ਰਭਾਵਿਤ ਕੀਤਾ ਹੈ ਕਿ ਇਹ ਗੱਲ ਸੋਚਣ ਲਈ ਮਜ਼ਬੂਰ ਹੋਣਾ ਪਿਆ ਹੈ ਕਿ ਮੌਜੂਦਾ ਸਮੇਂ ਵਿੱਚ ਧਰਮ ਦੀ ਕੋਈ ਸਾਰਥਿਕਤਾ ਹੈ ਵੀ ਕਿ ਨਹੀਂ। ਧਰਮ ਮਨੁੱਖੀ ਹੋਂਦ ਵਿੱਚ ਕੋਈ ਸਥਾਨ ਰੱਖਦਾ ਹੈ ਜਾਂ ਧਰਮ ਦੀ ਆਪਣੀ ਕੋਈ ਵਿਸ਼ੇਸ਼ ਪਛਾਣ ਵੀ ਹੈ ਜਾਂ ਨਹੀਂ ?

ਸੰਸਾਰ ਦੇ ਸਾਰੇ ਧਰਮਾਂ ਵਿੱਚ ਸਿੱਖ ਧਰਮ ਇਕ ਲਾਸਾਨੀ ਤੇ ਸਭ ਤੋਂ ਜੁਆਨ ਧਰਮ ਹੈ। ਸਿੱਖ ਧਰਮ ਦਾ ਮੁੱਢ ਅਜਿਹੇ ਸੂਰਬੀਰਾਂ ਤੇ ਯੋਧਿਆਂ ਤੋਂ ਬੱਝਿਆ ਹੈ ਕਿ ਇਸ ਦੇ ਦਰਪੇਸ਼ ਕੋਈ ਚੁਣੌਤੀ ਨੂੰ ਵੀ ਇਹ ਨਕਾਰਦਾ ਨਹੀਂ ਬਲਕਿ ਸਾਹਮਣੇ ਆਈ ਹਰ ਚੁਣੌਤੀ ਨੂੰ ਖਿੜੇ ਮੱਥੇ ਸਵੀਕਾਰ ਕਰਕੇ ਇਸਦਾ ਕੋਈ ਸਥਾਈ ਰੂਪ ਵਿੱਚ ਹੱਲ ਵੀ ਕਰਦਾ ਹੈ। ਸਿੱਖ ਪੰਥ ਦਾ ਦਾਇਰਾ ਹੁਣ ਕੇਵਲ ਪੰਜਾਬ ਤੱਕ ਹੀ ਸੀਮਤ ਨਹੀਂ ਬਲਕਿ ਇਹ ਭਾਰਤ ਦੇ ਹਰ ਖਿੱਤੇ, ਇਥੋਂ ਤੱਕ ਕਿ ਵਿਸ਼ਵ ਭਰ ਵਿੱਚ ਇਸ ਦਾ ਪਾਸਾਰ ਹੋ ਗਿਆ ਹੈ। ਹਰ ਵਿਦੇਸ਼ੀ ਮੁਲਕ ਵਿੱਚ ਵੀ ਸਿੱਖ ਆਬਾਦ ਹੋ ਚੁੱਕੇ ਹਨ ਤੇ ਪੈਰ-ਪੈਰ ’ਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਜੇਕਰ ਇਤਿਹਾਸ ’ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਜੋ ਕਿ ਆਤਮਿਕ ਮੰਡਲਾਂ ਦੇ ਸਵਾਮੀ ਸਨ, ਰੱਬੀ ਨੂਰ ਨਾਲ ਭਰਪੂਰ ਸਨ, ਅਗੰਮੀ ਦੂਰ-ਦ੍ਰਿਸ਼ਟੀ ਦੇ ਮਾਲਿਕ ਸਨ, ਪਰ ਉਹ ਵੀ ਸੰਸਾਰ ਵਿੱਚ ਵਿਚਰਦੇ ਹੋਏ ਚੁਣੌਤੀਆਂ ਜਾਂ ਸਮੱਸਿਆਵਾਂ ਤੋਂ ਨਿਰਲੇਪ ਨਹੀ ਰਹੇ। ਉਨ੍ਹਾਂ ਨੇ ਜਨਮ ਤੋਂ ਅਖੀਰ ਤੱਕ ਸਾਰਾ ਜੀਵਨ ਹੀ ਮਾਨਵ ਨੂੰ ਸਮਾਜ ਵਿੱਚ ਫੈਲੇ ਕਈ ਤਰ੍ਹਾਂ ਦੇ ਕਰਮ-ਕਾਂਡ, ਵਹਿਮ-ਭਰਮ, ਜਾਤ-ਪਾਤ, ਉਚ-ਨੀਚ ਦੇ ਭੇਦਭਾਵ ਵਿਚੋਂ ਕੱਢਣ ਲਈ ਪੁਰਜ਼ੋਰ ਯਤਨ ਕੀਤੇ।

ਗੁਰੂ ਨਾਨਕ ਸਾਹਿਬ ਨੇ ਵੀ ਸਮੇਂ ਦੇ ਸਮਾਜ ਵਿੱਚ ਭ੍ਰਿਸ਼ਟ ਵਾਤਾਵਰਨ ਦੀ ਕਰੜੇ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਉਸ ਸਮੇਂ ਮੁਸਲਮਾਨੀ ਹਕੂਮਤ ਹੋਣ ਕਰਕੇ ਆਮ ਭਾਰਤੀ ਜਨਤਾ ਨੂੰ ਕਈ ਪ੍ਰਕਾਰ ਦੀਆਂ ਮੁਸੀਬਤਾਂ ਨਾਲ ਜੂਝਣਾ ਪੈਂਦਾ ਸੀ। ਉਸ ਸਮੇਂ ਹਿੰਦੂਆਂ ਦੇ ਮੰਦਰਾਂ ਤੇ ਟੈਕਸ ਲਗਾਉਣਾ, ਜ਼ਬਰੀ ਧਰਮ ਪਰਿਵਰਤਨ ਜਿਹੇ ਅਤਿ ਘਿਣੋਨੇ ਕੰਮ ਕਰਵਾ ਕੇ ਕਈ ਤਰ੍ਹਾਂ ਨਾਲ ਉਨ੍ਹਾਂ ਦੀ ਦੁਰਦਸ਼ਾ ਕੀਤੀ ਜਾਂਦੀ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਹਰ ਪਾਸੇ ਜ਼ੁਲਮ ਹੀ ਜ਼ੁਲਮ ਦਾ ਬੋਲਬਾਲਾ ਸੀ, ਕੋਈ ਵੀ ਆਪਣਾ ਸੰਗੀ-ਮਿੱਤਰ ਤਾਂ ਲੱਗਦਾ ਹੀ ਨਹੀਂ ਸੀ ਜਿਸ ਬਾਰੇ ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਸਪਸ਼ਟੀਕਰਨ ਮਿਲਦਾ ਹੈ:-

*ਨਾਨਕ ਦੁਨੀਆ ਕੈਸੀ ਹੋਈ॥*
*ਸਾਲਕੁ ਮਿਤੁ ਨ ਰਹਿਓ ਕੋਈ॥* [1]

ਉਸ ਸਮੇਂ ਦੇ ਦੌਰ ਤੇ ਅੱਜ ਦੇ ਮੌਜੂਦਾ ਹਾਲਾਤਾਂ ਨੂੰ ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਅੱਜ ਦਾ ਮਨੁੱਖ ਵੀ ਲੱਗਦਾ ਹੈ ਕਿ ਕਈ ਵਾਰ ਅਜਿਹੇ ਦੌਰ ਵਿਚੋਂ ਹੀ ਗੁਜ਼ਰ ਰਿਹਾ ਹੈ। ਸਮਾਜ ਵਿੱਚ ਅਜੇ ਵੀ ਕਈ ਸਮੱਸਿਆਵਾਂ ਅਜਿਹੀਆਂ ਹਨ ਜੋ ਕਿ ਚੁਣੌਤੀਆਂ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆ ਰਹੀਆਂ ਹਨ ਕਿ ਮਨੁੱਖ ਨੂੰ ਮਨੁੱਖ ਹੋਣ ਦੀ ਪਹਿਚਾਣ ਦਾ ਖਤਰਾ ਵੀ ਬਣਿਆ ਹੋਇਆ ਹੈ। ਅਜਿਹੀਆਂ ਹੀ ਸਮੱਸਿਆਵਾਂ ਦਾ ਜ਼ਿਕਰ ਅਸੀਂ ਇਥੇ ਕਰ ਰਹੇ ਹਾਂ।ਇਹ ਸਮੱਸਿਆਵਾਂ ਆਧੁਨਿਕ, ਵਿਵਹਾਰਕ ਅਤੇ ਸਿਧਾਂਤਕ ਰੂਪ ਵਿੱਚ ਸਮਾਜ ਨੂੰ ਖੋਰਾ ਲਾ ਰਹੀਆਂ ਹਨ। ਭਾਵੇਂ ਕਿ ਅੱਜ ਦਾ ਮਨੁੱਖ ਇਸ ਵਿਗਿਆਨਕ ਯੁੱਗ ਦੀ ਭੱਜ-ਦੋੜ ਵਿੱਚ ਇਨ੍ਹਾਂ ਸਮੱਸਿਆਵਾਂ ਨੂੰ ਨਜ਼ਰ ਅੰਦਾਜ਼ ਕਰ ਰਿਹਾ ਹੈ ਪਰ ਇਹ ਸਮੱਸਿਆਵਾਂ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਹਨ। ਇਹ ਸਮੱਸਿਆਵਾਂ ਅਤੇ ਚੁਣੋਤੀਆਂ ਇਸ ਪ੍ਰਕਾਰ ਹਨ:-

## 1. ਆਧੁਨਿਕ ਚੁਣੌਤੀਆਂ :

ਅੱਜ ਦੇ ਵਿਗਿਆਨਕ ਯੁੱਗ ਵਿੱਚ ਸਿੱਖ ਸਮਾਜ ਵਿੱਚ ਮਨੁੱਖ ਨੂੰ ਜਿਨ੍ਹਾਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਪ੍ਰਕਾਰ ਹਨ :

### ਸਿੱਖ ਸਭਿਆਚਾਰ ਪ੍ਰਤੀ ਦਰਪੇਸ਼ ਚੁਣੌਤੀਆਂ :

ਸਭਿਆਚਾਰ ਸ਼ਬਦ ਦੋ ਸ਼ਬਦਾਂ 'ਸਭਯ'+' ਆਚਾਰ' ਤੋਂ ਮਿਲ ਕੇ ਬਣਿਆ ਹੈ। ਸਭਯ ਤੋਂ ਭਾਵ ਨੇਕ ਜਾਂ ਚੰਗਾ ਅਤੇ ਆਚਾਰ ਤੋਂ ਭਾਵ ਆਚਰਣ ਹੈ। ਭਾਵ ਚੰਗੇ ਗੁਣਾਂ ਦਾ ਧਾਰਨੀ ਜਾਂ ਚੰਗੇ ਤੇ ਨੇਕ ਆਚਰਣ ਵਾਲਾ ਹੋਣਾ [2]। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਭਯ ਤੋਂ ਭਾਵ ਹੈ 'ਭੈ ਸਹਿਤ

ਹੋਣਾ'। ਉਨ੍ਹਾਂ ਅਨੁਸਾਰ ਧਾਰਮਿਕ ਬਿਰਤੀ ਵਾਲੀਆਂ ਪਰੰਪਰਾਗਤ ਕਦਰਾਂ-ਕੀਮਤਾਂ ਨਾਲ ਰੰਗਤ ਹੋਣਾ ਵੀ ਸਭਯ ਹੋਣਾ ਹੈ। ਆਚਾਰ ਤੋਂ ਭਾਵ ਵਿਵਹਾਰ ਹੈ। ਇਸ ਤਰ੍ਹਾਂ ਪੁਰਾਤਨ ਕਦਰਾਂ-ਕੀਮਤਾਂ ਨੂੰ ਜੀਵਨ ਵਿੱਚ ਢਾਲਣਾ ਹੀ ਸਭਿਆਚਾਰ ਹੈ।[3]

ਸਭਿਆਚਾਰ ਮਨੁੱਖੀ ਜ਼ਿੰਦਗੀ ਦਾ ਧੁਰਾ ਹੈ। ਇਹ ਸਮਾਜ ਵਿੱਚ ਵਿਚਰਦੇ ਮਨੁੱਖ ਦੀ ਗਤੀਸ਼ੀਲ ਜੀਵਨਧਾਰਾ ਹੈ ਜੋ ਲਗਾਤਾਰ ਪ੍ਰਭਾਵਿਤ ਹੁੰਦੀ ਹੈ। ਇਕੋ ਹੀ ਸਮਾਜ ਵਿੱਚ ਰਹਿਣ ਵਾਲੇ ਲੋਕ ਆਪਸ ਵਿੱਚ ਇਕ ਦੂਜੇ ਨਾਲ ਮਿਲਵਰਤਨ ਅਤੇ ਵਰਤ-ਵਰਤਾਰੇ ਕਰਕੇ ਜੁੜੇ ਹੁੰਦੇ ਹਨ। ਸਮੂਹਿਕ ਰੂਪ ਵਿੱਚ ਇਕ ਦੂਜੇ ਦੇ ਦੁੱਖ-ਸੁੱਖ ਦੇ ਭਾਈਵਾਲ ਹੁੰਦੇ ਹਨ। ਮਨੁੱਖ ਵਲੋਂ ਸਿਰਜਿਤ ਅਜਿਹਾ ਵਰਤਾਰਾ ਜੋ ਇਕ ਸਮੂਹ ਨੂੰ ਵਿਸ਼ੇਸ਼ ਰੂਪ ਬਖਸ਼ਦਾ ਹੈ ਤੇ ਇਕ ਵਿਸ਼ੇਸ਼ ਪ੍ਰਬੰਧ ਜੁਟਾਉਂਦਾ ਹੈ, ਉਸਦਾ ਸਭਿਆਚਾਰ ਹੁੰਦਾ ਹੈ। ਸਮਾਜ ਵਿਚ ਵਿਚਰ ਰਿਹਾ ਕੋਈ ਵੀ ਵਿਅਕਤੀ ਸਮਾਜਿਕ ਵਰਤਾਰੇ ਤੋਂ ਅਭਿੱਜ ਨਹੀਂ ਰਹਿ ਸਕਦਾ। ਉਸ ਦੀਆਂ ਇੰਨੀਆਂ ਜ਼ਰੂਰਤਾਂ ਹੁੰਦੀਆਂ ਹਨ ਜੋ ਕਿ ਸਮਾਜ ਵਿੱਚ ਰਹਿ ਕੇ ਹੀ ਪੂਰੀਆਂ ਹੁੰਦੀਆਂ ਹਨ। ਇੱਕ ਇਕੱਲਾ ਵਿਅਕਤੀ ਨਾ ਤਾਂ ਸਭਿਆਚਾਰ ਤੋਂ ਬਿਨ੍ਹਾਂ ਰਹਿ ਸਕਦਾ ਹੈ ਤੇ ਨਾ ਹੀ ਇਕੱਲਾ ਰਹਿ ਕੇ ਸਭਿਆਚਾਰ ਦੀ ਸਿਰਜਣਾ ਕਰ ਸਕਦਾ ਹੈ। ਇਸ ਲਈ ਸਮੂਹ ਵਿੱਚ ਰਹਿਣ ਦੀ ਬਿਰਤੀ ਕਾਰਨ ਹੀ ਸਭਿਆਚਾਰ ਦੀ ਸਿਰਜਣਾ ਦਾ ਅਧਾਰ ਬਣਦਾ ਹੈ। ਸਮਾਜ ਵਿੱਚ ਵਿਚਰ ਰਿਹਾ ਵਿਅਕਤੀ ਸਮਾਜ ਦਾ ਅੰਗ ਹੋਣ ਕਰਕੇ ਉਹ ਸਮਾਜ ਵਿਚਲੀਆਂ ਚੰਗੀਆਂ-ਮਾੜੀਆਂ ਪਰਿਸਥਿਤੀਆਂ ਤੋਂ ਜਾਣੂ ਹੁੰਦਾ ਹੈ ਤੇ ਸਮਾਜ ਵਿੱਚ ਚੰਗੀਆਂ-ਮਾੜੀਆਂ ਆਦਤਾਂ ਅਪਣਾਉਂਦਾ ਹੈ। ਇਸ ਤਰ੍ਹਾਂ ਸਭਿਆਚਾਰ ਕਿਸੇ ਸਮਾਜ ਦੀ ਉੱਤਮ ਪ੍ਰਾਪਤੀ ਮੰਨਿਆ ਜਾ ਸਕਦਾ ਹੈ। ਸਮਾਜ ਵਿੱਚ ਵਿਚਰਦਾ ਮਨੁੱਖ ਕਿਸੇ ਵੀ ਮਨੁੱਖੀ ਸਮੂਹ ਨਾਲ ਸਬੰਧਿਤ ਹੋਣ ਜਾਂ ਕਿਸੇ ਵੀ ਤਰ੍ਹਾਂ ਦੀਆਂ ਵੰਗਾਰਾਂ ਦਾ ਸਾਹਮਣਾ ਕਰਦੇ ਆਏ ਹੋਣ, ਉਹ ਆਪਣੀਆਂ ਨਵੀਨ ਸਿਰਜਣਾਵਾਂ ਸਦਕਾ ਆਪਣੀਆਂ ਕਦਰਾਂ ਕੀਮਤਾਂ ਦੀ ਸਿਰਜਣਾ ਕਰਦੇ ਅਗਲੀ ਪੀੜੀ ਲਈ ਸਭਿਆਚਾਰਕ ਵਿਰਸਾ ਛੱਡ ਕੇ ਜਾਂਦੇ ਹਨ।[4] ਸਭਿਆਚਾਰਕ ਵਿਰਸੇ ਵਿੱਚ ਸਮੁੱਚੀ ਮਨੁੱਖੀ ਜੀਵਨ-ਜਾਂਚ ਸ਼ਾਮਿਲ ਹੁੰਦੀ ਹੈ। ਜਿਸ ਵਿੱਚ ਮਨੁੱਖ ਦੀ ਸਮੁੱਚੀ ਰਹਿਣੀ ਬਹਿਣੀ ਜਿਵੇਂ ਘਰ-ਪਰਿਵਾਰ, ਰਿਸ਼ਤੇ-ਨਾਤੇ, ਕੰਮ-ਧੰਦੇ, ਰਹਿਣ-ਸਹਿਣ, ਖਾਣਾ, ਪੀਣਾ, ਪਹਿਰਾਵਾ, ਬੋਲੀ, ਭਾਈਚਾਰਾ ਆਦਿ ਸਭ ਕੁਝ ਆ ਜਾਂਦਾ ਹੈ। ਇਹ ਸਭਿਆਚਾਰਕ ਵਿਰਸਾ ਇਕ ਪੀੜ੍ਹੀ ਆਪਣੇ ਵੱਡੇ-ਵੱਡੇਰਿਆਂ ਤੋਂ ਗ੍ਰਹਿਣ ਕਰਦੀ ਹੈ ਅਤੇ ਆਉਣ ਵਾਲੀ ਪੀੜ੍ਹੀ ਲਈ ਕੁਝ ਨਵਾਂ ਸਿਰਜ ਕੇ ਇਹ ਵਿਰਸਾ ਉਸ ਦੀ ਦੀ ਝੋਲੀ ਪਾ ਜਾਂਦੀ ਹੈ। ਇਸ ਲਈ ਹਰ ਮਨੁੱਖ ਆਪਣੇ ਵੱਡੇ-ਵੱਡੇਰਿਆਂ ਪਾਸੋਂ ਇਹ

ਸਭਿਆਚਾਰਕ ਕੀਮਤਾਂ ਆਪਣੇ ਜੀਵਨ ਵਿੱਚ ਜ਼ਰੂਰ ਗ੍ਰਹਿਣ ਕਰਦਾ ਹੈ। ਸਭਿਆਚਾਰ ਹੀ ਮਨੁੱਖ ਨੂੰ ਅਸਭਿਅਕ ਤੋਂ ਸਭਿਅਕ ਬਣਾਉਂਦਾ ਹੈ ਤੇ ਅਜਿਹੀ ਸੁਚੱਜੀ ਜੀਵਨ-ਜਾਚ ਬਖਸ਼ਦਾ ਹੈ ਕਿ ਇਤਿਹਾਸ ਗਵਾਹ ਹੈ ਕਿ ਸਭਿਆਚਾਰ ਦੀ ਹੋਂਦ ਸਦਕਾ ਹੀ ਮਨੁੱਖ ਪ੍ਰਕ੍ਰਿਤਕ ਮਨੁੱਖ ਤੋਂ ਪੂਰਨ ਮਨੁੱਖ ਬਣਿਆ ਹੈ। ਇਸ ਸੰਬੰਧ ਵਿੱਚ ਤਾਂ ਡਾ. ਅਮਰਜੀਤ ਸਿੰਘ ਕਾਂਗ ਦੇ ਵਿਚਾਰ ਬੜੇ ਢੁੱਕਵੇਂ ਲਗਦੇ ਹਨ ਜਦੋਂ ਉਹ ਲਿਖਦੇ ਹਨ, 'ਮਾਨਵ ਆਪਣੇ ਮਾਨਸ ਰੂਪ ਵਿੱਚ ਪ੍ਰਕਿਰਤੀ ਨਾਲ ਅਭੇਦ ਸੀ। ਉਸਨੇ ਪ੍ਰਾਕ੍ਰਿਤਕ ਸਰੋਤਾਂ ਨੂੰ ਆਪਣੀ ਆਤਮਕ ਚੇਤਨਾ ਅਤੇ ਬੁੱਧੀ ਬਿਬੇਕ ਰਾਹੀਂ ਰੂਪਾਂਤਰਣ ਕੀਤਾ ਹੈ। ਇਸ ਤਰ੍ਹਾਂ ਪ੍ਰਕ੍ਰਿਤੀ ਅਤੇ ਮਾਨਵ ਦਾ ਜੋ ਰਿਸ਼ਤਾ ਬਣਦਾ ਹੈ ਉਹ ਦਵੰਦਾਤਮਕ ਅਤੇ ਸੰਬਾਦਕ ਚਰਿੱਤਰ ਵਾਲਾ ਹੈ। ਪ੍ਰਕ੍ਰਿਤੀ ਅਤੇ ਮਾਨਵ ਦੇ ਇਸ ਸੰਵਾਦ ਵਿਚੋਂ ਸੰਸਕ੍ਰਿਤੀ ਦੀ ਸਿਰਜਣਾ ਹੁੰਦੀ ਹੈ।[5] ਇਸ ਤਰ੍ਹਾਂ ਸਭਿਆਚਾਰ ਮਨੁੱਖ ਦੀ ਪ੍ਰਕ੍ਰਿਤਕ ਜੀਵ ਤੋਂ ਸਭਿਆਚਾਰਕ ਜੀਵ ਬਣਨ ਦੀ ਯਾਤਰਾ ਹੈ। ਸਭਿਆਚਾਰ ਗਤੀਸ਼ੀਲ ਵਰਤਾਰਾ ਹੈ। ਇਸ ਵਿੱਚ ਹਮੇਸ਼ਾ ਹੀ ਕੁਝ ਨਵਾਂ ਬਣਦਾ ਰਹਿੰਦਾ ਹੈ ਪਰ ਨਵੇਂ ਦਾ ਪੁਰਾਣੇ ਨਾਲ ਸੰਬੰਧ ਟੁੱਟਦਾ ਨਹੀਂ ਸਗੋਂ ਪਰਿਵਰਤਨ ਜ਼ਰੂਰ ਆਉਂਦਾ ਰਹਿੰਦਾ ਹੈ। ਇਸ ਤਰ੍ਹਾਂ ਕੋਈ ਵੀ ਸਭਿਆਚਾਰ ਕਦੇ ਵੀ ਮਰਦਾ ਨਹੀਂ ਸਗੋਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਿਤ ਹੁੰਦਾ ਰਹਿੰਦਾ ਹੈ। ਡਾ. ਨਰਿੰਦਰ ਸਿੰਘ ਕਪੂਰ ਦੇ ਸ਼ਬਦਾਂ ਵਿੱਚ ਸਭਿਆਚਾਰ ਦੇ ਅਰਥ ਉਸ ਜੀਵਨ ਜਾਚ ਤੋਂ ਹਨ ਜੋ ਪੀੜ੍ਹੀ ਦਰ ਪੀੜ੍ਹੀ ਦਿੱਤੀ ਜਾਂਦੀ ਹੈ, ਪ੍ਰਾਪਤ ਕੀਤੀ ਜਾਂਦੀ ਹੈ ਅਤੇ ਪਰਿਪੱਕ ਕੀਤੀ ਜਾਂਦੀ ਹੈ। ਸਭਿਆਚਾਰ ਵਿੱਚ ਉਹ ਸਾਰੇ ਵਰਤਾਰੇ ਆ ਜਾਂਦੇ ਹਨ ਜੋ ਜੰਮਣ ਤੋਂ ਮਰਨ ਤੱਕ ਵੇਖਣ ਵਿੱਚ ਆਉਂਦੇ ਹਨ।[6]

ਇਸ ਤਰ੍ਹਾਂ ਸਭਿਆਚਾਰ ਦਾ ਘੇਰਾ ਅਤਿ ਵਿਸ਼ਾਲ ਹੈ। ਸਭਿਆਚਾਰ ਸਰਵ-ਵਿਆਪਕ ਹੁੰਦਾ ਹੈ। ਪਰ ਫਿਰ ਵੀ ਇਸਦੀ ਸਰਵ-ਵਿਆਪਕਤਾ ਹੁੰਦੇ ਹੋਏ ਵੀ ਹਰ ਸਭਿਆਚਾਰ ਦੀ ਆਪਣੀ ਵਿਲੱਖਣ ਪਛਾਣ ਹੁੰਦੀ ਹੈ। ਜਿਵੇਂ ਪੰਜਾਬੀ ਸਭਿਆਚਰ ਆਪਣੀ ਨਿਵੇਕਲੀ ਦਿੱਖ ਅਤੇ ਵਿਲੱਖਣ ਪਛਾਣ ਦਾ ਧਾਰਨੀ ਹੈ। ਪੰਜਾਬੀ ਸਭਿਆਚਾਰ ਸ਼ੁਰੂ ਤੋਂ ਹੀ ਆਪਣੇ ਲੰਮੇ ਇਤਿਹਾਸਕ ਸਫਰ ਵਿੱਚ ਔਕੜਾਂ, ਮੁਸੀਬਤਾਂ ਦਾ ਸਾਹਮਣਾ ਕਰਦਾ ਆਇਆ ਹੈ। ਸੀਮਾਂਵਰਤੀ ਪ੍ਰਾਂਤ ਹੋਣ ਕਰਕੇ ਪੰਜਾਬ ਦਾ ਇਤਿਹਾਸ ਵਿਰਸਾ ਜੰਗਾਂ-ਯੁੱਧਾਂ ਦੀਆਂ ਕਹਾਣੀਆਂ ਅਤੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਇਥੇ ਕਈ ਹਮਲਾਵਰ ਜਾਤੀਆਂ ਨੇ ਆ ਕੇ ਰਾਜ ਕੀਤੇ ਤੇ ਪੰਜਾਬੀਆਂ ਨੂੰ ਹਮੇਸ਼ਾਂ ਉਨ੍ਹਾਂ ਨਾਲ ਦੋ ਹੱਥ ਕਰਨੇ ਪੈਂਦੇ। ਇਸੇ ਸਦਕਾ ਸੂਰਬੀਰਤਾ, ਬਹਾਦਰੀ, ਅਣਖ, ਜਿਹੇ ਗੁਣ ਪੰਜਾਬੀਆਂ ਵਿੱਚ ਭਰ ਗਏ।

ਹਜ਼ਰਤ ਮੁਹੰਮਦ ਦੇ ਅਕਾਲ ਚਲਾਣੇ ਉਪਰੰਤ ਮੁਹੰਮਦ ਬਿਨ ਕਾਸਮ ਨੇ ਭਾਰਤ ਤੇ ਹਮਲਾ ਕੀਤਾ ਤੇ ਇਸਤੋਂ ਬਾਅਦ ਵੀ ਕਈ ਹਮਲੇ ਹੁੰਦੇ ਰਹੇ। ਪੰਜਾਬੀਆਂ ਲਈ ਸਭ ਤੋਂ ਵੱਡੀ ਚੁਣੋਤੀ ਸੀ ਕਿ ਜਦੋਂ ਮੁਹੰਮਦ ਗੋਰੀ ਦਿੱਲੀ ਦੀ ਗੱਦੀ ਤੇ ਬੈਠਿਆ ਤਾਂ ਉਸਨੇ ਇਸਲਾਮ ਰਾਜ ਤਾਂ ਕਾਇਮ ਕਰ ਹੀ ਲਿਆ ਅਤੇ ਉਸਦਾ ਨਿਸ਼ਾਨਾ ਸਮੁੱਚੇ ਭਾਰਤ ਵਾਸੀਆਂ ਨੂੰ ਇਸਲਾਮ ਧਾਰਨ ਕਰਵਾਉਣਾ ਸੀ। ਜਿਸਦੇ ਕਰਕੇ ਉਸਨੇ ਲੋਕਾਂ 'ਤੇ ਅਨੇਕਾਂ ਜੁਲਮ ਢਾਹੇ, ਤਸੀਹੇ ਦਿੱਤੇ। ਇਹ ਉਸ ਸਮੇਂ ਦੇ ਸਭਿਆਚਾਰ ਲਈ ਸਭ ਤੋਂ ਵੱਡੀ ਚੁਣੋਤੀ ਸੀ। ਉਸ ਸਮੇਂ ਪੰਜਾਬ ਦੀ ਰਾਜਸੀ, ਸਮਾਜਿਕ, ਆਰਥਿਕ ਹਰ ਪੱਖੋਂ ਹਾਲਤ ਬਹੁਤ ਹੀ ਮਾੜੀ ਹੋ ਚੁੱਕੀ ਸੀ।

ਪੰਜਾਬੀ ਸਭਿਆਚਾਰ ਨੂੰ ਸੰਸਾਰ ਦੇ ਪੁਰਾਣੇ ਸਭਿਆਚਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ ਕਿਉਂਕਿ ਸਭ ਤੋਂ ਪਹਿਲਾਂ ਵੇਦਾਂ ਦੀ ਰਚਨਾ ਇਸੇ ਧਰਤੀ 'ਤੇ ਹੋਈ। ਉਪਰੰਤ ਰਮਾਇਣ, ਮਹਾਂਭਾਰਤ ਅਤੇ ਗੀਤਾ ਜਿਹੇ ਮਹਾਨ ਪਵਿੱਤਰ ਗ੍ਰੰਥਾਂ ਦੀ ਰਚਨਾ ਦੀ ਕਰਮ ਭੂਮੀ ਵੀ ਪੰਜਾਬ ਹੀ ਰਿਹਾ ਹੈ ਅਤੇ ਇਸਲਾਮ ਨੇ ਵੀ ਸਭ ਤੋਂ ਪਹਿਲਾਂ ਪੰਜਾਬ ਦੀ ਧਰਤੀ 'ਤੇ ਹੀ ਆਪਣੇ ਪੈਰ ਫੈਲਾਏ। ਇਸ ਤੋਂ ਉਪਰੰਤ ਸੂਫੀ ਫਕੀਰ ਬਾਬਾ ਫਰੀਦ ਵੀ ਇਸੇ ਧਰਤੀ ਨਾਲ ਜੁੜੇ ਹੋਏ ਸਨ। ਸਭ ਤੋਂ ਮਹਾਨਤਾ ਵਾਲਾ ਪੱਖ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਵੀ ਸੰਸਾਰਕ ਲੋਕਾਈ ਦੇ ਦੁੱਖ-ਦਰਦਾਂ ਦੀ ਨਿਰਵਤੀ ਲਈ ਇਸੇ ਧਰਤੀ ਨੂੰ ਭਾਗ ਲਾਏ।[7] ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਸਮਾਜ ਵਿੱਚ ਫੈਲੀਆਂ ਗਲਤ ਮਾਨਤਾਵਾਂ ਨੂੰ ਮਹਿਸੂਸ ਕੀਤਾ ਅਤੇ ਉਨ੍ਹਾਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ। ਗੁਰੂ ਨਾਨਕ ਸਾਹਿਬ ਦੇ ਸਮੇਂ ਸਮਾਜ ਵਿੱਚ ਗਲਤ ਰਸਮ-ਰਿਵਾਜ਼ਾਂ ਦਾ ਪ੍ਰਚਲਨ ਸੀ ਤੇ ਜਦ ਗੁਰੂ ਸਾਹਿਬ ਨੂੰ ਹਿੰਦੂ ਧਰਮ ਦੀ ਪ੍ਰਚਲਿਤ ਮਰਿਯਾਦਾ ਅਨੁਸਾਰ ਜਨੇਊ ਧਾਰਨ ਕਰਵਾਇਆ ਜਾਣ ਲੱਗਿਆ ਤਾਂ ਗੁਰੂ ਸਾਹਿਬ ਲਈ ਇਹ ਸਭ ਤੋਂ ਪਹਿਲੀ ਵੱਡੀ ਚੁਣੋਤੀ ਸੀ ਜਿਸ ਸਦਕਾ ਗੁਰੂ ਸਾਹਿਬ ਨੇ ਅਜਿਹੇ ਜਨੇਊ ਨੂੰ ਨਕਾਰਦੇ ਹੋਏ ਸੱਚੇ-ਸੁੱਚੇ ਸਦੀਵੀ ਧਾਰਨ ਕਰਨ ਵਾਲੇ ਜਨੇਊ ਦੀ ਤਾਕੀਦ ਕੀਤੀ:-

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਇਹਿ ਜਨੇਊ ਜੀਅ ਕਾ ਹਈ ਤ ਪਾਂਡੇ ਘਤ॥*[8]

ਮੌਜੂਦਾ ਸਮੇਂ ਸਿੱਖ ਸਭਿਆਚਾਰ ਨੂੰ ਜਿਨ੍ਹਾਂ ਚੁਣੋਤੀਆਂ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ ਸੱਚਮੁੱਚ ਅਜਿਹਾ ਸੰਕਟ ਦੇਖ ਕੇ ਕਈ ਵਾਰ ਹੈਰਾਨਗੀ ਪ੍ਰਤੀਤ ਹੁੰਦੀ ਹੈ ਕਿ ਗੁਰੂ ਸਾਹਿਬਾਨ ਵਲੋਂ ਸਾਜੇ ਨਿਵੇਕਲੇ ਪੰਥ ਨੂੰ ਵੀ ਕਿੰਨੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਸਭਿਆਚਾਰ ਦੇ

ਸਾਰੇ ਸਿਧਾਂਤ ਮਨੁੱਖ ਨੂੰ ਇਕ ਨਿਯਮ ਅਤੇ ਮਰਿਯਾਦਾ ਵਿੱਚ ਹੱਸਦੇ ਖੇਡਦੇ ਜੀਵਨ ਬਿਤਾਉਂਦਿਆਂ ਪਰਮਾਤਮਾ ਨਾਲ ਜੋੜੀ ਰੱਖਦੇ ਹਨ। ਸਿੱਖ ਧਰਮ ਦੀਆਂ ਸਮੱਸਿਆਵਾਂ 'ਤੇ ਅਧਾਰਿਤ ਸਿੱਖ ਸਮਾਜ ਦੀ ਬੁਨਿਆਦ ਗੁਰੂ ਨਾਨਕ ਸਾਹਿਬ ਨੇ ਰੱਖੀ। ਭਾਈਚਾਰਕ ਰੂਪ ਵਿੱਚ ਇਕੋ ਤਰ੍ਹਾਂ ਸੋਚਣ ਤੇ ਵਿਚਾਰ ਕਰਨ ਲਈ ਗੁਰੂ ਸਾਹਿਬਾਨ ਨੂੰ ਕਈ ਤਰ੍ਹਾਂ ਦੀਆਂ ਔਕੜਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪਿਆ। ਸਿੱਖ ਸਭਿਆਚਾਰ ਵਿੱਚ ਜੇਕਰ ਜਾਤ-ਗੋਤ-ਬਰਾਦਰੀ ਦੀ ਗੱਲ ਕੀਤੀ ਜਾਵੇ ਤਾਂ ਸਿੱਖ ਸੰਕਟ ਵਿੱਚ ਅਜੇ ਵੀ ਆਪਣੀ ਹੋਂਦ ਨੂੰ ਸਮਾਈ ਬੈਠੇ ਹਨ। ਸਿੱਖ ਸਭਿਆਚਾਰ ਵਿੱਚ ਜੱਟ, ਅਰੋੜਾ, ਖੱਤਰੀ, ਮਜ਼ਬੀ, ਚਮਾਰ (ਰਵੀਦਾਸੀਆਂ -ਰਾਮਦਾਸੀਆਂ) ਆਹਲੂਵਾਲੀਆ, ਰਾਮਗੜ੍ਹੀਆ, ਲੁਬਾਣਾ, ਝਿਊਰ, ਬ੍ਰਾਹਮਣ, ਨਾਈ, ਛੀਬਾ ਆਦਿ ਸਭਿਆਚਾਰ ਵਿੱਚ ਇਕ ਜਾਂ ਦੂਜੇ ਰੂਪ ਵਿੱਚ ਆਪਣੀ ਵੱਖਰੀ ਹੋਂਦ ਬਣਾਈ ਬੈਠੇ ਹਨ ਜੋ ਸਿੱਖ ਸਭਿਆਚਾਰ ਦੀ ਸ਼ਕਤੀ ਤਾਂ ਹਨ ਪਰ ਇਹ ਸੰਯੁਕਤ ਸਿੱਖ ਸੱਭਿਆਚਾਰ ਦੇ ਪੰਥਕ ਸਰੋਕਾਰਾਂ ਅਤੇ ਉਦੇਸ਼ਾਂ ਦੀ ਪ੍ਰਾਪਤੀ ਦੇ ਰਸਤੇ ਵਿੱਚ ਇਕ ਵੱਡੀ ਰੁਕਾਵਟ ਬਣੀ ਬੈਠੇ ਹਨ। ਸੋ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਭਿਆਚਾਰ ਦੀ ਪਰਿਭਾਸ਼ਾ ਵਿੱਚ ਸਿੱਖ ਸਭਿਆਚਾਰ ਨੂੰ ਕੇਵਲ ਇਕ ਚੁਣੋਤੀ ਦਾ ਸਾਹਮਣਾ ਹੀ ਨਹੀਂ ਕਰਨਾ ਪੈ ਰਿਹਾ ਸਗੋਂ ਗੁਰੂ ਸਾਹਿਬਾਨਾਂ ਦੇ ਵਲੋਂ ਬਖਸ਼ਿਸ਼ ਸਿੱਖ ਸਿਧਾਂਤ, ਪੰਜਾਬੀ ਬੋਲੀ, ਗੁਰਮੁਖੀ ਲਿਪੀ, ਸਿੱਖ ਪਹਿਚਾਣ, ਸਿੱਖ ਆਚਾਰ ਵਿਵਹਾਰ, ਸਿੱਖ ਸਮਾਜਿਕ ਸਰੋਕਾਰ, ਸਿੱਖ ਸੰਸਥਾਵਾਂ, ਸਿੱਖ ਰਾਜਨੀਤਿਕ ਪ੍ਰਸੰਗ, ਸਿੱਖ ਜਾਤ-ਪਾਤ ਆਦਿ ਕਈ ਅਜਿਹੇ ਪਹਿਲੂ ਹਨ ਜਿਨ੍ਹਾਂ ਵਿੱਚ ਸਿੱਖ ਸਭਿਆਚਾਰ ਬਹੁਤ ਤੇਜ਼ੀ ਨਾਲ ਸੰਕਟ ਦੇ ਜੰਗਲਾਂ ਨਾਲ ਉਲਝਦਾ ਜਾ ਰਿਹਾ ਹੈ। ਸਮਾਜਿਕ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਨੌਜਵਾਨਾਂ ਵਿੱਚ ਵੱਧ ਰਿਹਾ ਨਸ਼ਾ, ਪਤਿਤਪੁਣਾ, ਸਿੱਖ ਨੌਜਵਾਨਾਂ ਦਾ ਆਪਣੇ ਵਿਰਸੇ ਨੂੰ ਭੁਲਾ ਕੇ ਪੱਛਮੀ ਸਭਿਆਚਾਰ ਦਾ ਖਾਸ ਅੰਗ ਬਣਨਾ, ਆਪਣੇ ਸੁਨਹਿਰੀ ਇਤਿਹਾਸ, ਵਿਰਾਸਤ ਵੱਲ ਪਿੱਠ ਕਰਨਾ, ਸਿੱਖ ਕੌਮ ਨੂੰ ਸੰਕਟ ਦੀ ਗਹਿਰੀ ਖੱਡ ਵਿੱਚ ਲਿਜਾ ਰਹੇ ਹਨ।ਜਿਨ੍ਹਾਂ ਵਿਚੋਂ ਕੁਝ ਕੁ ਚੁਣੌਤੀਆਂ ਦਾ ਜਿਕਰ ਅਸੀਂ ਇੱਥੇ ਕਰ ਰਹੇ ਹਾਂ:

## ਸਿੱਖ ਸਮਾਜ ਵਿੱਚ ਬੋਲੀ ਸੰਬੰਧੀ ਦਰਪੇਸ਼ ਚੁਣੌਤੀਆਂ :

ਇਸ ਕਾਇਨਾਤ ਦੇ ਕਰਤਾ ਭਾਵ ਸਿਰਜਣਹਾਰ ਪਰਮਾਤਮਾ ਨੇ ਮਨੁੱਖ ਨੂੰ ਹੋਰ ਜੀਵ ਜੰਤੂਆਂ ਤੋਂ ਵਿਲੱਖਣ ਬੋਲਣ ਦੀ ਅਜਿਹੀ ਸ਼ਕਤੀ ਪ੍ਰਦਾਨ ਕੀਤੀ ਹੈ ਜਿਸ ਦੇ ਸਦਕਾ ਉਹ ਆਪਣੇ ਦੂਜੇ ਸਾਥੀ ਮਿੱਤਰਾਂ ਨਾਲ ਆਪਣੇ ਭਾਵਾਂ ਅਤੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੋਇਆ ਉਹਨਾਂ ਦੇ ਨਾਲ

ਆਪਣੀ ਸਾਂਝ ਨੂੰ ਮਜ਼ਬੂਤ ਕਰਦਾ ਹੈ (ਭਾਵ ਸਾਂਝ ਨੂੰ ਵਧਾਉਂਦਾ ਹੈ)। ਜ਼ੁਬਾਨ ਦੀ ਇਸ ਬਖਸ਼ਿਸ਼ ਵਿਚੋਂ ਮਨੁੱਖ ਨੇ ਇਸ ਧਰਤੀ ਦੇ ਵੱਖ-ਵੱਖ ਖੇਤਰਾਂ ਵਿਚ ਬੋਲੀਆਂ ਅਤੇ ਉਪ-ਬੋਲੀਆਂ ਦਾ ਅਹਿਮ ਵਿਕਾਸ ਕੀਤਾ । ਜਿਨ੍ਹਾਂ ਦੇ ਮਾਧਿਅਮ ਰਾਹੀਂ ਉਹ ਦੂਜਿਆਂ ਤੱਕ ਆਪਣੇ ਜ਼ਜ਼ਬਿਆਂ, ਦੁੱਖ-ਸੁੱਖ, ਖੁਸ਼ੀ-ਗਮੀ ਆਦਿ ਦੇ ਮੌਕਿਆਂ ’ਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾ ਕੇ ਸਾਂਝ ਨੂੰ ਮਜ਼ਬੂਤ ਕਰਦਾ ਹੈ। ਇਸੇ ਤਰ੍ਹਾਂ ਸੰਸਾਰ ਦੇ ਵੱਖ-ਵੱਖ ਕੌਮਾਂ ਦੇ ਉਭਾਰ ਅਤੇ ਇਕ ਕੌਮ ਵਿੱਚੋਂ ਦੂਜੀ ਕੌਮ ਦੇ ਨਿਕਲਣ ਦੀ ਪ੍ਰਤੀਕਿਰਿਆ ਵਿੱਚ ਵੱਖ-ਵੱਖ ਧਰਮਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਵਿਸ਼ਵ ਦੀਆਂ ਭਾਸ਼ਾਵਾਂ ਨਾਲ ਜੁੜੇ ਸਭਿਆਚਾਰ ਨੇ ਵੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਵਿਸ਼ਵ ਦੇ ਸਾਰੇ ਖਿੱਤਿਆਂ ਵਿਚੋਂ ਨਿਕਲੀਆਂ ਭਾਸ਼ਾਵਾਂ ਦੇ ਵਿਚੋਂ ਉਪਜੀਆਂ ਅਨੇਕਾਂ ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਪੰਜਾਬੀ ਬੋਲੀ ਪੰਜਾਬ ਦੇ ਲੋਕਾਂ ਦੀ ਮਾਂ ਬੋਲੀ ਹੈ। ਮਾਂ ਬੋਲੀ ਤੋਂ ਭਾਵ ਉਸ ਬੋਲੀ ਤੋਂ ਲਿਆ ਜਾਂਦਾ ਹੈ ਜਿਸ ਵਿਚ ਕਿਸੇ ਸਮਾਜ ਵਿੱਚ ਪੈਦਾ ਹੋਣ ਵਾਲਾ ਬੱਚਾ ਆਪਣੇ ਜੀਵਨ ਦਾ ਪਹਿਲਾ ਸ਼ਬਦ ਆਪਣੀ ਬੋਲੀ ਵਿੱਚ ਬੋਲਣਾ ਸਿੱਖਦਾ ਹੈ। ਪੰਜਾਬੀ ਭਾਸ਼ਾ ਦਾ ਇਤਿਹਾਸ ਕੋਈ ਸੌ-ਦੋ-ਸੌ ਵਰ੍ਹਿਆਂ ਦਾ ਨਹੀਂ ਹੈ। ਇਹ ਹਜ਼ਾਰਾਂ ਵਰ੍ਹਿਆਂ ਦਾ ਪੈਂਡਾ ਤੈਅ ਕਰ ਚੁੱਕੀ ਹੈ। ਕੋਈ ਵੀ ਭਾਸ਼ਾ ਨਾ ਤਾਂ ਰਾਤੋ-ਰਾਤ ਬਣਦੀ ਹੈ ਅਤੇ ਨਾ ਹੀ ਵਿਗਸਦੀ ਹੈ। ਇਤਿਹਾਸਕ ਤੱਥਾਂ ਨੂੰ ਜੇਕਰ ਡੂੰਘਾਈ ਤੱਕ ਪੜਚੋਲਿਆ ਜਾਵੇ ਤਾਂ ਪਤਾ ਚਲੇਗਾ ਕਿ ਬਾਰਵੀਂ ਸਦੀ ਦੇ ਬਾਬਾ ਫਰੀਦ ਇੰਨੀ ਸਰਲ ਤੇ ਪੁੱਖਤਾ ਪੰਜਾਬੀ ਦੀ ਬਾਣੀ ਦੀ ਸਿਰਜਣਾ ਕਰਦੇ ਹਨ, ਜੋ ਅੱਜ ਵੀ ਲੋਕਾਂ ਦੇ ਕੰਨਾਂ ਵਿਚ ਮਿਠਾਸ ਦਾ ਆਨੰਦ ਪ੍ਰਦਾਨ ਕਰਦੀ ਹੈ। ਕਿਸੇ ਵੀ ਭਾਸ਼ਾ ਦੇ ਅਮੀਰ ਵਿਰਸੇ ਨੂੰ ਸੰਭਾਲਦਿਆਂ ਹੋਇਆਂ ਉਸ ਨੂੰ ਅਮੀਰ ਬਣਾਉਣ ਵਿੱਚ ਇਸ ਦੇ ਵਾਰਸਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਪਰੰਤੂ ਪੰਜਾਬੀ ਬੋਲੀ ਨੂੰ ਅੱਜ ਦੇ ਸੰਦਰਭ ਵਿਚ ਵੇਖਾਂਗੇ ਤਾਂ ਪਤਾ ਚਲੇਗਾ ਕਿ ਪੰਜਾਬੀ ਭਾਸ਼ਾ ਨੂੰ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਦਹਾਕੇ ਜਾਂ ਕੁਝ ਹੋਰ ਵਰ੍ਹੇ ਪਹਿਲਾਂ ਤੋਂ ਇਹ ਗੱਲ ਸਾਫ ਸਪੱਸ਼ਟ ਰੂਪ ਵਿੱਚ ਸਾਡੇ ਸਾਹਮਣੇ ਆਈ ਹੈ। ਜਿਥੇ ਅੱਜ ਸਮਾਜ ਦਾ ਹਰ ਪਹਿਲੂ ਚੁਣੌਤੀਆਂ ਅਤੇ ਸਮੱਸਿਆਵਾਂ ਦੇ ਵਿਚੋਂ ਗੁਜ਼ਰ ਰਿਹਾ ਹੈ ਉਥੇ ਪੰਜਾਬੀ ਬੋਲੀ ਨੂੰ ਵੀ ਕਈ ਤਰ੍ਹਾਂ ਦੀਆਂ ਦਰਪੇਸ਼ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਕੀਕਤ ਤਾਂ ਇਹ ਹੈ ਕਿ ਬੇਗਾਨਿਆਂ ਅਤੇ ਬਾਹਰਲਿਆਂ ਵਲੋਂ ਜਦੋਂ ਕੁਝ ਚੁਣੌਤੀਆਂ ਮਿਲਣ ਤਾਂ ਹੀ ਉਸ ਦੀ ਸਮਝ ਆਉਂਦੀ ਹੈ। ਇਸ ਤਰ੍ਹਾਂ ਮਿਲੀਆਂ ਵੰਗਾਰਾਂ ਦੀ ਨਿਸ਼ਾਨਦੇਹੀ ਸਹਿਜੇ ਢੰਗ ਨਾਲ ਕੀਤਾ ਜਾ ਸਕਦੀ ਹੈ। ਪਰ ਜਦੋਂ ਅਜਿਹੀਆਂ ਚੁਣੌਤੀਆਂ ਲਈ ਇਸ ਦੇ ਰਖਵਾਲੇ ਅਤੇ ਵਾਰਿਸ ਹੀ ਇਕ ਧਿਰ ਬਣ ਜਾਣ ਤਾਂ ਇਹਨਾਂ ਦਾ ਸਾਹਮਣਾ

ਕਰਨਾ ਹੋਰ ਵੀ ਵਧੇਰੇ ਕਠਿਨ ਹੋ ਜਾਂਦਾ ਹੈ। ਇਸ ਗੱਲ ਲਈ ਸਾਨੂੰ ਬਾਹਰੋਂ ਕਿਸੇ ਤੋਂ ਤਸਦੀਕ ਕਰਵਾਉਣ ਦੀ ਲੋੜ ਨਹੀਂ, ਸਗੋਂ ਆਪਣੇ ਅੰਦਰ ਝਾਤ ਮਾਰ ਕੇ ਵੇਖੋ, ਅਸੀਂ ਆਪਣੇ ਘਰ, ਪਰਿਵਾਰਾਂ, ਵਾਪਾਰਾਂ ਅਤੇ ਪਿਆਰਾਂ ਵਿਚੋਂ ਪੰਜਾਬੀ ਨੂੰ ਨਿਕਾਲਾ ਕੇ ਦਿੱਤਾ ਹੈ। ਤੁਸੀਂ ਦਿਨ ਦੀ ਆਰੰਭਤਾ ਅਤੇ ਦਿਨ ਦੇ ਅੰਤ ਤੱਕ ਆਪਣੀ ਜ਼ਿੰਦਗੀ ਨੂੰ ਖੁਦ ਵੇਖੋ। ਆਪਣੇ ਘਰ ਤੋਂ ਰੁਜ਼ਗਾਰ ਦੇ ਸਫਰ ਦੌਰਾਨ ਤੁਰਦੇ ਫਿਰਦੇ ਆਪਣੇ ਆਲੇ ਦੁਆਲੇ ਝਾਤ ਮਾਰ ਕੇ ਵੇਖੋ, 'ਪੰਜਾਬੀ ਕਿਥੇ ਹੈ' ? ਤੁਹਾਡੇ ਹੱਥ ਵਿੱਚ ਫੜਿਆ ਤੁਹਾਡਾ ਹੀ ਪਹਿਚਾਣ ਪੱਤਰ ਜਿਸ ਨੂੰ ਵਿਜ਼ਟਿੰਗ ਕਾਰਡ ਕਹਿੰਦੇ ਹੋ, 'ਉਹ ਕਿਹੜੀ ਭਾਸ਼ਾ ਵਿਚ ਹੈ'? ਤੁਹਾਡੇ ਘਰ ਦੀ ਨੰਬਰ ਪਲੇਟ ਅਤੇ ਨਾਮ ਕਿਹੜੀ ਭਾਸ਼ਾ ਵਿੱਚ ਹੈ? ਤੁਹਾਡੇ ਬੱਚਿਆਂ ਦੇ ਸਕੂਲ ਵਿਚ ਕਿਹੜੀ ਭਾਸ਼ਾ ਦੀ ਸਰਦਾਰੀ ਹੈ। ਤੁਹਾਡਾ ਬੱਚਾ ਟੀ.ਵੀ ਚੈਨਲ ਤੇ ਕਿਸ ਭਾਸ਼ਾ ਦਾ ਪ੍ਰੋਗਰਾਮ ਵੇਖਦਾ ਹੈ? ਤੁਸੀਂ ਆਪਣੇ ਤੋਂ ਲੈ ਕੇ ਬੱਚਿਆਂ ਦੇ ਕੱਪੜਿਆਂ ਦੇ ਨਾਵਾਂ ਨੂੰ ਵੇਖੋ, ਬਹੁਤੇ ਪੰਜਾਬੀ ਵਿਚ ਨਹੀਂ ਹਨ ਸਗੋਂ ਅੰਗ੍ਰੇਜ਼ੀ ਜਾਂ ਕਿਸੇ ਹੋਰ ਜ਼ੁਬਾਨ ਤੋਂ ਆਏ ਹਨ। ਬੱਚਿਆਂ ਦੇ ਆਪਸੀ ਵਾਰਤਾਲਾਪ ਨੂੰ ਸੁਣੋ, ਉਹ ਜ਼ਿਆਦਾਤਰ ਹਿੰਦੀ ਜਾਂ ਅੰਗ੍ਰੇਜ਼ੀ ਵਿੱਚ ਵਾਰਤਾਲਾਪ ਕਰਦੇ ਵਿਖਾਈ ਦੇਣਗੇ। ਪੰਜਾਬੀ ਬੋਲੀ ਲਈ ਉਹਨਾਂ ਦੀ ਸੋਚ ਹੈ ਕਿ ਇਹ ਭਾਸ਼ਾ ਅਨਪੜ੍ਹ ਅਤੇ ਪੇਂਡੂ ਬੋਲੀ ਹੈ। ਇਹ ਸੋਚ ਬੱਚੇ ਦੇ ਮਨ ਵਿਚ ਕਿਵੇਂ ਪੈਦਾ ਹੋ ਗਈ? ਇਸ ਤਰ੍ਹਾਂ ਦਾ ਵਿਤਕਰਾ ਬੱਚਾ ਆਪਣੀ ਮਾਂ ਬੋਲੀ ਨਾਲ ਕਿਉਂ ਕਰਨ ਲੱਗਾ? ਇਕ ਨਹੀਂ ਅਨੇਕਾਂ ਸਵਾਲ ਹਨ ਜੋ ਅੱਜ ਦੇ ਆਧੁਨਿਕ ਯੁੱਗ ਵਿੱਚ ਨੌਜਵਾਨਾਂ ਦੇ ਜ਼ਹਿਨ ਵਿੱਚ ਚਲ ਰਹੇ ਹਨ। ਇਹਨਾਂ ਸਾਰਿਆਂ ਸਵਾਲਾਂ ਦੇ ਜਵਾਬ ਕਿਵੇਂ ਦਿੱਤੇ ਜਾਣਗੇ। ਅੱਜ ਪੰਜਾਬੀ ਭਾਸ਼ਾ ਨੂੰ ਜਿਥੇ ਹਿੰਦੀ ਭਾਸ਼ਾਈ ਸਭਿਆਚਾਰ ਤੋਂ ਇੱਕ ਵੱਡੀ ਚੁਣੌਤੀ ਪੇਸ਼ ਹੈ ਉਥੇ ਅੰਗਰੇਜ਼ੀ, ਅੰਗਰੇਜ਼ੀ ਸਭਿਆਚਾਰ ਅਤੇ ਪੱਛਮੀ ਸਭਿਅਤਾ ਤੇ ਸਭਿਆਚਾਰ ਵਲੋਂ ਭਿਆਨਕ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਕੇਵਲ ਸਧਾਰਨ ਵੰਗਾਰਾਂ ਨਹੀਂ ਹਨ, ਸਗੋਂ ਇਹ ਸਿੱਖ ਧਰਮ ਦੇ ਉੱਜਵਲ ਭਵਿੱਖ ਦੇ ਮਸਲੇ ਵੀ ਹਨ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਉੱਤੇ ਸਿੱਖਾਂ ਨੂੰ ਕਮਜ਼ੋਰ ਕਰਨ ਦੇ ਇਰਾਦੇ ਨਾਲ ਅਜਿਹੇ ਹਮਲੇ ਕੀਤੇ ਜਾ ਰਹੇ ਹਨ, ਜਿਹਨਾਂ ਦੀ ਕਈ ਵਾਰ ਨਿਸ਼ਾਨਦੇਹੀ ਕਰਨੀ ਵੀ ਔਖੀ ਹੋ ਜਾਂਦੀ ਹੈ। ਇਸ ਹਮਲੇ ਵਿੱਚ ਕੁਝ ਸਿੱਖ, ਵਿਸ਼ੇਸ਼ ਕਰਕੇ ਸ਼ਹਿਰੀ, ਆਰਥਿਕ ਤੋਰ 'ਤੇ ਅਮੀਰ ਅਤੇ ਸਮਾਜਿਕ ਰੁਤੱਬੇ ਦੀ ਹੋੜ੍ਹ ਵਿੱਚ ਲੱਗੇ ਹੋਏ ਸਿੱਖ ਵੀ ਸ਼ਾਮਿਲ ਹਨ। ਪੰਜਾਬੀ ਨੂੰ ਲਾਚਾਰੀ ਅਤੇ ਵਿਚਾਰਗੀ ਵਾਲੀ ਅਵਸਥਾ ਤੱਕ ਪਹੁੰਚਾਉਣ ਵਿਚ ਇਸਦੇ ਵਾਰਿਸ ਹੱਦੋਂ ਵੱਧ ਜ਼ਿੰਮੇਵਾਰ ਬਣ ਗਏ ਹਨ ਕਿ ਖਾਲਸਾ ਪੰਥ ਲਈ ਇਸ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜੀਆਂ ਹੋਣ ਜਾ ਰਹੀਆਂ ਹਨ। ਇਹ ਵੀ ਸਾਡੀ ਚਿੰਤਾ ਦਾ

ਹੀ ਵਿਸ਼ਾ ਹੈ। ਜੇਕਰ ਜਲਦੀ ਇਹਨਾਂ ਹਾਲਾਤਾਂ ਨਾਲ ਨਾ ਨਜੀਠਿਆ ਗਿਆ ਤਾਂ ਸ਼ਾਇਦ ਸਾਡੀ ਆਉਣ ਵਾਲੀ ਪਨੀਰੀ ਸਿੱਖ ਸਮਾਜ ਦਾ ਪਵਿੱਤਰ ਤੇ ਧਾਰਮਿਕ ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਿਧਾਂਤਾਂ ਤੋਂ ਵਾਂਝੀ ਨਾ ਰਹਿ ਜਾਵੇ। ਕਿਉਂਕਿ ਜਦੋਂ ਤੱਕ ਆਪਣੀ ਪੰਜਾਬੀ ਬੋਲੀ ਨੂੰ ਆਪ ਨਾ ਪਹਿਚਾਣਿਆ, ਨਾ ਪੜ੍ਹਿਆ, ਨਾ ਸਤਿਕਾਰਿਆ ਤਾਂ ਪੰਜਾਬੀ ਬੋਲੀ ਵਿੱਚ ਗੁਰੂ ਸਾਹਿਬਾਨ ਵੱਲੋਂ ਸੰਪਾਦਨ ਕੀਤਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਰਿਸ਼ਤਾ ਕਿਵੇਂ ਕਾਇਮ ਕਰਾਂਗੇ। ਇਹ ਸਵਾਲ ਪੁਰਜ਼ੋਰ ਹੋਣ ਦੀ ਮੰਗ ਕਰਦਾ ਹੈ।

**ਵਿੱਦਿਆ ਅਤੇ ਸਿੱਖ ਵਿੱਦਿਆ ਪ੍ਰਣਾਲੀ ਸੰਬੰਧੀ ਚੁਣੌਤੀਆਂ :**

ਆਤਮ ਗਿਆਨ ਅਥਵਾ ਸੱਚ ਦਾ ਗਿਆਨ ਹੀ ਵਿੱਦਿਆ ਹੈ। ਮਨੁੱਖ ਦੀ ਗਿਆਨ, ਵਿਗਿਆਨ ਪ੍ਰਤੀ ਦਿਲਸਚਪੀ, ਕੁਦਰਤ ਦੇ ਗੁਹਜ ਭੇਦਾਂ ਨੂੰ ਜਾਣਨ ਦੀ ਇੱਛਾ, ਸਮਾਜ ਦੀ ਤਰੱਕੀ ਲਈ ਕੀਤੇ ਜਾਣ ਵਾਲੇ ਯਤਨਾਂ ਦੀ ਰੂਪ ਰੇਖਾ ਲਈ ਵਿਚਾਰ, ਰਾਜ ਦੀ ਰਾਜਨੀਤੀ, ਧਰਮ, ਸੱਚ, ਨਿਆਂ ਅਤੇ ਨੈਤਿਕਤਾ ਆਦਿ ਵਿੱਦਿਆ ਦੀ ਹੀ ਦੇਣ ਹੈ। ਵਿੱਦਿਆ ਮਨੁੱਖ ਦੇ ਗਿਆਨ ਦੀ ਬਾਰੀ ਖੋਲ੍ਹਦੀ ਹੈ ਅਤੇ ਉਸ ਨੂੰ ਸੂਝਵਾਨ ਬਣਾ ਕੇ ਚੰਗੇ ਅਤੇ ਸਮਾਜ ਦੇ ਭਲੇ ਹਿੱਤ ਲੈਣ ਵਾਲੇ ਫੈਸਲੇ ਯੋਗ ਬਣਾਉਂਦੀ ਹੈ। ਇਨਸਾਨ ਨੂੰ ਸ਼ਾਂਤ ਸੁਭਾਅ, ਨਿਮਰਤਾ, ਆਪਸੀ ਭਾਈਚਾਰਕ ਸਾਂਝ ਨੂੰ ਪੈਦਾ ਕਰਨਾ ਵਿੱਦਿਆ ਦਾ ਹੀ ਪ੍ਰਮੁੱਖ ਰੋਲ ਹੈ। ਇਸ ਸਦਕਾ ਇਨਸਾਨ ਆਪਣੇ ਜੀਵਨ ਦੇ ਪੜਾਅ ਨੂੰ ਬਹੁਤ ਹੀ ਸੋਹਣੇ ਅਤੇ ਸੁੰਦਰ ਤਰੀਕੇ ਨਾਲ ਬਤੀਤ ਕਰ ਸਕਦਾ ਹੈ। ਹਰ ਧਰਮ, ਕੌਮ ਅਤੇ ਨਸਲ ਦਾ ਵਿਦਿਆਰਥੀ ਆਪਣੇ ਵਿੱਦਿਅਕ ਅਥਵਾ ਜੀਵਨ ਕੈਰੀਅਰ ਨੂੰ ਬਣਾਉਣ ਵਿਚ ਬਚਪਨ ਦੀ ਸ਼ੁਰੂਆਤ ਅੱਖਰ ਗਿਆਨ, ਲਿਖਤੀ ਗਿਆਨ ਅਤੇ ਯਾਦ ਗਿਆਨ ਰਾਹੀਂ ਆਪਣੀ ਉਮਰ ਦੇ ਵਿਸ਼ੇਸ਼ ਪੱਧਰ ਉਤੇ ਗਿਆਨ ਹਾਸਿਲ ਕਰਨ ਲਈ ਆਪਣੇ ਪਰਿਵਾਰ ਵਿਚੋਂ ਬਾਹਰ ਆ ਕੇ ਵਿੱਦਿਅਕ ਅਦਾਰੇ ਨਾਲ ਆਪਣਾ ਰਿਸ਼ਤਾ ਕਾਇਮ ਕਰਦਾ ਹੈ। ਉਹ ਵਿੱਦਿਅਕ ਅਦਾਰੇ ਰਾਹੀਂ ਸਮਾਜ ਅਤੇ ਜੀਵਨ ਦੀਆਂ ਅਹਿਮ ਸੱਚਾਈਆਂ ਦਾ ਸਾਹਮਣਾ ਕਰਨ ਦੇ ਸਮਰੱਥ ਬਣਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਉਚੇਰੀ ਵਿੱਦਿਆ ਮਨੁੱਖ ਨੂੰ ਸਮਾਜ ਦਾ ਹਾਣੀ ਬਣਾਉਣ ਦੇ ਸਮਰੱਥ ਹੁੰਦੀ ਹੈ। ਪਰ ਵਿੱਦਿਆ ਦਾ ਨਾ ਹੋਣਾ ਜੀਵਨ ਵਿੱਚ ਖਾਲੀਪਨ ਦਾ ਝਲਕਾਰਾ ਕਈ ਵਾਰ ਜ਼ਿੰਦਗੀ ਵਿੱਚ ਜਿਉਣਾ ਔਖਾ ਕਰ ਦਿੰਦਾ ਹੈ। ਜੀਵਨ ਦੇ ਹਰ ਪੜਾਅ ਤੇ ਵਿੱਦਿਆ ਅਹਿਮ ਰੋਲ ਅਦਾ ਕਰਦੀ ਹੈ। ਸਮਾਜ ਵਿਚ ਆਮ

ਵੇਖਿਆ ਜਾ ਸਕਦਾ ਹੈ ਕਿ ਇਕ ਪੜ੍ਹੇ ਲਿਖੇ ਵਿਅਕਤੀ ਅਤੇ ਅਨਪੜ੍ਹ ਵਿਅਕਤੀ ਵਿੱਚ ਬਹੁਤ ਫਰਕ ਹੁੰਦਾ ਹੈ। ਬੋਲ-ਚਾਲ, ਰਹਿਣ-ਸਹਿਣ, ਖਾਣ-ਪੀਣ ਆਦਿ ਜੀਵਨ ਦੀਆਂ ਨਿੱਤ ਕਿਰਿਆਵਾਂ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਵਿਅਕਤੀ ਵਿਚ ਵਿੱਦਿਆ ਦਾ ਦੀਵਾ ਜਗ ਰਿਹਾ ਹੈ ਜਾਂ ਨਹੀਂ। ਪੜ੍ਹੇ ਲਿਖੇ ਵਿਅਕਤੀ ਦੀ ਸੋਚ ਅਤੇ ਸੱਚ ’ਤੇ ਅਧਾਰਿਤ ਸਲੀਕਾ ਸਾਫ ਅਤੇ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ। ਸਿੱਖ ਧਰਮ ਨਾਲ ਸੰਬੰਧਿਤ ਵਿਦਿਆਰਥੀ ਇਸੇ ਮਨੁੱਖਾ ਸਮਾਜ ਦਾ ਇਕ ਅਹਿਮ ਤੇ ਵਿਸ਼ੇਸ਼ ਅੰਗ ਹਨ। ਜਿਥੇ ਸਿੱਖ ਨੇ ਆਪਣੇ ਧਰਮ, ਧਰਮ ਗ੍ਰੰਥ, ਧਰਮ ਸਮੱਸਿਆਵਾਂ ਤੇ ਧਰਮੀ ਜੀਵਨ ਜਾਚ ਨਾਲ ਸੰਬੰਧਿਤ ਸਿੱਖਿਆ ਪ੍ਰਾਪਤ ਕਰਨੀ ਹੈ। ਉਥੇ ਉਸ ਨੇ ‘ਵਿੱਦਿਆ ਵੀਚਾਰੀ ਤਾਂ ਪਰਉਪਕਾਰੀ’[9] ਦੇ ਸਿਧਾਂਤ ਅਨੁਸਾਰ ਵਿਸ਼ਵ ਗਿਆਨ ਦੀਆਂ ਸ਼ਾਖਾਵਾਂ ਦੀਆਂ ਗਿਆਨ ਵੀ ਪ੍ਰਾਪਤ ਕਰਨਾ ਹੈ, ਜਿਸ ਲਈ ਉਸਨੂੰ ਮੁੱਢਲੇ ਵਿੱਦਿਅਕ ਅਤੇ ਸਿੱਖੀ ਸੰਸਕਾਰ ਕਿਸੇ ਨਾ ਕਿਸੇ ਵਿੱਦਿਅਕ ਸੰਸਥਾ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ। ਅਫਸੋਸ ਦੀ ਗੱਲ ਇਹ ਹੈ ਕਿ ਸੰਸਾਰ ਵਿੱਚ ਆਪਣੇ ਹਿੱਤ ਅਤੇ ਮਾਇਆ ਦੇ ਪਸਾਰੇ ਨੂੰ ਵੇਖਦਿਆਂ ਬਹੁਤ ਧਰਮ ਗੁਰੂ, ਦੁਨਿਆਵੀ ਗੁਰੂਆਂ ਨੇ ਇਸ ਉੱਚੀ ਸੁੱਚੀ ਵਿੱਦਿਆ ਨੂੰ ਇਕ ਵਿਕਾਊ  ਚੀਜ਼ ਬਣਾ ਕੇ ਰੱਖ ਦਿੱਤਾ ਹੈ। ਜਿਸ ਨਾਲ ਹਰ ਪਾਸੇ ਲੋਭ, ਲਾਲਚ, ਰਿਸ਼ਵਤਖੋਰੀ ਦਾ ਬੋਲ ਬਾਲਾ ਵੱਧ ਰਿਹਾ ਹੈ। ਜੀਵਨ ਦੀਆਂ ਨੈਤਿਕ ਕਦਰਾਂ ਕੀਮਤਾਂ ਮਨੁੱਖੀ ਹਿਰਦੇ ਵਿਚੋਂ ਅਲੋਪ ਹੁੰਦੀਆਂ ਸਾਫ ਦਿਖਾਈ ਦੇ ਰਹੀਆਂ ਹਨ। ਪੜ੍ਹਿਆ ਲਿਖਿਆ ਮਨੁੱਖ ਗੈਰ ਪੜੇ ਲਿਖੇ ਮਨੁੱਖ ਭਾਵ ਅਨਪੜ੍ਹ ਮਨੁੱਖ ਨਾਲੋਂ ਵਧੇਰੇ ਲਾਲਚੀ ਅਤੇ ਬੇਈਮਾਨ ਦਿਖਾਈ ਦੇਣ ਲੱਗ ਪਿਆ ਹੈ। ਉਹ ਆਪਣੇ ਨਿਜੀ ਹਿੱਤ ਖਾਤਿਰ ਸ਼ਰੇਆਮ ਵਿੱਦਿਆ ਦੇ ਅਸੂਲ ਵੇਚ ਰਿਹਾ ਹੈ। ਸੱਚ ਨੂੰ ਵੇਚ ਰਿਹਾ ਹੈ, ਜ਼ਮੀਰ ਨਾਂ ਦੀ ਚੀਜ਼ ਦਾ ਕੋਈ ਵੀ ਸਰੋਕਾਰ ਨਹੀਂ ਰਿਹਾ। ਇਹ ਸਾਰੇ ਘੋਟਾਲੇ, ਬੇਈਮਾਨੀਆਂ, ਰਿਸ਼ਵਤ ਖੋਰੀਆਂ, ਲੁੱਟਾਂ, ਖੋਹਾਂ, ਤਸਕਰੀਆਂ ਵਿੱਦਿਆ ਦੇ ਦੁਰ-ਉਪਯੋਗ ਦਾ ਹੀ ਨਤੀਜਾ ਹਨ। ਵਿੱਦਿਆ ਸ਼ਾਸਤਰੀ ਅਤੇ ਇਕ ਪੜੇ ਲਿਖੇ ਵਿਦਵਾਨ ਨੂੰ ਆਪਣੀ ਵਿੱਦਿਆ ਦਾ ਪ੍ਰਯੋਗ ਸੋਹਣਾ ਅਤੇ ਸੁੰਦਰ ਸਮਾਜ ਸਿਰਜਣ ਲਈ ਸਮਰਪਿਤ ਭਾਵਨਾ ਨਾਲ ਕਰਨਾ ਬਣਦਾ ਹੈ। ਗੁਰਬਾਣੀ ਅਨੁਸਾਰ ਵਿਦਿਆ ਤਾਂ ਹੀ ਗੁਣਕਾਰੀ ਹੈ ਜੇਕਰ ਇਸ ਨਾਲ ਦੂਜਿਆਂ ਦੀ ਮਦਦ ਕੀਤੀ ਜਾਵੇ, ਸੱਚ ਨੂੰ ਲੱਭਿਆ ਜਾਵੇ ਅਤੇ ਇਸ ਨੂੰ ਆਧਾਰ ਬਣਾ ਕੇ ਪਰਮਾਤਮਾ ਤੱਕ ਰਿਸਾਈ ਕੀਤੀ ਜਾਵੇ।ਸਿੱਖ ਵਿੱਦਿਆ ਭਾਵੇਂ ਵਿੱਦਿਆ ਦੇ ਖੇਤਰ ਨਾਲ ਹੀ ਸੰਬੰਧਿਤ ਹੈ ਪਰ ਇਸਨੂੰ ਕਦੇ ਵੀ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਕੇਵਲ ਸਿੱਖ ਧਰਮ ਦੀ ਵਿੱਦਿਆ ਉਸਨੂੰ ਸੰਸਾਰ ਦੇ ਹੋਰ ਗਿਆਨ ਦੀ ਵਿੱਦਿਆ ਤੋਂ ਵਾਂਝਾ ਕਰ ਦੇਵੇਗੀ

ਜਿਸ ਨਾਲ ਉਸਦੇ ਜੀਵਨ ਵਿੱਚ ਇਕ ਅਧੂਰਾਪਣ ਸਾਫ ਦਿਖਾਈ ਦੇਵੇਗਾ। ਧਰਮ ਜਾਂ ਨੈਤਿਕਤਾ ਵਿਸ਼ਵ ਗਿਆਨ ਦੀ ਸਮੁੱਚੀ ਵਿੱਦਿਆ ਨਾਲ ਉਸਦੀ ਇਕ ਹੋਰ ਅਧੂਰੀ ਸ਼ਖ਼ਸ਼ੀਅਤ ਬਣੇਗੀ। ਇਸ ਲਈ ਸਿੱਖ ਦੇ ਜੀਵਨ ਦੀ ਸ਼ਖ਼ਸ਼ੀਅਤ ਦੇ ਪੂਰਨ ਵਿਕਾਸ ਲਈ ਸਿੱਖ ਧਰਮ ਅਤੇ ਵਿਸ਼ਵ ਗਿਆਨ ਦੀ ਸਮੁੱਚੀ ਵਿੱਦਿਆ ਪ੍ਰਾਪਤ ਕਰਨੀ ਇਕ ਮੁੱਢਲੀ ਲੋੜ ਹੈ। ਵਿਦਿਆਰਥੀ ਦੀ ਨੈਤਿਕਤਾ ਰੂਪੀ ਸ਼ਖ਼ਸ਼ੀਅਤ ਲਈ ਧਰਮ ਅਧਾਰਿਤ ਵਿੱਦਿਆ ਦਾ ਇਕ ਵਿਸ਼ੇਸ਼ ਅਧਾਰ ਬਣਨਾ ਪਹਿਲੀ ਤਰਜ਼ੀਹ ਹੋਣਾ ਚਾਹੀਦਾ ਹੈ। ਸਿੱਖ ਧਰਮ ਨਿਯਮਿਤ ਰੂਪ ਵਿੱਚ ਆਪਣੇ ਸਿੱਖ ਵਿੱਦਿਅਕ ਅਦਾਰੇ ਸਥਾਪਿਤ ਕਰਨ ਵਿੱਚ ਭਾਰਤ ਦੇ ਹੋਰ ਸਮਾਜਾਂ ਦੇ ਉਲਟ ਕੁਝ ਪੱਛੜ ਗਿਆ ਹੈ। ਉਨੀਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਸਿੱਖ ਵਿੱਦਿਆ ਦੇ ਖੇਤਰ ਵਿੱਚ ਇਸ ਦਾ ਕੁਝ ਮੂੰਹ-ਮਹਾਂਦਰਾ ਬਣਿਆ । ਪਰ ਸਿੱਖ ਵਿੱਦਿਅਕ ਅਦਾਰੇ ਕਿਸੇ ਅਲੱਗ ਥਲੱਗ ਤੇ ਖਨਾਅ ਵਿੱਚ ਨਹੀਂ ਚਲਾਏ ਜਾ ਸਕਦੇ। ਸਿੱਖ ਧਰਮ ਨਾਲ ਸੰਬੰਧਿਤ ਵਿਦਿਅਕ ਅਦਾਰੇ ਤੇ ਸਿੱਖੀ ਪ੍ਰਸਾਰ ਬਾਰੇ ਭਾਰਤ ਦੇ ਧਰਮ ਨਿਰਪੱਖ ਰਾਜ ਦੇ ਕਾਨੂੰਨ ਅਨੁਸਾਰ ਜਿਸ ਤਰ੍ਹਾਂ ਕਾਰਜ ਕਰ ਰਹੇ ਹਨ, ਸਾਰੀ ਸਥਿਤੀ ਸਾਡੇ ਸਾਹਮਣੇ ਸਪਸ਼ਟ ਰੂਪ ਵਿੱਚ ਹੈ, ਜੇਕਰ ਸਿੱਖ ਖੇਤਰ ਵਿੱਚ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਵੱਲ ਵੇਖਿਆ ਜਾਵੇ ਤਾਂ ਬਹੁਤ ਹੀ ਹੈਰਾਨੀਜਨਕ ਅੰਕੜੇ ਸਾਡੇ ਸਾਹਮਣੇ ਆ ਜਾਣਗੇ। ਸਿੰਘ ਸਭਾ ਲਹਿਰ ਨੇ ਕਿਸੇ ਸਮੇਂ ਇਕ ਨਵਾਂ ਇਨਕਲਾਬ ਕੌਮ ਵਿੱਚ ਲਿਆਉਂਦਾ ਸੀ। ਪਰੰਤੂ ਜੇਕਰ ਅੱਜ ਉਸ ਇਨਕਲਾਬ ਦੀ ਗੱਲ ਕੀਤੀ ਜਾਵੇ ਤਾਂ ਅਸੀਂ ਉਸ ਦੇ ਕੀਤੇ ਕਾਰਜਾਂ ਤੋਂ ਮੂੰਹ ਨਹੀਂ ਮੋੜ ਸਕਦੇ। ਸਿੰਘ ਸਭਾ ਲਹਿਰ ਦੇ ਸਮੇਂ ਮੋਢੀਆਂ (ਆਗੂਆਂ) ਨੇ ਕੋਮ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਇੰਨਾਂ ਹੀ ਨਹੀਂ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਸਦਕਾ ਗੁਰਧਾਮਾਂ ਦੀ ਸੇਵਾ ਸੰਭਾਲ ਦੇ ਸਦਕਾ ਗੁਰ-ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਪੂਰਨ ਰੂਪ ਵਿੱਚ ਸੰਸਾਰ ਦੇ ਸਾਹਮਣੇ ਆ ਗਿਆ। ਕੇਵਲ ਇਥੇ ਹੀ ਬੱਸ ਨਹੀਂ, ਸਿੱਖ ਵਿੱਦਿਅਕ ਅਦਾਰਿਆਂ ਵੱਲ ਵੀ ਬਹੁਤ ਧਿਆਨ ਦਿੱਤਾ ਗਿਆ। ਗੁਰੂ ਸਾਹਿਬਾਨਾਂ ਦੇ ਨਾਮ ’ਤੇ ਕਾਲਜ ਸਕੂਲ ਆਦਿ ਦਾ ਨਿਰਮਾਣ ਹੋਇਆ ਤਾਂ ਜੋ ਇਹਨਾਂ ਵਿੱਦਿਅਕ ਅਦਾਰਿਆਂ ਵਿੱਚ ਸਿੱਖ ਦੇ ਜੀਵਨ ਦੀ ਘਾੜਤ ਗੁਰਮਤਿ ਸਿਧਾਂਤਾਂ ਅਨੁਸਾਰ ਘੜੀ ਜਾਵੇ। ਪਰੰਤੂ ਅੱਜ ਦੇ ਹਾਲਾਤ ਬਹੁਤ ਹੀ ਤਰਸਯੋਗ ਹਨ। ਗੁਰੂ ਸਾਹਿਬਾਨਾਂ ਦੇ ਨਾਮ ’ਤੇ ਇੱਕ ਨਹੀਂ, ਅਨੇਕਾਂ ਵਿੱਦਿਅਕ ਅਦਾਰੇ ਪੰਜਾਬ ਵਿੱਚ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਦੂਸਰੇ ਰਾਜਾਂ ਵਿੱਚ ਵੀ ਬਹੁਤ ਵੱਡੇ ਪੱਧਰ ’ਤੇ ਖੋਲ੍ਹੇ ਜਾ ਚੁੱਕੇ ਹਨ ਪ੍ਰੰਤੂ ਉਹਨਾਂ ਅਦਾਰਿਆਂ ਵਿੱਚ ਸਿੱਖ ਧਰਮ ਦੀ ਗੱਲ ਜਾਂ ਸਿੱਖ ਸਿਧਾਂਤਾਂ ਦੀ ਜਾਣਕਾਰੀ ਪ੍ਰਤੀ ਅਦਾਰਿਆਂ ਦੇ ਮੁਖੀਆਂ ਨੇ ਪਿੱਠ ਕਰ ਲਈ ਹੈ। ਇਥੇ ਹੀ ਬੱਸ ਨਹੀਂ, ਇਹਨਾਂ

ਅਦਾਰਿਆਂ ਵਿੱਚ ਸਿੱਖ ਵਿਦਿਆਰਥੀਆਂ ਦੀ ਗਿਣਤੀ ਵੀ ਉਂਗਲਾਂ ਤੇ ਬਹੁਤ ਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਜੇਕਰ ਸਿੱਖ ਵਿੱਦਿਅਕ ਅਦਾਰਿਆਂ ਵਿੱਚ ਸਿੱਖ ਵਿਚਾਰਧਾਰਾ ਦੀ ਗੱਲ ਨਾ ਹੋਈ ਤਾਂ ਰਾਜ ਦੀਆਂ ਸਰਕਾਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਪੰਜਾਬ ਵਿੱਚ ਖੋਲ੍ਹੇ ਜਾ ਰਹੇ ਸਕੂਲ, ਕਾਲਜ, ਯੂਨੀਵਰਸਿਟੀਆਂ ਵਿੱਚ ਕਿਸ ਤਰ੍ਹਾਂ ਸਿੱਖ ਸਿਧਾਂਤਾਂ ਦਾ ਪੂਰਨ ਤੌਰ ਤੇ ਪ੍ਰਚਾਰ ਕੀਤਾ ਜਾ ਸਕਦਾ ਹੈ। ਗਿਣਤੀ ਦੇ ਸਕੂਲ, ਕਾਲਜ, ਯੂਨੀਵਰਸਿਟੀਆਂ ਮੌਜੂਦ ਹਨ। ਜਿਥੇ ਪੂਰਨ ਤੌਰ 'ਤੇ ਧਰਮ ਦੀ ਵਿੱਦਿਆ ਦਾ ਪਾਠ ਪੜਾਇਆ ਜਾਂਦਾ ਹੈ। ਸਿੱਖ ਵਿੱਦਿਅਕ ਸੰਸਥਾਵਾਂ ਸਿੱਖੀ ਪ੍ਰਚਾਰ ਤੇ ਪ੍ਰਸਾਰ ਲਈ ਇਕ ਬਹੁਤ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ ਪਰ ਵਿੱਦਿਅਕ ਸੰਸਥਾਵਾਂ ਦੇ ਮਾਧਿਅਮ ਰਾਹੀਂ ਸਿੱਖੀ ਪ੍ਰਚਾਰ ਵਿੱਚ ਕਈ ਤਰ੍ਹਾਂ ਦੀਆਂ ਤਰੁੱਟੀਆਂ ਵੀ ਹਨ। ਸਿੱਖੀ ਪ੍ਰਚਾਰ ਕਰ ਰਹੀਆਂ ਵਿੱਦਿਅਕ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਵਰਗੀ ਕਿਸੇ ਵੱਡੀ ਸੰਸਥਾ ਵਲੋਂ ਇਕ ਲੜੀ ਵਿੱਚ ਪਰੋਇਆ ਜਾਣਾ ਜ਼ਰੂਰੀ ਹੈ।

## ਸਿੱਖ ਰਹਿਤ ਮਰਿਯਾਦਾ ਸੰਬੰਧੀ ਚੁਣੌਤੀਆਂ :

ਆਧੁਨਿਕ ਯੁੱਗ ਵਿੱਚ ਮਨੁੱਖ ਗਿਆਨ ਵਿਗਿਆਨ ਦੀ ਬਦੌਲਤ ਸਪੇਸ ਵਿੱਚ ਵੀ ਆਪਣੀ ਹੋਂਦ ਨੂੰ ਸਮਾ ਬੈਠਾ ਹੈ ਅਤੇ ਹਰ ਪ੍ਰਕਾਰ ਦੇ ਸੁੱਖ ਮਾਣ ਰਿਹਾ ਹੈ। ਇੱਥੋ ਤੱਕ ਕਿ ਚੰਦਰਮਾਂ ਵਰਗੇ ਗ੍ਰਹਿਆਂ 'ਤੇ ਵੀ ਆਪਣਾ ਕਬਜ਼ਾ ਕਰ ਬੈਠਾ ਹੈ।ਇੰਨਾ ਹੀ ਨਹੀਂ ਮੰਗਲ ਵਰਗੇ ਗ੍ਰਹਿਆਂ ਤੇ ਆਪਣਾ ਟਿਕਾਣਾ ਬਣਾਉਣ ਦਾ ਮਨ ਬਣਾ ਰਿਹਾ ਹੈ। ਟੈਕਨੋਲੋਜ਼ੀ ਦੀ ਰੌਸ਼ਨੀ ਵਿੱਚ ਮਨੁੱਖ ਬਹੁਤ ਹੀ ਤਰੱਕੀ ਕਰ ਗਿਆ ਹੈ ਜਿਸਦੇ ਸਦਕਾ ਉਸਨੂੰ ਆਪਣਾ ਪਿਛੋਕੜ ਬਿਲਕੁਲ ਵੀ ਨਜ਼ਰ ਨਹੀਂ ਆ ਰਿਹਾ। ਸੁੱਖਾਂ ਵਿੱਚ ਗਲਤਾਨ ਇਹ ਜੀਵ ਅਧਿਆਤਮਕਵਾਦ ਨਾਲ ਜੁੜੇ ਸਾਰੇ ਕਰਮ-ਧਰਮ ਨੂੰ ਬੇਲੋੜਾ ਮੰਨਦਾ ਹੈ। ਮਨੁੱਖ ਦੀ ਇਸ ਅਗਾਂਹ ਵਾਧੂ ਰੁਚੀ ਨੇ ਉਸਨੂੰ ਧਰਮ ਤੋਂ ਮੁਨਕਰ ਕਰ ਦਿੱਤਾ ਹੈ। ਜਿਸਦੇ ਸਦਕਾ ਅੱਜ ਸੰਸਾਰ ਵਿੱਚ ਹੰਕਾਰਵਾਦ, ਨਿੱਜਵਾਦ ਅਤੇ ਅਸ਼ਾਂਤੀ ਦਾ ਬੋਲ-ਬਾਲਾ ਸਾਰੇ ਪਾਸੇ ਫੈਲ ਰਿਹਾ ਹੈ। ਇਸ ਦੇ ਨਤੀਜੇ ਅੱਜ ਅਸੀਂ ਸੰਸਾਰ ਵਿੱਚ ਬਹੁਤ ਹੀ ਆਸਾਨੀ ਨਾਲ ਵੇਖ ਸਕਦੇ ਹਾਂ। ਰਿਸ਼ਤੇ ਟੁੱਟ ਰਹੇ ਹਨ, ਪਿਆਰ-ਸਤਿਕਾਰ ਦੀ ਹੋਂਦ ਦਿਲਾਂ ਵਿਚੋਂ ਘੱਟ ਹੀ ਨਹੀਂ ਰਹੀ ਸਗੋਂ ਖਤਮ ਹੁੰਦੀ ਜਾ ਰਹੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਮਨੁੱਖ ਦਿਨ-ਪ੍ਰਤੀ ਦਿਨ ਆਪਣੀ ਮਰਿਯਾਦਾ ਨੂੰ ਭੁੱਲਦਾ ਜਾ ਰਿਹਾ ਹੈ।

ਉਪਰੋਕਤ ਪਰਸਥਿਤੀਆਂ ਦੇ ਸੰਦਰਭ ਵਿੱਚ ਸਭ ਤੋਂ ਪਹਿਲਾਂ ਸਾਨੂੰ ਇਹ ਪਤਾ ਲਗਾਉਣਾ ਜਰੂਰੀ ਹੋਵੇਗਾ ਕਿ ਮਰਿਯਾਦਾ ਹੁੰਦੀ ਕੀ ਹੈ? ਕਿਉਂ ਬਣਾਈ ਜਾਂਦੀ ਹੈ? ਮਨੁੱਖ ਨੂੰ ਮਰਿਯਾਦਾ ਅਨੁਸਾਰ ਜੀਵਣ ਜਿਊਣ ਦੀ ਲੋੜ ਕਿਉਂ ਹੈ?

ਦਰਅਸਲ ਜਦੋਂ ਅਸੀਂ ਸੰਸਾਰ ਦੇ ਧਰਮਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਹ ਸੱਚਾਈ ਸਾਡੇ ਸਾਹਮਣੇ ਆਵੇਗੀ ਕਿ ਹਰੇਕ ਯੁੱਗ ਵਿੱਚ ਧਾਰਮਿਕ ਰਹਿਬਰਾਂ ਨੇ ਆਪਣੀ ਪਹਿਚਾਣ, ਉਪਦੇਸ਼ਾਂ ਅਤੇ ਵਿਚਾਰਧਾਰਾ ਨੂੰ ਜੀਵਤ ਰੱਖਣ ਲਈ ਜਿਹੜਾ ਵੀ ਧਰਮ, ਮਤ ਇਸ ਸੰਸਾਰ ਵਿੱਚ ਸਥਾਪਿਤ ਕੀਤਾ ਉਸ ਦੇ ਵਿਕਾਸ ਲਈ ਕੁਝ ਨਿਯਮ ਸਿਧਾਂਤ ਅਥਵਾ ਰਹਿਤ ਮਰਿਯਾਦਾ ਨਾਲ ਹੀ ਨਿਸ਼ਚਿਤ ਕਰ ਦਿੱਤੀ ਹੈ।ਸਥਾਪਿਤ ਕੀਤੀ ਰਹਿਤ ਮਰਿਯਾਦਾ ਨਾਲ ਜਨਮੇ ਧਰਮ ਦੇ ਪੈਰੋਕਾਰਾਂ ਤੇ ਸਮਰਥਕਾਂ ਨੂੰ ਸੰਗਠਿਤ ਕਰਨ ਅਤੇ ਮਿੱਥੇ ਹੋਏ ਨਿਸ਼ਾਨਿਆਂ ਦੀ ਪ੍ਰਾਪਤੀ ਹਿੱਤ ਕਾਰਜ ਕਰਨ ਲਈ ਮਾਰਗ ਦਰਸ਼ਨ ਕਰਨ ਦੀ ਭੂਮਿਕਾ ਨਿਭਾਉਂਦੀ ਰਹੀ।

ਇਹ ਦ੍ਰਿਸ਼ਟਾਂਤ ਪ੍ਰਗਟ ਰੂਪ ਵਿੱਚ ਸਾਡੇ ਸਾਹਮਣੇ ਆਉਂਦਾ ਹੈ ਕਿ ਨਵੇਂ ਜਨਮੇ ਧਰਮਾਂ ਅਥਵਾ ਮਤਾਂ ਨੇ ਆਪਣੀ ਰਹਿਤ ਮਰਿਯਾਦਾ ਨੂੰ ਮਾਨਵੀ ਹਿਤਕਾਰੀ, ਕਲਿਆਣਕਾਰੀ ਅਤੇ ਪਰਉਪਕਾਰੀ ਸਰੂਪ ਦਿੱਤਾ ਅਤੇ ਮਨੁੱਖ ਨੂੰ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਖੇਤਰ ਵਿੱਚ ਨੈਤਿਕ ਪੱਖੋਂ ਸੰਜਮ ਅਤੇ ਅਨੁਸ਼ਾਸ਼ਨ ਵਿੱਚ ਰਹਿਣ ਦੀ ਪ੍ਰੇਰਣਾ ਦਿੱਤੀ। ਉਹੀ ਧਰਮ ਮਨੁੱਖ ਲਈ ਵਧੇਰੇ ਖਿੱਚ ਦਾ ਕੇਂਦਰ ਬਣੇ। ਜਦੋਂ ਵੀ ਧਰਮ ਦੀ ਪਹਿਚਾਣ ਜਾਂ ਉਸ ਦੇ ਮੂਲ ਸਿਧਾਂਤਾਂ ਦੀ ਪਹਿਚਾਣ ਹੁੰਦੀ ਹੈ ਤਾਂ ਉਸ ਪਿਛੇ ਕੰਮ ਕਰ ਰਹੀ ਰਹਿਤ ਮਰਿਯਾਦਾ ਦੇ ਸਦਕਾ ਹੀ ਹੁੰਦੀ ਹੈ। ਇਸ ਧਰਤੀ 'ਤੇ ਮਨੁੱਖ ਨੂੰ ਸਭ ਤੋਂ ਸ੍ਰੇਸ਼ਟ ਪ੍ਰਾਣੀ ਮੰਨਿਆ ਜਾਂਦਾ ਹੈ। ਕਿਉਂਕਿ ਇਸ ਕੋਲ ਸੋਚਣ ਦੀ ਕਿਰਿਆ ਹੈ। ਇਸ ਦੀ ਸੋਚ ਸ਼ਕਤੀ ਸਭ ਤੋਂ ਉੱਤਮ ਹੈ। ਇਸ ਦਾ ਮਨ, ਬੁੱਧੀ, ਆਤਮ ਵਿਕਾਸ ਸਭ ਤੋਂ ਸ਼੍ਰੇਸ਼ਟ ਅਤੇ ਉੱਤਮ ਹਨ। ਚੁਰਾਸੀ ਲੱਖ ਜੂਨਾਂ ਵਿਚੋਂ ਮਨੁੱਖਾ ਜੂਨ ਨੂੰ ਹੀ ਸਭ ਤੋਂ ਉੱਤਮ ਮੰਨਿਆ ਗਿਆ ਹੈ। ਧਰਮ ਦੇ ਖੇਤਰ ਵਿੱਚ ਵਿਕਾਸ ਦੀ ਮੰਜ਼ਿਲ ਤੇ ਪਹੁੰਚਣ ਲਈ ਮਨੁੱਖ ਨੂੰ ਆਪਣਾ ਜੀਵਨ ਅਨੁਸ਼ਾਸ਼ਨ ਵਿਚ ਬਤੀਤ ਕਰਨਾ ਚਾਹੀਦਾ ਹੈ। ਹਰ ਇਕ ਧਰਮ ਦਾ ਆਪਣਾ ਆਧਾਰ, ਆਪਣਾ ਫਲਸਫਾ, ਆਪਣੀ ਪਹਿਚਾਣ ਅਤੇ ਮੂਲ ਸਿਧਾਂਤ ਹੁੰਦੇ ਹਨ। ਧਰਮ ਦੇ ਪੈਰੋਕਾਰਾਂ ਵਲੋਂ ਧਾਰਨ ਕੀਤੇ ਜਾਂਦੇ ਨਿਰਧਾਰਤ ਬਾਹਰੀ ਚਿੰਨ੍ਹ ਅਤੇ ਰਸਮੋਂ ਰਿਵਾਜ ਉਸ ਧਰਮ ਦੇ ਸਿਧਾਂਤਾਂ ਨੂੰ ਵੀ ਪ੍ਰਗਟਾਉਂਦੇ ਹਨ ਅਤੇ ਉਹਨਾਂ ਦੇ ਵਿਵਹਾਰ ਨੂੰ ਸਮਝਣ ਵਿੱਚ ਸਹਾਇਤਾ ਵੀ ਕਰਦੇ ਹਨ। ਇਸ ਪੱਖੋਂ ਰਹਿਤ ਮਰਿਯਾਦਾ ਦਾ ਧਰਮ ਨਾਲ

ਰਿਸ਼ਤਾ ਸਰੀਰ ਅਤੇ ਆਤਮਾ ਵਾਲਾ ਹੋ ਨਿਬੜਦਾ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਨੇ ਭਾਵ ਇਕ ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਨੂੰ ਸਾਜਿਆ ਹੈ। ਚੰਦਰਮਾਂ , ਸੂਰਜ ਬ੍ਰਹਿਮੰਡ ਤੋਂ ਇਲਾਵਾ ਸਾਰੇ ਗ੍ਰਹਿ ਪਰਮਾਤਮਾ ਦੇ ਇਕ ਅਟੁੱਟ ਨਿਯਮ ਵਿੱਚ ਹੀ ਚੱਲ ਰਹੇ ਹਨ।

ਸੰਸਾਰ ਦੇ ਧਰਮ ਖੇਤਰਾਂ ਵਿੱਚ ਸਿੱਖ ਧਰਮ ਦੀ ਸੰਸਥਾਗਤ ਧਰਮ ਵਜੋਂ ਪਹਿਚਾਣ ਇਤਿਹਾਸਕ ਅਤੇ ਕਿੰਤੂ-ਮੁਕਤ ਹੈ । ਜਿਸ ਦੀ ਆਪਣੀ ਵੱਖਰੀ ਅਤੇ ਨਿਆਰੀ ਰਹਿਤ ਮਰਿਯਾਦਾ ਹੈ। ਵਿਸ਼ੇਸ਼ਤਾ ਇਹ ਹੈ ਕਿ ਸਿੱਖ ਰਹਿਤ ਮਰਿਯਾਦਾ ਦਾ ਮੂਲ ਆਧਾਰ ਸਿੱਖ ਧਰਮ ਦਾ ਪਵਿੱਤਰ ਧਰਮ ਗ੍ਰੰਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ ਜੋ ਕਿ ਧੁਰ ਕੀ ਬਾਣੀ ਹੈ। ਸਿੱਖ ਰਹਿਤ ਮਰਿਯਾਦਾ ਦਾ ਇਤਿਹਾਸਕ ਵਿਕਾਸ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਕਾਲ ਤੋਂ ਆਰੰਭ ਹੋ ਗਿਆ ਸੀ ਜਦੋਂ ਉਨ੍ਹਾਂ ਦੇ ਬੁਨਿਆਦੀ ਸਿਧਾਂਤ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਲਈ

*ਘਾਲ ਖਾਇ ਕਿਛੁ ਹਥਹੁ ਦੇਇ॥*

*ਨਾਨਕ ਰਾਹੁ ਪਛਾਣਹਿ ਸੇਇ॥* [10]

ਦੇ ਨਾਲ ਹੀ ਗੁਰੂ, ਸੰਗਤ, ਧਰਮਸਾਲ ਤੇ ਲੰਗਰ ਦੀਆਂ ਸਿੱਖ ਸੰਸਥਾਵਾਂ ਨੂੰ ਸਥਾਪਿਤ ਕਰ ਦਿੱਤਾ ਗਿਆ ਸੀ। ਬਾਕੀ ਗੁਰੂ ਸਾਹਿਬਾਨਾਂ ਨੇ ਸਮੇਂ ਸਮੇਂ ਸਿੱਖ ਰਹਿਤ ਮਰਿਯਾਦਾ ਦੇ ਵਿਕਾਸ-ਕਰਮ ਵਿੱਚ ਲੋੜੀਂਦਾ ਯੋਗਦਾਨ ਪਾਇਆ ਜਿਸ ਦੇ ਪ੍ਰਮਾਣ ਗੁਰਬਾਣੀ ਵਿੱਚ ਸਹਿਜੇ ਹੀ ਮਿਲ ਜਾਂਦੇ ਹਨ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਦਿਆਂ ਸਿੱਖ ਰਹਿਤ ਮਰਿਯਾਦਾ ਨੂੰ ਅੰਦਰੋਂ ਅਤੇ ਬਾਹਰੋਂ ਨਵਾਂ ਰੂਪ ਪ੍ਰਦਾਨ ਕੀਤਾ। ਜਿਸਦੇ ਨਤੀਜੇ ਸਦਕਾ 'ਸਿੰਘ' ਅਤੇ 'ਕੌਰ' ਦੀ ਪਹਿਚਾਣ ਪ੍ਰਗਟ ਰੂਪ ਵਿੱਚ ਸਾਡੇ ਸਾਹਮਣੇ ਆ ਜਾਂਦੀ ਹੈ। ਇਸ ਲਈ ਸਿੱਖ ਰਹਿਤ ਮਰਿਯਾਦਾ ਦਾ ਇਤਿਹਾਸਕ ਪੱਖੋਂ ਵਿਕਾਸ ਗੁਰੂ ਨਾਨਕ ਸਾਹਿਬ ਤੋਂ ਦਸਮ ਗੁਰੂ ਤੱਕ ਗੁਰਬਾਣੀ ਵਿੱਚ ਦਰਸਾਈ ਗਈ ਉਹ ਮਾਨਵ ਜੀਵਨ ਜਾਚ ਬਣੀ ਜੋ ਮਨੁੱਖ ਨੂੰ ਸਚਿਆਰ ਪਦ ਪ੍ਰਾਪਤ ਕਰਨ ਅਤੇ ਸੰਤ ਉਭਾਰਨ, ਦੁਸਟ ਸੰਘਾਰਨ ਦੇ ਮਾਰਗ ਤੇ ਤੋਰਣ ਵਾਲੀ ਹੈ।[11] ਸਿੱਖ ਰਹਿਤ ਮਰਿਯਾਦਾ ਵਿੱਚ ਧਰਮ ਦੇ ਵਖਰੇਵੇਂ , ਰੰਗ, ਨਸਲ, ਅਤੇ ਭੇਦ-ਵੰਡ ਨੂੰ ਅਸਵੀਕਾਰ ਕਰਕੇ 'ਇਕਾ ਬਾਣੀ ਇਕੋ ਗੁਰੁ ਇਕੁ ਸਬਦੁ ਵੀਚਾਰਿ'[12] ਦੀ ਮੂਲ ਭਾਵਨਾ ਦੇ ਅੰਤਰਗਤ 'ਸਭੇ ਸਾਝੀਵਾਲ ਸਦਾਇਨਿ'[13] ਦਾ ਪੈਗਾਮ ਸਿੱਖ ਜਗਤ ਵਿੱਚ ਗੂੰਜਦਾ ਹੈ। ਪਰ ਫਿਰ ਵੀ ਇਸ ਦੇ ਬਾਵਜੂਦ ਸਿੱਖ ਰਹਿਤ ਮਰਿਯਾਦਾ ਨੂੰ ਚਾਰੇ ਪਾਸੇ ਤੋਂ ਇਕ ਨਹੀਂ, ਅਨੇਕਾਂ

ਪ੍ਰਕਾਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਚੁਣੌਤੀਆਂ ਦਾ ਕਾਰਨ ਕੀ ਹੈ? ਗੁਰੂ ਨਾਨਕ ਸਾਹਿਬ ਦੇ ਸਮੇਂ ਸਿੱਖ ਧਰਮ ਦਾ ਮੁੱਢ ਬੱਝਾ ਹੈ ਅਤੇ ਉਹਨਾਂ ਦੇ ਪੈਰੋਕਾਰ ਸਿੱਖ ਅਖਵਾਏ । ਉਹ ਚਰਨ ਪਾਹੁਲ ਦੇ ਮਾਧਿਅਮ ਰਾਹੀਂ ਸਿੱਖ ਧਰਮ ਵਿੱਚ ਪ੍ਰਵੇਸ਼ ਕਰਦੇ ਅਤੇ ਗੁਰੂ ਸਾਹਿਬ ਦੇ ਉਪਦੇਸ਼:- ਨਾਮ ਜਪਣਾ, ਕਿਰਤ ਕਰਨੀ, ਅਤੇ ਵੰਡ ਛਕਣਾ ਦੇ ਸਿਧਾਂਤਾਂ ਨੂੰ ਅਪਣਾ ਕੇ ਆਪਣੀ ਜ਼ਿੰਦਗੀ ਬਤੀਤ ਕਰਦੇ । ਸਿੱਖਾਂ ਲਈ ਕੋਈ ਖਾਸ ਕਿਸਮ ਦਾ ਪਹਿਰਾਵਾ ਆਦਿ ਨਿਰਧਾਰਤ ਨਹੀਂ ਕੀਤਾ ਗਿਆ। ਜਨਮ ਮਰਨ ਅਤੇ ਹੋਰ ਰਸਮਾਂ ਰਿਵਾਜ਼ਾਂ ਦੇ ਉਲਟ ਗੁਰੂ ਸਾਹਿਬਾਨ ਨੇ ਇਸ ਦੁਨੀਆਂ ਵਿੱਚ ਸੱਚ ਦਾ ਪੈਗਾਮ ਬੁਲੰਦ ਕੀਤਾ ਤਾਂ ਜੋ ਇਸ ਸੰਸਾਰ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਭੋਲੇ-ਭਾਲੇ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਕਰਮ ਕਾਂਡਾਂ ਵਿਚੋਂ ਬਾਹਰ ਨਿਕਲਿਆ ਜਾ ਸਕੇ। ਉਹਨਾਂ ਨੂੰ ਸਹੀ ਤਰੀਕੇ ਨਾਲ ਜ਼ਿੰਦਗੀ ਜਿਉਣ ਦਾ ਰਾਹ ਦਿਖਾਇਆ ਜਾਵੇ। ਸਿੱਖ ਰਹਿਤ ਮਰਿਯਾਦਾ ਨੂੰ ਮੌਜੂਦਾ ਰੂਪ ਦੇਣ ਦਾ ਸਭ ਤੋਂ ਪਹਿਲਾ ਕਾਰਨ ਸਿੱਖ ਰਹਿਤਨਾਮੇ ਲੱਗਦੇ ਹਨ ਜਿਨ੍ਹਾਂ ਦੀ ਗਿਣਤੀ ਦੋ ਦਰਜਨ ਤੋਂ ਵੱਧ ਹੈ। ਇਹ ਰਹਿਤਨਾਮੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਹੋਂਦ ਵਿੱਚ ਆਏ। ਰਹਿਤਨਾਮੇ ਅਨੰਤ ਹਨ ਜੋ ਪ੍ਰੇਮੀ ਸਿੱਖਾਂ ਨੇ ਆਪੋ-ਆਪਣੀ ਬੁੱਧੀ ਮੁਤਾਬਿਕ ਆਪਣੀ ਗੁਰੂ ਪ੍ਰਤੀ ਸ਼ਰਧਾ ਦਾ ਪ੍ਰਗਟਾ ਕੀਤਾ ਹੈ। ਰਹਿਤਨਾਮਿਆਂ ਦਾ ਆਧਾਰ ਤਾਂ ਕੇਵਲ ਗੁਰੂ ਰਸਨਾ ਤੋਂ ਉਚਾਰਣ ਕੀਤੀ 'ਧੁਰ ਕੀ ਬਾਣੀ' ਹੋਣਾ ਚਾਹੀਦਾ ਸੀ। ਪ੍ਰੰਤੂ ਇੰਝ ਨਾ ਹੋ ਸਕਿਆ। ਰਹਿਤਨਾਮੇ ਗੁਰਬਾਣੀ ਦੀ ਕਸਵੱਟੀ ਤੇ ਖਰੇ ਨਾ ਉੱਤਰ ਸਕੇ। ਇਸ ਕਰਕੇ ਸਿੱਖ ਰਹਿਤ ਮਰਿਯਾਦਾ ਦਾ ਅੰਗ ਨਹੀਂ ਬਣ ਸਕਦੇ। ਰਹਿਤਨਾਮੇ ਕੁਝ ਇਹੋ ਜਿਹੇ ਲਿਖਾਰੀਆਂ ਦੁਆਰਾ ਲਿਖੇ ਮਿਲਦੇ ਹਨ ਜੋ ਕਿ ਗੁਰੂ ਘਰ ਦੇ ਅਨਿਨ ਸਿੱਖ ਅਤੇ ਗੁਰੂ ਸਾਹਿਬਾਨ ਦੇ ਬਹੁਤ ਹੀ ਨਿਕਟਵਰਤੀ ਸਨ। ਇਨ੍ਹਾਂ ਨਿਕਟਵਰਤੀ ਸਿੱਖਾਂ ਵਿਚੋਂ ਭਾਈ ਦਿਆ ਸਿੰਘ, ਭਾਈ ਚੋਪਾ ਸਿੰਘ, ਭਾਈ ਮਨੀ ਸਿੰਘ , ਭਾਈ ਪ੍ਰਹਿਲਾਦ ਸਿੰਘ, ਭਾਈ ਨੰਦ ਲਾਲ, ਭਾਈ ਸੈਨਪਤੀ ਆਦਿ ਹਨ। ਇਹ ਨਿਕਟਵਰਤੀ ਸਿੱਖ ਗੁਰੂ ਘਰ ਦੇ ਪਿਆਰੇ ਹੋਣ ਕਰਕੇ ਸਿੱਖ ਸੰਗਤਾਂ ਵਿੱਚ ਕਾਫੀ ਸਤਿਕਾਰੇ ਜਾਂਦੇ ਹਨ। ਪਰ ਇਨ੍ਹਾਂ ਸਤਿਕਾਰਤ ਲਿਖਾਰੀਆਂ ਦੇ ਨਾਮ ਹੇਠ ਪ੍ਰਚਲਿਤ ਰਹਿਤਨਾਮੇ ਗੁਰਬਾਣੀ ਦੇ ਮੂਲ ਆਸ਼ਿਆਂ ਦੀ ਪੂਰਤੀ ਨਹੀਂ ਕਰਦੇ ਸਗੋਂ ਬਹੁਤ ਸਾਰੇ ਭਰਮ-ਭੁਲੇਖਿਆਂ ਨੂੰ ਵਧੇਰੇ ਜਨਮ ਦਿੰਦੇ ਹਨ। ਇਹਨਾਂ ਲਿਖਤਾਂ ਵਿਚੋਂ ਜਾਤ-ਪਾਤ ਮੰਨਣੀ , ਨਸ਼ਿਆਂ ਦਾ ਸੇਵਨ, ਸ਼ਰਾਧ ਕਰਨ, ਥਿਤਾਂ ਵਾਰਾਂ ਤੇ ਵਿਸ਼ਵਾਸ਼ ਕਰਨਾ ਆਦਿ ਅਜਿਹੇ ਮੁੱਦੇ ਜੋ ਗੁਰਬਾਣੀ ਦੇ ਆਸ਼ੇ ਉਲਟ ਖਾਲਸਾ ਪੰਥ ਦੇ ਸਿਧਾਂਤਾ ਨੂੰ ਕਰਮ ਕਾਂਡੀ ਦਿੱਖ ਪ੍ਰਦਾਨ ਕਰਦੇ ਹਨ। ਸੰਭਵ ਹੈ ਕਿ ਇਨ੍ਹਾਂ ਰਹਿਤਨਾਮਿਆਂ ਦਾ ਅਰੰਭਕ

ਰੂਪ ਪੂਰਨ ਤੋਰ 'ਤੇ ਗੁਰਬਾਣੀ ਦੇ ਮੂਲ ਆਸ਼ੇ ਅਨੁਸਾਰ ਹੀ ਹੋਵੇ ਅਤੇ ਇਹਨਾਂ ਵਿੱਚ ਅਠਾਰਵੀਂ ਸਦੀ ਦੇ ਅੱਧ ਵਿੱਚ ਪਰਵੇਸ਼ ਕੀਤੇ ਬ੍ਰਾਹਮਣੀ ਪ੍ਰਭਾਵ ਕਾਰਨ ਮਿਲਾਵਟ ਆ ਗਈ ਹੋਵੇ। ਇਸੀ ਕਾਰਨ ਇਹ ਰਹਿਤਨਾਮੇ ਖਾਲਸਾ ਪੰਥ ਵਿੱਚ ਭਰਮ-ਭੁਲੇਖੇ ਪੈਦਾ ਕਰਨ ਵਿੱਚ ਸਹਾਈ ਹੋ ਗਏ ਹੋਣ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਾਹਿਬ ਤੱਕ ਗੁਰਬਾਣੀ ਦੇ ਆਸ਼ੇ ਅਨੁਸਾਰ ਜ਼ਿੰਦਗੀ ਜਿਉਣ ਵਾਲੇ ਮਰਜੀਵੜੇ ਆਪਣਾ ਆਪ ਕੁਰਬਾਨ ਕਰਨ ਲਈ ਤਿਆਰ ਹੋ ਜਾਂਦੇ। ਪ੍ਰੰਤੂ ਜਦੋਂ ਗੁਰਬਾਣੀ ਅਤੇ ਸਿੱਖ ਸਿਧਾਂਤਾਂ ਵਿੱਚ ਰੱਲਗਡ ਹੋਣੀ ਸ਼ੁਰੂ ਹੋ ਜਾਵੇ ਤਾਂ ਸੁਭਾਵਿਕ ਹੈ, 'ਸਿਧਾਂਤਾਂ ਦਾ ਜੀਵਨ ਪ੍ਰਕਿਰਿਆ ਵਿੱਚ ਅਲੋਪ ਹੋਣਾ' ਅਤੇ 'ਜ਼ਿੰਦਗੀ ਦਾ ਮੁੜ ਬਿਪਰਨ ਕੀ ਰੀਤ' ਵਿੱਚ ਪ੍ਰਵੇਸ਼ ਕਰਨਾ।' ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਰਾਜ 'ਖਾਲਸਾ ਸਰਕਾਰ' ਕਰਕੇ ਜਾਣਿਆ ਜਾਂਦਾ ਕਾਇਮ ਹੋ ਗਿਆ ਪ੍ਰੰਤੂ ਕਾਇਮੀ ਦੇ ਨਾਲ ਹੀ ਇਸਦੇ ਨਿਰਮਲ ਅਤੇ ਨਿਰਾਲੇ ਸਿੱਖੀ ਸਿਧਾਂਤਾਂ ਵਿੱਚ ਰਲਾਅ ਪੈਣ ਦਾ ਮੁੱਢ ਵੀ ਬੱਝ ਗਿਆ। ਸਿੱਖ ਧਰਮ ਸਹਿਜੇ-ਸਹਿਜੇ ਬਿਪਰਨ ਦੀ ਰੀਤਾਂ, ਰਸਮਾਂ, ਜਾਤਾਂ-ਪਾਤਾਂ, ਫੋਕਟ, ਕਰਮਾਂ-ਕਾਂਡਾਂ ਅਤੇ ਅਵਤਾਰ ਵਾਦ ਦੀ ਪੂਜਾ ਵਿੱਚ ਗ੍ਰਸਤ ਹੋ ਕੇ ਖਾਲਸਾਈ ਜਾਹੋ-ਜਲਾਲ ਦੇ ਗੁਣਾਂ ਨੂੰ ਭੁਲਾਉਣ ਲੱਗ ਪਿਆ। ਸਤਿਗੁਰਾਂ ਨੇ ਇਸ ਨੂੰ ਗੁਰਬਾਣੀ ਦੀ ਰੋਸ਼ਨੀ ਵਿੱਚ ਜ਼ਿੰਦਗੀ ਜਿਉਣ ਲਈ ਇਕ ਅਕਾਲ ਪੁਰਖ ਦੀ ਇਬਾਦਤ ਵਿੱਚ ਜੁੜਨ ਦਾ ਰਾਹ ਵਿਖਾਲਿਆ ਪਰ ਸਿੱਖ ਫੇਰ ਉਸੇ ਦਲ-ਦਲ ਵਿੱਚ ਗ੍ਰਸਤ ਹੋ ਗਿਆ। ਭਾਈ ਗੁਰਦਾਸ ਜੀ ਵਲੋਂ ਦੋ ਕੁ ਸਦੀਆਂ ਪਹਿਲਾਂ ਜਿਨ੍ਹਾਂ ਕੁਰੀਤੀਆਂ ਵਲੋਂ ਵਰਜਿਆ ਸੀ ਸਿੱਖ ਧਰਮ ਫਿਰ ਦੁਬਾਰਾ ਉਨ੍ਹਾਂ ਕੁਰੀਤੀਆਂ ਵਿੱਚ ਗ੍ਰਸਤ ਹੁੰਦਾ ਜਾ ਰਿਹਾ ਹੈ।

*''ਆਦਿਤ ਅਉ ਸੋਮ ਭੋਮ ਬੁਧ ਹੂੰ ਬ੍ਰਹਸਪਤ*
*ਸੁਕਰ ਸਨੀਚਰ ਸਾਤੋ ਬਾਰ ਬਾਂਟ ਲੀਨੇ ਹੈ।*
*ਥਿਤਿ ਪੱਛ ਮਾਸ ਰੁਤਿ ਲੋਗਨ ਮੈ ਲੋਗਾਚਾਰ*
*ਏਕ ਏਕੰਕਾਰ ਕੁ ਨ ਕੋਊ ਦਿਨ ਦੀਨਿ ਹੈ।*
*ਜਨਮ ਅਸਟਸੀ ਰਾਮ ਨਉਮੀ ਏਕਾਦਸੀ ਭਈ*
*ਦੁਆਦਸੀ ਚਤੁਰਦਸੀ ਜਨਮ ਏ ਕੀਨੇ ਹੈ।*
*ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨ*
*ਅਜੋਨੀ ਜਨਮੁ ਦਿਨੁ ਕਹੌ ਕੈਸੇ ਚੀਨੇ ਹੈ॥''*[14]

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵੱਸਦੇ ਸਿੱਖ ਸ੍ਰੀ ਅਕਾਲ ਤਖਤ ਸਾਹਿਬ ਦੀ ਨਿਗਰਾਨੀ ਵਿੱਚ ਸਾਰੇ ਕਾਰਜ ਕਰਦੇ ਹਨ। ਪ੍ਰੰਤੂ ਜਦੋਂ ਧਰਮ ਦੀਆਂ ਕੀਮਤਾਂ, ਰਸਮਾਂ ਰਿਵਾਜ਼ਾਂ ਦੀ ਗੱਲ ਆਉਂਦੀ ਹੈ ਤਾਂ ਉਥੇ ਉਹ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਅਸੀਂ ਇਸ ਕਾਰਜ ਨੂੰ ਕਿਵੇਂ ਅਤੇ ਕਿਸ ਤਰ੍ਹਾਂ ਕਰਨਾ ਹੈ।ਸਿੱਖ ਕੌਮ ਦਾ ਪਵਿੱਤਰ ਅਤੇ ਮੁਕਦੱਸ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਨੁਸਾਰ ਸਿੱਖ ਰਹਿਤ ਮਰਿਯਾਦਾ ਤਿਆਰ ਕੀਤੀ ਗਈ ਪ੍ਰੰਤੂ ਇਸ ਰਹਿਤ ਮਰਿਯਾਦਾ ਨੂੰ ਵੀ ਅਨੇਕਾਂ ਚੁਣੌਤੀਆਂ ਵਿੱਚੋਂ ਦੀ ਗੁਜ਼ਰਨਾ ਪੈ ਰਿਹਾ ਹੈ। ਜੇਕਰ ਸਿੱਖ ਸਮਾਜ ਦੀ ਗੱਲ ਕੀਤੀ ਜਾਵੇ ਤਾਂ ਇਕ ਨਹੀਂ ਅਨੇਕਾਂ ਜਥੇਬੰਦੀਆਂ ਤਿਆਰ ਹੋ ਗਈਆਂ ਹਨ । ਜਿਵੇਂ ਸੰਤ ਸਮਾਜ, ਟਕਸਾਲ, ਮਿਸ਼ਨਰੀ, ਸੰਪਰਦਾਵਾਂ ਜੋ ਕਿ ਸਿੱਖ ਧਰਮ ਦਾ ਹੀ ਅੰਗ ਹਨ। ਇਥੇ ਇਹ ਵੀ ਵੇਖਣ ਯੋਗ ਹੈ ਕਿ ਉਹ ਆਪਣਾ ਇਸ਼ਟ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਮੰਨਦੇ ਹਨ, ਪ੍ਰੰਤੂ ਜਦੋਂ ਸਿੱਖ ਰਹਿਤ ਮਰਿਯਾਦਾ ਦੀ ਗੱਲ ਆਉਂਦੀ ਹੈ ਤਾਂ ਆਪੋ ਆਪਣੀ ਰਹਿਤ ਮਰਿਯਾਦਾ ਦਾ ਪ੍ਰਚਾਰ ਸ਼ੁਰੂ ਹੋ ਜਾਂਦਾ ਹੈ। ਗੁਰੂ ਸਾਹਿਬਾਨ ਦੁਆਰਾ ਸਥਾਪਿਤ ਨਿਰਮਲਪੰਥ ਨੂੰ ਦੂਸਰੇ ਧਰਮਾਂ ਵਿੱਚ ਰੱਲ-ਗੱਡ ਹੋਣ ਤੋਂ ਬਚਾਉਣ ਲਈ ਧਰਮ ਦੇ ਸੂਝਵਾਨ ਪੰਥ ਦਰਦੀਆਂ ਨੇ 13-14 ਸਾਲ ਦਾ ਸਮਾਂ ਲੰਘਾ ਕੇ ਇਕ ਖਰੜਾ ਤਿਆਰ ਕੀਤਾ ਜਿਸਨੂੰ ਅੱਜ ਤਕਰੀਬਨ 50 ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ, ਜਿਸਨੂੰ ਵਿਸ਼ੇਸ਼ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਕੀਤਾ ਗਿਆ ਹੈ। ਪ੍ਰੰਤੂ ਫੇਰ ਵੀ ਅੱਜ ਇਸ ਰਹਿਤ ਮਰਿਯਾਦਾ ਨੂੰ ਪੂਰਨ ਤੌਰ ’ਤੇ ਸਿੱਖ ਧਰਮ ਵਿੱਚ ਲਾਗੂ ਨਹੀਂ ਕਰ ਸਕੇ। ਇਸਦੇ ਅਨੇਕਾਂ ਕਾਰਨ ਹਨ ਜਿਨ੍ਹਾਂ ਦੀ ਵਿਆਖਿਆ ਕੇਵਲ ਇਕ ਪੈਰ੍ਹੇ ਵਿੱਚ ਹੀ ਬਹੁਤ ਆਸਾਨੀ ਨਾਲ ਕੀਤੀ ਜਾ ਸਕਦੀ ਹੈ।

“ਜੋ ਵੀ ਸੰਪ੍ਰਦਾ, ਜੱਥੇਬੰਦੀ ਪੰਥ ਵਿੱਚ ਪ੍ਰਚਲਤ ਹੋ ਗਈ ਹੈ ਉਹ ਕੇਵਲ ਆਪਣਾ ਨਾਮ ਤੇ ਆਪਣੀ ਪਹਿਚਾਣ ਨੂੰ ਬਣਾਈ ਰੱਖਣ ਲਈ ਇਸ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਨੂੰ ਮੰਨਣ ਲਈ ਤਿਆਰ ਨਹੀ ਹਨ।”[15]ਪ੍ਰੰਤੂ ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਉਨ੍ਹਾਂ ਦੀ ਪਹਿਚਾਣ ਸਗੋਂ ਇਸ ਰਹਿਤ ਮਰਿਯਾਦਾ ਨਾ ਕਬੂਲ ਕਰਨ ਸਦਕਾ ਸਿੱਖ ਧਰਮ ਦੇ ਵਿਰੋਧੀ ਧਿਰ ਵਜੋਂ ਜਾਣੀ ਜਾਂਦੀ ਹੈ।

ਅੱਜ ਜੋ ਵੱਖ ਵੱਖ ਮਰਿਯਾਦਾ ਵਾਲੀਆਂ ਸੰਪ੍ਰਦਾਵਾਂ, ਜਥੇਬੰਦੀਆਂ ਸਭਾ ਸੁਸਾਇਟੀਆਂ ਤੇ ਡੇਰੇ ਆਪੋ-ਆਪਣੀ ਨਵੀਂ ਮਰਿਯਾਦਾ ਸਿੱਖ ਧਰਮ ਉੱਤੇ ਲਾਗੂ ਕਰਨ ਲਈ ਸਿਰ ਤੋੜ ਯਤਨ ਕਰ ਰਹੇ ਹਨ, ਉਨ੍ਹਾਂ ਸਭਨਾਂ ਦੇ ਵੱਡੇ ਵਡੇਰਿਆਂ ਨੇ ਸਿੱਖ ਧਰਮ ਵਿੱਚ ਪ੍ਰਚਲਿਤ ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਵਾਨਤ ਸਿੱਖ ਮਰਿਯਾਦਾ ਤਿਆਰ ਕਰਨ ਵਿੱਚ ਪੂਰਨ ਸਹਿਯੋਗ ਦਿੱਤਾ ਸੀ। ਫਿਰ ਕੀ ਕਾਰਨ ਹੈ ਕਿ

ਅੱਜ ਉਨ੍ਹਾਂ ਗੱਦੀਆਂ ਦੇ ਉੱਪਰ ਬਿਰਾਜਮਾਨ ਆਗੂਆਂ ਵਲੋਂ ਆਪੋ -ਆਪਣੇ ਵੱਡੇ ਵਡੇਰਿਆਂ ਦਾ ਅਪਮਾਨ ਤੇ ਵਿਰੋਧ ਕਿਉਂ ਕੀਤਾ ਜਾ ਰਿਹਾ ਹੈ? ਇਥੇ ਇਹ ਵੀ ਗੱਲ ਦੱਸਣ ਯੋਗ ਹੈ ਕਿ ਜੋ ਡੇਰੇ, ਸੰਪ੍ਰਦਾਵਾਂ, ਸਭਾ ਸੁਸਾਇਟੀਆਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਮੰਨਣ ਨੂੰ ਤਿਆਰ ਨਹੀਂ ਹਨ, ਸਗੋਂ ਆਪੋ ਆਪਣੀ ਮਰਿਯਾਦਾ ਦੀ ਬੋਲੀ ਬੋਲਦੇ ਹਨ। ਉਨਾਂ ਦੀ ਆਪਸ ਵਿੱਚ ਹੀ ਮਰਿਯਾਦਾ ਮੇਲ ਨਹੀਂ ਖਾਂਦੀ । ਉਦਾਹਰਣ ਦੇ ਤੌਰ ’ਤੇ ਨਿੱਤਨੇਮ ਦੇ ਗੁਟਕੇ ਦੇਖੇ ਜਾ ਸਕਦੇ ਹਨ। ਨਿੱਤਨੇਮ ਦੀਆਂ ਬਾਣੀਆਂ ਦੀ ਗੱਲ ਕਰੀਏ ਤਾਂ ਬਹੁਤ ਡੂੰਘਾਈ ਵਿੱਚ ਨਾ ਜਾਈਏ ਸਿਰਫ ਸ਼ਾਮ ਦੀ ਸੋ ਦਰੁ ਰਹਿਰਾਸ ਸਾਹਿਬ ਦਾ ਸਰੂਪ ਹੀ ਵੇਖ ਲਿਆ ਜਾਵੇ ਸਭ ਕੁਝ ਅੱਖਾਂ ਸਾਹਮਣੇ ਸਪੱਸ਼ਟ ਰੂਪ ਵਿੱਚ ਆ ਜਾਵੇਗਾ। ਇਨ੍ਹਾਂ ਸੰਬੰਧਿਤ ਜਥੇਬੰਦੀਆਂ ਦੇ ਆਪੋ-ਆਪਣੇ ਅਸਥਾਨਾਂ ਵਿੱਚ ਵੱਖ-ਵੱਖ ਰਹਿਤ ਮਰਿਯਾਦਾ ਲਾਗੂ ਹੋ ਰਹੀ ਹੈ। ਪਰੰਤੂ ਹੁਣ ਪਹਿਲਾਂ ਆਪਸ ਵਿੱਚ ਇਕਸਾਰਤਾ ਪੈਦਾ ਕੀਤੇ ਬਿਨ੍ਹਾਂ ਹੀ ਪੰਥ ਵਿੱਚ ਧਾਰਮਿਕ ਅਤੇ ਰਾਜਸੀ ਧਿਰ ਹੋ ਕੇ ਉਭਰਨ ਦੀ ਲਾਲਸਾ ਨੇ ਇਨ੍ਹਾਂ ਵਲੋਂ ਨਵੀਂ ਰਹਿਤ ਮਰਿਯਾਦਾ ਦਾ ਐਲਾਨ ਕਰਨਾ, ਇਹ ਇਕ ਵੱਡੀ ਬਦਕਿਸਮਤੀ ਹੈ। ਇਕਾ ਬਾਣੀ ਇਕੋ ਗੁਰੁ ਇਕੋ ਸਬਦੁ ਵਿਚਾਰਨ ਦੇ ਨਿਆਰੇਪਨ ਨੂੰ ਕਿਵੇਂ ਬਰਕਰਾਰ ਰੱਖਿਆ ਜਾ ਸਕਦਾ ਹੈ, ਜਿੱਥੇ ਵੱਖ ਵੱਖ ਪ੍ਰਕਾਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਗੰਭੀਰ ਚਿੰਤਾ ਸਾਡੇ ਸਾਰਿਆਂ ਲਈ ਸਾਂਝੀ ਹੈ। ਨਿੱਤ ਦਿਹਾੜੇ ਇਨ੍ਹਾਂ ਚੁਣੋਤੀਆਂ ਵਿੱਚ ਜੋ ਵਾਧਾ ਹੋ ਰਿਹਾ ਹੈ ਉਸ ਦੇ ਸਨਮੁੱਖ ਇਹ ਚਿੰਤਾ ਸਮੁੱਚੇ ਖਾਲਸਾ ਪੰਥ ਲਈ ਕੌਮੀ ਚਿੰਤਾ ਦੇ ਰੂਪ ਵਿੱਚ ਉਜਾਗਰ ਹੋ ਰਹੀ ਹੈ। ਸਿੱਖ ਰਹਿਤ ਮਰਿਯਾਦਾ ਜੋ ਬੁਨਿਆਦੀ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਅਧੀਨ ਹੈ। ਉਸ ਵਿੱਚ ਸਿੱਖ ਦੀ ਜੋ ਸਿਧਾਂਤਿਕ ਪਰਿਭਾਸ਼ਾ ਦਿੱਤੀ ਗਈ ਹੈ ਉਸ ਅਨੁਸਾਰ “ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦੱਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦੱਸ ਗੁਰੂ ਸਾਹਿਬਾਨ ਦੀ ਬਾਣੀ ਅਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ‘ਉਹ ਸਿੱਖ ਹੈ’[16]। ਇਸ ਆਰੰਭਕ ਸਿਧਾਂਤ ਦੇ ਕੋਈ ਗਲਤ ਮਤਲਬ ਨਾ ਸਮਝ ਲਵੇ, ਇਸ ਲਈ ਸਿੱਖ ਰਹਿਤ ਮਰਿਯਾਦਾ ਵਿੱਚ ਦਰਜ ਗੁਰਮਤਿ ਦੀ ਰਹਿਣੀ ਦੇ ‘ਹ’ ਭਾਗ ਵਿੱਚ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਗੁਰਬਾਣੀ ਅਨੁਸਾਰ ਖਾਲਸੇ ਦੀ ਕੀ ਪਰਿਭਾਸ਼ਾ ਹੈ ਅਤੇ ਖਾਲਸਾ ਸਾਰੇ ਮਤਾਂ ਤੋਂ ਨਿਆਰਾ ਹੁੰਦਾ ਹੋਇਆ ਕਿਸੇ ਵੀ ਅਨਧਰਮੀ ਨੂੰ ਆਪਣੀ ਗਲਵੜੀ ਦਾ ਨਿੱਘ ਦੇਣ ਲਈ ਹਮੇਸ਼ਾ ਤੱਤਪਰ ਰਹਿੰਦਾ ਹੈ।[17] ਸਿੱਖ ਰਹਿਤ ਮਰਿਯਾਦਾ ਅਤੇ ਗੁਰਬਾਣੀ

ਸਿੱਖਿਆ ਦੇ ਵਿਪਰੀਤ ਹੁਣ ਪਦਾਰਥਕ ਸੁਖਾਂ ਦੀ ਹੋੜ੍ਹ ਹੀ ਲੱਗ ਗਈ ਹੈ। ਜੋ ਹੈ, ਉਸ ਨਾਲ ਤ੍ਰਿਪਤੀ ਨਹੀਂ। ਜੋ ਨਹੀਂ, ਉਸਦੀ ਪ੍ਰਾਪਤੀ ਲਈ ਅਨੈਤਿਕ ਢੰਗ ਅਪਣਾਏ ਜਾ ਰਹੇ ਹਨ। ਇਸ ਤਰ੍ਹਾਂ ਦੀਆਂ ਸਿੱਖ ਰਹਿਤ ਮਰਿਯਾਦਾ ਨੂੰ ਦਰਪੇਸ਼ ਚੁਣੋਤੀਆਂ ਗੰਭੀਰ ਚਿੰਤਾ ਦਾ ਵਿਸ਼ਾ ਹਨ। ਧਾਰਮਿਕ ਕੌਮੀਅਤ ਦਾ ਬੁਨਿਆਦੀ ਅਧਾਰ ਇਕ ਸਿਧਾਂਤ ਅਤੇ ਇਕੋ ਜੀਵਨ ਪੱਧਤੀ ਜਾਂ ਵਿਵਹਾਰ ਹੈ। ਵੱਖ-ਵੱਖ ਤਰ੍ਹਾਂ ਦਾ ਵਿਵਹਾਰ ਕਿਸੇ ਸੰਸਥਾ ਦਾ ਕਿਸੇ ਵੱਡੇ ਸਮੂਹ ਨੂੰ ਇਕੋ ਸੂਤ੍ਰ ਵਿੱਚ ਨਹੀਂ ਪਰੋ ਸਕਦਾ। ਸਿੱਖ ਰਹਿਤ ਮਰਿਯਾਦਾ ਸਿੱਖ ਦੇ ਜੀਵਨ ਦਾ ਅਭਿੰਨ ਅੰਗ ਸੀ। ਜੋ ਹਰ ਸਿੱਖ ਨੂੰ ਇਕ ਅਨੁਸ਼ਾਸ਼ਨ ਵਿੱਚ ਬੰਨ੍ਹ ਕੇ ਪੰਥਕ ਏਕਤਾ ਦੀਆਂ ਤੰਦਾਂ ਨੂੰ ਮਜ਼ਬੂਤ ਕਰਦਾ ਸੀ। ਜਿਥੇ ਸਿਧਾਂਤ ਰਹਿਤ ਦਾ ਜਨਮਦਾਤਾ ਹੈ ਉਥੇ ਰਹਿਤ ਸਿਧਾਂਤ ਦੀ ਰਖਵਾਲੀ ਕਰਦੀ ਹੈ। ਦੋਹਾਂ ਦੇ ਅੰਤਰ ਸਬੰਧ ਨੂੰ  ਭੰਗ ਕੀਤਿਆਂ ਦੋਹਾਂ ਦਾ ਦੂਸ਼ਿਤ ਹੋਣਾ ਸੁਭਾਵਿਕ ਹੀ ਨਹੀਂ, ਨਿਸ਼ਚਿਤ ਵੀ ਹੈ। ਰਹਿਤ ਦਾ ਬਿਖਰਾਅ ਸਿਧਾਂਤ ਦੀ ਏਕਤਾ ਨੂੰ ਤੋੜਦਾ ਹੈ। ਸਿਧਾਂਤਿਕ ਭ੍ਰਿਸ਼ਟਤਾ ਮਰਿਯਾਦਾ ਵਿੱਚ ਬਿਖਰਾਅ ਲਿਆਉਂਦੀ ਹੈ। ਇਸ ਲਈ ਸ਼ੁੱਧ ਰਹਿਤ ਦੀ ਰੱਖਿਆ ਹਰ ਪੰਥ ਦਰਦੀ ਦਾ ਮੁੱਢਲਾ ਸਰੋਕਾਰ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੰਘ ਸਭਾ ਲਹਿਰ ਦਾ ਆਗਮਨ ਇਕ ਸਿੱਖ ਜਾਗ੍ਰਿਤੀ ਕਾਲ ਸੀ। ਇਸ ਜਾਗ੍ਰਿਤੀ ਕਾਲ ਦਾ ਮੁੱਢਲਾ ਸਰੋਕਾਰ ਵਿਵਸਥਿਤ ਅਤੇ ਏਕੀਕ੍ਰਿਤ ਰਹਿਤ ਮਰਿਯਾਦਾ ਹੀ ਸੀ। ਮਹੰਤਾਂ ਦੇ ਗੁਰਦੁਆਰਾ ਦੇ ਪ੍ਰਬੰਧ ਉੱਤੇ ਇਤਰਾਜ਼ ਇਹ ਸੀ ਕਿ ਉਹ ਸਿੱਖ ਰਹਿਤ ਨੂੰ ਸੁਰੱਖਿਅਤ ਰੱਖਣ ਦੀ ਬਜਾਏ ਢਾਹ ਲਾ ਰਹੇ ਸਨ। ਇਸ ਲਈ ਅਕਾਲੀ ਲਹਿਰ ਦੁਆਰਾ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਮਹੰਤਾਂ ਦੇ ਹੱਥਾਂ ਵਿੱਚੋਂ ਖੋਹ ਲੈਣ ਉਪਰੰਤ ਸਿੰਘ ਸਭਾ ਲਹਿਰ ਦਾ ਸਭ ਤੋ ਵੱਡਾ ਯਤਨ ਸਰਬ-ਪ੍ਰਵਾਨਿਤ ਰਹਿਤ ਮਰਿਯਾਦਾ ਤਿਆਰ ਕਰਨ ਅਤੇ ਪੂਰੇ ਸਿੱਖ ਜਗਤ ਵਿੱਚ ਲਾਗੂ ਕਰਨਾ ਸੀ। ਪਰ ਇਸ ਸਿੱਖ ਰਹਿਤ ਮਰਿਯਾਦਾ ਨੂੰ ਲਾਗੂ ਕਰਨ ਵਿੱਚ ਵੱਡੀ ਅੜ੍ਹਚਣ ਬਹੁਤ ਸਾਰੀਆਂ ਸਿੱਖ ਸੰਪਰਦਾਵਾਂ ਅਤੇ ਦੋ ਤਖਤਾਂ (ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ) ਦੀ ਅਸਹਿਮਤੀ ਹੈ। ਇੰਝ ਮਰਿਯਾਦਾ ਦੇ ਏਕੀਕਰਨ ਵਿੱਚ ਅਧੂਰੀ ਜਿਹੀ ਸਫਲਤਾ ਮਿਲੀ ਹੈ ਜੋ ਕਿ  ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਧਰਮ ਸਥਾਨਾਂ ਅਤੇ ਕੁਝ ਸਿੰਘ ਸਭਾਵਾਂ ਵਿੱਚ ਹੀ ਲਾਗੂ ਹੋ ਸਕੀ। ਉਹ ਵੀ ਪੂਰਨ ਰੂਪ ਵਿੱਚ ਹੀ ਨਹੀਂ। ਸ਼੍ਰੋਮਣੀ ਕਮੇਟੀ ਅਧੀਨ ਗੁਰਦੁਆਰੇ ਵਿੱਚ ਜਦੋਂ ਸਾਰੇ ਕਰਮ ਉਸ ਦੁਆਰਾ ਆਪ ਪ੍ਰਕਾਸ਼ਿਤ ਕੀਤੀ ਸਿੱਖ ਰਹਿਤ ਮਰਿਯਾਦਾ ਨਾਲ ਮੇਲ ਨਹੀਂ ਖਾਂਦੇ, ਤਾਂ ਇਸ ਨਾਲ ਸਧਾਰਨ ਸਿੱਖਾਂ ਵਿੱਚ ਦੁਬਿਧਾ ਪੈਦਾ ਹੁੰਦੀ ਹੈ। ਡੇਰੇਵਾਦ ਦੇ ਬੇਰੋਕ ਪਸਾਰ ਨੇ ਸਥਿਤੀ ਹੋਰ ਗੰਭੀਰ ਬਣਾ ਦਿੱਤੀ ਹੈ। ਜਿੱਥੇ ਸਥਾਪਿਤ ਸੰਪਰਦਾਵਾਂ ਦੀਆਂ ਆਪਣੀਆਂ ਇਤਿਹਾਸ-ਸਿੱਧ ਸੰਪਰਦਾਵਾਂ

ਸਨ, ਜਿਨ੍ਹਾਂ ਦਾ ਪਾਲਣ ਕਰਨਾ ਉਨ੍ਹਾਂ ਵਾਸਤੇ ਕੁਝ ਮਜ਼ਬੂਰੀ ਹੋ ਸਕਦੀ ਸੀ, ਉੱਥੇ ਡੇਰੇਦਾਰਾਂ ਨੇ ਹਰ ਮਰਿਯਾਦਾ ਨੂੰ ਆਪਣੇ ਕਾਰੋਬਾਰ ਦੇ ਹਿੱਤ ਵਿੱਚ ਸਥਾਪਿਤ ਕਰ ਲਿਆ । ਉਨ੍ਹਾਂ ਦੀ ਵੱਚਨਬੱਧਤਾ ਪੰਥ ਨਾਲ ਨਹੀਂ, ਆਪਣੇ ਵਪਾਰ ਨਾਲ ਹੈ ਅਤੇ ਵੱਖਰੀ ਮਰਿਯਾਦਾ ਨਾਲ ਆਪਣੇ ਡੇਰੇ ਦੀ ਵਿਲੱਖਣਤਾ ਸਥਾਪਤ ਕਰਕੇ ਲੋਕਾਂ ਨੂੰ ਭਰਮਾਉਂਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦਾ ਏਕੀਕਰਨ ਅਤਿ ਜ਼ਰੂਰੀ ਹੈ ਨਹੀਂ ਤਾਂ ਪੰਥ ਦੇ ਸਾਹਮਣੇ ਸਿੱਖ ਰਹਿਤ ਵਰਗੀਆਂ ਹੋਰ ਵੀ ਅਨੇਕਾਂ ਚੁਣੌਤੀਆਂ ਖੜੀਆਂ ਹੋ ਜਾਣਗੀਆਂ। ਜਿਨ੍ਹਾਂ ਦਾ ਹੱਲ ਨਾ ਹੋਣਾ ਸਿੱਖ ਧਰਮ ਦੀ ਢਹਿੰਦੀ ਕਲਾ ਦਾ ਪ੍ਰਤੀਕ ਬਣ ਕੇ ਸੰਸਾਰ ਦੇ ਸਾਹਮਣੇ ਪ੍ਰਗਟ ਹੋਵੇਗਾ।

## ਸਿਧਾਂਤਕ ਚੁਣੌਤੀਆਂ :

ਵਰਤਮਾਨ ਸਮਾਜ ਵਿੱਚ ਸਿੱਖ ਸਮਾਜ ਨੂੰ ਜਿਨ੍ਹਾਂ ਸਿਧਾਂਤਕ ਚੁਣੌਤੀਆਂ ਜਿਵੇਂ ਜਾਤ ਪਾਤ, ਡੇਰਾਵਾਦ, ਤਖਤਾਂ ਦੀ ਮਰਿਯਾਦਾ ਅਤੇ ਵਿਦੇਸ਼ਾਂ ਵਿੱਚ ਸਿੱਖ ਨੂੰ ਆਪਣੀ ਪਹਿਚਾਣ ਸੰਬੰਧੀ ਜੋ ਚੁਣੌਤੀਆਂ ਪੇਸ਼ ਆ ਰਹੀਆਂ ਹਨ, ਉਹਨਾਂ ਦਾ ਵਰਨਣ ਇਸ ਪ੍ਰਕਾਰ ਹੈ।

## ਸਿੱਖ ਸਮਾਜ ਸਾਹਮਣੇ ਜਾਤ-ਪਾਤ ਸੰਬੰਧੀ ਚੁਣੌਤੀਆਂ :

ਸਮਾਜਿਕ ਵਿਤਕਰਾ ਮਨੁੱਖਾ ਜ਼ਿੰਦਗੀ ਦੇ ਰਾਹ ਵਿੱਚ ਬਹੁਤ ਵੱਡਾ ਪਾਖੰਡ ਹੈ। ਮਨੁੱਖ ਨੇ ਸਦੀਵੀ ਕਾਲ ਆਪਣੇ ਜ਼ਿੰਦਗੀ ਨੂੰ ਬੇਹਤਰੀਨ ਕਰਨ ਲਈ ਦਿਨ-ਪ੍ਰਤੀ-ਦਿਨ ਧਰਮ ਦੀ ਰਹੁ ਰੀਤਾਂ ਅਨੁਸਾਰ ਕਾਰਜ ਕਰਨੇ ਹਨ। ਪਰ ਸਾਰੀ ਦੁਨੀਆਂ ਵਹਿਮਾਂ-ਭਰਮਾਂ ਵੱਡੀਆਂ-ਛੋਟੀਆਂ ਜਾਤਾਂ-ਪਾਤਾਂ ਵਿੱਚ ਵੰਡੀ ਹੋਈ ਹੈ ਜਿਸ ਕਰਕੇ ਹਰ ਪੱਧਰ ਤੇ ਮਨੁੱਖ ਦਾ ਮਨੁੱਖ ਵਲੋਂ ਕਿਸੇ ਨਾ ਕਿਸੇ ਢੰਗ ਨਾਲ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉੱਚੀਆਂ ਜਾਤਾਂ ਵਾਲੇ ਨੀਵੀਆਂ ਜਾਤਾਂ ਵਾਲਿਆਂ ਨੂੰ ਦਾਸ, ਗੁਲਾਮ ਜਿਹਾ ਵਰਤਾਰਾ ਦੇਣ ਵਿੱਚ ਆਪਣੀ ਵਡਿਆਈ ਸਮਝਦੇ ਹਨ। ਜਾਤੀਵਾਦ ਭਾਰਤੀ ਸਮਾਜ ਦਾ ਇਕ ਮਹਾਂ ਕੋਹੜ ਹੈ ਜਿਸ ਦੀ ਮਿਸਾਲ ਪੂਰੇ ਵਿਸ਼ਵ ਵਿੱਚ ਨਹੀਂ ਮਿਲਦੀ। ਵਿਸ਼ਵ ਦੇ ਕਿਸੇ ਵੀ ਖਿੱਤੇ ਵਿੱਚ ਕਿਸੇ ਵੀ ਧਾਰਮਿਕ ਸਮੁਦਾਇ ਨੇ ਆਪਣੇ ਹੀ ਲੋਕਾਂ ਨਾਲ ਅਜਿਹਾ ਅਮਾਨਵੀ ਵਿਵਹਾਰ ਕਦੇ ਨਹੀਂ ਕੀਤਾ। ਜਾਤ-ਪਾਤ ਵਿਚਾਰਧਾਰਾ ਦੀ ਮੁੱਖ ਧਾਰਨਾ ਇਹ ਹੈ ਕਿ ਮਨੁੱਖ ਅਸੂਲੀ ਤੌਰ 'ਤੇ ਬਰਾਬਰ ਨਹੀਂ ਹੁੰਦੇ ਅਤੇ ਉਹਨਾਂ ਵਿਚਾਲੇ ਸਦਾ ਹੀ ਫਰਕ ਰਹਿੰਦਾ ਹੈ ਜਿੰਨਾ ਇਨਸਾਨ ਅਤੇ ਜਾਨਵਰ ਦੇ ਵਿਚਕਾਰ। ਇਹ ਗੱਲ ਧਿਆਨ ਨਾਲ ਸਮਝਣ ਵਾਲੀ ਹੈ ਕਿ ਇਨਸਾਨ ਤੇ ਇਨਸਾਨ ਵਿਚਲੀ ਇਹ ਨਾ-ਬਰਾਬਰੀ ਜਾਤ-ਪਾਤ ਦੀ ਵਿਚਾਰਧਾਰਾ ਨੇ ਅਸੂਲੀ ਤੌਰ 'ਤੇ ਮੰਨੀ ਹੈ। ਮਨੁੱਖਤਾ ਪ੍ਰਤੀ ਕੀਤਾ ਇਹ ਪਾਪ ਮਾਨਵੀ

ਇਤਿਹਾਸ ਦੇ ਮੱਥੇ ਦਾ ਵੱਡਾ ਕਲੰਕ ਹੈ। ਬਹੁਤ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਦੇਸ਼ ਦੇ ਲੋਕਾਂ ਕੋਲ ਬੁਰਾਈ ਅਤੇ ਅਤਿਆਚਾਰ ਦਾ ਵਿਰੋਧ ਕਰਨ ਦਾ ਰਤਾ ਭਰ ਵੀ ਸਾਹਸ ਨਹੀਂ। ਭਾਰਤ ਦੀਆਂ ਉੱਚ ਜਾਤੀਆਂ ਜੇ ਅਜਿਹੀਆਂ ਬੁਰੀਆਂ ਕੁਰੀਤੀਆਂ ਅਤੇ ਘੋਰ ਭੇਦ ਭਾਵੀ ਪ੍ਰੰਪਰਾਵਾਂ ਨੂੰ ਸ਼ੋਭਾਸ਼ਾਲੀ ਕਹਿਣ ਵੀ ਤਾਂ ਉਸ ਦੀ ਕੁਝ ਉੱਚਿਤਤਾ ਹੈ। ਕਿਉਂਕਿ ਕੁਝ ਲੋਕ ਇਸ ਪ੍ਰਥਾ ਦੇ ਆਸਰੇ ਨੀਵੀਆਂ ਜਾਤਾਂ ਤੋਂ ਸੇਵਾ ਕਰਵਾਉਣ ਦਾ ਆਨੰਦ ਮਾਣਦੇ ਰਹੇ ਹਨ ਪਰ ਉਹ ਲੋਕ ਜਿਨ੍ਹਾਂ ਨੂੰ ਹੀਣ ਜਾਤਿ ਹੋਣ ਦਾ ਸੰਤਾਪ ਹਜ਼ਾਰਾਂ ਸਾਲ ਤੱਕ ਭੋਗਣਾ ਪਿਆ ਸੀ, ਉਹ ਅੱਜ ਦੇ ਆਜ਼ਾਦ ਵਾਤਾਵਰਣ ਵਿੱਚ ਉਸ ਸ਼ੋਸ਼ਣ-ਕਰਤਾ ਧਾਰਮਿਕ ਸਮੁਦਾਇ ਦਾ ਅੰਗ ਬਣੇ ਰਹਿਣ, ਭੇਦਭਾਵੀ ਵਿਵਸਥਾ ਵਾਲੇ ਧਰਮ ਨਾਲ ਆਪਣੇ ਆਪ ਨੂੰ ਸੰਬੰਧਿਤ ਰੱਖਣ ਅਤੇ  ਆਪਣੇ ਆਪ ਨੂੰ ਗੁਰੂ ਸਾਹਿਬਾਨ ਦੇ ਉਸ ਕਲਿਆਣਕਾਰੀ ਮਿਸ਼ਨ ਤੋਂ ਦੂਰ ਜਿਨ੍ਹਾਂ ਨੇ ਉਨ੍ਹਾਂ ਦੀ ਗੁਲਾਮੀ ਦੇ ਬੰਧਨ ਕੱਟੇ ਸਨ, ਤਾਂ ਇਸ ਤੋਂ ਸ਼ਰਮਨਾਕ ਹੋਰ ਕੋਈ ਗੱਲ ਨਹੀਂ ਹੋ ਸਕਦੀ। ਭਾਰਤ-ਭੂਮੀ ਤੇ ਜਾਤੀਵਾਦ ਦਾ ਵਿਰੋਧ ਕਰਨ ਵਾਲੇ ਭਗਤੀ ਲਹਿਰ ਦੇ ਬਹੁਤੇ ਸੰਤ, ਮਹਾਂ ਪੁਰਸ਼ ਹੋਏ ਹਨ ਪਰ ਜਾਤਿ-ਮੁਕਤ ਸਿਰਜਣ ਦਾ ਸ਼੍ਰੇਅ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਜਾਂਦਾ ਹੈ। ਇਤਨਾ ਸਿਧਾਂਤ  ਸਪੱਸ਼ਟ ਹੋਣ ਦੇ ਬਾਵਜੂਦ ਅਸੀਂ ਜਾਤ-ਪਾਤ ਅਤੇ ਊਚ-ਨੀਚ ਦੇ ਇਸ ਕੋਹੜ ਨੂੰ ਕੌਮ ਦੇ ਅੰਦਰ ਵਾੜ ਲਿਆ। ਜਿਨ੍ਹਾਂ ਸਮਾਜ ਦੇ ਲਤਾੜੇ ਹੋਏ ਵੀਰਾਂ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਸੀਨੇ ਨਾਲ ਲਗਾ ਕੇ ਸਮਾਜ ਵਿੱਚ ਬਰਾਬਰੀ ਬਖਸ਼ੀ ਸੀ, ਉਨ੍ਹਾਂ ਨੂੰ ਮਜ਼੍ਹਬੀ, ਦਲਿਤ ਅਤੇ ਹੋਰ ਪਤਾ ਨਹੀਂ ਕੀ-ਕੀ ਕਹਿ ਕੇ ਤ੍ਰਿਸਕਾਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦੇ ਗੁਰਦੁਆਰੇ ਅਲੱਗ ਬਣ ਰਹੇ ਹਨ। ਆਪਣੇ ਆਪ ਨੂੰ ਉੱਚੀ ਜਾਤ ਦਾ ਸਮਝਣ ਵਾਲੇ ਕਈ ਸਿੱਖ ਉਨ੍ਹਾਂ ਗੁਰਦੁਆਰਿਆਂ ਵਿੱਚੋਂ ਪ੍ਰਸ਼ਾਦਿ ਨਹੀਂ ਲੈਂਦੇ, ਲੰਗਰ ਨਹੀ ਛੱਕਦੇ। ਇਸੇ ਬਾਬਤ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਰਮ ਵਿਚੋਂ ਅਸੀਂ ਜਾਤਿ-ਪਾਤਿ ਦਾ ਕੋੜ੍ਹ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕੇ। ਇਸ ਤਰ੍ਹਾਂ ਜਾਤੀਵਾਦੀ ਭੇਦ-ਭਾਵ ਨੇ ਛੋਟੀਆਂ ਜਾਤਾਂ ਨੂੰ ਪੰਥ ਤੋਂ ਦੂਰ ਕੀਤਾ ਹੈ। ਜਿਨ੍ਹਾਂ ਗੁਰਦੁਆਰਿਆਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਜਾਤਿ ਵਿਰੋਧੀ ਵਿਚਾਰ ਪ੍ਰਚਾਰੇ ਜਾਣੇ ਸਨ, ਉਹ ਗੁਰਦੁਆਰੇ ਹੀ ਜਾਤਿ ਸੂਚਕ ਧਰਮ ਸਥਾਨ ਬਣ ਗਏ। ਇਸੇ ਕਰਕੇ ਕੁਝ ਕਾਰਨਾਂ ਕਰਕੇ ਕੁਝ ਜਾਤੀਆਂ ਲਗਭਗ ਸਿੱਖ ਧਰਮ ਤੋਂ ਦੂਰ ਹੋ ਗਈਆਂ ਹਨ। ਫਿਰ ਵੀ ਅਸਲ ਕਾਰਨ ਭਾਰਤ ਦੀ ਰਾਜਨੀਤੀ ਉਤੇ ਹਾਵੀ ਸਨਾਤਨੀ ਲੋਕਾਂ ਦੀ ਕੂਟਨੀਤੀ ਹੈ। ਉਨ੍ਹਾਂ ਨੇ ਇਕ ਗੰਭੀਰ ਸਾਜਿਸ਼ ਤਹਿਤ ਸਰਕਾਰੀ ਪੱਧਰ ਤੇ ਭਾਰਤ ਦੇ ਕੁਝ ਸੰਤਾਂ ਦੇ ਨਾਮ ਨਾਲ 'ਭਗਤ' ਜਾਂ 'ਸੰਤ' ਦੀ ਥਾਂ 'ਗੁਰੂ ਪਦ' ਲਗਾਉਣਾ ਸ਼ੁਰੂ ਕਰ ਦਿੱਤਾ। ਉਦਾਹਰਣ ਦੇ ਤੌਰ 'ਤੇ ਭਗਤ ਰਵਿਦਾਸ ਜੀ ਉੱਤਰ

ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼ ਆਦਿ ਰਾਜਾਂ ਦੀਆਂ ਸਰਕਾਰੀ ਲਿਖਤਾਂ ਵਿਚ ਸੰਤ ਰਵਿਦਾਸ ਲਿਖੇ ਜਾਂਦੇ ਹਨ ਪਰ ਪੰਜਾਬ ਵਿੱਚ ਗੁਰੂ ਰਵਿਦਾਸ ਲਿਖਣਾ ਸ਼ੁਰੂ ਕਰ ਦਿੱਤਾ ਗਿਆ। ਆਪਣੀ ਜਨਮ ਭੂਮੀ ਵਾਲੇ ਪ੍ਰਦੇਸ਼ ਵਿੱਚ ਉਹ ਸੰਤ ਰਵਿਦਾਸ ਹਨ ਪਰ ਪੰਜਾਬ ਵਿਚ ਉਹ ਗੁਰੂ ਰਵਿਦਾਸ ਬਣਾ ਦਿੱਤੇ ਗਏ । ਇੰਝ ਸਹਿਜੇ ਹੀ ਰਵਿਦਾਸੀਏ ਸਿੱਖ ਧਰਮ ਤੋਂ ਦੂਰ ਹੋ ਗਏ ਹਨ ਉਨ੍ਹਾਂ ਆਪਣੇ ਧਰਮ ਅਸਥਾਨ ਵੀ ਵੱਖ ਬਣਾ ਲਏ ਅਤੇ ਆਪਣਾ ਧਰਮ ਗ੍ਰੰਥ ਵੀ ਵੱਖ ਬਣਾ ਲਿਆ। ਜਿਨ੍ਹਾਂ ਲੋਕਾਂ ਦੇ ਸਮਾਜਿਕ ਰੁੱਤਬੇ ਤੋ਼ ਨੀਚਤਾ ਦਾ ਦਾਇਰਾ ਮਿਟਾਉਣ ਲਈ ਗੁਰੂ ਪਾਤਸ਼ਾਹਾਂ ਨੇ ਨਾ ਕੇਵਲ ਕ੍ਰਾਂਤੀਕਾਰੀ ਧਾਰਮਿਕ ਪਰਿਵਰਤਨ ਲਿਆਉਂਦਾ, ਬਲਕਿ ਉਸ ਸਿਧਾਂਤ ਨੂੰ ਵਿਵਹਾਰ ਵਿੱਚ ਸਥਾਪਿਤ ਕਰਨ ਲਈ ਲਾਸਾਨੀ ਕੁਰਬਾਨੀਆਂ ਕੀਤੀਆਂ, ਉਹ ਅੱਜ ਫਿਰ ਉਸੇ ਸਨਾਤਨਵਾਦ ਦੀ ਦਲਦਲ ਵਿਚ ਫਸੇ ਸਿੱਖ ਧਰਮ ਦੇ ਹੀ ਸ਼ਰੀਕ ਬਣਨ ਦਾ ਯਤਨ ਕਰ ਰਹੇ ਹਨ। ਜਾਤ-ਪਾਤ ਦਾ ਇਹ ਰੋਗ ਛੂਤ ਦੇ ਰੋਗ ਵਾਂਗ ਹੈ ਜੋ ਇਕ ਦੂਸਰੇ ਨੂੰ ਵੇਖ ਕੇ ਬਹੁਤ ਜਲਦੀ ਫੈਲਦਾ ਹੈ। ਜਿਸ ਤਰ੍ਹਾਂ ਨੀਵੀਆਂ ਜਾਤਾਂ ਵਾਲਿਆਂ ਨੇ ਆਪਣੇ ਧਰਮ ਦੇ ਸਥਾਨ ਭਾਵ ਡੇਰੇ ਵੱਖਰੇ ਬਣਾ ਲਏ ਹਨ। ਇਸੇ ਤਰ੍ਹਾਂ ਉਚ ਜਾਤੀਆਂ ਵਾਲਿਆਂ ਨੇ ਵੀ ਆਪਣੇ-ਆਪਣੇ ਧਾਰਮਿਕ ਡੇਰੇ ਸਥਾਪਿਤ ਕਰ ਲਏ। ਸਿੱਖ ਧਰਮ ਨੂੰ ਗੰਭੀਰਤਾ ਨਾਲ ਵਿਚਾਰਨਾ ਪਵੇਗਾ ਕਿ ਜਾਤ-ਭਲਾਈ ਦੇ ਨਾਮ ਤੇ ਬਣਨ ਵਾਲੇ ਇਹ ਡੇਰੇ ਨਾ ਉਨ੍ਹਾਂ ਦੇ ਫਿਰਕੇ ਦੇ ਹਿਤੂ ਹਨ ਅਤੇ ਨਾ ਹੀ ਸਿੱਖ ਧਰਮ ਦੇ। ਬਲਕਿ ਦੋਹਾਂ ਦੇ ਵੱਡੇ ਦੁਸ਼ਮਣ ਹਨ। ਕਿਉਂਕਿ ਇਸ ਤਰ੍ਹਾਂ ਨਾ ਸਿਰਫ ਉਹ ਬ੍ਰਾਹਮਣ ਦੀ ਵਰਣ ਵੰਡ ਨੂੰ ਜ਼ਿੰਦਾ ਰੱਖਣ ਵਿੱਚ ਯੋਗਦਾਨ ਪਾ ਰਹੇ ਹਨ, ਸਗੋਂ ਸਿੱਖ ਧਰਮ ਵਿੱਚ ਵੰਡੀਆਂ ਪਾ ਕੇ ਕਮਜ਼ੋਰ ਕਰਨ ਦਾ ਖਤਰਨਾਕ ਖੇਲ ਵੀ ਖੇਲ ਰਹੇ ਹਨ, ਸਮੂਹਿਕ ਰੂਪ ਵਿੱਚ ਸਾਰੇ ਮਨੁੱਖ ਭਾਈਚਾਰੇ ਦਾ , ਵਿਸ਼ੇਸ਼ ਰੂਪ ਵਿੱਚ ਅਖੌਤੀ ਦਲਿਤ ਸਮਾਜ ਦਾ ਸਭ ਤੋਂ ਵੱਡਾ ਹਿੱਤ ਇਸ ਗੱਲ ਵਿੱਚ ਹੈ ਕਿ ਸਮਾਜ ਵਿੱਚ ਇਸ ਗੈਰ ਮਨੁੱਖੀ ਵਰਣਵੰਡ ਦਾ ਮੂਲੋਂ ਨਾਸ਼ ਹੋਵੇ ਅਤੇ ਹਰ ਮਨੁੱਖ ਬਰਾਬਰ ਦਾ ਇਨਸਾਨ ਬਣ ਕੇ ਜੀਅ ਸਕੇ।

## ਸਿੱਖ ਸਮਾਜ ਸਾਹਮਣੇ: ਡੇਰਾਵਾਦ ਸੰਬੰਧੀ ਚੁਣੌਤੀਆਂ :

ਸਿੱਖ ਸਮਾਜ ਦੇ ਸਾਹਮਣੇ ਡੇਰਾਵਾਦ ਇਕ ਅਹਿਮ ਚੁਣੋਤੀ ਬਣ ਕੇ ਉੱਭਰ ਰਿਹਾ ਹੈ। ਆਧੁਨਿਕਤਾ ਵਿੱਚ ਵੀ ਲੋਕਾਂ ਦਾ ਡੇਰਿਆਂ ਪ੍ਰਤੀ ਮੋਹ ਵੇਖਣ ਨੂੰ ਮਿਲਦਾ ਹੈ। ਪਰੰਤੂ ਜਦੋਂ ਡੇਰੇ ਦਾ ਅਸਲ ਸੱਚ ਜੱਗ ਜ਼ਾਹਿਰ ਹੁੰਦਾ ਹੈ ਉਸ ਸਮੇਂ ਉਮਰ ਦਾ ਲੰਬਾ ਪੜਾਅ ਬੀਤ ਚੁੱਕਾ ਹੁੰਦਾ ਹੈ। ਜਿਸ ਸਮੇਂ

ਕੋਈ ਵਿਅਕਤੀ ਇਸ ਸੰਸਾਰ ਵਿੱਚ ਆਪਣੇ ਆਪ ਨੂੰ ਧਾਰਮਿਕ ਸਖ਼ਸ਼ੀਅਤ ਦੇ ਤੌਰ 'ਤੇ ਸਥਾਪਿਤ ਕਰਨਾ ਚਾਹੁੰਦਾ ਹੈ ਤਾਂ ਉਹ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਆਪਣੇ ਨਿੱਜੀ ਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਉਸ ਨੂੰ ਧਾਰਮਿਕ ਸਥਾਨ ਦੇ ਤੌਰ 'ਤੇ ਪ੍ਰਚੱਲਿਤ ਕਰ ਦਿੰਦਾ ਹੈ। ਜਿਸ ਸਮੇਂ ਤੱਕ ਇਹੋ ਜਿਹੇ ਵਿਅਕਤੀ ਨਿਜੀ ਤੌਰ 'ਤੇ ਆਪਣੇ ਆਪ ਗੁਰੂ ਕਹਾਉਣ ਨਹੀਂ ਲੱਗ ਜਾਂਦੇ ਉਸ ਸਮੇਂ ਤੱਕ ਡੇਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰੀ ਰੱਖਦੇ ਹਨ।ਸਿੱਖ ਸਮਾਜ ਵਿੱਚ ਜਦੋਂ ਪਿਛੋਕੜ ਵੱਲ ਨਿਗਾਹ ਮਾਰਦੇ ਹਾਂ ਤਾਂ ਸਾਡੇ ਕੋਲ ਨਕਲੀ ਨਿਰੰਕਾਰੀਆਂ, ਰਾਧਾ-ਸੁਆਮੀ (ਬਿਆਸੇ ਵਾਲੇ) ਸੱਚਾ ਸੋਦਾ ਡੇਰਾ, ਭਨਿਆਰੇ ਵਾਲੇ ਆਦਿ ਬਹੁਤ ਸਾਰੇ ਹੋਰ ਇਹੋ ਜਿਹੇ ਪੰਜਾਬ ਵਿੱਚ ਸਥਾਪਿਤ ਡੇਰੇ, ਜਿਥੇ ਪਹਿਲਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਪਰ ਉਨ੍ਹਾਂ ਦੀਆਂ ਗੱਦੀਆਂ ਸਥਾਪਿਤ ਹੋ ਜਾਣ ਤੋਂ ਬਾਅਦ ਉਥੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੁੱਕ ਦਿੱਤਾ ਗਿਆ। ਬਹੁਤ ਸਾਰੇ ਡੇਰੇਦਾਰ ਅੰਦਰੋਂ-ਅੰਦਰ ਇਹੋ ਜਿਹਾ ਕੰਮ ਕਰਦੇ ਰਹਿੰਦੇ ਹਨ। ਉਹ ਕੇਵਲ ਸੰਸਾਰ ਵਿੱਚ ਆਪ ਪ੍ਰਚੱਲਿਤ ਹੋਣ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਪਣੇ ਡੇਰੇ ਵਿੱਚ ਕਰਦੇ। ਸਿੱਖ ਸਮਾਜ ਵਿੱਚ ਪ੍ਰਚੱਲਿਤ ਇਹਨਾਂ ਡੇਰਿਆਂ ਵਿੱਚ ਸਿੱਖੀ ਦੇ ਨਾਮ ਹੇਠ ਕੀਤਾ ਜਾਂਦਾ ਪ੍ਰਚਾਰ ਸਿੱਖ ਧਰਮ ਦੇ ਲਈ ਸਹੀ ਲੱਗਦਾ ਹੈ ਪਰ ਅਸਲ ਵਿੱਚ ਜਦੋਂ ਗਹੁ ਨਾਲ ਵਾਚਿਆ ਜਾਂਦਾ ਹੈ ਤਾਂ ਇਹਨਾਂ ਡੇਰਿਆਂ ਵੱਲੋਂ ਕੀਤਾ ਜਾਂਦਾ ਪ੍ਰਚਾਰ ਤੇ ਪ੍ਰਸਾਰ ਅਸਲ ਵਿੱਚ ਸ਼ਬਦ ਗੁਰੂ ਦੀ ਵਿਲੱਖਣਤਾ ਅਤੇ ਗੁਰੂ ਘਰ ਦੇ ਸਿਧਾਂਤਾਂ ਤੋਂ ਪੂਰਨ ਤੌਰ 'ਤੇ ਉਲਟ ਹੁੰਦਾ ਹੈ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਇਹ ਸਿੱਖ ਧਰਮ ਵਿੱਚ ਕਾਂਜੀ ਘੋਲ ਰਹੇ ਹਨ। ਇਸ ਤੋਂ ਵੱਧ ਹੋਰ ਕੁਝ ਨਹੀਂ। ਇਹੋ ਜਿਹੇ ਡੇਰਿਆਂ ਨਾਲ ਸਿੱਖਾਂ ਦੀ ਆਪਣੀ ਤਾਕਤ ਅਤੇ ਇਕਮੁੱਠਤਾ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ। ਸਿੱਖਾਂ ਦੇ ਧਾਰਮਿਕ ਜੀਵਨ ਵਿੱਚ ਆ ਰਿਹਾ ਵਖਰੇਵਾਂ ਕੇਵਲ ਤੇ ਕੇਵਲ ਇਨ੍ਹਾਂ ਡੇਰਿਆਂ ਦੀ ਹੀ ਪੈਦਾਇਸ਼ ਹੈ। ਇਹਨਾਂ ਡੇਰਿਆਂ ਦੇ ਸਦਕਾ ਸਿੱਖ ਸਮਾਜ ਦੇ ਵਿੱਚ ਰਸਮਾਂ-ਰਹੁ-ਰੀਤਾਂ ਰਿਵਾਜ ਸਭ ਖੇਰੂ-ਖੇਰੂ ਹੋ ਗਏ ਹਨ। ਅਜੋਕੇ ਸਮੇਂ ਵਿੱਚ ਲੋਕਾਂ ਦੀਆਂ ਸਮਾਜਿਕ, ਆਰਥਿਕ, ਮਾਨਸਿਕ ਅਤੇ ਧਾਰਮਿਕ ਸਮੱਸਿਆਵਾਂ ਵਿੱਚ ਉਲਝੇ ਲੋਕ ਹਰ ਪੱਖ ਤੋਂ ਦੁਖੀ ਨਜ਼ਰ ਆ ਰਹੇ ਹਨ। ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਆੜ ਹੇਠ ਅੱਜ ਅਨੇਕਾਂ ਡੇਰੇ ਐਸੇ ਸਥਾਪਿਤ ਹੋ ਗਏ ਹਨ ਜੋ ਆਪੋ ਆਪਣੀ ਬਣਾਈ ਮਰਿਯਾਦਾ ਅਤੇ ਗੁਰਬਾਣੀ ਵਿੱਚ ਵਾਧੇ ਘਾਟੇ ਕਰਕੇ ਉਸਦੀ ਵਿਆਖਿਆ ਆਪਣੇ ਮੱਤ ਨੂੰ ਸ੍ਰੇਸ਼ਟ ਦੱਸਣ ਦੀ ਇਛਾ ਅਨੁਸਾਰ ਕਰ ਰਹੇ ਹਨ। ਅਜਿਹੇ ਡੇਰਿਆਂ ਦੇ ਪੈਰੋਕਾਰ ਲੋਕਾਈ ਨੂੰ ਗੁਰਬਾਣੀ ਨਾਲ ਜੋੜਣ ਦੀ ਥਾਂ ਡੇਰਾਦਾਰਾਂ ਜਾਂ ਬਾਬਿਆਂ

ਨਾਲ ਜੋੜ ਰਹੇ ਹਨ। ਭੋਲੇ-ਭਾਲੇ ਲੋਕ ਤਨ ਕਰਕੇ ਤਾਂ ਗੁਰਬਾਣੀ ਅੱਗੇ ਸੀਸ ਝੁਕਾਉਂਦੇ ਹਨ ਪਰ ਮਨ ਕਰਕੇ ਡੇਰੇ ਵਾਲਿਆਂ ਦੀ ਪੂਜਾ ਕਰਦੇ ਹਨ। ਘਰੋਂ ਸਾਦੇ ਕਪੜਿਆਂ ਨਾਲ ਭੱਜੇ ਇਹ ਸਾਧ ਅੱਜ ਇਹ ਆਲੀਸ਼ਾਨ ਕਾਰਾਂ ਮਹਿਲਨੁਮਾ ਡੇਰਿਆ, ਹਥਿਆਰਾਂ ਅਤੇ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਹਨ। ਪੰਜਾਬ ਅਤੇ ਇਸਦੇ ਨਾਲ ਲੱਗਦੇ ਸੂਬਿਆਂ ਵਿੱਚ ਪਸਰੇ ਇਨਾਂ ਡੇਰਿਆਂ ਦਾ ਨਿਸ਼ਾਨਾ ਕੇਵਲ ਸਿੱਖ ਧਰਮ ਦੀ ਆਨ-ਸ਼ਾਨ ਨੂੰ ਮਿਟਾਉਣਾ ਹੈ। ਇਹ ਕਿਸੇ ਹੋਰ ਧਰਮ ਬਾਰੇ ਮੂਕ ਹਨ। ਸਿਤਮ ਇਹ ਹੈ ਕਿ ਜੇਕਰ ਇਹ ਡੇਰੇਦਾਰ  ਬਾਲਾਤਕਾਰ ਕਰਨ, ਕਤਲ ਕਰਨ, ਪਾਖੰਡ ਕਰਨ ਤਾਂ ਸਮੇਂ ਦੀਆਂ ਸਰਕਾਰਾਂ ਇਨ੍ਹਾਂ ਦੀ ਸੁਰੱਖਿਆ ਲਈ ਜ਼ੈਡ ਸਕਿਉਰਿਟੀ ਤਾਇਨਾਤ ਕਰ ਦਿੰਦੀਆਂ ਹਨ। ਅਖੋਤੀ ਡੇਰਿਆਂ ਅਤੇ ਕਥਿਤ ਸੰਤਾਂ ਵੱਲੋਂ ਲੋਕਾਂ ਦੀ ਰੁਚੀ ਸਾਰੇ ਧਾਰਮਿਕ ਭਾਈਚਾਰਿਆਂ ਦੀ ਘੱਟ ਜਾਂ ਵੱਧ ਰੂਪ ਵਿੱਚ ਵੇਖੀ ਜਾ ਸਕਦੀ ਹੈ। ਜਿਸ ਕਰਕੇ ਇਹਨਾਂ ਦੀ ਗਿਣਤੀ ਵੱਧ ਰਹੀ ਹੈ ਪਰੰਤੂ ਸਿੱਖ ਜਗਤ ਵਿੱਚ ਇਹ ਡੇਰੇ ਖੁੰਬਾਂ ਵਾਂਗੂੰ ਫੁੱਟ ਰਹੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਧਰਤੀ ’ਤੇ ਬਹੁਤ ਸਾਰੇ ਡੇਰੇ ਸਿੱਖ ਧਰਮ ਦੇ ਨਾਮ ਹੇਠ ਚੱਲ ਰਹੇ ਹਨ। ਪਰ ਹਕੀਕਤ ਵਿੱਚ ਇਹ ਡੇਰੇ ਗੁਰੂ ਸਿਧਾਂਤਾਂ ਤੋਂ ਬਹੁਤ ਦੂਰ ਹਨ ਤੇ ਸਿਰਫ ਸਿੱਖੀ ਸਿਧਾਤਾਂ ਨੂੰ ਢਾਹ ਲਗਾ ਰਹੇ ਹਨ। ਭਾਵੇਂ ਸਿੱਖੀ ਦੇ ਨਾਮ ਹੇਠ ਸ਼ਰਧਾਲੂਆਂ ਨੂੰ ਇਕੱਠਾ ਕਰਦੇ ਅਤੇ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਤ ਵੀ ਕਰਦੇ ਹਨ ਪਰ ਪਿੱਛੇ ਮਨਸ਼ਾ ਆਪਣੇ ਡੇਰੇ ਦੀ ਸੰਗਤ ਨੂੰ ਆਪਣੇ ਤੱਕ ਸੀਮਿਤ ਰੱਖਣ ਤੱਕ ਹੁੰਦੀ ਹੈ।

ਪੰਜਾਬ ਦੀ ਧਰਤੀ ’ਤੇ ਸਿੱਖ ਧਰਮ ਵਿੱਚ ਪਈਆਂ ਵੰਡੀਆਂ ਦਾ ਕਾਰਨ ਕੇਵਲ ’ਤੇ ਕੇਵਲ ਡੇਰਿਆਂ ਦੀ ਬਣਾਈ ਹੋਈ ਆਪੋ-ਆਪਣੀ ਮਰਿਯਾਦਾ ਅਤੇ ਸਿਧਾਂਤ ਹਨ। ਸ਼ਰਧਾਲੂ ਸਿਰਫ ਮੇਰੇ ਡੇਰੇ ਨਾਲ ਜੁੜੇ ਰਹਿਣ ਕਰਕੇ ਹਰ ਡੇਰਾ ਕਿਸੇ ਨਾ ਕਿਸੇ ਰੂਪ ਵਿੱਚ ਦੂਸਰੇ ਡੇਰਿਆਂ ਨਾਲ ਆਪਣਾ ਵਖਰੇਵਾਂ ਬਣਾਈ ਰੱਖਦੇ ਹਨ। ਹਰ ਡੇਰੇ ਵਿੱਚ ਇਕ ਮੋਢੀ ਹੁੰਦਾ ਹੈ ਜਾਂ ਇੰਝ ਕਹਿ ਲਵੋ ਕਿ ਡੇਰੇ ਦਾ ਮੁੱਖੀ ਦਾ ਕੇਂਦਰ ਬਿੰਦੂ ‘ਸੰਤ’ ਹੁੰਦਾ ਹੈ। ਸ਼ਰਧਾ ਦੇ ਵੱਸ ਹੋ ਕੇ ਡੇਰੇ ਵਿੱਚ ਆਉਣ ਵਾਲੇ ਸ਼ਰਧਾਲੂ (ਪੈਰੋਕਾਰ) ਸੰਤ ਨੂੰ ਇਕ ਨਹੀ ਅਨੇਕਾਂ ਨਾਵਾਂ ਨਾਲ ਸੰਬੋਧਨ ਕਰਦੇ ਹਨ। ਜਿਵੇ ਗੁਰੂ ਜੀ, ਬਾਬਾ ਜੀ, ਮਹਾਂ ਪੁਰਖ, ਆਦਿ। ਇੰਨਾ ਹੀ ਨਹੀਂ ਵੱਖ ਵੱਖ ਡੇਰਿਆਂ ਨੂੰ ਰਾਜਨੀਤਿਕ ਸਰਪ੍ਰਸਤੀ ਮਿਲਣ ਕਰਕੇ ਇਹਨਾਂ ਦੀ ਤਾਕਤ ’ਤੇ ਪ੍ਰਭਾਵ ਵੀ ਵੱਧ ਰਿਹਾ ਹੈ। ਰਾਜਨੀਤਿਕ ਪਾਰਟੀਆਂ ਦੇ ਬਹੁਤ ਆਗੂ ਡੇਰਿਆਂ ਦੀ ਵੋਟਾਂ ਨੂੰ ਵਟੋਰਨ ਲਈ ਡੇਰੇਦਾਰਾਂ ਦੇ ਚਰਨਾਂ ਵਿੱਚ ਜਾਂਦੇ ਹਨ ਜਿਸ ਨਾਲ ਡੇਰਾਦਾਰਾਂ ਨੂੰ ਰਾਜਨੀਤਿਕ ਸਰਪ੍ਰਸਤੀ ਮਿਲ ਰਹੀ ਹੈ। ਡੇਰੇਦਾਰ ਅਤੇ ਰਾਜਨੀਤਿਕ ਆਗੂਆਂ ਦੇ ਹਿੱਤ ਭਾਵੇਂ ਵੱਖੋ-ਵੱਖਰੇ ਹਨ ਪਰ

ਫਿਰ ਵੀ ਦੋਵਾਂ ਵਿੱਚ ਆਪਸੀ ਸਾਂਝ ਵੇਖੀ ਜਾ ਸਕਦੀ ਹੈ। ਪੰਜਾਬ ਵਿੱਚ ਚੱਲ ਰਹੇ ਬਹੁਤੇ ਡੇਰਿਆਂ ਦਾ ਮਕਸਦ ਸਿੱਖ ਪਹਿਚਾਣ ਨੂੰ ਨੁਕਸਾਨ ਪਹੁੰਚਾਉਣਾ ਹੈ ਅਤੇ ਇਹਨਾਂ ਨੂੰ ਸਟੇਟ ਦੀ ਸਰਪ੍ਰਸਤੀ ਵੀ ਮਿਲ ਰਹੀ ਹੈ। ਡੇਰਿਆਂ ਦੇ ਵੱਲੋਂ ਕੀਤਾ ਜਾ ਰਿਹਾ ਸਿੱਖੀ ਦਾ ਪ੍ਰਚਾਰ ਕਿਸ ਤਰ੍ਹਾਂ ਦੀ ਸਿੱਖੀ ਸਿਰਜ ਰਿਹਾ ਹੈ? ਸਿੱਖ ਪਹਿਚਾਣ ਮਜ਼ਬੂਤ ਹੋਣ ਦੀ ਬਜਾਏ ਦਿਨੋਂ-ਦਿਨ ਘੱਟ ਰਹੀ ਹੈ। ਇਨ੍ਹਾਂ ਡੇਰਿਆ ਵੱਲੋਂ ਕੀਤਾ ਜਾਂਦਾ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਅਸਲ ਵਿੱਚ ਸਿੱਖੀ ਜੀਵਨ ਜਾਚ ਦੇ ਪ੍ਰਸੰਗਾਂ ਨਾਲੋਂ ਟੁੱਟਿਆ ਹੋਇਆ ਹੈ। ਬਹੁਤੇ ਡੇਰਿਆਂ ਵਿੱਚ ਸਿੱਖੀ ਦੇ ਪ੍ਰਚਾਰ ਲਈ ਹਿੰਦੂ ਮਿਥਿਹਾਸਿਕ ਕਹਾਣੀਆਂ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਹਿੰਦੂ ਧਰਮ ਦੀਆਂ ਰਹੁ-ਰੀਤਾਂ ਮੁਤਾਬਿਕ ਸਮਾਗਮ ਕੀਤੇ ਜਾਂਦੇ ਹਨ। ਡੇਰਿਆਂ ਦੇ ਵਿੱਚ ਹਵਨ-ਯੋਗ ਆਦਿ ਕੀਤੇ ਜਾਂਦੇ ਆਮ ਵੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਲੋਕਾਂ ਦੇ ਦੁੱਖਾਂ ਦਾ ਹੱਲ ਕਰਨ ਲਈ  ਧਾਗੇ, ਤਵੀਤ ਤੋਂ ਇਲਾਵਾ ਜੰਤ੍ਰ-ਮੰਤ੍ਰ ਆਦਿ ਵੀ ਦੱਸੇ ਜਾਂਦੇ ਹਨ। ਸੰਕਟ ਮੋਚਨ ਸ਼ਬਦਾਂ ਦਾ ਸੰਕਲਨ ਵੀ ਡੇਰਿਆਂ ਦੇ ਸੰਤਾਂ ਦੀ ਹੀ ਉਪਜ ਹੈ। ਇਨ੍ਹਾਂ ਡੇਰਿਆਂ ਵਲੋਂ ਕੀਤੇ ਜਾਂਦੇ ਪ੍ਰਚਾਰ ਵਿੱਚ ਸਿੱਖ ਪਹਿਚਾਣ ਨਾਲ ਜੁੜੇ ਸਮਕਾਲੀ ਵਿਚਾਰਧਾਰਕ ਮਸਲੇ ਛੂਹੇ ਹੀ ਨਹੀਂ ਜਾਂਦੇ (ਜੋ ਸਿੱਖ ਸੰਕਟ ਦੀ ਜੜ੍ਹ ਹਨ) ਬਲਕਿ ਗ਼ੈਰ ਸਿੱਖ ਕਰਾਮਾਤੀ ਕਹਾਣੀਆਂ ਦਾ ਸਹਾਰਾ ਲੈ ਕੇ ਸਿੱਖ ਚੇਤਨਾ ਨੂੰ ਹੋਰ ਪਾਸੇ ਮੋੜ ਰਹੇ ਹਨ। ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਦਾ ਦਾਅਵਾ ਕਰ ਰਹੇ ਬਹੁਤੇ ਡੇਰੇ ਸਿੱਖਾਂ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸਰੋਕਾਰਾਂ ਨਾਲੋਂ ਟੁੱਟੇ ਹੋਏ ਹਨ। ਇਹਨਾਂ ਦੀਆਂ ਰਿਪੋਰਟਾਂ ਵੇਖਣ ਨੂੰ ਸਿਰਫ ਧਾਰਮਿਕ ਖੇਤਰ ਤੱਕ ਸੀਮਿਤ ਲੱਗਦੀਆਂ ਹਨ ਪਰੰਤੂ ਇਹ ਆਪਣੇ ਸ਼ਰਧਾਲੂਆਂ ਨੂੰ ਗੈਰ ਸਿੱਖ ਰਾਜਨੀਤੀ ਲਈ ਵਰਤਦੇ ਹਨ। ਸਿੱਖ ਅਤੇ ਸਿੱਖੀ ਨੂੰ ਦਰਪੇਸ਼ ਮਸਲਿਆਂ ਨੂੰ ਇਕ ਪਾਸੇ ਛੱਡ ਕੇ ਇਨ੍ਹਾਂ ਵੱਲੋਂ ਸਿੱਖੀ ਦੀ ਕੀਤੀ ਜਾਂਦੀ ਵਿਆਖਿਆ ਦਾ ਸਿੱਖ ਪਹਿਚਾਣ ਨੂੰ ਦਰਪੇਸ਼ ਚੁਣੋਤੀਆਂ ਦਾ ਹੱਲ ਕਰਨ ਦੀ ਬਜਾਏ ਸਿੱਖ ਚੇਤਨਾ ਨੂੰ ਨੁਕਸਾਨ ਪਹੁੰਚਾ ਰਹੇ ਹਨ। ਡੇਰੇਦਾਰਾਂ ਵਲੋਂ ਤਿਆਰ ਕੀਤੀਆਂ ਵੱਖ-ਵੱਖ ਰਹੁ-ਰੀਤਾਂ ਸਿੱਖ ਪੰਥ ਨੂੰ ਵੱਖ-ਵੱਖ ਧੜਿਆਂ ਦੇ ਵਿੱਚ ਵੰਡ ਰਹੀਆਂ ਹਨ। ਇਸੇ ਵੰਡ ਸਦਕਾ ਸਿੱਖਾਂ ਦੀ ਆਪਸੀ ਤਾਕਤ ਘੱਟ ਰਹੀ ਹੈ। ਤਾਕਤ ਗੁਆ ਚੁੱਕੀ ਕੌਮ ਦੇ ਵਾਰਸ ਆਪਣੇ ਵਿਰਸੇ ਅਤੇ ਪਹਿਚਾਣ ਨਾਲ ਲਗਾਤਾਰ ਦਿਨੋਂ-ਦਿਨ ਟੁੱਟੇ ਰਹੇ ਹਨ। ਜੇਕਰ ਡੇਰਿਆਂ ਵਿੱਚ ਕੀਤੀਆਂ ਜਾਂਦੀਆਂ ਸਿੱਖ ਪਰੰਪਰਾਵਾਂ ਵੱਲ ਵੇਖਿਆ ਜਾਵੇ ਤਾਂ ਬਹੁਤ ਹੈਰਾਨਗੀ ਹੁੰਦੀ ਹੈ। ਅੱਜ ਡੇਰਿਆਂ ਵਿੱਚ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਢੰਗ ਵੀ ਉਹ ਹੈ ਜੋ ਹਿੰਦੂ ਧਰਮ ਦੇ ਮੰਦਰਾਂ ਵਿੱਚ ਹੈ। ਬ੍ਰਾਹਮਣ ਪੁਜਾਰੀ ਵਾਂਗ ਥਾਲ ਵਿੱਚ ਦੀਵੇ ਆਦਿ ਬਾਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਆਰਤੀਆਂ

ਕੀਤੀਆਂ ਜਾ ਰਹੀਆਂ ਹਨ। ਇਹ ਡੇਰੇ ਪੰਥਕ ਮਰਿਯਾਦਾ ਨੂੰ ਨਹੀਂ ਮੰਨਦੇ ਅਤੇ ਹਰ ਡੇਰੇ ਦੀ ਆਪਣੀ ਮਰਿਯਾਦਾ ਨਿਰਧਾਰਿਤ ਕੀਤੀ ਹੁੰਦੀ ਹੈ। ਜਾਂ ਇੰਞ ਕਹਿ ਲਵੋ ਜਿਸ ਤਰਾਂ ਦਾ ਡੇਰੇਦਾਰ ਹੋਵੇਗਾ ਉਸੇ ਤਰ੍ਹਾਂ ਦੀ ਮਰਿਯਾਦਾ ਨਿਰਧਾਰਿਤ ਹੋਵੇਗੀ ਭਾਵ ਡੇਰੇ ਦੀ ਉਹੀ ਮਹਿਯਾਦਾ ਬਣ ਜਾਂਦੀ ਹੈ। ਡੇਰਿਆਂ ਦੇ ਪ੍ਰਚਾਰ ਦਾ ਆਧਾਰ ਗੁਰਬਾਣੀ ਨਹੀਂ ਸਗੋਂ, ਉਹਨਾਂ ਦੇ ਪਹਿਲੇ ਮਹਾਂਪੁਰਖਾਂ ਦੀਆਂ ਸੱਚੀਆਂ ਝੂਠੀਆਂ ਕਰਾਮਾਤੀ ਕਹਾਣੀਆਂ ਹੁੰਦੀਆਂ ਹਨ। ਜਿਨ੍ਹਾਂ ਨੂੰ ਡੇਰੇਦਾਰਾਂ ਵਲੋਂ ਸਾਖੀਆਂ ਦਾ ਨਾਮ ਦਿੱਤਾ ਜਾਂਦਾ ਹੈ। ਜੇ ਗੁਰਬਾਣੀ ਵਰਤੀ ਵੀ ਜਾਂਦੀ ਹੈ ਤਾਂ ਉਸ ਦੀ ਵਿਆਖਿਆ ਆਪਣੀ ਮਨ-ਮਰਜ਼ੀ ਅਨੁਸਾਰ ਕਰ ਲਈ ਜਾਂਦੀ ਹੈ ਜੋ ਅਕਸਰ ਸਨਾਤਨੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਗੁਰਬਾਣੀ ਕੇਵਲ ਮੰਤਰ ਦੇ ਤੌਰ ’ਤੇ ਪੜ੍ਹੀ ਜਾਂਦੀ ਹੈ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਬਜਾਏ ਅਖੰਡ ਪਾਠ, ਇਕੋਤਰੀਆਂ ਅਤੇ ਸੰਪਟ ਪਾਠ ਆਦਿ ’ਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਗੁਰਬਾਣੀ ਦਾ ਕੀਰਤਨ ਗਾਇਨ ਕਰਨ ਦੀ ਥਾਂ ’ਤੇ ਆਪਣੇ ਵੱਲੋਂ ਤਿਆਰ ਕੀਤੀਆਂ ਧਾਰਨਾਵਾਂ (ਭਾਵ ਕੱਚੀ ਬਾਣੀ) ਸੁਣ ਕੇ ਸੰਗਤਾਂ ਨੂੰ ਸੁਣਾਈਆਂ ਜਾਂਦੀਆਂ ਹਨ। ਸੰਗਤਾਂ ਨੂੰ ਕੀਰਤਨ ਦਾ ਪ੍ਰਭਾਵ ਦੇਣ ਲਈ ਕੱਚੀਆਂ ਧਾਰਨਾਵਾਂ ਪੜ੍ਹਨ ਦੇ ਸਮੇਂ ਵਿੱਚ-ਵਿੱਚ ਗੁਰਬਾਣੀ ਦੀਆਂ ਪੰਕਤੀਆਂ ਵੀ ਸੁਣਾ ਦਿੱਤੀਆਂ ਜਾਦੀਆਂ ਹਨ ਤਾਂ ਜੋ ਸੰਗਤਾਂ ਵਿੱਚ ਕੀਰਤਨ ਕਰਨ ਦਾ ਪ੍ਰਭਾਵ ਬਣਿਆ ਰਹੇ। ਇੰਨਾ ਹੀ ਨਹੀਂ, ਕਈ ਡੇਰਿਆਂ ਵਿੱਚ ਗੁਰਦੁਆਰਿਆਂ ਦੀਆਂ ਪ੍ਰਮੁੱਖ ਨਿਸ਼ਾਨੀਆਂ ਨੂੰ ਵੀ ਰੱਖਣਾ ਵਰਜਿਤ ਸਮਝਿਆ ਜਾਂਦਾ ਹੈ। ਜਿਸ ਤਰ੍ਹਾਂ ਗੁਰੂ ਘਰ ਦੀ ਵੱਖਰੀ ਅਤੇ ਆਜ਼ਾਦੀ ਦਾ ਪ੍ਰਤੀਕ ‘ਨਿਸ਼ਾਨ ਸਾਹਿਬ’ ਜੋ ਕਿ ਹਰ ਗੁਰੂ ਘਰ ਵਿੱਚ ਝੂਲਦਾ ਹੋਇਆ ਦੂਰ ਤੋਂ ਹੀ ਦਿਖਾਈ ਦੇ ਜਾਂਦਾ ਹੈ। ਪਰੰਤੂ ਡੇਰੇ ਵਿੱਚ ਨਿਸ਼ਾਨ ਸਾਹਿਬ ਦੀ ਹੋਂਦ ਹੀ ਨਹੀਂ ਰੱਖੀ ਜਾਂਦੀ। ਕਈ ਡੇਰੇਦਾਰਾਂ ਵਲੋਂ ਆਪਣੇ ਡੇਰੇ ਦਾ ਨਾਮ ਗੁਰਦੁਆਰਾ ਰੱਖਣ ਦੀ ਬਜਾਏ ਟਿਕਾਣਾ, ਨਿਵਾਸ-ਅਸਥਾਨ, ਤਪ ਅਸਥਾਨ ਆਦਿ ਰੱਖਣਾ ਜ਼ਿਆਦਾ ਪਸੰਦ ਕਰਦੇ ਹਨ। ਕਿਉਂਕਿ ਗੁਰਦੁਆਰੇ ਦੀ ਹੋਂਦ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਰੂਪਮਾਨ ਹੁੰਦੀ ਹੈ। ਪ੍ਰੰਤੂ ਟਿਕਾਣਾ, ਤਪ-ਅਸਥਾਨ, ਨਿਵਾਸ ਅਸਥਾਨ ਵਿੱਚ ਜ਼ਰੂਰੀ ਨਹੀਂ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇ। ਸੋ ਪੂਰਨ ਤੋਰ ’ਤੇ ਇਹ ਕਿਹਾ ਜਾ ਸਕਦਾ ਹੈ ਕਿ ਡੇਰੇਦਾਰ ਅੰਦਰੂਨੀ ਅਤੇ ਬਾਹਰੀ ਤੌਰ ’ਤੇ ਸਿੱਖ ਆਸ਼ੇ ਤੋਂ ਭਟਕ ਚੁੱਕੇ ਹਨ, ਉਹ ਸਿਰਫ ਤੇ ਸਿਰਫ ਆਪਣੇ ਮਹਾਂਪੁਰਖਾਂ ਨੂੰ ਖੁਸ਼ ਕਰਨ ਲਈ ਡੇਰੇ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ। ਸਿੱਖੀ, ਸਿੱਖ ਸਿਧਾਂਤ, ਸਿੱਖ ਰਹਿਤ ਮਰਿਯਾਦਾ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ।

## ਸਿੱਖ ਸਮਾਜ ਸਾਹਮਣੇ ਤਖਤਾਂ ਦੀ ਮਰਿਯਾਦਾ ਸੰਬੰਧੀ ਚੁਣੌਤੀਆਂ :

ਸੰਸਾਰ ਵਿਚ ਜਦੋਂ ਅਸੀਂ ਮਨੁੱਖਤਾ ਦੇ ਇਤਿਹਾਸ ਵੱਲ ਝਾਤ ਮਾਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਵੱਖ ਵੱਖ ਸਮਿਆਂ ਦੌਰਾਨ ਇਸ ਵਿਸ਼ਵ ਵਿੱਚ ਪਰਮਾਤਮਾ ਦੀ ਰਜ਼ਾ ਅਨੁਸਾਰ ਮਹਾਨ ਆਤਮਾਵਾਂ ਇਸ ਧਰਤੀ ’ਤੇ ਪ੍ਰਗਟ ਹੋਈਆਂ ਅਤੇ ਉਹਨਾਂ ਨੇ ਆਪਣੇ ਮਹਾਨ ਵਿਚਾਰਾਂ ਨਾਲ ਸੰਸਾਰ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਆਪਣੇ ਧਾਰਮਿਕ ਬਚਨਾਂ ਦੇ ਸਦਕਾ ਇਕ ਨਹੀਂ, ਅਨੇਕਾਂ ਅਨੁਯਾਈਆਂ ਦੀ ਸਥਾਪਨਾ ਇਸ ਸੰਸਾਰ ਵਿੱਚ ਵੱਖਰੀ ਕੌਮ ਦੀ ਹੋਂਦ ਨੂੰ ਬਰਕਰਾਰ ਰੱਖਦੀ ਹੈ। ਗੁਰੂ ਨਾਨਕ ਸਾਹਿਬ ਦਾ ਇਸ ਧਰਤੀ ਉੱਤੇ ਪ੍ਰਗਟ ਹੋਣਾ ਇਸ ਸੰਸਾਰ ਲਈ ਵਿਸ਼ੇਸ਼ ਵਰਦਾਨ ਸੀ। ਉਹਨਾਂ ਦੀ ਆਮਦ ਨੇ ਨਾ ਕੇਵਲ ਪੰਜਾਬ ਸਗੋਂ ਵਿਸ਼ਵ ਦੇ ਜਨ ਸਮੂਹ ਨੂੰ ਧਰਮ ਅਤੇ ਜੀਵਨ ਦੇ ਹਰ ਖੇਤਰ ਵਿੱਚ ਨਰੋਈ ਦਿਸ਼ਾ ਪ੍ਰਦਾਨ ਕੀਤੀ ਅਤੇ ਕੁੱਲ ਕਾਇਨਾਤ ਨੂੰ ਅਕਾਲ ਪੁਰਖ ਦੇ ਸੰਦੇਸ਼ ਨਾਲ ਜੋੜਨ ਲਈ ਵਿਸ਼ੇਸ਼ ਯਤਨ ਕੀਤੇ। ਗੁਰੂ ਸਾਹਿਬ ਦਾ ਮਕਸਦ ਪਰਮਾਤਮਾ ਦੇ ਸੰਦੇਸ਼ ਨੂੰ ਨਵਾਂ ਅਧਾਰ ਪ੍ਰਦਾਨ ਕਰਕੇ ਅਤੇ ਵਹਿਮਾਂ ਭਰਮਾਂ ਅਤੇ ਪਖੰਡਾਂ ਵਿੱਚ ਭਟਕੀ ਹੋਈ ਅਤੇ ਮੁਗਲਾਂ ਦੇ ਜ਼ੁਲਮ ਸਹਿ ਰਹੀ ਲੋਕਾਈ ਨੂੰ ਸਿੱਖੀ ਦ੍ਰਿੜ ਕਰਵਾ ਕੇ ਨਵੀਂ ਵਿਵਸਥਾ ਦਾ ਨਿਰਮਾਣ ਕਰਨਾ ਸੀ ਜੋ ਕਿ ਆਪਣੇ ਆਪ ਵਿੱਚ ਇਕ ਮਹਾਨ ਕਾਰਜ ਸੀ। ਇਹਨਾਂ ਕਾਰਜਾਂ ਦੀ ਰੂਹਾਨੀਅਤ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਗੁਰੂ ਅਗਵਾਈ ਦੀ ਸੰਸਥਾ ਨੂੰ ਮਜ਼ਬੂਤ ਕਰਨ ਲਈ ਅਗਲੇਰੀ ਜ਼ਿੰਮੇਵਾਰੀ ਗੁਰੂ ਅੰਗਦ ਸਾਹਿਬ (ਭਾਈ ਲਹਿਣਾ) ਨੂੰ ਸੌਂਪੀ। ਉਹਨਾਂ ਤੋਂ ਬਾਅਦ ਵੱਖ ਵੱਖ ਜਾਮਿਆਂ ਵਿੱਚ ਵਿਚਰਦੀ ਹੋਈ ਇਹ ਜੋਤਿ ਗੁਰੂ ਹਰਿਗੋਬਿੰਦ ਸਾਹਿਬ ਤੱਕ ਪਹੁੰਚੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1609 ਈ: ਦੀ ਇਕ ਰੂਹਾਨੀ ਅਤੇ ਪ੍ਰਕਾਸ਼ਮਈ ਸਵੇਰ ਨੂੰ ਅਕਾਲ ਪੁਰਖ ਦੀ ਬਖਸ਼ੀ ਹੋਈ ਦਿਸ਼ਾ ਅਨੁਸਾਰ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਉੱਚਾ ਸਿੰਘਾਸਣ ਤਿਆਰ ਕਰਵਾਇਆ। ਇਸ ਤਖਤ ਉੱਪਰ ਮੀਰੀ-ਪੀਰੀ ਦੀਆਂ ਸ਼ਕਤੀਆਂ ਨਾਲ ਲੈਸ ਹੋ ਕੇ ਜਦੋਂ ਗੁਰੂ ਸਾਹਿਬ ਬਿਰਾਜਮਾਨ ਹੋਏ ਤਾਂ ਉਸ ਸਮੇਂ ਅਕਾਲ ਪੁਰਖ ਦੇ ਰੂਪ ਵਿੱਚ ਪ੍ਰਗਟ ਹੋਏ ਅਕਾਲ ਤਖਤ ਸਾਹਿਬ ਰਾਹੀਂ ਸਿੱਖ ਧਰਮ ਅਤੇ ਮਨੁੱਖਤਾ ਨੂੰ ਗੁਰੂ ਸਾਹਿਬਾਨ ਅਤੇ ਬਾਅਦ ਵਿੱਚ ਖਾਲਸਾ ਪੰਥ ਰਾਹੀਂ ਨਵੀਂ ਦਿਸ਼ਾ ਦੇਣ ਦੇ ਕਾਰਜਾਂ ਦੀ ਸ਼ੁਰੂਆਤ ਹੋਈ। ਅਕਾਲ ਪੁਰਖ, ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸਿੱਖ ਧਰਮ ਵਾਸਤੇ ਸਭ ਤੋਂ ਉੱਚਾ ਦਰਜਾ ਅਕਾਲ ਤਖਤ ਸਾਹਿਬ ਦਾ ਹੈ। ਪਰ ਸਿੱਖਾਂ ਵਾਸਤੇ ਅਕਾਲ ਤਖਤ ਦਾ ਦਰਜਾ ਲਾਸਾਨੀ ਹੈ। ਕਿਉਂਕਿ ਅਕਾਲ ਤਖਤ ਸਾਹਿਬ ਸਿੱਖ ਧਰਮ ਦੀ ਸ਼ਾਨ ਅਤੇ ਮਾਣ ਹੈ। ਸਿੱਖ ਧਰਮ ਵਾਸਤੇ ਅਕਾਲ ਤਖਤ

ਸਾਹਿਬ ਦੀ ਵਫਾਦਾਰੀ ਲਾਜ਼ਮੀ ਹੈ, ਅਖਤਿਆਰੀ ਨਹੀਂ। ਕਦ੍ਹੇ ਵੀ ਸਿੱਖ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੂਰ ਨਹੀਂ ਹੋ ਸਕਦਾ ਅਤੇ ਨਾ ਹੀ ਕਦੀ ਇਨਕਾਰੀ ਹੋ ਸਕਦਾ ਹੈ। ਇਹ ਤਖਤ ਧਰਮ ਦੀ ਨਿਗਰਾਨੀ ਕਰਦਾ ਹੈ। ਅਕਾਲ ਤਖਤ ਸਾਹਿਬ ਦਾ ਬਿਰਦ ਹੈ ਕਿ ਉਹ ਸਿੱਖ ਧਰਮ ਦੀ ਦੇਗ ਅਤੇ ਤੇਗ ਦੀ ਫਤਿਹ ਨੂੰ ਯਕੀਨੀ ਬਣਾਵੇ।ਅਕਾਲ ਤਖਤ ਸਾਹਿਬ ਦਾ ਅਰਥ ਹੈ: 'ਅਕਾਲ ਦਾ ਤਖਤ'। ਅਕਾਲ ਤਖਤ ਸਾਹਿਬ ਜੋ ਕਿ ਹਰ ਸਿੱਖ ਦੇ ਹਿਰਦੇ ਵਿੱਚ ਸਮੋਇਆ ਹੋਇਆ ਹੈ। ਇਥੇ ਵੀ ਦੱਸਣਯੋਗ ਹੈ ਕਿ ਅਕਾਲ ਤਖਤ ਸਾਹਿਬ ਦੁਨੀਆਂ ਭਰ ਦੀ ਸਮੁੱਚੀ ਤਾਕਤ ਦਾ ਧੁਰਾ ਹੈ। ਪਰੰਤੂ ਇਕ ਅਹਿਮ ਤੇ ਦੁੱਖਦਾਈ ਪਹਿਲੂ ਇਹ ਹੈ ਕਿ ਤਖਤ ਦੇ ਮਾਮਲੇ ਵਿੱਚ ਸਿੱਖ ਧਰਮ ਇਕ ਹੋਰ ਦੁਖਦਾਈ ਅਤੇ ਹਾਸੋਹੀਣੀ ਸਥਿਤੀ ਵਿਚੋਂ ਲੰਘ ਰਹੀ ਹੈ। ਉਹ ਇਹ ਹੈ ਕਿ ਸਾਡਾ ਇਕ ਨਹੀਂ ਸਗੋਂ ਪੰਜ ਤਖਤ ਹਨ। ਇਥੇ ਇਹ ਵਿਚਾਰ ਕਰਨਾ ਪਵੇਗਾ ਕਿ ਕੌਮ ਵਿੱਚ ਤਖਤ ਕਿਤਨੇ ਹੋ ਸਕਦੇ ਹਨ ਕਿਉਂਕਿ ਗੁਰਬਾਣੀ ਅਨੁਸਾਰ 'ਏਕੋ ਤਖਤ ਏਕੋ ਪਾਤਿਸਾਹੁ॥ ਸਰਬ ਥਾਈ ਵੇਪਰਵਾਹੁ॥[18]'ਦੀ ਮਰਿਯਾਦਾ ਹੀ ਮਨਜ਼ੂਰ ਹੈ

ਸੰਸਾਰ ਦੇ ਪ੍ਰਚੱਲਿਤ ਧਰਮਾਂ ਦੇ ਇਤਿਹਾਸ ਵੱਲ ਜਦੋਂ ਵੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਦੁਨੀਆਂ ਵਿੱਚ ਕਿਸੇ ਵੀ ਕੌਮ, ਮੁਲਕ, ਰਾਜ ਸੱਤਾ ਦਾ ਕੇਵਲ ਇਕ ਹੀ ਤਖਤ ਹੁੰਦਾ ਹੈ। ਹਾਂ ਕਈ ਵਾਰੀ ਉਸ ਦਾ ਕਾਰਜ ਸਥਾਨ, ਸਮੇਂ ਅਤੇ ਲੋੜ ਅਨੁਸਾਰ ਬਦਲ ਲਿਆ ਜਾਂਦਾ ਹੈ। ਪੰਜਾਬ ਦੀ ਧਰਤੀ 'ਤੇ ਤਿੰਨ ਤਖਤ ਅਤੇ ਪੰਜਾਬ ਤੋਂ ਬਾਹਰ ਸਥਾਪਿਤ ਦੋ ਤਖਤ ਮੌਜੂਦ ਹਨ। ਪੰਜਾਬ ਤੋਂ ਬਾਹਰ ਸਥਾਪਿਤ ਦੋਵੇਂ ਤਖਤ ਬਹੁਤ ਲੰਬੇ ਸਮੇਂ ਤੋਂ ਸਿੱਖ ਧਰਮ ਦੇ ਸਾਹਮਣੇ ਦਰਪੇਸ਼ ਮੁਸ਼ਕਿਲ ਬਣ ਕੇ ਖੜੇ ਹਨ। ਇਨ੍ਹਾਂ ਤਖਤਾਂ 'ਤੇ ਚੱਲ ਰਹੀਆਂ ਅਲੱਗ-ਅਲੱਗ ਮਰਿਯਾਦਾਵਾਂ, ਇਨ੍ਹਾਂ ਤਖਤਾਂ 'ਤੇ ਬਿਰਾਜਮਾਨ ਪੁਜਾਰੀਆਂ ਵੱਲੋਂ ਸਮੇਂ-ਸਮੇਂ ਤੇ ਆਪਣੇ ਸਰਵਉੱਚ ਹੋਣ ਦੇ ਕੀਤੇ ਜਾ ਰਹੇ ਦਾਅਵਿਆਂ, ਇਕ ਪੰਥਕ ਮਰਿਯਾਦਾ ਅਨੁਸਾਰ ਚੱਲਣ ਤੋਂ ਇਨਕਾਰੀ ਹੋਣਾ ਅਤੇ ਸਮੇਂ-ਸਮੇਂ ਤੇ ਜਾਰੀ ਕੀਤੇ ਜਾ ਰਹੇ ਆਪ-ਹੁੱਦਰੇ, ਬੇ-ਮਤਲਬ ਹੁਕਮਨਾਮਿਆਂ ਤੋਂ ਸਾਫ ਦਿਖਾਈ ਦਿੰਦਾ ਹੈ। ਇਕ ਸਾਜਸ਼ ਅਤੇ ਸੁਆਰਥ ਅਧੀਨ ਕੀਤੇ ਜਾ ਰਹੇ ਇਸ ਕਾਰਜ ਨੂੰ ਸਾਡੇ ਧਾਰਮਿਕ ਅਤੇ ਰਾਜਨੀਤਿਕ ਆਗੂ, ਅਕਸਰ ਬੇਸ਼ਰਮੀ ਦੇ ਨਾਲ ਇਹ ਕਹਿ ਕੇ ਜਾਇਜ਼ ਠਹਿਰਾਉਣ ਦਾ ਯਤਨ ਕਰਦੇ ਹਨ ਕਿ ਸਿੱਖ ਧਰਮ ਬਾਕੀ ਸਿੱਖ ਧਰਮਾਂ ਨਾਲੋਂ ਵਿਲੱਖਣ ਹੈ ਅਤੇ ਇਹ ਸਾਡੀ ਵਿਲੱਖਣਤਾ ਦਾ ਪ੍ਰਮਾਣ ਹੈ। ਹੋਰ ਕੋਈ ਫਰਕ ਪਵੇ,  ਨਾ ਪਵੇ, ਇਸ ਨਾਲ ਅਕਾਲ ਤਖਤ ਸਾਹਿਬ ਦੇ ਸਤਿਕਾਰ , ਮਹੱਤਤਾ ਅਤੇ ਕਾਰਜ ਕੁਸ਼ਲਤਾ ਤੇ ਬਹੁਤ ਅਸਰ ਪੈਂਦਾ ਹੈ।

**ਵਿਦੇਸ਼ਾ ਵਿੱਚ ਸਿੱਖ ਪਛਾਣ ਸੰਬੰਧੀ ਚੁਣੌਤੀਆਂ :**

ਪਿਛਲੇ ਲੰਬੇ ਸਮੇਂ ਤੋਂ ਸੰਸਾਰ ਭਰ ਦੀਆਂ ਕੌਮਾਂ ਅਤੇ ਧਾਰਮਿਕ ਭਾਈਚਾਰਿਆਂ ਵਿੱਚ ਆਪਸੀ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਬਹੁਤ ਤੇਜ਼ ਗਤੀ ਨਾਲ ਅੱਗੇ ਵੱਧ ਰਹੀ ਹੈ। ਵਿਕਸਿਤ ਹੋ ਰਹੀ ਨਵੀਂ ਸਭਿਅਤਾ ਵਿੱਚ ਵੱਖ-ਵੱਖ ਧਾਰਮਿਕ ਭਾਈਚਾਰਾ, ਕੌਮਾਂ ਅਤੇ ਸਮਾਜਿਕ ਸਮੂਹ ਆਪੋ-ਆਪਣੀ ਪਹਿਚਾਣ ਦੇ ਨਕਸ਼ ਲੱਭ ਰਹੇ ਹਨ। ਵਿਸ਼ਵ ਨੂੰ ਆ ਰਹੀਆਂ ਚੁਣੌਤੀਆਂ ਦੇ ਸਾਹਮਣੇ ਆਪਣੀ ਪਹਿਚਾਣ ਨੂੰ ਕਾਇਮ ਰੱਖਣ ਲਈ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮਾਜਿਕ ਵਾਤਾਵਰਨ ਦਾ ਬਾਹਰੀ ਦਬਾਅ ਇਕ ਪਾਸੇ ਸਿੱਖੀ ਦੀ ਵਿਲੱਖਣਤਾ ਲਈ ਮੁਸ਼ਕਿਲਾਂ ਖੜੀਆਂ ਕਰ ਰਿਹਾ ਹੈ ਅਤੇ ਦੂਸਰੇ ਪਾਸੇ ਖੁਦ ਅੰਦਰੂਨੀ ਤੌਰ ’ਤੇ ਸਿੱਖ ਭਾਈਚਾਰਾ ਆਪਣੀ ਵਿਲੱਖਣਤਾ ਦੇ ਸਿਧਾਂਤਕ ਅਤੇ ਵਿਵਹਾਰਕ ਅਸੂਲਾਂ ਪ੍ਰਤੀ ਜਾਗਰੁਕ ਨਹੀਂ ਦਿੱਖ ਰਿਹਾ। ਜਿਸ ਕਰਕੇ ਸਿੱਖ ਧਰਮ ਦਾ ਕਾਫੀ ਹਿੱਸਾ ਆਪਣੇ ਜੀਵਨ ਵਿੱਚ ਗੁਰਬਾਣੀ, ਗੁਰਮਤਿ ਸਿਧਾਂਤ ਅਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਤੋਂ ਪ੍ਰਹੇਜ਼ ਕਰ ਰਿਹਾ ਹੈ । ਇਹਨਾਂ ਕਾਰਨਾਂ ਕਰਕੇ ਅੱਜ ਸਿੱਖ ਪੰਥ ਵਿੱਚ ਸਮੂਹ ਨਾਨਕ ਨਾਮ ਲੇਵਾ ਸਿੱਖਾਂ ਨੂੰ ਆਪਣੀ ਪਹਿਚਾਣ ਨੂੰ ਬਰਕਰਾਰ ਰੱਖਣ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਖੇਪ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਅੰਦਰੂਨੀ ਅਤੇ ਬਾਹਰੀ ਤੋਰ ’ਤੇ ਆ ਰਹੀਆਂ ਚੁਣੋਤੀਆਂ ਨਾਲ ਦਿਨ-ਪ੍ਰਤੀ ਦਿਨ ਸਾਹਮਣਾ ਕਰਨਾ ਪੈ ਰਿਹਾ ਹੈ- ‘ਕੇਵਲ ਸਿੱਖ ਪਹਿਚਾਣ ਨੂੰ ਬਰਕਰਾਰ ਰੱਖਣ ਲਈ’। ਗੁਰੂ ਸਾਹਿਬਾਨਾਂ ਦੀ ਪਾਵਨ ਪਵਿੱਤਰ ਧਰਤੀ ਨੂੰ ਤਿਆਗ ਕੇ ਵਿਦੇਸ਼ਾਂ ਦੀ ਧਰਤੀ ਉੱਪਰ ਵੱਸਣ ਵਾਲੇ ਸਿੱਖਾਂ ਦੀ ਗਿਣਤੀ ਵਧੇਰੇ ਹੈ। ਵਿਦੇਸ਼ਾਂ ਦੀ ਧਰਤੀ ’ਤੇ ਗੁਰੂ ਸਾਹਿਬਾਨਾਂ ਦੇ ਸਿਧਾਂਤਾਂ ਨੂੰ ਪਿਆਰ ਕਰਨ ਵਾਲੇ ਵਿਦੇਸ਼ੀ ਸਿੱਖ ਵੀ ਸਿੱਖ ਧਰਮ ਦਾ ਹੀ ਹਿੱਸਾ ਹੈ। ਸਿੱਖ ਧਰਮ ਨੂੰ ਇਹਨਾਂ ਉਪਰ ਬਹੁਤ ਮਾਣ ਹੈ। ਉਹ ਸਿੱਖ ਧਰਮ ਦਾ ਬਹੁਤ ਵਡਮੁੱਲਾ ਸਰਮਾਇਆ ਹਨ। ਸਿੱਖ ਧਰਮ ਦੀ ਚੜ੍ਹਦੀਕਲਾ ਅਤੇ ਸਿੱਖੀ ਪ੍ਰਤੀ ਉਹਨਾਂ ਦੇ ਹਿਰਦੇ ਵਿਚ ਅਥਾਹ ਪਿਆਰ ਸੁਭਾਵਿਕ ਹੀ ਵੇਖਿਆ ਜਾ ਸਕਦਾ ਹੈ। ਸਿੱਖ ਜਿਥੇ ਵੀ ਜਾ ਕੇ ਵੱਸ ਜਾਣ, ਕਿਸੇ ਵੀ ਦੇਸ਼ ਦੀ ਆਣ-ਮਾਣ ਅਤੇ ਸ਼ਾਨ ਬਰਕਰਾਰ ਰੱਖਣ, ਪਰ ਫਿਰ ਵੀ ਉਹ ਹਮੇਸ਼ਾਂ ਘੱਟ ਗਿਣਤੀ ਦਰਜੇ ਦੇ ਵਸਨੀਕ ਹੀ ਗਿਣੇ ਜਾਣਗੇ। ਭਾਵੇਂ ਉਹ ਭਾਰਤ ਹੋਵੇ ਜਾਂ ਸੰਸਾਰ ਦਾ ਕੋਈ ਵੀ ਹਿੱਸਾ। ਜਿਥੇ ਕਿਤੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਵੱਸਦੇ ਹੋਣ, ਹਰ ਸਥਾਨ ਤੇ ਉਨ੍ਹਾਂ ਨੂੰ ਆਪਣੀ ਪਹਿਚਾਣ ਬਰਕਰਾਰ ਰੱਖਣ ਲਈ ਬਹੁਤ ਹੀ ਇਮਤਿਹਾਨਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਸਿਦਕੀ, ਸਿਰੜ੍ਹ ਅਤੇ ਮਿਹਨਤੀ ਸਿੱਖ ਹਮੇਸ਼ਾ ਹੀ ਗੁਰੂ ਸਾਹਿਬ ਦੇ ਭਾਣੇ ਵਿੱਚ ਆਪਣੇ ਆਪ ਨੂੰ ਚੜ੍ਹਦੀਕਲਾ ਵਿੱਚ ਰੱਖਣਾ ਅਤੇ ਸਰਬੱਤ ਦੇ ਭਾਣੇ ਦੀ

ਯਾਚਨਾ ਵਿੱਚ ਹੀ ਆਪਣਾ ਇਰਾਦਾ ਦ੍ਰਿੜ ਕਰਕੇ ਜ਼ਿੰਦਗੀ ਬਤੀਤ ਕਰਨ ਵਿੱਚ ਫ਼ਖਰ ਮਹਿਸੂਸ ਕਰਦੇ ਹਨ। ਜੇਕਰ ਸਿੱਖ ਪਹਿਚਾਣ ਦੀ ਗੱਲ ਕੀਤੀ ਜਾਵੇ ਤਾਂ ਸਪਸ਼ੱਟ ਰੂਪ ਵਿਚ ਸਾਡੇ ਸਾਹਮਣੇ ਸਭ ਤੋਂ ਪਹਿਲਾਂ ਸਿੱਖ ਪਹਿਚਾਣ ਦਾ ਆਧਾਰ ਸਿੱਖ (ਧਰਮ) ਹੈ। ਸਭਿਆਚਾਰਕ ਟਕਰਾਵਾਂ ਤੇ ਸਿੱਖ ਪਹਿਚਾਣ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਵੱਖ-ਵੱਖ ਪਹਿਲੂਆਂ ਤੋਂ ਸਮਝਣ ਦੀ ਜ਼ਰੂਰਤ ਹੈ। ਸਿੱਖ ਪਹਿਚਾਣ ਨੂੰ ਸਮਝਣ ਦੇ ਲਈ ਹੋਰ ਵਿਸਤਾਰ ਨਾਲ ਵਿਸ਼ਲੇਸ਼ਣ ਕਰਨਾ ਹੋਵੇਗਾ। ਸਿੱਖੀ ਗੁਰੂ ਨਾਨਕ ਸਾਹਿਬ ਦੇ ਸੁਨਹਿਰੀ ਤੇ ਪਾਵਨ ਸਿਧਾਂਤ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੀ ਟਕਸਾਲ ਵਿੱਚ ਆਪਣੇ ਆਪ ਨੂੰ ਢਾਲਣ ਦਾ ਨਾਮ ਹੈ। ਸਿੱਖਾਂ ਲਈ ਗੁਰੂ ਸਾਹਿਬਾਨਾਂ ਵੱਲੋਂ ਦਿੱਤੀ ਗਈ ਸਿੱਖਿਆ ਬੜੀ ਅਮਲੀ ਸੀ। ਇਸ ਲਈ ਬਹੁਤ ਅਮਲੀ ਇਮਤਿਹਾਨ ਵੀ ਲਏ ਗਏ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਾ ਸਮਾਂ ਸਿੱਖਿਆ ਦਾ ਸਮਾਂ ਸੀ। ਅਤੇ ਇਸ ਸਮੇਂ ਦੌਰਾਨ ਸਿੱਖਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਨੂੰ ਸਿੱਖ ਕਿਹਾ ਜਾਂਦਾ ਸੀ। ਸਿੱਖੀ ਪਹਿਚਾਣ ਨੂੰ ਸਮਝਣ ਲਈ ਦਸਾਂ ਗੁਰੂ ਸਾਹਿਬਾਨਾਂ ਦੇ ਜੀਵਨ ਫਲਸਫੇ ਅਤੇ ਉਹਨਾਂ ਦੇ ਕਾਰਜਾਂ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਗੁਰ ਉਪਦੇਸ਼ ਨੂੰ ਸਮਝਣਾ ਪਵੇਗਾ। ਸਿੱਖੀ ਦੇ ਮੂਲ ਨੂੰ ਸਮਝਣ ਲਈ ਇਕ ਵਾਰ ਜ਼ਿੰਦਗੀ ਦੇ ਉਹਨਾਂ ਪੜਾਵਾਂ ਵਿਚੋਂ ਗੁਜ਼ਰਨਾ ਪਵੇਗਾ, ਜਿਥੇ ਆਪਣਾ ਮੂਲ ਪਹਿਚਾਣਿਆ ਜਾ ਸਕੇ।

ਸਿੱਖ ਪਹਿਚਾਣ

↓

ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਲਸਫ਼ਾ

↓

ਸੰਗਤ ਦੀ ਸਰੰਚਨਾ ਅਤੇ ਸੰਗਠਨ

↓

ਗੁਰਧਾਮ ਅਤੇ ਗੁਰਦੁਆਰਿਆਂ ਦਾ ਵਿਰਸਾ ਤੇ ਸਰੂਪ

↓

ਸਿੱਖ ਰਹਿਤ ਮਰਿਯਾਦਾ ਅਤੇ ਨਿਤਨੇਮ ਜੀਵਨ ਦਾ ਪੰਧ

↓

ਸੰਸਥਾ ਦਾ ਵਿਕਾਸ ਅਤੇ ਪ੍ਰਸਾਰ

ਸਿੱਖ ਪਹਿਚਾਣ ਦੇ ਦੂਸਰੇ ਪੜਾਅ ਵੱਲੋਂ ਜਦੋਂ ਝਾਤ ਮਾਰਾਂਗੇ ਤਾਂ ਬਹੁਤ ਕੁਝ ਸਪੱਸ਼ਟ ਰੂਪ ਵਿੱਚ ਸਾਡੇ ਸਾਹਮਣੇ ਆ ਜਾਵੇਗਾ।

ਸਿੱਖ ਪਹਿਚਾਣ

↓

ਗੁਰਧਾਮ, ਗੁਰਦੁਆਰਾ

↓

ਸਤਿਗੁਰੂ

↓

ਸੰਗਤ

↓

ਸਿਮਰਨ

↓

ਸੇਵਾ

↓

ਸ਼ਰਧਾ

ਸੋ ਸਿੱਖੀ ਪਹਿਚਾਣ ਲਈ ਆਪਣੇ ਮੂਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸ਼ਖ਼ਸੀ ਪੱਧਰ ਅਤੇ ਪੰਥਕ ਪੱਧਰ ਉੱਤੇ ਵੀ। ਜਦੋਂ ਅਸੀਂ ਸਿੱਖੀ ਦੀ ਮੂਲ ਪਹਿਚਾਣ ਲਈ ਉਦਮਸ਼ੀਲ ਹੁੰਦੇ ਹਾਂ ਤਾਂ ਸਾਨੂੰ ਧਾਰਮਿਕ, ਸਮਾਜਿਕ, ਇਤਿਹਾਸਕ, ਅਤੇ ਬੌਧਿਕ ਪੱਧਰ ਉੱਤੇ ਇਕ ਤਲਖ ਹਕੀਕਤ ਨਾਲ ਰੂ-ਬ-ਰੂ ਹੋਣਾ ਪੈਂਦਾ ਹੈ। ਸਿੱਖ ਪਹਿਚਾਣ ਦਾ ਸਾਡਾ ਭੂਗੋਲਿਕ ਪੱਖ ਇਹ ਵੀ ਹੈ ਕਿ ਅਸੀਂ ਰਾਵੀ ਅਤੇ ਘੱਗਰ ਦਰਿਆਵਾਂ ਵਿੱਚ ਪ੍ਰਮੁੱਖ ਤੌਰ ’ਤੇ ਸਿਮਟ ਕੇ ਰਹਿ ਗਏ ਹਾਂ। ਇਸ ਸਿਮਟਣ ਦੀ ਤ੍ਰਾਸਦੀ ਇਹ ਹੈ ਕਿ ਅਸੀਂ ਖਿਤੇ ਦੇ ਦੋ ਮੁੱਖ ਧਰਮ ਹਿੰਦੂ ਅਤੇ ਇਸਲਾਮ ਸਾਨੂੰ ਇਕ ਦੂਜੇ ਦੀ ਤਾਕਤ ਤੋੜਨ ਲਈ, ਇਕ ਦੂਜੇ ਦੇ ਖਿਲਾਫ ਵਰਤਣ ਲਈ ਕਈ ਦਹਾਕਿਆਂ ਤੋਂ ਯਤਨਸ਼ੀਲ ਹਨ। ਸਿੱਖੀ ਦੇ ਸਿਧਾਂਤਾਂ ਵਿੱਚ ਪਵਿੱਤਰਤਾ ਦੇ ਨਾਲ-ਨਾਲ ਇਹ ਗੁਣ ਵੀ ਹੈ ਕਿ ਇਹ ਜ਼ਿੰਦਗੀ ਦੇ ਵਿੱਚ ਲਾਗੂ ਹੋਣ ਦੇ ਸਮਰੱਥ ਵੀ ਹਨ। ਸਿੱਖੀ ਦਾ ਜਨਮ ਪੰਜਾਬ ਵਿੱਚ ਹੋਣ ਕਰਕੇ ਅਤੇ ਸਿੱਖ ਇਤਿਹਾਸ ਦੀਆਂ ਵੱਡੀਆਂ ਘਟਨਾਵਾਂ ਦੇ ਪੰਜਾਬ ਦੀ ਧਰਤੀ

ਤੇ ਵਾਪਰਨ ਕਰਕੇ ਸਿੱਖ ਪਛਾਣ ਦੀ ਜ਼ਜ਼ਬਾਤੀ ਸਾਂਝ ਪੰਜਾਬ ਨਾਲ ਹੋ ਗਈ ਹੈ। ਪਰ ਸਿੱਖੀ ਦੀ ਵਿਚਾਰਧਾਰਾ ਕਿਸੇ ਖਾਸ ਖਿੱਤੇ ਜਾਂ ਕਿਸੇ ਖਾਸ ਕਿਸਮ ਦੇ ਲੋਕਾਂ ਤੱਕ ਸੀਮਤ ਨਹੀਂ ਹੈ। ਇਸਦਾ ਸਰਵ-ਸਾਂਝਾ ਸੰਦੇਸ਼ ਸਦੀਵ ਕਾਲ ਗਤੀਸ਼ੀਲਤਾ ਅਤੇ ਤਾਜ਼ਗੀ ਬਖਸ਼ਦਾ ਹੈ। ਇਸੀ ਸਦਕਾ ਸਿੱਖਾਂ ਨੇ ਵਿਸ਼ਵ ਭਰ ਵਿੱਚ ਆਪਣੀ ਨਿਆਰੀ ਪਹਿਚਾਣ ਦੇ ਝੰਡੇ ਗੱਡੇ ਹਨ। ਸਿੱਖਾਂ ਦੀ ਆਪਣੀ ਪਹਿਚਾਣ ਜਿਥੇ ਸਿੱਖਾਂ ਨੂੰ ਸੰਗਠਿਤ ਰੱਖਦੀ ਹੈ, ਉਥੇ ਇਸਨੂੰ ਬਣਾਈ ਰੱਖਣ ਲਈ ਇਹਨਾਂ ਨੂੰ ਇਕ ਨਹੀਂ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਵਿਦੇਸ਼ਾਂ ਦੀ ਧਰਤੀ 'ਤੇ ਵੱਸੀ ਸਿੱਖ ਸੰਗਤ ਨੂੰ ਸਿੱਖ ਰਹਿਤ ਮਰਿਯਾਦਾ ਸੰਬੰਧੀ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮੁਲਕਾਂ ਦਾ ਕਾਨੂੰਨ ਅਤੇ ਸਭਿਆਚਾਰ ਸਿੱਖ ਧਰਮ ਦੀ ਵਿਲੱਖਣਤਾ ਉੱਪਰ ਕਈ ਤਰਾਂ ਦੇ ਸਵਾਲ ਖੜੇ ਕਰ ਰਿਹਾ ਹੈ। ਜੇਕਰ ਪਹਿਚਾਣ ਦੀ ਤਰਫੋਂ ਵੇਖਿਆ ਜਾਵੇ ਤਾਂ ਸਿੱਖੀ ਸਰੂਪ ਲਈ ਕਈ ਤਰ੍ਹਾਂ ਦੀਆਂ ਗਲਤ ਫਹਿਮੀਆਂ ਪ੍ਰਵਲਤ ਹਨ। 9/11 ਦੇ ਹਮਲੇ ਤੋਂ ਬਾਅਦ ਸਿੱਖੀ ਸਰੂਪ ਨੂੰ ਬਹੁਤ ਨੁਕਸਾਨ ਸਹਿਣਾ ਪਿਆ। ਕਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਕੇਸ, ਦਸਤਾਰ ਤੇ ਕਿਰਪਾਨ ਬਾਰੇ ਕਈ ਤਰ੍ਹਾਂ ਦੇ ਨਵੇਂ-ਨਵੇਂ ਵਿਵਾਦ ਪੈਦਾ ਹੋ ਰਹੇ ਹਨ। ਕਈ ਮੁਲਕਾਂ ਵਿੱਚ ਤਾਂ ਦਸਤਾਰ ਤੇ ਪੂਰਨ ਪਾਬੰਦੀ ਵੀ ਹੈ। ਉਥੋਂ ਦੇ ਸਿੱਖ ਲਗਾਤਾਰ ਕਾਨੂੰਨ ਦੇ ਨਿਯਮ ਮੁਤਾਬਿਕ ਬਹੁਤ ਲੰਬੇ ਸਮੇਂ ਤੋਂ ਕੋਰਟ ਕਚਿਹਰੀਆਂ ਵਿੱਚ ਖਜਲ ਖੁਆਰ ਹੋ ਰਹੇ ਹਨ। ਕਈ ਵਾਰ ਵਿਦੇਸ਼ਾਂ ਵਿੱਚ ਵੱਸਣ ਵਾਲੇ ਸਿੱਖਾਂ ਨੂੰ ਈਰਖਾ, ਨਫਰਤ, ਅਪਮਾਨ ਅਤੇ ਵਿਤਕਰੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ।[19]

## ਵਿਵਹਾਰਕ ਚੁਣੌਤੀਆਂ :

ਮੌਜੂਦਾ ਸਮੇਂ ਵਿੱਚ ਸਿੱਖ ਸਮਾਜ ਨੂੰ ਨਸ਼ੇ, ਬੇਰੋਜ਼ਗਾਰੀ, ਪਤਿਤਪੁਣੇ, ਇਸਤਰੀ ਸਨਮਾਨ ਸੰਬੰਧੀ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ :

### ਸਿੱਖ ਸਮਾਜ ਵਿੱਚ ਨਸ਼ਿਆਂ ਦੀ ਸਮੱਸਿਆ :

ਪੰਜਾਬ ਦੀ ਧਰਤੀ ਬੜੀ ਭਾਗਾਂ ਵਾਲੀ ਹੈ ਜਿਸਨੂੰ ਲਗਭਗ 239 ਸਾਲ ਦਸ ਗੁਰੂ ਸਹਿਬਾਨ ਦੀ ਅਗਵਾਈ ਪ੍ਰਾਪਤ ਹੋਈ ਹੈ ਤੇ ਉਨ੍ਹਾਂ ਦੇ ਪਾਵਨ ਚਰਨਾਂ ਦੀ ਛੂਹ ਇਸ ਧਰਤੀ ਦੇ ਮਾਣ ਵਿੱਚ ਹੋਰ ਵੀ ਵਾਧਾ ਕੀਤਾ ਹੈ।ਇਤਿਹਾਸ ਵੱਲ ਝਾਤ ਮਾਰੀਏ ਤਾਂ ਦੇਖਦੇ ਹਾਂ ਕਿ ਸਭ ਤੋਂ ਪਹਿਲਾਂ ਵੇਦ ਇਸੇ ਧਰਤੀ 'ਤੇ ਰਚੇ ਗਏ। ਇਸ ਤੋਂ ਉਪਰੰਤ ਰਮਾਇਣ,ਮਹਾਂਭਾਰਤ ਜਿਹੇ ਮਹਾਨ ਗ੍ਰੰਥਾਂ ਦੀ ਰਚਨਾ

ਵੀ ਇਸੇ ਧਰਤੀ ’ਤੇ ਹੋਈ ।ਇਸਲਾਮ ਦਾ ਪ੍ਰਭਾਵ ਵੀ ਪੰਜਾਬ ਤੋਂ ਪੂਰੇ ਭਾਰਤ ਵਿਚ ਫੈਲਿਆ। ਬਾਬਾ ਫਰੀਦ ਅਤੇ ਮੀਆਂ ਮੀਰ ਵੀ ਇਸੇ ਧਰਤੀ ਦੇ ਵਸਨੀਕ ਹੋਏ ਹਨ।ਕਿਤੇ ਵੀ ਹਮਲਾ ਕਰਨ ਲਈ ਜਾਣ ਵੇਲੇ ਪੰਜਾਬ ਹਮੇਸ਼ਾਂ ਹੀ ਹਮਲਾਵਰਾਂ ਲਈ ਪਰਵੇਸ਼ ਦੁਆਰ ਬਣਿਆ ਰਿਹਾ ਹੈ। ਦੇਸ਼ ਦੀ ਅਜਾਦੀ ਲਈ ਵੀ ਪੰਜਾਬੀਆਂ ਨੇ ਨਿਧੜਕ ਹੋ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਦੇਸ਼ ਦੀਆਂ ਗੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜ ਕੇ ਦੇਸ਼ ਨੂੰ ਆਜ਼ਾਦ ਕਰਵਾਇਆ।ਦੇਸ਼ ਦੀ ਰਾਖੀ ਲਈ ਵੀ ਪੰਜਾਬੀ ਤੇ ਸਿੱਖ ਸੂਰਮਿਆਂ ਨੇ ਜੈ ਜਵਾਨ, ਜੈ ਕਿਸਾਨ ਦੇ ਨਾਅਰੇ ਲਗਾ ਕੇ ਇਸ ਰਵਾਇਤ ਨੂੰ ਕਾਇਮ ਰੱਖਿਆ। ਇਸ ਤਰ੍ਹਾਂ ਪੰਜਾਬੀਆਂ ਅਤੇ ਸਿੱਖਾਂ ਨੇ ਅਪਣੇ ਦੇਸ਼ (ਪੰਜਾਬ) ਨੂੰ ਹਰ ਪੱਖੋਂ ਅਮੀਰ ਬਣਾਇਆ ਹੈ ਤੇ ਇਸ ਦੀ ਆਨ-ਸ਼ਾਨ ਕਾਇਮ ਰੱਖਣ ਹਿੱਤ ਕਦੇ ਇੱਕ ਕਦਮ ਵੀ ਪਿੱਛੇ ਮੁੜ ਕੇ ਨਹੀਂ ਦੇਖਿਆ ਜਿਸ ਸਦਕਾ ਪੰਜਾਬ ਕੋਲ ਦਸ ਗੁਰੂ ਸਾਹਿਬਾਨ ਦਾ ਅਦੁੱਤੀ ਤੇ ਲਾਸਾਨੀ ਵਿਰਸਾ ਹੈ, ਜਿਸ ਤੇ ਹਰ ਇੱਕ ਨੂੰ ਮਾਣ ਹੈ।

ਪਰ ਅਫਸੋਸ ਅਜਿਹਾ ਲਾਸਾਨੀ ਵਿਰਸਾ ਹੋਣ ਦੇ ਬਾਵਜੂਦ ਵੀ ਅੱਜ ਪੰਜਾਬ ਦਾ ਨੌਜਵਾਨ ਕੁਰਾਹੇ ਪਿਆ ਹੋਇਆ ਹੈ। ਉਸਨੇ ਇਸ ਰੰਗਲੇ ਤੇ ਪੰਜ ਦਰਿਆਵਾਂ ਦੀ ਵਗਦੀ ਧਰਤੀ ਨੂੰ ਨਸ਼ੀਲਾ ਤੇ ਜ਼ਹਿਰੀਲਾ ਬਣਾ ਦਿੱਤਾ ਹੈ।ਇਸ ਧਰਤੀ ਤੇ ਪੰਜ ਦਰਿਆ ਜਿੱਥੇ ਇਸ ਧਰਤੀ ਦੀ ਸ਼ਾਨੋ-ਸ਼ੌਕਤ ਵਧਾਉਂਦੇ ਸਨ, ਪਰ ਅੱਜ ਨਸ਼ਿਆਂ ਦੀ ਦਲਦਲ ਵਿੱਚ ਲਬਰੇਜ਼ ਹੁਣ ਨਸ਼ਿਆਂ ਦਾ ਛੇਵਾਂ ਦਰਿਆ ਇਸ ਧਰਤੀ ਤੇ ਵੱਗ ਰਿਹਾ ਹੈ। ਜੋ ਅੱਜ ਕਈ ਨੌਜਵਾਨਾਂ ਨੂੰ ਆਪਣੀ ਲਪੇਟ ਵਿੱਚ ਲੈ ਕੇ ਉਨਾਂ ਦੀਆਂ ਜਵਾਨੀਆਂ, ਘਰ - ਪਰਿਵਾਰ ਸਭ ਨੂੰ ਤਬਾਹ ਕਰ ਰਿਹਾ ਹੈ। ਪੰਜਾਬ ਦਾ 80 ਪ੍ਰਤੀਸ਼ਤ ਨੌਜਵਾਨ ਕਿਸੇ ਨਾ ਕਿਸੇ ਨਸ਼ੇ ਦਾ ਸ਼ਿਕਾਰ ਹੈ।ਸਕੂਲਾਂ-ਕਾਲਜਾਂ ਦੇ ਮੁੰਡੇ-ਕੁੜੀਆਂ ਦੀ ਨਸ਼ਿਆਂ ਦੀ ਆਦਤ ਬਾਰੇ ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ।ਸਾਰੇ ਹੀ ਦੇਸ਼-ਵਾਸੀ ਇਸ ਗੰਭੀਰ ਸਥਿਤੀ ਨੂੰ ਦੇਖ ਰਹੇ ਹਨ। ਪਰ ਕੁਝ ਵੀ ਕਰ ਨਹੀਂ ਸਕਦੇ। ਨਾ ਸਰਕਾਰ ਆਪਣਾ ਫਰਜ਼ ਪਹਿਚਾਣ ਰਹੀ ਹੈ ਤੇ ਨਾ ਮਾਂ-ਬਾਪ ਕੋਈ ਠੋਸ ਕਦਮ ਉਠਾ ਸਕਦੇ ਹਨ।ਇਸਦਾ ਬਹੁਤਾ ਅਸਰ ਵਿਦਿਆਰਥੀ ਜੀਵਨ ਵਿੱਚ ਹੋਇਆ ਮਿਲਦਾ ਹੈ। ਤੇ ਇਸਦੇ ਨਾਲ ਹੀ ਨੌਜਵਾਨ ਪੀੜੀ, ਜੋ ਕਿ ਦੇਸ਼ ਦੇ ਭਵਿੱਖ ਦਾ ਨਿਰਮਾਣ ਕਰਨ ਵਿੱਚ ਠੋਸ ਤੇ ਸਰਗਰਮ ਹਿੱਸਾ ਪਾਉਂਦੀ ਹੈ, ਬੁਰੀ ਤਰਾਂ ਕੁਰਾਹੇ ਪੈ ਗਈ ਹੈ।

ਪਿੱਛੇ ਜਿਹੇ ਪੰਜਾਬ ਸਰਕਾਰ ਦੁਆਰਾ ਹਾਈਕੋਰਟ ਵਿੱਚ ਪੇਸ਼ ਕੀਤੇ ਗਏ ਇੱਕ ਸਰਵੇਖਣ ਦੇ ਅੰਕੜਿਆਂ ਅਨੁਸਾਰ ਪੰਜਾਬ ਦੀ 70 ਪ੍ਰਤੀਸ਼ਤ ਅਬਾਦੀ ਨਸ਼ਿਆ ਦੀ ਸ਼ਿਕਾਰ ਹੋ ਚੁੱਕੀ ਹੈ। ਸੂਬੇ ਦੇ 60 ਪ੍ਰਤੀਸ਼ਤ ਸਕੂਲੀ ਵਿਦਿਆਰਥੀ ਗੁਟਕੇ ਅਤੇ ਤੰਬਾਕੂ ਦੀ ਵਰਤੋਂ ਕਰ ਰਹੇ ਹਨ।ਸਕੂਲਾਂ ਵਿੱਚ ਹਰ ਤੀਜਾ ਵਿਦਿਆਰਥੀ ਕਿਸੇ ਨਾ ਕਿਸੇ ਬਹਾਨੇ ਨਸ਼ਿਆ ਦੀਆਂ ਗੋਲੀਆਂ ਖਾਣ ਦਾ ਆਦੀ ਹੈ। ਕਾਲਜਾਂ ਵਿਚ 10 ਵਿਦਿਆਰਥੀਆਂ ਵਿਚੋਂ 7 ਕੋਈ ਨਾ ਕੋਈ ਨਸ਼ੇ ਦੀ ਚੀਜ਼ ਖਾਂਦੇ ਹਨ। ਪੰਜਾਬ ਹੁਣ ਅਫੀਮਚੀਆਂ, ਡੋਡਈਆਂ ਤੇ ਨਸ਼ੇ ਦੀਆ ਗੋਲੀਆਂ ਖਾਣ ਵਾਲਿਆਂ ਦਾ ਸੂਬਾ ਬਣ ਗਿਆ ਹੈ ਤੇ ਇਸ ਦੀ ਸ਼ਕਤੀ ਹੁਣ ਇਕ ਮਿੱਥ ਬਣ ਕੇ ਰਹਿ ਗਈ ਹੈ।ਕਈ ਪੰਜਾਬੀ ਮਾਰੂ ਨਸ਼ਿਆ ਦੀ ਆਪਣੀ ਖੁਰਾਕ ਪੂਰੀ ਕਰਨ ਲਈ ਆਪਣਾ ਖ਼ੂਨ ਵੇਚਦੇ ਹਨ, ਕਈ ਗਲੀਆਂ ਵਿਚ ਮੰਗਣ ਤੇ ਆਪਣੇ ਹੀ ਘਰਾਂ ਵਿਚੋਂ ਚੋਰੀਆਂ ਕਰਨ ਤੇ ਪੈਸੇ ਨਾ ਮਿਲਣ ਦੀ ਹਾਲਤ ਵਿੱਚ ਬਜ਼ੁਰਗ ਮਾਂ ਜਾਂ ਪਿਓ ਦਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ।ਇਨ੍ਹਾਂ ਨਸ਼ਿਆ ਨੇ ਪੰਜਾਬ ਦੀ ਜੁਆਨੀ ਨੂੰ ਗਾਲ ਕੇ ਰੱਖ ਦਿੱਤਾ ਹੈ। ਇਹੋ ਕਾਰਨ ਹੈ ਕਿ ਅੱਜ ਤੋਂ 7-8 ਸਾਲ ਪਹਿਲਾਂ ਹਰ ਪਿੰਡ ਵਿੱਚ ਕਬੱਡੀ ਦੀਆਂ ਦੋ-ਦੋ ਤਿੰਨ-ਤਿੰਨ ਟੀਮਾਂ ਹੁੰਦੀਆਂ ਸਨ, ਪਰੰਤੂ ਅੱਜ 10 ਪਿੰਡਾਂ ਨੂੰ ਰਲਾ ਕੇ ਵੀ ਇੱਕ ਟੀਮ ਨਹੀਂ ਬਣਦੀ।

ਸਾਰੇ ਸੰਸਾਰ ਵਿਚ ਇਸ ਸਮੇਂ 20 ਕਰੋੜ 50 ਲੱਖ ਲੋਕ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਇਸ ਪੱਖ ਤੋਂ ਏਸ਼ੀਆਈ ਲੋਕ ਸਭ ਤੋਂ ਵੱਧ ਨਸ਼ਿਆਂ ਦੀ ਮਾਰ ਹੇਠ ਹਨ ਤੇ ਸਾਡਾ ਮੁਲਕ ਤੇ ਇਸਦਾ ਸੂਬਾ ਪੰਜਾਬ ਏਸ਼ੀਆਈ ਮੁਲਕਾਂ ਦੇ ਨਸ਼ੇਬਾਜ਼ਾਂ ਵਿਚੋ ਮੋਹਰਲੀ ਕਤਾਰ ਵਿਚ ਆਉਂਦਾ ਹੈ।ਇਕ ਰਿਪੋਰਟ ਮੁਤਾਬਕ ਭਾਰਤ ਵਿਚ 7 ਕਰੋੜ ਬੰਦੇ ਸ਼ਰਾਬ, 9 ਲੱਖ ਚਰਸ, 27 ਲੱਖ ਚਰਸ, ਸਮੈਕ ਤੇ ਹੈਰੋਇਨ ਅਤੇ 20 ਲੱਖ ਲੋਕ ਹੋਰਨਾਂ ਨਸ਼ੀਲੇ ਪਦਰਥਾਂ ਦੇ ਆਦੀ ਹੋ ਚੁੱਕੇ ਹਨ।[20] ਸ਼ਰਾਬ, ਅਫੀਮ, ਚਰਸ, ਸਿਗਰਟ, ਭੰਗ , ਪੋਸਤ, ਸੁਲਫਾ, ਗਾਂਜਾ, ਕੋਕੀਨ, ਸਮੈਕ ਤੇ ਹੈਰੋਇਨ ਆਦਿ ਨਸ਼ਾ ਦੇਣ ਵਾਲੀਆਂ ਦਵਾਈਆਂ ਦਾ ਪ੍ਰਯੋਗ ਨੌਜਵਾਨਾਂ ਦੁਆਰਾ ਕੀਤਾ ਜਾਂਦਾ ਹੈ।ਇਸ ਤੋਂ ਬਿਨਾਂ ਉਹ ਕਈ ਪ੍ਰਕਾਰ ਦੀਆਂ ਹੋਰ ਨਸ਼ੇਦਾਰ ਗੋਲੀਆਂ, ਨੀਂਦ ਲਿਆਉਣ ਵਾਲੀਆਂ ਗੋਲੀਆਂ ਤੇ ਸ਼ਰਾਬ ਤੇ ਵਰਤੋ ਵੀ ਕਰਦੇ ਹਨ। ਨਸ਼ਿਆਂ ਦੇ ਸੇਵਨ ਦੀ ਇਹ ਰੁਚੀ ਕੇਵਲ ਸਕੂਲਾਂ ਤੇ ਕਾਲਜਾਂ ਦੇ ਹੋਸਟਲਾਂ ਤੱਕ ਹੀ ਸੀਮਤ ਨਹੀਂ ਸਗੋਂ ਨੌਕਰੀ ਪੇਸ਼ਾ ਜਾ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿਚ ਵੀ ਹੈ। ਉਹ ਆਪਣੇ ਫਿਕਰਾਂ, ਗਮਾਂ ਤੇ ਚਿੰਤਾਵਾਂ ਨੂੰ ਭਲਾਉਣ ਲਈ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਦੇ ਹਨ।ਸ਼ੁਰੂ ਸ਼ੁਰੂ ਵਿਚ ਹੋਰਨਾ ਨਸ਼ਈਆਂ ਦੇ ਬਹਿਕਾਵੇ ਵਿਚ ਆ ਕੇ ਪਲ ਭਰ ਦੇ ਆਨੰਦ ਲਈ ਨਸ਼ਾ ਕੱਚੀ ਉਮਰ ਦੇ ਬੱਚਿਆਂ ਲਈ ਮੌਤ ਦਾ

ਫ਼ਰਮਾਨ ਹੋ ਨਿਬੜਦਾ ਹੈ।ਨੌਜਵਾਨਾਂ ਵਿੱਚ ਨਸ਼ਿਆਂ ਦੇ ਪਸਾਰ ਦਾ ਮੁੱਖ ਕਾਰਨ ਪੈਸੇ ਦੀ ਹਵਸ ਦਾ ਸ਼ਿਕਾਰ ਸਮਾਜ ਵਿਰੋਧੀ ਅਨਸਰ ਹਨ, ਜਿਨ੍ਹਾ ਦਾ ਪੂਰੀ ਦੁਨੀਆਂ ਵਿਚ ਫੈਲਿਆ ਇੱਕ ਨੈਟਵਰਕ ਹੈ। ਬੇਸ਼ੱਕ ਹਰ ਤੀਜੇ ਦਿਨ ਕਰੋੜਾਂ ਰੁਪਏ ਦੀ ਹੈਰੋਇਨ ਫੜੇ ਜਾਣ ਦੀਆਂ ਖਬਰਾਂ ਆਉਂਦੀਆਂ ਹਨ,ਪਰ ਇਸਦੇ ਬਾਵਜੂਦ ਵੱਡੇ ਪੱਧਰ ਤੇ ਸਮਗਲਿੰਗ ਰਾਹੀਂ ਹੈਰੋਇਨ, ਚਰਸ ਸਮੈਕ ਤੇ ਹੋਰ ਨਸ਼ੇ ਪੰਜਾਬ ਤੇ ਹੋਰ ਥਾਂਵਾਂ ਉੱਤੇ ਸਪਲਾਈ ਹੁੰਦੇ ਹਨ।ਸਾਡੇ ਪਿੰਡਾਂ ਤੇ ਸ਼ਹਿਰਾਂ ਵਿਚ ਇਹ ਨਸ਼ਾ-ਤੰਤਰ ਬੜੇ ਭਿਆਨਕ ਰੂਪ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ ਭ੍ਰਿਸ਼ਟ ਰਾਜਨੀਤਕ ਲੀਡਰ, ਪੁਲਿਸ ਤੇ ਖੁਫੀਆ ਮਹਿਕਮੇ ਦੇ ਭ੍ਰਿਸ਼ਟ ਅਫਸਰਾਂ ਤੱਕ ਸਭ ਭਾਈਵਾਲ ਹਨ।ਸਰਕਾਰ ਖੁਦ ਸ਼ਰਾਬ ਵਰਗੇ ਨਸ਼ੇ ਨੂੰ ਉਤਸ਼ਾਹ ਦੇਣ ਵਾਲਾ ਰੋਲ ਹੀ ਅਦਾ ਕਰਦੀ ਹੈ ਕਿਉਂਕਿ ਇਸ ਨੂੰ ਇਸ ਤੋਂ ਹਰ ਸਾਲ 1700 ਕਰੋੜ ਦਾ ਨ਼ਫਾ ਪ੍ਰਾਪਤ ਹੁੰਦਾ ਹੈ।ਗੱਭਰੂਆਂ ਨੂੰ ਸਮੈਕ ਤੇ ਲਾਉਣ ਲਈ ਇਹ ਸਮੱਗਲਰ ਬਹੁ-ਕੌਮੀ ਕੰਪਨੀਆਂ ਵਾਂਗ ਕੰਮ ਕਰਦੇ ਹਨ ਤੇ ਆਪਣੇ ਨਵੇਂ ਸ਼ਿਕਾਰਾਂ ਨੂੰ ਚਾਰ ਪੁੜੀਆ ਪਿੱਛੇ ਪੰਜਵੀਂ ਮੁਫ਼ਤ ਦਿੰਦੇ ਹਨ ਤੇ ਫਿਰ ਉਨ੍ਹਾਂ ਰਾਹੀਂ ਹੀ ਸਬ-ਏਜੰਟ ਬਣਾ ਕੇ ਇਹ ਜ਼ਹਿਰ ਘਰ-ਘਰ ਪੁਚਾਉਣ ਦਾ ਕਾਰੋਬਾਰ ਕੀਤਾ ਜਾਂਦਾ ਹੈ।ਇਸੇ ਕਾਰਨ ਚੋਣਾਂ ਵਿਚ ਵੀ ਨਸ਼ਿਆਂ ਦੀ ਖੁੱਲ੍ਹੀ ਵਰਤੋਂ ਹੁੰਦੀ ਹੈ।ਅਸਲ ਵਿੱਚ ਨਸ਼ਾ ਮਨੁੱਖ ਦੀ ਸੋਚਣ -ਵਿਚਾਰਣ ਦੀ ਸ਼ਕਤੀ ਖੋਹ ਲੈਂਦਾ ਹੈ ਤੇ ਵਰਤਮਾਨ ਸਿਆਸਤ ਦੇ ਚੌਧਰੀਆਂ ਨੂੰ ਅਜਿਹੇ ਲੋਕਾਂ ਦੀ ਹੀ ਜ਼ਰੂਰਤ ਹੈ, ਜਿਹੜੇ ਆਪਣੀ ਸੋਚ ਵਿਚਾਰ ਤੋਂ ਵਾਂਝੇ ਹੋਣ ਤੇ ਨਸ਼ੇ ਦੀਆਂ ਦੋ ਚਾਰ ਖੁਰਾਕਾਂ ਤੇ ਦੋ ਚਾਰ ਸੌ ਰੁਪਏ ਲੈ ਕੇ ਉਨ੍ਹਾਂ ਦੇ ਬਕਸੇ ਵਿਚ ਵੋਟ ਪਾਉਣ।

ਇਸ ਤੋਂ ਇਲਾਵਾ ਹੋਰ ਕਾਰਨ ਵੀ ਹਨ, ਜੋ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਇਨ੍ਹਾਂ ਨਸ਼ੇ ਦੇ ਵਪਾਰੀਆਂ ਦੇ ਸ਼ਿਕਾਰ ਬਣਾਉਣ ਵਿਚ ਹਿੱਸਾ ਪਾ ਰਹੇ ਹਨ। ਸਕੂਲਾਂ, ਕਾਲਜਾਂ ਦੇ ਨੌਜਵਾਨਾਂ ਵਿੱਚ ਨਸ਼ਿਆਂ ਦੇ ਸੇਵਨ ਦੀ ਰੁਚੀ ਦਾ ਕਾਰਨ ਇਹ ਵੀ ਹੈ ਕਿ ਜਦੋਂ ਹੋਸਟਲਾਂ ਵਿਚ ਇਕੱਠੇ ਰਹਿੰਦੇ ਹਨ, ਤਾਂ ਇਕ ਮੱਛੀ ਦੇ ਸਾਰਾ ਜਲ ਗੰਦਾ ਕਰ ਦੇਣ ਵਾਂਗ ਉਹ ਇਕ ਦੂਜੇ ਦੀ ਦੇਖਾ-ਦੇਖੀ ਨਸ਼ਿਆਂ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਹੋਸਟਲਾਂ ਦੇ ਪੁਰਾਣੇ ਨਸ਼ੇਬਾਜ਼ ਜਾਂ ਨਸ਼ੇ ਦੇ ਵਪਾਰੀਆਂ ਦੇ ਏਜੰਟ ਨਵਿਆਂ ਨੂੰ ਮਜਬੂਰ ਕਰ ਕੇ ਆਪਣੇ ਵਰਗਾ ਬਣਾ ਲੈਂਦੇ ਹਨ ਤੇ ਇਸ ਪ੍ਰਕਾਰ ਲਗਭਗ ਸਾਰੇ ਹੀ ਨਸ਼ੇ ਖਾਣ ਦੀ ਆਦਤ ਦਾ ਸ਼ਿਕਾਰ ਹੋ ਜਾਂਦੇ ਹਨ।ਹੋਸਟਲਾਂ ਦੇ ਵਿਦਿਆਰਥੀਆਂ ਦੇ ਨਸ਼ੇ ਖਾਣ ਵਿੱਚ ਲੱਗਣ ਦਾ ਕਾਰਨ ਇਹ ਵੀ ਹੈ ਕਿ ਉਹਨਾਂ ਨੂੰ ਉੱਥੇ ਰੋਕਣ ਵਾਲਾ ਕੋਈ ਨਹੀਂ ਹੁੰਦਾ। ਮਾਤਾ ਪਿਤਾ ਤੋਂ ਦੂਰ ਰਹਿਣ ਕਰਕੇ ਉਹ ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ ਕਹਿਣ ਵਾਂਗ ਮਨ ਮਰਜ਼ੀ ਕਰਦੇ ਹੋਏ ਇਹਨਾਂ

ਬੁਰਾਈਆਂ ਵਿਚ ਗ਼ਰਕ ਹੋ ਜਾਂਦੇ ਹਨ। ਫਿਰ ਹੋਸਟਲ ਦੀ ਜ਼ਿੰਦਗੀ ਸਮਾਜਿਕ ਜੀਵਨ ਨਾਲੋਂ ਟੁੱਟੀ ਹੋਣ ਕਰਕੇ ਤੇ ਧਾਰਮਿਕ ਜੀਵਨ ਤੋਂ ਕੋਹਾਂ ਦੂਰ ਹੋਣ ਕਰਕੇ ਉੱਥੇ ਰਹਿੰਦੇ ਯੁਵਕਾਂ ਨੂੰ ਨਾ ਤਾਂ ਕਿਸੇ ਮਾਨ, ਮਰਯਾਦਾ ਦੀ ਪਾਲਣਾ ਦਾ ਫ਼ਿਕਰ ਹੁੰਦਾ ਹੈ ਤੇ ਨਾ ਹੀ ਉਨ੍ਹਾਂ ਨੂੰ ਕਿਸੇ ਦੀ ਸ਼ਰਮ-ਹਯਾ ਹੁੰਦੀ ਹੈ।ਫਲਸਰੂਪ ਉਹ ਮਨ ਆਏ ਕੁਕਰਮ ਕਰਦੇ ਹਨ।

ਨਸ਼ਿਆਂ ਦੇ ਸੇਵਨ ਦਾ ਦੂਜਾ ਕਾਰਨ ਸਾਡੇ ਵਿੱਦਿਅਕ ਢਾਂਚੇ ਦਾ ਨੁਕਸਾਨ ਹੋਣਾ ਹੈ।ਸਾਡੀ ਪ੍ਰੀਖਿਆ-ਪ੍ਰਣਾਲੀ ਵਿਚ ਬਹੁਤੇ ਵਿਦਿਆਰਥੀ ਪੜ੍ਹ ਕੇ ਪਾਸ ਹੋਣ ਨਾਲੋਂ ਨਕਲ ਮਾਰ ਕੇ ਪਾਸ ਹੋਣ ਵਿਚ ਵਧੇਰੇ ਯਕੀਨ ਰੱਖਦੇ ਹਨ।ਅਜਿਹੇ ਵਿਦਿਆਰਥੀ ਪੜ੍ਹਾਈ ਵਲੋਂ ਅਵੇਸਲੇ ਰਹਿੰਦੇ ਹਨ ਤੇ ਨਸ਼ੇ ਆਦਿ ਸੇਵਨ ਦੀਆਂ ਭੈੜੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ।

ਨੌਜਵਾਨਾਂ ਉੱਪਰ ਫ਼ਿਲਮਾਂ ਤੇ ਟੈਲੀਵਿਜ਼ਨ ਦੇ ਨਾਟਕਾਂ ਦਾ ਪ੍ਰਭਾਵ ਤੇ ਪੱਛਮੀ ਸੱਭਿਅਤਾ ਦੇ ਹੋਰ ਪ੍ਰਭਾਵ ਵੀ ਉਨ੍ਹਾਂ ਨੂੰ ਨਸ਼ਿਆਂ ਦੇ ਸੇਵਨ ਕਰਨ ਦੀਆਂ ਆਦਤਾਂ ਦਾ ਸ਼ਿਕਾਰ ਬਣਾਉਂਦੇ ਹਨ। ਫਲਸਰੂਪ ਨੌਜਵਾਨ, ਸ਼ਰਾਬ, ਭੰਗ, ਚਰਸ, ਤੰਬਾਕੂ, ਸਿਗਰਟ, ਸੁਲਫਾ, ਕੋਕੀਨ, ਅਫ਼ੀਮ, ਪੋਸਤ ਆਦਿ ਸਭ ਪ੍ਰਕਾਰ ਦੇ ਨਸ਼ਿਆਂ ਦੇ ਸੇਵਨ ਕਰ ਰਹੇ ਹਨ ਤੇ ਇਸ ਤਰ੍ਹਾਂ ਆਪਣਾ ਜੀਵਨ ਖਰਾਬ ਕਰ ਰਹੇ ਹਨ।

ਨੌਜਵਾਨਾਂ ਦਾ ਇਸ ਪ੍ਰਕਾਰ ਨਸ਼ਿਆਂ ਵੱਲ ਰੁਚਿਤ ਹੋਣਾ ਸਾਡੇ ਦੇਸ਼ ਲਈ ਬਹੁਤ ਹੀ ਹਾਨੀਕਾਰਕ ਹੈ। ਨਸ਼ਿਆਂ ਦਾ ਸੇਵਨ ਮਨੁੱਖ ਵਿੱਚ ਅਨੁਸ਼ਾਸਨਹੀਣਤਾ, ਜੂਏ-ਬਾਜੀ ਦੀ ਆਦਤ, ਦੁਰਾਚਾਰ ਅਤੇ ਵਿਭਚਾਰ ਨੂੰ ਜਨਮ ਦਿੰਦਾ ਹੈ।ਇਸ ਨਾਲ ਮਨੁੱਖੀ ਸ਼ਕਤੀ ਉਸਾਰੂ ਕੰਮਾਂ ਵੱਲ ਲੱਗਣ ਦੀ ਥਾਂ ਅਜਾਈਂ ਜਾ ਰਹੀ ਹੈ।ਜਿਹੜਾ ਇੱਕ ਵਾਰੀ ਇਸ ਇੱਲਤ ਦਾ ਸ਼ਿਕਾਰ ਹੋ ਜਾਂਦਾ ਹੈ, ਉਸਦਾ ਇਸ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ ਤੇ ਦੋ ਤਿੰਨ ਸਾਲਾਂ ਵਿਚ ਹੀ ਉਹ ਸਿਵਿਆਂ ਵਿਚ ਪੁੱਜ ਜਾਂਦਾ ਹੈ। ਇਸ ਲਈ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਜਾਣ ਤੋਂ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।

## ਸਿੱਖ ਸਮਾਜ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ :

ਸੰਸਾਰ ਦੇ ਵੱਖ-ਵੱਖ ਦੇਸ਼ਾਂ ਨੂੰ ਅੱਜ ਬੇਰੋਜ਼ਗਾਰੀ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸਦਾ ਪ੍ਰਮੁੱਖ ਕਾਰਨ ਸੰਸਾਰ ਦੀ ਲਗਾਤਾਰ ਦਿਨ-ਪ੍ਰਤੀ ਦਿਨ ਵੱਧ ਰਹੀ ਵਸੋਂ ਹੈ।

ਜਦੋਂ ਵਿਕਸਿਤ ਦੇਸ਼ਾਂ ਵੱਲ ਝਾਤ ਮਾਰੀਏ ਤਾਂ ਉਨ੍ਹਾਂ ਦੇਸ਼ਾਂ ਦੇ ਵਿੱਚ ਵੀ ਇਹ ਸਮੱਸਿਆ ਆਮ ਦਿਖਾਈ ਦਿੰਦੀ ਹੈ। ਜਿਸ ਤੇਜ਼ੀ ਦੇ ਨਾਲ ਵਿਸ਼ਵ ਦੀ ਵੱਸੋਂ ਵਿਚ ਵਾਧਾ ਹੋ ਰਿਹਾ ਹੈ ਉਸ ਅਨੁਪਾਤ ਅਨੁਸਾਰ ਨਾ ਤਾਂ ਨੌਕਰੀਆਂ ਮਿਲ ਰਹੀਆਂ ਹਨ ਤੇ ਨਾ ਹੀ ਲੋਕਾਂ ਲਈ ਰੋਜ਼ਗਾਰ ਦੇ ਹੋਰ ਸਾਧਨ ਪੈਦਾ ਹੋ ਰਹੇ ਹਨ। ਇੰਝ ਕਿਹਾ ਜਾ ਸਕਦਾ ਹੈ ਕਿ ਵਿਸ਼ਵ ਦੇ ਹਰ ਦੇਸ਼ ਵਿੱਚ ਬੇਰੋਜ਼ਗਾਰੀ ਦੀ ਇਕ ਲੰਬੀ ਕਤਾਰ ਲੱਗ ਗਈ ਹੈ। ਇਸ ਸਮੱਸਿਆ ਨੇ ਸਮਾਜ ਦਾ ਰੂਪ ਹੀ ਬਦਲ ਕੇ ਰੱਖ ਦਿੱਤਾ ਹੈ। ਸਿੱਟੇ ਵਜੋਂ ਸਮਾਜ ਵਿੱਚ ਭ੍ਰਿਸ਼ਟਾਚਾਰ, ਦਹਿਸ਼ਤਵਾਦ, ਨਸ਼ਾਖੋਰੀ ਆਦਿ ਵਰਗੀਆਂ ਭਿਆਨਕ ਬੀਮਾਰੀਆਂ ਦਿਨੋਂ-ਦਿਨ ਵੱਧ ਰਹੀਆਂ ਹਨ। ਇਸ ਨਤੀਜੇ ਨਾਲ ਅੱਜ ਵਿਸ਼ਵ ਦੀ ਆਪਣੀ ਹੋਂਦ ਵੀ ਖਤਰੇ ਵਿਚ ਦਿਖਾਈ ਦੇ ਰਹੀ ਹੈ। ਜੇਕਰ ਡੂੰਘਾਈ ਨਾਲ ਵਾਚਿਆ ਜਾਵੇ ਤਾਂ ਰੋਜ਼ਗਾਰ ਦੇਸ਼ ਦੇ ਜਾਂ ਇਲਾਕੇ ਦੀ ਆਰਥਿਕ ਉੱਨਤੀ ਦੀ ਪ੍ਰਫੁੱਲਤਾ ’ਤੇ ਨਿਰਭਰ ਕਰਦਾ ਹੈ। ਪੰਜਾਬ ਦੀ ਧਰਤੀ ਇਸ ਪੱਖੋਂ ਵੱਖਰੀ ਨਹੀਂ ਹੈ। ਇੱਕ ਅਨੁਮਾਨ ਅਨੁਸਾਰ ਪੰਜਾਬ ਵਿੱਚ ਲੱਗਭਗ 30-40 ਲੱਖ ਨੌਜਵਾਨ ਬੇਕਾਰ ਹਨ ਅਤੇ ਬੇਰੋਜ਼ਗਾਰੀ ਨਾਲ ਜੂਝ ਰਹੇ ਹਨ। ਖੇਤੀ ਪ੍ਰਧਾਨ ਰਾਜ ਵਿੱਚ ਬੇਰੋਜ਼ਗਾਰੀ ਦੀ ਗਿਣਤੀ ਇਤਨੀ ਖਤਰਨਾਕ ਹੱਦ ਤੱਕ ਪਹੁੰਚ ਚੁੱਕੀ ਹੈ ਜਿਸ ਨੂੰ ਬਿਆਨ ਕਰਨਾ ਮੁਸ਼ਕਿਲ ਹੈ। ਪੰਜਾਬੀ ਨੌਜਵਾਨ ਦੀ ਇਹ ਸਭ ਤੋਂ ਗੰਭੀਰ ਸਮੱਸਿਆ ਹੈ ਕਿ ਉਤਪਾਦਨ ਇਕਾਈਆਂ ਜਾਂ ਵਪਾਰਕ ਅਦਾਰੇ ਜੋ ਮੰਗ ਕਰਦੇ ਹਨ ਉਸ ਕੰਮ ਦੀ ਪੰਜਾਬੀ ਨੌਜਵਾਨਾਂ ਵਿਚ ਰੁਚੀ ਨਹੀਂ ਅਤੇ ਜੋ ਪੰਜਾਬੀਆਂ ਦੀ ਰੁਚੀ ਹੈ ਉਸ ਮੁਤਾਬਿਕ ਕੰਮ ਜਾਂ ਅਸਾਮੀਆਂ ਉਪਲਬੱਧ ਨਹੀਂ ਹਨ। ਪੰਜਾਬ ਦੇ ਛੋਟੇ ਕਾਰਖਾਨੇ, ਛੋਟੇ ਵਪਾਰਕ ਅਦਾਰੇ ਮਜ਼ਦੂਰ, ਕਾਮਿਆਂ ਦੀ ਮੰਗ ਕਰਦੇ ਹਨ, ਜਿਥੇ ਸਿਰਫ ਹੱਥਾਂ ਨਾਲ ਕੰਮ ਜਾਂ ਜਿਸਮਾਨੀ ਮਿਹਨਤ ਕਰਨੀ ਹੁੰਦੀ ਹੈ। ਪੰਜਾਬੀ ਨੌਜਵਾਨ ਜੋ ਬੇਕਾਰੀ ਦੀ ਮਾਰ ਖਾ ਰਹੇ ਹਨ, ਉਹ ਨਾ ਤਾਂ ਇਨੀ ਉੱਚ ਪੱਧਰੀ ਪੜ੍ਹਾਈ ਜਾਂ ਸਿਖਲਾਈ ਦੇ ਘੜੇ ਹੋਏ ਹਨ ਕਿ ਜਿੰਨ੍ਹਾਂ ਦੀ ਮੰਗ ਹੋਵੇ ਅਤੇ ਨਾ ਹੀ ਉਹ ਜਿਸਮਾਨੀ ਮੁਸ਼ੱਕਤ ਕਰਨ ਲਈ ਤਿਆਰ ਹੁੰਦੇ ਹਨ। ਪੰਜਾਬ ਦਾ ਨੌਜਵਾਨ ਆਪਣੇ ਘਰ ਵਿੱਚ ਰਹਿੰਦਾ ਹੋਇਆ ਮਾਨਸਿਕ ਅਤੇ ਸਰੀਰਕ ਪੱਖੋਂ ਇਤਨਾ ਅਵੇਸਲਾ ਹੋ ਗਿਆ ਹੈ ਕਿ ਉਹ ਹੱਥੀਂ ਕੰਮ ਕਰਨ ਨਾਲੋਂ ਸਫੈਦਪੋਸ਼ੀ ਨੂੰ ਵਧੇਰੇ ਤਰਜ਼ੀਹ ਦਿੰਦਾ ਹੈ। ਅਜਿਹੀ ਸਥਿਤੀ ਵਿੱਚ ਪੰਜਾਬ ਵੱਲ ਯੂ.ਪੀ, ਬਿਹਾਰ, ਉੜੀਸਾ, ਅਤੇ ਕੇਰਲਾ ਆਦਿ ਸੂਬਿਆਂ ਵਿਚੋਂ ਆਈਆਂ ਪਰਵਾਸੀ ਮਜ਼ਦੂਰਾਂ ਦੀਆਂ ਧਾੜਾਂ ਪੰਜਾਬ ਵਿੱਚ ਵੱਸ ਰਹੀਆਂ ਹਨ। ਪਿਛਲੇ ਲੱਗਭਗ 20-25 ਸਾਲਾਂ ਦੇ ਅਜਿਹੇ ਵਰਤਾਰੇ ਨਾਲ ਇਹ ਪਰਵਾਸੀ ਮਜ਼ਦੂਰ ਪੰਜਾਬ ਦੀ ਇਕ ਲੋੜ ਵੀ ਬਣ ਗਏ ਹਨ। ਖੇਤੀਬਾੜੀ, ਉਦਯੋਗ, ਵਾਪਾਰ, ਹੱਥੀਂ ਕਿਰਤ ਕਰਨ ਵਾਲੇ ਛੋਟੇ ਤੋਂ ਲੈ ਕੇ ਵੱਡੇ ਉਦਯੋਗਿਕ ਖੇਤਰਾਂ ਵਿੱਚ ਪਰਵਾਸੀ

ਮਜ਼ਦੂਰ ਆਪਣਾ ਪੂਰਾ ਕਬਜ਼ਾ ਕਰੀ ਬੈਠੇ ਹਨ। ਜਿੰਨੀ ਤੇਜ਼ੀ ਨਾਲ ਪਰਵਾਸੀ ਮਜ਼ਦੂਰ ਬਾਹਰੋਂ ਆ ਕੇ ਪੰਜਾਬ ਦੀ ਧਰਤੀ ’ਤੇ ਪੱਕੇ ਤੌਰ ’ਤੇ ਵੱਸ ਗਏ ਹਨ, ਸ਼ਾਇਦ ਹੀ ਕੋਈ ਪੰਜਾਬੀ ਵਿਦੇਸ਼ਾਂ ਦੀ ਧਰਤੀ ਤੇ ਜਾ ਕੇ ਵੱਸਦਾ ਹੋਵੇ। ਪੰਜਾਬ ਵਿੱਚ ਬੇਰੁਜ਼ਗਾਰੀ ਦਾ ਇਕ ਹੋਰ ਵੱਡਾ ਕਾਰਨ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀ ਆਪਸੀ ਵੰਡ ਕਾਰਨ ਵਿੱਦਿਆ ਦੇ ਖੇਤਰ ਵਿੱਚ ਸਥਾਪਿਤ ਹੋ ਚੁੱਕੀ ਇਕ ਤਰ੍ਹਾਂ ਦੀ ਵਿਤਕਰੇ ਦੀ ਭਾਵਨਾ ਵਾਲੀ ਸਥਿਤੀ ਹੈ। ਪੇਂਡੂ ਖੇਤਰਾਂ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਦਾ ਬੇਰੋਜ਼ਗਾਰ ਆਰਥਿਕ ਪੱਖੋਂ ਫਿਰ ਵੀ ਕੁਝ ਸੁਖਾਲਾ ਮਹਿਸੂਸ ਕਰਦਾ ਹੈ। ਆਲੇ ਦੁਆਲੇ ਦੀ ਵਧੇਰੇ ਜਾਣਕਾਰੀ , ਵਾਪਾਰ ਦੇ ਮੌਕੇ, ਪਿਤਾ-ਪੁਰਖੀ ਮਾਰਗ ਦਰਸ਼ਨ, ਬੈਕਿੰਗ, ਕਰਜ਼ਿਆਂ ਦੀ ਸਹੂਲਤ ਅਤੇ ਵਿੱਦਿਆ ਵਿੱਚ ਵਧੇਰੇ ਸਹੂਲਤਾਂ ਆਦਿ ਕਾਰਨ ਉਹ ਪੇਂਡੂ ਨੌਜਵਾਨਾਂ ਨਾਲੋਂ ਕਿਤੇ ਵਧੇਰੇ ਸੁਰੱਖਿਅਤ ਹਨ। ਵਧੇਰੇ ਕਰਕੇ ਜੇਕਰ ਪੰਜਾਬ ਦੇ ਨੌਜਵਾਨ ਨਾਲ ਗੱਲਬਾਤ ਕੀਤੀ ਜਾਵੇ ਤਾਂ ਉਹ ਆਪਣੇ ਰਾਜ ਨਾਲੋਂ ਵਿਦੇਸ਼ਾਂ ਦੀ ਧਰਤੀ ’ਤੇ ਜ਼ਿੰਦਗੀ ਬਤੀਤ ਕਰਨ ਨੂੰ ਜ਼ਿਆਦਾ ਤਰਜ਼ੀਹ ਦੇਣਗੇ। ਇਸਦਾ ਇਕੋ-ਇਕ ਕਾਰਨ ਉਹ ਸਮਝਦੇ ਹਨ ਕਿ ਵਿਦੇਸ਼ਾਂ ਦੀ ਧਰਤੀ ’ਤੇ ਉਹਨਾਂ ਨੂੰ ਸਾਰੀਆਂ ਸੁੱਖ ਸਹੂਲਤਾਂ ਆਦਿ ਨੇੜੇ ਵਿਖਾਈ ਦਿੰਦੀਆਂ ਹਨ। ਪੰਜਾਬ ਦਾ ਪੜ੍ਹਿਆ ਲਿਖਿਆ ਨੌਜਵਾਨ ਵੀ ਵਿਦੇਸ਼ ਵੱਲ ਜਿਆਦਾ ਮੋਹ ਰੱਖਦਾ ਹੈ। ਉਹ ਆਪਣੇ ਭੱਵਿਖ ਨੂੰ ਲੈ ਕੇ ਜ਼ਿਆਦਾ ਚਿੰਤਿਤ ਹੈ। ਨੌਜਵਾਨਾਂ ਦਾ ਮੰਨਣਾ ਹੈ ਕਿ ਪਹਿਲਾਂ ਆਪਣਾ ਭਵਿੱਖ ਸੁਰੱਖਿਅਤ ਕਰਨਾ ਲਾਜ਼ਮੀ ਹੈ। ਜਿਤਨੀ ਮਿਹਨਤ ਉਹ ਵਿਦੇਸ਼ਾਂ ਦੀ ਧਰਤੀ ’ਤੇ ਜਾ ਕੇ ਕਰਦੇ ਹਨ ਕਾਸ਼! ਉਹ ਉਸ ਮਿਹਨਤ ਦਾ ਅੱਧ ਵੀ ਆਪਣੇ ਪਿਤਾ ਪੁਰਖੀ ਜ਼ਮੀਨ ਵਿਚ ਖੇਤੀ ਕਰਕੇ ਕਰਨ ਵਿੱਚ ਸ਼ਾਇਦ ਅੱਜ ਪੰਜਾਬ ਦਾ ਨਕਸ਼ਾ ਕੁਝ ਹੋਰ ਹੁੰਦਾ।

ਵਿਦੇਸ਼ਾਂ ਦੀ ਚਕਾ-ਚੋਂਧ ਨੇ ਪੰਜਾਬ ਦੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ। ਜਿਸਦੇ ਸਦਕਾ ਅੱਜ ਪੰਜਾਬ ਦੇ ਖੇਤਾਂ ਵਿੱਚ ਪਰਵਾਸੀ ਮਜ਼ਦੂਰਾਂ ਦੀ ਆਮਦ ਵਧੇਰੇ ਵੇਖੀ ਜਾ ਸਕਦੀ ਹੈ। ਦੂਸਰਾ ਵਿਸ਼ੇਸ਼ ਕਾਰਨ ਜਿਸ ਨਾਲ ਪੰਜਾਬ ਦੀ ਧਰਤੀ ’ਤੇ ਬੇਰੋਜ਼ਗਾਰੀ ਵਿੱਚ ਵਾਧਾ ਹੋਇਆ ਹੈ, ਉਹ ਪੰਜਾਬ ਦੀ ਸਰਕਾਰ ਵਲੋਂ ਸਮੇਂ-ਸਮੇਂ ਤੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਕੀਤਾ ਗਿਆ ਵਾਅਦਾ ਹੈ , ਜਿਸ ਸਦਕਾ ਪੰਜਾਬ ਦਾ ਨੌਜਵਾਨ ਨਾ ਕਿੱਤਾ-ਮੁੱਖੀ ਕੋਈ ਕੰਮ ਨੂੰ ਅਪਣਾ ਸਕੇ ਅਤੇ ਨਾ ਹੀ ਕਿਸੇ ਨੌਕਰੀ ਲਈ ਆਪਣੇ ਆਪ ਨੂੰ ਕਿਸੇ ਯੋਗ ਕਰ ਸਕੇ। ਇਸੇ ਸਦਕਾ ਨੌਜਵਾਨਾਂ ਨੇ ਵਿਦੇਸ਼ਾਂ ਦੀ ਧਰਤੀ ਵੱਲ ਕੂਚ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦੀ ਧਰਤੀ ’ਤੇ ਬੇਰੁਜ਼ਗਾਰੀ ਦਾ ਵੱਧਣਾ ਕੇਵਲ ਨੌਜਵਾਨਾਂ ਦੀ ਮੰਦਹਾਲੀ ਦੀ ਸਥਿਤੀ ਨੂੰ ਬਿਆਨ ਨਹੀਂ ਕਰਦਾ, ਸਗੋਂ ਪੰਜਾਬ ਦੀ ਆਰਥਿਕ ਹਾਲਾਤ ਤੇ ਵੀ ਮਾੜਾ

ਅਸਰ ਪੈਂਦਾ ਹੈ।ਇਸਦੇ ਫਲਸਰੂਪ ਬੇਕਾਰ ਅਤੇ ਵਿਹਲੇ ਨੌਜਵਾਨ ਦਾ  ਨਸ਼ਿਆਂ ਦੀ ਦਲਦਲ ਵਿੱਚ ਗਲਤਾਨ ਹੋਣਾ, ਆਰਥਿਕ ਲੁੱਟ ਦਾ ਪੰਜਾਬ ਦੀ ਧਰਤੀ 'ਤੇ ਵੱਧਣਾ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

## ਸਿੱਖ ਸਮਾਜ ਵਿੱਚ ਪਤਿਤਪੁਣਾ ਸੰਬੰਧੀ ਦਰਪੇਸ਼ ਚੁਣੌਤੀਆਂ :

ਸੰਸਾਰ ਵਿੱਚ ਇਹ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਧਰਮ ਮਨੁੱਖਾਂ ਦੇ ਆਪੋ-ਆਪਣੇ ਸ਼ਖ਼ਸੀ ਨਿਸਚੇ ਜਾਂ ਖਿਆਲਾਂ ਦਾ ਨਾਮ ਹੈ। ਹਰ ਇਕ ਕੌਮ, ਪੰਥ ਦੇ ਆਪੋ-ਆਪਣੇ ਨਿਯਮ ਨਿਰਧਾਰਿਤ ਕੀਤੇ ਹੁੰਦੇ ਹਨ ਜਿਨਾਂ ਨੂੰ ਅਧਾਰ ਬਣਾ ਕੇ ਧਰਮ ਦੇ ਬਸ਼ਿੰਦੇ ਆਪਣੀ ਸਮੁੱਚੀ ਜ਼ਿੰਦਗੀ ਬਤੀਤ ਕਰਦੇ ਹਨ। ਸੰਸਾਰ ਵਿੱਚ ਸਿੱਖ ਧਰਮ ਵਰਗੇ ਬਹੁਤ ਥੋੜੇ ਧਰਮ ਹਨ ਜਿਨ੍ਹਾਂ ਪੰਥਕ ਜੀਵਨ ਨੂੰ ਹੀ ਧਰਮ ਦਾ ਇਕ ਉੱਘਾ ਅੰਗ ਮੰਨਿਆ ਹੈ। ਇਸੇ ਲਈ ਆਮ ਲੋਕੀਂ ਸਿੱਖੀ ਦੀ ਰਹਿਣੀ ਦੀਆਂ ਗੱਲਾਂ ਨੂੰ ਨਹੀਂ ਸਮਝਦੇ, ਜਿਹੜੀਆਂ ਉਨਾਂ ਦੀਆਂ ਪੰਥਕ ਜ਼ਿੰਦਗੀ ਨਾਲ ਸੰਬੰਧ ਰੱਖਦੀਆਂ ਹਨ। ਇਸ ਪੰਥਕ ਜ਼ਿੰਦਗੀ ਨੂੰ ਕਾਇਮ ਰੱਖਣ ਵਾਸਤੇ ਇਕ ਜੱਥੇਬੰਦੀ ਦੀ ਲੋੜ ਹੁੰਦੀ ਹੈ। ਜਥੇਬੰਦੀ ਸਿੱਖ ਧਰਮ ਦਾ ਇਕ ਉੱਘਾ ਅਤੇ ਜ਼ਰੂਰੀ ਅਸੂਲ ਹੈ। ਜਥੇਬੰਦੀ ਨੂੰ ਕਾਇਮ ਰੱਖਣ ਵਾਸਤੇ ਇਹ ਜ਼ਰੂਰੀ ਹੈ ਕਿ ਇਸ ਦੇ ਹਰ ਇਕ ਅੰਗ ਵਿੱਚ ਕਾਫੀ ਜੋਸ਼ ਕਾਇਮ ਰਹੇ। ਨਹੀਂ ਤਾਂ ਜਦੋਂ ਵੀ ਜੋਸ਼ ਢਿੱਲਾ ਹੋਇਆ ਤਾਂ ਜਥੇਬੰਦੀ ਨੂੰ ਟੁੱਟਣ ਦਾ ਡਰ ਹੈ। ਇਸੇ ਜੋਸ਼ ਵਾਲੇ ਨੂੰ ਸਿੱਖਾਂ ਵਿੱਚ ਤਿਆਰ-ਬਰ-ਤਿਆਰ ਸਿੰਘ ਕਹਿ ਕੇ ਬੁਲਾਇਆ ਜਾਂਦਾ ਹੈ। ਇਹੋ ਜੋਸ਼ ਸਦਕਾ ਸਿੱਖੀ ਸਿਧਾਂਤਾਂ ਰਾਹੀਂ ਜੀਵਨ ਨੂੰ ਅੰਤਲੇ ਸਵਾਸਾਂ ਤੱਕ, ਸਿੱਖੀ ਦਾ ਨਿੱਘ ਮਾਣਦਿਆਂ ਜ਼ਿੰਦਗੀ ਨੂੰ ਬਤੀਤ ਕੀਤਾ ਜਾ ਸਕਦਾ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੌਮ ਦੇ ਚਿੰਨ੍ਹ ਅਤੇ ਇਹਨਾਂ ਦੇ ਨਾਲ ਰਹਿਤ ਸਾਡੇ ਜਥੇਬੰਦੀ ਨਾਲ ਸੰਬੰਧ ਰੱਖਦੀ ਹੈ। ਇਸ ਦਾ ਭਾਵ ਕੇਵਲ ਇਕ ਪੰਥਕ ਜਥੇਬੰਦੀ ਨੂੰ ਕਾਇਮ ਰੱਖਣਾ ਹੈ। ਕਈ ਲੋਕ ਸਾਡੀ ਰਹਿਤ ਦੇ ਅਸੂਲਾਂ ਨੂੰ ਵੇਖ ਕੇ ਹੈਰਾਨ ਹੁੰਦੇ ਹਨ। ਇੰਨਾਂ ਚਿੰਨ੍ਹਾਂ ਦਾ ਸਾਡੇ ਧਰਮ ਨਾਲ ਇਵੇਂ ਹੀ ਸੰਬੰਧ ਹੈ ਜਿਵੇਂ ਕਿਸੇ ਸ਼ਬਦ ਦੇ ਅੱਖਰਾਂ ਦਾ ਉਸ ਦੇ ਅਰਥਾਂ ਨਾਲ, ਹੰਝੂਆਂ ਦਾ ਸੋਗ ਨਾਲ, ਹੱਸਣ ਦਾ ਖੁਸ਼ੀ ਨਾਲ, ਰਾਗ ਦਾ ਗੀਤ ਦੇ ਭਾਵ ਨਾਲ। ਇਹ ਸੱਚ ਹੈ ਕਿ ਜਦ ਕੋਈ ਬੋਲੀ ਮੁਰਦਾ ਹੋ ਜਾਵੇ ਤਾਂ ਅਸੀਂ ਉਸਦੇ ਅਰਥਾਂ ਵੱਲ ਧਿਆਨ ਨਾ ਦਈਏ ਤਾਂ ਉਸਦੇ ਸ਼ਬਦ ਬੇ-ਮਾਇਨੇ ਹੋ ਜਾਂਦੇ ਹਨ। ਗੁਰਬਾਣੀ ਅਨੁਸਾਰ ਸਿੱਖੀ ਅਤੇ ਸਰਦਾਰੀ ਨਾਲ-ਨਾਲ ਚਲਦੀਆਂ ਹਨ। ਇਨ੍ਹਾਂ ਦੋਹਾਂ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਇਨ੍ਹਾਂ ਦੋਹਾਂ ਨੂੰ ਇਕ ਦੂਸਰੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਖਾਸ ਕਰਕੇ ਜਦੋਂ ਸਿੱਖੀ ਪਹਿਚਾਣ ਦੀ

ਗੱਲ ਸਾਡੇ ਸਾਹਮਣੇ ਆਉਂਦੀ ਹੈ ਤਾਂ ਪੰਜ ਕਕਾਰਾਂ ਵਿਚੋਂ 'ਕੇਸ' ਸਿੱਖੀ ਦੇ ਪਹਿਲੇ ਅੰਗ ਵਲੋਂ ਵਿਖਾਈ ਦਿੰਦੇ ਹਨ। ਇੰਝ ਵੀ ਕਿਹਾ ਜਾ ਸਕਦਾ ਹੈ ਕਿ 'ਕੇਸਾਂ' ਤੋਂ ਹੀ ਸਿੱਖੀ ਦੀ ਪਹਿਚਾਣ ਦੀ ਆਰੰਭਤਾ ਕੀਤੀ ਜਾ ਸਕਦੀ ਹੈ। ਜੇਕਰ ਸਿੱਖ ਧਰਮ ਦੀ ਸਭਿਆਚਾਰਕ ਪਹਿਚਾਣ ਵੱਲ ਝਾਤ ਮਾਰੀ ਜਾਵੇ ਤਾਂ ਸਾਬਤ 'ਸੂਰਤ' ਦਾ ਕੇਂਦਰੀ ਸਥਾਨ ਹੈ। ਸਿੱਖੀ ਸੂਰਤ ਨੂੰ ਇਸ ਯੁੱਗ ਵਿੱਚ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਧਰਮ ਅੰਦਰ ਦਿਨੋ-ਦਿਨ ਫੈਲ ਰਿਹਾ ਪਤਿਤਪੁਣਾ ਵੇਖਣ ਨੂੰ ਬਾਹਰੀ ਤੌਰ 'ਤੇ ਸਿੱਖ ਪਹਿਚਾਣ ਲਈ ਖਤਰਾ ਨਜ਼ਰ ਆ ਰਿਹਾ ਹੈ । ਪਰੰਤੂ ਇਸਦੀਆਂ ਜੜ੍ਹਾਂ ਸਿੱਖਾਂ ਦੇ ਅੰਦਰੂਨੀ ਜੀਵਨ ਵਿੱਚ ਆ ਰਹੀਆਂ ਤਬਦੀਲੀਆਂ ਵਿੱਚੋਂ ਲੱਭੀਆਂ ਜਾ ਸਕਦੀਆਂ ਹਨ । ਮਾਡਰਨ ਜੀਵਨ ਸ਼ੈਲੀ ਅਪਣਾਉਣ ਨਾਲ ਸਿੱਖ ਨੌਜਵਾਨਾਂ ਨੇ ਆਪਣੀ ਪਹਿਚਾਣ ਨੂੰ ਗਵਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਵਿਚ ਪੈਦਾ ਹੋ ਰਿਹਾ ਇਹ ਰੁਝਾਣ ਗੰਭੀਰ ਚਿੰਤਾ ਦਾ ਵਿਸ਼ਾ ਉਭਰ ਕੇ ਸਾਹਮਣੇ ਆਉਂਦਾ ਹੈ।ਜਦੋਂ ਨੌਜਵਾਨਾਂ ਨਾਲ ਕੇਸ ਕਟਾਉਣ ਬਾਰੇ ਗੱਲਬਾਤ ਕਰੋ ਤਾਂ ਉਹਨਾਂ ਵੱਲੋਂ ਦਿੱਤਾ ਜਵਾਬ ਕੋਈ ਸਾਰਥਕ ਨਹੀਂ ਲੱਗਦਾ। ਸਿਰਫ ਫੈਸ਼ਨ ਪ੍ਰਸਤੀ ਦਾ ਡਰਾਮਾ ਕਰਕੇ ਬਹਾਨੇ ਹੀ ਲੱਗਦੇ ਹਨ। ਅਫਸੋਸ 'ਤੇ ਇਸ ਗੱਲ ਦਾ ਹੈ ਕਿ ਅਸੀਂ ਆਪਣੇ ਨੌਜਵਾਨ ਨੂੰ ਆਪਣਾ ਆਲਾ-ਦੁਆਲਾ ਚੰਗਾ ਸਿਰਜਣ ਦੀ ਬਜਾਏ ਇਹੋ ਜਿਹਾ ਬਣਾ ਦਿੱਤਾ ਕਿ ਹੁਣ ਉਹ ਨੌਜਵਾਨ ਇਸ ਦਲ-ਦਲ ਵਿਚੋਂ ਬਾਹਰ ਨਹੀਂ ਨਿਕਲ ਪਾ ਰਿਹਾ।

ਦੰਗਾ ਫਸਾਦੀ ਫਿਲਮਾਂ, ਫੈਸ਼ਨ-ਪ੍ਰਸਤੀ 'ਤੇ ਅਧਾਰਿਤ ਟੀ.ਵੀ. ਪ੍ਰੋਗਰਾਮ ਅਤੇ ਅਧਰਮੀ ਸਾਹਿਤ ਜਿਸ ਵਿਚ ਮਾਰ ਧਾੜ ਤੇ ਲੁੱਟ-ਖਸੁੱਟ ਤੋਂ ਇਲਾਵਾ ਕੁਝ ਵੀ ਨਹੀਂ, ਸਾਡੀ ਸਮੁੱਚੀ ਪੀੜ੍ਹੀ ਨੂੰ ਕੁਰਾਹੇ ਪਾ ਰਹੇ ਹਨ ਅਤੇ ਸਮੁੱਚਾ ਦੇਸ਼ ਵੀ ਨਵੀਂ ਅਰਾਜਕਤਾ ਦੀ ਲਪੇਟ ਵਿਚ ਆ ਗਿਆ ਹੈ। ਪੁਰਾਣੀਆਂ ਕਦਰਾਂ ਕੀਮਤਾਂ ਤਹਿਸ ਨਹਿਸ ਹੋ ਰਹੀਆਂ ਹਨ ਤੇ ਉਹ ਚੱਜ ਆਚਾਰ ਜਿਸ 'ਤੇ ਭਾਰਤ ਨੂੰ ਮਾਣ ਸੀ, ਬੱਸ ਪੁਰਾਣੇ ਸਮਿਆਂ ਦੀ ਕਹਾਵਤ ਹੀ ਬਣ ਕੇ ਰਿਹਾ ਗਿਆ ਹੈ। ਨਵੇਂ ਯੁੱਗ ਦੀ ਨਵੀਂ ਸੋਚ ਨੇ ਮਨੁੱਖ ਵਿਚੋਂ ਦਇਆ, ਧਰਮ, ਸੰਤੋਖ, ਸਬਰ, ਪ੍ਰੇਮ-ਪਿਆਰ, ਸਹਿਨਸ਼ੀਲਤਾ ਤੇ ਭਾਈਚਾਰਕ ਭਾਵਨਾਵਾਂ ਦਾ ਮਲੀਆ ਮੇਟ ਕਰ ਦਿੱਤਾ ਹੈ। ਸਿੱਖ ਨੌਜਵਾਨਾਂ ਵਿਚ ਇਸ ਦਾ ਅਸਰ ਇਸ ਪੱਖੋਂ ਵੀ ਹੋਰ ਖਤਰਨਾਕ ਸਿੱਧ ਹੋਇਆ ਹੈ। ਕਿਉਂਕਿ ਇਸ ਬੇਸ਼ਰਮ ਬਨਾਵਟ ਦੇ ਪ੍ਰਭਾਵ ਹੇਠ ਆ ਕੇ ਉਹ ਬੇਰਹਿਮੀ ਨਾਲ ਇਕ ਵਾਰ ਫਿਰ ਪਤਿਤਪੁਣੇ ਵੱਲ ਵੱਧਣ ਲੱਗ ਪਏ ਹਨ। ਕੇਸ ਕਟਾਉਣੇ, ਨਸ਼ਾ ਕਰਨਾ ਵਰਗੀਆਂ ਭੈੜੀਆਂ ਆਦਤਾਂ ਦੇ ਉਹ ਬੁਰੀ ਤਰਾਂ ਸ਼ਿਕਾਰ ਹੁੰਦੇ ਜਾ ਰਹੇ ਹਨ। ਮਾਪਿਆਂ ਨੂੰ ਆਪਣੀ

ਆਯਾਸ਼ੀ ਕਰਨ , ਮਾਇਆ ਬਟੋਰਨ ਜਾਂ ਫਿਰ ਕਿੱਟੀ ਤੇ ਕਾਕਟੇਲ ਪਾਰਟੀਆਂ ਵਿੱਚ ਸ਼ਾਮਿਲ ਹੋਣ ਤੋਂ ਵਹਿਲ ਨਹੀਂ। ਜਿਸ ਕਾਰਨ ਬੱਚੇ ਅਣਗੋਲੇ ਹੋ ਕੇ ਵਿਗੜ ਰਹੇ ਹਨ ਤੇ ਮਨ ਮਰਜ਼ੀ ਦੀਆਂ ਸ਼ਰਾਰਤਾਂ ਕਰਦੇ ਹਨ ਜਿਹੜੀਆਂ ਕਿ ਲਗਾਤਾਰ ਉਹਨਾਂ ਦੇ ਜੀਵਨ ਨੂੰ ਘਾਤਕ ਬਣਾ ਰਹੀਆਂ ਹਨ।

ਇਥੇ ਕਈ ਨੌਜਵਾਨ ਇਹੋ ਜਿਹੇ ਵੇਖੇ ਜਾ ਸਕਦੇ ਹਨ ਜਿਨ੍ਹਾਂ ਦੇ ਅੰਦਰ ਕੇਸ ਕਟਾਉਣ ਦਾ ਸ਼ੋਕ ਤਾਂ ਹੈ ਪਰ ਉਹ ਆਪਣੇ ਮਾਪਿਆਂ ਦੇ ਸਤਿਕਾਰ, ਰਿਸ਼ਤੇਦਾਰਾਂ, ਸਮਾਜ ਅਤੇ ਧਰਮ ਵਿੱਚ ਬਣੀ ਪ੍ਰਤਿਸ਼ਠਾ ਕਾਰਨ ਅਜਿਹਾ ਕਰਨ ਵਿੱਚ ਔਖਿਆਈ ਮਹਿਸੂਸ ਕਰਦੇ ਹਨ। ਉਹ ਕੇਸ ਕਟਾਉਣ ਦੇ ਆਪਣੇ ਮਕਸਦ ਲਈ ਸਿਰ ਦੀ ਕਿਸੇ ਝੂਠੀ ਬੀਮਾਰੀ ਨੂੰ ਅੱਗੇ ਰੱਖ ਲੈਂਦੇ ਹਨ, ਕਿਸੇ ਦੇ ਸਿਰ ਵਿਚ ਬਨਾਵਟੀ ਫੋੜੇ ਹੋ ਜਾਂਦੇ ਹਨ ਤੇ ਕਿਸੇ ਨੂੰ ਪੱਗੜੀ ਬੰਨਣ ਨਾਲ ਸਿਰ ਦਰਦ ਹੋਣ ਲੱਗ ਜਾਂਦਾ ਹੈ। ਕੋਈ ਕੇਸਾਂ ਦੇ ਭਾਰ ਸਦਕਾ ਆਪਣੇ ਨਰਵਸ ਸਿਸਟਮ ਦੇ ਬੈਠ ਜਾਣ ਦੇ ਡਰ ਨੂੰ ਬਹਾਨੇ ਦੇ ਰੂਪ ਵਿੱਚ ਵਰਤ ਕੇ ਕਿਸੇ ਬੇਸ਼ਰਮ ਡਾਕਟਰ ਪਾਸੋਂ ਫਤਵਾ ਲੈ ਕੇ ਕੇਸ ਕਟਾਉਣ ਦਾ ਆਪਣਾ ਮਕਸਦ ਸਿਧ ਕਰ ਲੈਂਦਾ ਹੈ। ਕਿੰਨੀ ਹੈਰਾਨਗੀ ਅਤੇ ਚਿੰਤਾ ਦੀ ਗੱਲ ਹੈ, ਗੁਰੂ ਦੀ ਮੋਹਰ ਅਖਵਾਉਣ ਵਾਲੇ ਕੇਸਾਂ ਤੋਂ ਕਨਾਰਾਕਸ਼ੀ ਕਰਨ ਲਈ ਵਿਗੜੇ ਹੋਏ ਨੌਜਵਾਨ ਵਲੋਂ ਕੀ-ਕੀ ਪੈਂਤੜੇ ਵਰਤੇ ਜਾ ਰਹੇ ਹਨ। ਸਮੁੱਚੀ ਕੌਮ ਨੂੰ ਇਸ ਗੰਭੀਰ ਮਸਲੇ ’ਤੇ ਵਿਚਾਰ ਕਰਨੀ ਬਣਦੀ ਹੈ। ਸਿੱਖ ਧਰਮ ਸਾਹਮਣੇ ਪੈਦਾ ਹੋ ਰਹੇ ਇਹ ਗੰਭੀਰ ਮਸਲੇ ਨੂੰ ਵਿਚਾਰਨ ਲਈ ਹੁੰਦੇ ਹਰ ਇਕੱਠ ਵਿੱਚ ਪ੍ਰਚਾਰ ਦੀ ਘਾਟ ਨੂੰ ਮਹਿਸੂਸ ਕੀਤਾ ਜਾਂਦਾ ਹੈ। ਦੂਜੇ ਪਾਸੇ ਜਦੋਂ ਅਸੀਂ ਸਿੱਖੀ ਦੇ ਹੋ ਰਹੇ ਪ੍ਰਚਾਰ ਵੱਲ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਅੱਜ ਹਰ ਪਾਸੇ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਦੇ ਮੁਕਾਬਲੇ ਅਜੋਕੇ ਸਮੇਂ ਵਿੱਚ ਸਿੱਖੀ ਦਾ ਪ੍ਰਚਾਰ ਵੱਧ ਰਿਹਾ ਹੈ ਪਰ ਇਸ ਦਾ ਅਸਰ ਘੱਟ ਨਜ਼ਰ ਆ ਰਿਹਾ ਹੈ। ਆਧੁਨਿਕ ਜੀਵਨ ਦੀਆਂ ਮਜ਼ਬੂਰੀਆਂ ਕਰਕੇ ਸਿੱਖ ਸਮਝੋਤਾ-ਪ੍ਰਸਤ ਹੋ ਰਹੇ ਹਨ। ਸਿੱਖਾਂ ਦੇ ਜੀਵਨ ਵਿਚ ਆ ਰਹੀਆਂ ਤਬਦੀਲੀਆਂ ਨਾਲ ਬਦਲ ਰਹੀ ਸੋਚ ਦਾ ਅਸਰ ਸਿੱਖ ਪ੍ਰਚਾਰਕਾਂ ਉੱਪਰ ਵੀ ਹੋ ਰਿਹਾ ਹੈ। ਜੋ ਸਿੱਖੀ ਦਾ ਇਕ ਪੱਖ ਹੀ ਪੇਸ਼ ਕਰ ਰਹੇ ਹਨ। ਅਕਸਰ ਇਹ ਪ੍ਰਚਾਰਕ ਅਪੀਲ ਕਰਦੇ ਆਮ ਵਿਖਾਈ ਦਿੰਦੇ ਹਨ ਕਿ ਪਤਿਤਪੁਣਾ ਸਿੱਖ ਧਰਮ ਵਿਚ ਦਿਨੋ-ਦਿਨ ਵੱਧ ਰਿਹਾ ਹੈ ਜੋ ਕਿ ਸਿੱਖ ਧਰਮ ਲਈ ਬਹੁਤ ਘਾਤਕ ਹੈ। ਪਰ ਜਿਹੜੇ ਕੇਸ ਰੱਖ ਕੇ ਕੁਕਰਮ ਕਰਦੇ ਹਨ, ਉਹਨਾਂ ਬਾਰੇ ਉਹ ਬਹੁਤ ਘੱਟ ਗੱਲ ਕਰਦੇ ਹਨ। ਕੇਸ ਕਟਾਉਣ ਵਾਲੇ ਸਿੱਖਾਂ ਨੂੰ ਪੂਰਨ ਸਿੱਖ ਕਿਵੇਂ ਬਣਾਇਆ ਜਾਵੇ। ਇਹ ਮਸਲਾ ਅਜੋਕੀ ਲੀਡਰਸ਼ਿਪ ਦੇ ਸਾਹਮਣੇ ਗੰਭੀਰ ਮਸਲਾ ਹੈ। ਇਹ ਗੱਲ ਸਾਡੇ ਧਿਆਨ ਵਿੱਚ ਹੋਣੀ ਚਾਹੀਦੀ ਹੈ ਕਿ

ਪਤਿਤ ਸਿੱਖ ਨੌਜਵਾਨ ਨੂੰ ਸਿੱਖ ਭਾਈਚਾਰੇ ਵਿਚ ਚੰਗਾ ਰਿਸ਼ਤਾ ਨਹੀ ਮਿਲ ਸਕਦਾ। ਕਿਉਂਕਿ ਉਹ ਸਿੱਖ ਨਹੀਂ ਜਾਪਦਾ ਅਤੇ ਨਾ ਹੀ ਹਿੰਦੂ ਪਰਿਵਾਰ ਵਿਚੋਂ ਚੰਗੀ ਤੇ ਖਾਨਦਾਨੀ ਕੁੜੀ ਮਿਲ ਸਕਦੀ ਹੈ ਕਿਉਂਕਿ ਉਸਦਾ ਧਾਰਮਿਕ ਪਿਛੋਕੜ ਹਿੰਦੂ ਧਰਮ ਤੋਂ ਕਾਫੀ ਭਿੰਨ ਹੈ। ਹੁਣ ਤਾਂ ਇਹ ਵੀ ਵੇਖਿਆ ਗਿਆ ਹੈ ਕਿ ਪਤਿਤ ਲੜਕੇ ਦੇ ਪਰਿਵਾਰ ਵਾਲੇ ਆਪਣੀ ਧੀ-ਭੈਣ ਦਾ ਯੋਗ ਵਰ ਲੱਭਣ ਵਿਚ ਵੀ ਦਿੱਕਤ ਮਹਿਸੂਸ ਕਰਨ ਲੱਗ ਪਏ ਹਨ, ਕਿਉਂਕਿ ਹਰ ਸਿੱਖ ਪਰਿਵਾਰ ਵਾਲੇ ਲੜਕੀ ਦੇ ਭਰਾ ਜਾਂ ਨਜ਼ਦੀਕੀ ਰਿਸ਼ਤੇਦਾਰ ਦੇ ਕੇਸ ਕੱਟੇ ਹੋਣ ਕਾਰਨ ਉਸ ਪਰਿਵਾਰ ਨਾਲ ਰਿਸ਼ਤਾ ਕਰਨ ਤੋਂ ਕੰਨੀਂ ਕਤਰਾਉਂਦੇ ਹਨ। ਅਜਿਹੇ ਕੇਸਾਂ ਵਿਚ ਪਰਿਵਾਰ ਦੀ ਲੜਕੀ ਨੂੰ ਸਜ਼ਾ ਭੁਗਤਣੀ ਪੈਂਦੀ ਹੈ, ਜਿਸ ਪਰਿਵਾਰ ਵਿੱਚ ਲੜਕੇ ਦੇ ਭਾਵ ਭਰਾ ਦੇ ਕੇਸ ਕੱਟੇ ਹੁੰਦੇ ਹਨ। ਹੁਣ ਤਾਂ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਵੱਡੇ-ਵੱਡੇ ਗੁਰਸਿੱਖ ਖਾਨਦਾਨੀ ਪਰਿਵਾਰਾਂ ਦੇ ਵਿੱਚ ਲੜਕਿਆਂ ਨੇ ਕੇਸ ਕਟਵਾ ਕੇ ਆਪਣੇ ਪ੍ਰਤਿਸ਼ਠਾ ਵਾਲੇ ਮਾਪਿਆਂ ਜਾਂ ਹੋਰ ਬਜ਼ੁਰਗਾਂ ਨੂੰ ਫਜ਼ੂਲ ਦੀ ਸ਼ਰਮਸਾਰੀ ਵਿਚ ਪਾ ਦਿੱਤਾ ਹੈ ਅਤੇ ਉਹਨਾਂ ਦਾ ਸੁਸਾਇਟੀ, ਬਰਾਦਰੀ, ਭਾਈਚਾਰੇ ਆਦਿ ਵਿੱਚ ਵਿਚਰਨਾ ਮੁਸ਼ਕਿਲ ਕਰ ਦਿੱਤਾ ਹੈ। ਇਹ ਲਈ ਕੀ ਕੌਮ ਦੀ ਇਸ ਸਮੁੱਚੀ ਤੜਪ ਨੂੰ ਦੇਖਦਿਆਂ ਹੋਇਆਂ ਪਤਿਤ ਹੋਏ ਵੀਰਾਂ ਨੂੰ ਕੋਈ ਸਬਕ ਮਿਲੇਗਾ?

ਸਿੱਖ ਧਰਮ ਦੀ ਇਹ ਤਰਾਸ਼ਦੀ ਕਹੀ ਜਾ ਸਕਦੀ ਹੈ ਕਿ ਇਹ ਲੰਬੀਆਂ ਜੰਗਾਂ ਲੜ ਕੇ ਅਤੇ ਅਣਗਿਣਤ ਕੁਰਬਾਨੀਆਂ ਕਰ ਕੇ ਆਪਣੀ ਪਹਿਚਾਣ ਨੂੰ ਦੁਨੀਆਂ ਦੇ ਨਕਸ਼ੇ ’ਤੇ ਸਹੀ ਤਰਾਂ ਪੇਸ਼ ਨਹੀਂ ਕਰ ਸਕੇ। ਸਿੱਖੀ ਨੂੰ ਬਚਾਉਣ ਲਈ ਇਹਨਾਂ ਨੇ ਸ਼ਹਾਦਤ ਦੇ ਵੱਡੇ ਅਤੇ ਪਵਿੱਤਰ ਕੀਰਤੀਮਾਨ ਸਥਾਪਿਤ ਕੀਤੇ ਪਰ ਅੱਜ ਸਿੱਖਾਂ ਦਾ ਇਕ ਵਰਗ ਆਪਣੇ ਵਿਰਸੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜੋ ਸੰਸਾਰ ਦੀ ਝੂਠੀ ਤੇ ਫੋਕੀ ਸ਼ਾਨ ਦੇ ਅਧੀਨ ਸਿੱਖੀ ਅਸੂਲਾਂ ਦਾ ਤਿਆਗ ਕਰ ਰਿਹਾ ਹੈ। ਇਹ ਵਰਗ ਮੁੜ ਉਸੇ ਜਲ੍ਹਣ ਵਿੱਚ ਵੱਸਦਾ ਜਾ ਰਿਹਾ ਹੈ ਜਿਥੋਂ ਗੁਰੂ ਸਾਹਿਬਾਨ ਨੇ ਕੱਢਣ ਦੀ ਕੋਸ਼ਿਸ਼ ਕੀਤੀ ਸੀ । ਸਿੱਖ ਸਮਾਜ ਵਿਚ ਵੱਧ ਰਹੀ ਪਤਿਤਪੁਣੇ ਦੀ ਹਨੇਰੀ ਨੇ ਕੌਮ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਜਦੋਂ ਸਿੱਖ ਧਰਮ ਦੇ ਪੁਰਾਤਨ ਵਿਰਸੇ ਵੱਲ ਝਾਤ ਮਾਰਦੇ ਸਾਂ ਤਾਂ ਪਤਾ ਚੱਲਦਾ ਸੀ ਸਿੱਖ ਨੌਜਵਾਨ ਦਾ ਰੁਤੱਬਾ ਆਪਣੇ ਇਲਾਕੇ ਵਿਚ ਵੱਖਰੀ ਪਹਿਚਾਣ ਦੇ ਸਦਕੇ ਹੀ ਬਣਦਾ ਸੀ। ਇਸ ਰੁਤੱਬੇ ਦੇ ਸਦਕਾ ਲੋਕਾਂ ਨੇ ਇਹ ਅਖਾਣ ਬੋਲਣੇ ਸ਼ੁਰੂ ਕਰ ਦਿੱਤੇ ਸਨ :

*ਗਾਵਦੇ ਸੀ ਬਾਣੀ ਗੁਰੂ ਤੋਂ ਬਲਿਹਾਰ ਹੁੰਦੇ।*
*ਪੱਗ ਬੰਨ ਕੇ ਜਦੋਂ ਗਭਰੂ ਸੀ ਤਿਆਰ ਹੁੰਦੇ।*

*ਵੇਖਦੇ ਸੀ ਲੋਕੀਂ ਚੜ੍ਹ ਚੁਬਾਰਿਆ 'ਤੇ*

*ਕਹਿੰਦੇ ! ਕਾਸ਼ ਅਸੀਂ ਵੀ ਸਰਦਾਰ ਹੁੰਦੇ।*[21]

ਕਿਥੇ ਗਈਆਂ ਇਹ ਸਰਦਾਰੀਆਂ? ਕੀ ਹੁਣ ਕਿਸੇ ਗਲੀ ਮੁਹੱਲੇ ਵਿਚੋਂ ਇਹੋ ਜਿਹੇ ਅਖਾਣ ਸੁਣਾਈ ਦਿੰਦੇ ਹਨ ਬਹੁਤ ਸੋਚਣ ਤੋਂ ਬਾਅਦ ਪਤਾ ਲੱਗਾ ਕਿ ਅਖਾਣ ਕੇਵਲ ਸਾਬਤ ਸੂਰਤਿ ਸਿੱਖ ਨੂੰ ਵੇਖ ਕੇ ਹਿਰਦੇ ਵਿਚੋਂ ਨਿਕਲਦੇ ਸਨ। ਪਰ ਅੱਜ ਜਿਸ ਤਰ੍ਹਾਂ ਪਤਿਤਪੁਣੇ ਦੀ ਹਨੇਰੀ ਚੱਲ ਰਹੀ ਹੈ' ਸਮਝ ਨਹੀਂ ਆਉਂਦੀ  ਇਹ ਹਨੇਰੀ ਕਦੋਂ ਰੁਕੇਗੀ।

ਅਜੋਕੇ ਸਮੇਂ ਸਿੱਖ ਨੌਜਵਾਨਾਂ ਦੇ ਕੇਸ ਸਜਾਉਣ ਦਾ ਇਕ ਕਾਰਨ ਸੋਹਣੀ ਪੱਗ ਬੰਨਣ ਭਾਵ ਸਜਾਉਣ ਦੀ ਘਾਟ ਵੀ ਦਿਖਾਈ ਦਿੰਦੀ ਹੈ। ਨੌਜਵਾਨਾਂ ਵਿਚ ਪੱਗ ਨਾ ਬੰਨਣ ਦੇ ਰੁਝਾਨ ਸਾਹਮਣੇ ਆਏ ਹਨ। ਮਾਪਿਆ ਵਲੋਂ ਆਮ ਤੋਰ 'ਤੇ ਬੱਚੇ ਨੂੰ ਬਚਪਨ ਤੋਂ ਹੀ ਪੱਗ ਬੰਨਣ ਦਾ ਅਭਿਆਸ ਨਹੀਂ ਕਰਵਾਇਆ ਜਾਂਦਾ। ਬਚਪਨ ਵਿੱਚ ਉਹ ਪੱਗ ਨਹੀਂ ਬੰਨ੍ਹਦੇ। ਪਬਲਿਕ ਸਕੂਲ ਵਿੱਚ ਪੜ੍ਹਦੇ ਸਮੇਂ ਉਹ ਸਿਰ ਉੱਪਰ ਪਟਕੇ ਬੰਨ੍ਹਦੇ ਸਨ ਪਰ ਵਡੇਰੀ ਉਮਰ ਵਿੱਚ ਪਟਕਾ ਬੰਨਣਾ ਉਹਨਾਂ ਨੂੰ ਚੰਗਾ ਨਹੀਂ ਲੱਗਾ।ਕਾਲਜ ਵਿੱਚ ਦਾਖਲ ਹੋ ਕੇ ਉਹ ਨਾ ਕੇਵਲ ਪਟਕਾ ਬੰਨ ਸਕਦੇ ਸਨ ਤੇ ਨਾ ਹੀ ਉਹਨਾਂ ਨੂੰ ਪੱਗ ਬੰਨ੍ਹਣੀ ਆਉਦੀ ਸੀ। ਜਿਸ ਕਰਕੇ ਉਹਨਾਂ ਨੇ ਕੇਸ ਕਟਵਾ ਦਿੱਤੇ ਤੇ ਆਪਣਾ ਨਾਮ ਪਤਿਤ ਵੀਰਾਂ ਵਿੱਚ ਲਿਖਵਾ ਲਿਆ। ਅੱਜਕਲ੍ਹ ਕਈ ਮਾਤਾ ਪਿਤਾ ਵੀ ਆਪਣੇ ਬੱਚਿਆਂ ਦੇ ਕੇਸ ਸੰਭਾਲਣ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਰਹੇ ਹਨ। ਉਹ ਆਪ ਹੀ ਆਪਣੇ ਬੱਚਿਆ ਦੇ ਕੇਸ ਕਟਵਾ ਰਹੇ ਹਨ। ਜਿਹੜੀਆਂ ਮਾਂਵਾਂ ਨੇ ਆਪਣੇ ਬੱਚਿਆ ਦੇ ਕੇਸ ਕਟਵਾਏ ਹਨ, ਉਹ ਇਹ ਦਲੀਲਾਂ ਦਿੰਦੀਆਂ ਹਨ ਕਿ ਕੇਸਾਂ ਕਰਕੇ ਬੱਚਿਆਂ ਨੂੰ ਸਕੂਲ ਜਾਣ ਵਿੱਚ ਤਿਆਰ ਕਰਨ ਲਈ ਵੱਧ ਸਮਾਂ ਲੱਗਦਾ ਸੀ। ਉਹ ਕਹਿੰਦੀਆਂ ਸਨ ਕਿ ਜਦੋਂ ਬੱਚਾ ਵੱਡਾ ਹੋਵੇਗਾ ਤਾਂ ਆਪਣੇ ਆਪ ਹੀ ਕੇਸ ਰੱਖ ਲਵੇਗਾ। ਪਰ ਮਾਂਵਾਂ ਇਹ ਨਹੀਂ ਸਨ ਜਾਣਦੀਆਂ ਕਿ ਬੱਚਿਆਂ ਨੂੰ ਅੱਜ ਦੇ ਆਧੁਨਿਕ ਯੁੱਗ ਵਿੱਚ ਪਿਛੇ ਮੋੜਨਾ ਬਹੁਤ ਹੀ ਮੁਸ਼ਕਿਲ ਹੈ। ਪਤਿਤਪੁਣੇ ਦੀ ਹਨੇਰੀ ਵਿੱਚ ਡੁੱਬ ਚੁੱਕੇ ਨੌਜਵਾਨ ਲੜਕਿਆਂ ਦਾ ਕਹਿਣਾ ਹੈ ਕਿ ਕੇਸਾਂ ਦੀ ਸੰਭਾਲ ਕਰਨੀ ਬਹੁਤ ਔਖੀ ਹੈ, ਗਰਮੀਆਂ ਅਤੇ ਸਰਦੀਆਂ ਵਿੱਚ ਨਹਾਉਣ ਦੀ ਦਿੱਕਤ ਆਉਂਦੀ ਹੈ। ਆਧੁਨਿਕ ਤਰਕ ਮਨੁੱਖੀ ਸੋਚ ਉਤੇ ਭਾਰੂ ਹੋ ਰਿਹਾ ਹੈ ਇਥੇ ਇਹ ਵੀ ਦੱਸ ਦਈਏ ਕਿ ਆਧੁਨਿਕ ਸੋਚ ਪਵਿੱਤਰਤਾ ਦੀ ਵਿਰੋਧੀ ਹੈ। ਜਿਸਦੇ ਪ੍ਰਭਾਵ ਨੇ ਸਿੱਖਾਂ ਵਿੱਚੋਂ ਕੇਸਾਂ ਦੀ ਪਵਿੱਤਰਤਾ ਨੂੰ ਭੰਗ ਕਰਨਾ ਸ਼ੁਰੂ ਕਰ ਦਿੱਤਾ ਹੈ। ਪੁਰਾਤਨ ਸਿੱਖ ਕੇਸਾਂ ਨੂੰ ਪਵਿੱਤਰ ਸਮਝਦੇ ਸਨ ਅਤੇ ਉਸ ਸਮੇਂ ਕੇਸਾਂ ਦਾ ਸਤਿਕਾਰ ਕੀਤਾ ਜਾਂਦਾ ਸੀ। ਆਪਸੀ

ਲੜਾਈ ਵਿਚ ਇਕ-ਦੂਜੇ ਦੇ ਕੇਸਾਂ ਨੂੰ ਪਕੜਣਾ, ਖਿੱਚਣ ਜਾਂ ਪੁੱਟਣ ਨੂੰ ਅਧਰਮ ਸਮਝਿਆ ਜਾਂਦਾ ਸੀ। ਇਸੇ ਤਰ੍ਹਾਂ ਹੀ ਦਾੜ੍ਹੀ ਤੇ ਪੱਗ ਇੱਜ਼ਤ ਦੇ ਚਿੰਨ੍ਹ ਮੰਨੇ ਜਾਂਦੇ ਸਨ ਪਰ ਅਜੋਕੇ ਸਮੇਂ ਵਿਚ ਇੱਜ਼ਤ ਦਾ ਮੁੱਲ ਘੱਟ ਜਾਣ ਕਾਰਨ ਇਹਨਾਂ ਚਿੰਨ੍ਹਾਂ ਦੀ ਮਹੱਤਤਾ ਘੱਟ ਹੋ ਰਹੀ ਹੈ। ਪੁਰਾਤਨ ਸਿੱਖਾਂ ਨਾਲੋਂ ਅੱਜ ਦੇ ਸਿੱਖਾਂ ਦੀ ਸੋਚ ਵਿਚ ਬਹੁਤ ਬਦਲਾਅ ਆ ਗਿਆ ਹੈ। ਪਹਿਲਾਂ ਅਸੂਲਾਂ ਨੂੰ ਵਧੇਰੇ ਮਾਨਤਾ ਅਤੇ ਸਤਿਕਾਰ ਦਿੱਤਾ ਜਾਂਦਾ ਸੀ ਪਰੰਤੂ ਮੌਜੂਦਾ ਸਮੇਂ ਕੇਵਲ ਆਪਣੀ ਜਿੱਤ ਦਾ ਹੀ ਇੰਤਜ਼ਾਰ ਰਹਿੰਦਾ ਹੈ। ਜਿਸ ਕਰਕੇ ਲਗਾਤਾਰ ਸਿੱਖੀ ਵਿਚ ਨੌਜਵਾਨ ਵਰਗ ਵੱਲੋਂ ਕੇਸਾਂ ਦੀ ਪਵਿੱਤਰਤਾ ਭੰਗ ਕੀਤੀ ਜਾ ਰਹੀ ਹੈ। ਪਤਿਤਪੁਣੇ ਦੇ ਵੱਧਣ ਦਾ ਇਕ ਹੋਰ ਕਾਰਨ ਸਾਡੇ ਸਾਹਮਣੇ ਆਇਆ ਹੈ ਕਿ ਮੌਜੂਦਾ ਸਮੇਂ ਵਿੱਚ ਚਕਾ-ਚੋਂਧ ਰੋਸ਼ਨੀ ਵਾਲੇ ਸਮਾਜ ਅੰਦਰ ਫੈਸ਼ਨ ਦੇ ਦੌਰ ਵਿਚ ਕੇਵਲ ਆਪਣੀ ਸੁੰਦਰਤਾ ਲਈ ਫੈਸ਼ਨ ਦੇ ਪ੍ਰਭਾਵ ਅਧੀਨ ਕੇਸ ਕਟਵਾਏ ਜਾ ਰਹੇ ਹਨ। ਸਿੱਖਾਂ ਵਿਚ ਸੋਹਣਾ ਲੱਗਣ ਦੀ ਪ੍ਰਵਿਰਤੀ ਦਿਨ-ਪ੍ਰਤੀ-ਦਿਨ ਬਦਲ ਰਹੀ ਹੈ ਜਿਸ ਕਰਕੇ ਅੱਜ ਦਾ ਨੌਜਵਾਨ ਆਪਣੇ ਧਰਮ ਦੇ ਅਸੂਲਾਂ ਨੂੰ ਤਿਲਾਂਜਲੀ ਦੇ ਰਿਹਾ ਹੈ।

**ਸਿੱਖ ਸਮਾਜ ਵਿੱਚ ਇਸਤਰੀ ਲਈ ਦਰਪੇਸ਼ ਚੁਣੌਤੀਆਂ:-**

ਪਰਮਾਤਮਾ ਨੇ ਸਮੁੱਚੀ ਪ੍ਰਕ੍ਰਿਤੀ ਵਿੱਚ ਮਰਦ-ਇਸਤਰੀ ਦੇ ਅਨਿੱਖੜ ਰਿਸ਼ਤੇ ਨੂੰ ਸਥਾਪਿਤ ਕੀਤਾ ਹੈ। ਅਕਾਲ ਪੁਰਖ ਦੀ ਦ੍ਰਿਸ਼ਟੀ ਅਨੁਸਾਰ ਸੰਸਾਰ ਵਿੱਚ ਮਰਦ-ਇਸਤਰੀ ਦੇ ਰਿਸ਼ਤੇ ਨੂੰ ਸਮਾਨਤਾ ਦਾ ਦਰਜਾ ਦਿੱਤਾ ਗਿਆ ਹੈ।ਇਸ ਪਵਿੱਤਰ ਰਿਸ਼ਤੇ ਦੀ ਅਣਹੋਂਦ ਵਿੱਚ ਸ੍ਰਿਸ਼ਟੀ ਰਚਨਾ ਦੀ ਹੋਂਦ ਸੰਭਵ ਨਹੀਂ ਪਰ ਪ੍ਰਾਚੀਨ ਕਾਲ ਤੋਂ ਹੀ ਦੇਖਿਆ ਜਾ ਰਿਹਾ ਹੈ ਕਿ ਮਰਦ ਸਾਰੀਆ ਆਰਥਿਕ, ਧਾਰਮਿਕ, ਰਾਜਨੀਤਕ ਸ਼ਕਤੀਆਂ ਦਾ ਮਾਲਕ ਰਿਹਾ ਹੈ। ਜਿਸਦੇ ਫਲਸਰੂਪ ਸਾਰੇ ਸਰਕਾਰੀ ਉੱਚੇ ਅਹੁਦੇ, ਸਮਾਜਿਕ-ਧਾਰਮਿਕ ਉੱਚਤਾ ਉੱਪਰ ਕੇਵਲ ਮਰਦ ਦਾ ਹੀ ਅਧਿਕਾਰੀ ਰਿਹਾ ਹੈ ਇਸਤਰੀ ਨੂੰ ਸ਼ੁਰੂ ਤੋਂ ਹੀ ਸਮਾਜ ਵਿੱਚ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਰਿਹਾ ਹੈ ਤੇ ਮੁੱਢ ਕਦੀਮ ਤੋਂ ਹੀ ਉਸ ਨਾਲ ਦੁਰਵਿਵਹਾਰ ਕੀਤਾ ਜਾਂਦਾ ਰਿਹਾ ਹੈ।ਸਮਾਜ ਵਿੱਚ ਇਸਤਰੀ ਦਾ ਰੁਤੱਬਾ ਇੰਨਾ ਗਿਰ ਗਿਆ ਕਿ ਲੜਕੀ ਦੇ ਜਨਮ ਨੂੰ ਵੀ ਪਾਪ ਸਮਝਿਆ ਜਾਣ ਲੱਗਾ, ਜਿਸ ਕਰਕੇ ਲੜਕੀ ਦੇ ਜਨਮ ਸਮੇਂ ਹੀ ਉਸਨੂੰ ਮਾਰ ਦਿੱਤਾ ਜਾਣ ਲੱਗ ਪਿਆ। ਇਹ ਸੰਤਾਪ ਇਸਤਰੀ ਨੂੰ ਸ਼ੁਰੂ ਤੋਂ ਹੀ ਭੋਗਣਾ ਪੈ ਰਿਹਾ ਹੈ।

ਸਮਾਜ ਦੇ ਧਾਰਮਿਕ ਵਰਗ ਵਿੱਚ ਸਿੱਧ, ਨਾਥ, ਜੋਗੀ, ਸੰਨਿਆਸੀ ਤੇ ਬੈਰਾਗੀ ਆਦਿ ਦੀਆਂ ਨਿਗਾਹਾਂ ਵਿੱਚ ਵੀ ਇਸਤਰੀ ਹਮੇਸ਼ਾਂ ਤੋਂ ਨਿੰਦਾ ਦੀ ਪਾਤਰ ਰਹੀ ਹੈ। ਗੋਰਖ ਨਾਥ ਤਾਂ ਆਪਣੀ ਰਚਨਾ

ਵਿੱਚ ਇਸਤਰੀ ਨੂੰ 'ਬਾਘਨਿ' ਤੱਕ ਕਹਿ ਦਿੰਦਾ ਹੈ ਤੇ ਇਸਤਰੀ ਦੀ ਤਿੰਨਾਂ ਲੋਕਾਂ ਨੂੰ ਖਾ ਜਾਣ ਵਾਲੀ ਜਿਹੇ ਅਪਮਾਨ ਭਰੇ ਸ਼ਬਦ ਨਾਲ ਤੁਲਨਾ ਕਰਦਾ ਹੈ।

*"ਬਾਘਨਿ ਜਿੰਦ ਲੇਇ,*
*ਬਾਘਨਿ ਬਿੰਦ ਲੇਇ,*
*ਬਾਘਨਿ ਹਮਰੀ ਕਾਇਆ*
*ਇਨਿ ਬਾਘਨਿ ਤ੍ਰੈ ਲੋਕੀ ਖਾਈ*
*ਬਧਤਿ ਗੋਰਖ ਰਾਇਆ।"*[22]

ਫਿਰ ਅੱਗੇ ਲਿਖਦੇ ਹਨ:

*ਦਾਮ ਕਾਢਿ ਬਾਘਨਿ ਲੈ ਆਇਆ,*
*ਮਾਊਂ ਕਹੇ ਮੇਰਾ ਪੂਤ ਬੇਹਾਇਆ*
*ਗੀਲੀ ਲਕੜੀ ਕਉ ਘੁਨ ਲਾਇਆ,*
*ਤਿਨੁ ਡਾਲਿ ਮੂਲ ਸਣਿ ਖਾਇਆ।*[23]

ਇਨ੍ਹਾਂ ਘਰ ਦਾ ਤਿਆਗ ਕਰਨ ਵਾਲੇ ਜੋਗੀਆਂ ਸੰਨਿਆਸੀਆਂ ਆਦਿ ਦੀ ਇਸਤਰੀ ਜਾਤੀ ਪ੍ਰਤੀ ਨਿਗਾਹ ਕਦੀ ਵੀ ਨਿਰਪੱਖ ਨਹੀਂ ਰਹੀ, ਸਗੋਂ ਉਹ ਤਾਂ ਹਮੇਸ਼ਾਂ ਉਨ੍ਹਾਂ ਨੂੰ ਨਿੰਦਾ ਹੀ ਦ੍ਰਿਸ਼ਟੀ ਤੋਂ ਹੀ ਦੇਖਦੇ ਰਹੇ ਹਨ। ਪਰ ਇਕ ਗੱਲ ਜੋ ਸੋਚਣ ਵਾਲੀ ਹੈ, ਉਹ ਇਹ ਹੈ ਕਿ ਇਨ੍ਹਾਂ ਤਿਆਗੀ ਸਾਧੂਆਂ ਦਾ ਜਨਮ ਵੀ ਤਾਂ ਇਕ ਇਸਤਰੀ ਦੀ ਕੁੱਖੋਂ ਹੀ ਹੋਇਆ ਹੈ।ਕੀ ਇਹ ਗੱਲ ਕਦੀ ਵੀ ਉਨ੍ਹਾਂ ਦੀ ਸੋਚ ਵਿੱਚ ਨਹੀਂ ਆਈ ? ਕਦੇ ਨਹੀਂ ਸੋਚਿਆ ਕਿ ਜੇਕਰ ਉਹ ਇਸਤਰੀ ਦੀ ਨਿੰਦਾ ਕਰਦੇ ਹਨ ਤਾਂ ਸਭ ਤੋਂ ਪਹਿਲਾਂ ਉਹ ਮਮਤਾ ਦੀ ਮੂਰਤ ਆਪਣੀ ਮਾਂ ਦੀ ਹੀ ਨਿੰਦਾ ਕਰਦੇ ਹਨ, ਜਿਸਨੇ ਅਨੇਕਾਂ ਕਸ਼ਟ ਝੱਲ ਕੇ ਉਨ੍ਹਾਂ ਨੂੰ ਜਨਮ ਦਿੱਤਾ।

ਮਨੂੰ ਸਿਮਰਤੀ ਵਿੱਚ ਇਸਤਰੀ ਨੂੰ ਚਾਰ ਵਰਣਾਂ ਵਿੱਚੋਂ ਸ਼ੂਦਰ ਦੇ ਬਰਾਬਰ ਹੀ ਸਮਝਿਆ ਗਿਆ ਹੈ। ਬੁੱਧ ਧਰਮ ਦੇ ਪੈਰੋਕਾਰਾਂ ਨੇ ਇਸਤਰੀ ਨੂੰ ਭੋਗ ਵਿਲਾਸ ਦੀ ਵਸਤੂ ਮੰਨਿਆ ਹੈ। ਮਹਾਤਮਾ

ਬੁੱਧ ਆਪਣੇ ਸੰਘ ਵਿੱਚ ਸ਼ਾਮਲ ਹੀ  ਨਹੀਂ ਕਰਦੇ ਸਨ। ਜੈਨ ਧਰਮ ਅਨੁਸਾਰ ਇਸਤਰੀ ਦੀ ਜੂਨ ਵਿੱਚ ਮੁਕਤੀ ਹੀ ਨਹੀਂ ਹੋ ਸਕਦੀ। ਇਸਲਾਮ ਵਿੱਚ ਕੋਈ ਵੀ ਮਰਦ ਆਪਣੀ ਇਸਤਰੀ ਨੂੰ ਤਲਾਕ ਦੇ ਸਕਦਾ ਸੀ।[24]

ਇਸ ਤਰ੍ਹਾਂ ਪੁਰਾਤਨ ਸਮੇਂ ਤੋਂ ਹੀ ਇਸਤਰੀ ਨਾਲ ਬੇਇਨਸਾਫੀ ਹੋ ਰਹੀ ਹੈ।ਉਸ ਉੱਪਰ ਅਨੇਕਾਂ ਪ੍ਰਕਾਰ ਦੇ ਜ਼ੁਲਮ ਕੀਤੇ ਜਾਂਦੇ ਸਨ।ਪੈਰ ਦੀ ਜੁੱਤੀ ਦੇ ਸਮਾਨ ਉਸਨੂੰ ਸਮਾਜ ਵਿੱਚ ਦਰਜਾ ਦਿੱਤਾ ਜਾਂਦਾ ਸੀ।ਉਸਨੂੰ ਪਰਦੇ ਵਿੱਚ ਰੱਖਿਆ ਜਾਂਦਾ ਸੀ, ਨੀਚ ਸਮਝਿਆ ਜਾਂਦਾ ਸੀ। ਜੇਕਰ ਕਿਸੇ ਮਰਦ ਦੀ ਔਰਤ ਮਰ ਜਾਂਦੀ ਤਾਂ ਉਸਨੂੰ ਦੂਜਾ ਵਿਆਹ ਕਰਨ ਦੀ ਇਜ਼ਾਜਤ ਸੀ ਪਰ ਜੇਕਰ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਤਾਂ ਉਸਨੂੰ ਉਸਦੇ ਪਤੀ ਦੇ ਨਾਲ ਜਿਉਂਦਿਆਂ ਹੀ ਸੜ੍ਹ ਕੇ ਸਤੀ ਹੋਣਾ ਪੈਂਦਾ ਸੀ। ਇਸਤਰੀ ਨੂੰ ਕੋਈ ਨਾਮ ਜਪਣ ਜਾਂ ਭਜਨ-ਬੰਦਗੀ ਕਰਨ ਦੀ ਆਗਿਆ ਨਹੀਂ ਸੀ ਅਤੇ  ਨਾ ਹੀ ਉਸਨੂੰ ਕਿਸੇ ਮੰਦਰ, ਮਸਜਿਦ ਜਾਂ ਕਿਸੇ ਧਾਰਮਿਕ ਸਥਾਨ ਤੇ ਜਾਣ ਦੀ ਇਜ਼ਾਜਤ ਸੀ।

ਪਰ ਇਸਤਰੀ ਦੇ ਹੱਕ ਵਿੱਚ ਜੋ ਸਭ ਤੋਂ ਪਹਿਲਾਂ ਅਵਾਜ਼  ਬੁਲੰਦ ਹੋਈ ਅਤੇ ਇਸਤਰੀ ਨੂੰ ਸਮਾਜ ਵਿੱਚ ਸਮਾਨਤਾ ਤੇ ਸੁਤੰਤਰਤਾ ਦਾ ਅਧਿਕਾਰ ਦਿੱਤਾ ਗਿਆ ਹੈ ਤਾਂ ਸਿਰਫ ਤੇ ਸਿਰਫ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਸਦਕਾ, ਜਿਨ੍ਹਾਂ ਇਸਤਰੀ ਨੂੰ ਭਰਪੂਰ ਸਤਿਕਾਰ ਦਿੱਤਾ ਤੇ ਇਸਤਰੀ ਬਾਰੇ ਪੁਰਾਤਨ ਨੀਚ ਸੋਚ ਤੋਂ ਉੱਚਾ ਉਠਾ ਕੇ ਗੱਲ ਕੀਤੀ ਤੇ ਕਿਹਾ ਕਿ ਜਿਸ ਇਸਤਰੀ ਨੂੰ ਤੁਸੀਂ ਨੀਚ ਸਮਝਦੇ ਹੋ, ਜਿਸਦੀ ਭਰਪੂਰ ਨਿੰਦਾ ਕਰਦੇ ਹੋ, ਉਸ ਨਾਲ ਹੀ ਤੁਸੀਂ ਮੰਗਣੀ ਕਰਦੇ ਹੋ, ਵਿਆਹ ਕਰਦੇ ਹੋ, ਦੋਸਤੀ ਮਿੱਤਰਤਾ ਕਰਦੇ ਹੋ। ਜੇਕਰ ਘਰ ਦੀ ਇਸਤਰੀ ਮਰ ਜਾਵੇ ਤਾਂ ਨਿਰਬਾਹ ਲਈ ਹੋਰ ਵਿਆਹ ਕਰਵਾਉਂਦੇ ਹੋ? ਫਿਰ ਉਸਨੂੰ ਮੰਦਾ ਕਿਸ ਅਧਾਰ ਤੇ ਆਖਦੇ ਹੋ, ਇਹ ਇਸਤਰੀ ਤਾਂ ਸਮਾਜ ਵਿੱਚ ਅਤਿ ਪੂਜਣਯੋਗ ਹਸਤੀ ਹੈ, ਜਿਸਨੇ ਵੱਡੇ ਵੱਡੇ ਰਾਜਿਆਂ-ਮਹਾਰਾਜਿਆਂ ਨੂੰ ਜਨਮ ਦਿੱਤਾ ਹੈ।ਭਲਾ ਇਹ ਨੀਚ ਕਿਵੇਂ ਹੋ ਸਕਦੀ ਹੈ?

*ਭੰਡਿ ਜੰਮੀਐ ਭੰਡਿ ਨਿੰਮੀਐ*

*ਭੰਡਿ ਮੰਗਣੁ ਵੀਆਹੁ॥*

*ਭੰਡਹੁ ਹੋਵੈ ਦੋਸਤੀ*

*ਭੰਡਹੁ ਚਲੈ ਰਾਹੁ॥*

*ਭੰਡੁ ਮੁਆ ਭੰਡੁ ਭਾਲੀਐ*

*ਭੰਡਿ ਹੋਵੈ ਬੰਧਾਨੁ॥*

*ਸੋ ਕਿਉ ਮੰਦਾ ਆਖੀਐ*

*ਜਿਤੁ ਜੰਮਹਿ ਰਾਜਾਨ॥*[25]

ਇਸਤਰੀ ਜਾਤੀ ਨੂੰ ਸਮਾਜ ਵਿੱਚ ਸਤਿਕਾਰਯੋਗ ਸਥਾਨ ਦਿਵਾਉਣ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਭ ਤੋਂ ਪਹਿਲਾਂ ਆਪਣੀ ਸੁਪਤਨੀ (ਮਾਤਾ ਖੀਵੀ ਜੀ) ਨੂੰ ਲੰਗਰ ਤਿਆਰ ਕਰਨ/ਕਰਵਾਉਣ ਦੇ ਸਭ ਅਧਿਕਾਰ ਦਿੱਤੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮਤਿ ਪ੍ਰਚਾਰ ਲਈ 22 ਮੰਜੀਆਂ ਵਿਚੋਂ ਦੋ ਮੰਜੀਆਂ ਇਸਤਰੀ ਪ੍ਰਚਾਰਕਾਂ ਨੂੰ ਬਖਸ਼ੀਆਂ। ਗੁਰੂ ਅਮਰਦਾਸ ਜੀ ਨੇ ਇਸਤਰੀਆਂ ਵਿੱਚ ਘੁੰਡ ਕੱਢਣ ਦਾ ਰਿਵਾਜ਼ ਖ਼ਤਮ ਕਰਨ ਦਾ ਉਪਦੇਸ਼ ਦਿੱਤਾ। ਵਿਧਵਾ ਵਿਆਹ ਨੂੰ ਉਤਸ਼ਾਹਿਤ ਕੀਤਾ ਤੇ ਸਤੀ ਦੀ ਕੋਝੀ ਰਸਮ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ:

*ਸਤੀਆ ਏਹਿ ਨ ਆਖੀਅਨਿ*

*ਜੋ ਮੜਿਆ ਲਗਿ ਜਲੰਨ੍ਹਿ॥*

*ਨਾਨਕ ਸਤੀਆ ਜਾਣੀਆਨ੍ਹਿ*

*ਜਿ ਬਿਰਹੇ ਚੋਟ ਮਰੰਨ੍ਹਿ॥*[26]

ਖਾਲਸਾ ਪੰਥ ਦੀ ਸਾਜਨਾ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਮਾਤਾ ਜੀ ਪਾਸੋਂ ਪਤਾਸੇ ਪਵਾਏ ਤੇ ਇਸਤਰੀਆਂ ਨੂੰ ਵੀ ਅੰਮ੍ਰਿਤ ਛੱਕਣ ਦੀ ਆਗਿਆ ਦਿੱਤੀ। ਇਸ ਤਰ੍ਹਾਂ ਸਿੱਖ ਇਤਿਹਾਸ ਵਿੱਚ ਮਾਤਾ ਭਾਗ ਕੌਰ, ਮਹਾਰਾਣੀ ਜਿੰਦ ਕੌਰ ਜਿਹੀਆਂ ਮਹਾਨ ਇਸਤਰੀਆਂ ਹਨ, ਜਿਨ੍ਹਾਂ ਨੇ ਅੰਮ੍ਰਿਤ ਛੱਕ ਕੇ ਪੰਥਕ ਕਾਰਜਾਂ ਵਿੱਚ ਹਿੱਸਾ ਲਿਆ ਤੇ ਇਸਤਰੀਆਂ ਨੂੰ ਸਮਾਜ ਵਿੱਚ ਸਨਮਾਨ ਯੋਗ ਰੁਤੱਬਾ ਦਿਵਾਇਆ।

ਗੁਰੂ ਸਾਹਿਬ ਨੇ ਇਸਤਰੀ ਨੂੰ ਸਮਾਜ ਵਿੱਚ ਸਨਮਾਨ ਯੋਗ ਰੁਤਬਾ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸਤਰੀ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਹੈ ਪਰ ਅਜੇ ਕੁਝ ਅਜਿਹੀਆਂ ਚੁਣੌਤੀਆਂ ਹਨ ਜਿਨ੍ਹਾਂ ਨਾਲ ਸਿੱਖ ਇਸਤਰੀਆਂ ਨੂੰ ਅਜੇ ਜੁਝਣਾ ਪੈ ਰਿਹਾ ਹੈ ਜਿਨ੍ਹਾਂ ਦਾ ਜ਼ਿਕਰ ਅਸੀਂ ਇਥੇ ਕਰ ਰਹੇ ਹਾਂ।

ਅੱਜ ਦੇ ਵਰਤਮਾਨ ਯੁੱਗ ਵਿੱਚ ਵੀ ਭਾਵੇਂ ਇਸਤਰੀ ਨੂੰ ਉਹ ਰੁੱਤਬਾ ਹੀ ਮਿਲਿਆ , ਜੋ ਗੁਰੂ ਸਾਹਿਬਾਨ ਨੇ ਦਿਵਾਇਆ ਪਰ ਸਮਾਜ ਵਿੱਚ ਇਸਤਰੀ ਹਮੇਸ਼ਾ ਤੋਂ ਹੀ ਦੁਜੈਲੇ ਸਥਾਨ ਦੀ ਹੱਕਦਾਰ ਰਹੀ ਹੈ।ਅੱਜ ਅਸੀਂ ਤਰੱਕੀ ਦੀਆਂ ਪੁਲਾਘਾਂ ਪੁੱਟ ਕੇ ਭਾਵੇਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪਰ ਸਾਡੇ ਸਮਾਜ ਵਿੱਚ '**ਲਿੰਗ ਭੇਦ ਦੀ ਸਮੱਸਿਆ**' ਜਿਉਂ ਦੀ ਤਿਉਂ ਬਣੀ ਹੋਈ ਹੈ। ਕਿਉਂਕਿ ਸਮਾਜ ਵਿੱਚ ਹੁਣ ਵੀ ਘਰ ਵਿੱਚ ਕੁੜੀ ਦੇ ਜਨਮ ਨਾਲੋਂ ਮੁੰਡੇ ਦੇ ਜਨਮ ਨੂੰ ਚੰਗਾ ਸਮਝਿਆ ਜਾਂਦਾ ਹੈ। ਲੜਕੇ ਦੇ ਜੰਮਣ 'ਤੇ ਘਰ ਵਿੱਚ ਖੁਸ਼ੀਆਂ ਮਨਾਈਆਂ ਜਾਦੀਆਂ ਹਨ। ਧਾਰਮਿਕ-ਸਮਾਜਿਕ ਰੀਤੀਆਂ ਦੁਆਰਾ ਕਾਰਜ ਕੀਤੇ ਜਾਂਦੇ ਹਨ ਪਰ ਲੜਕੀ ਦੇ ਪੈਦਾ ਹੋਣ 'ਤੇ ਘਰ ਵਿੱਚ ਮਾਤਮ ਛਾ ਜਾਂਦਾ ਹੈ ਕਿਉਂਕਿ ਆਮ ਸਮਾਜਿਕ-ਪ੍ਰਵਿਰਤੀ ਹੈ ਕਿ ਪੁੱਤਰ ਦੇ ਜਨਮ ਨਾਲ ਖਾਨਦਾਨ ਅੱਗੇ ਵਧਦਾ ਹੈ ਤੇ ਲੜਕੀ ਦੇ ਵਿਆਹ ਤੋਂ ਬਾਅਦ 'ਬੇਗਾਨੀ' ਬਣ ਜਾਣਾ ਹੈ।ਪਰ ਅੱਜ ਇਹ ਸੋਚ ਬਦਲਣ ਦੀ ਲੋੜ ਹੈ।ਕਿਉਂਕਿ ਵਰਤਮਾਨ ਯੁੱਗ ਵਿੱਚ ਇਸਤਰੀ ਮਰਦ ਦੇ ਮੁਕਾਬਲੇ ਵਿਕਾਸ ਦੀ ਬਰਾਬਰ ਦੀ ਭਾਈਵਾਲ ਹੈ ਅੱਜ ਦੇ ਵਿਗਿਆਨਕ ਯੁੱਗ ਵਿੱਚ ਨਵੀਨ ਖੋਜਾਂ ਦੁਆਰਾ ਮਨੁੱਖੀ ਸਹੂਲਤਾਂ ਲਈ ਨਵੇਂ ਨਵੇਂ ਰਸਤੇ ਅਪਣਾਏ ਹਨ। ਹੁਣ ਅਜਿਹਾ ਕੋਈ ਵੀ ਖੇਤਰ ਨਹੀਂ, ਜਿੱਥੇ ਇਸਤਰੀ ਮਰਦ ਤੋਂ ਪਿੱਛੇ ਰਹੀ ਹੋਵੇ। ਅਜੋਕੇ ਯੁੱਗ ਵਿਗਿਆਨਕ ਯੁੱਗ ਵਿੱਚ ਲੜਕੀ ਭਾਵੇਂ ਵਿਕਾਸ/ਤਰੱਕੀ ਦੀਆਂ ਪੁਲਾਘਾਂ ਪੁੱਟ ਰਹੀ ਹੈ ਪਰ ਅਜੇ ਵੀ ਉਸ ਨੂੰ ਜਨਮ ਲੈਣ ਦੇ ਅਧਿਕਾਰ ਤੋਂ ਕਾਫੀ ਵਾਂਝਿਆ ਰੱਖਿਆ ਜਾ ਰਿਹਾ ਹੈ।ਕਿਉਂਕਿ ਅੱਜ ਦੇ ਯੁੱਗ ਵਿੱਚ ਵਿਗਿਆਨਕ ਖੋਜ ਵਿੱਚ ਅਲਟਰਾ-ਸਾਉਂਡ ਸਕੈਨ ਰਾਹੀਂ ਲੜਕੀ ਦੇ ਗਰਭ ਵਿੱਚ ਪਤਾ ਲੱਗਾ ਕਿ ਉਸਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣ ਦੀ ਪ੍ਰਵਿਰਤੀ ਕਾਰਨ ਮਰਦ-ਇਸਤਰੀ ਅਨੁਪਾਤ 1000 ਪਿੱਛੇ 810 ਤੱਕ ਆ ਪਹੁੰਚਿਆ ਹੈ। ਸੰਯੁਕਤ ਰਾਸ਼ਟਰ ਵਿੱਚ ਦਰਜ ਅੰਕੜਿਆਂ ਅਨੁਸਾਰ ਦੁਨੀਆਂ ਭਰ ਵਿੱਚ ਪਹਿਲੇ ਨੰਬਰ 'ਤੇ ਚੀਨ ਹੈ, ਜਿੱਥੇ ਹਰ ਸਾਲ ਤਕਰੀਬਨ ਤਿੰਨ ਕਰੋੜ ਲੜਕੀਆਂ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤੀਆ ਜਾਂਦੀਆਂ ਹਨ, ਦੂਜੇ ਨੰਬਰ 'ਤੇ ਭਾਰਤ ਜਿੱਥੇ ਹਰ ਸਾਲ 260 ਕਰੋੜ ਲੜਕੀਆਂ ਮਾਰ ਦਿੱਤੀਆਂ ਜਾਂਦੀਆਂ ਹਨ, ਜਦ ਕਿ ਪਾਕਿਸਤਾਨ ਵਿੱਚ ਇਹ ਗਿਣਤੀ ਲੱਗਭਗ 32 ਲੱਖ ਹੈ।[27] ਜੇਕਰ ਇਹ ਪਾਪ ਇਸੇ ਚਾਲ ਚੱਲਦਾ ਰਿਹਾ ਤਾਂ ਸੰਸਾਰ ਵਿੱਚ ਇਸਤਰੀਆਂ ਦਾ ਕਾਲ ਪੈ

ਜਾਵੇਗਾ। ਜੇਕਰ ਇਸ ਉੱਪਰ ਠੱਲ੍ਹ ਨਾ ਪਾਈ ਗਈ ਤਾਂ ਭਵਿੱਖ ਵਿੱਚ ਸਮੁੱਚੇ ਵਿਸ਼ਵ ਦਾ ਸੰਤੁਲਨ ਅਥਵਾ ਹੋਂਦ ਤਹਿਸ-ਨਹਿਸ ਹੋ ਜਾਵੇਗੀ।

ਇਸ ਤੋਂ ਇਲਾਵਾ ਅਗਲੀ ਵੱਡੀ ਚੁਣੌਤੀ ਇਸਤਰੀ ਲਈ '**ਚੰਗੇਰੀ ਸਿੱਖਿਆ**' ਪ੍ਰਤੀ ਹੈ। ਭਾਵੇਂ ਗੁਰੂ ਸਾਹਿਬਾਨ ਅਤੇ ਸਿੱਖੀ ਸਿਧਾਂਤਾਂ ਨੇ ਇਸਤਰੀ ਪੁਰਖ ਦੇ ਸਾਰੇ ਭੇਦ ਹਟਾਏ ਹਨ, ਪਰ ਫਿਰ ਵੀ ਵਰਤਮਾਨ ਸਮਾਜ ਪੁਰਸ਼ ਪ੍ਰਧਾਨ ਹੀ ਹੈ। ਭਾਵੇਂ ਅੱਜ ਸਮਾਜ ਵਿੱਚ ਲੋਕਾਂ ਵਿੱਚ ਬਹੁਤ ਚੇਤੰਨਤਾ ਆ ਗਈ ਹੈ, ਲੋਕ ਜ਼ਿਆਦਾ ਪੜ੍ਹੇ ਲਿਖੇ ਹੋ ਗਏ ਹਨ। ਪਰ ਫਿਰ ਵੀ ਅੱਜ ਵੀ ਸਮਾਜ ਵਿੱਚ ਲੜਕਾ-ਲੜਕੀ ਦੀ ਸਿੱਖਿਆ ਪ੍ਰਤੀ ਕਿੰਤੂ ਪ੍ਰੰਤੂ ਕੀਤਾ ਜਾਂਦਾ ਹੈ। ਲੜਕੀਆਂ ਨਾਲੋਂ ਲੜਕਿਆਂ ਨੂੰ ਸਿੱਖਿਆ ਪ੍ਰਦਾਨ ਕਰਨ 'ਤੇ ਜਿਆਦਾ ਜ਼ੋਰ ਦਿੱਤਾ ਜਾਂਦਾ ਹੈ।ਕਿਉਂਕਿ ਪੁੱਤਰ ਨਾਲ ਘਰ-ਪਰਿਵਾਰ ਅੱਗੇ ਵੱਧਦਾ ਹੈ, ਉਹਸਨੇ ਜਾਇਦਾਦ ਦਾ ਵਾਰਿਸ ਬਣਨਾ ਹੈ। ਬੁਢਾਪੇ ਦਾ ਸਹਾਰਾ ਬਣਨਾ ਹੈ ਤੇ ਲੜਕੀ ਨੇ ਵਿਆਹ ਤੋਂ ਬਾਅਦ 'ਬੇਗਾਨੀ' ਹੋ ਜਾਣਾ ਹੈ।ਇਹ ਸੰਕੀਰਣਤਾ ਭਰੀ ਸੋਚ ਅਜੇ ਤੱਕ ਵੀ ਕੁਝ ਕੁ ਪਛੜੇ ਹੋਏ ਪਰਿਵਾਰਾਂ ਵਿੱਚ ਪਾਈ ਜਾਂਦੀ ਹੈ। ਪਰ ਇਹ ਨਹੀਂ ਸੋਚਿਆ ਜਾਂਦਾ ਕਿ ਲੜਕੇ ਦੀ ਵਿੱਦਿਆ ਉਸਦੇ ਆਪਣੇ ਆਪ ਤੱਕ ਸੀਮਤ ਹੈ ਜਦ ਕਿ ਲੜਕੀ ਦੇ ਸਿੱਖਿਅਤ ਹੋਣ ਨਾਲ ਘਰ ਪਰਿਵਾਰ ਦੇ ਸਾਰੇ ਮੈਂਬਰ ਸਿੱਖਿਅਤ ਹੋਏ ਮੰਨੇ ਜਾਂਦੇ ਹਨ।ਇਸ ਲਈ ਜੇਕਰ ਲੜਕੀਆਂ ਨਿਰਵਿਘਨਤਾ ਸਹਿਤ ਇਹ ਵਿੱਦਿਆ ਹਾਸਿਲ ਕਰ ਲੈਣ ਤਾਂ ਨਾ ਕੇਵਲ ਉਸਦਾ ਪਰਿਵਾਰ ਬਲਕਿ ਪੂਰੇ ਸਮਾਜ ਨੂੰ ਵੀ ਇਸਦਾ ਲਾਭ ਮਿਲੇਗਾ।ਇਸ ਲਈ ਮਾਨਸਿਕ ਸੰਕੀਰਣਤਾ ਦਾ ਤਿਆਗ ਕੇ ਸਮਾਜ ਵਿੱਚ ਅਜਿਹੀਆਂ ਸਮੱਸਿਆਵਾਂ ਨੂੰ ਖ਼ਤਮ ਕਰਨਾ ਬਹੁਤ ਜਰੂਰੀ ਹੈ।ਕਿਉਂਕਿ ਲੜਕੀਆਂ ਦੇ ਸਿੱਖਿਅਤ ਨਾ ਹੋਣ ਨਾਲ ਵੀ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕਈ ਵਾਰ ਤਾਂ ਉਨ੍ਹਾਂ ਦੇ ਮੇਲ ਜ਼ੋਲ ਕੇ ਲੜਕੇ ਹੀ ਨਹੀਂ ਮਿਲਦੇ ਤੇ ਕਈ ਵਾਰ ਘੱਟ ਪੜੇ ਲਿਖੇ ਹੋਣ ਕਰਕੇ ਤੇ ਆਰਥਿਕ ਪੱਖੋਂ ਗਰੀਬ ਹੋਣ ਕਰਕੇ ਸਿੱਖ ਲੜਕੀਆਂ ਨੂੰ ਕਈ ਵਾਰ ਜ਼ਿਆਦਾ ਉਮਰ ਦੇ ਵਿਅਕਤੀਆਂ ਨਾਲ ਵਿਆਹ ਦਿੱਤਾ ਜਾਂਦਾ ਹੈ,ਜਿਸ ਸਦਕਾ ਉਨ੍ਹਾਂ ਨੂੰ ਕਈ ਵਾਰ ਬਹੁਤ ਸਾਰੀਆਂ ਪਰਿਵਾਰਕ ਪਰੇਸ਼ਾਨੀਆਂ ਦਾ ਸੰਤਾਪ ਪੂਰੀ ਜ਼ਿੰਦਗੀ ਲਈ ਭੋਗਣਾ ਪੈਂਦਾ ਹੈ।ਇੱਕ ਵੱਡਾ ਕਾਰਨ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਵਿਦੇਸ਼ ਜਾਣ ਦੀ ਹੋੜ ਵਿੱਚ ਕਈ ਵਾਰ ਨੌਜ਼ਵਾਨ ਆਪਣੇ ਕੇਸ ਕਤਲ ਕਰਵਾ ਕੇ ਸਿੱਖੀ ਤੋਂ ਦੂਰ ਜਾ ਰਹੇ ਹਨ। ਜਿਸ ਸਦਕਾ ਸਿੱਖੀ ਸਰੂਪ ਵਿੱਚ ਪੂਰਨ ਸਿੱਖ ਲੜਕੀਆਂ ਲਈ ਯੋਗ ਵਰ ਦੀ ਤਲਾਸ਼ ਵਿੱਚ ਵਿਘਨ ਪੈ ਰਿਹਾ ਹੈ। ਅੱਜ ਵਰਤਮਾਨ ਦੌਰ ਵਿੱਚ ਅਜਿਹਾ ਦੇਖਣ ਵਿੱਚ ਆ ਰਿਹਾ ਹੈ ਕਿ ਆਰਥਿਕ ਪੱਖੋਂ ਸੰਪੰਨ ਹੋਈ

ਸਿੱਖ ਲੜਕੀਆਂ ਕਈ ਵਾਰ ਉਦਾਰ ਧਾਰਮਿਕ ਦ੍ਰਿਸ਼ਟੀਕੋਣ ਅਧੀਨ ਗੈਰ ਸਿੱਖਾਂ ਨਾਲ ਵਿਆਹ ਕਰਵਾਉਣ ਦਾ ਮਨ ਬਣਾ ਲੈਦੀਆਂ ਹਨ ਕਿਉਂਕਿ ਮਹਿੰਗਾਈ ਦੇ ਯੁੱਗ ਵਿੱਚ ਨੌਕਰੀ ਨਾਲੋਂ ਕਾਰੋਬਾਰ ਨੂੰ ਮਜ਼ਬੂਤ ਕਰਕੇ ਆਰਥਿਕ ਪੱਖੋਂ ਸੰਪੰਨ ਹੋਣ ਦੀ ਤਰਜੀਹ ਦਿੱਤੀ ਜਾਂਦੀ ਹੈ। ਜਿਸ ਸਦਕਾ ਪੜ੍ਹੀਆਂ ਲਿਖੀਆਂ ਸਿੱਖ ਲੜਕੀਆਂ ਨੂੰ ਉਨੇ ਪੜ੍ਹੇ ਲਿਖੇ ਲੜਕੇ ਨਹੀਂ ਮਿਲਦੇ ਤੇ  ਕਈ ਵਾਰ ਆਰਥਿਕ ਅਧਾਰ ਉੱਤੇ ਲੜਕੀਆਂ ਨੂੰ ਘੱਟ ਪੜੇ ਲਿਖੇ ਤੇ ਬੇ-ਮੇਲ ਵਰ ਨਾਲ ਜ਼ਬਰਦਸਤੀ ਵਿਆਹ ਦਿੱਤਾ ਜਾਂਦਾ ਹੈ। ਅੱਜ ਕਈ ਪਰਿਵਾਰਾਂ ਵਿੱਚ ਲੜਕੀਆਂ ਦੀਆਂ ਵਿੱਦਿਅਕ ਯੋਗਤਾ ਨੂੰ ਅੱਖੋਂ ਪਰੋਖੇ ਕਰਕੇ ਵਿਦੇਸ਼ ਜਾਣ ਦੀ ਹੋੜ ਵਿੱਚ ਵੱਡੀ ਉਮਰ ਦੇ ਪੁਰਖ ਆਪਣੇ ਭੋਗ ਵਿਲਾਸ ਦੀ ਪੂਰਤੀ ਖਾਤਿਕ ਛੋਟੀ ਉਮਰ ਦੀਆਂ ਲੜਕੀਆਂ ਨਾਲ ਵਿਆਹ ਕਰਵਾ ਲੈਂਦੇ ਹਨ ਜੋ ਕਿ ਸਾਡੇ ਸਮਾਜ ਦੀ ਅਤਿ ਦੁਖਾਂਤਕ ਘਟਨਾ ਹੈ। ਅਜਿਹੀਆਂ ਸਮੱਸਿਆਵਾਂ ਲਈ ਠੋਸ ਕਰਮ ਚੁੱਕਣੇ ਬਹੁਤ ਹੀ ਜ਼ਰੂਰੀ ਹਨ।

ਅੱਜ ਭਾਵੇਂ ਸਮਾਜ ਵਿੱਚ ਗਿਆਨ ਵਿਗਿਆਨ ਦੀ ਉੱਨਤੀ ਸਦਕਾ ਸਮਾਜ ਵਿੱਚ ਬਹੁਤ ਚੇਤੰਨਤਾ ਆ ਗਈ ਹੈ ਤੇ ਲੜਕੀਆਂ ਵੀ ਇੰਨਾ ਪੜ੍ਹ ਲਿਖ ਗਈਆਂ ਹਨ ਕਿ ਹਰ ਖੇਤਰ ਵਿੱਚ ਉਨ੍ਹਾਂ ਨਾਮਣਾ ਖੱਟਿਆ ਹੈ ਪਰ ਪੁਰਾਤਨ ਕਾਲ ਤੋਂ ਚਲੀ ਆ ਰਹੀ ਪਰੰਪਰਾ ਅਨੁਸਾਰ ਅੱਜ ਵੀ ਕਿਤੇ ਨੇ ਕਿਤੇ ਲੜਕੀਆਂ ਨੂੰ ਵਿਆਹ ਤੋਂ ਬਾਅਦ ਦਹੇਜ਼ ਲੋਭੀਆਂ ਪਾਸੋਂ ਬਲੀ ਚੜ੍ਹਨਾ ਪੈਂਦਾ ਹੈ। ਦਹੇਜ਼ ਵਿਰੋਧੀ ਕਾਨੂੰਨ ਅਜੇ ਵੀ ਕਾਨੂੰਨ ਦੀ ਲੰਬੀ ਲੜਾਈ ਵਿਚ ਦਮ ਤੋੜ ਰਹੇ ਹਨ। ਦਾਜ ਦੇ ਨਾਂ ਤੇ ਲੜਕੀ ਦੀ ਮਾਰ-ਕੁਟਾਈ, ਬੇ-ਤਹਾਸ਼ੇ ਤਰੀਕੇ ਨਾਲ ਉਸਨੂੰ ਮਾਰ ਦੇਣ ਦੀਆਂ ਸ਼ਾਜਿਸ਼ਾਂ ਨਿੱਤ ਹੀ ਅਖਬਾਰ ਦੀਆਂ ਸੁਰਖੀਆਂ ਬਣੀਆਂ ਹੋਈਆਂ ਹਨ। ਭਾਵੇਂ ਕਿ ਅੱਜ ਲੜਕੇ ਵੀ ਪੜ੍ਹ ਲਿਖ ਕੇ ਜਾਗਰੂਕ ਹੋ ਗਏ ਹਨ ਪਰ ਇਹ ਵੀ ਆਟੇ ਵਿੱਚੋਂ ਲੂਣ ਦੇ ਬਰਾਬਰ ਹੀ ਹਨ। ਪੜ੍ਹੀਆਂ ਲਿਖੀਆਂ ਆਤਮ ਨਿਰਭਰ ਲੜਕੀਆਂ ਨੂੰ ਵੀ ਕਈ ਵਾਰ ਦਹੇਜ਼ ਦੇ ਨਾਂ ਤੇ ਬਹੁਤ ਤੰਗ ਕੀਤਾ ਜਾਂਦਾ ਹੈ, ਸ਼ੋਸ਼ਿਤ ਕੀਤਾ ਜਾਂਦਾ ਹੈ ਤੇ ਕਈ ਵਾਰ ਤਾਂ ਬਹੁਤ ਅਤਿਆਚਾਰ ਵੀ ਉਸਨੂੰ ਸਹਿਣੇ ਪੈਂਦੇ ਹਨ। ਅੱਜ ਵਰਤਮਾਨ ਸਮਾਜ ਵਿੱਚ ਵਿੱਦਿਆ ਪ੍ਰਾਪਤ ਕਰਕੇ ਇਸਤਰੀ ਆਤਮ-ਨਿਰਭਰ ਤਾਂ ਹੋ ਗਈ ਪਰ ਆਰਥਿਕ ਪੱਖੋਂ ਅਜ਼ਾਦੀ ਨੇ ਉਸਨੂੰ ਦੋਹਰੀ ਜ਼ਿੰਮੇਵਾਰੀ ਵਿੱਚ ਬੰਨ੍ਹ ਦਿੱਤਾ ਹੈ।ਆਰਥਿਕ ਪੱਖੋਂ ਸੁਤੰਤਰ ਹੋ ਕੇ ਘਰੇਲੂ ਜ਼ਿੰਮੇਵਾਰੀ ਤੋਂ ਮੁਕਤ ਨਾ ਹੋ ਸਕਣ ਦੀ ਪਰੰਪਰਾ ਉਸਦੀ ਲਾਚਾਰੀ ਨੂੰ ਜ਼ਾਹਿਰ ਕਰਦੀ ਹੈ। ਭਾਰਤੀ ਸਮਾਜ ਵਿੱਚ ਧਰਮ ਇਕ  ਬਹੁਤ ਵੱਡਾ ਕਾਰੋਬਾਰ ਬਣ ਕੇ ਰਹਿ ਗਿਆ ਹੈ।ਸਿੱਖੀ ਨੂੰ ਵੀ ਵਰਤਮਾਨ ਵਿੱਚ ਡੇਰੇਵਾਦ ਅਤੇ ਪਾਖੰਡੀ ਸਾਧਾਂ ਸੰਤਾਂ ਤੋਂ ਹੀ ਵੱਡਾ ਖਤਰਾ ਉਤਪੰਨ ਹੋ ਰਿਹਾ ਹੈ। ਨਵੇਂ ਨਵੇਂ ਡੇਰੇ ਤੇ ਆਸ਼ਰਮ ਖੁੰਬਾਂ ਵਾਂਗ ਨਿੱਤ ਪ੍ਰਗਟ

ਹੋ ਰਹੇ ਹਨ ਤੇ ਇਨ੍ਹਾਂ ਦੇ ਸੰਸਥਾਪਕ ਸਿੱਖੀ ਸਰੂਪ ਧਾਰਨ ਕਰਕੇ ਗੁਰਬਾਣੀ ਦੇ ਨਾਂ ਤੇ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਸਿੱਖੀ ਨਾਲੋਂ ਤੋੜ ਕੇ ਆਪਣੇ ਮਗਰ ਲਗਾ ਰਹੇ ਹਨ।ਇਸ ਕੰਮ ਲਈ ਉਹ ਇਸਤਰੀਆਂ ਨੂੰ ਲਾਲਚ ਵੱਲ ਜਾਂ ਉਨ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਰਲ ਹੱਲ ਦਰਸਾਉਣ ਹਿੱਤ ਆਪਣੇ ਮਗਰ ਲਾ ਕੇ ਮੂਰਖ ਬਣਾ ਰਹੇ ਹਨ ਅਤੇ ਇਨ੍ਹਾਂ ਦੇ ਡੇਰਿਆਂ ਦੇ ਵਿੱਚ ਸੇਵਾ ਕਰਨ ਦੇ ਲਈ ਇਸਤਰੀਆਂ ਹੀ ਮੂਹਰੇ ਹੁੰਦੀਆਂ ਹਨ ਤੇ ਕਈ ਵਾਰ ਇਸਤਰੀਆਂ ਨੂੰ ਇਨ੍ਹਾਂ ਪਾਖੰਡੀਆਂ ਪਾਸੋਂ ਬਹੁਤ ਨਾਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਸਤਰੀਆਂ ਨੂੰ ਇਨ੍ਹਾਂ ਪ੍ਰਤੀ ਜਾਗਰੂਕ ਕਰਨ ਦੀ ਸਖ਼ਤ ਲੋੜ ਹੈ।ਕਿਉਂਕਿ ਘਰ-ਪਰਿਵਾਰ ਵਿੱਚ ਕਈ ਰੀਤਾਂ, ਰਸਮਾਂ ਕੀਤੀਆਂ ਜਾਦੀਆਂ ਹਨ ਤੇ ਵਿਆਹ-ਸ਼ਾਦੀ, ਜੰਮਣ ਮਰਨ ਦੀ ਸਾਰੀ ਜ਼ਿੰਮੇਵਾਰੀ ਘਰ ਦੀ ਇਸਤਰੀ ਤੇ ਹੀ ਹੁੰਦੀ ਹੈ।ਇਸ ਲਈ ਸਿੱਖ ਘਰ ਵਿੱਚ ਸਿੱਖ ਸਰੂਪ ਨੂੰ ਕਾਇਮ ਨੂੰ ਕਰਨ ਹਿੱਤ ਜ਼ਰੂਰੀ ਹੈ ਕਿ ਸਾਰੀਆਂ ਰੀਤਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਰਹੁ ਰੀਤਾਂ ਜੋ ਸਾਡੇ ਗੁਰੂ ਸਾਹਿਬਾਨ ਨੇ ਸਾਡੇ ਲਈ ਸਥਾਪਿਤ ਕੀਤੀਆਂ ਸਨ। ਵਾਧੂ ਦੇ ਕਰਮ-ਕਾਂਡ, ਵਹਿਮ ਭਰਮ, ਮੜੀ-ਮਸਾਣ, ਟੇਵੇ ਪੱਤਰੀਆਂ ਦੇ ਭਰਮ ਭੁਲੇਖੇ ਵਿੱਚ ਪੈਣਾ ਸਿੱਖ ਮਰਿਯਾਦਾ ਤੋਂ ਬਿਲਕੁਲ ਉਲਟ ਹੈ ਇਸ ਲਈ ਸਾਡੇ ਸਮਾਜ ਵਿੱਚ ਇਸਤਰੀਆਂ ਲਈ ਇਹ ਇੱਕ ਵੱਡੀ ਚੁਣੌਤੀ ਹੈ ਕਿ ਘਰ ਵਿੱਚ ਸਿੱਖੀ ਸਰੂਪ ਨੂੰ ਕਾਇਮ ਰੱਖਣ ਹਿੱਤ ਸਾਰੀਆਂ ਮਰਿਯਾਦਾਵਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਸਿੱਖ ਰਹਿਤ ਮਰਿਯਾਦਾ ਅਨੁਸਾਰ ਨਿਭਾਈਆਂ ਜਾਣ।

ਵਰਤਮਾਨ ਸਮਾਜ ਵਿੱਚੋ ਸਭ ਤੋਂ ਵੱਡੀ ਚੁਣੌਤੀ 'ਸਾਡੀ ਹੋਂਦ ਅਤੇ ਸਿੱਖੀ ਸਰੂਪ' ਨੂੰ ਕਾਇਮ ਰੱਖਣ ਦੀ ਹੈ। ਆਧੁਨਿਕ ਸਮਾਜ ਵਿੱਚ ਸਮਾਨਤਾ ਦਾ ਦਰਜਾ ਰੱਖਦੇ ਮੋਢੇ ਨਾਲ ਮੋਢਾ ਜੋੜ ਕੇ ਕਦਮ ਮਿਲਾ ਕੇ ਚਲਦਿਆਂ ਅਸੀਂ ਆਪ ਵੀ ਸਿੱਖੀ ਦੀ ਵੱਖਰੀ ਤੇ ਨਿਆਰੀ ਹੋਂਦ ਅਤੇ ਮਹਾਨ ਵਿਰਾਸਤ ਤੋਂ ਬਿਲਕੁਲ ਹੀ ਮੁਨਕਰ ਹੋ ਰਹੇ ਹਾਂ ਜੋ ਸਾਡੀ ਖਾਸ ਪਹਿਚਾਣ ਹੈ।ਉਹ ਜਲਾਲ ਜੋ ਸਿੱਖ ਬੀਬੀ ਦੇ ਚਿਹਰੇ ਤੋਂ ਦੂਰੋਂ ਹੀ ਨਜ਼ਰ ਆਉਂਦਾ ਸੀ ਜਾਂ ਸਿੱਖ ਬੀਬੀ ਜਿਹੜੀ ਕਦੇ ਹਮੇਸ਼ਾਂ ਪਰਮਾਤਮਾ ਦੇ ਨਾਮ ਵਿੱਚ ਰੰਗੀ ਰਹਿੰਦੀ ਸੀ ਤੇ ਬਿਪਤਾ ਵਿੱਚ ਫਸੇ ਇਨਸਾਨ ਦੀ ਸੇਵਾ ਲਈ ਹਰ ਵੇਲੇ ਤਿਆਰ ਬਰ ਤਿਆਰ ਰਹਿੰਦੀ ਸੀ ਅੱਜ ਦੀ ਚਕਾਚੋਂਧ ਵਿੱਚ ਅਜਿਹੇ ਗੁਣਾਂ ਦੀ ਪਛਾਣ ਕਰਨੀ ਬਹੁਤ ਔਖੀ ਜਾਪ ਰਹੀ ਹੈ। ਆਧੁਨਿਕਤਾ ਦੇ ਦੌਰ ਵਿੱਚ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਸਰੀਰ ਤੋਂ ਵਸਤਰਾਂ ਦਾ ਘੱਟਣਾ ਅਤੇ ਪਤਿਤ ਹੋਣਾ ਸਿੱਖੀ ਦੀ ਵਿਲੱਖਣ ਪਛਾਣ ਅਤੇ ਸਰੂਪ ਲਈ ਬਹੁਤ ਘਾਤਕ ਹੈ। ਸਿੱਖੀ ਦੀ

ਪਛਾਣ 'ਕੇਸਾਂ ਦੀ ਬੇਅਦਬੀ' ਕਰਕੇ ਇਸਨੂੰ ਮਾਡਰਨ ਲੁੱਕ ਦਾ ਨਾਮ ਦੇ ਕੇ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਸਿੱਖੀ ਪ੍ਰਤੀ ਕਿਵੇਂ ਪ੍ਰੇਰਿਤ ਕਰ ਸਕਦੇ ਹਾਂ। ਅੱਜ ਦੇ ਬੱਚਿਆਂ ਵਿੱਚ ਪਤਿਤਪੁਣਾ ਜਾਂ ਨਸ਼ਿਆਂ ਵੱਲ ਰੁਝਾਣ ਇਸ ਦੇ ਪ੍ਰਭਾਵ ਸਦਕਾ ਹੀ ਵੱਧ ਰਿਹਾ ਹੈ।ਸਿੱਖੀ ਸਰੂਪ ਨੂੰ ਘਰ-ਪਰਿਵਾਰ ਦਾ ਸ਼ਿੰਗਾਰ ਬਣਾ ਕੇ ਰੱਖਣ ਵਿੱਚ ਇਸਤਰੀ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਉਸਨੂੰ ਆਪ ਆਪਣੀ ਸਿੱਖ ਵਿਰਾਸਤ ਬਾਰੇ ਜਾਣਕਾਰੀ ਹੋਵੇ ਤੇ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਕੀਰਤਨ, ਕੌਮ ਵਿੱਚ ਸ਼ਹਾਦਤਾਂ ਨੂੰ ਆਪ ਜਾਣੂ ਹੋ ਕੇ ਇਸ ਸਬੰਧੀ ਨਵ-ਪੀੜ੍ਹੀ ਨੂੰ ਇਸ ਅਮੀਰ ਵਿਰਸੇ ਪ੍ਰਤੀ ਜਾਗਰੂਕ ਕਰਵਾਉਣ। ਇਸੇ ਸਦਕਾ ਹੀ ਸਿੱਖ ਕੌਮ ਵਿੱਚ ਵੱਧ ਰਹੀਆਂ ਸਮੱਸਿਆਵਾਂ ਨਾਲ ਨਜੀਠਿਆ ਜਾ ਸਕਦਾ ਹੈ

ਸੋ ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਅਸੀਂ 21ਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੇ ਹਾਂ ਪਰ ਫਿਰ ਵੀ ਸਿੱਖ ਸਮਾਜ ਜਿਸਨੂੰ ਪ੍ਰਗਟ ਹੋਏ ਅਜੇ 550 ਸਾਲ ਹੋਏ ਹਨ ਇਸ ਧਰਮ ਦੇ ਸਾਹਮਣੇ ਵੀ ਇਕ ਨਹੀਂ ਅਨੇਕਾਂ ਸਮੱਸਿਆਵਾਂ ਉਤਪੰਨ ਹੋ ਗਈਆਂ ਹਨ। ਨਿੱਤ ਦਿਹਾੜੇ ਨਵੀਂ ਉਪਜਦੀ ਸਮੱਸਿਆ ਸਿੱਖ ਧਰਮ ਦੇ ਅਨੁਯਾਈਆਂ ਨੂੰ ਡੂੰਘੀ ਚਿੰਤਾ ਦੀ ਖੱਡ ਵਿਚ ਲਿਜਾ ਰਹੀ ਹੈ।ਸਿਧਾਂਤਕ ਤੌਰ 'ਤੇ ਸਿੱਖ ਸਮਾਜ ਦੀ ਵਿਚਾਰਧਾਰਾ ਕਿਸੇ ਨਾਲ ਮੇਲ ਨਹੀਂ ਖਾਂਦੀ। ਇਨ੍ਹਾਂ ਸਿਧਾਂਤਾਂ ਦੇ ਸਦਕਾ ਹੀ ਸਿੱਖ ਧਰਮ ਨੇ ਪੂਰੇ ਵਿਸ਼ਵ ਵਿੱਚ ਆਪਣੀ ਵਿਲੱਖਣ ਪਹਿਚਾਣ ਤੇ ਵੱਖਰਤਾ ਕਾਇਮ ਕੀਤੀ ਹੈ। ਇੰਨੇ ਸੰਘਰਸ਼ ਤੇ ਸ਼ਹਾਦਤਾਂ ਤੋਂ ਬਾਅਦ ਸਥਾਪਿਤ ਕੀਤੇ ਨਿਵੇਕਲੇ ਪੰਥ ਨੂੰ ਸੁਭਾਵਿਕ ਹੀ ਅੰਦਰੂਨੀ ਤੇ ਬਾਹਰੀ ਚੁਣੌਤੀਆਂ ਪੇਸ਼ ਹੋਣੀਆਂ ਹੀ ਸਨ। ਇੱਕ ਗੱਲ ਦਾ ਖਿਆਲ ਹਮੇਸ਼ਾਂ ਰੱਖਣਾ ਪਵੇਗਾ ਜਿੱਥੇ ਕੋਈ ਧਰਮ ਅਤੇ ਕੌਮ ਦਾ ਆਗਾਜ਼ ਹੁੰਦਾ ਹੈ ਉੱਥੇ ਨਾਲ ਹੀ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਜਨਮ ਹੋਣਾ ਸੁਭਾਵਿਕ ਹੀ ਹੈ ਪਰੰਤੂ ਧਰਮ ਅਤੇ ਕੌਮ ਦੇ ਸਿਧਾਂਤ, ਵਿਚਾਰਧਾਰਾ, ਫਲਸਫਾ ਇੰਨਾ ਮਜ਼ਬੂਤ ਹੋਵੇ ਕਿ ਸਾਰੀਆਂ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਸਹਾਈ ਹੋਣ।

# ਅਧਿਆਇ ਚੌਥਾ

## ਸਿੱਖ ਸਮਾਜ ਸਾਹਮਣੇ ਚੁਣੌਤੀਆਂ ਦਾ ਸਮਾਧਾਨ (ਗੁਰਬਾਣੀ ਦੀ ਲੋਅ ਵਿੱਚ)

ਮਨੁੱਖ ਦੇ ਸਮਾਜਿਕ ਜੀਵਨ ਵਿੱਚ ਆਧੁਨਿਕੀਕਰਣ ਦੀ ਪ੍ਰਕ੍ਰਿਆ ਸਦਕਾ ਮਾਨਵੀ ਸਮਾਜ ਅਤੇ ਸਭਿਆਚਾਰ ਬਹੁਤ ਹੱਦ ਤੱਕ ਵਿਕਸਿਤ ਹੋਇਆ ਹੈ। ਗਿਆਨ-ਵਿਗਿਆਨ, ਨਵੀਨ ਤਕਨੀਕਾਂ ਸਦਕਾ ਅੱਜ ਦਾ ਮਨੁੱਖ ਅਨੇਕਾਂ ਸੁੱਖ-ਸਹੂਲਤਾਂ, ਨਵੀਨ ਸਾਧਨਾਂ ਨੂੰ ਇਸਤੇਮਾਲ ਕਰ ਰਿਹਾ ਹੈ ਅਤੇ ਜੀਵਨ ਵਿੱਚ ਹੋਰ ਵੀ ਅਨੇਕਾਂ ਪ੍ਰਾਪਤੀਆਂ ਕਰ ਰਿਹਾ ਹੈ। ਇਨ੍ਹਾਂ ਹੀ ਨਵੀਨ ਕਾਢਾਂ ਤੇ ਲੱਭਤਾਂ ਸਦਕਾ ਹੀ ਸਮੁੱਚਾ ਵਿਸ਼ਵ ਇਕ ਸ਼ਹਿਰ ਜਾਂ ਇਕ ਪਿੰਡ ਦਾ ਰੂਪ ਧਾਰਨ ਕਰ ਚੁੱਕਾ ਹੈ। ਵਿਗਿਆਨ ਅਤੇ ਤਕਨੀਕੀ ਯੁੱਗ ਦੇ ਅਜਿਹੇ ਦੌਰ ਵਿੱਚ ਅਸੀਂ ਦੁਨੀਆਂ ਦੇ ਕਿਸੇ ਵੀ ਹਿੱਸੇ ਦੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ, ਬਿਨਾ ਕਿਸੇ ਪਰੇਸ਼ਾਨੀ ਦੇ, ਬਿਨਾ ਆਪਣਾ ਜ਼ਿਆਦਾ ਸਮਾਂ ਵਿਅਰਥ ਗਵਾਏ, ਬਹੁਤ ਜਲਦੀ ਹਾਸਿਲ ਕਰ ਸਕਦੇ ਹਾਂ । ਇਹ ਨਵੀਨ ਵਰਤਾਰਾ ਹਰ ਪ੍ਰਕਾਰ ਨਾਲ ਮਨੁੱਖੀ ਕੀਮਤਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਸਦਕਾ ਮਨੁੱਖ ਹਰ ਪ੍ਰਕਾਰ ਦੀਆਂ ਨਵੀਨ ਸਹੂਲਤਾਂ ਦਾ ਆਨੰਦ ਮਾਣ ਰਿਹਾ ਹੈ ਪਰ ਫਿਰ ਵੀ ਅਜਿਹੀਆਂ ਅਨੇਕਾਂ ਪ੍ਰਾਪਤੀਆਂ ਦੇ ਬਾਵਜੂਦ ਵਿਕਾਸ ਦੀ ਇਸ ਤੇਜ਼ ਰਫਤਾਰ ਵਿੱਚ ਅੱਜ ਦਾ ਮਨੁੱਖ ਬਹੁਤ ਪਛੜ ਗਿਆ ਜਾਪਦਾ ਹੈ। ਉਸਦੇ ਜੀਵਨ ਵਿੱਚ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਬਹੁਤ ਵਾਧਾ ਹੋ ਰਿਹਾ ਹੈ। ਉਸ ਦੀ ਜ਼ਿੰਦਗੀ ਬਾਹਰੀ ਸੁੱਖ ਸਹੂਲਤਾਂ ਨਾਲੋਂ ਅੰਦਰੂਨੀ ਤੌਰ ’ਤੇ ਤਣਾਅ ਭਰਪੂਰ ਹੋ ਰਹੀ ਹੈ ਜਿਸ ਸਦਕਾ ਸਮਾਜਿਕ ਤੇ ਮਾਨਸਿਕ ਉਲਝਣਾਂ ਹੋਰ ਵੀ ਵੱਧ ਰਹੀਆਂ ਹਨ। ਆਧੁਨਿਕੀਕਰਣ ਦੀ ਇਸ ਪ੍ਰਕ੍ਰਿਆ ਵਿੱਚ ਭਾਵੇਂ ਉਸਦਾ ਸਮਾਜਿਕ ਦਾਇਰਾ ਵਿਸ਼ਾਲ ਹੋ ਰਿਹਾ ਹੈ ਪਰ ਸਮਾਜਿਕ ਸਾਂਝ ਲੁਪਤ ਹੁੰਦੀ ਜਾ ਰਹੀ ਹੈ। ਉਸ ਦਾ ਆਪਣਾ ਵਿਅਕਤੀਗਤ ਜੀਵਨ ਤਹਿਸ-ਨਹਿਸ ਹੋ ਰਿਹਾ ਹੈ। ਉਸ ਦਾ ਕੁਦਰਤ ਅਤੇ ਸਮਾਜ ਨਾਲੋਂ ਦਿਨ ਪ੍ਰਤੀ ਦਿਨ ਰਿਸ਼ਤਾ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਹ ਉਲਝਣਾਂ ਜਿਥੇ ਉਸ ਨੂੰ ਸਮਾਜਿਕ ਤੇ ਮਾਨਸਿਕ ਤੌਰ ’ਤੇ ਪ੍ਰਭਾਵਿਤ ਕਰ ਰਹੀਆਂ ਹਨ, ਉੱਥੇ ਉਸ ਦੇ ਧਾਰਮਿਕ ਜੀਵਨ ਵਿੱਚ ਵੀ ਇਹ ਅਸਰ ਪਾ ਰਹੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਸਦਕਾ ਮਨੁੱਖ ਦਾ ਸਮਾਜਿਕ, ਮਾਨਸਿਕ ਤੇ ਧਾਰਮਿਕ ਹਰ ਪੱਖ ਤੋਂ ਜੀਵਨ ਦਾ ਸੰਤੁਲਨ ਵਿਗੜ ਰਿਹਾ ਮਹਿਸੂਸ ਹੁੰਦਾ ਹੈ। ਮਨੁੱਖ ਨੈਤਿਕ ਤੌਰ ’ਤੇ ਗਿਰਾਵਟ ਵੱਲ ਜਾ ਰਿਹਾ ਹੈ। ਜਦ ਕਿ ਨੈਤਿਕਤਾ ਹੀ ਕਿਸੇ ਸਮਾਜ ਸਭਿਆਚਾਰ ਦਾ ਮੂਲ ਧੁਰਾ ਹੁੰਦੀ ਹੈ। ਵਰਤਮਾਨ ਸਮਾਜ ਵਿੱਚ ਲੋੜ ਹੈ ਕਿਸੇ ਅਜਿਹੇ ਸਾਧਨ ਦੀ, ਅਜਿਹੇ ਸਮਾਧਾਨ ਦੀ ਜੋ ਵਿਅਕਤੀ ਦੇ ਜੀਵਨ ਨੂੰ ਖੁਸ਼ਹਾਲ ਬਣਾਵੇ ਅਤੇ ਅਜੋਕੇ ਦੌਰ ਦੇ ਤਣਾਅ ਤੋਂ

ਮੁਕਤ ਕਰੇ। ਕੋਈ ਅਜਿਹੀ ਵਿਚਾਰਧਾਰਾ ਜਿਸ ਨੂੰ ਅਮਲ ਵਿੱਚ ਲਿਆ ਕੇ ਮਨੁੱਖ ਆਪਣਾ ਜੀਵਨ ਸੁਖਾਲਾ ਤੇ ਖੁਸ਼ਹਾਲ ਬਣਾ ਸਕੇ। ਇਸ ਸਭ ਦੇ ਸਮਾਧਾਨ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚਲੀ ਬਾਣੀ ਹੀ ਮਨੁੱਖ ਨੂੰ ਅਜਿਹਾ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੀ ਹੈ ਜਾਂ ਉਸ ਦੀ ਅਗਵਾਈ ਕਰਦੀ ਹੈ ਜੋ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰਕੇ ਉਸ ਨੂੰ ਤਣਾਅ ਮੁਕਤ ਕਰਵਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਗੁਰਬਾਣੀ ਹੀ ਮਨੁੱਖ ਨੂੰ ਦੈਵੀ ਚੇਤਨਾ ਨਾਲ ਜੋੜਨ ਦਾ ਉਪਰਾਲਾ ਕਰਦੀ ਹੈ ਅਤੇ ਮਨੁੱਖ ਦਾ ਮਨੋਬਲ ਉੱਚਾ ਕਰਨ ਵਿੱਚ ਸਹਾਈ ਹੁੰਦੀ ਹੈ। ਗੁਰਬਾਣੀ ਹੀ ਮਨੁੱਖ ਨੂੰ ਅਜਿਹੀ ਸੇਧ ਬਖਸ਼ਦੀ ਹੈ ਜਿਸ ਸਦਕਾ ਮਨੁੱਖ ਅਧਿਆਤਮਕ ਤੌਰ 'ਤੇ ਉੱਚਾ ਉੱਠਣ ਦੇ ਨਾਲ ਨਾਲ ਸਮਾਜਿਕ, ਸੱਭਿਆਚਾਰਕ ਤੇ ਵਿਵਹਾਰਿਕ ਜੀਵਨ ਵਿੱਚ ਵੀ ਸੰਤੁਲਨ ਕਾਇਮ ਕਰ ਸਕਦਾ ਹੈ । ਗੁਰਬਾਣੀ ਹੀ ਅਜਿਹਾ ਚਾਨਣ ਮੁਨਾਰਾ ਹੈ ਜੋ ਮਨੁੱਖ ਅੰਦਰ ਸਰਬੱਤ ਦੇ ਭਲੇ ਦੀ ਚਿਣਗ ਜਗਾ ਕੇ, 'ਸਭੇ ਸਾਝੀਵਾਲ ਸਦਾਇਨਿ' ਦੀ ਭਾਵਨਾ ਜਗਾਉਣ ਦਾ ਕਾਰਜ ਕਰਦੀ ਹੈ। ਆਧੁਨਿਕ ਯੁੱਗ ਵਿੱਚ ਵਿਕਾਸ ਦੀ ਦੌੜ ਵਿੱਚ ਜਿੱਥੇ ਮਨੁੱਖ ਉੱਨਤੀ ਪ੍ਰਾਪਤ ਕਰਦਾ ਹੈ ਉੱਥੇ ਨਾਲ ਹੀ ਅਜਿਹੀ ਪ੍ਰਗਤੀ ਸਦਕਾ ਹਉਮੈ ਗ੍ਰਸਤ ਵੀ ਹੋ ਜਾਂਦਾ ਹੈ ਪਰ ਗੁਰਬਾਣੀ ਇਸ ਅਹੰਕਾਰ ਨੂੰ ਅਣਉਚਿਤ ਕਰਾਰ ਦਿੰਦਿਆਂ ਲੋਕ ਤੇ ਪਰਲੋਕ, ਸੰਸਾਰਕ ਤੇ ਅਧਿਆਤਮਿਕ ਉੱਨਤੀ ਦੇ ਰਾਹ ਵਿੱਚ ਵੱਡੀ ਰੁਕਾਵਟ ਮੰਨਦੀ ਹੈ ਜਿਸ ਨੂੰ ਆਪਣੇ ਅੰਦਰੋਂ ਖਤਮ ਕਰਨਾ ਜ਼ਰੂਰੀ ਹੈ। ਗੁਰਬਾਣੀ ਦੇ ਮਹਾਂਵਾਕ ਅਨੁਸਾਰ :

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥*
*ਜੋ ਜਾਨੈ ਮੈ ਜੋਬਨਵੰਤੁ ॥*
*ਸੋ ਹੋਵਤੁ ਬਿਸਟਾ ਕਾ ਜੰਤੁ ॥*
*ਆਪਸ ਕਉ ਕਰਮਵੰਤੁ ਕਹਾਵੈ ॥*
*ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥*
*ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥*[1]

ਵਿਕਾਸਸ਼ੀਲਤਾ ਦੇ ਇਸ ਦੌਰ ਵਿੱਚ ਜਿੱਥੇ ਵਿਗਿਆਨੀਆਂ ਨੇ ਅੱਜ ਕੁਦਰਤ ਦੀ ਹੋਂਦ ਬਾਰੇ ਅਨੁਮਾਨ ਲਗਾਏ ਹਨ ਲਗਭਗ 500 ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਉਨ੍ਹਾਂ ਸਾਰੇ ਨਤੀਜਿਆਂ

ਨੂੰ ਸਾਰਥਕ ਸਿੱਧ ਕਰ ਚੁੱਕੇ ਸਨ। ਗੁਰੂ ਨਾਨਕ ਸਾਹਿਬ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਅਰਬਾਂ ਸਾਲ ਤੱਕ ਧੁੰਧੂਕਾਰ ਅਥਵਾ ਹਨੇਰਾ ਛਾਇਆ ਹੋਇਆ ਸੀ। ਰੱਬ ਆਪ ਹੀ ਅਫੁਰ ਤਾੜੀ ਵਿਚ ਬਿਰਾਜਮਾਨ ਸੀ।

*ਅਰਬਦ ਨਰਬਦ ਧੁੰਧੂਕਾਰਾ॥*
*ਧਰਣਿ ਨ ਗਗਨਾ ਹੁਕਮੁ ਅਪਾਰਾ*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥*[2]

ਸ੍ਰਿਸ਼ਟੀ ਰਚਨਾ ਬਾਰੇ ਅਨੁਮਾਨ ਜਾਂ ਇਸ ਦੀ ਰਚਨਾ ਕਦੋਂ, ਕਿਵੇਂ ਤੇ ਕਿੱਥੇ ਹੋਈ ? ਜਿਹੇ ਪ੍ਰਸ਼ਨਾਂ ਦੇ ਜਵਾਬ ਲਈ ਅਜੇ ਤੱਕ ਸਭ ਸ਼ਾਂਤ ਹਨ। ਕੋਈ ਵੀ ਇਸ ਦੇ ਸਾਰਥਕ ਨਤੀਜਿਆ 'ਤੇ ਨਹੀਂ ਪਹੁੰਚਿਆ। ਗੁਰੂ ਨਾਨਕ ਸਾਹਿਬ ਵੀ ਇਸ ਦੇ ਰਚਨਾ ਕਾਲ ਬਾਰੇ ਕੋਈ ਤੱਥ ਜਾਂ ਅੰਕੜੇ ਦੇਣ ਦੀ ਥਾਂ ਪਰਮਾਤਮਾ ਦੀ ਰਜ਼ਾ ਮੰਨਦੇ ਹੋਏ ਰਚਣਹਾਰੇ ਦੁਆਰਾ ਹੀ ਇਸ ਨੂੰ ਰਚਨ ਦਾ ਸੰਕੇਤ ਦਿੰਦੇ ਹਨ:

*ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*[3]
*ਆਪੀਨੈ ਆਪੁ ਸਾਜਿ ਆਪੁ ਪਛਾਣਿਆ॥*
*ਅੰਬਰੁ ਧਰਤਿ ਵਿਛੋੜਿ ਚੰਦਆ ਤਾਣਿਆ॥*[4]

ਅਤੇ ਨਾਲ ਹੀ ਅਨੇਕਾਂ ਬ੍ਰਹਿਮੰਡ, ਪਾਤਾਲ, ਸੂਰਜ, ਚੰਦ, ਆਕਾਸ਼ ਹੋਣ ਦਾ ਸੰਕੇਤ ਦਿੰਦੇ ਹਨ:

*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥*[5]
*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*[6]

ਭਾਵੇਂ ਅਜੇ ਤੱਕ ਵਿਗਿਆਨ ਵੀ ਅਜਿਹੇ ਸਿੱਟਿਆਂ ਤੇ ਨਹੀਂ ਪਹੁੰਚਿਆ ਪਰ ਇੱਥੇ ਮਕਸਦ ਕਿਸੇ ਵੀ ਚੀਜ਼ ਨੂੰ ਨਕਾਰਨ ਦਾ ਨਹੀਂ, ਬਲਕਿ ਇਹ ਦੱਸਣ ਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਪ੍ਰਕਾਰ ਦੇ ਮਸਲਿਆਂ ਦਾ ਸਮਾਧਾਨ ਬਹੁਤ ਹੀ ਬਾਖੂਬੀ ਪੇਸ਼ ਕੀਤਾ ਗਿਆ ਹੈ ਫਿਰ ਉਹ ਚਾਹੇ ਕੁਦਰਤ ਨਾਲ ਸੰਬੰਧਿਤ ਹੋਵੇ, ਸਮਾਜ , ਰਾਜਨੀਤੀ ਜਾਂ ਧਰਮ ਨਾਲ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਮਾ (ਵਡਿਆਈ) ਕਰਨੀ ਮਨੁੱਖੀ ਸੋਚ ਤੋਂ ਪਰ੍ਹੇ ਦੀ ਗੱਲ ਹੈ ਭਾਵ ਅਸੰਭਵ ਹੈ। ਅਜੋਕੇ ਸਮਾਜ ਵਿੱਚ ਮਨੁੱਖ ਦੀ ਤੰਗ ਸੋਚ ਨੇ ਧਰਤੀ ਦੀ ਵਿਸ਼ਾਲਤਾ ਨੂੰ ਛੋਟੇ ਰੂਪ ਵਿੱਚ ਲਿਆ ਖੜ੍ਹਾ ਕੀਤਾ ਹੈ। ਮਨੁੱਖ ਦੀ ਸੌੜੀ ਸੋਚ ਮਾਨਵਵਾਦ ਦੇ ਘੇਰੇ ਤੱਕ ਹੀ ਸੀਮਿਤ ਰਹਿ ਗਈ ਹੈ ਅਤੇ ਆਧੁਨਿਕ ਸੋਚ ਨੂੰ

ਸੈਂਕੜੇ ਸਾਲ ਪਹਿਲਾਂ ਹੀ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪਣੇ ਚਿੰਤਨ ਦਾ ਵਿਸ਼ਾ ਬਣਾਇਆ ਸੀ। ਗੁਰੂ ਬਾਣੀਕਾਰਾਂ ਨੇ ਆਪਣੇ ਸਮਕਾਲੀ ਸਮਾਜ ਤੇ ਸਭਿਆਚਾਰ ਦੀ ਹਕੀਕਤ ਨੂੰ ਸਾਹਮਣੇ ਰੱਖ ਕੇ ਹੀ ਆਪਣੇ ਰੂਹਾਨੀ ਸੰਦੇਸ਼ ਦੀ ਸਿਰਜਣਾ ਕੀਤੀ ਹੈ। ਇਹ ਰੂਹਾਨੀ ਸੰਦੇਸ਼ ਕ੍ਰਾਂਤੀਕਾਰੀ ਰੂਪ ਵਿੱਚ ਉਜਾਗਰ ਹੁੰਦਾ ਹੈ ਸਮਕਾਲੀਨ ਰਾਜਨੀਤਿਕ, ਧਾਰਮਿਕ, ਆਰਥਿਕ ਤੇ ਸਮਾਜਿਕ ਵਿਵਸਥਾ ਹੱਥੋਂ ਪੀੜਤ ਲੋਕਾਈ ਨੂੰ ਆਪਣੇ ਸ੍ਵੈ-ਮਾਨ ਅਤੇ ਅਣਖ ਨੂੰ ਜਾਗ੍ਰਿਤ ਰੱਖਣ ਲਈ ਪ੍ਰੇਰਿਤ ਕਰਦਾ ਹੈ। ਗੁਰੂ ਸਾਹਿਬਾਨ ਦੀ ਅਜਿਹੀ ਵਿਚਾਰਧਾਰਾ ਮੁਗਲ ਸਲਤਨਤ ਦੇ ਜ਼ੁਲਮਾਂ ਦੇ ਖਿਲਾਫ ਹੀ ਆਵਾਜ਼ ਨਹੀਂ ਬੁਲੰਦ ਕਰਦੀ ਬਲਕਿ ਤੱਤਕਾਲੀਨ ਭਾਰਤੀ ਸਮਾਜ ਵਿੱਚ ਪ੍ਰਚੱਲਿਤ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤ-ਪਾਤ ਦੇ ਨਾਂ 'ਤੇ ਹੁੰਦੇ ਵਿਤਕਰਿਆਂ ਸਦਕਾ ਜਾਤ-ਅਭਿਆਨੀਆਂ ਦੇ ਕਿਰਦਾਰ ਨੂੰ ਵੀ ਉਘਾੜਦੀ ਹੈ।

ਗੁਰਬਾਣੀ ਦਾ ਅਸਲ ਮਨੋਰਥ ਇਕ ਅਜਿਹੇ ਆਦਰਸ਼ਕ ਸਮਾਜ ਦੀ ਉਸਾਰੀ ਕਰਨ ਦਾ ਹੈ ਜਿੱਥੇ ਹਰ ਪ੍ਰਕਾਰ ਦੇ ਵੈਰ-ਵਿਰੋਧ ਦਾ ਖਾਤਮਾ ਹੋ ਕੇ ਮਨੁੱਖ ਨਿੱਜ ਕੇਂਦਰਿਤ ਤੇ ਹਉਮੈ-ਗ੍ਰਸਤ ਜੀਵਨ ਜਾਚ ਤੋਂ ਉੱਪਰ ਉੱਠ ਕੇ ਖੁਦ ਨੂੰ ਬ੍ਰਹਿਮੰਡ ਨਾਲ ਇਕਸੁਰ ਕਰਨ ਵਾਲੀ ਜੀਵਨ-ਸ਼ੈਲੀ ਅਪਨਾਉਣ ਦਾ ਚਾਹਵਾਨ ਹੋਵੇ।ਗੁਰਬਾਣੀ ਸਮਾਜ ਵਿੱਚ ਪ੍ਰਚੱਲਿਤ ਹਰ ਪ੍ਰਕਾਰ ਦੇ ਸ਼ੋਸ਼ਣ ਦੇ ਖਿਲਾਫ ਆਵਾਜ਼ ਬੁਲੰਦ ਕਰਕੇ ਅਤਿ ਦਰਜੇ ਦੇ ਨੀਵੇਂ ਆਖੇ ਜਾਂਦੇ ਲੋਕਾਂ ਦਾ ਪੱਖ ਪੂਰਦੀ ਹੈ ਤੇ ਸਮਾਜ ਵਿੱਚ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਦਿਵਾਉਣ ਦੀ ਹਾਮੀ ਭਰਦੀ ਹੈ। ਗੁਰਬਾਣੀ ਵਿੱਚ ਕਦੇ ਵੀ ਕਿਸੇ ਨਾਲ ਜਾਤ-ਪਾਤ, ਉਚ-ਨੀਚਤਾ ਦੇ ਪੱਖੋਂ ਕੋਈ ਵੀ ਵਿਤਕਰਾ ਨਹੀਂ ਕੀਤਾ ਗਿਆ ਸਗੋਂ 'ਸਭੇ ਸਾਝੀਵਾਲ ਸਦਾਇਨਿ' ਦੀ ਹਾਮੀ ਭਰੀ ਗਈ ਹੈ। ਪੁਰਾਤਨ ਕਾਲ ਵਿੱਚ ਪ੍ਰਚੱਲਿਤ ਬ੍ਰਾਹਮਣਵਾਦੀ ਜ਼ਾਤ-ਪਾਤ ਦੇ ਪ੍ਰਸੰਗ ਵਿੱਚ ਜੋ ਦੁਰਦਸ਼ਾ ਅਖੋਤੀ ਨੀਵੀਂ ਜਾਤ ਵਾਲੇ ਲੋਕਾਂ ਦੀ ਸੀ ਉਸ ਦੇ ਸੰਤਾਪ ਨੂੰ ਉਹ ਅਜੇ ਵੀ ਭੋਗ ਰਹੇ ਮਹਿਸੂਸ ਹੁੰਦੇ ਹਨ ਪਰ ਗੁਰਬਾਣੀ ਅਜਿਹੇ ਵਿਤਕਰੇ ਨੂੰ ਨਾਮੋਸ਼ੀ ਦਾ ਕਾਰਨ ਨਹੀਂ ਮੰਨਦੀ, ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ:

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਣ ਭਲੇ ਕੋ ਮੰਦੇ॥*[7]

*ਏਕੁ ਪਿਤਾ ਏਕਸ ਕੇ ਹਮ ਬਾਰਿਕ*

*ਤੂ ਮੇਰਾ ਗੁਰ ਹਾਈ॥*[8]

ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਨੀਵੀ ਜਾਤ ਦੇ ਕਹੇ ਜਾਣ ਵਾਲੇ ਰਵਿਦਾਸ ਜੀ, ਨਾਮਦੇਵ ਜੀ ਸਗੋਂ ਖੁਦ ਆਪਣੀ ਜਾਤ ਦਾ ਪੱਖ ਪੂਰਦੇ ਪ੍ਰਤੀਤ ਹੁੰਦੇ ਹਨ। ਗੁਰੂ ਸਾਹਿਬਾਨ ਅਨੁਸਾਰ ਵੀ ਪਰਮਾਤਮਾ ਨੂੰ ਕਦੇ ਵੀ ਜਾਤ-ਪਾਤ ਦੇ ਵਿਤਕਰਿਆਂ ਸਦਕਾ ਨਹੀਂ ਪਾਇਆ ਜਾ ਸਕਦਾ। ਸਗੋਂ ਉਸ ਨੂੰ ਪਾਉਣ ਲਈ ਤਾਂ ਉੱਚ ਕਰਮਾਂ ਦਾ ਹੋਣਾ ਜ਼ਰੂਰੀ ਹੈ। ਭਗਤ ਰਵਿਦਾਸ ਜੀ ਨੀਵੀਂ ਜਾਤ ਵਿੱਚ ਜਨਮ ਲੈਣ ਸਦਕਾ ਪਰਮਾਤਮਾ ਨੂੰ ਉਲਾਂਭਾ ਨਹੀਂ ਦਿੰਦੇ ਸਗੋ ਵਡਿਆਈ ਸਮਝਦੇ ਹਨ :

*ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ*

*ਨਿਤਹਿ ਬਾਨਾਰਸੀ ਆਸ ਪਾਸਾ॥*

*ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ*

*ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥*[9]

*ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ*

*ਓਛਾ ਜਨਮੁ ਹਮਾਰਾ॥*

*ਤੁਮ ਸਰਨਾਗਤਿ ਰਾਜਾ ਰਾਮ ਚੰਦ*

*ਕਹਿ ਰਵਿਦਾਸ ਚਮਾਰਾ॥*[10]

*ਇਸੇ ਤਰ੍ਹਾਂ ਭਗਤ ਨਾਮਦੇਵ ਜੀ ਨੇ ਵੀ ਆਪਣੀ ਨੀਵੀਂ ਜਾਤ ਦੀ ਸਥਿਤੀ ਪ੍ਰਤੀ ਚੇਤਨਾ ਨੂੰ ਪ੍ਰਗਟਾਇਆ ਹੈ :*

*ਹਸਤ ਖੇਲਤ ਤੇਰੇ ਦੇਹੁਰੇ ਆਇਆ*

*ਭਗਤਿ ਕਰਤ ਨਾਮਾ ਪਕਰਿ ਉਠਾਇਆ॥*

*ਹੀਨੜੀ ਜਾਤ ਮੇਰੀ ਜਾਦਿਮ ਰਾਇਆ*

*ਛੀਪੇ ਕੇ ਜਨਮਿ ਕਾਹੇ ਕਉ ਆਇਆ॥*

*ਲੈ ਕਮਲੀ ਚਲਿਓ ਪਲਟਾਇ*

*ਦੇਹੁਰੈ ਪਾਛੈ ਬੈਠਾ ਜਾਇ॥*[11]

ਪਰਮਾਤਮਾ ਦੇ ਦਰ 'ਤੇ ਉਚ-ਨੀਚ ਦਾ ਕੋਈ ਭੇਦਭਾਵ ਨਹੀਂ ਕਿਉਂਕਿ ਪਰਮਾਤਮਾ ਨੇ ਕਿਸੇ ਵੀ ਮਨੁੱਖ ਨੂੰ ਜਾਤ-ਪਾਤ ਕਰਕੇ ਉੱਚੀ ਜਾਂ ਨੀਵੀਂ ਜਾਤ ਵਿੱਚ ਨਹੀਂ ਭੇਜਿਆ ਅਤੇ ਨਾ ਹੀ ਮਨੁੱਖ ਦੀ ਜਾਤ ਦੀ ਪਛਾਣ ਕਰਕੇ ਪਰਮਾਤਮਾ ਤੋਂ ਉੱਚ ਪਦਵੀ ਦੀ ਪ੍ਰਾਪਤੀ ਹੋਣੀ ਹੈ ਕਿਉਂਕਿ ਉਥੇ ਤਾਂ ਕਰਮਾਂ ਦੀ ਪਰਖ ਹੋਣ 'ਤੇ ਹੀ ਪਰਮਪਦ ਦੀ ਪ੍ਰਾਪਤੀ ਹੋਣੀ ਹੈ ਜਿਵੇਂ ਗੁਰਬਾਣੀ ਫੁਰਮਾਨ ਹੈ :

*ਆਗੈ ਜਾਤਿ ਰੂਪੁ ਨ ਜਾਇ॥*
*ਤੇਹਾ ਹੋਵੈ ਜੇਹੇ ਕਰਮ ਕਮਾਇ॥*[12]
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥*[13]
*ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥* [14]

ਇਸ ਲਈ ਭਗਤ ਕਬੀਰ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਜੋ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਹੀ ਉੱਚੀ ਕੁਲ ਵਾਲੇ ਗਿਣੇ ਜਾਂਦੇ ਹਨ:

*ਗਰਭ ਵਾਸ ਮਹਿ ਕੁਲੁ ਨਹੀ ਜਾਤੀ॥*
*ਬ੍ਰਹਮ ਬਿੰਦੁ ਤੇ ਸਭ ਉਤਪਾਤੀ॥*
*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ॥ 'ਰਹਾਉ॥*
*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥*
*ਤਉ ਆਨ ਬਾਟ ਕਾਹੇ ਨਹੀ ਆਇਆ॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ*
*ਹਮ ਕਤ ਲੋਹੂ ਤੁਮ ਕਤ ਦੂਧ॥* [15]
ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥
ਬਿਨ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥[16]
ਭਗਤਾ ਕੀ ਜਤਿ ਪਤਿ ਏਕੋੁ ਨਾਮੁ ਹੈ ਆਪੇ ਲਏ ਗਵਾਰਿ॥[17]

ਗੁਰੂ ਸਾਹਿਬਾਨ ਨੇ ਤਾਂ ਇਕ ਸਵੱਛ ਸਮਾਜ ਦੀ ਕਲਪਨਾ ਕੀਤੀ ਹੈ। ਜਾਤ-ਪਾਤ ਦਾ ਭੇਦਭਾਵ ਮਨੁੱਖ ਦਾ ਆਪਣੇ ਆਪ ਪੈਦਾ ਕੀਤਾ ਹੋਇਆ ਹੈ। ਪਰਮਾਤਮਾ ਦੇ ਦਰ 'ਤੇ ਤਾਂ ਸਾਰੇ ਜੀਵ ਸਮਾਨ ਹਨ ਸਗੋਂ ਉੱਥੇ ਤਾਂ 'ਜਾਤਿ ਪਾਤਿ ਨ ਪੂਛੇ ਕੋਇ ਹਰਿ ਕੋ ਭਜੈ ਸੋ ਹਰਿ ਕਾ ਹੋਇ' ਜਿਹੇ ਮਹਾਂਵਾਕ ਵੀ ਪ੍ਰੋੜ੍ਹਤਾ ਕੀਤੀ ਗਈ ਹੈ। ਸਭ ਮਨੁੱਖਾਂ ਨੂੰ ਸਾਂਝੀਵਾਲਤਾ ਦਾ ਸਿਧਾਂਤ ਦਿੰਦੇ ਹੋਏ ਸਮਾਜ ਵਿੱਚ ਪਛੜੇ ਅਤੇ ਨੀਵੀਂ ਜਾਤ ਵਾਲਿਆਂ ਨੂੰ ਗਲੇ ਨਾਲ ਵੀ ਲਾਇਆ ਜਿਸਦਾ ਪ੍ਰਤੱਖ ਪ੍ਰਮਾਣ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਮਿਲ ਜਾਂਦਾ ਹੈ ਜਿਸ ਵਿੱਚ ਨਾ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ ਬਲਕਿ ਅਖੌਤੀ ਨੀਵੀਂ ਜਾਤ ਸਮਝੇ ਜਾਣ ਵਾਲੇ ਰਵਿਦਾਸ, ਨਾਮਦੇਵ, ਕਬੀਰ ਜਿਹੇ ਭਗਤਾਂ ਦੀ ਬਾਣੀ ਨੂੰ ਵੀ ਇਸ ਵਿੱਚ ਸਿਰਮੌਰ ਥਾਂ ਪ੍ਰਾਪਤ ਹੈ :

*ਨਾਮਾ ਛੀਬਾ ਕਬੀਰ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ॥*
*ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥*[18]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ ਸਪੱਸ਼ਟ ਕੀਤਾ ਕਿ ਸਿਰਫ ਪ੍ਰਭੂ ਨੂੰ ਵਿਸਾਰ ਦੇਣ ਵਾਲਾ ਮਨੁੱਖ ਹੀ ਨੀਚ ਹੈ ਪਰਮਾਤਮਾ ਦੇ ਦਰ 'ਤੇ ਮਨੁੱਖ ਦੀਆਂ ਬਣਾਈਆਂ ਜਾਤਾਂ ਜਾਂ ਵਿਤਕਰਿਆਂ ਦੀ ਕੋਈ ਥਾਂ ਨਹੀਂ ਸਗੋਂ ਉਥੇ ਤਾਂ ਮਨੁੱਖ ਦੁਆਰਾ ਕੀਤੇ ਚੰਗੇ ਕਰਮਾਂ ਅਤੇ ਪਰਮਾਤਮਾ ਦੇ ਨਾਮ-ਸਿਮਰਨ ਦੀ ਪ੍ਰਾਪਤੀ ਸਦਕਾ ਹੀ ਸ਼ੋਭਾ ਮਿਲਦੀ ਹੈ ਜਿਹੜਾ ਮਨੁੱਖ ਅਜਿਹੇ ਨਾਮ ਰੂਪੀ ਖ਼ਜਾਨੇ ਨਾਲ ਭਰਪੂਰ ਹੁੰਦਾ ਹੈ, ਉਹ ਪ੍ਰਵਾਨ ਚੜ੍ਹਦਾ ਹੈ :

*ਨਾਇ ਸੁਣੀਐ ਨਾਉ ਊਪਜੈ ਨਾਮੇ ਵਡਿਆਈ॥*
ਨਾਮੇ ਹੀ ਸਭ ਜਾਤਿ ਪਾਤਿ ਨਾਮੇ ਗਤਿ ਪਾਈ॥[19]
*ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਰਹਿ*
*ਜੋ ਹਰਿ ਧਿਆਵੈ ਸੋ ਪਰਧਾਨੁ॥*[20]
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹ ਅਉਖਧ ਜਗਿ ਸਾਰਾ॥
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ॥[21]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਭਾਈਚਾਰਕ ਏਕਤਾ ਦੀ ਪ੍ਰਤੀਕ ਹੈ। ਇਸ ਵਿੱਚ ਮਾਨਵ ਨੂੰ ਮਾਨਵ ਨਾਲ ਪਿਆਰ, ਸਤਿਕਾਰ ਕਰਨ ਦੀ ਜਾਂਚ ਸਿਖਾਈ ਗਈ ਹੈ। ਗੁਰੂ ਨਾਨਕ ਸਾਹਿਬ ਤੇ ਬਾਕੀ ਗੁਰੂ ਸਾਹਿਬਾਨ ਨੇ ਨਾ ਕੇਵਲ ਸਭ ਨੂੰ ਸਮਾਨਤਾ ਦਾ ਦਰਜਾ ਦੇ ਕੇ ਪਰਮਾਤਮਾ ਦੀ

ਸੰਤਾਨ ਹੋਣ ਦਾ ਮਾਣ ਬਖਸ਼ਿਆ ਬਲਕਿ ਸਮਾਜ ਵਿੱਚ ਇਸਨੂੰ ਅਮਲੀ ਰੂਪ ਵਿੱਚ ਪ੍ਰਚਾਉਣ ਲਈ ਵੀ ਸੰਗਤ-ਪੰਗਤ ਜਿਹੇ ਸੰਕਲਪ ਦੀ ਸਥਾਪਨਾ ਵੀ ਕੀਤੀ ਜਿਸਦਾ ਮਹਾਨ ਉਦੇਸ਼ ਸਮਾਜ ਵਿੱਚ ਅਜਿਹੀ ਕਾਣੀ ਵੰਡ ਨੂੰ ਹਮੇਸ਼ਾਂ-ਹਮੇਸ਼ਾਂ ਲਈ ਖਤਮ ਕਰਨਾ ਸੀ। ਆਸਾ ਦੀ ਵਾਰ ਵਿੱਚ ਇਕ ਸਲੋਕ ਵਿੱਚ ਗੁਰੂ ਅੰਗਦ ਦੇਵ ਜੀ ਸਪਸ਼ੱਟ ਕਰਦੇ ਹਨ ਕਿ ਭਾਵੇਂ ਸਦੀਆਂ ਤੋਂ ਹੀ ਸਮਾਜ ਵਿੱਚ ਵਰਣ-ਵੰਡ ਦੇ ਅਧਾਰ ’ਤੇ ਖੱਤਰੀਆਂ, ਬ੍ਰਾਹਮਣਾਂ, ਜੋਗੀਆਂ ਸ਼ੂਦਰਾਂ ਦੇ ਕੰਮ ਵੱਖਰੇ-ਵੱਖਰੇ ਦਰਸਾਏ ਗਏ ਹਨ ਅਤੇ ਉੱਚ ਗਿਆਨ ਪ੍ਰਾਪਤੀ ਦੇ ਸਾਰੇ ਵਸੀਲਿਆਂ ਦਾ ਹੱਕ ਉੱਚ ਸ਼੍ਰੇਣੀ ਲਈ ਰਾਖਵਾਂ ਰੱਖਿਆ ਗਿਆ ਸੀ ਪਰ ਗੁਰੂ ਸਾਹਿਬ ਦੇ ਸ਼ਬਦਾਂ ਵਿੱਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਗਈ ਹੈ :

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥*
*ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਪਰਾ ਕ੍ਰਿਤਹ॥*
*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥*
*ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥*[21]

ਗੁਰੂ ਸਾਹਿਬ ਦੇ ਬਚਨਾਂ ਅਨੁਸਾਰ ਜਿਹੜਾ ਮਨੁੱਖ ਹਰ ਮਨੁੱਖ ਦੇ ਅੰਦਰ ਉਸ ਪਰਮਾਤਮਾ ਦੇ ਜੋਤ ਦੇ ਰਹੱਸ ਨੂੰ ਸਮਝਦਾ ਹੈ ਉਸ ਵਿਅਕਤੀ ਦਾ ਦਾਸ ਬਣਨਾ ਉਚਿਤ ਹੈ ਅਤੇ ਅਜਿਹਾ ਮਨੁੱਖ ਹੀ ਊਚ-ਨੀਚ, ਜਾਤ-ਪਾਤ ਨੂੰ ਨਕਾਰਦੇ ਹੋਏ ਸਾਰਿਆਂ ਨੂੰ ਸਮਾਨਤਾ ਦੇਣਾ ਮਨੁੱਖਤਾ ਦੀ ਸੇਵਾ ਸਮਝਦਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਸਾਂਝੀਵਾਲਤਾ ਦਾ ਪ੍ਰਤੀਕ ਆਧੁਨਿਕ ਗ੍ਰੰਥ ਹੈ ਜਿਸ ਵਿੱਚ ਦੁਨੀਆਂ ਦੇ ਹਰ ਪਹਿਲੂ ਭਾਵੇਂ ਉਹ ਸਮਾਜਿਕ ਹੈ, ਦੁਨਿਆਵੀ ਹੈ, ਆਤਮਿਕ ਜਾਂ ਸਦਾਚਾਰਕ ਹੈ, ਬੜੇ ਹੀ ਸੌਖੇ ਤਰੀਕੇ ਨਾਲ ਹਰ ਪੱਖ ਦਾ ਸਮਾਧਾਨ ਇਸ ਵਿੱਚ ਕਰਵਾਇਆ ਗਿਆ ਹੈ। ਜਿਨ੍ਹਾਂ ਸਮੱਸਿਆਵਾਂ ਨਾਲ ਅੱਜ ਜੂਝਣਾ ਪੈ ਰਿਹਾ ਹੈ ਜਾਂ ਜੋ ਨਵੀਨ ਲੱਭਤਾਂ ਜਾਂ ਕਾਢਾਂ ਅੱਜ ਸਾਇੰਸਦਾਨ ਸਖ਼ਤ ਘਾਲਣਾ ਤੋਂ ਬਾਅਦ ਕੱਢ ਰਹੇ ਹਨ, ਗੁਰੂ ਸਾਹਿਬਾਨ ਨੇ ਸਦੀਆਂ ਪਹਿਲਾਂ ਹੀ ਇਸ ਗਿਆਨ ਨੂੰ ਸਮੁੱਚੀ ਲੋਕਾਈ ਲਈ ਇਸ ਗ੍ਰੰਥ ਵਿੱਚ ਸਰਲ ਭਾਸ਼ਾ ਵਿੱਚ ਲਿਖ ਦਿੱਤਾ ਸੀ। ਇਸ ਲਈ ਆਧੁਨਿਕ ਸਮੇਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਮਨੁੱਖ ਦੀ ਹਰ ਗੱਲ ਲਈ ਅਗਵਾਈ ਕਰਦੀ ਅਤੇ ਸੇਧ ਦਿੰਦੀ ਪ੍ਰਤੀਤ ਹੁੰਦੀ ਹੈ।

ਗੁਰਬਾਣੀ ਵਿੱਚ ਇਸ ਸੰਸਾਰ ਨੂੰ ਸਦੀਵੀ ਸਤਿ ਨਹੀਂ ਮੰਨਿਆ ਗਿਆ ਅਤੇ ਸੰਸਾਰਕ ਸੁੱਖ ਵੀ ਛਿਣਭੰਗਰ ਅਤੇ ਦੁੱਖਦਾਈ ਮੰਨੇ ਗਏ ਹਨ। ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿੱਚ :

ਨਾਨਕ ਦੁਨੀਆ ਚਾਰਿ ਦਿਹਾੜੇ ਸੁਖ ਕੀਤੈ ਦੁਖੁ ਹੋਈ।[22]

ਕਿਉਂਕਿ ਜੋ ਮਨੁੱਖ ਇਸ ਦੁਨੀਆਂ ਨੂੰ ਸਥਿਰ ਜਾਣ ਲੈਂਦਾ ਹੈ ਤੇ ਇਸਦੀ ਨਾਸ਼ਮਾਨਤਾ ਨੂੰ ਸਥਿਰ ਮੰਨ ਲੈਂਦਾ ਹੈ, ਉਸ ਲਈ ਸੁੱਖ ਵੀ ਦੁੱਖ ਦਾ ਕਾਰਨ ਬਣਦੇ ਹਨ। ਕਿਉਂਕਿ ਸੁੱਖ ਦੇਣ ਵਾਲੀਆਂ ਚੀਜ਼ਾਂ ਨਾਸ਼ਵਾਨ ਹਨ ਇਸ ਲਈ ਉਨ੍ਹਾਂ ਦਾ ਨਾਸ਼ ਹੋਣਾ ਮਨੁੱਖ ਲਈ ਅਤਿ ਦੇ ਦੁੱਖ ਵਿੱਚੋਂ ਨਿਕਲਣ ਦੇ ਸਮਾਨ ਹੈ ਤੇ ਸੁੱਖ ਵੀ ਦੁੱਖ ਵਿੱਚ ਤਬਦੀਲ ਹੋ ਜਾਂਦਾ ਹੈ। ਇਸ ਲਈ ਸੰਸਾਰਕ ਜੀਵ ਇਸ ਨਾਸ਼ਮਾਨ ਸੰਸਾਰ ਵਿੱਚ ਦੁੱਖ ਵਿੱਚ ਗ੍ਰਸਤ ਹੀ ਪ੍ਰਤੀਤ ਹੁੰਦੇ ਹਨ :

*ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥*
*ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰਿ ਆਇਆ॥*
*ਦੂਖੀ ਭਰ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥*
*ਆਵਣੇ ਜਾਵਣੇ ਖਰੇ ਡਰਾਵਨੈ ਤੋਟਿ ਨ ਆਵੈ ਫੇਰੀਆ॥*[23]

ਅਜੋਕੇ ਸਮੇਂ ਵਿੱਚ ਮਨੁੱਖ ਲਈ ਇਹ ਦੁੱਖ ਜ਼ਿਆਦਾ ਪ੍ਰਤੀਤ ਹੁੰਦੇ ਹਨ ਤੇ ਇਨ੍ਹਾਂ ਥੋੜ-ਚਿਰੀ ਚੀਜ਼ਾਂ ਦੀ ਸਥਿਰਤਾ ਲਈ ਮਨੁੱਖ ਕਈ ਪ੍ਰਕਾਰ ਦੇ ਢੰਗ ਤਰੀਕੇ ਵਰਤਦਾ ਹੈ ਜਿਸ ਸਦਕਾ ਮਨੁੱਖ ਜੀਵਨ ਦੇ ਅਸਲ ਮਕਸਦ ਤੋਂ  ਭਟਕ ਕੇ ਬਾਹਰੀ ਦਿਖਾਵਿਆਂ ਨੂੰ ਤਰਜ਼ੀਹ ਦੇਣ ਲੱਗਾ ਹੈ। ਪਰਮਾਤਮਾ ਦੇ ਨਾਮ ਤੇ ਰਜ਼ਾ ਦੇ ਵਿਰੁੱਧ ਉਹ ਕਈ ਪ੍ਰਕਾਰ ਦੇ ਕਰਮਾਂ-ਕਾਂਡਾਂ, ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਅਤੇ ਮੂਰਤੀ ਪੂਜਾ ਦੇ ਚੱਕਰਾਂ ਵਿਚ ਪੈ ਰਹੇ ਹਨ। ਭਾਵੇਂ ਕਿ ਆਦਿ ਕਾਲ ਤੋਂ ਹੀ ਮਨੁੱਖ ਕੁਦਰਤ ਦੀਆਂ ਸ਼ਕਤੀਆਂ ਉੱਤੇ ਆਪਣਾ ਕੰਟਰੋਲ ਹਾਸਿਲ ਕਰਨ ਲਈ ਇਹੋ ਜਿਹੇ ਢੰਗ-ਤਰੀਕੇ ਅਪਣਾਉਂਦਾ ਰਿਹਾ ਹੈ ਪਰ ਸਮਕਾਲੀ ਮਨੁੱਖ ਵੀ ਅਜਿਹੀਆਂ ਗਲਤ ਕਦਰਾਂ-ਕੀਮਤਾਂ ਦੇ ਝੰਜਟ ’ਚੋਂ ਅਜੇ ਤੱਕ ਮੁਕਤ ਹੋਇਆ ਨਹੀਂ ਜਾਪਦਾ। ਉਹ ਕਈ ਪ੍ਰਕਾਰ ਦੇ ਕਰਮਾਂ-ਕਾਂਡਾ ਵਿੱਚ ਪਿਆ ਹੋਇਆ ਹੈ ਅਜੇ ਵੀ ਮੁਕਤੀ ਪ੍ਰਾਪਤੀ ਲਈ ਉਸ ਲਈ ਤੀਰਥਾਂ ’ਤੇ ਜਾਣਾ ਉਚਿਤ ਕਰਾਰ ਦਿੱਤਾ ਗਿਆ ਹੈ। ਉਸਦੇ ਵਿਚਾਰ ਅਨੁਸਾਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਧੋਤੀ ਜਾਂਦੀ ਹੈ ਜਦ ਕਿ ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ‘ਬਾਹਰਿ ਮਲ ਧੋਵੈ ਮਨ ਕੀ ਜੂਠ ਨ ਜਾਇ’॥ ਅੱਜ ਵੀ ਲੋਕ ਕਿਸੇ ਖਾਸ ਦਿਨ, ਵਾਰ ਨੂੰ ਗੁਰਦੁਆਰਿਆਂ ਵਿੱਚ ਜਾਣਾ, ਇਸ਼ਨਾਨ ਕਰਨਾ ਉਚਿਤ ਮੰਨਦੇ ਹਨ ਜਦ ਕਿ ਗੁਰੂ ਸਾਹਿਬ ਨੇ ਕਿਸੇ ਦਿਨ, ਕਿਸੇ ਵਾਰ ਦੀ ਕੋਈ ਖ਼ਾਸ ਮਹੱਤਤਾ ਨਹੀਂ ਦਰਸਾਈ। ਉਨ੍ਹਾਂ ਅਨੁਸਾਰ

ਤਾਂ ਉਹ ਘੜੀ ਸੁਲਖਣੀ ਹੋ ਜਿਸ ਘੜੀ ਪਰਮਾਤਮਾ ਦਾ ਨਾਮ ਚੇਤੇ ਕਰੀਏ ਤੇ ਜਿਸ ਵੇਲੇ ਸੁਰਤਿ ਉਸ ਪਰਮਾਤਮਾ ਦੇ ਨਾਮ ਨਾਲ ਜੁੜੀ ਹੋਵੇ :

*ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ*
*ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮੁ॥*[24]

ਗੁਰੂ ਸਾਹਿਬ ਤਾਂ ਅਜਿਹੇ ਮਨੁੱਖ ਨੂੰ ਖੋਟੀ ਮੱਤ ਵਾਲੇ ਦੀ ਸੰਗਿਆ ਦਿੰਦੇ ਹਨ ਜੋ ਜੀਵਨ ਦੇ ਅਸਲ ਮਨੋਰਥ ਨੂੰ ਭੁੱਲ ਕੇ ਚੰਗੇ-ਮਾੜੇ ਜਾਂ ਸ਼ੁੱਭ-ਅਸ਼ੁੱਭ ਕੰਮਾਂ ਵਿੱਚ ਪਏ ਹੋਏ ਹਨ। ਜਿਹੜੇ ਸਿੱਖ ਅਜਿਹੇ ਕੁਕਰਮਾਂ ਵਿੱਚ ਪੈ ਜਾਂਦੇ ਹਨ ਉਨ੍ਹਾਂ ਨੂੰ ਆਪਣਾ ਅੰਤਮ ਸਮਾਂ ਕਦੇ ਵੀ ਚੇਤੇ ਨਹੀਂ ਰਹਿੰਦਾ।

*ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ॥*
*ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ॥*
*ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ॥*
*ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ॥*
*ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ॥*[25]

ਗੁਰਬਾਣੀ ਦਾ ਸੰਦੇਸ਼ ਹਰ ਯੁੱਗ ਦੇ ਮਾਨਵ ਲਈ ਅਟੱਲ ਹੈ। ਇਸ ਲਈ ਗੁਰੂ ਸਾਹਿਬ ਤੀਰਥਾਂ (ਖਾਸ ਧਾਰਮਿਕ ਸਥਾਨਾਂ) 'ਤੇ ਜਾਣ ਦੀ ਬਜਾਇ ਘਰ ਬੈਠ ਕੇ ਹੀ ਪਰਮਾਤਮਾ ਦਾ ਨਾਮ ਜਪਣ ਨੂੰ ਉਚਿਤ ਕਰਾਰ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਤੀਰਥ ਕੋਈ ਵਿਸ਼ੇਸ਼ ਸਥਲ (ਥਾਂ) ਨਾ ਹੋ ਕੇ ਉਸ ਸਤਿਗੁਰੂ ਦਾ ਨਾਮ ਹੈ ਜਿਸਨੂੰ ਸਵਾਸ ਸਵਾਸ ਸਿਮਰਨ ਦਾ ਆਦੇਸ਼ ਦਿੱਤਾ ਗਿਆ ਹੈ। ਕਿਉਂਕਿ ਪਰਮਾਤਮਾ ਦਾ ਨਾਮ ਅਜਿਹੀ ਅਮੋਲਕ ਵਸਤੂ ਹੈ ਜਿਸਦੇ ਜਪਦਿਆਂ ਜਨਮਾਂ ਜਨਮਾਂ ਦੀ ਮੈਲ ਦੂਰ ਹੋ ਜਾਂਦੀ ਹੈ ਤੇ ਮਨ ਪਵਿੱਤਰ ਹੋ ਜਾਂਦਾ ਹੈ ਤੇ ਹਿਰਦੇ ਘਰ ਵਿੱਚ ਉਸ ਪਰਮਾਤਮਾ ਦਾ ਨਿਵਾਸ ਮਹਿਸੂਸ ਹੁੰਦਾ ਹੈ:-

*ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ॥*
*ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ॥*[26]
*ਅਠਿਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ॥*[27]

*ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥*

*ਮੈਲ ਗਈ ਮਨੁ ਨਿਰਮਲ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥* [28]

*ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥*

*ਅਠ ਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਇ॥*[29]

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥*

*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨ ਹੈ ॥*

*ਗੁਰ ਗਿਆਨੁ ਸਾਚੁ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥*

*ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥*

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥*

*ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥ ਮਜਨਾ॥*[30]

ਜੋ ਜੀਵ ਪਰਮਾਤਮਾ ਦੇ ਨਾਮ ਵਿੱਚ ਚਿੱਤ ਜੋੜੀ ਰੱਖਦੇ ਹਨ ਉਨ੍ਹਾਂ ਨੂੰ ਤੀਰਥਾਂ ਤੇ ਜਾਣ ਦੀ ਲੋੜ ਨਹੀਂ ਹੁੰਦੀ ਸਗੋਂ ਉਹ ਹਮੇਸ਼ਾ ਪਰਮਾਤਮਾ ਦੇ ਨਾਮ ਨਾਲ ਜੁੜੇ ਰਹਿੰਦੇ ਹਨ ਤੇ ਪ੍ਰਤੀਦਿਨ ਇਸ਼ਨਾਨ ਕਰਕੇ ਪਰਮਾਤਮਾ ਦਾ ਨਾਮ ਜਪਦੇ ਹਨ, ਉਨ੍ਹਾਂ ਲਈ ਤਾਂ ਇਹ ਹੀ ਸਭ ਤੀਰਥਾਂ ਦੇ ਸਮਾਨ ਹੈ, ਸਗੋਂ ਬਾਹਰ ਜਾਣ ਦੀ ਲੋੜ ਵੀ ਨਹੀਂ ਭਾਸਦੀ।

ਗੁਰੂ ਰਾਮਦਾਸ ਜੀ ਤਾਂ ਇਕ ਗੁਰਮੁਖ ਦੀ ਨਿੱਤ ਦੀ ਕਾਰ ਦੀ ਉਦਾਹਰਣ ਪੇਸ਼ ਕਰਦੇ ਹਨ ਕਿ ਇਕ ਸੱਚੇ ਗੁਰਸਿੱਖ ਦਾ ਧਰਮ ਪ੍ਰਤੀਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਉਸ ਪਰਮਾਤਮਾ ਦਾ ਨਾਮ ਜਪਣਾ ਹੈ। ਅਜਿਹੇ ਗੁਰਸਿੱਖ ਦੀ ਪਹਿਚਾਣ ਅੰਮ੍ਰਿਤ ਵੇਲੇ ਦੀ ਸੰਭਾਲ ਹੈ ਅਤੇ ਨਾਲ ਹੀ ਹਰ ਸਮੇਂ ਸਵਾਸ-ਸਵਾਸ ਪਰਮਾਤਮਾ ਦਾ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਣਾ ਉਸ ਦਾ ਸ੍ਰੇਸ਼ਟ ਧਰਮ ਹੈ। ਅਜਿਹਾ ਗੁਰਮੁਖ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਆਦਿ ਦੇ ਜਾਲ ਤੋਂ ਬਹੁਤ ਉੱਚਾ ਉਠਿਆ ਹੁੰਦਾ ਹੈ ਤੇ ਅਜਿਹੇ ਜੀਵ ਲਈ ਸਭ ਕੁਝ ਇਕ ਸਮਾਨ ਹੁੰਦਾ ਹੈ। ਅਜਿਹੇ ਗੁਰਸਿੱਖਾਂ ਦੀ ਧੂੜ ਤਾਂ ਗੁਰੂ ਸਾਹਿਬ ਆਪ ਵੀ ਲੋਚਦੇ ਹਨ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥*

*ਜਿਸ ਨੋ ਦਇਆਲ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*

ਜਨ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵਹਿ॥[31]

'ਛੋਡਹਿ ਅੰਨ ਕਰਹਿ ਪਖੰਡ' ਦੇ ਮਹਾਂਵਾਕ ਅਨੁਸਾਰ ਗੁਰਬਾਣੀ ਵਿੱਚ ਕਿਤੇ ਵੀ ਭੋਜਨ ਜਾਂ ਅੰਨ ਦਾ ਤਿਆਗ ਕਰਨ ਦੀ ਸਵੀਕ੍ਰਿਤੀ ਹਾਸਲ ਨਹੀਂ ਹੈ। ਗੁਰੂ ਸਾਹਿਬ ਇਨ੍ਹਾਂ ਸਭ ਨੂੰ ਪਾਖੰਡ ਕਰਮ ਕਹਿੰਦੇ ਹਨ ਕਿਉਂਕਿ ਸਿੱਖੀ ਵਿੱਚ ਵਰਤ, ਹੋਮ, ਜਗ, ਤੀਰਥ, ਜਪ, ਤਪ ਨੂੰ ਕਿਤੇ ਵੀ ਪ੍ਰਵਾਨਗੀ ਨਹੀਂ ਦਿੱਤੀ ਗਈ। ਅਜਿਹੇ ਕਰਮ-ਕਾਂਡ ਕਰਕੇ ਮਨ ਦੇ ਪਾਖੰਡਾਂ ਅਤੇ ਨੀਚ-ਕਰਮਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਸਗੋਂ ਕਰਮਕਾਂਡੀ ਜੀਵ ਦੀ ਤੁਲਨਾ ਤਾਂ ਗੁਰੂ ਸਾਹਿਬ ਵੇਸਵਾ ਦੇ ਪੁੱਤਰ ਨਾਲ ਕਰਦੇ ਹਨ ਜਿਸਨੂੰ ਆਪਣੇ ਪਿਤਾ ਬਾਰੇ ਗਿਆਨ ਨਾ ਹੋਣ ਕਰਕੇ ਇਸ ਗਿਆਨ ਤੋਂ ਕੋਰਾ ਹੀ ਰਹਿੰਦਾ ਹੈ।

ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ॥

ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ॥[32]

ਗੁਰਬਾਣੀ ਵਿੱਚ ਮਨੁੱਖ ਨੂੰ ਕਿਸੇ ਵੀ ਪ੍ਰਕਾਰ ਦੇ ਦੇਵੀ ਦੇਵਤਿਆਂ, ਗ੍ਰਹਿਆਂ, ਦਿਨਾਂ, ਵਾਰਾਂ, ਮੱਸਿਆ, ਪੂਰਨਮਾਸ਼ੀ, ਜਾਨਵਰਾਂ, ਉੱਚੀ-ਨੀਵੀਂ ਜਾਤ, ਛੂਤ-ਛਾਤ ਦੇ ਭੇਦ ਭਾਵ ਦੇ ਚੰਗੇ ਮਾੜੇ ਪ੍ਰਭਾਵ ਬਾਰੇ ਨਹੀਂ ਦਰਸਾਇਆ ਗਿਆ। ਨਾ ਹੀ ਅਜਿਹੇ ਪ੍ਰਭਾਵਾਂ ਨੂੰ ਟਾਲਣ ਲਈ ਕਿਸੇ ਵਿਸ਼ੇਸ਼ ਪ੍ਰਕਾਰ ਦੇ ਪਾਠ-ਪੂਜਾ, ਵਰਤ, ਦਾਨ-ਪੁੰਨ, ਤੀਰਥ ਇਸ਼ਨਾਨ ਨੂੰ ਕੋਈ ਸਵੀਕ੍ਰਿਤੀ ਹਾਸਿਲ ਹੈ। ਗੁਰਬਾਣੀ ਅਨੁਸਾਰ ਸਾਰੇ ਗ੍ਰਹਿ-ਚੱਕਰ ਆਪਣੀ ਚਾਲੇ ਚੱਲ ਰਹੇ ਹਨ ਜੋ ਮਨੁੱਖ ਦੇ ਜੀਵਨ ਤੇ ਕੋਈ ਚੰਗਾ-ਮਾੜਾ ਪ੍ਰਭਾਵ ਨਹੀਂ ਪਾਉਂਦੇ। ਫੋਕਟ ਦੇ ਕਰਮਾਂ-ਕਾਂਡਾਂ ਜਾਂ ਵਹਿਮਾਂ ਭਰਮਾਂ ਕਰਕੇ ਸੂਰਜ, ਚੰਦਰਮਾ ਦੀ ਚਾਲ 'ਤੇ ਕੋਈ ਅਸਰ ਨਹੀਂ ਪੈਂਦਾ ਸਗੋਂ ਹੀ ਮਨੁੱਖ ਦੇ ਨਿੱਜੀ ਸੰਕਟ ਵੱਧਦੇ ਜਾਂਦੇ ਹਨ। ਗੁਰਬਾਣੀ ਵਿੱਚ ਤਾਂ ਫੁਰਮਾਨ ਹੈ ਕਿ ਕਰਤਾ ਪੁਰਖ ਦੇ ਭਾਣੇ ਅੰਦਰ ਹੀ ਸਾਰੀ ਕਾਇਨਾਤ ਚੱਲ ਰਹੀ ਹੈ। ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਇਸ ਬਾਰੇ ਨਹੀਂ ਜਾਣ ਸਕਦਾ :

*ਤੇਰੀ ਕੁਦਰਤਿ ਤੂਹੈ ਜਾਣਹਿ ਅਉਰ ਨ ਦੂਜਾ ਜਾਣੈ॥*

*ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ॥*[33]

ਇਸ ਲਈ ਸੂਰਜ ਜਾਂ ਚੰਦਰਮਾ ਦਾ ਮਨੁੱਖ ਦੀ ਵਿਅਕਤੀਗਤ ਜ਼ਿੰਦਗੀ ਉੱਤੇ ਕੋਈ ਵੀ ਚੰਗਾ ਜਾਂ ਮਾੜਾ ਪ੍ਰਭਾਵ ਮਨੁੱਖ ਦਾ ਆਪਣਾ ਭਰਮ-ਭੁਲੇਖਾ ਤੇ ਅਗਿਆਨਤਾ ਹੈ। ਇਸ ਪ੍ਰਭਾਵ ਦੇ ਸਿੱਟੇ ਵਜੋਂ ਦਾਨ-ਪੁੰਨ, ਪੂਜਾ ਪਾਠ ਜਾਂ ਤੀਰਥ ਇਸ਼ਨਾਨ ਕਰਨਾ ਸਭ ਤੋਂ ਵੱਡਾ ਵਹਿਮ-ਭਰਮ ਹੈ ਤੇ ਗੁਰਬਾਣੀ ਕਦੇ ਵੀ ਅਜਿਹੇ ਭਰਮ ਭੁਲੇਖਿਆਂ ਜਾਂ ਵਹਿਮਾਂ-ਭਰਮਾਂ ਨੂੰ ਸਾਰਥਕ ਨਹੀਂ ਮੰਨਦੀ।ਅਜਿਹੇ ਪਾਖੰਡ ਕਰਮਾਂ ਵਿੱਚ ਪੈ ਕੇ ਨਾ ਤਾਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਤੇ ਸਗੋਂ ਹਰ ਪਾਸਿਉਂ ਖੁਆਰ ਹੀ ਹੋਣਾ ਪੈਂਦਾ ਹੈ:

*ਪਾਖੰਡਿ ਪ੍ਰੇਮ ਨ ਪਾਈਐ ਖੋਟਾ ਪਾਜੁ ਖੁਆਰੁ॥*[34]
*ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮ ਨ ਪਾਇਆ ਜਾਇ॥*[35]
*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥*[36]

ਇਸ ਲਈ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ :

*ਛੋਡੀਲੇ ਪਾਖੰਡਾ॥ ਨਾਮ ਲਇਐ ਜਾਹਿ ਤਰੰਦਾ॥*[37]

ਇਸ ਲਈ ਗੁਰੂ ਸਾਹਿਬ ਅਨੁਸਾਰ ਇਹ ਪਾਖੰਡ ਕਰਮ ਪਰਮਾਤਮਾ ਦੇ ਰਾਹ ਵਿੱਚ ਜਾਣ ਲਈ ਸਭ ਤੋਂ ਵੱਡੇ ਰੁਕਾਵਟ ਹਨ। ਮਨੁੱਖ ਇਨ੍ਹਾਂ ਸਦਕਾ ਪੰਜਾਂ ਵਿਕਾਰਾਂ ਵਿੱਚ ਫਸਿਆ ਰਹਿੰਦਾ ਹੈ ਤੇ ਇਹ ਪੰਜ ਵਿਕਾਰ ਮਨੁੱਖ ਦੇ ਸਭ ਤੋਂ ਵੱਡੇ ਵੈਰੀ ਮੰਨੇ ਗਏ ਹਨ। ਇਸ ਲਈ ਮਨੁੱਖ ਨੂੰ ਪਰਮਾਤਮਾ ਦੇ ਨਾਮ ਜਪਣ ਦੀ ਤਾਕੀਦ ਕੀਤੀ ਗਈ ਹੈ। ਸੰਸਾਰ ਵਿੱਚ ਪਰਮਾਤਮਾ ਦੇ ਨਾਮ ਤੋਂ ਬਿਨਾਂ ਕੋਈ ਚੀਜ਼ ਸਥਿਰ ਨਹੀਂ। ਦਿਨੋ-ਦਿਨ ਮਨੁੱਖ ਦੀ ਉਮਰ ਘਟਦੀ ਜਾ ਰਹੀ ਹੈ ਇਸ ਲਈ ਇਸਨੂੰ ਵਿਅਰਥ ਦੇ ਕੰਮਾਂ ਵਿੱਚ ਲਗਾਉਣ ਨਾਲੋਂ ਉਸ ਸੱਚੇ ਪਰਮਾਤਮਾ ਨਾਲ ਪ੍ਰੀਤ ਜੋੜਨੀ ਚਾਹੀਦੀ ਹੈ:

*ਰਾਮ ਨਾਮ ਬਿਨ ਥਿਰੁ  ਨਹੀ ਕੋਈ ਹੋਰ ਨਿਹਫਲੁ ਸਭੁ ਬਿਸਥਾਰੁ॥*
*ਕਿਆ ਲੀਜੈ ਕਿਆ ਤਜੀਐ ਬਉਰੈ ਜੋ ਦੀਸੈ ਸੋ ਛਾਰੁ॥*
*ਜਿਸੁ ਬਿਖਿਆ ਕਉ ਤੁਮ ਅਪਨੀ ਕਰਿ ਜਾਨਹੁ ਸਾ ਛਾਡਿ ਜਾਹੁ ਸਿਰਿ ਭਾਰੁ॥*
*ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ॥*
*ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ॥*[38]

ਸਿੱਖ ਧਰਮ ਆਪਣੇ ਆਦਰਸ਼ਾਂ ਕਾਰਨ ਹੀ ਨਿਵੇਕਲਾ ਤੇ ਆਧੁਨਿਕ ਧਰਮ ਹੈ ਕਿਉਂਕਿ ਇਸ ਵਿੱਚ ਗ੍ਰਿਹਸਥ ਜੀਵਨ ਦੇ ਸੰਜਮ ਤੇ ਜ਼ੋਰ ਇਸਨੂੰ ਜੀਵਨ ਲੋੜਾਂ ਪ੍ਰਤੀ ਪ੍ਰੇਰਿਤ ਕਰਦਾ ਹੋਇਆ

ਮਨੁੱਖੀ ਸਭਿਆਚਾਰ ਦੇ ਵਿਕਾਸ ਦਾ ਸਹਾਇਕ ਬਣਾਉਂਦਾ ਹੈ। ਗੁਰੂ ਸਾਹਿਬ ਦੇ ਸਮੇਂ ਜੋਗੀ, ਸੰਨਿਆਸੀ ਜਿਥੇ ਘਰ ਦਾ ਤਿਆਗ ਕਰਕੇ ਬਾਹਰ ਜੰਗਲਾਂ ਵਿੱਚ ਜਾ ਕੇ ਭਗਤੀ ਕਰਨ ਨੂੰ ਤਰਜ਼ੀਹ ਦਿੰਦੇ ਸਨ ਉਥੇ ਮੰਗ ਕੇ ਖਾਣਾ ਉਨ੍ਹਾਂ ਨੂੰ ਅਪਮਾਨਿਤ ਹੋਣ ਦਾ ਅਹਿਸਾਸ ਨਹੀਂ ਸੀ ਕਰਵਾਉਂਦਾ। 'ਮੰਗਣ ਗਿਆ ਸੋ ਮਰ ਗਿਆ' ਦੇ ਸਿਧਾਂਤ ਅਨੁਸਾਰ ਗੁਰੂ ਸਾਹਿਬ ਨੇ ਕਦੇ ਵੀ ਇਸ ਗੱਲ ਨੂੰ ਸਵੀਕਾਰਿਆ ਨਹੀਂ ਕਿ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਨਕਰ ਹੋਇਆ ਜਾਵੇ ਬਲਕਿ ਉਨ੍ਹਾਂ ਤਾਂ ਪਰਿਵਾਰ ਵਿੱਚ ਕਮਲ ਫੁੱਲ ਹੀ ਤਰ੍ਹਾਂ ਨਿਰਲੇਪ ਰਹਿ ਕੇ ਭਗਤੀ ਕਰਨ ਤੇ ਜ਼ੋਰ ਦਿੱਤਾ ਹੈ :

*ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੇ॥* [11]

ਗੁਰਬਾਣੀ ਵਿੱਚ ਸਦਾ ਗ੍ਰਿਹਸਥ ਵਿੱਚ ਰਹਿੰਦਿਆਂ ਮੁਕਤੀ ਪ੍ਰਾਪਤੀ ਨੂੰ ਸਵੀਕਾਰ ਕੀਤਾ ਗਿਆ ਹੈ:

*ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*[40]

ਉਨ੍ਹਾਂ ਤਾਂ ਸਿੱਖ ਨੂੰ ਗੁਰਮਤਿ ਨਾਲ ਜੋੜ ਕੇ ਇਕ ਪਰਮਾਤਮਾ 'ਤੇ ਵਿਸ਼ਵਾਸ਼ ਦਾ ਧਾਰਨੀ ਬਣਾਇਆ ਹੈ। ਜੰਗਲਾਂ ਪਹਾੜਾਂ ਵਿੱਚ ਪਰਮਾਤਮਾ ਨੂੰ ਖੋਜਣ ਨਾਲੋਂ 'ਬੰਦੇ ਖੋਜ ਦਿਲ ਹਰ ਰੋਜ' ਦਾ ਸਿਧਾਂਤ ਦਿੱਤਾ ਹੈ। ਗ੍ਰਿਹ ਕੁਟੰਬ ਮਹਿ ਸਹਿਜ ਸਮਾਧੀ ਦੀ ਅਵਸਥਾ ਵਿੱਚ ਵਿਚਰਨ ਦੀ ਤਾਕੀਦ ਕੀਤੀ ਹੈ ਤੇ ਪਰਮਾਤਮਾ ਨੂੰ ਹਿਰਦੇ ਘਰ ਵਿੱਚ ਖੋਜਣ ਦਾ ਰਾਹ ਦਰਸਾਇਆ ਹੈ। ਗੁਰੂ ਸਾਹਿਬ ਅਨੁਸਾਰ ਤਾਂ ਜੋ ਜੀਵ ਪਰਿਵਾਰ ਵਿੱਚ ਵਿਚਰਦਿਆਂ, ਜ਼ਿੰਮੇਵਾਰੀਆਂ ਨਿਭਾਉਂਦਿਆਂ ਪਰਮਾਤਮਾ ਨਾਲ ਚਿਤ ਜੋੜੀ ਰੱਖਦੇ ਹਨ, ਉਹ ਆਪ ਤਾਂ ਤਰ ਹੀ ਜਾਂਦੇ ਹਨ, ਉਨ੍ਹਾਂ ਦੇ ਮਾਤਾ ਪਿਤਾ, ਪਰਿਵਾਰ ਇਥੋਂ ਤੱਕ ਕਿ ਸਾਰਾ ਕੁਟੰਬ ਹੀ ਸੰਸਾਰਕ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ :

*ਧਨੁ ਧੰਨੁ ਪਿਤਾ ਧਨੁ ਧਨੁ ਕੁਲੁ ਧਨੁ ਧਨੁ ਸੁ ਜਨਨੀ*
*ਜਿਨਿ ਗੁਰੂ ਜਣਿਆ ਮਾਇ॥*
*ਧਨ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ*
*ਜਿਨੀ ਡਿਠਾ ਤਿਨਾ ਲਏ ਛਡਾਇ॥*[41]

ਗੁਰੂ ਸਾਹਿਬਾਨ ਮਨੁੱਖੀ ਆਤਮਾ ਦਾ ਥਾਹ ਲੈਣ ਅਤੇ ਸਿਰਜਣਾਤਮਕ ਸ਼ਕਤੀਆਂ ਜਗਾਉਣ ਲਈ ਤੇ ਸਮਝਣ ਵਿੱਚ ਲਾਸਾਨੀ ਤੇ ਬੇਮਿਸਾਲ ਹਨ। ਉਨ੍ਹਾਂ ਵਿਅਕਤੀ ਨੂੰ ਨਿਜੀ ਮੁਕਤੀ ਤੱਕ ਸੀਮਿਤ ਨਾ ਰੱਖ ਕੇ ਸਗੋਂ ਸਮਾਜਿਕ ਤੇ ਵਿਸ਼ਵ ਮੁਕਤੀ ਦੇ ਆਦਰਸ਼ ਨੂੰ ਉਸਦੇ ਸਾਹਮਣੇ ਰੱਖਿਆ ਹੈ।

ਵਿਅਕਤੀ ਨੂੰ ਆਪਣੇ ਅਧਿਕਾਰਾਂ ਅਤੇ ਫ਼ਰਜਾਂ ਪ੍ਰਤੀ ਪੂਰੀ ਤਰਾਂ ਚੇਤੰਨ ਕੀਤਾ ਹੈ ਅਤੇ ਘਰ-ਬਾਰ ਦਾ ਤਿਆਗ ਕਰਕੇ, ਜ਼ਿੰਮੇਵਾਰੀਆਂ ਤੋਂ ਮੁਨਕਰ ਹੋ ਕੇ ਨੈਤਿਕ ਬਣਨਾ ਜਾਂ ਸੰਤੋਖਮਈ ਜੀਵਨ ਦੀ ਕਰੜੇ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਗੁਰੂ ਸਾਹਿਬਾਨ ਨੇ ਧਰਮ ਨੂੰ ਲੋਕਾਂ ਦੀਆਂ ਸਮਾਜਿਕ ਸਮੱਸਿਆਵਾਂ ਨਾਲ ਜੋੜ ਕੇ ਇਸਦੀ ਪ੍ਰਤਿਸ਼ਠਾ ਬਹਾਲ ਕੀਤੀ ਹੈ। ਉਨ੍ਹਾਂ ਤਾਂ ਧਰਮ ਵਿੱਚ ਭਾਂਜਵਾਦੀ ਨੀਤੀ ਅਪਣਾਉਣ ਨਾਲੋਂ ਸਮਾਜ ਵਿੱਚ ਸੂਰਵੀਰ ਜੋਧਿਆਂ ਦੀ ਸਿਰਜਣਾ ਕੀਤੀ ਹੈ ਤੇ ਜਿਸ ਦੀ ਪ੍ਰਤੱਖ ਉਦਾਹਰਣ ਖਾਲਸਾ ਪੰਥ ਦੀ ਸਾਜਣਾ ਹੈ ਉਨ੍ਹਾਂ ਮਨੁੱਖ ਨੂੰ ਆਪਣੀ ਹੋਣੀ ਪ੍ਰਤੀ ਕੇਵਲ ਸੁਚੇਤ ਹੀ ਨਹੀਂ ਕੀਤਾ ਬਲਕਿ ਇਸ ਹੋਣੀ ਨੂੰ ਬਰਕਰਾਰ ਰੱਖਦਿਆਂ ਸਮੁੱਚੀ ਮਾਨਵਤਾ ਲਈ ਲੜਨ ਮਰਨ ਦਾ ਸਿਧਾਂਤ ਵੀ ਦ੍ਰਿੜ ਕਰਵਾਇਆ:-

*ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥*

*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥*[42]

ਗੁਰੂ ਨਾਨਕ ਸਾਹਿਬ ਨੇ ਆਪਣੀ ਦਿੱਬ ਦ੍ਰਿਸ਼ਟੀ ਸਦਕਾ ਸਮਕਾਲੀ ਹਾਲਾਤਾਂ ਦੇ ਵਿਖਿਆਨ ਵਿੱਚ ਪੰਦਰਵੀਂ ਸਦੀ ਵਿੱਚ ਪੰਜਾਬ ਦੀ ਧਰਤੀ ਤੇ ਕ੍ਰਾਂਤੀਕਾਰੀ ਕਦਮ ਚੁੱਕ ਕੇ ਇਕ ਇਨਕਲਾਬੀ ਧਰਮ ਨੂੰ ਜਨਮ ਦਿੱਤਾ ਤੇ ਸਮੁੱਚੇ ਸਮਾਜ ਦੀ ਨੁਹਾਰ ਹੀ ਬਦਲ ਦਿੱਤੀ ਜਿਸ ਸਦਕਾ ਇਸੇ ਲਹਿਰ ਨੂੰ ਨਿਰੰਤਰ ਬਾਕੀ ਗੁਰੂ ਸਾਹਿਬਾਨ ਨੇ ਚਾਲੂ ਰੱਖਿਆ ਅਤੇ ਸਤਾਰਵੀਂ ਸਦੀ ਵਿੱਚ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ 'ਸੰਤ-ਸਿਪਾਹੀ' ਦੇ ਰੂਪ ਵਿੱਚ ਖਾਲਸਾ ਸਿਰਜ ਕੇ ਇਸਨੂੰ ਇਕ ਹੋਰ ਨਵੀਂ ਦਿੱਖ ਪ੍ਰਦਾਨ ਕੀਤੀ। ਇਹ ਲਹਿਰ ਕੱਟੜ ਬ੍ਰਾਹਮਣ ਧਰਮ ਦੇ ਕਰਮਕਾਂਡਾਂ ਦੇ ਵਿਰੁੱਧ ਰੋਸ ਲਹਿਰ ਵਜੋਂ ਉਤਪੰਨ ਹੋਈ ਅਤੇ ਵੱਖਰੀ ਕੌਮ ਹੋਣ ਦੇ ਨਾਤੇ ਆਪਣੀ ਹਸਤੀ ਦੀ ਪਹਿਚਾਣ ਕਰਵਾਈ। ਇਸ ਲਈ ਗੁਰੂ ਸਾਹਿਬਾਨ ਨੇ ਮਨ ਵਿੱਚ ਦੂਜਿਆਂ ਪ੍ਰਤੀ ਈਰਖਾ ਅਤੇ ਨਫਰਤ ਦੀ ਭਾਵਨਾ ਤੋਂ ਉੱਪਰ ਉਠ ਕੇ ਸਰਬ ਸਾਂਝੇ ਕੌਮੀ ਜੀਵਨ ਵਿੱਚ ਪਿਆਰ, ਸਹਿਯੋਗ ਦੀ ਭਾਵਨਾ ਦੇ ਹਮਾਇਤੀ ਹੋਣ ਦਾ ਰਾਹ ਦਰਸਾਇਆ। ਜਿਸ ਵਿੱਚ ਧਰਮ, ਜਾਤ, ਵਰਣ, ਅਤੇ ਦੇਸ਼ ਦਾ ਕੋਈ ਵਿਤਕਰਾ ਨਾ ਹੋ ਕੇ 'ਏਕ ਦ੍ਰਿਸਟਿ ਕਰਿ ਸਮਸਰਿ ਜਾਣੈ' ਦੇ ਸਿਧਾਂਤ ਨੂੰ ਪ੍ਰੋਤਸਾਹਿਤ ਕੀਤਾ।

ਸਰਬ-ਸਾਂਝੀਵਾਲਤਾ ਦਾ ਰਾਹ ਅਖਤਿਆਰ ਕਰਨਾ, ਸੁਚੱਜੀ ਜੀਵਨ ਜਾਚ ਅਪਣਾਉਣਾ ਜਾਂ ਮਾੜੇ ਕੰਮਾਂ ਨੂੰ ਤਿਆਗ ਕੇ ਸੁਚੱਜਾ ਜੀਵ ਬਣਨਾ ਅਜਿਹਾ ਸਭ ਅਮਲੀ ਰੂਪ ਵਿੱਚ ਕਰਨ ਲਈ ਗੁਰਬਾਣੀ ਵਿੱਚ ਜੀਵਾਂ ਨੂੰ ਕਿਤੇ ਵੀ ਕੋਈ ਲਾਲਚ ਜਾਂ ਭਰਮ-ਭੁਲੇਖੇ ਵਿੱਚ ਨਹੀਂ ਰੱਖਿਆ ਗਿਆ ਕਿ

ਇਸਦੇ ਬਦਲੇ ਮਨੁੱਖ ਨੂੰ ਅਨੇਕਾਂ ਸੁੱਖ ਸੁਵਿਧਾਵਾਂ ਦੀ ਪ੍ਰਾਪਤੀ ਹੋਵੇਗੀ ਜਿਵੇਂ ਕਿ ਅਲੱਗ ਅਲੱਗ ਧਰਮਾਂ ਵਿੱਚ ਅਜਿਹੇ ਲਾਲਚ ਦਿੱਤੇ ਜਾਂਦੇ ਹਨ ਕਿ ਖਾਸ ਜਗ੍ਹਾਂ ਇਸ਼ਨਾਨ ਕਰਕੇ ਜਾਂ ਅਜਿਹੀਆਂ ਪੂਜਾ ਬੰਧਨਾਂ ਦੀਆਂ ਵਿਧੀਆਂ ਅਪਣਾ ਕੇ, ਖਾਸ ਦਿਨਾਂ, ਵਾਰਾਂ ਤੇ ਖਾਸ ਦੇਵੀ ਦੇਵਤਿਆਂ ਦੀ ਪੂਜਾ ਕਰਕੇ ਮੁਕਤੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਜਾਂ ਪੈਗੰਬਰ ਆਪਣੀ ਸਿਫਾਰਸ਼ ਨਾਲ ਸਾਰੇ ਗੁਨਾਹ ਮੁਆਫ ਕਰਵਾ ਦੇਵੇਗਾ ਜਾਂ ਦੇਵੀ-ਦੇਵਤਿਆਂ ਅੱਗੇ ਕੁਰਬਾਨੀਆਂ ਦੇ ਕੇ ਮੁਰਾਦਾਂ ਦੀ ਪ੍ਰਾਪਤੀ ਹੋਵੇਗੀ  ਜਾਂ ਕਿਸੇ ਖਾਸ ਪ੍ਰਕਾਰ ਦੀ ਸ਼ਕਤੀ ਹਾਸਿਲ ਕੀਤੀ ਜਾ ਸਕਦੀ ਹੈ। ਗੁਰਬਾਣੀ ਵਿੱਚ ਅਜਿਹੇ ਲਾਲਚ ਜਾਂ ਵਹਿਮਾਂ-ਭਰਮਾਂ ਦੀ ਬਜਾਇ ਇੱਕ ਪਰਮਾਤਮਾ ਵਿੱਚ ਵਿਸ਼ਵਾਸ਼ ਰੱਖਣ ’ਤੇ ਜ਼ੋਰ ਦਿੱਤਾ ਗਿਆ ਹੈ ਕਿ ਮਨੁੱਖ ਚੰਗੇ ਜਾਂ ਮਾੜੇ ਹਾਲਾਤਾਂ ਵਿੱਚ ਕਿਸੇ ਬਾਹਰੀ ਆਸਰੇ ਦੀ ਉਮੀਦ ਨਾਲੋਂ ਪਰਮਾਤਮਾ ਦੇ ਨਾਮ-ਸਿਮਰਨ ਨਾਲ ਜੁੜਿਆ ਰਹੇ, ਉਸਦੇ ਸਾਰੇ ਕਾਰਜ ਪਰਮਾਤਮਾ ਦੀ ਰਜ਼ਾ ਅਨੁਸਾਰ ਆਪਣੇ ਆਪ ਨੇਪਰੇ ਚੜ ਜਾਣਗੇ :

*ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥*

*ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥*[43]

ਜੀਵਨ ਵਿੱਚ ਕਿਸੇ ਬਾਹਰੀ ਆਸਰਿਆ ਤੇ ਓਟ ਰੱਖਣ ਨਾਲੋਂ ਉਸ ‘ਸਰਵ-ਸ਼ਕਤੀਮਾਨ ਪਰਮਾਤਮਾ’ ’ਤੇ ਵਿਸ਼ਵਾਸ਼ ਰੱਖਣ ’ਤੇ ਹੀ ਬਲ ਦਿੱਤਾ ਗਿਆ ਹੈ। ਗੁਰਬਾਣੀ ਤਾਂ ਰਾਜ ਨ ਚਾਹਓ ਮੁਕਤਿ ਨ ਚਾਹਓ ਦਾ ਨਿਸ਼ਾਨਾ ਹੀ ਮਨੁੱਖ ਲਈ ਅੰਤਿਮ ਲਕਸ਼ ਮੰਨਦੀ ਹੈ ਪਰ ਆਧੁਨਿਕ ਸਮਾਜ ਵਿੱਚ ਮਨੁੱਖ ਅਜਿਹੇ ਵਹਿਮਾਂ ਭਰਮਾਂ ਦਾ ਸ਼ਿਕਾਰ ਹੈ ’ਤੇ ਸ਼ਬਦ ਗੁਰੂ ਤੇ ਓਟ ਰੱਖਣ ਨਾਲੋਂ ਸ਼ਖ਼ਸੀ ਗੁਰੂਆਂ ’ਤੇ ਓਟ ਆਸਰਾ ਰੱਖ ਕੇ ਆਪਣੇ ਕਾਰਜਾਂ ਵਿੱਚ ਸਿੱਧੀ ਦੀ ਉਮੀਦ ਰੱਖੀ ਬੈਠਾ ਹੈ ਜਦ ਕਿ ਇਹ ਗੁਰੂ ਵੀ ਇਕ ਇਸ਼ਟ ਨਾਲ ਜੁੜਣ ਦਾ ਰਾਹ ਦਰਸਾਉਣ ਨਾਲੋਂ ਆਪਣੇ ਨਾਲ ਮਨੁੱਖਤਾ ਨੂੰ ਜੋੜੀ ਰੱਖਦੇ ਹਨ ਕਿਉਂਕਿ ਕਈ ਡੇਰੇਦਾਰਾਂ ਨੂੰ ਤਾਂ ਇਸ਼ਟ ਦਾ ਦਰਜਾ ਪ੍ਰਾਪਤ ਹੈ। ਅਜਿਹੇ ਪਖੰਡਾਂ ਸਦਕਾ ਪੰਥ ਦੀ ਸਮਾਜਿਕ ਏਕਤਾ ਬਿਖਰਦੀ ਜਾ ਰਹੀ ਹੈ ਪਰ ਗੁਰਬਾਣੀ  ਮਨੁੱਖ ਨੂੰ ਉਸ ਪਰਮਾਤਮਾ ਦੀ ਪਛਾਣ ਕਰਨ ਲਈ ਬਾਹਰੀ ਆਸਰਿਆਂ ਨਾਲੋਂ ਆਪਣਾ ਆਪ ਪਛਾਣਨ ਤੇ ਜ਼ੋਰ ਦਿੰਦੀ ਹੈ ਕਿਉਂਕਿ ਇਹ ਇਸ਼ਟ ਮਨੁੱਖ ਦੀਆਂ ਇਛਾਵਾਂ ਦੀ ਪੂਰਤੀ ਕਰਨ ਦੇ ਸਮਰੱਥ ਨਹੀਂ ਹੁੰਦੇ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ‘ਆਤਮ ਚੀਨਿ ਪਰਮ ਸੁਖੁ ਪਾਇਆ’ ਅਨੁਸਾਰ ਪਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਦਾ ਰਸਤਾ ਸਮਝਾਉਂਦੇ ਹਨ ਕਿਉਂਕਿ ਜਦ ਤਕ ਮਨੁੱਖ ਉਸ ਪਰਮਾਤਮਾ ਦਾ ਨਾਮ ਸਿਮਰ ਕੇ ਉਸਦੀ ਪਛਾਣ ਨਹੀਂ ਕਰਦਾ, ਉਸਦੇ ਅੰਦਰ ਦੇ ਵਹਿਮ-ਭਰਮ ਭਟਕਣਾ ਕਦੇ ਵੀ ਖ਼ਤਮ ਨਹੀਂ ਹੁੰਦੀ। ਜਿਸ ਬਾਰੇ ਗੁਰਬਾਣੀ ਫੁਰਮਾਨ ਹੈ:

*ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥*[44]

ਆਪਣਾ ਆਪ ਪਛਾਣ ਕੇ ਅਤੇ ਵਾਹਿਗੁਰੂ ਵਲੋਂ ਬਖਸ਼ੀ ਹਿੰਮਤ, ਮਿਹਨਤ ਤੇ ਲਗਨ ਦੇ ਗੁਣਾਂ ਸਦਕਾ ਮਨੁੱਖ ਦੀ 'ਪ੍ਰੀਤ ਚਰਨ ਕਮਲਾਰੇ' ਨਾਲ ਜੁੜ ਕੇ ਹੀ ਉਸ ਪਰਮ ਸੱਚ ਦੀ ਜੋਤ ਨਾਲ ਅਭੇਦਤਾ ਦਾ ਰਾਹ ਦਰਸਾਇਆ ਹੈ। ਇਸ ਰਸਤੇ ਵਿੱਚ ਸ਼ਬਦ ਗੁਰੂ ਤੋਂ ਇਲਾਵਾ ਕਿਸੇ ਹੋਰ ਦੇ ਆਸਰੇ ਨੂੰ ਮਾਨਤਾ ਨਹੀਂ ਦਿੱਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮੁੱਚੀ ਲੋਕਾਈ ਲਈ ਸਰਬ-ਸਾਂਝਾ ਹੈ। ਭਾਵੇਂ ਕਿ ਸਿੱਖ ਧਰਮ ਵਿੱਚ ਕਿਸੇ ਨੂੰ ਵੀ ਸਮਾਜਿਕ, ਧਾਰਮਿਕ ਜਾਂ ਰਾਜਨੀਤਿਕ ਪੱਖ ਤੋਂ ਕੋਈ ਵਿਸ਼ੇਸ਼ ਪ੍ਰਤਿਸ਼ਠਾ ਹਾਸਿਲ ਨਹੀਂ ਤੇ ਨਾ ਹੀ ਕਿਸੇ ਨਾਲ ਕਿਸੇ ਦੀ ਜਾਤ,ਵਰਗ ਜਾਂ ਪਦਵੀ ਦੇ ਅਧਾਰ 'ਤੇ ਵਿਤਕਰਾ ਕੀਤਾ ਜਾਂਦਾ ਹੈ ਪਰ ਫਿਰ ਵੀ ਸਮਾਜ ਵਿੱਚ ਅਜਿਹੀ ਨਾ-ਬਰਾਬਰੀ ਅਤੇ ਬੇਇਨਸਾਫੀ ਕਿਸੇ ਹੱਦ ਤੱਕ ਅਜੇ ਵੀ ਫੈਲੀ ਹੋਈ ਹੈ। ਸਮਾਜ ਵਿੱਚ ਇਸਤਰੀ ਨੂੰ ਸ਼ੁਰੂ ਤੋਂ ਹੀ ਤਰਸਮਈ ਹਾਲਤ ਨਾਲ ਦੇਖਿਆ ਜਾਂਦਾ ਆ ਰਿਹਾ ਹੈ। ਰਾਜਿਆਂ-ਮਹਾਰਾਜਿਆਂ, ਧਾਰਮਿਕ ਕੱਟੜਪੰਥੀਆਂ, ਜੋਗੀਆਂ, ਮੁਲਾਣਿਆਂ ਦੀਆਂ ਨਜ਼ਰਾਂ ਵਿੱਚ ਇਸਤਰੀ ਹਮੇਸ਼ਾ ਹੀ ਇਕ ਕੱਠਪੁਤਲੀ ਬਣ ਕੇ ਰਹੀ ਹੈ। ਸ਼ੁਰੂ ਤੋਂ ਹੀ ਇਸਦੇ ਜਨਮ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਪਰ ਗੁਰਬਾਣੀ ਅਨੁਸਾਰ ਇਸਤਰੀ ਦੇ ਜਨਮ ਨੂੰ ਕਦੇ ਵੀ ਮਾੜੇ ਕਰਮਾਂ ਦੀ ਸਜ਼ਾ ਨਹੀਂ ਮੰਨਿਆ ਗਿਆ । ਗੁਰੂ ਨਾਨਕ ਸਾਹਿਬ ਨੇ ਤਾਂ ਇਸਨੂੰ ਰਾਜਿਆਂ ਦੀ ਜਣਨੀ ਹੋਣ ਦਾ ਮਾਣ ਬਖਸ਼ਿਆ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਮਾਤਾ ਖੀਵੀ ਨੂੰ ਲੰਗਰ ਦਾ ਪ੍ਰਬੰਧ ਚਲਾਉਣ ਲਈ ਮੋਹਰੀ ਬਣਾਇਆ ਗਿਆ ਅਤੇ ਸੰਗਤ-ਪੰਗਤ ਦੇ ਸੰਕਲਪ ਵਿੱਚ ਉਨ੍ਹਾਂ ਨਾਲ ਕੋਈ ਨਾ-ਬਰਾਬਰੀ ਨਹੀਂ ਕੀਤੀ ਗਈ। ਗੁਰੂ ਅਮਰਦਾਸ ਜੀ ਨੇ ਇਸਤਰੀ ਵਿੱਚ ਘੁੰਡ ਕੱਢਣ ਦੇ ਰਿਵਾਜ਼ ਦਾ ਖਾਤਮਾ ਕੀਤਾ, ਵਿਧਵਾ ਵਿਆਹ ਦਾ ਸਮਰਥਨ ਕਰਦੇ ਹੋਏ ਸਤੀ ਦੀ ਭੈੜੀ ਰਸਮ ਦੀ ਪੁਰਜ਼ੋਰ ਨਿਖੇਧੀ ਕੀਤੀ। ਗੁਰੂ ਅਮਰਦਾਸ ਜੀ ਵਲੋਂ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਦਾ ਮਾਣ ਸਤਿਕਾਰ ਦਿਵਾਉਣ ਲਈ ਧਰਮ ਪ੍ਰਚਾਰ ਲਈ 22 ਮੰਜੀਆਂ ਥਾਪੀਆਂ ਜਿਸ ਵਿਚੋਂ ਦੋ ਮੰਜੀਆਂ ਤੇ ਇਸਤਰੀ ਪ੍ਰਚਾਰਕਾਂ ਨੂੰ ਥਾਪਿਆ ਗਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸਤਰੀ ਨੂੰ ਮਰਦ ਦੇ ਈਮਾਨ ਦੀ ਰਖਵਾਲੀ ਦਰਸਾਇਆ। ਗੁਰਮਤਿ ਦੇ ਮਹਾਨ ਫਿਲਾਸਫਰ ਭਾਈ ਗੁਰਦਾਸ ਜੀ ਨੇ ਸਿੱਖਾਂ ਨੂੰ ਉਨ੍ਹਾਂ ਦੀ ਉਮਰ ਦੇ ਲਿਹਾਜ਼ ਅਨੁਸਾਰ ਵਿਹਾਰ ਕਰਨ ਅਤੇ ਸਤਿਕਾਰ ਦੇਣ ਲਈ ਤਾਕੀਦ ਕੀਤੀ :

*ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ॥*

*ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥*[45]

ਗੁਰੂ ਗੋਬਿੰਦ ਸਿੰਘ ਨੇ ਇਸਤਰੀ ਦੇ ਸਤਿਕਾਰ ਹਿਤ ਪੁਰਜ਼ੋਰ ਯਤਨ ਕੀਤੇ। ਖਾਲਸਾ ਪੰਥ ਦੀ ਸਾਜਨਾ ਵੇਲੇ ਅੱਜ ਵੀ ਇਸਤਰੀ ਨੂੰ ਬਰਾਬਰ ਅੰਮ੍ਰਿਤ ਛਕਾਇਆ ਜਾਂਦਾ ਹੈ, ਦੋਵਾਂ ਲਈ ਰਹਿਤ ਮਰਿਯਾਦਾ ਬਰਾਬਰ ਹੈ, ਇਸਤਰੀਆਂ ਵੀ ਦਸਤਾਰ ਸਜਾ ਸਕਦੀਆਂ ਹਨ। ਕੀਰਤਨ, ਪਾਠ, ਕਥਾ ਕਰ ਸਕਦੀਆਂ ਹਨ। ਇਸਦੇ ਨਾਲ ਹੀ ਇਸਤਰੀ ਨੂੰ ਪਿਤਾ ਪੁਰਖੀ ਜਾਇਦਾਦ ਦਾ ਵੀ ਬਰਾਬਰ ਹੱਕ ਹੈ। ਗੁਰੂ ਸਾਹਿਬਾਨ ਦੇ ਯਤਨਾਂ ਸਦਕਾ ਹੀ ਇਸਤਰੀ ਆਜ਼ਾਦੀ ਦੀ ਹੱਕਦਾਰ ਬਣੀ ਹੈ। ਜਿਸ ਦੀ ਮਿਸਾਲ ਸਿੱਖ ਇਤਿਹਾਸ ਵਿਚੋਂ ਮਾਈ ਭਾਗੋ, ਮਹਾਰਾਣੀ ਜ਼ਿੰਦਾ, ਸਦਾ ਕੌਰ ਦੇ ਰੂਪ ਵਿੱਚ ਸਹਿਜੇ ਹੀ ਮਿਲ ਜਾਂਦੀ ਹੈ। ਖਾਲਸਾ ਰਹਿਤ ਵਿੱਚ ਤਾਂ ਕੁੜੀ ਮਾਰ ਨਾਲ ਨਾ ਮਿਲਵਰਤਨ ਦਾ ਆਦੇਸ਼ ਵੀ ਦਰਜ ਹੈ। ਪਰ ਅਫਸੋਸ ਕਿ ਸਮਾਜ ਵਿੱਚ ਅਜੇ ਵੀ ਭਰੂਣ ਹੱਤਿਆ ਅਤੇ ਕੁੜੀ ਨੂੰ ਮਾਰ ਕੇ ਸਿੱਖਾਂ ਦੀ ਅਬਾਦੀ ਵਿੱਚ ਕਾਫੀ ਮਰਦ- ਇਸਤਰੀ ਅਨੁਪਾਤ ਵਿੱਚ ਫਰਕ ਆ ਚੁੱਕਾ ਹੈ। ਅਜੇ ਵੀ ਇਸਤਰੀ ਨਾਲ ਬੇਪੱਤੀ, ਬਦਨਾਮੀ, ਬਦਸਲੂਕੀ ਜਿਹੇ ਅਪਰਾਧ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਮੂਲ ਕਾਰਨ ਸਮਾਜ ਵਿੱਚ ਲੋਕਾਂ ਦਾ ਲਾਲਚੀ ਤੇ ਰੁਖਾਪਣ ਸੁਭਾਅ ਹੈ। ਅੱਜ ਵੀ ਬਿਰਤੀ ਹੈ ਕਿ ਕੁੜੀ ਦੇ ਵਿਆਹ ਸਮੇਂ ਮਣਾਂ-ਮੂੰਹੀ ਦਾਜ ਦੇ ਕੇ ਦਹੇਜ਼ ਦੇ ਲਾਲਚੀਆਂ ਦਾ ਮੂੰਹ ਬੰਦ ਕੀਤਾ ਜਾਵੇ। ਪਰ ਇਹ ਸਮੱਸਿਆ ਗੰਭੀਰ ਰੂਪ ਵਿੱਚ ਸਮਾਜ ਵਿੱਚ ਫੈਲੀ ਹੋਈ ਹੈ।

ਆਧੁਨਿਕ ਵਿੱਦਿਆ ਦੇ ਪ੍ਰਭਾਵ ਨਾਲ ਭਾਵੇਂ ਪੜ੍ਹੇ ਲਿਖੇ ਵਰਗ ਵਿਚ ਦਾਜ ਨਾ ਲੈਣ-ਦੇਣ ਦਾ ਰੁਝਾਣ ਵੀ ਪ੍ਰਗਤੀਸ਼ੀਲ ਹੈ ਪਰ ਫਿਰ ਵੀ ਇਸ ਕੋਝੀ ਬਿਮਾਰੀ ਉੱਪਰ ਸਮਾਜਿਕ ਰੂਪ ਵਿੱਚ ਅਮਲ ਦੀ ਕਾਫੀ ਘਾਟ ਪ੍ਰਤੀਤ ਹੁੰਦੀ ਹੈ। ਭਾਵੇਂ ਸਮਾਜ ਵਿੱਚ ਵਿੱਦਿਆ ਦਾ ਮਿਆਰ ਬਹੁਤ ਉੱਚਾ ਚੁੱਕਿਆ ਗਿਆ ਹੈ ਤਾਂ ਵੀ ਉੱਚ ਸਿੱਖਿਆ ਪ੍ਰਾਪਤ, ਉਸਾਰੂ ਸੋਚ ਦੇ ਨੌਜਵਾਨ ਗਿਣਾਤਮਕ ਪੱਖ ਤੋਂ ਬਹੁਤ ਘੱਟ ਨਜ਼ਰ ਆਉਂਦੇ ਹਨ। ਵਰਤਮਾਨ ਵਿਗਿਆਨਕ ਯੁੱਗ ਵਿੱਚ ਨਵੀਨ ਖੋਜਾਂ ਸਦਕਾ ਮਨੁੱਖੀ ਸਹੂਲਤਾਂ ਲਈ ਨਵੀਨ ਸਾਧਨ ਮੁਹੱਈਆ ਹੋ ਚੁੱਕੇ ਹਨ। ਇਸ ਯੁੱਗ ਵਿੱਚ ਇਸਤਰੀ ਨੂੰ ਮਰਦ ਦੇ ਬਰਾਬਰ ਦੀ ਭਾਈਵਾਲ ਸਮਝਿਆ ਜਾ ਰਿਹਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਪੁਲਾੜ ਵਿਗਿਆਨੀ ਖੋਜਾਂ, ਡਾਕਟਰ, ਵਕੀਲ, ਜੱਜ, ਮੀਡੀਆ ਤੋਂ ਇਲਾਵਾ ਸਮਾਜਿਕ, ਧਾਰਮਿਕ, ਰਾਜਨੀਤਿਕ ਆਦਿ ਗੱਲ ਕੀ ਹਰ ਖੇਤਰ ਵਿੱਚ ਇਸਤਰੀਆਂ ਮਰਦ ਤੋਂ ਪਿੱਛੇ ਨਹੀਂ ਰਹੀਆਂ। ਭਾਰਤੀ ਸੰਵਿਧਾਨ ਵਿੱਚ ਇਸਤਰੀ ਨੂੰ ਮਰਦ ਦੇ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ। ਅੱਜ ਦੀ ਇਸਤਰੀ ਦੀ ਹਾਲਤ ਹੁਣ ਤ੍ਰਿਸਕਾਰਯੋਗ

ਨਹੀਂ ਰਹੀ। ਉਸਦੇ ਸਵੈਮਾਣ, ਅਣਖ, ਆਬਰੂ ਨੂੰ ਕਾਇਮ ਰੱਖਣ ਹਿਤ ਸਰਕਾਰ ਵਲੋਂ ਭਰੂਣ ਹੱਤਿਆ ਨੂੰ ਕਾਨੂੰਨੀ ਅਪਰਾਧ ਸਾਬਿਤ ਕਰਕੇ ਦੋਸ਼ੀ ਨੂੰ ਕੈਦ ਜਾਂ ਜ਼ੁਰਮਾਨੇ ਦੀ ਵਿਵਸਥਾ ਵੀ ਕੀਤੀ ਜਾ ਚੁੱਕੀ ਹੈ। ਅੱਜ ਦੇ ਹਾਲਾਤਾਂ ਦੇ ਮੱਦੇ ਨਜ਼ਰ ਸਭ ਤੋਂ ਮਹੱਤਵਪੂਰਨ ਜ਼ਰੂਰਤ ਇਸਤਰੀਆਂ ਨੂੰ ਆਪਣੇ ਹੱਕਾਂ, ਆਪਣੇ ਅਧਿਕਾਰਾਂ ਪ੍ਰਤਿ ਜਾਗਰੂਕ ਹੋਣ ਦੀ ਹੈ ਜਿੰਨੀ ਦੇਰ ਤੱਕ ਉਹ ਖ਼ੁਦ ਮੈਦਾਨ ਵਿੱਚ ਨਿੱਤਰ ਕੇ ਆਪਣੀ ਮਦਦ ਆਪ ਕਰਨ ਦੇ ਯੋਗ ਨਹੀਂ ਹੁੰਦੀਆਂ, ਉਨੀਂ ਦੇਰ ਤੱਕ ਉਨ੍ਹਾਂ ਨੂੰ ਬੇਪੱਤੀ, ਬਦਸਲੂਕੀ ਜਿਹੇ ਅਪਰਾਧਾਂ ਦਾ ਸਾਹਮਣਾ ਕਰਨਾ ਹੀ ਪਵੇਗਾ। 'ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ' ਅਨੁਸਾਰ ਉਨ੍ਹਾਂ ਨੂੰ ਆਪਣੀ ਆਤਮ ਰੱਖਿਆ ਲਈ ਬਲਵਾਨ ਹੋਣਾ ਹੀ ਪਵੇਗਾ। ਵਰਤਮਾਨ ਸਮਾਜ ਵਿੱਚ ਇਸਤਰੀ ਦੀ ਸਵੈ-ਰੱਖਿਆ ਦੀਆਂ ਕਾਫੀ ਉਦਾਹਰਣਾਂ ਸਾਡੇ ਸਾਹਮਣੇ ਆਈਆਂ ਹਨ। ਗੁਰੂ ਗੋਬਿੰਦ ਸਾਹਿਬ ਨੇ ਵੀ ਅੰਮ੍ਰਿਤ ਛਕਾਉਣ ਵਿੱਚ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਦਰਜਾ ਇਸੇ ਲਈ ਹੀ ਦਿੱਤਾ ਹੈ ਕਿ ਉਹ ਹੁਣ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਰਹਿ ਕੇ ਮਜ਼ਬੂਰ ਜਾਂ ਲਾਚਾਰ ਬਣ ਕੇ ਹੀ ਨਾ ਰਹੇ ਬਲਕਿ ਮਰਦ ਵਾਂਗ ਸ਼ੇਰ ਬਣ ਕੇ ਹਰ ਇਕ ਦਾ ਦਲੇਰੀ ਨਾਲ ਮੁਕਾਬਲਾ ਕਰ ਸਕੇ ਤੇ ਆਪਣੇ ਹੱਕਾਂ ਪ੍ਰਤਿ ਸੁਚੇਤ ਹੋ ਕੇ ਇਹਨਾਂ ਦੀ ਪ੍ਰਾਪਤੀ ਲਈ ਜੂਝ ਪਵੇ। ਸਮਾਜ ਵਿੱਚ ਅਜੋਕੇ ਦੌਰ ਵਿੱਚ ਇਸਤਰੀ ਪ੍ਰਤਿ ਕਾਫੀ ਸੁਧਾਰ ਹੋ ਚੁੱਕੇ ਹਨ। ਇਸਤਰੀ ਨੂੰ ਸਮਾਜ ਵਿੱਚ ਹੁਣ ਸਨਮਾਨਯੋਗ ਥਾਂ ਹਾਸਿਲ ਹੈ ਜੋ ਸਿਰਫ ਤੇ ਸਿਰਫ ਗੁਰੂ ਸਾਹਿਬਾਨ ਦੇ ਕੀਤੇ ਯਤਨਾਂ ਸਦਕਾ ਅਤੇ ਗੁਰਬਾਣੀ ਦੀ ਸੇਧ ਸਦਕਾ ਹੀ ਸੰਭਵ ਹੋ ਸਕਿਆ ਹੈ। ਹੁਣ ਵੀ ਜ਼ਰੂਰਤ ਹੈ ਗੁਰਬਾਣੀ ਦੇ ਸਾਂਚੇ ਵਿੱਚ ਢੱਲ ਕੇ , ਨੈਤਿਕ ਆਦਰਸ਼ਾਂ ਨੂੰ ਆਪਣੇ ਅਮਲੀ ਜੀਵਨ ਵਿੱਚ ਧਾਰਨ ਕਰਨ ਦੀ, ਤਾਂ ਕਿ ਸਮਾਜ ਵਿੱਚ ਆਉਣ ਵਾਲੀ ਗਿਰਾਵਟ ਨੂੰ ਰੋਕਿਆ ਜਾ ਸਕੇ।

ਸੰਸਾਰ ਵਿੱਚ ਸਭ ਤੋਂ ਵਧੇਰੇ ਨੁਕਸਾਨ ਮਨੁੱਖ ਦੇ ਆਪਣੇ ਨਿੱਜੀ ਔਗੁਣ ਜਾਂ ਐਬ ਹੀ ਕਰਦੇ ਹਨ । ਇਹ ਗੱਲ ਮੰਨਣਯੋਗ ਹੈ ਕਿ ਕੋਈ ਦੇਸ਼ ਭਾਵੇਂ ਕਿੰਨਾ ਵੀ ਵਿਕਾਸ ਕਿਉਂ ਨਾ ਕਰ ਲਵੇ ਪਰ ਜੇਕਰ ਉਥੇ ਦੇ ਲੋਕ ਨਸ਼ਿਆਂ ਵਿੱਚ ਗਲਤਾਨ ਹੋ ਜਾਣ ਤਾਂ ਉਸ ਦੇਸ਼ ਨੂੰ ਡੁੱਬਣ ਤੋਂ ਕੋਈ ਨਹੀਂ ਬਚਾ ਸਕਦਾ। ਜਿਸ ਪੰਜਾਬ ਵਿੱਚ ਕਦੇ ਪੰਜ ਦਰਿਆ ਵਗਦੇ ਸਨ ਤੇ ਚੰਗੀ ਖੁਸ਼ਹਾਲੀ ਦੇ ਪ੍ਰਤੀਕ ਸਨ, ਅੱਜ ਉਸੇ ਪੰਜਾਬ ਵਿੱਚ ਛੇਵਾਂ ਦਰਿਆ ਨਸ਼ਿਆਂ ਦਾ ਵੱਗ ਰਿਹਾ ਹੈ। ਜਿਹੜਾ ਸੂਬਾ ਭਾਰਤ ਦੇ ਸਭ ਸੂਬਿਆਂ ਤੋਂ ਘੱਟ ਨਸ਼ਿਆਂ ਦੀ ਵਰਤੋਂ ਕਰਦਾ ਸੀ, ਅੱਜ ਉਸੇ ਪੰਜਾਬ ਵਿੱਚ ਨਸ਼ਿਆਂ ਦੀ ਹੋੜ੍ਹ ਲੱਗੀ ਪਈ ਹੈ। ਅੱਜ ਪੰਜਾਬ ਦਾ ਵੱਡਾ ਵਰਗ ਇਨ੍ਹਾਂ ਮਾਰੂ ਨਸ਼ਿਆਂ ਦੀ ਲਪੇਟ ਵਿੱਚ ਆ ਕੇ ਤਬਾਹੀ ਵੱਲ ਜਾ ਰਿਹਾ ਹੈ।

ਭਾਵੇਂ ਕੁਦਰਤ ਨੇ ਮਨੁੱਖ ਦੇ ਆਹਾਰ ਵਾਸਤੇ ਬੇਸ਼ੁਮਾਰ ਬੇਸ਼-ਕੀਮਤੀ ਸੁੰਦਰ ਪਦਾਰਥ ਬਖਸ਼ੇ ਹਨ ਜੋ ਉਸ ਦੇ ਸਰੀਰ ਨੂੰ ਤੰਦਰੁਸਤ ਅਤੇ ਸਵੱਛ ਬਣਾਉਂਦੇ ਹਨ ਪਰ ਮਨੁੱਖ ਜੋ ਕਿ ਇਸ ਧਰਤੀ ਦਾ ਸਿਰਤਾਜ ਪ੍ਰਾਣੀ ਗਿਣਿਆ ਜਾਂਦਾ ਹੈ। ਅੱਜ ਤੰਬਾਕੂ, ਸ਼ਰਾਬ, ਹੈਰੋਇਨ, ਸਮੈਕ, ਜਰਦਾ, ਭੁੱਕੀ, ਗਾਂਜਾ, ਚਰਸ ਆਦਿ ਜਿਹੇ ਖਤਰਨਾਕ ਨਸ਼ਿਆਂ ਦਾ ਸੇਵਨ ਕਰਨ ਲੱਗ ਪਿਆ ਹੈ ਤੇ ਆਪਣੇ ਜੀਵਨ ਦੇ ਅਸਲ ਮਨੋਰਥ ਤੋਂ ਬਿਲਕੁਲ ਹੀ ਭਟਕ ਚੁੱਕਾ ਹੈ।

ਜੋ ਮਨੁੱਖ ਆਪਣੇ ਅਤੇ ਆਪਣੇ ਪਰਿਵਾਰ ਦੇ ਚੰਗੇ-ਮਾੜੇ ਬਾਰੇ ਨਹੀਂ ਸੋਚ ਸਕਦਾ, ਉਸ ਤੋਂ ਦੇਸ਼ ਦੀ ਖੁਸ਼ਹਾਲੀ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ? ਗੁਰਬਾਣੀ ਫੁਰਮਾਨ ਹੈ:

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥[46]

ਇਨ੍ਹਾਂ ਔਗੁਣਾਂ ਸਦਕਾ ਹੀ ਮਨੁੱਖ ਕਦੇ ਵੀ ਸੁਚੱਜੀ ਜੀਵਨ ਜਾਚ ਨਹੀਂ ਅਪਣਾਉਂਦਾ ਸਗੋਂ ਹੀ ਇਨ੍ਹਾਂ ਨਸ਼ਿਆਂ ਦੀ ਗ੍ਰਸਤ ਵਿੱਚ ਆ ਕੇ ਸੁਚੱਜੇ ਜੀਵਨ ਨੂੰ ਖ਼ਤਮ ਜ਼ਰੂਰ ਕਰ ਲੈਂਦਾ ਹੈ। ਨਸ਼ਿਆਂ ਦਾ ਪ੍ਰਤੀਕਰਮ ਹੀ ਹੈ ਕਿ ਬੇਸ਼ੁਮਾਰ ਐਕਸੀਡੈਂਟ, ਲੁੱਟਾਂ, ਖੋਹਾਂ, ਘਰੇਲੂ ਝਗੜੇ, ਕੁੱਟਮਾਰ, ਆਵਾਰਾਗਰਦੀ, ਇਸਤਰੀਆਂ ਦੀ ਦੁਰਦਸ਼ਾ, ਅਪਾਹਜ ਬੱਚਿਆਂ ਦੀ ਪੈਦਾਇਸ਼, ਕਰਜ਼ੇ, ਮਾਨਸਿਕ ਪਰੇਸ਼ਾਨੀਆਂ ਜਿਹੇ ਭੈੜੇ ਕੁਕਰਮਾਂ ਦਾ ਸੰਬੰਧ ਨਸ਼ਿਆਂ ਨਾਲ ਹੀ ਜਾ ਜੁੜਦਾ ਹੈ। ਕੋਈ ਸਮਾਂ ਸੀ ਜਦ ਸ਼ਰਾਬ, ਅਫੀਮ, ਤੰਬਾਕੂ ਤੇ ਭੰਗ ਜਿਹੇ ਦੇਸੀ ਨਸ਼ੇ ਪ੍ਰਚਲਿਤ ਸਨ ਤੇ ਇਹ ਵੀ ਸ਼ਰੇਆਮ ਨਾ ਕਰਕੇ ਚੋਰੀ ਹੀ ਕੀਤੇ ਜਾਂਦੇ ਸਨ ਤੇ ਇਨ੍ਹਾਂ ਦਾ ਸੇਵਨ ਕਰਨ ਵਾਲਿਆਂ ਦੀ ਗਿਣਤੀ ਵੀ ਨਾਮਾਤਰ ਸੀ। ਪਰ ਅੱਜ ਤਾਂ ਇਨ੍ਹਾਂ ਨਸ਼ਿਆਂ ਦਾ ਹੜ੍ਹ ਵੱਗਿਆ ਹੋਇਆ ਹੈ। ਵਰਤਮਾਨ ਸਮੇਂ ਵਿੱਚ ਇਹ ਇੰਨੇ ਮਹਿੰਗੇ ਵੀ ਹਨ ਪਰ ਫਿਰ ਵੀ ਆਮ ਆਦਮੀ ਇਨ੍ਹਾਂ ਨੂੰ ਹਾਸਿਲ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹੈ। ਸਭ ਤੋਂ ਚਿੰਤਾਜਨਕ ਗੱਲ ਕਿ ਕੌਮ ਦੀ ਨੌਜੁਆਨ ਪੀੜ੍ਹੀ ਹੀ ਇਨ੍ਹਾਂ ਨਸ਼ਿਆਂ ਵਿੱਚ ਗ੍ਰਸੀ ਪਈ ਹੈ। ਜਿਸ ਸਦਕਾ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ। ਨਸ਼ੇ ਮਨੁੱਖ ਨੂੰ ਸਰੀਰਕ, ਮਾਨਸਿਕ ਤੇ ਆਤਮਿਕ ਪੱਖੋਂ ਗਰੀਬ ਕਰਦੇ ਹਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਇਨ੍ਹਾਂ ਦੁਨਿਆਵੀ ਨਸ਼ਿਆਂ ਦੀ ਤੁੱਛਤਾ ਦਰਸਾ ਕੇ ਸਦੀਵੀ ਨਸ਼ਾ ਦੇਣ ਵਾਲੇ ਅੰਮ੍ਰਿਤ ਦੀ ਗੱਲ ਦਰਸਾਈ ਹੈ। ਗੁਰੂ ਸਾਹਿਬਾਨ ਅਨੁਸਾਰ ਦੁਨਿਆਵੀ ਨਸ਼ੇ ਤਾਂ ਕੁਝ ਘੰਟਿਆਂ ਲਈ ਹੀ ਮਨੁੱਖ ਨੂੰ ਖੁਮਾਰੀ ਬਖਸ਼ਦੇ ਹਨ ਪਰ ਪਰਮਾਤਮਾ ਦੇ ਨਾਮ ਦੇ ਨਸ਼ੇ ਦਾ ਅਸਰ ਦਿਨ-ਰਾਤ ਚੜ੍ਹਿਆ ਹੀ ਰਹਿੰਦਾ ਹੈ। ਸੰਸਾਰਕ ਨਸ਼ੇ ਜਿਥੇ

ਮਨੁੱਖ ਦੀ ਮਤਿ ਨੂੰ ਖੋਟਾ ਕਰਦੇ ਹਨ। ਉਥੇ ਪਰਮਾਤਮਾ ਦੇ ਨਾਮ ਵਿੱਚ ਰੰਗਿਆ ਮਨੁੱਖ ਅਜਿਹੀ ਮਸਤੀ ਵਿੱਚ ਰਹਿੰਦਾ ਹੈ ਕਿ ਪਰਮਾਤਮਾ ਦੇ ਦਰ 'ਤੇ ਧੰਨਤਾ ਦੇ ਪਾਤਰ ਬਣਦੇ ਹਨ:

*ਜੀਉ ਪਿੰਡ ਧਨੁ ਅਰਪਿਆ ਸੇਈ ਪਤਿਵੰਤੇ॥*
*ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ॥*
*ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥*
*ਰਾਮ ਰਸਾਇਣੁ ਜੋ ਰਤੇ ਨਾਨਕ ਸਚ ਅਮਲੀ॥*[47]

ਸ਼ਰਾਬ ਆਦਿ ਨਸ਼ਿਆਂ ਦੇ ਸੇਵਨ ਸਦਕਾ ਹੀ ਮਨੁੱਖ ਆਪਣਾ ਮਾਨਸਿਕ ਸੰਤੁਲਨ ਗਵਾ ਲੈਂਦਾ ਹੈ ਅਤੇ ਹਉਮੇ ਜਿਹੇ ਵਿਕਾਰਾਂ ਦਾ ਉਸ ਉਤੇ ਵਾਸਾ ਹੁੰਦਾ ਹੈ:

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥[48]

ਇਨ੍ਹਾਂ ਵਿਕਾਰਾਂ ਵਿੱਚ ਗ੍ਰਸਤ ਵਿਅਕਤੀ ਨੂੰ ਕਿਤੇ ਵੀ ਸਨਮਾਨ ਨਹੀਂ ਮਿਲਦਾ। ਉਹ ਸਰੀਰਕ ਤੋਰ 'ਤੇ ਵੀ ਨਕਾਰਾ ਹੋ ਜਾਂਦਾ ਹੈ ਤੇ ਅੰਤ ਗਰੀਬੀ ਕੰਗਾਲੀ ਦਾ ਮਾੜਾ ਹਾਲ ਦੇਖਣ ਨੂੰ ਮਿਲਦਾ ਹੈ ਜਿਸਦੇ ਸਿੱਟੇ ਵਜੋਂ ਆਪਣਾ ਅੰਤਲਾ ਸਮਾਂ ਆਪ ਹੀ ਨੇੜੇ ਲੈ ਆਉਂਦਾ ਹੈ। ਇਸ ਲਈ ਗੁਰਬਾਣੀ ਹਰ ਪ੍ਰਕਾਰ ਦੇ ਨਸ਼ੇ ਦੇ ਸੇਵਨ ਤੋਂ ਨਕਾਰਦੀ ਹੈ ਤੇ ਮਨੁੱਖ ਨੂੰ ਅਜਿਹਾ ਨਸ਼ਾ ਕਰਨ ਲਈ ਪ੍ਰੇਰਦੀ ਹੈ ਜਿਸ ਸਦਕਾ ਉਸਦਾ ਲੋਕ ਪਰਲੋਕ ਹਰ ਪਾਸੇ ਤੋਂ ਸੰਵਰ ਜਾਂਦਾ ਹੈ। ਗੁਰਬਾਣੀ ਫੁਰਮਾਨ ਹੈ :

*ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥*
*ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*
*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*
*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥*
*ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥*
*ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥* [49]

ਇਸ ਲਈ ਪਰਮਾਤਮਾ ਦੀ ਦਰਗਾਹ 'ਤੇ ਮਾਣ ਪ੍ਰਾਪਤ ਕਰਨ ਲਈ ਮਨੁੱਖ ਨੂੰ ਦੁਨਿਆਵੀ ਹਰ ਪ੍ਰਕਾਰ ਦੇ ਨਸ਼ੇ ਦੇ ਸੇਵਨ ਤੋਂ ਰੋਕਿਆ ਗਿਆ ਹੈ। ਗੁਰਬਾਣੀ ਵਿਚ ਕੇਵਲ ਸ਼ਰਾਬ ਹੀ

ਨਹੀਂ, ਬਲਕਿ ਹਰ ਪ੍ਰਕਾਰ ਦੇ ਨਸ਼ੇ ਤੋਂ ਵਿਮੁਕਤ ਹੋ ਕੇ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਦਾ ਧਾਰਨੀ ਬਣਨ ਦੀ ਤਾਕੀਦ ਕੀਤੀ ਗਈ ਹੈ :

*ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥*
*ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ*
*ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿਧਾਰੇ॥*
*ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ॥*[50]

ਪਰਮਾਤਮਾ ਦਾ ਨਾਮ ਅਜਿਹੀ ਅਮੋਲਕ ਦਾਤ ਹੈ ਜੋ ਮਨੁੱਖ ਨੂੰ ਜਮਾਂ ਦੀ ਮਾਰ ਤੋਂ ਵੀ ਬਚਾ ਲੈਂਦੀ ਹੈ ਤੇ ਮਨੁੱਖ ਆਵਾਗਵਨ ਦੇ ਚੱਕਰਾਂ ਤੋਂ ਵੀ ਬਚ ਜਾਂਦਾ ਹੈ। ਨਸ਼ਿਆਂ ਦੇ ਸੇਵਨ ਤੋਂ ਇਲਾਵਾ ਸਮਾਜ ਵਿੱਚ ਏਡਜ਼ ਇਕ ਨਾ ਮੁਰਾਦ ਬਿਮਾਰੀ ਹੈ ਜੋ ਕਿ ਸਮਾਜ ਵਿੱਚ ਮਾਰੂ ਸਥਿਤੀ ਪੈਦਾ ਕਰ ਰਹੀ ਹੈ। ਦੇਸ਼ ਭਰ ਵਿੱਚ ਹਜ਼ਾਰਾਂ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ। ਇਸ ਬਿਮਾਰੀ ਦਾ ਭਿਅੰਕਰ ਰੂਪ ਅੰਤ ਮੌਤ ਹੈ। ਪਰ ਡਰ ਅਤੇ ਸ਼ਰਮ ਕਾਰਨ ਇਸ ਬੀਮਾਰੀ ਨਾਲ ਪੀੜਤ ਲੋਕ ਅੱਗੇ ਨਹੀਂ ਆ ਰਹੇ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਅਜਿਹੀਆਂ ਭਿਆਨਕ ਬੀਮਾਰੀਆਂ ਦੀ ਲਪੇਟ ਵਿੱਚ ਆਉਣ ਲਈ ਪਹਿਲਾਂ ਹੀ ਸੁਚੇਤ ਕੀਤਾ ਗਿਆ ਹੈ। ਏਡਜ਼ ਫੈਲਣ ਦਾ ਪ੍ਰਮੁੱਖ ਕਾਰਨ ਪਰ-ਇਸਤਰੀ ਜਾਂ ਪਰ-ਪੁਰਸ਼ ਸੰਬੰਧ ਪੈਦਾ ਹੋਣਾ ਮੰਨਿਆ ਗਿਆ ਹੈ ਜਿਸ ਨਾਲ ਮਨੁੱਖ ਦਾ ਪਰਿਵਾਰਕ ਜੀਵਨ ਵੀ ਤਹਿਸ-ਨਹਿਸ ਹੋ ਜਾਂਦਾ ਹੈ।ਇਸ ਲਈ ਗੁਰਬਾਣੀ ਤਾਂ ਸਪੱਸ਼ਟ ਰੂਪ ਵਿੱਚ ਮਨੁੱਖ ਨੂੰ ਅਜਿਹੇ ਕੋਝੇ ਰਾਹ ’ਤੇ ਜਾਣ ਤੋਂ ਰੋਕਦੀ ਹੈ ਤੇ ਪਰ-ਇਸਤਰੀ ਨੂੰ ਹਮੇਸ਼ਾਂ ਧੀਆਂ ਭੈਣਾਂ ਦੇ ਰੂਪ ਵਿੱਚ ਦੇਖਣ ਨੂੰ ਸਵੀਕਾਰ ਕਰਦੀ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਕਥਨ ਹੈ:

*ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਵੈ॥*[51]

ਸਿੱਖ ਧਰਮ ਦੇ ਸਿਧਾਂਤ ਸਰਬਕਾਲੀ ਹਨ ਜਿਨ੍ਹਾਂ ਨੂੰ ਕਿਸੇ ਨਿਸ਼ਚਿਤ ਕਾਲ ਸੀਮਾਂ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ। ਜੀਵਨ ਦੇ ਹਰ ਪਹਿਲੂ ’ਤੇ ਗੁਰੂ ਸਹਿਬਾਨ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਕੌਮ ਨੂੰ ਇਕ ਵਿਲੱਖਣ ਪਹਿਚਾਣ ਦਿੱਤੀ ਹੈ ਤੇ ਵਿਲੱਖਣ ਰੂਪ ਵਿੱਚ ਸਿੱਖਾਂ ਨੂੰ ਅੰਮ੍ਰਿਤਧਾਰੀ ਬਣਾਇਆ, ਉਨ੍ਹਾਂ ਨੂੰ ਵਿਲੱਖਣ ਸਿਧਾਂਤ ਅਤੇ ਨਿਯਮ ਦਿੱਤੇ ਜੋ ਕਿ ਸਿੱਖ ਦੀ ਸੁਚੱਜੀ ਜੀਵਨ ਜਾਚ ਅਤੇ ਨਿਵੇਕਲੀ ਦਿੱਖ ਲਈ ਵਿਲੱਖਣ ਰੂਪ ਵਿੱਚ ਹੋਂਦ ਵਿੱਚ ਆਏ। ਇਨ੍ਹਾਂ ਚਿੰਨ੍ਹਾਂ ਅਤੇ ਸਿਧਾਂਤਾਂ ਦੇ ਧਾਰਨੀ ਗੁਰੂ ਦੇ ਸਿੱਖ ਨੂੰ ਇਹ ਸਾਰੇ

ਚਿੰਨ੍ਹ ਅਤੇ ਸਿਧਾਂਤਾਂ ਨੂੰ ਅਮਲੀ ਰੂਪ ਵਿੱਚ ਧਾਰਨ ਕਰਕੇ ਮਾਣ ਮਹਿਸੂਸ ਹੁੰਦਾ ਹੈ। ਖਾਲਸੇ ਲਈ ਨਿਤਨੇਮ ਕਰਨਾ, ਪੰਜ ਕਕਾਰੀ ਵਰਦੀ ਧਾਰਨ ਕਰਨੀ ਅਤੇ ਨਾਮ ਜਪਣਾ ਇਹ ਜ਼ਰੂਰੀ ਕਰਾਰ ਦਿੱਤੇ ਗਏ। ਇਸਦੇ ਨਾਲ ਹੀ ਵਿਸ਼ੇ-ਵਿਕਾਰਾਂ ਦਾ ਖਾਤਮਾ ਕਰਨ ਅਤੇ ਚਾਰ ਕੁਰਹਿਤਾਂ ਦੀ ਸਖਤ ਮਨਾਹੀ ਕੀਤੀ ਗਈ। ਇਹ ਕੁਰਹਿਤਾਂ ਹਨ: ਕੇਸਾਂ ਦੀ ਬੇਅਦਬੀ ਕਰਨੀ, ਪਰ-ਇਸਤਰੀ ਗਮਨ, ਤੰਬਾਕੂ ਦੀ ਵਰਤੋਂ ਅਤੇ ਕੁੱਠਾ ਖਾਣਾ। ਇਨ੍ਹਾਂ ਵਿੱਚੋਂ ਕੋਈ ਵੀ ਕੁਰਹਿਤ ਹੋ ਜਾਣ 'ਤੇ ਸਿੱਖ ਦੰਡ ਦਾ ਭਾਗੀ ਹੋ ਜਾਂਦਾ ਹੈ ਤੇ ਗੁਰੂ ਨਾਲ ਉਸ ਦਾ ਆਤਮਿਕ ਰਿਸ਼ਤਾ ਖ਼ਤਮ ਹੋ ਜਾਂਦਾ ਹੈ ਜਿਸ ਸਦਕਾ ਉਹ ਪਤਿਤ ਗਿਣਿਆ ਜਾਂਦਾ ਹੈ। ਗੁਰਬਾਣੀ ਵਿੱਚ ਦਰਸਾਏ ਮਨੁੱਖ ਦੇ ਸਰੂਪ 'ਸਾਬਤ ਸੂਰਤ ਦਸਤਾਰ ਸਿਰਾ' ਅਨੁਸਾਰ ਸਾਰੇ ਹੀ ਗੁਰੂ ਸਾਹਿਬਾਨ ਅਤੇ ਸਿੱਖ ਕੇਸਾਧਾਰੀ ਸਨ। ਖਾਲਸੇ ਲਈ ਕੇਸਾਧਾਰੀ ਹੋਣਾ ਜ਼ਰੂਰੀ ਕਰਾਰ ਦਿੱਤਾ ਗਿਆ ਹੈ ਕਿਉਂਕਿ ਖਾਲਸਾ ਪੰਥ ਦੀ ਪਹਿਚਾਣ ਹੀ 'ਕੇਸ' ਹਨ। ਕੇਸਾਂ ਨੂੰ ਗੁਰੂ ਦੀ ਮੋਹਰ ਕਹਿ ਕੇ ਵਡਿਆਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਪਰਮਾਤਮਾ ਦੇ ਸਰਗੁਣ ਸਰੂਪ ਨੂੰ ਲੰਮੇ ਵਾਲਾਂ ਵਾਲਾ ਦਰਸਾਇਆ ਹੈ:

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*
*ਸੋਹਣੇ ਨਕ ਜਿਨ ਲੰਮੜੇ ਵਾਲਾ॥*[52]

ਸਿੱਖ ਧਰਮ ਦੀ ਮੂਲ ਤੇ ਸਿਰਮੌਰ ਪਹਿਚਾਣ ਇਸਦੇ ਕੇਸਾਧਾਰੀ ਹੋਣ ਵਿੱਚ ਹੈ। ਕੇਸਾਂ ਦੀ ਬੇਅਦਬੀ ਪਰਮਾਤਮਾ ਅਤੇ ਕੁਦਰਤ ਦੇ ਨੇਮਾਂ ਦੀ ਬੇਅਦਬੀ ਕਰਨ ਸਮਾਨ ਹੈ। ਇਨ੍ਹਾਂ ਕੇਸਾਂ ਦੇ ਦੁਆਲੇ ਬੰਨੀ ਦਸਤਾਰ ਕੇਵਲ ਆਮ ਪਹਿਰਾਵੇ ਮਾਤਰ ਕੱਪੜਾ ਨਹੀਂ ਬਲਕਿ ਖਾਲਸੇ ਪੰਥ ਦੀ ਆਨ-ਸ਼ਾਨ ਕਾਇਮ ਰੱਖਣ ਦੀ ਨਿਸ਼ਾਨੀ ਹੈ। ਜਦ ਤੁਰਕ ਸੁਲਤਾਨਾਂ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ ਤਾਂ ਉਹ ਇਹ ਬਰਦਾਸ਼ਤ ਨਾ ਕਰ ਸਕੇ ਕਿ ਗੁਲਾਮ ਹੁੰਦੇ ਹੋਏ ਵੀ ਹਿੰਦੁਸਤਾਨੀ ਸਿਰ 'ਤੇ ਦਸਤਾਰ ਪਹਿਨ ਕੇ ਰੱਖਣ। ਇਸ ਲਈ ਉਹਨਾਂ ਨੂੰ ਗੁਲਾਮੀ ਦਾ ਅਹਿਸਾਸ ਦਿਵਾਉਣ ਲਈ ਸਿਰ ਤੋਂ ਦਸਤਾਰ ਉਤਰਵਾ ਕੇ ਨਿੱਕੀ ਜਿਹੀ ਟੋਪੀ ਦੇ ਦਿੱਤੀ ਜੋ ਕਿ ਪੂਰਨ ਤੌਰ 'ਤੇ ਗੁਲਾਮੀ ਦੀ ਨਿਸ਼ਾਨੀ ਹੈ। ਇਸ ਲਈ ਦਸਤਾਰ (ਪੱਗ) ਮਨੁੱਖ ਦੇ ਆਦਰ-ਸਤਿਕਾਰ ਦੀ ਪ੍ਰਤੀਕ ਮੰਨੀ ਜਾਂਦੀ ਹੈ। ਅੱਜ ਵੀ ਅਸੀਂ ਸਮਾਜ ਵਿੱਚ ਕਿਸੇ ਨੂੰ ਆਦਰ ਸਨਮਾਨ ਬਖਸ਼ਣ ਲਈ ਉਸਨੂੰ ਸਿਰੋਪਾਉ ਭੇਟਾ ਕਰਦੇ ਹਾਂ। ਦਸਤਾਰ ਇਕ ਕਿਸਮ ਦੀ ਜ਼ਿੰਮੇਵਾਰੀ ਦੀ ਸੂਚਕ ਵੀ ਮੰਨੀ ਗਈ ਹੈ ਕਿ ਘਰ ਵਿੱਚ ਕਿਸੇ ਬਜ਼ੁਰਗ ਦੀ ਮੌਤ ਹੋਵੇ 'ਤੇ ਉਸਦੇ ਵੱਡੇ ਪੁੱਤਰ ਨੂੰ ਘਰ ਦੀ ਜ਼ਿੰਮੇਵਾਰੀ ਨਿਭਾਉਣ ਖਾਤਰ ਦਸਤਾਰ (ਪੱਗੜੀ) ਭੇਟ ਕੀਤੀ ਜਾਂਦੀ ਹੈ।

ਗੁਰੂ ਸਾਹਿਬਾਨ ਦੀ ਬਾਣੀ ਵਿੱਚ ਇਸ ਗੱਲ ਤੇ ਸਹਿਮਤੀ ਪ੍ਰਗਟਾਈ ਗਈ ਹੈ ਕਿ ਅਕਾਲ ਪੁਰਖ ਨੇ ਆਪਣਿਆਂ ਸੇਵਕ-ਜਨਾਂ ਨੂੰ ਸਿਰਪਾਉ ਬਖਸ਼ ਕੇ ਦਰ ਪ੍ਰਵਾਨ ਕਰ ਲਿਆ ਹੈ:-

*ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ॥*[53]

ਦਸਤਾਰ ਤੇ ਕੇਸ ਗੁਰੂ ਦੇ ਸਿੱਖਾਂ ਦੀ ਖਾਸ ਪਛਾਣ ਚਿੰਨ੍ਹ ਹਨ। ਜਿਨ੍ਹਾਂ ਸਦਕਾ ਲੱਖਾਂ ਦੀ ਭੀੜ ਵਿੱਚ ਬੈਠਿਆ ਖਾਲਸਾ ਦੂਰੋਂ ਹੀ ਪਹਿਚਾਣਿਆ ਜਾਂਦਾ ਹੈ। ਵਿਦੇਸ਼ਾਂ ਵਿੱਚ ਵੱਸਣ ਵਾਲੇ ਸਿੱਖਾਂ ਨੂੰ ਉਥੇ ਬਹੁਤੀ ਪੁੱਛ-ਪੜਤਾਲ ਦੀ ਜ਼ਰੂਰਤ ਨਹੀਂ ਪੈਂਦੀ। ਕੇਵਲ ਕੇਸਾਧਾਰੀ ਅਤੇ ਦਸਤਾਰਧਾਰੀ ਹੋਣਾ ਹੀ ਉਨ੍ਹਾਂ ਦੇ ਗੁਰੂ ਦਾ ਸਿੱਖ ਹੋਣ ਦਾ ਪਛਾਣ ਚਿੰਨ੍ਹ ਹੈ। ਕੁੱਠਾ ਮਾਸ ਮਨੁੱਖ ਨੂੰ ਬੇਰਹਿਮ ਤੇ ਨਿਰਦਈ ਬਣਾਉਂਦਾ ਹੈ ਕਿਉਂਕਿ ਇਹ ਮਾਸ ਬੇਰਹਿਮੀ ਨਾਲ ਤਿਆਰ ਕੀਤਾ ਜਾਂਦਾ ਹੈ। ਪਰ-ਇਸਤਰੀ ਗਮਨ ਜਿਥੇ ਸਮਾਜਿਕ ਤੌਰ 'ਤੇ ਇਕ ਲਾਹਨਤ ਹੈ, ਉਥੇ ਸਰੀਰਕ ਤੇ ਮਾਨਸਿਕ ਤੌਰ 'ਤੇ ਵੀ ਇਕ ਮਾਰੂ ਪ੍ਰਵਿਰਤੀ ਹੈ। ਇਸ ਨਾਲ ਕਈ ਘਾਤਕ ਬੀਮਾਰੀਆਂ ਦੇ ਨਤੀਜੇ ਸਾਹਮਣੇ ਆਏ ਹਨ। ਇਸ ਲਈ ਮਨੁੱਖ ਨੂੰ ਜੀਵਨ ਵਿੱਚ ਪੂਰੀ ਤਰਾਂ ਸੰਜਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ :

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥[54]

ਇਸਦੇ ਨਾਲ ਹੀ ਗੁਰੂ ਸਾਹਿਬ ਨੇ ਪੰਜ ਕਰਾਰੀ ਰਹਿਤ ਵੀ ਦਰਸਾਈ ਹੈ ਜਿਸ ਵਿੱਚ ਕੇਸਾਂ ਦੇ ਨਾਲ ਕੰਘੇ ਤੇ ਦਸਤਾਰ ਦੀ ਸ਼ਮੂਲੀਅਤ ਹੁੰਦੀ ਹੈ। ਇਸ ਨਾਲ ਕੇਸਾਂ ਦੀ ਸਫਾਈ ਸੰਭਾਲ ਹੁੰਦੀ ਹੈ। ਕੜਾ ਮਨੁੱਖ ਨੂੰ ਬੁਰਾਈ ਕਰਨ ਤੋਂ ਰੋਕਦਾ ਹੈ ਅਤੇ ਕਛਹਿਰਾ ਮਨੁੱਖ ਦੇ ਜਤ-ਸਤ ਦਾ ਪ੍ਰਤੀਕ ਹੈ। ਜਤ-ਸਤ ਮਨੁੱਖ ਦੇ ਆਤਮਿਕ ਵਿਕਾਸ ਦੀ ਪਹਿਲੀ ਪਉੜੀ ਹੈ। ਮਨੁੱਖ ਦੇ ਸੰਪੂਰਨ ਵਿਕਾਸ ਲਈ ਸ਼ਾਸਤਰ ਦੇ ਨਾਲ ਸਸ਼ਤਰ ਦੀ ਵੀ ਅਹਿਮੀਅਤ ਦਰਸਾਈ ਗਈ ਹੈ। ਸਸ਼ਤਰ (ਕਿਰਪਾਨ) ਸ਼ੁਰੂ ਤੋਂ ਹੀ ਮਨੁੱਖ ਦੇ ਆਤਮ-ਸਨਮਾਨ ਦੀ ਰੱਖਿਆ ਅਤੇ ਵਿਨਾਸ਼ਕਾਰੀ ਸ਼ਕਤੀਆਂ ਦੀ ਰੋਕਥਾਮ ਲਈ ਲਾਹੇਵੰਦ ਰਹੀ ਹੈ। ਇਸ ਲਈ ਸਿੱਖ ਨੂੰ ਹਰ ਵੇਲੇ ਕਿਰਪਾਨ ਆਪਣੇ ਨਾਲ ਰੱਖਣ ਦੀ ਆਗਿਆ ਕੀਤੀ ਗਈ ਹੈ। ਇਸ ਲਈ ਇਨ੍ਹਾਂ ਕੁਰਹਿਤਾਂ ਤੋਂ ਖਲਾਸ ਅਤੇ ਕਕਾਰਾਂ ਦਾ ਪੂਰਨ ਤੌਰ 'ਤੇ ਧਾਰਨੀ ਸਿੱਖ ਹੀ ਪੂਰਨ ਰੂਪ ਵਿੱਚ 'ਗੁਰੂ ਦਾ ਖਾਲਸਾ' 'ਗੁਰੂ ਦਾ ਸਿੱਖ' ਕਹਾਉਣ ਦਾ ਹੱਕਦਾਰ ਹੈ।

ਇਸਦੇ ਨਾਲ ਹੀ ਗੁਰਬਾਣੀ ਵਿੱਚ ਜੀਵ ਨੂੰ ਮਾੜੇ ਗੁਣਾਂ ਦਾ ਤਿਆਗ ਕਰਕੇ ਜੀਵਨ ਵਿੱਚ ਨੈਤਿਕਤਾ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਨੈਤਿਕਤਾ ਕੇਵਲ ਆਤਮਿਕ ਕਲਿਆਣ ਦੀ ਕੁੰਜੀ ਹੀ ਨਹੀਂ, ਸ਼ੁੱਭ ਕਰਮਾਂ ਦੀ ਮਰਿਯਾਦਾ ਅਤੇ ਸਰਬੱਤ ਦੇ ਭਲੇ ਲਈ ਸੁਚੱਜੀ ਜੀਵਨ ਜਾਚ ਦਾ ਮਾਰਗ ਅਖਤਿਆਰ ਕਰਦੀ ਹੈ। ਗੁਰਬਾਣੀ ਵਿੱਚ ਜੀਵ ਨੂੰ ਬਾਰ-ਬਾਰ ਨੈਤਿਕ ਕਰਤੱਵਾਂ ਦੀ ਪਾਲਣਾ ਦੀ ਪ੍ਰੇਰਣਾ ਦਿੱਤੀ ਗਈ ਹੈ। ਕਿਉਂਕਿ ਨੈਤਿਕਤਾ ਆਦਰਸ਼ਕ ਜੀਵਨ ਦੀਆਂ ਅੰਤਰੀਵੀ ਕੀਮਤਾਂ ਨੂੰ ਸੇਧ ਪ੍ਰਦਾਨ ਕਰਦੀ ਹੈ। ਹਿਰਦੇ ਦੀ ਸ਼ੁੱਧਤਾ, ਮਨ ਅੰਦਰ ਕੂੜ ਦੀ ਮੈਲ ਉਤਾਰਨ ਦੀ ਜੁਗਤੀ ਹੈ। ਸੱਚ ਦੀ ਪਹਿਚਾਣ ਦਾ ਸਾਧਨ ਹੈ। ਸਰੀਰ ਰੂਪੀ ਧਰਤੀ ਵਿੱਚ ਪਰਮਾਤਮਾ ਦੇ ਨਾਮ ਰਸ ਦਾ ਬੀਜ ਬੀਜ ਕੇ ਇਸਨੂੰ ਸਾਧਣ ਦੀ ਜੁਗਤ ਪ੍ਰਦਾਨ ਕਰਦੀ ਹੈ। ਮਨੁੱਖ ਦੇ ਵਿਅਕਤੀਗਤ ਅਤੇ ਭਾਈਚਾਰਕ ਜੀਵਨ ਦੀ ਸ਼੍ਰੇਸ਼ਟਤਾ ਵਿੱਚ ਗੁਰਬਾਣੀ ਵਿਚਲੇ ਨੈਤਿਕ ਅਤੇ ਸਦਾਚਾਰਕ ਤੱਤਾਂ ਦੀ ਵਿਸ਼ੇਸ਼ ਭੂਮਿਕਾ ਹੈ। ਜਿਨ੍ਹਾਂ ਦੇ ਅਧਾਰ ’ਤੇ ਮਨੁੱਖ ਨੂੰ ਆਪਣੇ ਆਤਮਿਕ ਜੀਵਨ ਵਿਕਾਸ ਦੇ ਰਾਹ ਵਿੱਚ ਸਹਾਇਤਾ ਮਿਲਦੀ ਹੈ। ਕਿਸੇ ਵੀ ਦੇਸ਼, ਪ੍ਰਾਂਤ ਸਮਾਜ ਦੀ ਖੁਸ਼ਹਾਲੀ ਉਥੋਂ ਦੇ ਲੋਕਾਂ ਦੇ ਸਦਾਚਾਰਕ ਜੀਵਨ ਤੋਂ ਨਿਹਾਰੀ ਜਾਂਦੀ ਹੈ। ਸਦਾਚਾਰਕ ਜੀਵਨ ਜਾਚ ਸਦਕਾ ਹੀ ਮਨੁੱਖ ਸਮਾਜਿਕ ਤੇ ਆਤਮਿਕ ਪੱਖੋਂ ਮਜ਼ਬੂਤ ਬਣਦਾ ਹੈ। ਗੁਰਬਾਣੀ ਵਿੱਚ ਸਦਾਚਾਰ ਨੂੰ ਸ਼ੁੱਭ ਕਰਮ ਜਾਂ ਅਧਿਆਤਮ ਕਰਮ ਕਰਕੇ ਵੀ ਜਾਣਿਆ ਜਾਂਦਾ ਹੈ। ਇਹ ਉਹ ਕਰਮ ਹਨ ਜਿਨ੍ਹਾਂ ਸਦਕਾ ਮਨੁੱਖ ਅੰਦਰ ਹਉਮੈ ਦਾ ਖਾਤਮਾ ਹੋ ਕੇ, ਮਨ ਵਿਕਾਰਾਂ ਤੋਂ ਮੁਕਤ ਹੁੰਦਾ ਹੈ। ਸਦਾਚਾਰ ਦੀ ਨੀਂਹ ਸਮਾਜਿਕ ਜੀਵਨ ਤੇ ਸਵੈ-ਵਿਸ਼ਵਾਸ਼ ਤੇ ਰੱਖੀ ਜਾਂਦੀ ਹੈ। ਸਦਾਚਾਰਕ ਗੁਣਾਂ ਦਾ ਧਾਰਨੀ ਮਨੁੱਖ ਹੀ ਇਕ ਚੰਗਾ ਸਭਿਅਕ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ। ਅਜਿਹਾ ਮਨੁੱਖ ਹੀ ਕੂੜ ਦਾ ਨਾਸ਼ ਸੱਚ ਦੀ ਗ੍ਰਹਿਣਤਾ, ਨਿਮਰਤਾ, ਸਬਰ ਸੰਤੋਖ ਆਦਿ ਗੁਣਾਂ ਨਾਲ ਭਰਪੂਰ ਹੁੰਦਾ ਹੈ ਤੇ ਉਹ ਰੱਬੀ ਪ੍ਰੇਮ ਵਿੱਚ ਰੰਗਿਆ ਹੁੰਦਾ ਹੈ, ਨਿੱਜ ਸੁਆਰਥ ਤੋਂ ਉੱਪਰ ਉੱਠ ਕੇ ਪਰ-ਸੁਆਰਥ ਦੀ ਭਾਵਨਾ ਉਸ ਵਿੱਚ ਭਰਪੂਰ ਰੂਪ ਵਿੱਚ ਵਿਦਮਾਨ ਹੁੰਦੀ ਹੈ। ਸਦਾਚਾਰੀ ਗੁਣਾਂ ਦਾ ਧਾਰਨੀ ਮਨੁੱਖ ਹੀ ਆਪਣੇ ਜੀਵਨ ਦੇ ਅਸਲ ਮਨੋਰਥ ਦੀ ਸੋਝੀ ਪ੍ਰਾਪਤ ਕਰਦਾ ਹੈ ਅਤੇ ਸਵਾਸ-ਸਵਾਸ ਪਰਮਾਤਮਾ ਦੇ ਨਾਮ ਵਿੱਚ ਉਸਦੀ ਲੀਨਤਾ ਹੁੰਦੀ ਹੈ। ਉਹ ਮਾੜੇ ਕਰਮਾਂ ਦਾ ਤਿਆਗ ਕਰਕੇ ਚੰਗੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦਾ ਹੈ।

ਗੁਰਬਾਣੀ ਅਨੁਸਾਰ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛੱਕਣਾ ਪ੍ਰਮੁੱਖ ਸਦਾਚਾਰੀ ਗੁਣ ਮੰਨੇ ਗਏ ਹਨ। ਸਮਾਜ ਵਿੱਚ ਮਨੁੱਖ ਦੇ ਆਪਣੇ ਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ

ਪੂਰੀਆਂ ਕਰਨ ਲਈ ਕਿਰਤ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ। ਪਰ ਗੁਰਬਾਣੀ ਵਿੱਚ ਮਨੁੱਖ ਨੂੰ ਸੱਚੀ-ਸੁੱਚੀ ਕਿਰਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਹੈ ਜਿਸ ਵਿੱਚ ਕੋਈ ਧੋਖਾ, ਛਲ, ਫਰੇਬ ਨਾ ਹੋਵੇ ਤੇ ਨਾ ਹੀ ਉਹ ਦੂਜਿਆਂ ਦਾ ਹੱਕ ਰੱਖ ਕੇ ਜਾਂ ਕਿਸੇ ਤੋਂ ਭੀਖ ਦੇ ਰੂਪ ਵਿੱਚ ਪ੍ਰਾਪਤ ਕੀਤੀ ਗਈ ਹੋਵੇ। ਗੁਰਬਾਣੀ ਸਿੱਧੇ ਰੂਪ ਵਿੱਚ ‘ਗੁਰੂ ਪੀਰ ਸਦਾਏ ਮੰਗਣ ਜਾਇ ਤਾ ਕੇ ਮੂਲਿ ਨ ਲਗੀਐ ਪਾਇ ’ਤੇ ਕਟਾਖਸ਼ ਕਰਦੀ ਹੈ ਤੇ ਇਸਦੇ ਉਲਟ ‘ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ’ ਦੇ ਸਿਧਾਂਤ ਦੀ ਹਮਾਇਤ ਕੀਤੀ ਗਈ ਹੈ। ਇਸ ਲਈ ਬਿਨਾਂ ਕੰਮ ਕੀਤੇ ਮੰਗ ਕੇ ਖਾਣਾ ਜਾਂ ਹੋਰਨਾਂ ਤੇ ਨਿਰਭਰ ਕਰਨਾ ਗੁਰਬਾਣੀ ਵਿੱਚ ਬਿਲਕੁਲ ਵੀ ਪ੍ਰਵਾਨ ਨਹੀਂ। ਮੱਧਕਾਲੀ ਸਮਾਜ ਵਿੱਚ ਲੋਕਾਂ ਦੀ ਬਿਰਤੀ ਹੀ ਇਹ ਸੀ ਕਿ ਕਿਸੇ ਤੋਂ ਲੁੱਟ ਕੇ , ਖੋਹ ਕੇ ਖਾਣ ਨੂੰ ਹੀ ਚੰਗਾ ਸਮਝਿਆ ਜਾਂਦਾ ਸੀ ਤੇ ਹੱਥੀਂ ਕਿਰਤ ਕਰਨ ਕਰਕੇ ਖਾਣ ਵਾਲੇ ਤਾਂ ਬਹੁਤ ਘੱਟ ਸਨ। ਇਸਦੇ ਨਾਲ ਹੀ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਸੰਨਿਆਸ ਲੈ ਲੈਣਾ ਉਸ ਸਮੇਂ ਦੇ ਸਮਾਜ ਵਿੱਚ ਆਮ ਪ੍ਰਚਲਿਤ ਸੀ। ਇਸ ਲਈ ਗੁਰੂ ਸਾਹਿਬਾਨ ਨੇ ਇਸ-ਗੱਲ ਤੇ ਪੂਰੀ ਪ੍ਰੋੜ੍ਹਤਾ ਕੀਤੀ ਹੈ ਤੇ ਫੁਰਮਾਨ ਕੀਤਾ ਹੈ:

*ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*[55]

ਤੇ ਨਾਲ ਹੀ ਮਨੁੱਖ ਨੂੰ ਆਪਣੇ ਹੱਥੀਂ ਕਿਰਤ ਕਰਨ ਲਈ ਪ੍ਰੇਰਿਤ ਕਰਦੇ ਲਿਖਦੇ ਹਨ:

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥[56]

ਗੁਰਬਾਣੀ ਅਨੁਸਾਰ ਸੱਚੀ-ਸੁੱਚੀ ਕਿਰਤ ਕਰਨਾ ਹੀ ਜ਼ਿੰਦਗੀ ਹੈ ਤੇ ਜਿਨ੍ਹਾਂ ਨੇ ਅਜਿਹੀ ਘਾਲਣਾ ਘਾਲ ਕੇ ਜੀਵਨ ਜੀਵਿਆ ਹੈ, ਉਹ ਮੁੱਖ ਉਜਲੇ ਲੈ ਕੇ ਪਰਮਾਤਮਾ ਦੇ ਦਰ ’ਤੇ ਪ੍ਰਵਾਨ ਚੜ੍ਹਦੇ ਹਨ:-

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*[57]

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬਾਨ ਦੇ ਇਸ ਉਪਦੇਸ਼ ਦੀ ਪੁਸ਼ਟੀ ਦਸਵੇਂ ਗੁਰੂ ਸਾਹਿਬਾਨ ਦੇ ਸਮੇਂ ਉਸ ਵੇਲੇ ਮਿਲਦੀ ਹੈ ਜਦ ਸਿੰਘਾਂ ਨੂੰ ਘਰੋਂ ਬੇ-ਘਰ ਹੋ ਕੇ ਨਿੱਤ ਦੀਆਂ ਮਹਿੰਮਾਂ ਵਿਚੋਂ ਲੰਘਣਾ ਪੈਂਦਾ ਸੀ ਪਰ ਫਿਰ ਵੀ ਉਹ ਦੂਜਿਆਂ ਦਾ ਆਸਰਾ ਨਾ ਤੱਕ ਕੇ ਭੁੱਖੇ ਪੇਟ ਰਹਿਣਾ ਮਨਜ਼ੂਰ ਕਰਦੇ ਸਨ ਪਰ ਕਿਸੇ ਤੋਂ ਭੀਖ ਮੰਗ ਕੇ ਖਾਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ।

ਕਿਰਤ ਕਰਨ ਦੇ ਨਾਲ-ਨਾਲ ਗੁਰਮਤਿ ਵਿੱਚ ਮਨੁੱਖ ਨੂੰ ਆਪਣੀ ਕਮਾਈ ਨੂੰ ਲੋੜਵੰਦਾਂ ਵਿੱਚ ਵੰਡਣ ਦਾ ਵੀ ਆਦੇਸ਼ ਦਿੱਤਾ ਗਿਆ ਹੈ। ਕਿਰਤ ਕਮਾਈ ਕਰਕੇ ਉਸਨੂੰ ਸਾਂਭ ਕੇ ਰੱਖਣ ਦਾ ਉਪਦੇਸ਼ ਕਿਤੇ ਨਹੀ ਕੀਤਾ ਗਿਆ। ਉਨ੍ਹਾਂ ਅਨੁਸਾਰ ਕਿਰਤੀ ਬਣ ਕੇ ਮਨੁੱਖ ਹਉਮੈ ਵੱਸ ਹੋ ਕੇ ਸਭ ਕੁਝ ਕਿਤੇ ਆਪਣਾ ਹੀ ਨਾ ਸਮਝ ਲੈਣ ਸਗੋਂ ਅਜਿਹੀ ਮਾਇਆ ਨੂੰ ਵੰਡ ਕੇ ਛੱਕਣ ਦਾ ਸਿਧਾਂਤ ਵੀ ਦਿੱਤਾ ਗਿਆ ਹੈ। ਉਨ੍ਹਾਂ ਸਿੱਖ ਲਈ ਆਪਣੀ ਨੇਕ ਕਮਾਈ ਵਿਚੋਂ ਦਸਵਾਂ ਹਿੱਸਾ ਦਸਵੰਧ ਦੇ ਰੂਪ ਵਿੱਚ ਕੱਢਣ ਨੂੰ ਵੀ ਜ਼ਰੂਰੀ ਕਰਾਰ ਦਿੱਤਾ। ਗੁਰੂ ਸਾਹਿਬਾਨ ਅਨੁਸਾਰ ਮਿਹਨਤ ਦੁਆਰਾ ਕੀਤੀ ਕਮਾਈ ਹੀ ਪੁੰਨ-ਦਾਨ ਕਰਨ ਲਈ ਉਚਿਤ ਹੈ। ਆਪਣੇ ਜੀਵਨ ਦਾ ਅਸਲ ਮਨੋਰਥ ਸਮਝਦੇ ਹੋਏ ਪਰਮਾਤਮਾ ਦੇ ਦਰ ਦਾ ਰਾਹ ਵੀ ਉਹੀ ਪਛਾਣਦੇ ਹਨ ਜੋ ਆਪਣੀ ਨੇਕ ਕਮਾਈ ਦੂਜਿਆਂ ਨਾਲ ਵੰਡ ਕੇ ਛੱਕਦੇ ਹਨ:

*ਘਾਲਿ ਖਾਇ ਕਿਛੁ ਹਥਹੁ ਦੇਇ*

*ਨਾਨਕ ਰਾਹੁ ਪਛਾਣਹਿ ਸੇਇ॥*[58]

ਇਸਦੇ ਨਾਲ ਜਿਥੇ ਗੁਰਬਾਣੀ ਵਿੱਚ ਕਿਰਤ ਕਰਨ, ਵੰਡ ਛੱਕਣ ਦਾ ਰਾਹ ਦਰਸਾਇਆ ਗਿਆ ਹੈ,ਉਥੇ ਨਾਲ ਹੀ ਮਨੁੱਖ ਨੂੰ ਜੀਵਨ ਦੀ ਅਸਲ ਪੂੰਜੀ ਨੂੰ ਇਕੱਤਰ ਕਰਨ ਦਾ ਉਪਦੇਸ਼ ਵੀ ਦਿੱਤਾ ਗਿਆ ਹੈ। ਜਿਸ ਸਦਕਾ ਮਨੁੱਖ ਦਾ ਇਸ ਸੰਸਾਰ ਵਿੱਚ ਆਉਣ ਦਾ ਅਸਲ ਮਕਸਦ ਪੂਰਾ ਹੋ ਸਕੇ। ਗੁਰੂ ਸਾਹਿਬ ਨੇ ਮਨੁੱਖ ਨੂੰ ਕਿਰਤ ਕਮਾਈ ਉਨੀ ਹੀ ਕਰਨ ਦਾ ਉਪਦੇਸ਼ ਦਿੱਤਾ ਹੈ ਜਿਸ ਨਾਲ ਉਹ ਸੰਸਾਰ ਵਿੱਚ ਵਿਚਰਦਿਆਂ ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕੇ। ਕਿਉਂਕਿ ਕਿਰਤ ਕਰਕੇ ਕਮਾਈ ਪੂੰਜੀ ਸਥਿਰ ਨਹੀਂ, ਨਾ ਹੀ ਇਸਨੇ ਅੰਤ ਸਮੇਂ ਮਨੁੱਖ ਦੇ ਨਾਲ ਸਹਾਈ ਹੋਣਾ ਹੈ। ਇਸ ਲਈ ਗੁਰਬਾਣੀ ਵਿੱਚ ਇਸਨੂੰ ਮਾਇਆ ਜਾਂ ਛਲਾਵਾ ਦਾ ਨਾਮ ਵੀ ਦਿੱਤਾ ਗਿਆ ਹੈ। ਇਹ ਪੂੰਜੀ ਤਾਂ ਮਨੁੱਖ ਕੋਲ ਦਿਨੋਂ-ਦਿਨ ਘੱਟਦੀ ਹੀ ਜਾਵੇਗੀ। ਇਸ ਲਈ ਮਨੁੱਖ ਨੂੰ ਪਰਮਾਤਮਾ ਦੇ ਨਾਮ ਰੂਪੀ ਅਸਲ ਪੂੰਜੀ ਨੂੰ ਇਕੱਤਰ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਕਿ ਇਹ ਪੂੰਜੀ ਜਿੰਨੀ ਖਰਚ ਹੁੰਦੀ ਹੈ, ਉਨੀ ਵੱਧਦੀ ਜਾਂਦੀ ਹੈ ਤੇ ਇਸ ਨਿਹਚਲ ਧਨ ਦੀ ਪ੍ਰਾਪਤੀ ਸਦਕਾ ਮਨੁੱਖ ਪਰਮਾਤਮਾ ਦੇ ਦਰ ’ਤੇ ਵਡਿਆਈ ਦਾ ਪਾਤਰ ਬਣਦਾ ਹੈ । ਸੰਸਾਰਕ ਧਨ, ਪੂੰਜੀ ਤਾਂ ਨਸ਼ਟ ਹੋ ਸਕਦੀ ਹੈ, ਡੁੱਬ ਸਕਦੀ ਹੈ, ਚੋਰੀ ਹੋ ਸਕਦੀ ਹੈ ਪਰ ਪਰਮਾਤਮਾ ਦੇ ਨਾਮ ਰੂਪੀ ਪੂੰਜੀ ਨੂੰ ਕਦੇ ਵੀ ਕਿਸੇ ਪ੍ਰਕਾਰ ਦਾ ਕੋਈ ਖ਼ਤਰਾ ਨਹੀਂ ਹੁੰਦਾ। ਗੁਰੂ ਰਾਮਦਾਸ ਜੀ ਦਾ ਉਪਦੇਸ਼ ਹੈ:

*ਰਾਮ ਨਾਮ ਧਨ ਪੂੰਜੀ ਸੰਚੀ ਨ ਡੂਬੈ ਨ ਜਾਈ॥*[59]

ਦੁਨੀਆਂ ਵਿੱਚ ਰਹਿ ਕੇ ਮਨੁੱਖ ਜਿੰਨੇ ਮਰਜ਼ੀ ਦਾਨ-ਪੁੰਨ, ਕਰਮ ਧਰਮ ਕਰ ਲਵੇ, ਧਰਮੀ ਪੁਰਸ਼ ਬਣ ਜਾਵੇ ਪਰ ਜਦ ਤੱਕ ਉਸ ਅੰਦਰ ਪਰਮਾਤਮਾ ਦੀ ਜੋਤ ਦਾ ਅਹਿਸਾਸ ਨਹੀਂ, ਉਸਦੇ ਨਾਮ ਦਾ ਪ੍ਰਵਾਹ ਨਹੀਂ ਉਦੋਂ ਤਕ ਸਭ ਵਿਅਰਥ ਹੈ। ਕਿਉਂਕਿ ਇਨ੍ਹਾਂ ਸਭ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਨਾਮ ਹੀ ਹੈ।

*ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥*[60]

*ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥*[61]

ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਦੁਨਿਆਵੀ ਸਭ ਚੀਜਾਂ ਛਿੰਨ ਭੰਗਰ ਹਨ ਅਤੇ ਇਨ੍ਹਾਂ ਨਾਲ ਮੋਹ ਪਾਉਣਾ ਵਿਅਰਥ ਹੈ। ਮਨੁੱਖ ਦੁਨੀਆਂ ਵਿੱਚ ਰਹਿ ਕੇ ਜਿੰਨੇ ਮਰਜ਼ੀ ਦੁਨਿਆਵੀ ਪਦਾਰਥ ਇਕੱਤਰ ਕਰ ਲਵੇ, ਰਿੱਧੀਆਂ ਸਿਧੀਆਂ ਦੁਆਰਾ ਉਮਰ ਲੰਬੀ ਕਰ ਲਵੇ, ਅਜਿਹੇ ਰਾਜ-ਭਾਗ ਦਾ ਮਾਣ ਸਭ ਕੁਝ ਨਸ਼ਟ ਹੋ ਜਾਵੇਗਾ, ਸਿਰਫ ਪਰਮਾਤਮਾ ਦਾ ਨਾਮ ਹੀ ਸਦਾ ਸਥਿਰ ਰਹਿਣ ਵਾਲਾ ਹੈ। ਇਸ ਲਈ ਮਨੁੱਖ ਨੂੰ ਧਨ ਜੋਬਨ ਦੀ ਪ੍ਰੀਤ ਨਾਲੋਂ ਪਰਮਾਤਮਾ ਦੇ ਸ੍ਰੇਸ਼ਟ ਨਾਮ ਨਾਲ ਪ੍ਰੀਤ ਪਾਉਣੀ ਚਾਹੀਦੀ ਹੈ ਜਿਸਨੇ ਅੰਤ ਤੱਕ ਮਨੁੱਖ ਦੇ ਸਾਥ ਨਿਭਣਾ ਹੈ ਤੇ ਜਿਸ ਸਦਕਾ ਮਨੁੱਖ ਨੇ ਪਰਮਾਤਮਾ ਦੇ ਦਰ 'ਤੇ ਵਡਿਆਈ ਦਾ ਪਾਤਰ ਬਣਨਾ ਹੈ:-

*ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ॥*

*ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ॥*[62]

ਪਰਮਾਤਮਾ ਦੇ ਨਾਮ ਵਿੱਚ ਅਜਿਹੀ ਸ਼ਕਤੀ ਹੈ ਜਿਸ ਨਾਲ ਦੁੱਖਾਂ ਦਾ ਨਾਸ਼ ਅਤੇ ਮਨ ਇਛਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਨਾਮ ਜਪਣ ਦੀ ਵਡਿਆਈ ਵੀ ਕਿਸੇ ਵਿਰਲੇ ਮਨੁੱਖ ਨੂੰ ਚੰਗੇ ਕਰਮਾਂ ਸਦਕਾ ਹੀ ਪ੍ਰਾਪਤ ਹੁੰਦੀ ਹੈ। ਅਜਿਹੀ ਵਡਿਆਈ ਦੇ ਪਾਤਰ ਗੁਰਮੁਖ ਜਨ ਜੋ ਪਰਮਾਤਮਾ ਦੇ ਨਾਮ ਵਿੱਚ ਸੁਰਤ ਜੋੜੀ ਰੱਖਦੇ ਹਨ, ਉਨ੍ਹਾਂ ਦਾ ਜਨਮ ਸਫਲ ਹੋ ਜਾਂਦਾ ਹੈ ਤੇ ਮੰਦੇ ਕਰਮਾਂ ਦੀ ਮੈਲ ਵੀ ਮੁੱਕ ਜਾਂਦੀ ਹੈ। ਨਾਮ ਦੀ ਬਖਸ਼ਿਸ਼ ਸਦਕਾ ਉਹ ਆਪ ਤਾਂ ਸੰਸਾਰ ਰੂਪੀ ਭਵਸਾਗਰ ਤੋਂ ਤਰ ਹੀ ਜਾਂਦੇ ਹਨ ਤੇ ਨਾਲ ਹੀ ਉਨ੍ਹਾਂ ਦਾ ਪਰਿਵਾਰ ਤੇ ਕੁੱਲਾਂ ਵੀ ਤਰ ਜਾਂਦੀਆਂ ਹਨ :

*ਆਪਿ ਤਰਹਿ ਸੰਗੀ ਤਾਹਿ ਸਭ ਕੁਟੰਬੁ ਤਰਾਵੈ॥*

*ਜਨ ਨਾਨਕ ਤਿਸੁ ਬਲਿਹਾਣੈ ਜੋ ਮੇਰੇ ਹਰਿ ਪ੍ਰਭ ਭਾਵੈ॥*[63]

ਸੁਚੱਜੀ ਜੀਵਨ ਜਾਚ ਦਾ ਉਪਦੇਸ਼ ਦਿੰਦਿਆਂ ਗੁਰਬਾਣੀ ਵਿੱਚ ਮਨੁੱਖ ਨੂੰ ਵਿਸ਼ੇ-ਵਿਕਾਰਾਂ ਦੇ ਤਿਆਗ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਇਹ ਵਿਸ਼ੇ-ਵਿਕਾਰ ਮਨੁੱਖ ਦੇ ਆਤਮਿਕ ਰਾਹ ਵਿੱਚ ਸਭ ਤੋਂ

ਵੱਡੀ ਰੁਕਾਵਟ ਹਨ। ਇਹਨਾਂ ਵਿਸ਼ੇ-ਵਿਕਾਰਾਂ ਵਿੱਚ ਗ੍ਰਸਤ ਮਨੁੱਖ ਪਰਮਾਤਮਾ ਦੇ ਨਾਮ ਸਿਮਰਨ ਤੇ ਸੇਵਾ ਤੋਂ ਦੂਰ ਹੀ ਰਹਿੰਦਾ ਹੈ ਤੇ ਨਾਸ਼ਵੰਤ ਮਾਇਆ ਇਕੱਤਰ ਕਰਨ ਵੱਲ ਲੱਗਿਆ ਰਹਿੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਅਜਿਹੇ ਕੁਕਰਮ ਹਨ ਜਿਨ੍ਹਾਂ ਸਦਕਾ ਮਨੁੱਖ ਆਪੇ ਦੀ ਪਛਾਣ ਵੀ ਨਹੀਂ ਕਰ ਸਕਦਾ। ਇਨ੍ਹਾਂ ਦੀ ਗ੍ਰਸਤ ਵਿੱਚ ਇਨਸਾਨ ਨੂੰ ਇਨ੍ਹਾਂ ਦੇ ਆਪਣੇ ਸਰੀਰ ਉੱਪਰ ਹਾਵੀ ਹੋਣ ਦਾ ਅਹਿਸਾਸ ਵੀ ਨਹੀਂ ਹੁੰਦਾ ਤੇ ਇਹ ਮਨੁੱਖ ਨੂੰ ਪਰਮਾਤਮਾ ਦੇ ਨਾਮ ਵਾਲੇ ਪਾਸੇ ਜਾਣ ਹੀ ਨਹੀਂ ਦਿੰਦੇ :

ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੁਕਾਰਾ॥ [64]

ਇਨ੍ਹਾਂ ਵਿੱਚ ਉਲਝਿਆ ਮਨੁੱਖ ਪਰਮਾਤਮਾ ਦੇ ਨਾਮ ਨੂੰ ਵਿਸਾਰ ਦਿੰਦਾ ਹੈ ਤੇ ਨਾਮ ਧਨ ਖੱਟਣ ਦੀ ਬਜਾਇ ਦੁਨਿਆਵੀ ਮਾਇਆ ਇਕੱਤਰ ਕਰਨ ਵੱਲ ਲੱਗ ਜਾਂਦਾ ਹੈ। ਜਿਸਦੀ ਪ੍ਰਾਪਤੀ ਦੀ ਖਾਤਰ ਝੂਠ ਬੋਲਣਾ, ਫਰੇਬ ਕਰਨਾ ਜਿਹੇ ਕੁਕਰਮਾਂ ਵਿੱਚ ਪੈ ਜਾਂਦਾ ਹੈ। ਗੁਰਬਾਣੀ ਅਨੁਸਾਰ ਅਜਿਹੇ ਕੁਕਰਮਾਂ ਵਿੱਚ ਫਸੇ ਜੀਵ ਪਰਮਾਤਮਾ ਦੇ ਦਰ 'ਤੇ ਸ਼ੋਭਾ ਨਹੀਂ ਪਾਉਂਦੇ ਤੇ ਉਥੇ ਵੀ ਉਨ੍ਹਾਂ ਦਾ ਮੂੰਹ ਕਾਲਾ ਹੀ ਹੁੰਦਾ ਹੈ:

*ਕੂੜਿਆਰ ਪਿਛਾਹਾ ਸਟੀਅਨਿ ਕੂੜ ਹਿਰਦੈ ਕਪਟੁ ਮਹਾ ਦੁਖੁ ਪਾਵੈ ॥*
*ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ॥*[65]

ਸ਼ੁਰੂ ਤੋਂ ਹੀ ਸਾਰੇ ਭਾਰਤੀ ਧਰਮਾਂ ਵਿੱਚ ਮਾਇਆ ਨੂੰ ਇਕ ਅਜਿਹਾ ਛਲਾਵਾ (ਧੋਖਾ) ਮੰਨਿਆ ਗਿਆ ਹੈ ਜੋ ਮਨੁੱਖ ਨੂੰ ਪਰਮਾਤਮਾ ਦੀ ਰਾਹ ਤੇ ਜਾਣ ਤੋਂ ਕੁਰਾਹੇ ਪਾਈ ਰੱਖਦੀ ਹੈ, ਇਸਦੇ ਮੋਹ ਜਾਲ ਵਿਚ ਫਸ ਕੇ ਮਨੁੱਖ ਭਗਤੀ ਨਹੀਂ ਕਰ ਸਕਦਾ ਜਿਸ ਸਦਕਾ ਪੂਰਨ ਤੌਰ 'ਤੇ ਦੁਨਿਆਵੀ ਮਨੁੱਖ ਨੂੰ ਉਸਦੇ ਕਰਮਾਂ ਸਦਕਾ ਬਾਰ-ਬਾਰ ਜੂਨਾਂ ਵਿੱਚ ਭਟਕਣਾ ਪੈਂਦਾ ਹੈ ਅਤੇ ਜਮਾਂ ਤੀ ਮਾਰ ਵੀ ਸਹਿਣੀ ਪੈਂਦੀ ਹੈ। ਗੁਰਬਾਣੀ ਫੁਰਮਾਨ ਹੈ:

*ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ॥*
*ਕਰਿ ਕਰਿ ਹੇਤ ਵਧਾਇਦੇ ਪਰ ਦਰਬੁ ਚੁਰਾਇਆ॥*
*ਪੁਤ੍ਰ ਕਲਤ੍ਰ ਨ ਵੀਸਰਹਿ ਬਹੁ ਪ੍ਰੀਤਿ ਲਗਾਇਆ॥*
*ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ॥*
*ਜਮ ਦਰਿ ਬਧੇ ਮਾਰੀਅਹਿ ਨਾਨਕ ਹਰਿ ਭਾਇਆ॥*[66]

'ਕੂੜੇ ਲਾਲਚ ਲਗਿਆ ਫਿਰਿ ਜੂਨੀ ਪਾਇਆ' ਦੇ ਸਿਧਾਂਤ ਅਨੁਸਾਰ ਮਨੁੱਖ ਨੂੰ ਇਸ ਨਾਸ਼ਵੰਤ ਮਾਇਆ ਦੇ ਮਗਰ ਲੱਗਣ ਨਾਲੋਂ ਪਰਮਾਤਮਾ ਦੇ ਨਾਮ ਰੂਪੀ ਮਾਇਆ ਦੇ ਮਗਰ ਲੱਗਣ ਦਾ ਉਪਦੇਸ਼ ਦਿੱਤਾ ਗਿਆ ਹੈ। ਜਿਸ ਸਦਕਾ ਮਨੁੱਖ ਵਿਚੋਂ ਅਗਿਆਨਤਾ ਦਾ ਨਾਸ਼ ਹੁੰਦਾ ਹੈ ਤੇ ਉਹ ਆਪਣੇ ਵਿਸ਼ੇ ਵਿਕਾਰਾਂ ਉਪਰ ਵੀ ਕਾਬੂ ਪਾਉਣ ਵਿੱਚ ਸਫਲ ਹੋ ਜਾਂਦਾ ਹੈ ਤੇ ਅੰਤ ਜੀਵਨ ਬਾਜ਼ੀ ਜਿੱਤ ਲੈਂਦਾ ਹੈ। ਗੁਰਬਾਣੀ ਫੁਰਮਾਨ ਹੈ:

ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥[67]

ਮਾਇਆ ਦੇ ਭਿਆਨਕ ਰੂਪ ਦਾ ਜ਼ਿਕਰ ਕਰਦਿਆਂ ਗੁਰਬਾਣੀ ਵਿੱਚ ਨਾਲ ਹੀ ਇਸ ਤੋਂ ਬਚਣ ਦਾ ਰਾਹ ਵੀ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਅਨੁਸਾਰ ਮਾਇਆ ਪਰਮਾਤਮਾ ਨੇ ਆਪ ਪੈਦਾ ਕੀਤੀ ਹੈ ਇਸ ਲਈ ਗੁਰਬਾਣੀ ਵਿੱਚ ਮਾਇਆ ਨੂੰ ਤਜਿਆ ਨਹੀਂ ਜਾਂਦਾ ਸਗੋਂ ਜਿਹੜੇ ਮਨੁੱਖ ਇਸ ਮਾਇਆ ਨੂੰ ਨਾਸ਼ਵਾਨ ਸਮਝਦੇ ਹੋਏ ਇਸ ਦੇ ਮੋਹ ਵਿੱਚ ਨਹੀਂ ਪੈਂਦੇ ਅਤੇ ਪਵਿੱਤਰ ਕਾਰਜਾਂ ਵਿੱਚ ਜਾਂ ਸੰਜਮ ਨਾਲ ਇਸ ਦੀ ਵਰਤੋਂ ਕਰਦੇ ਹਨ, ਉਨ੍ਹਾਂ ਲਈ ਇਹ ਮਾਇਆ ਪਵਿੱਤਰ ਵੀ ਹੈ, ਇਸ ਲਈ ਗੁਰਬਾਣੀ ਵਿੱਚ ਇਸ ਵਿੱਚ ਲੁਪਤ ਹੋਣ ਨਾਲੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ ਤੇ ਨਾਲ ਹੀ ਇਸ ਤੋਂ ਬਚਣ ਦੇ ਸਾਧਨ ਗੁਰੂ ਦੀ ਸਿੱਖਿਆ, ਪਰਮਾਤਮਾ ਦਾ ਨਾਮ ਅਤੇ ਸਾਧ ਸੰਗਤ ਦਰਸਾਏ ਹਨ। ਜਿਹੜੇ ਗੁਰਮੁਖ ਜੀਵ ਇਸ ਮਾਇਆ ਨੂੰ ਨਾਸ਼ਵੰਤ ਜਾਣ ਕੇ ਉਸ ਦੇਣਹਾਰ ਪਰਮਾਤਮਾ ਨੂੰ ਯਾਦ ਰੱਖਦੇ ਹਨ ਉਹ ਹਰ ਪ੍ਰਕਾਰ ਨਾਲ ਆਪਣਾ ਜੀਵਨ ਸਫ਼ਲਾ ਕਰ ਲੈਂਦੇ ਹਨ

*ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥*
*ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖ ਪਾਇਆ॥*
*ਜੋ ਹਰਿ ਨਾਮ ਧਿਆਇਦੇ ਤਿਨ ਤੋਟਿ ਨ ਆਇਆ॥*[68]

ਸਿੱਖ ਧਰਮ ਵਿੱਚ ਹਉਮੈ ਅਜਿਹੀ ਬਿਰਤੀ ਹੈ ਜੋ ਮਨੁੱਖ ਨੂੰ ਪਰਮਾਤਮਾ ਦਾ ਅਹਿਸਾਸ ਹੀ ਨਹੀਂ ਹੋਣ ਦਿੰਦੀ ਬਲਕਿ ਮਨੁੱਖੀ ਮਨ ਨੂੰ ਦੁਨਿਆਵੀ ਪਦਾਰਥਾਂ ਦੀ ਪ੍ਰਬਲ ਇੱਛਾ ਵੱਲ ਉਤਸ਼ਾਹਿਤ ਵੀ ਕਰਦੀ ਹੈ। ਇਸਦੀ ਲਪੇਟ ਵਿਚ ਇਨਸਾਨ ਅੰਦਰ ਵਿਕਾਰਾਂ ਦਾ ਵਾਸਾ ਹੋਣਾ ਸ਼ੁਰੂ ਹੋ ਜਾਂਦਾ ਹੈ ਜੋ ਕਿ ਉਸਨੂੰ ਨੈਤਿਕ ਗਿਰਾਵਟ ਵੱਲ ਲੈ ਕੇ ਜਾਂਦੇ ਹਨ। ਹਉਮੈ ਕਿਸੇ ਵੀ ਪ੍ਰਕਾਰ ਦੀ ਹੋ ਸਕਦੀ ਹੈ ਜਿਵੇਂ ਸਮਾਜ ਵਿੱਚ ਉੱਚ ਰੁਤੱਬੇ ਦਾ ਹੋਣਾ, ਬਹੁਤ ਅਮੀਰ ਹੋਣਾ, ਬਹੁਤ ਸੁੰਦਰ ਹੋਣਾ, ਬਹੁਤ ਵਧੀਆ ਨੌਕਰੀ ਹੋਣਾ ਜਾਂ ਹਰ ਪ੍ਰਕਾਰ ਦੀ ਸੁੱਖ-ਸੁਵਿਧਾ ਹਾਸਿਲ ਹੋਣੀ ਆਦਿ। ਜਦ ਅਜਿਹੀਆਂ ਪ੍ਰਾਪਤੀਆਂ ਸਦਕਾ

ਮਨ ਵਿੱਚ ਮੈਂ ਤੇ ਮੇਰੀ ਦਾ ਅਹਿਸਾਸ ਆਉਣਾ ਸ਼ੁਰੂ ਹੋ ਜਾਂਦਾ ਹੈ ਤਾਂ ਮਨ ਵਿੱਚ ਹਉਮੈ ਦਾ ਵਾਸਾ ਹੋਣਾ ਸ਼ੁਰੂ ਹੋ ਜਾਂਦਾ ਹੈ । ਵਰਤਮਾਨ ਸਮਾਜ ਵਿੱਚ ਹਉਮੈ ਸਭ ਤੋਂ ਵੱਡੀ ਸਮੱਸਿਆ ਸਮਝੀ ਜਾਂਦੀ ਹੈ ਕਿਉਂਕਿ ਸਮਾਜ ਵਿੱਚ ਸਾਂਝਾਂ ਤਾਂ ਪਹਿਲਾਂ ਹੀ ਟੁੱਟਦੀਆਂ ਜਾਂਦੀਆਂ ਹਨ। ਇਸ ਹਉਮੈ ਸਦਕਾ ਮਨੁੱਖ ਵਿੱਚ ਹੋਰ ਵੀ ਮਾਣ ਤੇ ਹੰਕਾਰ ਵੱਧ ਜਾਂਦਾ ਹੈ ਜਿਸ ਸਦਕਾ ਕਈ ਵਾਰ ਖ਼ੂਨ ਦੇ ਰਿਸ਼ਤਿਆਂ ਵਿੱਚ ਵੀ ਤਰੇੜ ਪੈਣ ’ਤੇ ਸਮਾਂ ਨਹੀਂ ਲੱਗਦਾ। ਇਸ ਲਈ ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਇਸਦਾ ਸਮਾਧਾਨ ਵੀ ਕੀਤਾ ਹੈ ਕਿ ਹਉਮੈ ਦੀਰਘ ਰੋਗ ਹੈ ਤੇ ਸੱਚੇ ਗੁਰੂ ਦੀ ਸ਼ਰਨ ਵਿੱਚ ਜਾ ਕੇ ਅਜਿਹੀ ਲਾਇਲਾਜ ਬੀਮਾਰੀ ਦਾ ਇਲਾਜ ਹੋ ਸਕਦਾ ਹੈ। ‘ਮੇਰਾ ਵੈਦ ਗੁਰੂ ਗੋਵਿੰਦਾ’ ਦੇ ਕਥਨ ਅਨੁਸਾਰ ਗੁਰੂ ਹੀ ਪਰਮਾਤਮਾ ਦੇ ਨਾਮ ਦੀ ਸੋਝੀ ਬਖਸ਼ ਕੇ ਮਨੁੱਖ ਵਿਚੋਂ ਸਾਰੇ ਵਿਕਾਰਾਂ ਨੂੰ ਖਤਮ ਕਰਨ ਵਿੱਚ ਸਹਾਈ ਹੁੰਦਾ ਹੈ:

*ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ॥*
*ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥*
*ਹਉਮੈ ਪੀਰ ਗਈ ਸੁਖਿ ਪਾਇਆ ਆਰੋਗਤ ਭਏ ਸਰੀਰਾ॥*
*ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ॥*[69]

ਸਦਾਚਾਰਕ ਗੁਣਾਂ ਦੇ ਧਾਰਨੀ ਮਨੁੱਖ ਲਈ ਗੁਰਬਾਣੀ ਵਿੱਚ ਸੇਵਾ ਭਾਵ ਵਾਲਾ ਜੀਵਨ ਬਤੀਤ ਕਰਨ ਦਾ ਉਪਦੇਸ਼ ਹੈ। ਸੇਵਾ ਨਾਲ ਲੋੜਵੰਦਾਂ ਦੀ ਮਦਦ ਹੁੰਦੀ ਹੈ। ਸੇਵਾ ਸਦਕਾ ਸਮਾਜ ਕਲਿਆਣ ਕਾਰਜਾਂ ਵਾਸਤੇ ਅੱਗੇ ਵੱਧਦਾ ਹੈ ਅਤੇ ਸਮਾਜ ਦਾ ਹਰ ਪੱਖੋਂ ਵਿਕਾਸ ਹੁੰਦਾ ਹੈ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਆਪਾ ਭਾਵ ਗਵਾ ਕੇ ਸੇਵਾ ਕਰਨ ਦੇ ਹਮਾਇਤੀ ਹਨ। ਜਿਸ ਤਰ੍ਹਾਂ ਹਾਥੀ ਦੇ ਸਿਰ ਕੁੰਡਾ ਹੁੰਦਾ ਹੈ ਅਤੇ ਅਹਿਰਣ ਵੇਦਾਨ ਹੇਠਾਂ ਸਿਰ ਦੇ ਦਿੰਦੀ ਹੈ ਇਸੇ ਤਰ੍ਹਾਂ ਆਪਣਾ ਆਪ ਪਰਮਾਤਮਾ ਅੱਗੇ ਨਿਛਾਵਰ ਕਰਕੇ ਬਿਨਾਂ ਕਿਸੇ ਇੱਛਾ ਦੇ ਜਾਂ ਫਲ ਦੇ ਸੇਵਾ ਕਰਨੀ ਚਾਹੀਦੀ ਹੈ[70] ਕਿਉਂਕਿ ਅਜਿਹੀ ਸੇਵਾ ਹੀ ਪਰਮਾਤਮਾ ਦੇ ਦਰ ’ਤੇ ਪ੍ਰਵਾਨ ਹੁੰਦੀ ਹੈ ਤੇ ਮਨ ਦੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ:

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥*[71]
*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*[72]

ਨਿਜ ਸੁਆਰਥ ਤੋਂ ਉੱਪਰ ਉਠ ਕੇ ਕੀਤੀ ਸੇਵਾ ਵਿੱਚ ਨਿਮਰਤਾ ਜਿਹਾ ਮਿਠਾਸ ਭਰਪੂਰ ਗੁਣ ਵਿਦਮਾਨ ਹੁੰਦਾ ਹੈ। ਨਿਮਰਤਾ ਦਾ ਸੰਬੰਧ ਮਨੁੱਖ ਦੇ ਚੱਜ-ਆਚਾਰ ਨਾਲ ਹੈ। ਨਿਮਰਤਾ ਭਰਪੂਰ ਜੀਵਨ ਵਿੱਚ ਦੁੱਖਾਂ ਕਲੇਸ਼ਾਂ, ਵੈਰ-ਵਿਰੋਧਾਂ ਸਭ ਦਾ ਖਾਤਮਾ ਹੁੰਦਾ ਹੈ ਤੇ ਹਉਮੈ ਨੂੰ ਮਾਰਨ ਦਾ ਸਭ ਤੋਂ ਵੱਡਾ ਹਥਿਆਰ ਨਿਮਰਤਾ ਹੀ ਹੈ। ਕਿਸੇ ਵਿਅਕਤੀ ਦੀ ਵਡਿਆਈ ਉਸਦੀ ਉਚੇਰੀ ਪਦਵੀ ਕਾਰਨ ਨਹੀਂ ਸਗੋਂ ਨਿਮਰਤਾ ਭਰਪੂਰ ਜੀਵਨ ਜੀਊਣ ਨਾਲ ਵੀ ਹੁੰਦੀ ਹੈ।ਜੋ ਗੁਰਮੁਖ ਜੀਵ ਚੰਗੇ ਕਰਮ ਕਰਦੇ ਹਨ ਤੇ ਹਮੇਸ਼ਾ ਦੂਜਿਆਂ ਨੂੰ ਸੁੱਖ ਪਹੁੰਚਾਉਣ ਦੀ ਕੋਸ਼ਿਸ਼ ਵਿੱਚ ਹੁੰਦੇ ਹਨ, ਉਹ ਆਪ ਪਰਮਾਤਮਾ ਦਾ ਨਾਮ ਜਪਦੇ ਹਨ ਤੇ ਹੋਰਨਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਦੇ ਹਨ। ਅਜਿਹੇ ਗੁਰਮੁਖ ਜੀਵਾਂ ਦੀ ਧੂੜ ਤਾਂ ਗੁਰੂ ਰਾਮਦਾਸ ਜੀ ਆਪ ਵੀ ਲੋਚਦੇ ਹਨ

*ਜਨ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈਹ॥*[73]

ਵਰਤਮਾਨ ਸਮਾਜ ਅੱਜ ਪ੍ਰਗਤੀ ਦੇ ਰਾਹ 'ਤੇ ਪਿਆ ਹੋਇਆ ਹੈ ਜਿਸ ਸਦਕਾ ਵੱਖ-ਵੱਖ ਧਰਮਾਂ ਅਤੇ ਫਿਰਕੇ ਦੇ ਲੋਕਾਂ ਦਾ ਆਪਸੀ ਮੇਲ ਜੋਲ ਵਧਿਆ ਹੈ ਅਤੇ ਇਕ ਦੂਜੇ ਦੇ ਨੇੜੇ ਆਉਣ ਦਾ, ਉਨ੍ਹਾਂ ਨੂੰ ਸਮਝਣ-ਸਮਝਾਉਣ ਦਾ ਮੌਕਾ ਮਿਲਿਆ ਹੈ। ਇਸੇ ਮੇਲ ਜੋਲ ਸਦਕਾ ਕੁਝ ਧਾਰਮਿਕ ਭੇਦ-ਭਾਵ ਵੀ ਦ੍ਰਿਸ਼ਟੀਗੋਚਰ ਹੋਏ ਹਨ। ਆਧੁਨਿਕ ਸਮਾਜ ਵਿੱਚ ਇਸ ਸਮੱਸਿਆ ਦੇ ਹੱਲ ਲਈ ਅੰਤਰ-ਸੰਵਾਦ ਜਾਂ ਇਕ ਦੂਜੇ ਨਾਲ ਵਿਚਾਰ ਵਟਾਂਦਰੇ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ। ਸਿੱਖ ਗੁਰੂ ਸਾਹਿਬਾਨ ਨੇ ਅਜਿਹੀ ਪਿਰਤ ਬਹੁਤ ਹੀ ਸਮਾਂ ਪਹਿਲਾਂ ਪਾ ਦਿੱਤੀ ਸੀ। ਜਿਸ ਦਾ ਪ੍ਰਤੱਖ ਪ੍ਰਮਾਣ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਗੋਸਟਿ ਹੈ। ਇਸ ਸਦਕਾ ਕਈ ਮਸਲਿਆਂ ਦਾ ਸਮਾਧਾਨ ਸਹਿਜੇ ਹੀ ਹੋ ਸਕਦਾ ਹੈ। ਪਰ ਸਮਕਾਲੀ ਸਮਾਜ ਵਿੱਚ ਅਜਿਹੀ ਪਿਰਤ ਅਲੋਪ ਹੁੰਦੀ ਨਜ਼ਰ ਆ ਰਹੀ ਹੈ ਜਿਸ ਸਦਕਾ ਵੱਖ ਵੱਖ ਧਰਮਾਂ ਨੂੰ ਮੰਨਣ ਵਾਲਿਆਂ ਜਾਂ ਵੱਖ ਵੱਖ ਦੇਸ਼ਾਂ ਦੇ ਲੋਕਾਂ ਵਿਚਕਾਰ ਅਰਾਜਕਤਾ ਫੈਲ ਰਹੀ ਹੈ। ਇਸ ਦਾ ਸਮਾਧਾਨ ਤਾਂ ਗੁਰੂ ਸਾਹਿਬ ਕਈ ਸਦੀਆਂ ਪਹਿਲਾਂ ਹੀ ਦੱਸ ਚੁੱਕੇ ਹਨ ਕਿ ਆਪਸ ਵਿੱਚ ਇਕ ਦੂਜੇ ਨਾਲ ਮਿਲ ਕੇ ਰਹਿਣ ਨਾਲ ਜਾਂ ਵਿਚਰ ਵਟਾਂਦਰੇ ਸਦਕਾ ਮੇਲ ਜੋਲ ਵੱਧਦਾ ਹੈ, ਮਨ ਵਿੱਚ ਆਏ ਸ਼ੰਕਿਆ ਦੀ ਨਵਿਰਤੀ ਹੋ ਜਾਂਦੀ ਹੈ। ਇਸ ਲਈ ਗੁਰੂ ਸਾਹਿਬ ਦੇਸ਼ਾਂ ਦਾ, ਕੌਮਾਂ ਦਾ ਆਪਸੀ ਸੰਪਰਕ ਕਾਇਮ ਕਰਨ ਹਿੱਤ ਸੁਝਾਅ ਦਿੰਦੇ ਹਨ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ

ਦੁਬਿਧਾ ਦੂਰਿ ਕਰਹੁ ਲਿਵ ਲਾਇ॥ [74]

*ਜਬ ਲਗੁ ਦੁਨੀਆ ਰਹੀਐ ਨਾਨਕ*

*ਕਿਛੁ ਸੁਣੀਐ ਕਿਛੁ ਕਹੀਐ॥* [75]

ਮੇਲ ਜੋਲ ਦੀ ਭਾਵਨਾ ਸਦਕਾ ਹੀ ਗੁਣ-ਔਗੁਣ ਪ੍ਰਗਟ ਹੁੰਦੇ ਹਨ । ਪਰ ਮਨੁੱਖ ਨੂੰ ਦੂਜੇ ਦੇ ਔਗੁਣਾਂ ਨੂੰ ਨਜ਼ਰ ਅੰਦਾਜ ਕਰਕੇ ਗੁਣਾਂ ਨਾਲ ਸਾਂਝ ਕਰ ਲੈਣੀ ਚਾਹੀਦੀ ਹੈ ਜਿਸ ਸਦਕਾ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ :

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥* [76]

ਆਪਸੀ ਅੰਤਰ-ਸੰਵਾਦ ਤੇ ਵਿਚਾਰ ਵਟਾਂਦਰੇ ਸਦਕਾ ਹੀ ਕਿਸੇ ਸਮੱਸਿਆ ਦਾ ਹੱਲ ਲੱਭਿਆ ਜਾ ਸਕਦਾ ਹੈ। ਆਧੁਨਿਕ ਸਮਾਜ ਦੀ ਸਿਰਜਣਾ ਵਿੱਚ ਗੁਰੂ ਸਾਹਿਬ ਦਾ ਦਿੱਤਾ ਇਹ ਸਿਧਾਂਤ ਬਹੁਤ ਕਾਰਗਰ ਸਿੱਧ ਹੋ ਸਕਦਾ ਹੈ ਕਿਉਂਕਿ ਗੁਰਬਾਣੀ ਹਮੇਸ਼ਾਂ ਹੀ ਮਨੁੱਖ ਲਈ ਚਾਨਣ-ਮੁਨਾਰਾ ਹੈ, ਪਰ ਲੋੜ ਤਾਂ ਉਸ ਵਿਚੋਂ ਅਗਵਾਈ ਲੈਣ ਦੀ ਹੈ

ਵਰਤਮਾਨ ਸਮਾਜ ਵਿੱਚ ਜ਼ਿੰਦਗੀ ਦੇ ਹਰ ਪਹਿਲੂ, ਹਰ ਪੱਖ ਦੀ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹੈ। ਪਰ ਅੱਜ ਜ਼ਰੂਰਤ ਹੈ ਉਸ ਵਿਚਾਰਧਾਰਾ ਨੂੰ ਸਮਝਣ ਦੀ। ਇਸ ਵਿਚਾਰਧਾਰਾ ਨੂੰ ਸੁਣ ਕੇ ਜਾਂ ਪੜ੍ਹ ਕੇ ਨਜ਼ਰਅੰਦਾਜ਼ ਨਾ ਕੀਤਾ ਜਾਵੇ ਬਲਕਿ ਅਸਲੀ ਜੀਵਨ ਵਿੱਚ ਧਾਰਨ ਵੀ ਕੀਤਾ ਜਾਵੇ।ਕਿਉਂਕਿ ਅਜੋਕਾ ਯੁੱਗ ਵਿਗਿਆਨ ਦਾ ਯੁੱਗ ਮੰਨਿਆ ਜਾਂਦਾ ਹੈ ਤੇ ਇਸ ਯੁੱਗ ਵਿੱਚ ਵਿੱਦਿਆ ਦੇ ਪਸਾਰੇ ਨਾਲ ਜੋ ਪ੍ਰਗਤੀ ਹੋਈ ਹੈ, ਉਹ ਕਿਸੇ ਕਾਲ ਵਿੱਚ ਵੀ ਨਹੀਂ ਹੋਈ। ਨਵੇਂ-ਨਵੇਂ ਕੋਰਸ, ਨਵੀਆਂ-ਨਵੀਆਂ ਤਕਨੀਕਾਂ ਦੇ ਜ਼ਰੀਏ ਵਿਦਿਆਰਥੀਆਂ ਨੂੰ ਸਿੱਖਿਆ ਦੇ ਸਾਧਨ ਮੁਹੱਈਆ ਕਰਵਾਏ ਜਾ ਰਹੇ ਹਨ।ਜਿਸ ਸਦਕਾ ਵਿਦਿਆਰਥੀ ਉੱਚ ਵਿਦਿਆ ਗ੍ਰਹਿਣ ਕਰਨ ਲਈ ਵਿਦੇਸ਼ਾਂ ਵਿੱਚ ਜਾਣਾ ਮਾਣ ਸਮਝਦੇ ਹਨ। ਵਿੱਦਿਆ ਨੂੰ ਇਨਸਾਨ ਦਾ ਤੀਸਰਾ ਨੇਤਰ ਕਿਹਾ ਜਾਂਦਾ ਹੈ ਜੋ ਮਨੁੱਖੀ ਜੀਵਨ ਨੂੰ ਅਗਿਆਨਤਾ ਵਿਚੋਂ ਨਿਕਲ ਕੇ ਸੰਸਾਰ ਭਰ ਦਾ ਗਿਆਨ ਉਸਦੀ ਝੋਲੀ ਪਾ ਦਿੰਦੀ ਹੈ ਤੇ ਉਸਦਾ ਜੀਵਨ ਅਜਿਹੇ ਗਿਆਨ ਸਦਕਾ ਰੁਸ਼ਨਾ ਜਾਂਦਾ ਹੈ। ਵਿਦਿਆਰਥੀ ਜਿਵੇਂ-ਜਿਵੇਂ ਉਮਰ ਵਿੱਚ ਵੱਡਾ ਹੁੰਦਾ ਜਾਂਦਾ ਹੈ ਉਹ ਪਹਿਲਾਂ ਸਕੂਲ, ਫਿਰ ਕਾਲਜ, ਯੂਨੀਵਰਸਿਟੀ ਤੱਕ ਉੱਚ ਵਿੱਦਿਆ ਹਾਸਿਲ ਕਰਦਾ ਹੈ, ਜਿਵੇਂ -ਜਿਵੇਂ ਉਹ ਤਰੱਕੀ ਕਰਦਾ ਅੱਗੇ ਵੱਧਦਾ ਜਾਂਦਾ ਹੈ ਸਗੋਂ ਉਸਦੇ ਗਿਆਨ ਦਾ ਖੇਤਰ ਵੀ ਵਿਸ਼ਾਲ ਹੁੰਦਾ ਜਾਂਦਾ ਹੈ। ਇਸ ਲਈ ਗਿਆਨ ਦਾ ਖੇਤਰ ਕਿਸੇ ਕਾਲ ਵਿੱਚ ਵੀ ਸੀਮਤ ਨਹੀਂ

ਗਿਣਿਆ ਜਾਂਦਾ। ਸਗੋਂ ਇਹ ਉਹ ਅਨਮੋਲ ਖ਼ਜਾਨਾ ਹੈ ਜਿਸਨੂੰ ਗ੍ਰਹਿਣ ਕਰਕੇ ਜਿੰਨਾਂ ਵੰਡਿਆ ਜਾਂਦਾ ਹੈ, ਉੱਨਾਂ ਹੀ ਇਹ ਵੱਧਦਾ ਵੀ ਜਾਂਦਾ ਹੈ। ਇਸਦੇ ਗੁਆਚਣ ਜਾਂ ਨਸ਼ਟ ਹੋਣ ਦਾ ਡਰ ਵੀ ਨਹੀਂ ਹੁੰਦਾ। ਵਿੱਦਿਆ ਗ੍ਰਹਿਣ ਕਰਕੇ ਮਨੁੱਖ ਦੀ ਚੇਤਨੰਤਾ ਦਾ ਵਿਕਾਸ ਹੁੰਦਾ ਹੈ ਜਦ ਕਿ ਵਿੱਦਿਆ ਹੀਣ ਮਨੁੱਖ ਅਜਿਹੀ ਚੇਤੰਨਤਾ ਤੋਂ ਕੋਰਾ ਹੀ ਰਹਿੰਦਾ ਹੈ ਅਤੇ ਉਸਦਾ ਜੀਵਨ ਪਸ਼ੂ ਸਮਾਨ ਹੀ ਹੁੰਦਾ ਹੈ। ਭਾਵੇਂ ਅਜੋਕਾ ਮਨੁੱਖ ਦੁਨਿਆਵੀ ਵਿੱਦਿਆ ਹਾਸਿਲ ਕਰਕੇ ਪ੍ਰਗਤੀ ਦੀਆਂ ਪੁਲਾਂਘਾਂ ਪੁੱਟ ਰਿਹਾ ਹੈ ਤੇ ਧਰਤੀ ਤਾਂ ਕੀ ਅਸਮਾਨ ਨੂੰ ਵੀ ਆਪਣੇ ਅਧੀਨ ਕਰਨ ਬਾਰੇ ਸੋਚ ਰਿਹਾ ਹੈ। ਕੁਦਰਤ ਦੇ ਸਭ ਵਸੀਲਿਆਂ ’ਤੇ ਕਾਬੂ ਕਰਨ ਦੇ ਪੁਰਜ਼ੋਰ ਯਤਨ ਕਰ ਰਿਹਾ ਹੈ। ਪਰ ਸਿੱਖ ਧਰਮ ਅਨੁਸਾਰ ਪਰਮਾਤਮਾ ਨੇ ਮਨੁੱਖ ਨੂੰ ਜਿਸ ਮਨੋਰਥ ਲਈ ਭੇਜਿਆ ਹੈ ਉਸ ਵਲੋਂ ਅਵੇਸਲਾ ਹੁੰਦਾ  ਜਾ ਰਿਹਾ ਹੈ। ਗੁਰਬਾਣੀ ਵਿੱਚ ਵਿੱਦਿਆ ਦੇ ਮਹੱਤਵ ’ਤੇ ਜ਼ੋਰ ਦਿੱਤਾ ਗਿਆ ਹੈ। ਇਸ ਲਈ ਮਨੁੱਖ ਨੂੰ ਆਪਣੇ ਜੀਵਨ ਮਨੋਰਥ ਸੰਬੰਧੀ ਅਤੇ ਸੁਚੱਜੀ ਜੀਵਨ ਜਾਚ ਸੰਬੰਧੀ ਗਿਆਨ ਹਾਸਿਲ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈਣ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਲਈ ਸੰਸਾਰਕ (ਰਸਮੀ) ਵਿੱਦਿਆ ਜੋ ਸਕੂਲਾਂ ਕਾਲਜਾਂ ਤੋਂ ਗ੍ਰਹਿਣ ਕੀਤੀ ਜਾਂਦੀ ਹੈ, ਦੇ ਨਾਲ ਨਾਲ ਅਧਿਆਤਮਕ ਵਿੱਦਿਆ ਗ੍ਰਹਿਣ ਕਰਨੀ ਵੀ ਜ਼ਰੂਰੀ ਹੈ। ਕਿਉਂਕਿ ਇਸ ਨਾਲ ਮਨੁੱਖ ਦਾ ਦੁਨਿਆਵੀ ਦੇ ਨਾਲ-ਨਾਲ ਅਧਿਆਤਮਕਤਾ (ਪਰਲੋਕ) ਦਾ ਰਾਹ ਵੀ ਖੁੱਲ੍ਹਦਾ ਰਹਿੰਦਾ ਹੈ ਤੇ ਜਿਸ ਨਾਲ ਮਨੁੱਖਾ ਜੀਵਨ ਜੀਉਣ ਦੇ ਨਾਲ ਨਾਲ ਇਸ ਦਾ ਮਨੋਰਥ ਵੀ ਸਿੱਧ ਹੋ ਜਾਂਦਾ ਹੈ। ਗੁਰਬਾਣੀ ਵਿੱਚ ਵਿੱਦਿਆ ਪ੍ਰਾਪਤੀ ਦਾ ਵਿਰੋਧ ਨਹੀਂ ਕੀਤਾ ਗਿਆ ਸਗੋਂ ਅੱਖਰ ਗਿਆਨ ਦਾ ਮਹੱਤਵ ਵੀ ਦਰਸਾਇਆ ਗਿਆ ਹੈ:-

*ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ॥*

*ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥*[77]

ਇਸ ਅੱਖਰੀ ਗਿਆਨ ਨਾਲ ਮਨੁੱਖ ਗਿਆਨਵਾਨ ਹੋ ਜਾਂਦਾ ਹੈ ਤੇ ਉਸਦੇ ਅਗਿਆਨਤਾ ਦੇ ਸਾਰੇ ਹਨੇਰੇ ਦੂਰ ਹੋ ਜਾਂਦੇ ਹਨ। ਭਗਤ ਕਬੀਰ ਜੀ ਨੇ ਤਾਂ ਗਿਆਨ ਪ੍ਰਾਪਤੀ ਦੇ ਪ੍ਰਭਾਵ ਨੂੰ ਹਨੇਰੀ ਦੇ ਰੂਪਕ ਵਿੱਚ ਦਰਸਾਇਆ ਹੈ। ਗਿਆਨ ਦੀ ਰੋਸ਼ਨੀ ਨਾਲ ਕਿਸੇ ਪ੍ਰਕਾਰ ਦਾ ਕੋਈ ਸ਼ੰਕਾ ਮਨ ਵਿੱਚ ਨਹੀਂ ਰਹਿ ਜਾਂਦਾ:-

*ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥*

*ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥*

*ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥*

*ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥*

*ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾ॥*

*ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥*[78]

ਇਸੇ ਤਰ੍ਹਾਂ ਗੁਰਬਾਣੀ ਵਿੱਚ ਦੀਵੇ ਅਤੇ ਸੂਰਜ ਦਾ ਪ੍ਰਤੀਕ ਵਰਤਿਆ ਗਿਆ ਹੈ ਕਿ ਜਿਸ ਤਰ੍ਹਾ ਦੀਵੇ ਜਾਂ ਸੂਰਜ ਦੀ ਰੋਸ਼ਨੀ ਨਾਲ ਹਰ ਥਾਂ ਤੇ ਪ੍ਰਕਾਸ਼ ਹੋ ਜਾਂਦਾ ਹੈ ਉਸੇ ਤਰ੍ਹਾਂ ਪਰਮਾਤਮਾ ਦੇ ਗਿਆਨ ਨਾਲ ਮਨ ਪ੍ਰਕਾਸ਼ਮਾਨ ਹੋ ਜਾਂਦਾ ਹੈ;

*ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥*

*ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ॥*[79]

ਅਜਿਹੀ ਅਗਿਆਨਤਾ ਦਾ ਨਾਸ਼ ਕਰਨ ਲਈ ਗੁਰਬਾਣੀ ਵਿੱਚ ਮਨੁੱਖ ਨੂੰ ਵਿਸ਼ੇ ਵਿਕਾਰਾਂ ਦਾ ਤਿਆਗ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਕਿਉਂਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਕਿਸੇ ਇਕ ਦਾ ਵੀ ਵਾਸਾ ਮਨੁੱਖ ਦੀ ਮਤਿ ਦਾ ਨਾਸ਼ ਕਰ ਦਿੰਦਾ ਹੈ ਅਤੇ ਅਜਿਹੀ ਵਿੱਦਿਆ ਗੁਰਮਤਿ ਅਨੁਸਾਰ ਪਰਵਾਨ ਨਹੀਂ। ਇਸ ਲਈ ਪਰਮਾਤਮਾ ਦੇ ਗਿਆਨ ਨਾਲ ਹੀ ਅਜਿਹੀ ਅਵਿੱਦਿਆ ਨੂੰ ਖਤਮ ਕੀਤਾ ਜਾ ਸਕਦਾ ਹੈ। ਅਜਿਹੀ ਅਗਿਆਨਤਾ ਦੇ ਨਾਸ਼ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਖੜਗ' ਦਾ ਰੂਪਕ ਵਰਤਿਆ ਗਿਆ ਹੈ। ਜਿਸ ਨਾਲ ਕਿ ਵਿਸ਼ੇ-ਵਿਕਾਰਾਂ ਦਾ ਖਾਤਮਾ ਕਰਨਾ ਸਰਲ ਹੁੰਦਾ ਹੈ:-

*ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥*[80]

*ਉਪਜੈ ਗਿਆਨਿ ਦੁਰਮਤਿ ਛੀਜੈ॥ ਅੰਮ੍ਰਿਤ ਰਸ ਗਗਨੰਤਰਿ ਭੀਜੈ॥*

*ਏਸ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥*[81]

ਅਜਿਹੇ ਗਿਆਨ ਦੀ ਪ੍ਰਾਪਤੀ ਗੁਰੂ ਦੇ ਗਿਆਨ ਦੁਆਰਾ ਦਰਸਾਈ ਹੈ। ਜੋ ਮਨੁੱਖ ਗੁਰੂ ਦੇ ਦਰਸਾਏ ਮਾਰਗ 'ਤੇ ਚਲਦਾ ਹੈ ਉਸਨੂੰ ਪਰਮਾਤਮਾ ਦੇ ਨਾਮ ਰੂਪੀ ਰਤਨਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਅਗਿਆਨਤਾ ਦਾ ਨਾਸ਼ ਹੁੰਦਾ ਹੈ ਤੇ ਵਿਸ਼ੇ-ਵਿਕਾਰਾ ਦਾ ਖਾਤਮਾ ਹੁੰਦਾ ਹੈ:

*ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ*

*ਹਰਿ ਰਤਨ ਪਦਾਰਥੁ ਲਾਧਾ॥*

*ਹਉਮੈ ਰੋਗੁ ਗਇਆ ਦੁਖੁ ਲਾਥਾ*

*ਆਪੁ ਆਪੈ ਗੁਰਮਤਿ ਖਾਧਾ॥*[82]

*ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥*

*ਦੂਜਾ ਭ੍ਰਮ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥*[83]

*ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ॥*

*ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ॥*[84]

ਗੁਰਬਾਣੀ ਵਿੱਚ ਸੱਚੇ ਗੁਰੂ ਦੀ ਅਗਵਾਈ ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਗੁਰੂ ਦੀ ਮਿਹਰ ਨਾਲ ਹੀ ਵਿੱਦਿਆ ਪ੍ਰਾਪਤੀ ਦੀ ਸੇਧ ਮਿਲਦੀ ਹੈ। ਗੁਰਬਾਣੀ ਫੁਰਮਾਨ ਹੈ ਕਿ ਭਾਵੇਂ ਵੱਡੇ ਵੱਡੇ ਰਿਸ਼ੀਆਂ-ਮੁਨੀਆਂ ਤੋਂ ਪੁੱਛ ਲਵੋ, ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਸੰਭਵ ਹੀ ਨਹੀਂ:

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥*

*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*[85]

ਇਸ ਲਈ ਗੁਰਬਾਣੀ ਦੇਹ ਧਾਰੀ ਗੁਰੂ ਨਾਲੋਂ ਸ਼ਬਦ ਗੁਰੂ ਦੀ ਅਗਵਾਈ ਤੇ ਜ਼ੋਰ ਦਿੰਦੀ ਹੈ। 'ਸ਼ਬਦ ਗੁਰੂ ਸੁਰਤਿ ਧੁਨ ਚੇਲਾ' ਅਨੁਸਾਰ ਸ਼ਬਦ ਗੁਰੂ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਦੀ ਜੋਤਿ ਸਿੱਖ ਧਰਮ ਦੇ ਮੌਜੂਦਾ ਗੁਰੂ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂਗੱਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਸੌਂਪਣ ਵੇਲੇ ਗੁਰੂ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਆਦੇਸ਼ ਦਿੱਤਾ ਹੈ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਮਨੁੱਖ ਦੀ ਗੁਰੂ ਦੇ ਰੂਪ ਵਿੱਚ ਅਗਵਾਈ ਕਰਦੀ ਹੈ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*[86]

ਗੁਰੂ ਦੀ ਬਾਣੀ ਦਾ ਅਸਲ ਮਨੋਰਥ ਪਰਉਪਕਾਰੀ ਬਣਨਾ ਸਿਖਾਇਆ ਗਿਆ ਹੈ। ਜੋ ਵਿੱਦਿਆ ਦੂਜਿਆਂ ਦੇ ਭਲੇ ਬਾਰੇ ਨਹੀਂ, ਉਹ ਅਵਿੱਦਿਆ ਹੈ। ਇਸ ਲਈ ਅਸਲ ਵਿੱਦਿਆ ਉਹ ਹੈ ਜੋ ਦੂਜਿਆਂ ਦੇ ਭਲੇ ਦਾ ਕਾਰਜ ਕਰਦੀ ਹੈ। ਜੋ ਮਨੁੱਖ ਆਪ ਵਿੱਦਿਆ ਗ੍ਰਹਿਣ ਕਰਕੇ ਦੂਜਿਆਂ ਨੂੰ ਵੀ ਅਜਿਹਾ ਗਿਆਨ ਵੰਡਦਾ ਹੈ, ਉਸਦਾ ਵਿੱਦਿਆ ਗ੍ਰਹਿਣ ਦਾ ਅਸਲ ਮਨੋਰਥ ਪੂਰਾ ਹੋ ਜਾਂਦਾ ਹੈ।

*ਵਿਦਿਆ ਵੀਚਾਰੀ ਤਾ ਪਰਉਪਕਾਰੀ॥*[87]

ਜੇਕਰ ਸਿੱਖ ਕੇ ਕੁਝ ਸਿੱਖਣਯੋਗ ਕੰਮ ਕੀਤਾ ਜਾਵੇ ਤਾਂ ਹੀ ਸਿੱਖੇ ਦਾ ਕੋਈ ਫਾਇਦਾ ਹੁੰਦਾ ਹੈ। ਪਰ ਜੇ ਮਨੁੱਖ ਵਿੱਦਿਆ ਗ੍ਰਹਿਣ ਕਰ ਲਵੇ ਤੇ ਉਸਨੂੰ ਆਪਣੇ ਤੱਕ ਹੀ ਸੀਮਤ ਰੱਖੇ ਤਾਂ

ਅਜਿਹੀ ਵਿੱਦਿਆ ਨਿਰਾਰਥਕ ਹੈ। ਜੇਕਰ ਉਸਨੂੰ ਅਮਲੀ ਜੀਵਨ ਵਿੱਚ ਧਾਰਨ ਹੀ ਨਹੀਂ ਕੀਤਾ ਤਾਂ ਅਜਿਹੀ ਵਿੱਦਿਆ ਪੜਨ ਦਾ ਕੋਈ ਲਾਭ ਨਹੀਂ। ਗੁਰਬਾਣੀ ਮਹਾਂਵਾਕ ਅਨੁਸਾਰ:

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*

*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*

*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*

*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*[88]

ਮਨੁੱਖ ਭਾਵੇਂ ਸਾਰੀ ਉਮਰ ਪੜ੍ਹਦਾ ਰਹੇ ਪਰ ਜੇਕਰ ਪੜ੍ਹ-ਪੜ੍ਹ ਕੇ ਉਸ ਨੂੰ ਅਮਲੀ ਜੀਵਨ ਵਿੱਚ ਧਾਰਨ ਨਹੀਂ ਕੀਤਾ ਜਾਂ ਵਿੱਦਿਆ ਦਾ ਅਸਲ ਮਨੋਰਥ ਹੀ ਨਹੀਂ ਸਮਝਿਆ ਤਾਂ ਅਜਿਹੀ ਵਿੱਦਿਆ ਨਿਰਾਰਥਕ ਹੈ। ਜਿਹੜੇ ਮਨੁੱਖ ਵਿੱਦਿਆ ਗ੍ਰਹਿਣ ਕਰਕੇ ਉਸਨੂੰ ਪਰਉਪਕਾਰ ਲਈ ਵਰਤਦੇ ਹਨ ਜਾਂ ਉਸ ਉੱਤੇ ਵਿਚਾਰ ਕਰਦੇ ਹਨ ਤਾਂ ਉਹ ਵਡਿਆਈ ਦੇ ਪਾਤਰ ਬਣਦੇ ਹਨ:

*ਗੁਰ ਪਰਸਾਦੀ ਵਿੱਦਿਆ ਵੀਚਾਰੈ ਪੜਿ ਪੜਿ ਪਾਵਹਿ ਮਾਨੁ॥*[89] *(132)*

ਗੁਰਬਾਣੀ ਅਨੁਸਾਰ ਵਿੱਦਿਆ ਗ੍ਰਹਿਣ ਕਰਕੇ ਜੋ ਮਨੁੱਖ ਆਪਣੇ ਆਪ ਨੂੰ ਬਹੁਤ ਸਿਆਣੇ ਜਾਂ ਚਤੁਰ ਸਮਝਣ ਲੱਗ ਪੈਂਦੇ ਹਨ ਤੇ ਗੱਲ-ਗੱਲ 'ਤੇ ਵਾਦ ਵਿਵਾਦ ਵਿੱਚ ਪੈ ਜਾਂਦੇ ਹਨ, ਸਹੀ ਅਰਥਾਂ ਵਿੱਚ ਉਹ ਵਿਦਵਾਨ ਨਹੀਂ ਬਲਕਿ ਉਨ੍ਹਾਂ ਨੇ ਵਿੱਦਿਆ ਦੇ ਅਸਲੀ ਰਹੱਸ ਨੂੰ ਸਮਝਿਆ ਹੀ ਨਹੀਂ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਅਜਿਹੇ ਮੂਰਖ ਮਨੁੱਖ ਨਾਲ ਵਾਦ-ਵਿਵਾਦ ਵਿੱਚ ਨਹੀਂ ਪੈਣਾ ਚਾਹੀਦਾ ਕਿਉਂਕਿ ਜਿਸਦਾ ਜਿੰਨਾ ਦਾਇਰਾ ਹੈ ਉਹ ਉਨ੍ਹਾਂ ਹੀ ਸਿਖਦਾ ਹੈ :

*ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ*

*ਮੂਰਖੈ ਨਾਲਿ ਨਾ ਲੁਝੀਐ॥*[90]

ਇਸਦੇ ਉਲਟ ਗੁਰੂ ਨਾਨਕ ਸਾਹਿਬ ਉਸ ਵਿਅਕਤੀ ਨੂੰ ਵਿਦਵਾਨ (ਪਾਂਧੇ) ਦੇ ਰੂਪ ਵਿੱਚ ਸਵੀਕਾਰ ਕਰਦੇ ਹਨ ਜਿਹੜਾ ਵਿੱਦਿਆ ਗ੍ਰਹਿਣ ਕਰਕੇ ਵਾਦ-ਵਿਵਾਦ ਨਹੀਂ ਪੈਂਦਾ ਸਗੋਂ ਜੀਵਨ ਦੇ ਅਸਲ ਮਨੋਰਥ ਦੀ ਸੋਝੀ ਹਾਸਿਲ ਕਰਕੇ ਪਰਮਾਤਮਾ ਨਾਲ ਸੁਰਤਿ ਜੋੜ ਕੇ ਆਪਣੇ ਉਦੇਸ਼ ਦੀ ਪੂਰਤੀ ਕਰਦਾ ਹੈ:

*ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਿਜ ਸੁਭਾਇ॥*

*ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥*[91]

ਅਜਿਹੀ ਸੂਝ ਰੱਖਣ ਵਾਲੇ ਪਾਂਧੇ ਨੂੰ ਗੁਰੂ ਸਾਹਿਬ 'ਗੁਰਮੁਖਿ' ਅਤੇ 'ਗਿਆਨੀ' ਦੀ ਸੰਗਿਆ ਦਿੰਦੇ ਹਨ। ਕਿਉਂਕਿ ਆਪਣੇ ਆਦਰਸ਼ਕ ਗੁਣਾਂ ਸਦਕਾ ਹੀ ਜਿਥੇ ਉਹ ਆਪ ਵਿੱਦਿਆ ਗ੍ਰਹਿਣ ਕਰਦੇ ਹਨ ਉਥੇ ਵਿੱਦਿਆ ਤੇ ਵੀਚਾਰ ਕਰਕੇ ਜੀਵਨ ਦੇ ਅਸਲ ਮਨੋਰਥ ਵੱਲ ਕਦਮ ਵਧਾਉਂਦੇ ਹਨ। ਜਿਥੇ ਉਹ ਪਰਮਾਤਮਾ ਦਾ ਨਾਮ-ਧਨ ਇਕੱਤਰ ਕਰਦੇ ਹਨ, ਪਰਮਾਤਮਾ ਦੀ ਬਖਸ਼ਿਸ਼ ਸਦਕਾ ਦਰਗਾਹ ਵਿੱਚ ਮਾਣ ਵੀ ਪ੍ਰਾਪਤ ਕਰਦੇ ਹਨ। ਗੁਰਬਾਣੀ ਵਿੱਚ ਵੀ ਅਜਿਹੇ ਸੰਕੇਤ ਮਿਲਦੇ ਹਨ :

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥
*ਆਪੁ ਪਛਾਣੈ ਬੂਝੈ ਸੋਇ॥*
*ਗੁਰ ਪਰਸਾਦਿ ਕਰੇ ਬੀਚਾਰੁ॥*
*ਸੋ ਗਿਆਨੀ ਦਰਗਹ ਪਰਵਾਣੁ॥*[93]

ਸੋ ਵਰਤਮਾਨ ਸਿੱਖ ਸਮਾਜ ਵਿੱਚ ਅਜਿਹੀ ਵਿੱਦਿਆ ਗ੍ਰਹਿਣ ਕਰਕੇ ਹੋਰਨਾਂ ਨੂੰ ਵੀ ਅਜਿਹੀ ਵਿੱਦਿਆ ਦੇ ਦਾਨ ਦਾ ਉਪਦੇਸ਼ ਗੁਰਬਾਣੀ ਵਿੱਚ ਨਿਹਿਤ ਹੈ। ਵਿੱਦਿਆ ਭਾਵੇਂ ਕਿਸੇ ਵੀ ਪ੍ਰਕਾਰ ਦੀ ਹੋਵੇ ਉਸਦਾ ਗਿਆਨ ਦੂਜੇ ਨੂੰ ਦੇ ਕੇ ਹੀ ਭਲਾ ਮੰਨਿਆ ਗਿਆ ਹੈ ਕਿਉਂਕਿ ਵਿੱਦਿਆ ਦਾਨ ਮਹਾਂ-ਦਾਨ ਦੇ ਅਨੁਸਾਰ ਜਿੰਨਾਂ ਇਹ ਖਰਚਿਆ ਜਾਂਦਾ ਹੈ, ਭਾਵ ਵੰਡਿਆ ਜਾਂਦਾ ਹੈ ਉਨਾਂ ਹੀ ਮਨੁੱਖ ਦੇ ਆਪਣੇ ਗਿਆਨ ਵਿੱਚ ਵਾਧਾ ਹੁੰਦਾ ਹੈ। ਇਸ ਲਈ ਲੋੜ ਹੈ ਕਿ ਬਿਨਾਂ ਕਿਸੇ ਭੇਦ-ਭਾਵ ਦੇ ਜਾਂ ਨਿਜੀ ਸੁਆਰਥ ਦੇ ਮਨੁੱਖ ਜਿਥੇ ਆਪਣਾ ਭਲਾ ਕਰਦਾ ਹੈ, ਉੱਥੇ ਨਾਲ ਹੀ ਦੂਜਿਆਂ ਦਾ ਵੀ ਭਲਾ ਕਰੇ ਤਾਂ ਉਸ ਅੰਦਰ ਚੰਗੇ ਗੁਣਾਂ ਦਾ ਪ੍ਰਵੇਸ਼ ਹੁੰਦਾ ਹੈ। ਇਸ ਲਈ ਗੁਰਬਾਣੀ ਵਿੱਚ ਵੀ ਗਿਆਨੀ ਪੁਰਸ਼ ਨੂੰ ਆਪਣੀ ਵਿੱਦਿਆ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਸਮੁੱਚੀ ਮਾਨਵਤਾ ਦੀ ਭਲਾਈ ਵਿੱਚ ਦਾਨ ਦੇਣ ਦਾ ਆਦੇਸ਼ ਦਿੱਤਾ ਗਿਆ ਹੈ :

*ਆਪਿ ਕਮਾਉ ਅਵਰਾ ਉਪਦੇਸ॥*
*ਰਾਮ ਨਾਮ ਹਿਰਦੈ ਪਰਵੇਸ॥*[94]

ਫਿਰ ਫੁਰਮਾਨ ਹੈ :

*ਚਹੁ ਵਰਨਾ ਕਉ ਦੇ ਉਪਦੇਸੁ॥*
*ਨਾਨਕ ਉਸ ਪੰਡਿਤ ਕਉ ਸਦਾ ਅਦੇਸੁ॥*[95]

ਜੋ ਮਨੁੱਖ ਅਜਿਹੇ ਆਦਰਸ਼ਾਂ ਨੂੰ ਜੀਵਨ ਵਿੱਚ ਅਪਣਾ ਲੈਂਦੇ ਹਨ ਉਹ ਆਪਣਾ ਮੂਲ ਪਛਾਣ ਕੇ ਅਸਲ ਜੀਵਨ ਮਨੋਰਥ ਹਾਸਿਲ ਕਰਨ ਵਿੱਚ ਸਫਲ ਹੋ ਜਾਂਦੇ ਹਨ। ਇਸ ਲਈ ਅਜੋਕੀ ਵਿੱਦਿਆ ਪ੍ਰਣਾਲੀ ਵੀ

ਅਜਿਹੀ ਹੋਣੀ ਚਾਹੀਦੀ ਹੈ ਜੋ ਸ਼ੁਰੂ ਤੋਂ ਹੀ ਵਿੱਦਿਆਰਥੀ ਨੂੰ ਸੁਚੱਜੀ ਜੀਵਨ ਜਾਚ ਬਖਸ਼ਦੀ ਹੋਵੇ ਤੇ ਸੰਸਾਰਕ ਵਿੱਦਿਆ ਗ੍ਰਹਿਣ ਕਰਨ ਦੇ ਨਾਲ-ਨਾਲ ਮਨੁੱਖ ਨੂੰ ਆਪਣੇ ਅਸਲ ਮਨੋਰਥ ਭਾਵ ਅਧਿਆਤਮਕ ਵਿੱਦਿਆ ਵੀ ਹਾਸਿਲ ਕਰਨ ਲਈ ਅਗਵਾਈ ਕਰਦੀ ਹੋਵੇ ਜਿਸ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੂੰ ਖੁਦ ਪੜ੍ਹ ਕੇ ਉਸ ਤੇ ਵਿਚਾਰ ਕੀਤੀ ਜਾਵੇ। ਕਿਉਂਕਿ ਅਜੋਕੇ ਸਮਾਜ ਵਿੱਚ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜ਼ੋ ਪ੍ਰਕਾਸ਼ ਹੋਇਆ ਹੈ ਉਸ ਤੇ ਸਿਰਫ ਤੇ ਸਿਰਫ ਸੁਣ ਕੇ ਅਮਲ ਕਰਨ ਦੀ ਬਜਾਇ ਖੁਦ ਬਾਣੀ ਪੜ੍ਹ ਕੇ ਵਿਚਾਰ ਕੀਤੀ ਜਾਵੇ ਤੇ ਗੁਰਦੁਆਰੇ ਦਾ ਰੂਪ ਸਿਰਫ ਸਿੱਖ ਸੰਗਤ ਵਾਸਤੇ ਆ ਕੇ ਮੱਥਾ ਟੇਕਣ ਜਾ ਇਮਾਰਤੀ ਸੁੰਦਰਤਾ ਬਰਕਰਾਰ ਰੱਖਣ ਵਾਸਤੇ ਸੀਮਤ ਨਾ ਰਹੇ ਬਲਕਿ ਇਸ ਲਈ ਜਜ਼ਬਾਤਾਂ ਦੀਆਂ ਅੱਖਾਂ ਬੰਦ ਕਰਕੇ ਅਕਲ ਅਤੇ ਸਮਝ ਦੀਆਂ ਅੱਖਾਂ ਦੀ ਵਰਤੋਂ ਕੀਤੀ ਜਾਵੇ।'ਗੁਰਦੁਆਰਾ' ਭਾਵ 'ਗੁਰੂ ਦਾ ਘਰ' ਜਿਸ ਸਰਬ ਸਾਂਝੇ ਸਥਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਹ ਗੁਰਦੁਆਰਾ ਹੈ। ਜਿਸ ਸਥਾਨ 'ਤੇ ਗੁਰੂ ਗੋਬਿੰਦ ਸਾਹਿਬ ਨੇ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਬਦ ਗੁਰੂ ਦੇ ਰੂਪ ਵਿੱਚ ਸਥਾਪਿਤ ਕੀਤਾ ਹੈ। ਪਰ ਅੱਜ ਸਮੱਸਿਆ ਇਸ ਸ਼ਬਦ ਗੁਰੂ ਦੇ ਲੜ੍ਹ ਲੱਗਣ ਦੀ ਹੈ ਕਿਉਂਕਿ ਸਿੱਖ ਅਤੇ ਸ਼ਬਦ ਗੁਰੂ ਵਿਚਕਾਰ ਰਿਸ਼ਤਾ ਕਿਰਦਾ ਜਾ ਰਿਹਾ ਹੈ। ਸ਼ਬਦ ਤੋਂ ਸੇਧ ਲੈਣ ਦੀ ਬਜਾਇ ਉਸਨੂੰ ਦੇਹ ਪ੍ਰਵਾਨ ਕਰਕੇ ਉਸਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਸਿੱਖ ਧਰਮ ਵਿੱਚ ਪੁਜਾਰੀ ਵਰਗ ਦੀ ਗਿਣਤੀ ਵੱਧ ਰਹੀ ਹੈ। ਜੋ ਆਪਸ ਵਿੱਚ ਸਰਬ-ਸਾਂਝੀਵਾਲਤਾ ਦੇ ਉਪਦੇਸ਼ ਤੋਂ ਭਟਕ ਕੇ ਆਪਸੀ ਖਿਚੋਤਾਣ ਵਿੱਚ ਹੀ ਲੱਗੀ ਹੋਈ ਹੈ। ਪਰ ਸਿੱਖ ਧਰਮ ਵਿੱਚ ਅਜਿਹੀ ਪ੍ਰਵਾਨਗੀ ਕਿਤੇ ਵੀ ਨਹੀਂ ਦਿੱਤੀ ਗਈ । ਕਿਉਂਕਿ ਗੁਰਦੁਆਰੇ ਉਹ ਪਵਿੱਤਰ ਸੰਸਥਾਵਾਂ ਹਨ ਜਿਥੇ ਸ਼ਬਦ ਗੁਰੂ ਨਾਲ ਜੁੜ ਕੇ ਸਿੱਖ ਸੰਗਤਾਂ ਵੰਡ ਛੱਕਣ, ਭਾਈਚਾਰਕ ਸਾਂਝ ਸਥਾਪਿਤ ਕਰਨ, ਸਾਂਝੀਵਾਲਤਾ ਦੇ ਧਾਰਨੀ ਹੋਣ ਦਾ ਉਪਦੇਸ਼ ਦ੍ਰਿੜ ਕਰਵਾਉਂਦੀਆਂ ਹਨ। ਇਥੇ ਹੀ ਸਿੱਖ ਸੰਗਤ ਨੂੰ 'ਨਾ ਕੋ ਬੈਰੀ ਨਾਹੀ ਬਿਗਾਨਾ' ਦਾ ਸੰਦੇਸ਼ ਦ੍ਰਿੜ ਕਰਵਾਇਆ ਜਾਂਦਾ ਹੈ। ਗੁਰਦੁਆਰੇ ਵਿੱਚ ਹੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਜਿਸ ਵਿੱਚ 36 ਅਕਾਲ ਪੁਰਖ ਰੂਹਾਂ ਦੇ ਪ੍ਰਵਚਨ ਜੋ ਮਨੁੱਖੀ ਜ਼ਿੰਦਗੀ ਦੀ ਹਰ ਪੱਖੋਂ ਅਗਵਾਈ ਕਰਦੇ ਹਨ, ਜਿਸ ਵਿੱਚ ਈਰਖਾ, ਨਫਰਤ ਆਦਿ ਦੀਆਂ ਦੀਵਾਰਾਂ ਨੂੰ ਤੋੜ ਕੇ ਮਨੁੱਖ ਲਈ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਗਿਆ ਹੈ। ਪਰ ਵਰਤਮਾਨ ਸਮਾਜ ਵਿੱਚ ਦੇਖਿਆ ਜਾਵੇ ਤਾਂ ਕੀ ਜਿਸ ਮਕਸਦ ਲਈ ਗੁਰੂ ਨਾਨਕ ਸਾਹਿਬ ਨੇ ਧਰਮਸਾਲ ਦੀ ਸਿਰਜਣਾ ਕੀਤੀ ਸੀ, ਜਿਸ ਦਾ ਵਿਕਸਿਤ ਰੂਪ ਗੁਰਦੁਆਰਾ

ਸਥਾਪਿਤ ਕੀਤਾ ਗਿਆ ਹੈ, ਉਸ ਵਿੱਚ ਉਹ ਮਕਸਦ ਪੂਰੇ ਹੋ ਰਹੇ ਹਨ? ਕਿਉਂਕਿ ਅਜਕਲ੍ਹ ਕਈ ਥਾਵਾਂ ਤੇ ਦੇਖਣ ਵਿੱਚ ਆ ਰਿਹਾ ਹੈ ਕਿ ਗੁਰਦੁਆਰਿਆਂ ਅੰਦਰ ਰਾਜਨੀਤੀ, ਖ਼ੂਨ-ਖਰਾਬਾ, ਨੈਤਿਕ ਕਦਰਾਂ-ਕੀਮਤਾਂ ਵਿੱਚ ਗਿਰਾਵਟ, ਸ਼ੋਸ਼ਣ ਆਦਿ ਕਈ ਪੱਖਾਂ ਤੋਂ ਪਤਨ ਹੋ ਰਿਹਾ ਹੈ। ਜੇਕਰ ਇਸ ਪੱਖ ’ਤੇ ਗੰਭੀਰਤਾ ਨਾਲ ਸੋਚਿਆ ਨਾ ਗਿਆ ਤਾਂ ਆਉਣ ਵਾਲੀ ਪੀੜ੍ਹੀ ਪੂਰੀ ਤਰ੍ਹਾਂ ਨਾਲ ਇਸ ਰਸਤੇ ਤੇ ਬੇਮੁੱਖ ਹੋ ਜਾਵੇਗੀ। ਇਨ੍ਹਾਂ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਸਭ ਨੂੰ ਸੁਚੇਤ ਹੋਣਾ ਪਵੇਗਾ, ਇਸ ਲਈ ਜ਼ਰੂਰੀ ਹੈ ਕਿ ਗੁਰਦੁਆਰਿਆਂ ਵਿੱਚ ਸਿੱਖ ਸਿਧਾਂਤਾਂ ਦੇ ਅਨੁਸਾਰ ਸਾਰੀ ਨਿਯਮ ਪ੍ਰਣਾਲੀ ਅਪਣਾਈ ਜਾਵੇ। ਗੁਰੂ ਗ੍ਰੰਥ ਸਾਹਿਬ ਵਿੱਚ ‘ਸਭੇ ਸਾਂਝੀਵਾਲ ਸਦਾਇਣ’ ਦਾ ਹੋਕਾ ਦਿੱਤਾ ਜਾਵੇ।ਗੁਰਦੁਆਰਾ ਸਾਹਿਬ ਵਿੱਚ ਕਿਸੇ ਨਾਲ ਕੋਈ ਜਾਤ-ਪਾਤ, ਊਚ ਨੀਚ ਜਾਂ ਅਹੁੱਦੇ ਪੱਖੋਂ ਕੋਈ ਵੀ ਫ਼ਰਕ ਨਾ ਸਮਝਿਆ ਜਾਵੇ ਸਗੋਂ ਜੋ ਸਿਧਾਂਤ ਗੁਰੂ ਸਾਹਿਬਾਨ ਨੇ ਦਿੱਤੇ ਸਨ ਉਨ੍ਹਾਂ ਤੇ ਪੂਰੀ ਤਰ੍ਹਾਂ ਪਹਿਰਾ ਦੇਣਾ ਚਾਹੀਦਾ ਹੈ, ‘ਜੋ ਜੀਅ ਆਵੇ ਸੋ ਰਾਜੀ ਜਾਵੇ’ ਦਾ ਸਿਧਾਂਤ ਲਾਗੂ ਹੋਣਾ ਚਾਹੀਦਾ ਹੈ। ਗੁਰਦੁਆਰਾ ਸਾਹਿਬ ਦੀ ਮਰਿਯਾਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ’ਤੇ ਅਧਾਰਿਤ ਹੋਣੀ ਚਾਹੀਦੀ ਹੈ। ‘ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ’, ‘ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ’ ਅਜਿਹੇ ਕਿਤਨੇ ਹੀ ਸਿਧਾਂਤ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਗਏ ਹਨ ਜੋ ਸਾਨੂੰ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹਨ। ‘ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ’ ਵਿੱਚ ਸਿੱਖਾਂ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿਣ ਤੇ ਸੁਆਰਥਾਂ ਤੋਂ ਉੱਪਰ ਉਠ ਕੇ ਸਰਬੱਤ ਦਾ ਭਲਾ ਮੰਗਣ ਦੀ ਤਾਕੀਦ ਕੀਤੀ ਗਈ ਹੈ। ਅੱਜ ਇਕ ਮੁਹੱਲੇ ਵਿੱਚ ਦੋ ਜਾਂ ਤਿੰਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ ਜੋ ਘਰ-ਘਰ ਗੁਰੂ ਨਾਨਕ ਦਾ ਸੁਨੇਹਾ ਪਹੁੰਚਾ ਰਹੇ ਹਨ ਜਿਨ੍ਹਾਂ ’ਤੇ ਸਾਨੂੰ ਚੱਲਣ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ। ਪਰ ਅੱਜ ਗੁਰਦੁਆਰਿਆਂ ਦੀ ਮੁਰੰਮਤ ਅਤੇ ਸੰਗਮਰਮਰ ਦੇ ਪੱਥਰਾਂ ਨਾਲ ਗੁਰਦੁਆਰਿਆਂ ਤੇ ਵਾਧੂ ਖਰਚ ਕਰਕੇ ਸਾਂਭ-ਸੰਵਾਰਨ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੰਕਲਿਤ ਗੁਰੂ ਸਾਹਿਬਾਨ ਦੇ ਦਿਤੇ ਬਚਨਾਂ ’ਤੇ ਅਮਲ ਕਰੀਏ ਤੇ ਪ੍ਰਚਾਰੀਏ ਤਾਂ ਹੀ ਸਿੱਖ ਕੌਮ ਕੁਰਾਹੇ ਪੈਣ ਤੋਂ ਬਚ ਸਕਦੀ ਹੈ। ਗੁਰਦੁਆਰਿਆਂ ਵਿੱਚ ਕਥਾ, ਕੀਰਤਨ, ਪਾਠ ਦਾ ਜੋ ਪ੍ਰਵਾਹ ਨਿਰੰਤਰ ਚੱਲਦਾ ਹੈ ਉਹਨਾਂ ਨੂੰ ਸਿਰਫ ਫਰਜ਼ੀ ਸਮਝ ਕੇ ਗੁਰਦੁਆਰੇ ਅੰਦਰ ਮੱਥਾ ਟੇਕਣ ਤੱਕ ਹੀ ਸੀਮਤ ਨਾ ਰਹੀਏ ਬਲਕਿ ਆਉਣ ਵਾਲੀ ਪੀੜ੍ਹੀ ਨੂੰ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਪੂਰੀ ਜਾਣਕਾਰੀ, ਇਸ ਦੇ ਰਚਨਾਕਾਰ, ਉਹਨਾਂ ਦੇ ਸਿਧਾਂਤ ਅਤੇ ਸਿੱਖ ਇਤਿਹਾਸ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਏ ਜਾਣ ਦੀ ਸਖ਼ਤ ਲੋੜ ਹੈ।

ਤਾਂ ਹੀ ਅਸੀਂ ਸਿੱਖ ਇਤਿਹਾਸ ਵਿੱਚ ਹੋਈਆਂ ਕੁਰਬਾਨੀਆਂ ਅਤੇ ਗੁਰੂ ਸਾਹਿਬਾਨ ਦੇ ਦਿੱਤੇ ਸਿਧਾਂਤਾਂ ਨੂੰ ਅਮਲੀ ਜੀਵਨ ਵਿੱਚ ਅਪਣਾ ਕੇ ਸਿੱਖ ਕੌਮ ਪ੍ਰਤੀ ਆਪਣਾ ਫਰਜ਼ ਪੂਰਾ ਕਰ ਸਕਦੇ ਹਾਂ।

ਸਿੱਖ ਧਰਮ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਇਕ ਸਿਧਾਂਤ ਅਤੇ ਸੰਕਲਪ ਰੂਪ ਵਿੱਚ ਹੋਈ ਹੈ। ਅਕਾਲ ਪੁਰਖ ਨੂੰ ਇਸ ਸਾਰੇ ਬ੍ਰਹਿਮੰਡ (ਪਸਾਰੇ) ਦਾ ਬਾਦਸ਼ਾਹ ਮੰਨਿਆ ਜਾਂਦਾ ਹੈ। ਪਰਮਾਤਮਾ ਦੇ ਇਲਾਹੀ ਨੂਰ ਤੋਂ ਸਾਰੀ ਸ੍ਰਿਸਟੀ ਦੀ ਸਾਜਣਾ ਹੋਈ ਹੈ ਤੇ ਆਪ ਇਸ ਵਿੱਚ ਵਿਆਪ ਰਿਹਾ ਹੈ। ਪਰਮਾਤਮਾ ਦੀ ਜੋਤਿ ਘਟਿ-ਘਟਿ ਵਿੱਚ ਜੱਗ ਰਹੀ ਹੈ ਅਤੇ ਮਨੁੱਖੀ ਹਿਰਦਿਆਂ ਵਿੱਚ ਆਪਣੀ ਜੋਤਿ ਦੇ ਤਖਤ ’ਤੇ ਬੈਠ ਕੇ ਆਪਣੀ ਰਜ਼ਾ ਅਨੁਸਾਰ ਹੁਕਮ ਚਲਾ ਰਿਹਾ ਹੈ ਤੇ ਮਨੁੱਖ ਦੇ ਕੀਤੇ ਕਰਮਾਂ ਦੇ ਅਧਾਰ ’ਤੇ ਸੱਚੇ ਤਖਤ ਤੇ ਬੈਠ ਕੇ ਉਹ ਧਰਮ ਅਤੇ ਨਿਆਂ ਦੇ ਫੈਸਲੇ ਸੁਣਾ ਰਿਹਾ ਹੈ। ਉਹ ਮਨੁੱਖੀ ਹਿਰਦਿਆਂ ਦੀ ਹਰ ਗੱਲ ਜਾਣਦਾ ਹੈ ਅਤੇ ਆਪਣੀ ਰਜ਼ਾ ਅਨੁਸਾਰ ਸੰਸਾਰ ਦੀ ਕਾਰ ਚਲਾ ਰਿਹਾ ਹੈ। ਉਸਦੇ ਤਖਤ ਦੇ ਸਮਾਨ ਕਿਸੇ ਬਾਦਸ਼ਾਹ ਦਾ ਵੀ ਤਖਤ ਨਹੀਂ ਹੈ। ਗੁਰਬਾਣੀ ਵਿੱਚ ਪਰਮਾਤਮਾ ਦੇ ਤਖਤ ਦੀ ਵਡਿਆਈ ਇਸ ਤਰ੍ਹਾਂ ਕੀਤੀ ਗਈ ਹੈ:-

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥*
*ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥*[96]

*ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ॥*
*ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ॥*
*ਜੀਆ ਅੰਦਰਿ ਜੀਉ ਸਭ ਕਿਛੁ ਜਾਣਲਾ॥*
*ਸਭੁ ਕਿਛੁ ਤੇਰੇ ਵਸਿ ਤੇਰਾ ਘਰੁ ਭਲਾ॥*[97]
*ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥* [98]

*ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ*
*ਸਚੁ ਸਾਚਾ ਤਖਤੁ ਰਚਾਇਆ॥*[99]

ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਦੀ ਨੀਂਹ ਰੱਖੀ। ਪਰ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸਮਾਜ ਰਾਜਸੀ, ਸਮਾਜਿਕ, ਆਰਥਿਕ, ਧਾਰਮਿਕ ਹਰ ਪੱਖੋਂ ਪਛੜਿਆ ਹੋਇਆ ਸੀ । ਹਰ ਪਾਸੇ ਅਤਿਆਚਾਰ ਤੇ ਜ਼ੁਲਮਾਂ ਦਾ ਬੋਲ-ਬਾਲਾ ਸੀ। ਲੋਕ ਬੇਬੱਸ ਤੇ ਲਾਚਾਰ ਸਨ। ਮੁਗਲ ਬਾਦਸ਼ਾਹ ਬਾਬਰ ਦੀ ਹਕੂਮਤ ਕਾਇਮ ਸੀ ਤੇ ਉਹ ਆਪਣੀ ਮਰਜ਼ੀ ਨਾਲ ਰਾਜ ਪ੍ਰਬੰਧ ਚਲਾ ਰਿਹਾ ਸੀ। ਜਨਤਾ ਉਸਦੇ ਰਾਜ ਪ੍ਰਬੰਧ ਤੋਂ ਨਾ ਖੁਸ਼ ਸੀ ਤੇ ਉਸਦੇ ਕਹਿਰ ਤੇ ਜ਼ੁਲਮਾਂ ਦੀ ਜਦ ਅਤਿ ਹੋ ਗਈ ਤਾਂ ਗੁਰੂ ਨਾਨਕ ਸਾਹਿਬ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਬਾਬਰ ਦੀ ਹਮਲਾ ਕਰ ਰਹੀ ਫੌਜ ਦੀ ਤੁਲਨਾ 'ਪਾਪਾਂ ਦੀ ਜੰਞ' ਨਾਲ ਕੀਤੀ ਤੇ ਉਸਦੇ ਹਮਲੇ ਦੇ ਵਿਰੋਧ ਵਿੱਚ ਕ੍ਰਾਂਤੀਕਾਰੀ ਕਦਮ ਚੁੱਕੇ। ਇਸ ਸੰਬੰਧ ਵਿੱਚ ਤਾਂ ਉਹ ਰੱਬ ਨੂੰ ਉਲਾਂਭਾ ਦੇਣ ਵਿੱਚ ਵੀ ਨਾ ਕਤਰਾਏ ਤੇ ਕਿਹਾ:

*ਏਤੀ ਮਾਰ ਪਈ ਕੁਰਲਾਣੇ*
*ਤੈਂ ਕੀ ਦਰਦੁ ਨ ਆਇਆ॥*[100]

ਕਿਉਂਕਿ ਗੁਰੂ ਸਾਹਿਬ ਸਮੁੱਚੀ ਮਾਨਵਤਾ ਦੇ ਰਹਿਬਰ ਸਨ। ਸਮੁੱਚੀ ਲੋਕਾਈ ਪ੍ਰਤੀ ਉਨ੍ਹਾਂ ਦੇ ਅੰਦਰ ਦਰਦ ਸੀ। ਇਸੇ ਨਤੀਜੇ ਵਜੋਂ 'ਬਾਬਰ ਕਿਆਂ ਤੇ ਬਾਬੇ ਕਿਆਂ' ਵਿਚਕਾਰ ਸਾਹਮਣਾ ਨਿਸ਼ਚਿਤ ਸੀ। ਅਜਿਹੇ ਅੰਧਕਾਰ ਭਰੇ ਰਾਜ ਵਿੱਚ ਗੁਰੂ ਅਰਜਨ ਸਾਹਿਬ ਨੇ ਇਸੇ ਦਰਦ ਪ੍ਰਤਿ ਵਚਨਬੱਧਤਾ ਨੂੰ ਨਿਭਾਉਂਦੇ ਹੋਏ ਬੜੇ ਹੀ ਸ਼ਾਂਤਮਈ ਢੰਗ ਨਾਲ ਆਪਣੀ ਸ਼ਹਾਦਤ ਦਿੱਤੀ ਸੀ। ਉਹਨਾਂ ਸਾਰੀ ਦੁਨੀਆਂ ਦੇ ਤਖਤ 'ਤੇ ਬੈਠੇ ਅਕਾਲ ਪੁਰਖ ਦੇ ਭਾਣੇ ਨੂੰ ਮੰਨਦਿਆਂ ਬੜੇ ਹੀ ਸ਼ਾਂਤ ਤੇ ਅਡੋਲ ਰਹਿ ਕੇ ਆਪਣਾ ਬਲੀਦਾਨ ਦਿੱਤਾ ਜਿਸਦੇ ਫਲਸਰੂਪ ਗੁਰੂ ਹਰਿਗੋਬਿੰਦ ਸਾਹਿਬ ਨੇ ਅਜਿਹੇ ਜ਼ੁਲਮਾਂ ਨੂੰ ਨਾ ਸਹਾਰਦੇ ਹੋਏ ਗੁਰਗੱਦੀ ਤੇ ਬੈਠਣ ਸਮੇਂ ਪੁਰਾਤਨ ਰੀਤ ਦੀ ਥਾਂ ਤਲਵਾਰ ਪਹਿਨਣ ਨੂੰ ਤਰਜ਼ੀਹ ਦਿੱਤੀ ਅਤੇ 'ਮੀਰੀ' ਤੇ 'ਪੀਰੀ' ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਉਹਨਾਂ ਸ਼ਸਤਰ ਸ਼ਕਤੀ ਧਾਰਨ ਕਰਨ ਦੇ ਨਾਲ ਗੁਰੂ ਘਰ ਵਿੱਚ ਹੀ ਨਿਆਂ ਪ੍ਰਣਾਲੀ ਵੀ ਕਾਇਮ ਕਰ ਦਿੱਤੀ ਸੀ ਅਤੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਵਾਈ। ਇਥੇ ਹੀ ਮਨੁੱਖ ਦੇ ਸਮਾਜਿਕ, ਰਾਜਸੀ , ਧਾਰਮਿਕ ਪੱਖਾਂ ਤੋਂ ਨਿਆਂ ਅਤੇ ਫੈਸਲੇ ਹੋਣ ਲੱਗੇ। ਪਰ ਅੰਗਰੇਜ਼ਾਂ ਦੇ ਰਾਜ ਦੇ ਸਮੇਂ ਕੁਝ ਰਾਜਨੀਤਿਕ ਸ਼ਕਤੀਆਂ ਨੇ ਇਥੋਂ ਦੀ ਮਾਣ ਮਰਿਯਾਦਾ ਅਤੇ ਸਿਧਾਂਤਾਂ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕੀਤੀ ਜਿਸ ਸਦਕਾ 1925 ਤੋਂ ਗੁਰਦੁਆਰਾ ਸੁਧਾਰ ਲਹਿਰ ਦੇ ਯਤਨਾਂ ਸਦਕਾ ਖਾਲਸਾ ਪੰਥ ਦੀ ਇਕ ਸਾਂਝੀ ਕਮੇਟੀ ਬਣਾਈ ਗਈ ਜਿਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਤੇ ਹਕੂਮਤ ਨੂੰ ਸਵੀਕਾਰਦੇ ਹੋਏ ਕੁਝ ਫੈਸਲੇ

ਲਏ ਗਏ ਜਿਸ ਸਦਕਾ ਅਕਾਲ ਤਖਤ ਦੇ ਫੈਸਲੇ ਨੂੰ ਅੰਤਿਮ ਫੈਸਲਾ ਮੰਨਣ ਦਾ ਕਰਾਰ ਦਿੱਤਾ ਗਿਆ। ਪਰ ਕੁਝ ਪੰਥਕ ਮਸਲਿਆਂ ਸਦਕਾ ਜਾਂ ਕੁਝ ਸੋਚੀ-ਸਮਝੀ ਸਾਜਿਸ਼ ਅਧੀਨ ਅਕਾਲ ਤਖਤ ਦੇ ਵਿਰੋਧ ਵਿੱਚ ਕੁਝ ਭਰਮ-ਭੁਲੇਖੇ ਪਾਏ ਜਾ ਰਹੇ ਹਨ ਜਿਸ ਤੋਂ ਸਿੱਖ ਸੰਗਤਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਸਿੱਖ ਧਰਮ ਵਿੱਚ ਸ੍ਰੀ ਅਕਾਲ ਤਖਤ ਦੀ ਹਕੂਮਤ ਸਦੀਵੀ ਅਤੇ ਸਰਬ ਪ੍ਰਵਾਨਿਤ ਹੈ। ਇਸਦਾ ਦਰਜਾ ਮਨੁੱਖੀ ਜਥੇਬੰਦੀਆਂ, ਦੁਨਿਆਵੀ ਸਰਕਾਰਾਂ ਅਤੇ ਅਦਾਲਤਾਂ ਤੋਂ ਬਹੁਤ ਉੱਚਾ ਹੈ ਅਤੇ ਇਹ ਧਰਮ, ਰਾਜਨੀਤੀ ਅਤੇ ਨਿਆਂ ਦੇ ਸਿੱਖ ਸਿਧਾਂਤਾਂ ਦਾ ਪ੍ਰਤੀਕ ਹੈ। ਇਸਦੀ ਕੋਈ ਵਿਸ਼ੇਸ਼ ਦੰਡ ਪ੍ਰਣਾਲੀ ਨਹੀਂ ਹੈ। ਇਸ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਸਿਧਾਂਤ ਹਨ ਅਤੇ ਗੁਰਬਾਣੀ ਦੀ ਵਿਚਾਰਧਾਰਾ ਅਤੇ ਉਪਦੇਸ਼ਾਂ ਸਦਕਾ ਇਥੇ ਹਰ ਪ੍ਰਕਾਰ ਦੇ ਮਸਲਿਆਂ ਦਾ ਸਮਾਧਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦੋਸ਼ੀਆਂ ਨੂੰ ਕੋਈ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ ਸਗੋਂ ਉਨ੍ਹਾਂ ਦੇ ਆਤਮਿਕ ਵਿਕਾਸ ਅਤੇ ਦੁਰਮਤਿ ਨੂੰ ਦੂਰ ਕਰਕੇ ਗੁਰੂ ਪੰਥ ਨਾਲ ਜੋੜਨ ਵਾਲੀ ਸੇਵਾ ਲਗਾਈ ਜਾਂਦੀ ਹੈ। ਇਸ ਲਈ ਸਿੱਖਾਂ ਨੂੰ ਚਾਹੀਦਾ ਹੈ ਕਿ ਸ੍ਰੀ ਅਕਾਲ ਤਖਤ ਦੇ ਹੁਕਮਨਾਮੇ ਦੀ ਪਾਲਣਾ 'ਧੁਰ ਕੀ ਬਾਣੀ' ਵਾਂਗ ਪਰਮਾਤਮਾ ਦਾ ਹੁਕਮ ਮੰਨ ਕੇ ਕੀਤੀ ਜਾਵੇ। ਇਸ ਲਈ ਸਮੁੱਚੇ ਸਿੱਖ ਪੰਥ ਨੂੰ ਇਸਦੀ ਮਰਿਯਾਦਾ ਕਾਇਮ ਰੱਖਣ ਲਈ ਇਕਜੁੱਟ ਹੋਣਾ ਚਾਹੀਦਾ ਹੈ।

ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦੀ ਵਿਲੱਖਣਤਾ ਦਾ ਆਧਾਰ ਇਸਦੇ ਗਤੀਸ਼ੀਲ ਸਿਧਾਂਤ ਹਨ ਜਿਸ ਸਦਕਾ ਸਿੱਖ ਆਪਣੀ ਜ਼ਿੰਦਗੀ ਨੂੰ ਵਧੇਰੇ ਖੁਸ਼ਹਾਲ, ਇਕਸੁਰਤਾ ਭਰਪੂਰ, ਅਮਨ-ਸ਼ਾਂਤੀ ਭਰਪੂਰ ਬਣਾ ਸਕਿਆ ਹੈ। ਭਾਵੇਂ ਸਿੱਖ ਕੌਮ ਨੂੰ ਕਈ ਵਾਰ ਵੰਗਾਰਾਂ ਤੇ ਉਜਾੜਿਆਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਤੇ ਭਾਵਨਾ ਅਤੇ ਸਮੇਂ-ਸਮੇਂ ਉਸ ਤੋਂ ਅਗਵਾਈ ਲੈਣ ਸਦਕਾ ਫੇਰ ਮਾਣ-ਪਿਆਰ ਦੀਆਂ ਗੰਢਾਂ ਪੀੜੀਆਂ ਹੁੰਦੀਆਂ ਗਈਆਂ। 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਦੇ ਸਿਧਾਂਤ ਅਨੁਸਾਰ ਮਾਨਵ ਏਕਤਾ ਨੂੰ ਕਾਇਮ ਰੱਖਦਿਆਂ ਸਿੱਖ ਧਰਮ ਵਿੱਚ ਇਕਸੁਰਤਾ, ਸਹਿਣਸ਼ੀਲਤਾ ਤੇ ਸ਼ਾਂਤੀ ਬਰਕਰਾਰ ਰਹੀ ਹੈ। ਅੱਜ ਜਦ ਕਿ ਸਮੁੱਚੇ ਵਿਸ਼ਵ ਵਿੱਚ ਆਪੋ-ਆਪਣੇ ਦੇਸ਼ਾਂ ਦੀ ਖੁਸ਼ਹਾਲੀ ਅਤੇ ਪ੍ਰਗਤੀ ਪ੍ਰਾਪਤੀ ਦੀ ਸੋਚ ਕਾਰਨ ਆਪਸੀ ਅੰਤਰ-ਵਿਰੋਧਾਂ ਦਾ ਸ਼ਿਕਾਰ ਹੋਣ ਕਰਕੇ ਮੁੜ ਤਬਾਹੀ ਦੇ ਕੰਢੇ 'ਤੇ ਖੜਾ ਹੋਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ ਤਾਂ ਸਮੇਂ ਦੀ ਨਜ਼ਾਕਤ ਨੂੰ ਸਮਝਦਿਆ 'ਨਾ ਕੋ ਬੈਰੀ

ਨਾਹੀ ਬੇਗਾਨਾ, ਸਗਲ ਸੰਗਿ ਹਮ ਕੋ ਬਨ ਆਈ' ਦੇ ਸਿਧਾਂਤ ਨੂੰ ਜੀਵਨ ਵਿੱਚ ਅਮਲ ਵਿੱਚ ਲਿਆਉਣ ਦੀ ਲੋੜ ਹੈ ਤਾਂ ਜੋ ਵਿਸ਼ਵ ਪੱਧਰ 'ਤੇ ਕੌਮੀ ਏਕਤਾ ਸਥਾਪਿਤ ਹੋ ਸਕੇ। ਜੋ ਸਮੱਸਿਆਵਾਂ ਵਰਤਮਾਨ ਸਮਾਜ ਵਿੱਚ ਮਨੁੱਖ ਦੇ ਦਰਪੇਸ਼ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਲੈ ਕੇ ਉਹਨਾਂ ਦਾ ਸਾਰਥਕ ਹੱਲ ਕੀਤਾ ਜਾਵੇ ਅਤੇ ਉਸ ਪਰਮਾਤਮਾ ਦੇ ਨਾਮ ਤੇ ਸਿਮਰਨ ਵਿੱਚ ਜੁੜ ਕੇ ਆਪਣਾ ਜੀਵਨ ਖੁਸ਼ਹਾਲ ਬਣਾਇਆ ਜਾਵੇ। 'ਏਹ ਲੋਕ ਸੁਖੀਏ ਪਰਲੋਕ ਸੁਹੇਲੇ' ਦੇ ਸਿਧਾਂਤ ਅਨੁਸਾਰ ਗੁਰਬਾਣੀ ਜਿਥੇ ਮਾਨਵ ਲਈ ਸੰਸਾਰਕ ਜੀਵਨ ਨੂੰ ਸਾਰਥਕ ਬਣਾਉਂਦੀ ਹੈ, ਉਥੇ ਨਾਲ ਹੀ ਪਰਮਾਤਮਾ ਦੇ ਦਰ 'ਤੇ ਮਿਹਰ ਦਾ ਭਾਗੀ ਵੀ ਬਣਾਉਂਦੀ ਹੈ। ਕਿਉਂਕਿ ਗੁਰਬਾਣੀ ਕਿਸੇ ਇਕ ਨਿਸ਼ਚਿਤ ਸਮੇਂ, ਸਥਾਨ ਤੇ ਕਾਲ ਨੂੰ ਮੁੱਖ ਰੱਖਦਿਆਂ ਨਹੀਂ ਰਚੀ ਗਈ ਸਗੋਂ ਇਹ ਤਾਂ ਚਿਰ ਸਦੀਵੀ ਤੇ ਜੁਗਾਂ ਜੁਗਾਂ ਤੱਕ ਮਨੁੱਖੀ ਜੀਵਨ ਵਿੱਚ ਸੇਧ ਪ੍ਰਦਾਨ ਕਰਦੀ ਆਈ ਹੈ, ਕਰ ਰਹੀ ਹੈ ਅਤੇ ਅੱਗੋਂ ਵੀ ਮਾਨਵ ਲਈ ਅਗਵਾਈ ਕਰਦੀ ਰਹੇਗੀ। ਇਸ ਲਈ ਹਰ ਯੁੱਗ ਵਿੱਚ ਇਸ ਤੋਂ ਸੇਧ ਲੈ ਕੇ ਮਨੁੱਖ ਆਪਣਾ ਜੀਵਨ ਸਫਲ ਕਰ ਸਕਦਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ:

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*[101]

## ਹਵਾਲੇ ਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 278
2. ਉਹੀ , ਅੰਗ : 1035
3. ਉਹੀ , ਅੰਗ : 4
4. ਉਹੀ , ਅੰਗ : 1279
5. ਉਹੀ , ਅੰਗ : 7
6. ਉਹੀ , ਅੰਗ : 5
7. ਉਹੀ , ਅੰਗ : 1349
8. ਉਹੀ , ਅੰਗ : 611
9. ਉਹੀ , ਅੰਗ : 1293
10. ਉਹੀ , ਅੰਗ : 659
11. ਉਹੀ , ਅੰਗ : 1164
12. ਉਹੀ , ਅੰਗ : 363
13. ਉਹੀ , ਅੰਗ : 469
14. ਉਹੀ , ਅੰਗ : 1330
15. ਉਹੀ , ਅੰਗ : 324
16. ਉਹੀ , ਅੰਗ : 426
17. ਉਹੀ , ਅੰਗ : 429
18. ਉਹੀ , ਅੰਗ : 67
19. ਉਹੀ , ਅੰਗ : 1240
20. ਉਹੀ , ਅੰਗ : 861
21. ਉਹੀ , ਅੰਗ : 469
22. ਉਹੀ , ਅੰਗ : 1286
23. ਉਹੀ , ਅੰਗ : 767

24. ਉਹੀ , ਅੰਗ : 540

25. ਉਹੀ , ਅੰਗ : 723

26. ਉਹੀ , ਅੰਗ : 40

27. ਉਹੀ , ਅੰਗ : 1008

28. ਉਹੀ , ਅੰਗ : 587

29. ਉਹੀ , ਅੰਗ : 753

30. ਉਹੀ , ਅੰਗ : 687

31. ਉਹੀ , ਪੰਨਾ : 305

32. ਉਹੀ , ਅੰਗ : 836

33. ਉਹੀ , ਅੰਗ : 1185

34. ਉਹੀ , ਅੰਗ : 53

35. ਉਹੀ , ਅੰਗ : 849

36. ਉਹੀ , ਅੰਗ : 747

37. ਉਹੀ , ਅੰਗ : 471

38. ਉਹੀ , ਅੰਗ : 1200

39. ਉਹੀ , ਅੰਗ : 1070

40. ਉਹੀ , ਅੰਗ : 522

41. ਉਹੀ , ਅੰਗ : 310

42. ਉਹੀ , ਅੰਗ : 1105

43. ਉਹੀ , ਅੰਗ : 257

44. ਉਹੀ , ਅੰਗ : 440

45. ਗਿਆਨੀ ਨਰੈਣ ਸਿੰਘ, ਵਾਰਾਂ ਭਾਈ ਗੁਰਦਾਸ ਸਟੀਕ, ਵਾਰ 29, ਪਉੜੀ-11

46. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 595

47. ਉਹੀ , ਅੰਗ : 399

48. ਉਹੀ , ਅੰਗ : 553

49. ਉਹੀ , ਅੰਗ : 554

50. ਉਹੀ , ਅੰਗ : 725

51. ਗਿਆਨੀ ਨਰੈਣ ਸਿੰਘ, ਉਹੀ – ਵਾਰ 6, ਪਉੜੀ : 8

52. ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ : 566

53. ਉਹੀ , ਅੰਗ : 631

54. ਉਹੀ , ਅੰਗ : 1012

55. ਉਹੀ , ਅੰਗ : 522

56. ਉਹੀ , ਅੰਗ : 1375

57. ਉਹੀ , ਅੰਗ : 8

58. ਉਹੀ , ਅੰਗ : 1245

59. ਉਹੀ , ਅੰਗ : 442

60. ਉਹੀ , ਅੰਗ : 400

61. ਉਹੀ , ਅੰਗ : 405

62. ਉਹੀ , ਅੰਗ : 207

63. ਉਹੀ , ਅੰਗ : 1318

64. ਉਹੀ , ਅੰਗ : 600

65. ਉਹੀ , ਅੰਗ : 302

66. ਉਹੀ , ਅੰਗ : 1245

67. ਉਹੀ , ਅੰਗ : 303

68. ਉਹੀ , ਅੰਗ : 1246

69. ਉਹੀ , ਅੰਗ : 773

70. ਹਸਤੀ ਸਿਰਿ ਜਿਉ ਅੰਕਸੁ ਹੈ॥ ਅਹਰਣਿ ਜਿਉ॥ ਸਿਰੁ ਦੇਇ ਉਹੀ ਅੰਗ : 647

71. ਉਹੀ , ਅੰਗ : 314

72. ਉਹੀ , ਅੰਗ : 25

73. ਉਹੀ , ਅੰਗ : 305

74. ਉਹੀ , ਅੰਗ : 1185

75. ਉਹੀ , ਅੰਗ : 660

# ਨਿਸ਼ਕਰਸ਼

ਮਨੁੱਖੀ ਮਨ ਦੀ ਬਿਰਤੀ ਅਨੁਸਾਰ ਆਦਿ ਕਾਲ ਤੋਂ ਹੀ ਮਨੁੱਖ ਚਿੰਤਨਸ਼ੀਲ ਪ੍ਰਾਣੀ ਹੋਣ ਸਦਕਾ ਉਸ ਅੰਦਰ ਜਗਿਆਸਾ ਦੀ ਰੁਚੀ ਵਿਦਮਾਨ ਰਹੀ ਹੈ। ਇਸੇ ਜਗਿਆਸਾ ਦੀ ਤ੍ਰਿਪਤੀ ਲਈ ਉਹ ਮੁੱਢ ਤੋਂ ਹੀ ਸਮੁੱਚੀ ਕਾਇਨਾਤ ਅੰਦਰ ਵਰਤ ਰਹੇ ਵਰਤਾਰਿਆਂ ਨੂੰ ਜਾਣਨ ਅਤੇ ਸਮਝਣ ਲਈ ਯਤਨਸ਼ੀਲ ਰਿਹਾ ਹੈ। ਜਿਸਦੇ ਸਿੱਟੇ ਵਜੋਂ ਅਲੱਗ-ਅਲੱਗ ਕੁਦਰਤੀ ਸ਼ਕਤੀਆਂ ਦੇ ਅਹਿਸਾਸ ਵਿਚੋਂ ਪੜਾਅ ਦਰ ਪੜਾਅ ਲੰਘਦਿਆਂ ਉਸ ਨੂੰ ਧਰਮ ਤੇ ਸਮਾਜ ਦੀ ਆਪਸ ਵਿੱਚ ਸਾਂਝ ਤੇ ਇਕਸੁਰਤਾ ਬਾਰੇ ਗਿਆਨ ਹੋਇਆ ਕਿ ਦੋਵੇਂ ਹੀ ਆਪਸ ਵਿੱਚ ਇਸ ਤਰ੍ਹਾਂ ਜੁੜੇ ਹੋਏ ਹਨ ਕਿ ਇਕ-ਦੂਜੇ ਤੋਂ ਬਿਨਾ ਇਨ੍ਹਾਂ ਦੀ ਹੋਂਦ ਕਿਆਸ ਨਹੀਂ ਕੀਤੀ ਜਾ ਸਕਦੀ। ਧਰਮ ਦਾ ਉਦੇਸ਼ ਜਿਥੇ ਮਨੁੱਖ ਦੀ ਅਧਿਆਤਮਿਕ ਪੱਖੋਂ ਰਹਿਨੁਮਾਈ ਕਰਨਾ ਹੈ, ਉਥੇ ਸਮਾਜ ਦਾ ਮੂਲ ਮਨੋਰਥ ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਭਾਈਚਾਰਕ ਸਾਂਝ ਪੈਦਾ ਕਰਨਾ ਹੈ। ਦੋਹਾਂ ਦੀ ਇਕਸੁਰਤਾ ਤੇ ਸੁਮੇਲਤਾ ਹੀ ਸਿੱਖੀ ਜੀਵਨ ਹੈ। ਸਮਾਜ ਮਨੁੱਖ ਦੀ ਪ੍ਰਗਤੀ ਤੇ ਪ੍ਰਾਪਤੀਆਂ ਦਾ ਅਜਿਹਾ ਧੁਰਾ ਹੈ ਜਿਥੇ ਉਸਨੂੰ ਸਾਰਥਿਕ ਜੀਵਨ ਜੀਉਣ ਦੀ ਅਗਵਾਈ ਮਿਲਦੀ ਹੈ ਅਤੇ ਕਿਸੇ ਆਦਰਸ਼ ਦੀ ਪ੍ਰਾਪਤੀ ਲਈ ਉਹ ਸੇਧ ਗ੍ਰਹਿਣ ਕਰਦਾ ਹੈ। ਇਸ ਲਈ ਸਮਾਜ ਦੀ ਮਨੁੱਖ ਦੇ ਜੀਵਨ ਵਿੱਚ ਵਿਸ਼ੇਸ਼ ਅਹਿਮੀਅਤ ਹੈ। ਸਮਾਜ ਵਿੱਚ ਵਿਚਰਦਿਆਂ ਸਦਾਚਾਰ ਦਾ ਰਾਹ ਅਖਤਿਆਰ ਕਰਦਿਆਂ ਆਪਣੇ ਫਰਜ਼ਾਂ ਦੀ ਪੂਰਤੀ ਕਰਨਾ ਉਸਦਾ ਨੈਤਿਕ ਫਰਜ਼ ਹੈ ਜੋ ਉਸਦੀ ਸਮੁੱਚੀ ਜੀਵਨ-ਜਾਚ ਦਾ ਅਹਿਮ ਪੱਖ ਹੈ ਅਤੇ ਸਮਾਜ ਹੀ ਮਨੁੱਖ ਨੂੰ ਧਰਮ ਦੀ ਸਹੀ ਸੋਝੀ ਪ੍ਰਦਾਨ ਕਰਦਾ ਹੈ। ਡਾ. ਰਜਿੰਦਰ ਕੌਰ ਰੋਹੀ ਦੇ ਵਿਚਾਰ ਇਥੇ ਬੜੇ ਸਾਰਥਿਕ ਪ੍ਰਤੀਤ ਹੁੰਦੇ ਹਨ ਜਦੋਂ ਉਹ ਲਿਖਦੇ ਹਨ ਕਿ ਵਿਅਕਤੀ ਵਿਸ਼ੇਸ਼ ਜਾਂ ਕਿਸੇ ਖਾਸ ਧਾਰਮਿਕ ਸਮੂਹ ਦੀ ਅਧਿਆਤਮਿਕ ਪ੍ਰਾਪਤੀ ਦੀ ਪੂਰਤੀ ਸਮਾਜਿਕ ਫਰਜ਼ਾਂ ਨਾਲ ਸੰਪੂਰਨ ਹੋਣੀ ਚਾਹੀਦੀ ਹੈ ਨਹੀਂ ਤਾਂ ਕਿਸੇ ਦੀ ਵੀ ਅਧਿਆਤਮਿਕ ਪ੍ਰਾਪਤੀ ਵਿਅਰਥ ਹੈ। ਇਸ ਲਈ ਸਿੱਖ ਦਾ ਸਮੁੱਚਾ ਜੀਵਨ ਸਮਾਜ ਤੇ ਧਰਮ ਦਾ ਸੁਮੇਲ ਹੈ। ਗੁਰੂ ਸਾਹਿਬਾਨ ਨੇ ਜਿਸ ਅਨੁਭਵ ਵਿੱਚ ਬਾਣੀ ਉਚਾਰੀ ਹੈ, ਉਹ ਅਧਿਆਤਮਿਕ ਮੰਡਲਾਂ ਦੀਆਂ ਉਚਾਈਆਂ ਵੱਲ ਸੰਕੇਤ ਹੈ ਪਰ ਗੁਰੂ ਸਾਹਿਬਾਨ ਨੇ ਉਨ੍ਹਾਂ ਮਨੁੱਖਾਂ ਦਾ ਧਿਆਨ ਰੱਖਿਆ ਜੋ ਇਨ੍ਹਾਂ ਉਚਾਈਆਂ ਨੂੰ ਸਧਾਰਨ ਬੁੱਧੀ ਰਾਹੀਂ ਸਮਝਣ ਤੋਂ ਅਸਮਰੱਥ ਸਨ। ਅਜਿਹੇ ਮਜ਼ਲੂਮਾਂ ਤੇ ਜ਼ੁਲਮਾਂ ਦੇ ਲਿਤਾੜੇ ਮਨੁੱਖ ਲਈ ਗੁਰੂ ਸਾਹਿਬਾਨ ਅੰਦਰ ਦਰਦ ਸੀ। ਭਾਵੇਂ ਗੁਰੂ ਸਾਹਿਬਾਨ ਅਧਿਆਤਮਿਕ ਮੰਡਲਾਂ ਦੇ ਵਾਸੀ ਸਨ ਪਰ ਫਿਰ ਵੀ ਧਰਤੀ ਦੀ ਛੋਹ ਤੋਂ ਸੱਖਣੇ ਨਹੀਂ ਸਨ।ਉਹ ਆਪ ਅਜਿਹੇ ਲਿਤਾੜੇ ਵਰਗ

ਵਿੱਚ ਵਿਚਰੇ ਸਨ ਅਤੇ ਉਨ੍ਹਾਂ ਦੇ ਦਰਦ ਨੂੰ ਅਨੁਭਵ ਵੀ ਕੀਤਾ ਸੀ। ਇਸੇ ਲਈ ਗੁਰੂ ਨਾਨਕ ਸਾਹਿਬ ਤਾਂ ਰੱਬ ਨੂੰ ਵੀ ਉਲਾਂਭਾ ਦੇਣ ਤੋਂ ਕਤਰਾਏ ਨਹੀਂ ਸਨ। ਜਦ ਬਾਬਰ ਨੇ ਬੜੇ ਹੀ ਅਕਹਿ ਤੇ ਅਸਹਿ ਢੰਗ ਨਾਲ ਹਿੰਦੁਸਤਾਨੀਆਂ 'ਤੇ ਹਮਲਾ ਕੀਤਾ ਸੀ ਅਤੇ ਇਨ੍ਹਾਂ ਦੀ ਅਜਿਹੀ ਦਰਦਨਾਕ ਹਾਲਤ ਕਰ ਦਿੱਤੀ ਜੋ ਬਿਆਨ ਤੋਂ ਵੀ ਪਰ੍ਹੇ ਸੀ। ਉਸ ਸਮੇਂ ਗੁਰੂ ਨਾਨਕ ਸਾਹਿਬ ਨੇ ਹਾਅ ਦਾ ਨਾਅਰਾ ਮਾਰਿਆ ਸੀ ਤੇ ਉਸ ਸਰਵ-ਉੱਚ ਪਰਮਾਤਮਾ ਅੱਗੇ ਵੀ ਬੋਲ ਉੱਠੇ ਸਨ।

*ਏਤੀ ਮਾਰ ਪਈ ਕੁਰਲਾਣੇ*

*ਤੈਂ ਕੀ ਦਰਦੁ ਨਾ ਆਇਆ॥*

ਇਹਨਾਂ ਅਧਿਆਤਮਿਕ ਮੰਡਲਾਂ ਦੇ ਵਾਸੀਆਂ ਅੰਦਰ ਸਮੁੱਚੀ ਲੋਕਾਈ ਪ੍ਰਤੀ ਦਿਲ ਵਿੱਚ ਅਥਾਹ ਪਿਆਰ ਤੇ ਦਰਦ ਸੀ। ਇਸ ਲਈ ਸਮੁੱਚੀ ਮਾਨਵ ਜਾਤੀ ਦਾ ਉਧਾਰ ਤੇ ਸੁਧਾਰ ਕਰਨਾ ਉਨ੍ਹਾਂ ਦਾ ਅਸਲ ਮਨੋਰਥ ਸੀ। ਇਹ ਪੂਰਨ ਪੁਰਖ ਸਮੁੱਚੀ ਮਾਨਵਤਾ ਦੇ ਰਹਿਬਰ ਸਨ ਤੇ ਉਨ੍ਹਾਂ ਦੀ ਮਿਹਨਤ ਤੇ ਘਾਲਣਾ ਸਦਕਾ ਹੀ ਸਮਾਜ ਵਿਚਲੀਆਂ ਗਲਤ ਮਾਨਤਾਵਾਂ ਤੇ ਕਦਰਾਂ-ਕੀਮਤਾਂ ਦਾ ਖਾਤਮਾ ਹੁੰਦਾ ਰਿਹਾ ਹੈ। ਕਿਉਂਕਿ ਗੁਰੂ ਸਾਹਿਬਾਨ ਦਾ ਅਸਲ ਮਨੋਰਥ ਸਵੱਛ ਸਮਾਜ ਦੀ ਉਸਾਰੀ ਕਰਕੇ ਮਨੁੱਖ ਨੂੰ ਸੁਚੱਜੀ ਜੀਵਨ-ਜਾਚ ਬਖਸ਼ਣਾ ਸੀ ਜਿਸ ਸਦਕਾ ਮਨੁੱਖ ਆਪਣੇ ਅਸਲ ਜੀਵਨ ਮਨੋਰਥ ਵੱਲ ਅੱਗੇ ਵੱਧ ਸਕਦਾ । ਇਸੇ ਮਨੋਰਥ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਸਮਾਜ ਵਿੱਚ ਆਈ ਗਿਰਾਵਟ ਦੇ ਖਿਲਾਫ ਗੁਰੂ ਨਾਨਕ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ ਅਹਿਮ ਕਦਮ ਉਠਾਏ। ਉਨ੍ਹਾਂ ਨੇ ਸਮਾਜ ਵਿੱਚ ਫੈਲੇ ਸਮਾਜਿਕ, ਧਾਰਮਿਕ ਵਿਤਕਰਿਆਂ ਤੋਂ ਆਮ ਜਨਤਾ ਦੀ ਬੰਦ-ਖਲਾਸੀ ਕਰਵਾਈ ਕਿਉਂਕਿ ਸਮਾਜ ਵਿੱਚ ਜਾਤ-ਪਾਤ ਤੇ ਊਚ-ਨੀਚ ਸੰਬੰਧੀ ਵਿਤਕਰੇ ਕੀਤੇ ਜਾਂਦੇ ਸਨ, ਲੋਕ ਫੋਕਟ ਦੇ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਵਿੱਚ ਉਲਝੇ ਹੋਏ ਅਜਿਹੇ ਕਰਮ ਕਰੀ ਜਾ ਰਹੇ ਸਨ ਜਿਨ੍ਹਾਂ ਦਾ ਉਨ੍ਹਾਂ ਨੂੰ ਆਪ ਵੀ ਗਿਆਨ ਨਹੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੁਚੱਜੀ ਅਗਵਾਈ ਦੇ ਕੇ ਸੁਣੱਖੀ ਜੀਵਨ ਸ਼ੈਲੀ ਪ੍ਰਦਾਨ ਕੀਤੀ। ਸਮਾਜ ਵਿੱਚ ਜੋਗੀ ਸੰਨਿਆਸੀ ਜੋ ਘਰ-ਬਾਰ ਤਿਆਗ ਕੇ ਜੰਗਲਾਂ ਪਹਾੜਾਂ ਵਿੱਚ ਭਗਤੀ ਕਰਨ ਨੂੰ ਹੀ ਮੁਕਤੀ ਪ੍ਰਾਪਤੀ ਦਾ ਸਾਧਨ ਮੰਨਦੇ ਸਨ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਅਸਲ ਜੀਵਨ ਮਨੋਰਥ ਦਾ ਰਾਹ ਦਰਸਾਉਂਦਿਆਂ 'ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੇ ਮੁਕਤਿ' ਦਾ ਧਾਰਨੀ ਬਣਾਇਆ ਅਤੇ ਪਰਿਵਾਰਿਕ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਪ੍ਰੇਰਿਤ ਕੀਤਾ। ਗੁਰੂ ਸਾਹਿਬ ਨੇ ਆਪਣੇ ਸਮਕਾਲੀ ਸਮਾਜ ਦੇ ਧਾਰਮਿਕ ਆਗੂ ਵਰਗ 'ਤੇ ਕਰਾਰੀ ਚੋਟ ਮਾਰੀ ਜੋ ਲਾਲਚ ਵੱਸ ਆਮ

ਭੋਲੀ-ਭਾਲੀ ਜਨਤਾ ਨੂੰ ਕੁਰਾਹੇ ਪਾ ਰਹੇ ਸਨ ਅਤੇ ਧਾਰਮਿਕ ਗ੍ਰੰਥਾਂ ਦੇ ਪਠਨ-ਪਾਠਨ ਦੇ ਅਧਿਕਾਰ ਆਪਣੇ-ਆਪ ਤੱਕ ਹੀ ਸੀਮਿਤ ਰੱਖਦੇ ਸਨ।ਅਖੌਤੀ ਨੀਵੀਂ ਜਾਤ ਵਾਲਿਆਂ (ਸ਼ੂਦਰ ਵਰਗ) ਵਲੋਂ ਇਨ੍ਹਾਂ ਗ੍ਰੰਥਾਂ ਦਾ ਪਾਠ ਕਰਨਾ ਤਾਂ ਦੂਰ ਸਗੋਂ ਇਨ੍ਹਾਂ ਦੇ ਦਰਸ਼ਨ ਕਰਨੇ, ਇਨ੍ਹਾਂ ਵਿਚਲੇ ਪ੍ਰਵਚਨ ਸੁਣਨੇ ਜਾਂ ਇਨ੍ਹਾਂ ਦੇ ਕੋਲੋਂ ਲੰਘਣ ਦੀ ਵੀ ਪੂਰਨ ਤੌਰ ‘ਤੇ ਮਨਾਹੀ ਸੀ। ਜੇਕਰ ਕੋਈ ਗਲਤੀ ਨਾਲ ਵੀ ਅਜਿਹਾ ਕਰ ਦਿੰਦਾ ਸੀ ਤਾਂ ਉਸ ਨੂੰ ਅਸਹਿਣਯੋਗ ਤਸੀਹੇ ਦਿੱਤੇ ਜਾਂਦੇ ਸਨ। ਇਤਿਹਾਸ ਗਵਾਹ ਹੈ ਕਿ ਜੇਕਰ ਕਿਸੇ ਨੀਵੀਂ ਜਾਤ ਵਾਲੇ ਮਨੁੱਖ ਦੇ ਕੰਨਾਂ ਵਿੱਚ ਧਾਰਮਿਕ ਗ੍ਰੰਥਾਂ ਦੇ ਪਾਠ ਦੇ ਬੋਲ ਪੈ ਵੀ ਜਾਂਦੇ ਸਨ ਤਾਂ ਉਸ ਦੇ ਕੰਨਾਂ ਵਿੱਚ ਤੇਲ ਗਰਮ ਕਰਕੇ ਪਾ ਦਿੱਤਾ ਜਾਂਦਾ ਸੀ। ਉਸ ਪਰਮਾਤਮਾ ਦਾ ਨਾਮ ਆਪਣੀ ਜ਼ੁਬਾਨ ਵਿਚੋਂ ਲੈਣ ਵਾਲੇ ਦੀ ਜ਼ੁਬਾਨ ਹੀ ਕੱਟ ਦਿੱਤੀ ਜਾਂਦੀ ਸੀ। ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਅਜਿਹਾ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੂੰ ਵੀ ਨੀਵੀਂ ਜਾਤ ਵਿੱਚ ਜਨਮ ਲੈਣ ਸਦਕਾ ਪਰਮਾਤਮਾ ਦਾ ਨਾਮ ਜਪਦਿਆਂ ਨੂੰ ਬਾਂਹ ਤੋਂ ਫੜ ਕੇ ਭਗਤੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ :

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ॥*

ਅਜਿਹੇ ਅੰਧਕਾਰਮਈ ਯੁੱਗ ਵਿੱਚ ਗੁਰੂ ਨਾਨਕ ਨੇ ਅਗਿਆਨਤਾ ਨਾਲ ਭਰੀ ਲੋਕਾਈ ਵਿੱਚ ਗਿਆਨ ਦਾ ਚਾਨਣ ਖਿਲਾਰਿਆ ਅਤੇ ਆਪਣੇ ਆਪ ਨੂੰ ਆਗੂ ਸਮਝੀ ਜਾਣ ਵਾਲੀ ਧਾਰਮਿਕ ਸ਼੍ਰੇਣੀ ਨੂੰ ਉਸਦੇ ਅਸਲ ਮਨੋਰਥ ਬਾਰੇ ਸੋਝੀ ਕਰਵਾਈ ਤੇ ਉਸ ਦੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਉੱਚ-ਵਰਗ ਵੱਲੋਂ ਨੀਵੇਂ ਵਰਗ ‘ਤੇ ਹੁੰਦੇ ਜ਼ੁਲਮਾਂ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਉੱਚ-ਵਰਗ ਦੇ ਅਜਿਹੇ ਕਿਰਦਾਰ ’ਤੇ ਕਰਾਰੀ ਚੋਟ ਮਾਰੀ। ਅਜਿਹੇ ਪਾਖੰਡ ਕਰਮਾਂ ਵਿੱਚੋਂ ਨਿਕਲਣ ਲਈ ਉਨ੍ਹਾਂ ਨੂੰ ਸੁਚੱਜੀ ਜੀਵਨ-ਜਾਚ ਦਾ ਮਾਰਗ ਦਰਸਾਇਆ:

*ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥*
*ਸੀਲ ਸੰਤੋਖ ਕਾ ਰਖੈ ਧਰਮੁ॥ਬੰਧਨ ਤੋੜੈ ਹੋਵੈ ਮੁਕਤੁ॥*
*ਸੋਈ ਬ੍ਰਹਮਣੁ ਪੂਜਣ ਜੁਗਤੁ॥*

ਇਸਦੇ ਨਾਲ ਹੀ ਉਨ੍ਹਾਂ ਸਮਾਜ ਵਿੱਚੋਂ ਜਾਤ-ਪਾਤ, ਛੂਤ-ਛਾਤ, ਵਹਿਮਾਂ ਭਰਮਾਂ, ਕਰਮ-ਕਾਂਡਾਂ ਤੋਂ ਸੁਚੇਤ ਕਰਦਿਆਂ ਮਨੁੱਖ ਨੂੰ ਉਸਦੇ ਅਸਲ ਜੀਵਨ ਮਨੋਰਥ ਦੀ ਸੋਝੀ ਕਰਵਾਈ ਅਤੇ ਉਸ ਇਕ ਪਰਮਾਤਮਾ ਦੇ ਨਾਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਕਿਉਂਕਿ ਸਮਾਜ ਉਸ ਸਮੇਂ ਇਕ ਨਹੀਂ, ਅਨੇਕਾਂ ਬੁਰਾਈਆਂ ਨਾਲ ਭਰਿਆ ਪਿਆ ਸੀ। ਇਸ ਲਈ ਅਜਿਹੇ ਵਾਤਾਵਰਨ ਵਿੱਚ ਮਨੁੱਖ ਲਈ ਪਰਮਾਤਮਾ ਦਾ ਨਾਮ ਜਪਣਾ ਤਾਂ ਦੂਰ ਸਗੋਂ ਸੋਚਣਾ ਵੀ ਪਾਪ ਸੀ। ਇਹ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਵੱਡੀ ਵੰਗਾਰ ਸੀ ਜਿਸ ਦਾ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਆਪ ਵੀ ਪੈਰ-ਪੈਰ ਤੇ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਸਮਾਜ ਵਿੱਚ ਅਪਮਾਨਿਤ/ਤ੍ਰਿਸਕਾਰਿਤ ਕੀਤੀ ਜਾ ਰਹੀ ਇਸਤਰੀ ਨੂੰ ਸਤਿਕਾਰਿਤ ਥਾਂ ਦਿਵਾਈ, ਲਾਲਚੀ ਤੇ ਬੇਵੱਸ ਲੋਕਾਈ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਸੁਚੇਤ ਕਰਵਾਇਆ, ਸੁਆਰਥੀ  ਧਾਰਮਿਕ ਆਗੂ ਵਰਗ ਦਾ ਕਿਰਦਾਰ ਉਘਾੜਿਆ, ਸਮਾਜ ਵਿੱਚ ਜਾਤ-ਪਾਤ, ਊਚ-ਨੀਚ ਸੰਬੰਧੀ ਹੁੰਦੇ ਵਿਤਕਰਿਆਂ ਨੂੰ ਖਤਮ ਕਰਨ ਹਿਤ ਅਹਿਮ ਕਾਰਜ ਕੀਤੇ। ਆਪਣੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਪ੍ਰਚਾਰ ਦੌਰਿਆਂ ਵਾਲਾ ਵਧੀਆ ਸਾਧਨ ਚੁਣਿਆ ਸੀ ਜਿਨ੍ਹਾਂ ਨੂੰ 'ਉਦਾਸੀਆਂ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਮੋਢੀ ਰਹਿਬਰ ਸਨ ਜਿਨ੍ਹਾਂ ਨੂੰ ਅਜਿਹੀਆਂ ਸਭ ਤਰ੍ਹਾਂ ਦੀਆਂ ਵੰਗਾਰਾਂ ਦਾ ਇਕੱਲਿਆਂ ਹੀ ਸਾਹਮਣਾ ਕਰਨਾ ਪਿਆ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਨੌਂ ਉੱਤਰਾਧਿਕਾਰੀ ਗੁਰੂ ਸਾਹਿਬਾਨ ਨੇ ਵੀ ਉਨ੍ਹਾਂ ਦੀਆਂ ਲੀਹਾਂ 'ਤੇ ਚਲਦਿਆਂ ਸਿੱਖ ਧਰਮ ਦਾ ਪੂਰਨ ਰੂਪ ਵਿੱਚ ਵਿਕਾਸ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਤੇ ਸਮੁੱਚੀ ਲੋਕਾਈ ਨੂੰ ਜੀਵਨ ਦਾ ਅਸਲ ਮਨੋਰਥ ਦ੍ਰਿੜ੍ਹ ਕਰਵਾਇਆ ਜਿਸ ਤਹਿਤ ਉਨ੍ਹਾਂ ਨੇ ਬਹੁਤ ਹੀ ਸਰਲ ਭਾਸ਼ਾ ਆਪਣਾਈ ਅਤੇ ਇਸ ਵਾਸਤੇ ਗੁਰਮੁਖੀ ਲਿਪੀ ਦਾ ਪ੍ਰਚਲਨ ਕੀਤਾ।ਲੋਕਾਂ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਮੱਲ ਅਖਾੜਿਆਂ ਦਾ ਯੋਗ ਪ੍ਰਬੰਧ ਕਰਕੇ ਸੱਚ ਦਾ ਸੁਨੇਹਾ ਦਿੱਤਾ। ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜਿਆਂ ਦੀ ਸਥਾਪਨਾ ਕਰਦੇ ਹੋਏ ਜਿੱਥੇ ਸੰਗਤ ਨੂੰ ਧਰਮ ਨਾਲ ਜੋੜਦੇ ਹੋਏ ਪਰਮਾਤਮਾ ਦਾ ਨਾਮ ਜਪਣ ਦੀ ਤਾਕੀਦ ਕੀਤੀ ਉੱਥੇ ਸਮਾਜ ਵਿੱਚ ਪ੍ਰਚਲਿਤ ਸਤੀ-ਪ੍ਰਥਾ ਜਿਹੀ ਬੁਰਾਈ ਦੇ ਖਾਤਮੇ ਹਿਤ ਵਿਧਵਾ-ਵਿਆਹ ਵਰਗੇ ਕਾਰਜ ਆਰੰਭ ਕਰਕੇ, ਜ਼ੁਲਮਾਂ ਦੀ ਸਤਾਈ ਇਸਤਰੀ ਨੂੰ ਸਵੈ-ਮਾਣ ਨਾਲ ਜਿਉਣ ਲਈ ਰਾਹ ਪੱਧਰਾ ਕੀਤਾ। ਗੁਰੂ ਰਾਮਦਾਸ ਜੀ ਨੇ ਸਮੁੱਚੀ ਲੋਕਾਈ ਵਿੱਚ ਧਰਮ ਪ੍ਰਚਾਰ ਤੇ ਭਾਈਚਾਰਕ ਸਾਂਝ ਸਥਾਪਿਤ ਕਰਨ ਹਿੱਤ ਮਸੰਦ-ਪ੍ਰਥਾ ਦਾ ਆਰੰਭ ਕੀਤਾ, ਸਰੋਵਰਾਂ ਦਾ ਨਿਰਮਾਣ ਕਰਕੇ 'ਰਾਮਦਾਸਪੁਰ' ਦੀ ਸਥਾਪਨਾ ਕੀਤੀ। ਆਰਥਿਕ ਪੱਖੋਂ

ਮਜ਼ਬੂਤ ਕਰਨ ਲਈ ਉਨ੍ਹਾਂ 52 ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਇਥੇ ਕਾਰੋਬਾਰ ਖੋਲ੍ਹਣ ਲਈ ਪ੍ਰੇਰਿਤ ਕੀਤਾ। ਗੁਰੂ ਰਾਮਦਾਸ ਜੀ ਤੋਂ ਹੀ ਗੁਰਗੱਦੀ ਦੀ ਰਸਮ ਪੈਤ੍ਰਿਕ(ਪਿਤਾ-ਪੁਰਖੀ) ਹੋ ਗਈ ਜਿਸ ਸਦਕਾ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਜੋ ਗੁਰਤਾ-ਗੱਦੀ ਦੀਆਂ ਵਾਰਸ ਬਣੀਆਂ, ਉਨ੍ਹਾਂ ਸਾਹਮਣੇ ਅਨੇਕਾਂ ਹੀ ਸਮੱਸਿਆਵਾਂ ਆਈਆਂ। ਵਿਰੋਧੀਆਂ ਦੀਆਂ ਵੰਗਾਰਾਂ ਨੂੰ ਉਨ੍ਹਾਂ ਖਿੜੇ ਮੱਥੇ ਪ੍ਰਵਾਨ ਕੀਤਾ ਤੇ ਸਿੱਖ ਧਰਮ ਦੀ ਸੁਚੱਜੀ ਅਗਵਾਈ ਕਰਦੇ ਹੋਏ ਉਨ੍ਹਾਂ ਨੂੰ ਏਕਤਾ ਦੀ ਲੜੀ ਵਿੱਚ ਪਰੋਏ ਰਹਿਣ ਦਾ ਮਾਰਗ ਦਰਸਾਇਆ।

ਅਜਿਹੀਆਂ ਵੰਗਾਰਾਂ ਕਬੂਲ ਕਰਕੇ ਉਨ੍ਹਾਂ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਵਾਲੇ ਮੋਹਰੀਆਂ ਵਿੱਚ ਗੁਰੂ ਅਰਜਨ ਦੇਵ ਜੀ ਮੋਹਰੀ ਸਨ। ਜਿਨ੍ਹਾਂ ਸਾਹਮਣੇ ਵਿਰੋਧੀਆਂ ਦੀ ਇਹ ਵੰਗਾਰ ਜਾਂ ਤਾਂ ਧਰਮ ਪਰਿਵਰਤਿਤ ਕਰਨ ਦੇ ਰੂਪ ਵਿੱਚ ਸੀ ਜਾਂ ਭਾਰੀ ਰਕਮ ਦੀ ਅਦਾਇਗੀ ਸੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਾਸਤੇ ਸ਼ਹੀਦੀ ਦਾ ਫੁਰਮਾਨ ਸੀ। ਗੁਰੂ ਸਾਹਿਬ ਨੇ ਧਾਰਮਿਕ ਆਦਰਸ਼ਾਂ ਦੀ ਖਾਤਿਰ ਸ਼ਹਾਦਤ ਨੂੰ ਪ੍ਰਵਾਨ ਕੀਤਾ। ਸਿੱਖ ਪੰਥ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਕੁਰਬਾਨੀ ਦੀ ਪ੍ਰਤੀਕ ਸੀ ਜਿਸ ਸਦਕਾ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਵੰਗਾਰ ਦਾ ਸਾਹਮਣਾ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਕੀਤਾ ਅਤੇ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਉਨ੍ਹਾਂ ਸਿੱਖ ਧਰਮ ਜੋ ਸ਼ਾਂਤਮਈ ਤਰੀਕੇ ਨਾਲ ਆਪਣੀਆਂ ਲੀਹਾਂ ਤੇ ਚੱਲ ਰਿਹਾ ਸੀ, ਦਾ ਮੂੰਹ ਮੁਹਾਂਦਰਾ ਹੀ ਬਦਲ ਦਿੱਤਾ ਅਤੇ ਸਮਾਜ ਵਿੱਚ ਵਿਚਰਦੇ ਮਨੁੱਖ ਨੂੰ ਆਮ ਮਨੁੱਖ ਨਹੀਂ ਸਗੋਂ ਹੱਥ ਵਿੱਚ ਤਲਵਾਰ ਫੜਾ ਕੇ 'ਸੰਤ-ਸਿਪਾਹੀ' ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਸ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਜਿਨ੍ਹਾਂ ਨਾ ਕੇਵਲ ਆਪਣੇ ਧਰਮ ਖਾਤਿਰ ਬਲਕਿ ਹਿੰਦੂ ਧਰਮ ਦੀ ਰੱਖਿਆ ਅਤੇ ਬਚਾਅ ਦੀ ਖਾਤਰ ਆਪਣਾ ਬਲੀਦਾਨ ਦਿੱਤਾ ਜਿਸ ਦੇ ਫਲਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਵਿੱਚ ਤਲਵਾਰ ਫੜੀ ਤੇ ਸੰਤ-ਸਿਪਾਹੀ ਨੂੰ ਅੰਮ੍ਰਿਤ ਛਕਾ ਕੇ 'ਖਾਲਸਾ' ਦੇ ਰੂਪ ਵਿੱਚ ਪ੍ਰਗਟ ਕੀਤਾ। ਇਸ ਦੇ ਨਾਲ ਸਿੱਖ ਧਰਮ ਦੀ ਆਪਣੀ ਵਿਲੱਖਣ ਪਛਾਣ ਸਥਾਪਿਤ ਹੋਈ। ਇਸ ਉਪਰੰਤ ਸਿੱਖ ਧਰਮ ਅੰਦਰ ਭਾਵੇਂ ਅਨੇਕਾਂ ਕੁਰਬਾਨੀਆਂ ਤੇ ਸ਼ਹੀਦੀਆਂ ਹੋਈਆਂ ਪਰ ਇਹ ਸੰਸਾਰ ਦੇ ਪ੍ਰਸਿੱਧ ਧਰਮਾਂ ਵਿੱਚੋਂ ਨਿਵੇਕਲੇ ਤੇ ਲਾਸਾਨੀ ਧਰਮ ਵਜੋਂ ਸਥਾਪਿਤ ਹੋਇਆ। ਇਸ ਪਿੱਛੇ ਦਸ ਗੁਰੂ ਸਾਹਿਬਾਨਾਂ ਦੀ ਕਰੜੀ ਘਾਲਣਾ, ਮਿਹਨਤ,ਹਿੰਮਤ, ਕੁਰਬਾਨੀ, ਸਿਦਕ ਤੇ ਸਿਰੜ ਦਾ ਅਹਿਮ ਯੋਗਦਾਨ ਹੈ। ਗੁਰੂ ਸਾਹਿਬਾਨ ਦੀ ਬਦੌਲਤ ਹੀ ਅੱਜ ਸਿੱਖ ਧਰਮ ਵਿਸ਼ਵ ਭਰ ਵਿੱਚ ਆਪਣੀ ਸਿਰਮੌਰ ਪਛਾਣ ਰੱਖਦਾ ਹੈ।

ਵਰਤਮਾਨ ਸਮਾਜ ਵਿੱਚ ਵੀ ਸਿੱਖ ਧਰਮ ਦੀ ਆਪਣੀ ਵਿਲੱਖਣ ਅਤੇ ਮੌਲਿਕ ਪਛਾਣ ਹੈ। ਅੱਜ ਗਿਆਨ-ਵਿਗਿਆਨ ਦਾ ਯੁੱਗ ਹੋਣ ਸਦਕਾ ਮਨੁੱਖ ਨੇ ਪ੍ਰਗਤੀ ਦੀਆਂ ਭਾਵੇਂ ਅਨੇਕਾਂ ਪੁਲਾਂਘਾਂ ਪੁੱਟੀਆਂ ਹਨ ਪਰ ਮਨੁੱਖ ਦੀ ਹਾਲਾਤ ਫਿਰ ਵੀ ਤਨਾਅ-ਮੁਕਤ ਨਹੀਂ ਹੈ। ਅੱਜ ਮਨੁੱਖ ਕੋਲ ਸੁੱਖ-ਸਹੂਲਤਾਂ ਦੇ ਹਰ ਤਰ੍ਹਾਂ ਦੇ ਸਾਧਨ ਉਪਲੱਬਧ ਹਨ, ਦੇਸ਼-ਵਿਦੇਸ਼ਾਂ ਵਿੱਚ ਉਹ ਕੁਝ ਹੀ ਸਮੇਂ ਵਿੱਚ ਘੁੰਮ-ਫਿਰ ਕੇ ਵਾਪਸ ਆ ਸਕਦਾ ਹੈ, ਇੰਟਰਨੈਟ ਦੇ ਜ਼ਰੀਏ ਮੁਸ਼ਕਿਲ ਤੋਂ ਮੁਸ਼ਕਿਲ ਅਤੇ ਦੂਰ-ਦੁਰਾਡੇ ਸਥਾਨਾਂ ਤੇ ਪਲਾਂ ਵਿੱਚ ਹੀ ਆਪਣੇ ਕੰਮਾਂ ਵਿੱਚ ਸਫਲਤਾ ਹਾਸਿਲ ਕਰਦਾ ਹੈ ਪਰ ਅਜਿਹੀ ਭੱਜ-ਦੌੜ ਦੀ ਜ਼ਿੰਦਗੀ ਵਿੱਚ ਅਜੇ ਵੀ ਉਸ ਦਾ ਮਨ ਸ਼ਾਂਤ ਨਹੀ ਹੈ, ਜਿਸ ਕਰਕੇ ਅਜੇ ਵੀ ਉਸ ਦਾ ਅੰਦਰ ਸੱਖਣਾ ਹੈ।

ਆਧੁਨਿਕੀਕਰਣ ਦੀ ਪ੍ਰਕਿਰਿਆ ਵਿੱਚ ਭਾਵੇਂ ਉਸਦਾ ਸਮਾਜਿਕ ਦਾਇਰਾ ਵਿਸ਼ਾਲ ਹੋ ਰਿਹਾ ਹੈ ਪਰ ਸਮਾਜਿਕ ਸਾਂਝ ਲੁਪਤ ਹੁੰਦੀ ਜਾ ਰਹੀ ਹੈ। ਉਸਦਾ ਆਪਣਾ ਵਿਅਕਤੀਗਤ ਜੀਵਨ ਤਹਿਸ-ਨਹਿਸ ਹੋ ਰਿਹਾ ਹੈ। ਉਹ ਨੈਤਿਕ ਗਿਰਾਵਟ ਵੱਲ ਜਾ ਰਿਹਾ ਹੈ। ਇਹ ਉਲਝਣਾਂ ਸਮਾਜਿਕ, ਮਾਨਸਿਕ, ਧਾਰਮਿਕ, ਆਰਥਿਕ ਹਰ ਪੱਖ ਤੋਂ ਉਸ ਦੇ ਜੀਵਨ ਦਾ ਸੰਤੁਲਨ ਵਿਗਾੜ ਰਹੀਆਂ ਹਨ। ਜਿਸ ਦਾ ਮੂਲ ਕਾਰਨ ਉਸਦੀ ਆਪਣੀ ਹਸਤੀ ਦੀ ਪਛਾਣ ਖਤਮ ਹੋਣਾ ਹੈ, ਉਸ ਦਾ ਆਪਣਾ ਮੂਲ ਮਨੋਰਥ ਭੁੱਲ ਕੇ ਸੰਸਾਰ ਵਿੱਚ ਵਿਚਰਨਾ ਹੈ। ਅੱਜ ਮਨੁੱਖ ਇੰਨੀਆਂ ਸਮੱਸਿਆਵਾਂ ਤੇ ਚੁਣੌਤੀਆਂ ਨਾਲ ਲਬਰੇਜ਼ ਹੈ ਕਿ ਉਸਨੂੰ ਕਿਧਰੇ ਵੀ ਇਨ੍ਹਾਂ ਦਾ ਸਮਾਧਾਨ ਨਜ਼ਰ ਨਹੀਂ ਆਉਂਦਾ ਪਰ ਗੁਰਬਾਣੀ ਮਨੁੱਖ ਦੀ ਹਰ ਸਮੱਸਿਆ ਦਾ ਸਮਾਧਾਨ ਕਰਨ ਵਿੱਚ ਹਰ ਪੱਖੋਂ ਕਾਰਗਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸਮੁੱਚੀ ਮਾਨਵਤਾ ਦਾ ਰਹਿਬਰ ਹੈ ਇਸ ਵਿੱਚ ਗੁਰੂ ਸਾਹਿਬਾਨ ਦੁਆਰਾ ਜੀਵਨ ਵਿੱਚ ਵਿਚਰਦਿਆਂ ਕਿਸੇ ਵੀ ਸਮੱਸਿਆ ਦਾ ਸਮਾਧਾਨ ਬਹੁਤ ਹੀ ਸੁਚੱਜੇ ਤਰੀਕੇ ਨਾਲ ਦਰਸਾਇਆ ਗਿਆ ਹੈ। ਲੋੜ ਹੈ ਗੁਰਬਾਣੀ ਵਿੱਚ ਦਰਸਾਈ ਜੀਵਨ ਜਾਚ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨ ਦੀ।

ਗੁਰਬਾਣੀ ਹੀ ਮਨੁੱਖ ਨੂੰ ਅਜਿਹੀ ਅਗਵਾਈ ਪ੍ਰਦਾਨ ਕਰਦੀ ਹੈ ਜਿਸ ਸਦਕਾ ਉਸ ਦਾ ਸਮਾਜਿਕ, ਧਾਰਮਿਕ, ਆਰਥਿਕ, ਵਿਵਹਾਰਿਕ, ਸਭਿਆਚਾਰਕ ਹਰ ਪੱਖੋਂ ਜੀਵਨ ਵਿੱਚ ਸੰਤੁਲਨ ਕਾਇਮ ਰਹਿੰਦਾ ਹੈ ਅਤੇ ਉਸ ਨੂੰ ਹਰ ਮੁਸ਼ਕਿਲ ਤੇ ਤਣਾਅ ਮੁਕਤ ਰੱਖਣ ਵਿੱਚ ਸਹਾਈ ਸਿੱਧ ਹੁੰਦੀ ਹੈ। ਗੁਰਬਾਣੀ ਹੀ ਅਜਿਹਾ ਚਾਨਣ-ਮੁਨਾਰਾ ਹੈ ਜੋ ਮਨੁੱਖ ਅੰਦਰ ਸਰਬੱਤ ਦੇ ਭਲੇ ਲਈ ਚਿਣਗ ਜਗਾ ਕੇ 'ਏਕ ਨੂਰ ਤੇ ਸਭੁ ਜਗੁ ਉਪਜਿਆ' ਦੀ ਹਮਾਇਤ ਕਰਦੀ ਹੈ।

ਗੁਰਬਾਣੀ ਦਾ ਅਸਲ ਮਨੋਰਥ ਇਕ ਅਜਿਹੇ ਆਦਰਸ਼ਕ ਸਮਾਜ ਦੀ ਉਸਾਰੀ ਕਰਨਾ ਹੈ ਜਿੱਥੇ ਵੈਰ-ਵਿਰੋਧ, ਊਚ-ਨੀਚ ਆਦਿ ਵਰਗੇ ਹਰ ਤਰ੍ਹਾਂ ਦੇ ਵਿਤਕਰੇ ਖਤਮ ਹੋ ਕੇ ਭਾਈਚਾਰਕ ਸਾਂਝ ਸਥਾਪਿਤ ਹੁੰਦੀ ਹੈ। ਸਮਾਜ ਵਿੱਚ ਅਤਿ ਦਰਜੇ ਦੇ ਨੀਵੇਂ ਸਮਝੇ ਜਾਂਦੇ ਲੋਕਾਂ ਦਾ ਬਣਦਾ ਮਾਣ ਸਨਮਾਨ ਬਹਾਲ ਕਰਨਾ ਵੀ ਇਸਦਾ ਮੂਲ ਮਨੋਰਥ ਹੈ। ਗੁਰੂ ਸਾਹਿਬਾਨ ਨੇ ਤਾਂ ਸਵੱਛ ਸਮਾਜ ਦੀ ਕਲਪਨਾ ਕੀਤੀ ਹੈ। ਜਾਤ-ਪਾਤ ਦਾ ਭੇਦਭਾਵ ਮਨੁੱਖ ਦਾ ਆਪਣੇ ਆਪ ਪੈਦਾ ਕੀਤਾ ਹੋਇਆ ਹੈ। ਪਰਮਾਤਮਾ ਦੇ ਦਰ ਤੇ ਤਾਂ ਸਾਰੇ ਜੀਵ ਇਕ ਸਮਾਨ ਹਨ। ਕਿਸੇ ਨਾਲ ਕੋਈ ਭੇਦ-ਭਾਵ ਜਾਂ ਵਿਤਕਰੇ ਦੀ ਕੋਈ ਗੁੰਜਾਇਸ਼ ਨਹੀਂ। ਸਗੋਂ ਉੱਥੇ ਤਾਂ “ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਆਗੈ ਜਾਤਿ ਨ ਹੇ” ਜਿਹੇ ਮਹਾਂਵਾਕ ਦੀ ਪ੍ਰੋੜ੍ਹਤਾ ਕੀਤੀ ਜਾਂਦੀ ਹੈ। ਗੁਰਬਾਣੀ ਵਿੱਚ ਮਨੁੱਖ ਨੂੰ ਮਨੁੱਖ ਨਾਲ ਪਿਆਰ ਕਰਨ ਤੇ ਇੱਕ ਦੂਜੇ ਦਾ ਸਤਿਕਾਰ ਕਰਨ ਦੀ ਜਾਚ ਸਿਖਾਈ ਗਈ ਹੈ। ਗੁਰੂ ਸਾਹਿਬਾਨ ਨੇ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਗਲੇ ਨਾਲ ਲਾਇਆ ਹੈ। ਇਸੇ ਸਿਧਾਂਤ ਦੀ ਰੋਸ਼ਨੀ ਵਿੱਚ ਉਨ੍ਹਾਂ ਸੰਗਤ-ਪੰਗਤ ਦੀ ਸਥਾਪਨਾ ਕੀਤੀ ਸੀ ਜਿਥੇ ਕਿਸੇ ਨਾਲ ਕੋਈ ਜਾਤੀਗਤ ਭੇਦ-ਭਾਵ ਨਾ ਰੱਖਦੇ ਹੋਏ ਸਭ ਨੂੰ ਇਕੋ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦਾ ਆਦੇਸ਼ ਹੈ। ਇਹ ਸਿਧਾਂਤ ਵਰਤਮਾਨ ਸਮਾਜ ਵਿੱਚ ਵੀ ਉਸੇ ਤਰ੍ਹਾਂ ਹੀ ਅਮਲੀ ਜੀਵਨ ਵਿੱਚ ਧਾਰਨ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਇਸ ਗੱਲ ਦੀ ਪੁਸ਼ਟੀ ਵੀ ਕਰਦੇ ਹਨ ਕਿ ਪਰਮਾਤਮਾ ਦੇ ਦਰ ’ਤੇ ਲੇਖਾ ਜਾਤ-ਪਾਤ ਦੇ ਅਧਾਰ ਤੇ ਨਹੀਂ ਸਗੋਂ ਕਰਮਾਂ ਦੇ ਅਧਾਰ ’ਤੇ ਕੀਤਾ ਜਾਂਦਾ ਹੈ। ਇਸ ਲਈ ਮਨੁੱਖ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ। ਉਨ੍ਹਾਂ ਅਨੁਸਾਰ ਤਾਂ ਪ੍ਰਭੂ ਨਾਮ ਜਪਣ ਵਾਲਾ ਅਖੌਤੀ ਨੀਵੀਂ ਜਾਤ ਵਾਲਾ ਵੀ ਸ਼੍ਰੇਸ਼ਟ ਪਦਵੀ ਪ੍ਰਾਪਤ ਕਰਕੇ ਸਨਮਾਨਿਆ ਜਾਂਦਾ ਹੈ।

*ਨੀਚ ਜਾਤਿ ਹਰਿ ਜਪਦਿਆ ਉੱਤਮ ਪਦਵੀ ਪਾਇ॥*

ਅਜੋਕੇ ਯੁੱਗ ਵਿੱਚ ਵੀ ਮਨੁੱਖ ਆਪਣੇ ਜੀਵਨ ਨੂੰ ਹੋਰ ਵੀ ਜ਼ਿਆਦਾ ਅਰਾਮ ਭਰਪੂਰ ਬਣਾਉਣ ਤੇ ਹੋਰ ਜ਼ਿਆਦਾ ਸੁੱਖ ਸਹੂਲਤਾਂ ਪ੍ਰਾਪਤ ਕਰਨ ਹਿਤ ਕਈ ਪ੍ਰਕਾਰ ਦੇ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਵਿੱਚ ਪਿਆ ਹੋਇਆ ਹੈ। ਜਿਸ ਦੇ ਸਦਕਾ ਤੀਰਥ-ਇਸ਼ਨਾਨ, ਵਰਤ ਰੱਖਣ, ਕਿਸੇ ਖਾਸ ਦਿਨ-ਵਾਰ ਨੂੰ ਧਰਮ ਅਸਥਾਨ ਜਾਣ ਆਦਿ ਵਰਗੇ ਭਰਮ ਨੂੰ ਕੁਰਾਹੇ ਪਾ ਰਹੇ ਹਨ। ਮਨੁੱਖ ਅਜਿਹੇ ਵਿਅਰਥ ਦੇ ਕਰਮਾਂ-ਕਾਂਡਾਂ ਵਿੱਚ ਪੈ ਕੇ ਆਪਣਾ ਜੀਵਨ ਅਜਾਈਂ ਗੁਆ ਰਿਹਾ ਹੈ। ਇਸ ਤੱਥ ਵਿੱਚ ਸੱਚਾਈ ਹੈ ਕਿ ਜਿਸ ਸਮਾਜ ਨੇ ਆਪਣੀ ਬਹੁ-ਦਿਸ਼ਾਵੀ ਪ੍ਰਕਿਰਿਆ ਹੇਠ ਮਨੁੱਖ ਨੂੰ ਤੀਰਥ ਯਾਤਰਾ, ਬੁੱਤ-ਪੂਜਾ, ਰਿਧੀਆਂ-ਸਿੱਧੀਆਂ, ਵਰਤ, ਦਾਨ-ਪੁੰਨ ਅਤੇ ਕਰਮਾਂ-ਕਾਂਡਾਂ ਵਿੱਚ ਉਲਝਾ ਲਿਆ ਹੋਵੇ ਤੇ ਉਸਦੀ

ਆਪਣੀ ‘ਹੋਂਦ’ ਦਾ ਵੀ ਉਸਨੂੰ ਅਹਿਸਾਸ ਨਾ ਹੋਵੇ ਤਾਂ ਅਜਿਹੇ ਮਨੁੱਖ ਤੋਂ ਉੱਚ ਜੀਵਨ ਦੇ ਧਾਰਨੀ ਹੋਣ ਤੇ ਜੀਵਨ ਮਨੋਰਥ ਦੀ ਪ੍ਰਾਪਤੀ ਦੀ ਆਸ ਬਿਲਕੁਲ ਵੀ ਨਹੀਂ ਕੀਤੀ ਜਾ ਸਕਦੀ।ਲੋਭੀ ਤੇ ਪਾਖੰਡੀ ਜੀਵਨ ਸ਼ੈਲੀ ਵਿੱਚ ਉਲਝਣ ਸਦਕਾ ਉਸ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ ਸਗੋਂ ਪਰਮਾਤਮਾ ਦੇ ਦਰ ’ਤੇ ਉਹ ਜਮਾਂ ਦੀ ਮਾਰ ਦਾ ਭਾਗੀ ਬਣਦਾ ਹੈ:

*ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ॥*

*ਹਲਤਿ ਪਲਤਿ ਦੁਖਦਾਈ ਹੋਵੈ ਜਮਕਾਲੁ ਖੜਾ ਸਿਰਿ ਮਾਰੇ॥*

ਇਸੇ ਲਈ ਅਜੋਕਾ ਮਨੁੱਖ ਜੋ ਬਾਹਰੀ ਦਿਖਾਵਿਆਂ ਅਤੇ ਪਾਖੰਡਾਂ ਨੂੰ ਹੀ ਅਸਲ ਜ਼ਿੰਦਗੀ ਮੰਨ ਕੇ ਆਪਣੇ ਜੀਵਨ ਮਨੋਰਥ ਤੋਂ ਥਿੜਕਿਆ ਹੋਇਆ ਹੈ, ਗੁਰੂ ਸਾਹਿਬ ਅਜਿਹੇ ਕਿਰਦਾਰ ਸਦਕਾ ਮਨ ਵਿੱਚ ਹਉਮੈ ਦਾ ਵਾਸਾ ਹੋਇਆ ਮੰਨਦੇ ਹਨ। ਉਨ੍ਹਾਂ ਦੀ ਥਾਂ ਉਹ ਬਾਹਰੀ ਚਿੰਨ੍ਹ ਜਾਂ ਅਸ਼ਲੀਲ ਪਹਿਰਾਵੇ ਜੋ ਮਨ ਵਿੱਚ ਵਿਕਾਰਾਂ ਦਾ ਵਾਸ ਕਰਦੇ ਹਨ, ਉਨ੍ਹਾਂ ਦੀ ਥਾਂ ਉਹ ਮਨੁੱਖ ਦੀ ਅੰਦਰਲੀ ਪਵਿੱਤਰਤਾ ’ਤੇ ਜ਼ੋਰ ਦਿੰਦੇ ਹਨ ਕਿਉਂਕਿ ਪਰਮਾਤਮਾ ਦੀ ਪ੍ਰਾਪਤੀ ਲਈ ਮਨ, ਅੰਦਰੋਂ ਖੋਟਾਂ ਤੇ ਵਿਕਾਰਾਂ ਤੋਂ ਰਹਿਤ ਹੋਣਾ ਚਾਹੀਦਾ ਹੈ। ਕਿਉਂਕਿ ਮਨ ਦੀ ਅਪਵਿੱਤਰਤਾ ਸਦਕਾ ਹੀ ਮਨੁੱਖ ਨਾ ਤਾਂ ਅਧਿਆਤਮਕ ਤੌਰ ’ਤੇ ਅੱਗੇ ਵੱਧ ਸਕਦਾ ਹੈ ਅਤੇ ਨਾ ਹੀ ਸਮਾਜਿਕ ਤੌਰ ’ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਹਿਤ ਕਾਰਜਸ਼ੀਲ ਹੁੰਦਾ ਹੈ। ਅਜਿਹਾ ਵਿਅੰਗ ਉਨ੍ਹਾਂ ਨੇ ਸਮਾਜ ਵਿੱਚ ਵਿਚਰਦੇ ਜੋਗੀਆਂ, ਸੰਨਿਆਸੀਆਂ ਅਤੇ ਧਰਮ ਦੇ ਅਹੁਦੇਦਾਰਾਂ ਲਈ ਵਰਤਿਆ ਸੀ। ਅਜੋਕੇ ਯੁੱਗ ਵਿੱਚ ਪੱਛਮੀ ਸੱਭਿਆਚਾਰ ਦੀ ਮਾਰ ਹੇਠ ਸਿੱਖ ਵੀ ਆਪਣੇ ਪਹਿਰਾਵਿਆਂ ਵਿੱਚ ਤਬਦੀਲੀ ਕਰਨ ਲੱਗ ਪਿਆ ਹੈ। ਉਨ੍ਹਾਂ ਵਾਂਗ ਹੀ ਜੋ ਗੁਰੂ ਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਪੰਜ ਕਕਾਰੀ ਵਰਦੀ ਦਿੱਤੀ ਸੀ, ਦੀ ਵਰਤੋਂ ਕਰਨ ਵਿੱਚ ਵੀ ਆਪਣੀ ਮਰਜ਼ੀ ਕਰ ਰਿਹਾ ਹੈ। ਉਹ ਸਿੱਖੀ ਤੋਂ ਮੁਨਕਰ ਹੋ ਕੇ ਪਤਿਤਪੁਣੇ ਦਾ ਸ਼ਿਕਾਰ ਹੋ ਰਿਹਾ ਹੈ ਜੋ ਕਿ ਸਿੱਖ ਪੰਥ ਅੰਦਰ ਸਿੱਖੀ ਦੀ ਪਹਿਚਾਣ ਲਈ ਸਭ ਤੋਂ ਵੱਡਾ ਖਤਰਾ ਨਜ਼ਰ ਆ ਰਿਹਾ ਹੈ। ਅੱਜ ਦਾ ਸਿੱਖ ਨੌਜਵਾਨ ਮਾਡਰਨ  ਜੀਵਨ-ਸ਼ੈਲੀ ਨੂੰ ਅਪਣਾ ਕੇ ਆਪਣੇ ਸਿੱਖ ਵਿਰਸੇ ਤੋਂ ਮੂੰਹ ਮੋੜ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਮਾਪਿਆਂ ਦੀ ਆਪਣੀ ਅਣਗਹਿਲੀ ਨੂੰ ਹੀ ਮੰਨਿਆ ਜਾ ਰਿਹਾ ਹੈ। ਵਰਤਮਾਨ ਸਮਾਜ ਦੀ ਫੈਸ਼ਨ-ਪ੍ਰਸਤੀ ਵਿੱਚ ਅੱਜ ਮੀਡੀਆ ਤੇ ਵੀ ਅਜਿਹਾ ਅਸ਼ਲੀਲ ਸੱਭਿਆਚਾਰ ਅਤੇ ਦੰਗਾ ਫਸਾਦੀ ਫਿਲਮਾਂ ਵੱਲ ਰੁਝਾਨ ਅੱਜ ਦੇ ਨੌਜਵਾਨਾਂ ਨੂੰ ਕੁਰਾਹੇ ਪਾ ਰਿਹਾ ਹੈ। ਨਵੇਂ ਯੁੱਗ ਦੀ ਨਵੀਂ ਸੋਚ ਨੇ ਮਨੁੱਖ ਵਿਚੋਂ ਦਇਆ, ਧਰਮ, ਸੰਤੋਖ, ਨਿਮਰਤਾ, ਸਹਿਨਸ਼ੀਲਤਾ ਅਤੇ ਭਾਈਚਾਰਕ ਸਾਂਝ ਨੂੰ ਤਾਂ

ਬਿਲਕੁਲ ਖਤਮ ਹੀ ਕਰ ਦਿੱਤਾ ਹੈ। ਅੱਜ ਲੋੜ ਹੈ ਨੌਜਵਾਨਾਂ ਵਿੱਚ ਗੁਰੂ ਸਾਹਿਬ ਦੇ ਦਰਸਾਏ ਸਿਧਾਂਤਾਂ ਤੇ ਅਸੂਲਾਂ ਨੂੰ ਵੱਧ ਤੋਂ ਵੱਧ ਪ੍ਰਚਾਰਨ ਦੀ ਅਤੇ ਉਨ੍ਹਾਂ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨ ਦੀ, ਬੇਸ਼ੁਮਾਰ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਭਰੇ ਇਤਿਹਾਸ ਨੂੰ ਆਪਣੀ ਵਿਰਾਸਤ ਦਾ ਫ਼ਖਰ ਸਮਝਣ ਦੀ। ਪਰ ਅਫਸੋਸ ਇਸ ਕਾਰਜ ਪੱਖੋਂ ਭਾਵੇਂ ਵੱਖ-ਵੱਖ ਸਭਾ ਸੋਸਾਇਟੀਆਂ ਵਲੋਂ ਕਾਫੀ ਯਤਨ ਕੀਤੇ ਜਾ ਰਹੇ ਹਨ, ਪਰ ਅਮਲੀ ਜੀਵਨ ਵਿੱਚ ਇਸ ਨੂੰ ਕੋਈ ਵੀ ਧਾਰਨ ਨਹੀਂ ਕਰ ਰਿਹਾ। ਜਿਸ ਦਾ ਮੂਲ ਕਾਰਨ ਸਮਾਜ ਵਿੱਚ ਬੇਰੁਜ਼ਗਾਰੀ ਦਾ ਹੋਣਾ ਹੈ। ਅੱਜ ਦੀ ਅੰਨ੍ਹੀ ਭੱਜ ਦੌੜ ਵਿੱਚ ਸਾਰਾ ਦਿਨ ਮਿਹਨਤ ਕਰਨ ਦੇ ਬਾਵਜੂਦ ਵੀ ਇਨਸਾਨ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। ‘ਪੇਟ ਨਾ ਪਈਆਂ ਰੋਟੀਆਂ ਸਭੇ ਗੱਲਾਂ ਖੋਟੀਆਂ’ ਅਨੁਸਾਰ ਜਿਥੇ ਇਨਸਾਨ ਨੂੰ ਅੱਜ ਰੁਜ਼ਗਾਰ ਨਾ ਮਿਲਣ ਕਰਕੇ ਉਹ ਤਣਾਅ ਗ੍ਰਸਤ ਹੈ। ਰੁਜ਼ਗਾਰ ਦੀ ਪ੍ਰਾਪਤੀ ਲਈ ਉਹ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਇੰਨਾ ਜ਼ਿਆਦਾ ਪੜ੍ਹ ਲਿਖ ਕੇ, ਮਿਹਨਤ ਕਰਕੇ ਫਿਰ ਜਦ ਰੁਜ਼ਗਾਰ ਪੱਖੋਂ ਨੌਜੁਆਨਾਂ ਨੂੰ ਨਿਰਾਸ਼ਤਾ ਦਾ ਮੂੰਹ ਵੇਖਣਾ ਪੈਂਦਾਂ ਹੈ ਤਾਂ ਇਸ ਦੇ ਸਿੱਟੇ ਵਜੋਂ ਹੀ ਸਮਾਜ ਵਿੱਚ ਭ੍ਰਿਸ਼ਟਾਚਾਰ, ਦਹਿਸ਼ਤਵਾਦ, ਨਸ਼ਾਖੋਰੀ ਵਰਗੀਆਂ ਬਿਮਾਰੀਆਂ ਭਿਆਨਕ ਰੂਪ ਵਿੱਚ ਆ ਫੈਲਦੀਆਂ ਹਨ ਜੋ ਕਿ ਸਿੱਖ ਸਮਾਜ ਲਈ ਸਭ ਤੋਂ ਵੱਡੀਆਂ ਚੁਣੌਤੀਆਂ ਹਨ। ਇਸੇ ਲਈ ਅੱਜ ਆਪਣੇ ਰਾਜ ਵਿੱਚ ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਅੱਜ ਦੇ ਨੌਜਵਾਨਾਂ ਅੰਦਰ ਵਿਦੇਸ਼ਾਂ ਵਿੱਚ ਜਾਣ ਦੀ ਹੋੜ੍ਹ ਲੱਗ ਪਈ ਹੈ ਅਤੇ ਉਥੇ ਜਾ ਕੇ ਉਥੋਂ ਦੇ ਸੱਭਿਆਚਾਰ ਨੂੰ ਅਪਣਾ ਕੇ ਉਹ ਸਿੱਖ ਵਿਰਾਸਤ ਤੋਂ ਅਵੇਸਲੇ ਹੁੰਦੇ ਜਾ ਰਹੇ ਹਨ। ਆਪਣੇ ਸੱਭਿਆਚਾਰ, ਆਪਣੀ ਬੋਲੀ, ਆਪਣਾ ਖਾਣਾ-ਪਾਨ ਤਿਆਗ ਕੇ ਵਿਦੇਸ਼ੀ ਰੰਗ ਵਿੱਚ ਰੰਗੇ ਜਾ ਰਹੇ ਹਨ।

ਵਰਤਮਾਨ ਸਮਾਜ ਵਿੱਚ ਜਦ ਸਿੱਖ ਪੰਥ ਦੀ ਅਗਵਾਈ ਦੀ ਗੱਲ ਆਉਂਦੀ ਹੈ ਤਾਂ ਹਰ ਇਕ ਨਿਗਾਹ ਸ੍ਰੀ ਅਕਾਲ ਤਖਤ ਸਾਹਿਬ ਵੱਲ ਜਾਂਦੀ ਹੈ ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਪੰਥ ਦੀ ਵਿਲੱਖਣਤਾ ਤੇ ਨਿਆਰੇਪਣ ਨੂੰ ਅਜ਼ਾਦੀ ਦੇ ਤੌਰ ’ਤੇ ਸਾਰੇ ਵਿਸ਼ਵ ਦੇ ਸਾਹਮਣੇ ਬਰਕਰਾਰ ਰੱਖਣ ਲਈ ਆਪ ਸਥਾਪਿਤ ਕੀਤਾ ਸੀ। ਇਸ ਤਖਤ ਦੀ ਰਹਿਨੁਮਾਈ ਹੇਠ ਸਿੱਖ ਧਰਮ ਦੇ ਸਾਰੇ ਛੋਟੇ-ਵੱਡੇ ਫੈਸਲੇ ਲਏ ਜਾਂਦੇ ਹਨ। ਪਰ ਜਦੋ ਸਿੱਖਾਂ ਵਲੋਂ ਬਾਕੀ ਸਥਾਪਿਤ ਕੀਤੇ ਤਖਤਾਂ ਦੀ ਮਾਣ-ਮਰਿਆਦਾ ਦੀ ਗੱਲ ਆਉਂਦੀ ਹੈ ਤਾਂ ਸਿੱਖਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖੀ ਦਾ ਸਿਧਾਂਤ ‘ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਦਾ’ ਅਤੇ ‘ਸਾਹਿਬੁ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ

ਹੈ ' ਵਰਗੇ ਗੁਰਬਾਣੀ ਸਿਧਾਂਤ ਜਿੱਥੇ ਸਮੁੱਚੇ ਸਿੱਖ ਭਾਈਚਾਰੇ ਨੂੰ ਇੱਕ ਪਰਮਾਤਮਾ ਦੇ ਸੂਤਰ ਵਿੱਚ ਪਰੋਣ ਲਈ ਏਕੇ ਦਾ ਸਬੂਤ ਦਿੰਦੇ ਹਨ ਉਥੇ ਤਖਤਾਂ ਦੀ ਵੱਖ-ਵੱਖ ਮਰਿਆਦਾ ਸਿੱਖ ਧਰਮ ਨੂੰ ਫਿਰ ਇਕ ਮਾਲਾ ਦੇ ਮਣਕੇ ਵਿਚੋਂ ਕੱਢ ਕੇ ਵੱਖ-ਵੱਖ ਕਰ ਦਿੰਦੀ ਹੈ। ਇਹ ਦੁਬਿਧਾ ਸਿੱਖ ਧਰਮ ਦੇ ਪੈਰੋਕਾਰਾਂ ਦੀ ਅਹਿਮ ਚੁਣੌਤੀ ਬਣ ਕੇ ਸਿੱਖਾਂ ਵਿੱਚ ਵੰਡੀਆਂ ਪਾਉਣ ਦਾ ਕਾਰਜ ਕਰ ਰਹੀ ਹੈ ਜੋ ਕਿ ਸਿੱਖ ਧਰਮ ਲਈ ਬਹੁਤ ਹੀ ਹਾਨੀਕਾਰਕ ਹੈ। ਇੰਨਾ ਹੀ ਨਹੀਂ ਸਿੱਖ ਧਰਮ ਨੂੰ ਵੱਖ-ਵੱਖ ਸਮੇਂ ਤੋਂ ਕਈ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਰਹਿਤ ਮਰਿਆਦਾ ਵੱਲ ਝਾਤ ਮਾਰੀਏ ਤਾਂ ਬੜੀ ਬੇਚੈਨੀ ਤੇ ਹੈਰਾਨੀ ਹੁੰਦੀ ਹੈ ਕਿ ਸਿੱਖ ਧਰਮ ਦੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਨੂੰ ਮੰਨਣ ਤੇ ਨਾ ਮੰਨਣ ਵਾਲੇ ਅਨੇਕਾਂ ਹੀ ਧੜੇ ਸਿੱਖ ਧਰਮ ਵਿੱਚ ਸਥਾਪਿਤ ਹੋ ਚੁੱਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ 'ਤੇ ਦੁਨੀਆਂ ਵਿੱਚ ਵੱਸਣ ਵਾਲੇ ਹਰ ਸਿੱਖ ਨੂੰ ਇਕ ਮਾਲਾ ਵਿੱਚ ਪਰੋਣ ਲਈ ਸਿੱਖ ਰਹਿਤ ਮਰਿਯਾਦਾ ਦਾ ਅਹਿਮ ਰੋਲ ਸੀ। ਪਰ ਇਸਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਧਰਮ ਦੀਆਂ ਅਨੇਕਾਂ ਹੀ ਚੁਣੌਤੀਆਂ ਵਿਚੋਂ ਜਦੋਂ ਅਗਲੀ ਚੁਣੌਤੀ ਸਿੱਖ ਵਿੱਦਿਆ ਪ੍ਰਣਾਲੀ ਵੱਲ ਝਾਤ ਮਾਰਦੇ ਹਾਂ ਤਾਂ ਸਾਡਾ ਧਿਆਨ ਸਿੱਖ ਧਰਮ ਦੇ ਉਨ੍ਹਾਂ ਨੌਜਵਾਨਾਂ ਵੱਲ ਜਾਂਦਾ ਹੈ ਜਿਨ੍ਹਾਂ ਧਰਮ ਦੀ ਅਗਵਾਈ ਕਰਨੀ ਸੀ ਪਰੰਤੂ ਵਿੱਦਿਆ ਵਲੋਂ ਅਵੇਸਲੇ ਹੋਣ ਕਰਕੇ ਧਰਮ-ਗ੍ਰੰਥਾਂ ਤੋਂ ਮੂੰਹ ਮੋੜ ਲਿਆ, ਜਿਸ ਸਦਕਾ ਨਾ ਉਹ ਅਧਿਆਤਮਿਕ ਗਿਆਨ ਹਾਸਿਲ ਕਰ ਸਕੇ ਤੇ ਨਾ ਹੀ ਦੁਨਿਆਵੀ। ਵਿਸ਼ਵ ਦੇ ਖਾਕੇ ਤੇ ਜਦੋਂ ਵੱਖ-ਵੱਖ ਧਰਮਾਂ ਦੀ ਹੋਂਦ ਅਤੇ ਵਿਲੱਖਣਤਾ ਦੀ ਗੱਲ ਚਲੇਗੀ ਉਸ ਸਮੇਂ ਸ਼ਾਇਦ ਸਿੱਖ ਧਰਮ ਦਾ ਨੌਜਵਾਨ ਸਿੱਖ ਵਿੱਦਿਅਕ ਪ੍ਰਣਾਲੀ ਤੋਂ ਸੱਖਣਾ ਹੋਣ ਕਰਕੇ 'ਸਭੇ ਸਾਝੀਵਾਲ ਸਦਾਇਨਿ' ਪੂਰੇ ਵਿਸ਼ਵ ਨੂੰ ਆਪਣੀ ਗਲਵੱਕੜੀ ਵਿੱਚ ਲੈਣ ਵਾਲੇ ਸਿਧਾਂਤਾਂ ਦਾ ਹੋਕਾ ਦੇਣ ਵਾਲੇ ਗ੍ਰੰਥ ਦੀ ਵਿਆਖਿਆ ਨਾ ਕਰ ਸਕੇ। ਇਸ ਤਰ੍ਹਾਂ ਦੇ ਵਿਸ਼ੇ ਸਿੱਖ ਧਰਮ ਨੂੰ ਬੜੇ ਹੀ ਘਾਤਕ ਨਤੀਜਿਆਂ ਵੱਲ ਲੈ ਕੇ ਜਾਣਗੇ। ਜੇਕਰ ਸਿੱਖ ਧਰਮ ਦੀਆਂ ਹੋਰ ਉੱਭਰ ਰਹੀਆਂ ਚੁਣੌਤੀਆਂ ਵੱਲ ਨਿਗਾਹ ਮਾਰੀ ਜਾਵੇ ਤਾਂ ਡੇਰਾਵਾਦ ਅਤੇ ਸੰਪ੍ਰਦਾਇ ਇਕ ਅਹਿਮ ਚੁਣੌਤੀ ਸਿੱਖ ਧਰਮ ਦੇ ਵਿਕਾਸ ਵਿੱਚ ਰੁਕਾਵਟ ਬਣੀ ਨਜ਼ਰ ਆ ਰਹੀ ਹੈ। ਸਿੱਖ ਜਗਤ ਵਿੱਚ ਭਾਵੇਂ 'ਸ਼ਬਦ ਗੁਰੂ'ਦਾ ਸਿਧਾਂਤ ਪ੍ਰਚੱਲਿਤ ਹੈ ਪ੍ਰੰਤੂ ਫਿਰ ਵੀ ਸ਼ਬਦ ਗੁਰੂ ਦੇ ਸਾਹਮਣੇ ਸ਼ਰੀਕ ਬਣੇ ਹੋਏ ਦੇਹਧਾਰੀ ਗੁਰੂ ਸਥਾਪਿਤ ਹੋਣ ਸਦਕਾ ਸਿੱਖ ਸਮਾਜ ਦੀ ਸੰਗਤ ਵੱਖ-ਵੱਖ ਧੜੇਬੰਦੀਆਂ ਵਿੱਚ ਉਲਝਦੀ ਨਜ਼ਰ ਆ ਰਹੀ ਹੈ। ' ਇਕਾ

ਬਾਣੀ ਇਕੋ ਗੁਰੁ ਇਕੋ ਸਬਦ ਵੀਚਾਰਿ' ਦਾ ਸਿਧਾਂਤ ਪ੍ਰਚਾਰਣ ਵਾਲਾ ਸਿੱਖ ਸਮਾਜ ਅੱਜ ਡੇਰਾਵਾਦ ਸਦਕਾ ਆਪਣੀ ਵਿਲੱਖਣਤਾ ਵਾਲੀ ਹੋਂਦ ਨੂੰ ਬਰਕਰਾਰ ਰੱਖਣ ਵਿੱਚ ਉਲਝਦਾ ਜਾ ਰਿਹਾ ਹੈ।

ਸਿੱਖ ਧਰਮ ਵਿੱਚ ਜਿਥੇ ਇਸਤਰੀਆਂ ਹਰ ਕਾਰਜ ਵਿੱਚ ਮੋਹਰੀ ਰੋਲ ਅਦਾ ਕਰ ਰਹੀਆਂ ਹਨ ਅੱਜ ਉਨ੍ਹਾਂ ਦੀ ਸਥਿਤੀ 'ਤੇ ਵੀ ਪ੍ਰਸ਼ਨ-ਚਿੰਨ੍ਹ ਲੱਗਦਾ ਨਜ਼ਰ ਆ ਰਿਹਾ ਹੈ। ਘਰ ਦੀ ਚਾਰ ਦੀਵਾਰੀ ਵਿੱਚ ਰਹਿਣ ਵਾਲੀ ਸਿੱਖ ਇਸਤਰੀ ਅੱਜ ਅਸਮਾਨ ਨੂੰ ਛੂਹਣ ਦੀ ਪੁਲਾਂਘ ਪੁੱਟ ਚੁੱਕੀ ਹੈ ਪਰ ਫਿਰ ਵੀ ਸਮਾਜ ਵਿੱਚ ਉਹ ਅਜੇ ਵੀ ਦੁਜੈਲੇ ਸਥਾਨ ਦੀ ਹੱਕਦਾਰ ਸਮਝੀ ਜਾਂਦੀ ਹੈ। ਅੱਜ ਵੀ ਉਸ ਨੂੰ ਕਈ ਵਾਰ ਬਦਸਲੂਕੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਦੀ ਤੰਗ ਸੋਚ ਕਾਰਨ ਸਿੱਖ ਇਸਤਰੀ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਆਪ ਹੀ ਕਦਮ ਉਠਾਉਣੇ ਪੈਣਗੇ। ਜੇਕਰ ਗੁਰੂ ਘਰ ਦੀ ਗੱਲ ਕੀਤੀ ਜਾਵੇ ਤਾਂ ਅਜੇ ਤੱਕ ਵੀ ਗੁਰੂ-ਘਰ ਵਿੱਚ ਇਸਤਰੀ ਨੂੰ ਕੀਰਤਨ ਕਰਨ ਦੀ ਪੂਰਨ ਤੌਰ ਤੇ ਆਗਿਆ ਨਹੀਂ ਮਿਲੀ। ਸਿੱਖ ਧਰਮ ਦਾ ਕੇਂਦਰੀ ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜਿਥੇ ਕਿ ਹਰ ਧਰਮ, ਹਰ ਵਰਗ ਤੇ ਹਰ ਕੌਮ ਦੇ ਬਸ਼ਿੰਦੇ ਦਾ ਸਿਰ ਝੁਕਦਾ ਹੈ, ਦੁਨੀਆ ਦਾ ਇਕੋ-ਇਕ ਸਥਾਨ ਜਿੱਥੇ ਜਾਤ, ਨਸਲ, ਗੋਤ, ਮਜ਼ਹਬ ਵਿਤਕਰੇ ਤੋਂ ਉੱਪਰ ਉੱਠ ਕੇ ਇਕੋ ਪੰਗਤ ਵਿੱਚ ਤਨ ਦੀ ਖੁਰਾਕ ਲੰਗਰ ਛਕ ਕੇ ਅਤੇ ਮਨ ਦੀ ਖੁਰਾਕ ਲਈ ਆਪਣੇ ਆਪ ਨੂੰ ਉਸ ਪਰਮਾਤਮਾ ਦੀ ਇਬਾਦਤ ਵਿੱਚ ਲੀਨ ਕੀਤਾ ਜਾਂਦਾ ਹੈ ਉਸੇ ਅਸਥਾਨ ਤੇ ਸਿੱਖ ਇਸਤਰੀ ਨੂੰ ਸ਼ਬਦ ਕੀਰਤਨ ਕਰਨ ਦੀ ਮਨਾਹੀ ਹੈ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਸਿਧਾਂਤ ਪ੍ਰਗਟਾਉਂਦੀ 'ਧੁਰ ਦੀ ਬਾਣੀ' ਅੱਜ ਉਸੀ ਸਿੱਖ ਇਸਤਰੀ ਨੂੰ ਗੁਰੂ ਦੀ ਗੋਦ ਵਿੱਚ ਬੈਠ ਕੇ ਕੀਰਤਨ ਕਰਨ ਲਈ ਲੰਮਾ ਸੰਘਰਸ਼ ਕਰਨਾ ਪੈ ਰਿਹਾ ਹੈ। ਸਿੱਖ ਧਰਮ ਦੀ ਇਹ ਦਰਪੇਸ਼ ਚੁਣੌਤੀ ਸਿੱਖ ਸਮਾਜ ਲਈ ਘਾਤਕ ਸਾਬਿਤ ਹੋ ਰਹੀ ਹੈ।

ਸਿੱਖ ਧਰਮ ਨੂੰ ਆ ਰਹੀਆਂ ਇਨ੍ਹਾਂ ਸਾਰੀਆਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਾਨੂੰ ਇਕ ਖਾਸ ਏਜੰਡਾ ਤਿਆਰ ਕਰਨਾ ਪਵੇਗਾ। ਸਿੱਖ ਸਮਾਜ ਆਪਣੇ ਪਵਿੱਤਰ ਅਤੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਵਿਚਾਰਧਾਰਾ, ਫ਼ਲਸਫ਼ਾ ਅਤੇ ਰੂਹਾਨੀਅਤ ਸਦਕਾ ਵਿਸ਼ਵ ਦੀਆਂ ਬਰੂਹਾਂ ਤੇ ਜੀਵਿਤ ਹੈ। ਪਵਿੱਤਰ ਧਰਮ ਗ੍ਰੰਥ ਦੀ ਅਗਵਾਈ ਵਿੱਚ ਸਮੁੱਚਾ ਸਿੱਖ ਪੰਥ ਜੇਕਰ ਪ੍ਰਫੁੱਲਿਤ ਹੋ ਰਿਹਾ ਹੈ, ਸੰਸਾਰ ਦੇ ਹਰ ਖਿੱਤੇ, ਧਰਮ, ਜਾਤ ਤੇ ਸਮੂਹ ਵਿਸ਼ਵ ਭਾਈਚਾਰੇ ਨੂੰ ਜਦੋਂ ਇਹ ਆਪਣੇ ਕਲਾਵੇ ਵਿੱਚ ਲੈਣ ਦੀ ਸਮਰੱਥਾ ਰੱਖਦਾ ਹੈ ਤਾਂ ਫਿਰ ਸਿੱਖ ਪੰਥ ਆਪਣੇ ਘਰ ਆ

ਰਹੀਆਂ ਦਰਪੇਸ਼ ਚੁਣੌਤੀਆਂ ਤੋਂ ਕਿਉਂ ਘਿਰਿਆ ਹੋਇਆ ਹੈ। ਗਹੁ ਨਾਲ ਵਾਚਾਂਗੇ ਤਾਂ ਪਤਾ ਲੱਗੇਗਾ ਕਿ ਸਿੱਖ ਸਮਾਜ ਦੇ ਇਨ੍ਹਾਂ ਦਰਪੇਸ਼ ਚੁਣੌਤੀਆਂ ਵਿੱਚ ਫਸਣ ਦਾ ਕਾਰਨ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀਅਤ ਤੋਂ ਮੂੰਹ ਮੋੜ ਲਿਆ ਹੈ। ਇਥੇ ਇਹ ਵੀ ਦੱਸ ਦੇਈਏ ਕਿ ਜਿਹੜੀ ਕੌਮ ਆਪਣੀ ਵਿਰਾਸਤ, ਆਪਣੇ ਇਸ਼ਟ, ਆਪਣੇ ਸਿਧਾਂਤਾਂ ਤੋਂ ਮੂੰਹ ਮੋੜ ਲੈਂਦੀ ਹੈ ਭਾਵ ਆਪਣੀ ਸਿਧਾਂਤਕ ਵਿਚਾਰਧਾਰਾ ਨੂੰ ਭੁੱਲ ਜਾਂਦੀ ਹੈ ਤਾਂ ਉਸ ਕੌਮ ਦੀ ਵਿਰਾਸਤ ਦਾ ਤਾਂ ਕੁਝ ਨਹੀਂ ਜਾਂਦਾ ਪਰ ਉਸ ਕੌਮ ਦਾ ਕੁਝ ਨਹੀਂ ਰਹਿੰਦਾ। ਸੋ ਸੰਖੇਪ ਰੂਪ ਵਿੱਚ ਸਿੱਖ ਸਮਾਜ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਆਪਣੇ ਜੀਵਨ ਦਾ ਅੰਗ ਬਣਾਉਣਾ ਪਵੇਗਾ ਅਤੇ ਆਪਸੀ ਭਾਈਚਾਰਕ ਸਾਂਝ ਪੈਦਾ ਕਰਕੇ ਸੰਗਤੀ ਰੂਪ ਵਿੱਚ ਸਿੱਖ ਸਮਾਜ ਦੀ ਚੜ੍ਹਦੀ ਕਲਾ ਲਈ ਤਤਪਰ ਹੋ ਕੇ ਕਾਰਜ ਕਰਨੇ ਪੈਣਗੇ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:-

*ਹੋਇ ਇਕਤ੍ਰ ਮਿਲਹੁ ਮੇਰੇ ਭਾਈ*
*ਦੁਬਿਧਾ ਦੂਰਿ ਕਰਹੁ ਲਿਵ ਲਾਇ॥*

ਸੋ ਆਪਣੇ ਦ੍ਰਿੜ ਇਰਾਦੇ ਤੇ ਨਿਸ਼ਚੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਆਪਣੇ ਆਪ ਨੂੰ ਢਾਲਣਾ ਪਵੇਗਾ। ਕੇਵਲ ਵਰਤਮਾਨ ਵਿੱਚ ਆ ਰਹੀਆਂ ਚੁਣੌਤੀਆਂ ਹੀ ਨਹੀਂ ਸਗੋਂ ਭਵਿੱਖ ਵਿੱਚ ਵੀ ਆਧੁਨਿਕ ਯੁੱਗ ਦੇ ਸਮੇਂ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਗੁਰਬਾਣੀ ਨੇ ਉਨਾਂ ਦਾ ਹੱਲ ਵੀ ਬਾਖੂਬੀ ਦਰਸਾਇਆ ਹੈ। ਜਿਵੇਂ ਸਿੱਖ ਸਮਾਜ ਦੀ ਵਿੱਦਿਆ ਪ੍ਰਣਾਲੀ ਦਾ ਅਹਿਸਾਸ ਸਿੱਖ ਨੌਜਵਾਨਾਂ ਤੱਕ ਇਹ ਕਹਿ ਕੇ ਕਰਵਾਇਆ ਜਾਏ ਕਿ 'ਵਿਦਿਆ ਵੀਚਾਰੀ ਤਾ ਪਰਉਪਕਾਰੀ' ਦੇ ਸਿਧਾਂਤ ਸਦਕਾ ਖੁਦ ਨੂੰ ਗਿਆਨਵਾਨ ਬਣਾ ਕੇ ਪਰਉਪਕਾਰੀ ਜੀਵਨ ਬਣਾਇਆ ਜਾ ਸਕਦਾ ਹੈ। ਸਮਾਜ ਵਿੱਚ ਆਪਸੀ ਨਫਰਤ ਖਤਮ ਕਰਕੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਇਨ੍ਹਾਂ ਹਵਾਲਿਆਂ ਨੂੰ ਅਮਲੀ ਜੀਵਨ ਵਿੱਚ ਢਾਲਿਆ ਜਾ ਸਕਦਾ ਹੈ:

*ਏਕੁ ਪਿਤਾ ਏਕਸ ਕੇ ਹਮ ਬਾਰਿਕ*
*ਤੂ ਮੇਰਾ ਗੁਰ ਹਾਈ॥*

ਵਿਸ਼ਵ ਦੇ ਦਰਦ ਨੂੰ ਨਾ ਸਹਾਰਦੇ ਹੋਏ ਆਪਣੇ ਇਸ਼ਟ ਅੱਗੇ ਸਰਬੱਤ ਦੇ ਭਲੇ ਦੀ ਕਾਮਨਾ ਕਰਨਾ ਤੇ ਭਾਈਚਾਰਕ ਸਾਂਝ ਵਿੱਚ ਮਜ਼ਬੂਤੀ ਲਿਆਉਣਾ ਜੀਵਨ ਦਾ ਪਹਿਲਾ ਪੜਾਅ ਹੈ। ਗੁਰਬਾਣੀ ਦਾ ਇਸ ਪਾਵਨ ਬਚਨ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ" ਜਿਤੁ ਦੁਆਰੈ

ਉਬਰੈ ਤਿਤੈ ਲੈਹੁ ਉਬਾਰਿ' ਵਿੱਚ ਨਿਰੂਪਣ ਕੀਤੇ ਸਿਧਾਂਤ ਤੇ ਚੱਲਿਆ ਜਾ ਸਕਦਾ ਹੈ। ਇਤਨਾ ਹੀ ਨਹੀਂ ਸਮਾਜ ਵਿੱਚ ਸ਼ਾਂਤੀ ਤੇ ਆਪਸੀ ਮੇਲ-ਮਿਲਾਪ ਦੀ ਭਾਵਨਾ ਵੀ ਗੁਰੂ ਆਸ਼ੇ ਅਨੁਸਾਰ ਉਜਾਗਰ ਕੀਤੀ ਜਾ ਸਕਦੀ ਹੈ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ॥*

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*

ਸਿੱਖ ਸਮਾਜ ਦੀ ਨਿੱਤ ਦੀ ਅਰਦਾਸ "ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਇਸ ਵਿੱਚ ਪੈ ਰਹੀਆਂ ਵੰਡੀਆਂ ਨੂੰ ਖਤਮ ਕਰਕੇ ਸਿੱਖ ਧਰਮ ਦੀ ਚੜ੍ਹਦੀ ਕਲਾ ਦਾ ਸਬੂਤ ਦਿੰਦੀ ਹੈ। ਇਸ ਸਿਧਾਂਤ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨਾ ਵੀ ਅਤਿ ਜਰੂਰੀ ਹੈ।

ਸੋ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦੇ ਸਾਹਮਣੇ ਆਧੁਨਿਕ, ਸਿਧਾਂਤਕ ਤੇ ਵਿਵਹਾਰਕ ਚੁਣੌਤੀਆਂ ਨੇ ਜਿਹੜਾ ਰੂਪ ਧਾਰਨ ਕੀਤਾ ਹੈ, ਉਹਨਾਂ ਦਾ ਹਲ ਬੜੀ ਹੀ ਸਾਦਗੀ ਤੇ ਹਲੀਮੀ ਨਾਲ ਗੁਰਬਾਣੀ ਦੀ ਸਿਧਾਂਤਕ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਅਪਨਾਉਣ ਨਾਲ ਹੀ ਹੋ ਸਕਦਾ ਹੈ। ਸੋ ਲੋੜ ਹੈ ਗੁਰਬਾਣੀ ਦੇ ਇਕ-ਇਕ ਸਿਧਾਂਤ ਨੂੰ ਪੜ੍ਹਨ, ਸੁਣਨ ਤੇ ਗਾਉਣ ਦੀ ਅਵਸਥਾ ਤੋਂ ਉੱਪਰ ਉੱਠ ਕੇ ਜ਼ਿੰਦਗੀ ਜਿਉਣ ਦੇ ਨਾਲ-ਨਾਲ ਜੀਵਨ ਵਿੱਚ ਢਾਲਿਆ ਵੀ ਜਾਵੇ ਤਾਂ ਜੋ ਜੀਵਨ ਵਿੱਚੋਂ ਗੁਰੂ-ਆਸ਼ੇ ਤੇ ਗੁਰੂ ਸਿਧਾਂਤਾਂ ਦੀਆਂ ਮਹਿਕਾਂ ਸਦਕਾ ਇਕ ਤੰਦਰੁਸਤ ਤੇ ਨਰੋਆ ਸਮਾਜ ਸਿਰਜਿਆ ਜਾ ਸਕੇ। ਇਸ ਦੀ ਸ਼ੁਰੂਆਤ ਹਰ ਸਿੱਖ ਨੂੰ ਆਪਣੇ ਜੀਵਨ ਤੋਂ ਕਰਨੀ ਪਵੇਗੀ ਕਿਉਂਕਿ ਹਰ ਸਿੱਖ ਭਾਵੇਂ ਕਿਸੇ ਵੀ ਸੰਪ੍ਰਦਾਇ ਜਾਂ ਡੇਰੇ ਨਾਲ ਜੁੜ ਕੇ ਬੇ-ਮਰਿਆਦਾ ਜ਼ਿੰਦਗੀ ਬਤੀਤ ਕਰ ਰਿਹਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਨਤ-ਮਸਤਕ ਹੁੰਦਾ ਹੈ। ਸੋ ਕੇਵਲ ਮੱਥਾ ਟੇਕਣ ਤੇ ਪੂਜਣ ਤੱਕ ਹੀ ਜ਼ਿੰਦਗੀ ਬਤੀਤ ਨਾ ਕੀਤੀ ਜਾਵੇ ਸਗੋਂ ਗੁਰਬਾਣੀ ਦੀ ਕਸਵੱਟੀ 'ਤੇ ਆਪਣੇ ਆਪ ਨੂੰ ਖਰਾ ਉਤਾਰਿਆ ਜਾਵੇ ਤਾਂ ਜੋ ਜ਼ਿੰਦਗੀ ਦਾ ਸਹੀ ਮਨੋਰਥ ਪਤਾ ਲੱਗ ਸਕੇ ਤੇ ਗੁਰੂ ਨਾਨਕ ਦੇ ਚਲਾਏ ਨਿਰਮਲ ਪੰਥ ਦੇ ਪਾਂਧੀ ਬਣ ਕੇ ਸਮਾਜ ਵਿੱਚ ਆਪਣਾ ਜੀਵਨ ਸ਼ੁਭ ਗੁਣਾਂ ਨਾਲ ਸਵਾਰਿਆ ਸ਼ਿੰਗਾਰਿਆ ਜਾ ਸਕੇ। ਸੋ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਜਿਸ ਸਿੱਖ ਦੇ ਹਿਰਦੇ ਵਿੱਚ ਗੁਰਬਾਣੀ ਫ਼ਲਸਫ਼ਾ ਤੇ ਵਿਚਾਰਧਾਰਾ ਉਤਪੰਨ ਹੁੰਦੀ ਹੈ, ਉਸਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਕੋਈ ਮਾਇਨੇ ਨਹੀਂ ਰੱਖਦੀਆਂ।

# ਪੁਸਤਕ ਸੂਚੀ


| | |
|---|---|
| ਅਜੀਤ ਸਿੰਘ (ਸੰਪਾ.) | **ਸਿੱਖ ਸਭਿਆਚਾਰ ਦੇ ਚੋਣਵੇਂ ਲੇਖ**, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, 2000. |
| ਅਜੀਤਪਾਲ ਸਿੰਘ, : | **ਕੌਮਾਂਤਰੀ ਸਮੱਸਿਆਵਾਂ**, ਤਰਕ ਭਾਰਤੀ ਪ੍ਰਕਾਸ਼ਨਾ ਬਰਨਾਲਾ, 2011 |
| ਅਣਖੀ, ਭਾਗ ਸਿੰਘ, : | **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਵਿਚਾਰਧਾਰਾ,** ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ 2010 |
| ਅਮੋਲ, ਐਸ.ਐਸ. | **ਪੰਜਾਬੀ ਸਭਿਆਚਾਰ ਦੀ ਰੂਪ ਰੇਖਾ**, ਧਨਪਤ ਰਾਏ ਐਂਡ ਸੰਨਜ਼, ਜਲੰਧਰ, 1968. |
| ਆਹਲੂਵਾਲੀਆ, ਜਸਬੀਰ ਸਿੰਘ | **ਪੰਜਾਬੀ ਆਲੋਚਨਾ: ਇਕ ਪਰਿਚਯ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989. |
| ਈਸ਼ਰ ਸਿੰਘ | **ਗੁਰੂ ਰਾਮਦਾਸ ਪ੍ਰਕਾਸ਼**, ਨਵੀਂ ਦਿੱਲੀ, 1977. |
| ਸਹਿਗਲ, ਮਨਮੋਹਨ (ਡਾ.) | **ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1987. |
| ਸਰਬਜਿੰਦਰ ਸਿੰਘ (ਡਾ.) | **ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2010. |
| ਉਹੀ | **ਵਿਸ਼ਵ ਧਰਮ ਬਾਣੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ-ਪਹਿਲਾ),** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2008. |
| ਉਹੀ | **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ**, ਪੰਜਾਬੀ ਯੂਨੀਵਰਸਿਟੀ ਪਟਿਆਲਾ 2004 |
| ਸਵਰਨ ਸਿੰਘ | **ਕਿੱਸਾ ਕਾਵਿ ਵਿੱਚ ਸਮਾਜ ਅਤੇ ਸਭਿਆਚਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ |
| ਸਾਹਿਬ ਸਿੰਘ | **ਜੀਵਨ ਬ੍ਰਿਤਾਂਤ ਸ੍ਰੀ ਗੁਰੂ ਰਾਮਦਾਸ ਜੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ 1976. |

ਸੀਤਲ, ਸੋਹਣ ਸਿੰਘ — **ਵਾਰਾਂ,** ਲਾਹੌਰ ਬੁੱਕ ਸ਼ਾਪ, ਲੁਧਿਆਣਾ 2005

ਸੇਖੋਂ, ਸੰਤ ਸਿੰਘ — **ਪੰਜਾਬੀ ਕਾਵਿ ਸ਼ਿਰੋਮਣੀ,** ਲਾਹੌਰ ਬੁੱਕ ਸ਼ਾਪ, ਲੁਧਿਆਣਾ 1968.

ਸੋਢੀ, ਹਿੰਮਤ ਸਿੰਘ — **ਗੁਰੂ ਰਾਮਦਾਸ: ਜੀਵਨ ਤੇ ਰਚਨਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸੁਰਜੀਤ ਸਿੰਘ — **ਸਿੱਖ ਰਹਿਤ ਅਤੇ ਸਿੱਖ ਆਚਰਨ** ਲਾਹੌਰ ਬੁੱਕ ਸ਼ਾਪ, ਲੁਧਿਆਣਾ 1968.

ਸੂਰੀ, ਕਰਤਾਰ ਸਿੰਘ — **ਗੁਰੂ ਅਰਜਨ ਦੇਵ ਕਲਾ ਤੇ ਚਿੰਤਨ**, ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1969.

ਸੰਤੋਖ ਸਿੰਘ (ਭਾਈ), ਅਜੀਤ ਸਿੰਘ ਔਲਖ (ਸੰਪਾ.) — **ਸੂਰਜ ਪ੍ਰਕਾਸ਼ ਗ੍ਰੰਥ (ਭਾਗ ਤੀਜਾ),** ਜੀਵਨ ਸਿੰਘ ਚਤਰ ਸਿੰਘ, ਅੰਮ੍ਰਿਤਸਰ, 2004.

ਹਰਜੋਤ ਕੌਰ (ਡਾ.) — **ਗੁਰਮਤਿ ਦੇ ਪ੍ਰਮੁੱਖ ਸੰਕਲਪ**, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2010

ਹਰਬੰਸ ਸਿੰਘ — **ਦਸ ਗੁਰੂ ਸਾਹਿਬਾਨ**, ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, 2010

ਹਰਭਜਨ ਸਿੰਘ — **ਸਾਹਿਤ ਅਧਿਐਨ,** ਗੁਰੂ ਨਾਨਕ ਦੇਵ ਯੁਨੀਵਰਸਿਟੀ ਅੰਮ੍ਰਿਤਸਰ

ਹਰਵੰਤ ਕੌਰ — **ਗੁਰੂ ਰਾਮਦਾਸ ਜੀਵਨ, ਚਿੰਤਨ ਅਤੇ ਬਾਣੀ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2005।

ਹਰਿਸਿਮਰਨ ਸਿੰਘ — **ਸਿੱਖ ਵਿਯਨ, 2025,** ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਹਰਿਭਜਨ ਸਿੰਘ — **ਸਿੱਖ ਰਹਿਤ ਮਰਿਯਾਦਾ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2012

ਹੀਰਾ, ਭਗਤ ਸਿੰਘ — **ੳ ਦਰਸ਼ਨ**, ਨੈਸ਼ਨਲ ਪ੍ਰੈਸ ਆਫ ਇੰਡੀਆ, ਦਿੱਲੀ 1977.

ਕਸੇਲ ਕਿਰਪਾਲ ਸਿੰਘ, ਪਰਮਿੰਦਰ ਸਿੰਘ (ਸੰਪਾ.) — **ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1958.

ਕਨਲ, ਐਸ.ਪੀ. (ਅਨੁ.) — **ਹਿੰਦੁਸਤਾਨੀ ਸਭਿਆਚਾਰ ਦੀ ਰੂਪ-ਰੇਖਾ**, ਪੰਚਾਲ ਪ੍ਰੈਸ

ਪਬਲੀਕੇਸ਼ਨ, ਦਿੱਲੀ।

ਕਵੀਸ਼ਰ, ਸਰਦੂਲ ਸਿੰਘ — **ਸਿੱਖ ਧਰਮ ਦਰਸ਼ਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1993.

ਕਾਲਾ ਅਫਗਾਨਾ ਗੁਰਬਖਸ਼ ਸਿੰਘ — **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ,** ਭਾਗ 1 ਤੋਂ 8, ਸ੍ਰੀ ਅਕਾਲ ਸਹਾਇ ਸੁਸਾਇਟੀ ਅੰਮ੍ਰਿਤਸਰ 2002

ਕਾਂਗ, ਅਮਰਜੀਤ ਸਿੰਘ — **ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸੱਭਿਆਚਾਰ, ਸਾਹਿਤ ਅਕਾਦਮੀ, ਨਵੀਂ ਦਿੱਲੀ।**

ਉਹੀ — **ਕਿੱਸਾ ਸੰਸਾਰ,** ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ,1985

ਕਿਸ਼ਨ ਸਿੰਘ (ਪ੍ਰੋ.) — **ਸਿੱਖ ਇਨਕਲਾਬ ਦੀ ਪੰਜਾਬੀ ਕਲਚਰ ਨੂੰ ਦੇਣ**, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976.

ਕੋਹਲੀ, ਸੁਰਿੰਦਰ ਸਿੰਘ — **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973.

ਉਹੀ — **ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਕੁਲਵੰਤ ਕੌਰ (ਡਾ.) — **ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ**, ਨਵਯੁਗ ਪਬਲਿਸ਼ਰਜ਼, ਦਿੱਲੀ, 1991.

ਕੰਕਣ (ਭਾਈ) — **ਸੰਛੇਪ ਦਸ ਗੁਰੂ ਕਥਾ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991.

ਖਹਿਰਾ, ਸੁਖਦੇਵ ਸਿੰਘ (ਡਾ.) — **ਪੰਜਾਬੀ ਨਾਵਲ ਵਿੱਚ ਸਾਂਸਕ੍ਰਿਤਕ ਚੇਤਨਾ**, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990.

ਖਹਿਰਾ, ਭੁਪਿੰਦਰ ਸਿੰਘ — **ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ**, ਪੈਪਸੂ ਬੁੱਕ ਡਿਪੂ, ਪਟਿਆਲਾ, 1986.

ਗਿਆਨ ਸਿੰਘ (ਗਿਆਨੀ) — **ਤਵਾਰੀਖ ਗੁਰੂ ਖਾਲਸਾ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987.

ਗਿੱਲ, ਮਹਿੰਦਰ ਕੌਰ — **ਆਦਿ ਗ੍ਰੰਥ ਲੋਕ ਰੂਪ**, ਐਮ.ਪੀ. ਪ੍ਰਕਾਸ਼ਨ, ਦਿੱਲੀ, 2002.

| | |
|---|---|
| ਉਹੀ | **ਗੁਰੂ ਅਰਜਨ ਦੇਵ ਜੀਵਣ ਅਤੇ ਬਾਣੀ**, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਂਕ ਦਿੱਲੀ,1975 |
| ਗੁਪਤਾ, ਸ਼ਾਂਤੀ ਨਾਥ (ਡਾ.) | **ਭਾਰਤੀ ਦਰਸ਼ਨ**, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਸਟੋਰ, ਚੰਡੀਗੜ੍ਹ, 1974. |
| ਗੁਰਜਸਵਿੰਦਰ ਸਿੰਘ | **ਵਿਸ਼ਵੀਕਰਨ ਦਾ ਪ੍ਰਵਚਨ**, ਲੁਧਿਆਣਾ,2006 |
| ਗੁਰਦੀਪ ਸਿੰਘ (ਲ.) | **ਸਿੱਖ ਫਲਸਫਾ ਲਾਸਾਨੀ ਇਨਕਲਾਬ**, 1,2,3, ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨ, ਫਰੀਦਾਬਾਦ 2011 |
| ਗੁਰਨੇਕ ਸਿੰਘ (ਡਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਅਤੇ ਸੰਦੇਸ਼**, ਗੁਰਮਤਿ ਪਕਾਸ਼ਨ, ਪਟਿਆਲਾ, 2008 |
| ਗੁਰਮੀਤ ਸਿੰਘ | **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1980. |
| ਗੁਰਮੇਲ ਸਿੰਘ | **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2003. |
| ਗੰਡਾ ਸਿੰਘ (ਡਾ.)<br>ਤੇਜਾ ਸਿੰਘ | **ਸਿੱਖ ਇਤਿਹਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003. |
| ਚੋਪੜਾ, ਇਕਬਾਲ ਨਾਰਾਇਣ | **ਭਾਰਤੀ ਦਰਸ਼ਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1989. |
| ਛਿੱਬਰ, ਕੇਸਰ ਸਿੰਘ,<br>ਪਿਆਰਾ ਸਿੰਘ ਪਦਮ (ਸੰਪਾ.) | **ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997. |
| ਜਸਵਿੰਦਰ ਕੌਰ (ਡਾ.) | **ਗੁਰੂ ਨਾਨਕ ਦੀ ਕੀਮਤ ਮੀਮਾਂਸਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982. |
| ਜਗਬੀਰ ਸਿੰਘ, | **ਬਾਣੀ ਸੰਸਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992. |
| ਉਹੀ | **ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973. |

ਜੋਗਿੰਦਰ ਸਿੰਘ — **ਗੁਰ ਜੋਤ ਪ੍ਰਕਾਸ਼: ਧਰਮ ਤੋਂ ਤਖਤ ਤੱਕ**, ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, 1991.

ਜੋਧ ਸਿੰਘ (ਭਾਈ) — **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮਿਤੀਹੀਣ।

ਉਹੀ — **ਜਪੁਜੀ ਸਟੀਕ**, ਸਿੱਖ ਪਬਲਿਸ਼ਿੰਗ ਹਾਊਸ ਲਿਮਟਿਡ, ਅੰਮ੍ਰਿਤਸਰ, 1950.

ਜੋਧ ਸਿੰਘ (ਡਾ.) — **ਸਿੱਖ ਸਿਧਾਂਤ: ਸਰੂਪ ਅਤੇ ਸਮਰੱਥਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਜੱਗੀ, ਗੁਰਸ਼ਰਨ ਕੌਰ (ਡਾ.) — **ਗੁਰੂ ਅਰਜਨ ਦੇਵ ਜੀਵਨ ਤੇ ਰਚਨਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਜੱਗੀ, ਰਤਨ ਸਿੰਘ — **ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1998.

ਉਹੀ — **ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ**, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਉਹੀ — **ਵਿਚਾਰਧਾਰਾ**, ਮਦਾਨ ਪਬਲਿਸ਼ਰਜ਼, ਪਟਿਆਲਾ, 1966.

ਉਹੀ — **ਗੁਰੂ ਨਾਨਕ ਦੀ ਵਿਚਾਰਧਾਰਾ**, ਨਵਯੁਗ ਪਬਲਿਕੇਸਰਜ਼, ਚਾਂਦਨੀ ਚੌਂਕ, ਦਿੱਲੀ, 1969.

ਢਿਲੋਂ, ਹਰਜਿੰਦਰ ਸਿੰਘ — **ਗੁਰੂ ਰਾਮਦਾਸ: ਜੀਵਨ ਅਤੇ ਰਚਨਾ**, ਸਰਵਪ੍ਰੀਤ ਸਿੰਘ, ਸੂਰਤ ਸਿੰਘ ਰੋਡ, ਅੰਮ੍ਰਿਤਸਰ, 1993.

ਢੀਂਡਸਾ, ਰਾਜਿੰਦਰਜੀਤ ਕੌਰ — **ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000.

ਤਾਰਨ ਸਿੰਘ, — **ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

ਤਾਂਘ, ਈਸ਼ਰ ਸਿੰਘ — **ਚਾਰੇ ਵੇਦ ਹੋਇ ਸਚਿਆਰ**, ਦੀਪ ਪ੍ਰਕਾਸ਼ਨ, ਅੰਬਾਲਾ ਸ਼ਹਿਰ, 1966.

ਤੇਜਾ ਸਿੰਘ (ਪ੍ਰਿੰ.) — **ਸਹਿਜ ਸੁਭਾ**, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1959.

ਉਹੀ **ਸਾਹਿਤ ਦਰਪਣ**, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1957.

ਦਰਸ਼ਨ ਸਿੰਘ (ਡਾ.) **ਧਰਮ ਅਧਿਐਨ ਅਤੇ ਸਿੱਖ ਅਧਿਐਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਦੀਪ, ਦਲੀਪ ਸਿੰਘ **ਜਪੁਜੀ: ਇਕ ਤੁਲਨਾਤਮਕ ਅਧਿਐਨ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਦੀਵਾਨ ਸਿੰਘ (ਪ੍ਰੋ.) **ਸੂਫੀਵਾਦ ਅਤੇ ਹੋਰ ਲੇਖ**, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1972.

ਉਹੀ **ਗੁਰਮਤਿ ਸਿਧਾਂਤ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988.

ਉਹੀ **ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਅਤੇ ਹੋਰ ਲੇਖ**, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970.

ਦੀਵਾਨਾ, ਮੋਹਨ ਸਿੰਘ (ਡਾ.) **ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ**, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1952.

ਦੇਵਿੰਦਰ ਦੀਪ (ਡਾ.) **ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਗੁਰੂ ਨਾਨਕ ਬਾਣੀ ਵਿੱਚ ਭਾਰਤੀ ਸਭਿਆਚਾਰ ਦਾ ਚਿਤ੍ਰਨ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1983.

ਧਾਲੀਵਾਲ, ਸੁਰਜੀਤ ਸਿੰਘ **ਭਾਰਤ ਵਿੱਚ ਪ੍ਰਚੱਲਿਤ ਪ੍ਰਮੁੱਖ ਭਾਰਤੀ ਧਰਮ**, ਲਾਹੌਰ ਬੁੱਕਸ, ਲੁਧਿਆਣਾ, 2012.

ਧੀਰ, ਕੁਲਦੀਪ ਸਿੰਘ **ਗੁਰਬਾਣੀ: ਜੋਤਿ ਅਤੇ ਜੁਗਤ**, ਪੰਜਾਬੀ ਪਬਲੀਕੇਸ਼ਨ, ਪਟਿਆਲਾ, 1994.

ਨਾਭਾ, ਕਾਨ੍ਹ ਸਿੰਘ (ਭਾਈ) **ਗੁਰਮਤਿ ਮਾਰਤੰਡ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2008.

ਨਿਰਾਕਾਰੀ, ਆਰ.ਡੀ., **ਭਾਰਤੀ ਦਰਸ਼ਨ, ਪਬਲੀਕੇਸ਼ਨ ਬਿਊਰੋ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਉਹੀ, **ਰਿਸ਼ੀ ਦਰਸ਼ਨ**, ਲੋਕਗੀਤ, ਪ੍ਰਕਾਸ਼ਨ, ਚੰਡੀਗੜ੍ਹ, 2003.

ਨੂਰ, ਜਗੀਰ ਸਿੰਘ — **ਪੰਜਾਬੀ ਰਹਿਤਲ**, ਪੰਜਾਬੀ ਸਾਹਿਤ ਅਤੇ ਸਭਿਆਚਾਰ ਸਦਨ, ਫਗਵਾੜਾ (ਪੰਜਾਬ), 2004.

ਪਦਮ, ਪਿਆਰਾ ਸਿੰਘ — **ਸਾਡੇ ਗੁਰਦੇਵ**, ਕਲਮ ਮੰਦਰ, ਲੋਅਰ ਮਾਲ, ਪਟਿਆਲਾ, 1989.

ਉਹੀ (ਸੰਪਾ.) — **ਹੀਰ ਵਾਰਿਸ**, ਨਵਯੁਗ, ਪਬਲਿਸਰਜ਼, ਦਿੱਲੀ, 1977.

ਪਰਮਵੀਰ ਸਿੰਘ (ਡਾ.) — **ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਪੂਨੀ, ਬਲਬੀਰ ਸਿੰਘ — **ਪੰਜਾਬੀ ਸਭਿਆਚਾਰ: ਸਿਧਾਂਤ ਤੇ ਵਿਹਾਰ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2000.

ਪੂਰਨ ਸਿੰਘ — **ਖੁਲ੍ਹੇ ਲੇਖ**, ਸੁੰਦਰ ਬੁੱਕ ਡਿਪੋ, ਜਲੰਧਰ, 1999.

ਪੰਨੂੰ, ਹਰਪਾਲ ਸਿੰਘ (ਡਾ.) — **ਭਾਰਤ ਦੇ ਪੁਰਾਤਨ ਧਰਮ: ਇਕ ਸੰਖੇਪ ਸਰਵੇਖਣ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਉਹੀ, — **ਗੁਰੂ ਨਾਨਕ ਦਾ ਕੁਦਰਤ ਸਿਧਾਂਤ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਪ੍ਰਭਜੋਤ ਕੌਰ (ਡਾ.) (ਸੰਪਾ.) — **ਗਿਆਨ ਚਰਾਗੁ**, ਗੁਰਮਤਿ ਕਾਲਜ, ਪਟਿਆਲਾ, 2009.

ਪ੍ਰੀਤਮ ਸਿੰਘ (ਸੰਪਾ:) — **ਸਿੱਖ ਫਲਸਫੇ ਦੀ ਰੂਪ ਰੇਖਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975.

ਪ੍ਰੇਮ ਪ੍ਰਕਾਸ਼ ਸਿੰਘ (ਡਾ.) — **ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1980.

ਫਰੈਂਕ, ਗੁਰਬਖਸ਼ ਸਿੰਘ (ਡਾ.) — **ਸਭਿਆਚਾਰ: ਮੁੱਢਲੀ ਜਾਣ-ਪਛਾਣ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1984.

ਉਹੀ — **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ**, ਵਾਰਿਸ ਸ਼ਾਹ ਫਾਊਡੇਸ਼ਨ, ਅੰਮ੍ਰਿਤਸਰ, 1996.

ਫੁੱਲ, ਗੁਰਦਿਆਲ ਸਿੰਘ — **ਪੰਜਾਬੀ ਸਭਿਆਚਾਰ: ਇਕ ਦ੍ਰਿਸ਼ਟੀਕੋਣ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਬਲਕਾਰ ਸਿੰਘ (ਡਾ.) — **ਸਿੱਖ ਰਹੱਸਵਾਦ, ਪਬਲੀਕੇਸ਼ਨ ਬਿਊਰੋ**, ਪੰਜਾਬੀ ਯੂਨੀਵਰਸਿਟੀ,

ਪਟਿਆਲਾ, 1987.

ਬਲਜੀਤ ਕੌਰ (ਡਾ.) **ਗੁਰਬਾਣੀ: ਧਰਮ ਅਤੇ ਸਾਹਿਤ**, ਸੁੰਦਰ ਬੁੱਕ ਡਿਪੋ, ਜਲੰਧਰ, 1996.

ਬਲੂਆਣਾ, ਬਲਦੇਵ ਸਿੰਘ **ਗੁਰੂ ਰਾਮਦਾਸ ਬਾਣੀ ਵਿੱਚ ਭਗਤੀ ਭਾਵਨਾ ਦਾ ਸਰੂਪ**, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਬਾਹੀਆ, ਤਰਸੇਮ **ਸਮਾਜਵਾਦੀ ਸਭਿਆਚਾਰ ਅਤੇ ਮਨੁੱਖ**, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1985.

ਬਾਵਾ. ਜੇ.ਐਸ. **ਸ੍ਰੀ ਗੁਰੂ ਰਾਮਦਾਸ ਜੀ**, ਸ੍ਰੀ ਗੁਰੂ ਰਾਮਦਾਸ ਅਵਤਾਰ ਪੁਰਬ ਕਮੇਟੀ, ਅੰਮ੍ਰਿਤਸਰ, 1992.

ਬੇਦੀ, ਹਰਚੰਦ ਸਿੰਘ (ਸੰਪਾ.) **21ਵੀਂ ਸਦੀ ਵਿੱਚ ਸਿੱਖਾ ਲਈ ਚੁਣੌਤੀਆਂ** ਖਾਲਸਾ ਕਾਲਜ ਅੰਮ੍ਰਿਤਸਰ,2001

ਬ੍ਰਹਮਜਗਦੀਸ਼ ਸਿੰਘ (ਡਾ.) **ਸਭਿਆਚਾਰਕ ਮਾਨਵ ਵਿਗਿਆਨ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1990.

ਭਾਰਤੀ, ਹਰੀ ਸਿੰਘ **ਗੁਰੂ ਨਾਨਕ ਦਾ ਅਧਿਆਤਮਕ ਮਾਰਗ**, ਸੰਦੀਪ ਪ੍ਰਕਾਸ਼ਨ, ਚੰਡੀਗੜ੍ਹ, ਮਿਤੀਹੀਣ।

ਭੱਲਾ, ਸਰੂਪ ਦਾਸ **ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ**, ਪੰਜਾਬ, ਪਟਿਆਲਾ, 1999.

ਮਹਿਬੂਬ ਹਰਿੰਦਰ ਸਿੰਘ **ਸਹਿਜੇ ਰਚਿਓ ਖਾਲਸਾ**, ਗੜ੍ਹਦੀਵਾਲ, ਹੁਸ਼ਿਆਰਪੁਰ, 1988.

ਮਨਸੁਖਾਨੀ, ਗੋਬਿੰਦ ਸਿੰਘ **ਗੁਰੂ ਰਾਮਦਾਸ ਜੀਵਨ, ਬਾਣੀ ਅਤੇ ਫਲਸਫਾ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997.

ਮਨਜੀਤ ਸਿੰਘ **ਪੰਜਾਬੀ ਸਭਿਆਚਾਰ ਸੰਦਰਭ**, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1997.

ਮੈਕਾਲਿਫ **ਸਿੱਖ ਇਤਿਹਾਸ, ਧਰਮ ਪ੍ਰਚਾਰ ਕਮੇਟੀ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005.

ਰਜਿੰਦਰ ਸਿੰਘ **ਖਾਲਸਾ ਖੰਥ ਬਨਾਮ ਡੇਰਾਵਾਦ**, ਖਾਲਸਾ ਵਿਰਾਸਤ ਪਬਲੀਸ਼ਰਜ਼,

| | |
|---|---|
| | ਚੰਡੀਗੜ੍ਹ, 2017 |
| ਉਹੀ | **ਮਹੱਤਵਪੂਰ ਸਿੱਖ ਮੁੱਦੇ** ਖਾਲਸਾ ਵਿਰਾਸਤ ਪਬਲੀਸ਼ਰਜ਼, ਚੰਡੀਗੜ੍ਹ, 2011 |
| ਰਾਧਾ ਕ੍ਰਿਸ਼ਨਨ | **ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988. |
| ਉਹੀ | **ਵਿਚਾਰ ਦਰਪਣ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989. |
| ਰਾਮ ਸਿੰਘ (ਡਾ.) | **ਜਪੁਜੀ ਦੇ ਪੰਜ ਖੰਡ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989. |
| ਰੋਹੀ, ਰਾਜਿੰਦਰ ਕੌਰ (ਡਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012. |
| ਰੂਪ ਸਿੰਘ (ਸੰਪਾ.) | **ਸਿੱਖ ਸੰਕਲਪ: ਸਿਧਾਂਤ ਅਤੇ ਸੰਸਥਾਵਾਂ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2012. |
| ਵਜ਼ੀਰ ਸਿੰਘ | **ਧਰਮ ਦਾ ਦਾਰਸ਼ਨਿਕ ਪੱਖ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999. |
| ਉਹੀ | **ਦਾਰਸ਼ਨਿਕ ਚਿੰਤਨ: ਪ੍ਰਾਚੀਨ ਤੇ ਨਵੀਨ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1998. |
| ਵਣਜਾਰਾ ਬੇਦੀ, ਸੋਹਿੰਦਰ ਸਿੰਘ (ਡਾ.) | **ਪੰਜਾਬ ਦੀ ਲੋਕਧਾਰਾ**, ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ, 1971. |
| ਉਹੀ | **ਪੰਜਾਬ ਦਾ ਲੋਕ ਸਾਹਿਤ**, ਨਵਯੁਗ ਪਬਲਿਸ਼ਰਜ਼, ਦਿੱਲੀ, 1968. |
| ਵ. ਬਰੋਦੋਵ | **ਆਧੁਨਿਕ ਸਮੇਂ ਵਿੱਚ ਭਾਰਤੀ ਫਲਸਫਾ**, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1986. |
| ਵਿਨੋਦ, ਟੀ.ਆਰ (ਡਾ.) | **ਸੰਸਕ੍ਰਿਤੀ: ਸਿਧਾਂਤ ਤੇ ਵਿਹਾਰ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004. |

ਉਹੀ — **ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ**, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990.

ਵਿਰਕ, ਹਰਦੇਵ ਸਿੰਘ — **ਸਿੱਖ ਕੌਮ ਦਰਦ ਅਤੇ ਸੰਤਾਪ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 2008

ਵੀਰ ਸਿੰਘ (ਭਾਈ) — **ਅਸ਼ਟ ਗੁਰੂ ਚਮਤਕਾਰ**, ਖਾਲਸਾ ਸਮਾਚਾਰ ਅੰਮ੍ਰਿਤਸਰ, 1970.

ਵੇਦੀ, ਭਗਤ ਸਿੰਘ — **ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿੱਚ ਗੁਰਬਾਣੀ ਦਾ ਅਧਿਐਨ**, ਸਿਰਜਣਧਾਰਾ, ਲੁਧਿਆਣਾ, 1984.

ਸ਼ਮਸ਼ੇਰ ਸਿੰਘ — **ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸ਼ੇਰ ਸਿੰਘ (ਪ੍ਰੋ.) — **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.

ਸ਼ੇਰਗਿੱਲ, ਸੁਰਿੰਦਰ ਸਿੰਘ — **ਪੰਜਾਬੀ ਸਭਿਆਚਾਰਦੀ ਰੂਪ-ਰੇਖਾ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986.

**ਪੰਜਾਬੀ ਕੋਸ਼:**

ਕਰਤਾਰ ਸਿੰਘ — **ਪ੍ਰਮਾਣਿਕ ਪੰਜਾਬੀ ਕੋਸ਼**, ਮਹਿਕਮਾ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1955.

ਕੇਸਰ ਸਿੰਘ ਕੇਸਰ (ਸੰਪਾ.) — **ਪੰਜਾਬੀ ਸਾਹਿਤ ਕੋਸ਼, ਪੰਜਾਬ ਯੂਨੀਵਰਸਿਟੀ**, ਚੰਡੀਗੜ੍ਹ 1992.

ਜੱਗੀ, ਰਤਨ ਸਿੰਘ — **ਪੰਜਾਬੀ ਸਾਹਿਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2001.

ਉਹੀ — **ਗੁਰੂ ਗ੍ਰੰਥ ਵਿਸ਼ਵਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਨਾਭਾ, ਕਾਨ੍ਹ ਸਿੰਘ (ਭਾਈ) — **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਪਦਮ, ਪਿਆਰਾ ਸਿੰਘ — **ਗੁਰੂ ਗ੍ਰੰਥ ਸੰਕੇਤ ਕੋਸ਼**, ਪੰਜਾਬੀ ਯੂਨੀਵਰਸਿਟੀ, 1977

ਉਹੀ **ਗੁਰੂ ਗ੍ਰੰਥ ਵਿਚਾਰ ਕੋਸ਼**, ਪੰਜਾਬੀ ਯੂਨੀਵਰਸਿਟੀ, 1969

ਵੀਰ ਸਿੰਘ (ਭਾਈ) **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005

**ਸੰਦਰਭ ਗ੍ਰੰਥ:**

ਸਾਹਿਬ ਸਿੰਘ (ਪ੍ਰੋ.) **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** (ਚਾਰੇ ਸੈਂਚੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਨਰੈਣ ਸਿੰਘ (ਗਿਆਨੀ) **ਵਾਰਾਂ ਭਾਈ ਗੁਰਦਾਸ ਜੀ ਸਟੀਕ**ਜਵਾਹਰ ਸਿੰਘ, ਕ੍ਰਿਪਾਲ ਸਿੰਘ ਐਂਡ ਕੰਪਨੀ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1982.

ਰਾਮਦਾਸ, ਨਿਰਾਕਾਰੀ **ਪ੍ਰਧਾਨ ਉਪਨਿਸ਼ਦ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਰਾਜਾ ਸਰ ਦਲਜੀਤ ਸਿੰਘ **ਭਗਵਤ ਗੀਤਾ**, ਪੰਜਾਬੀ ਅਕਾਦਮੀ, ਦਿੱਲੀ, 1987.

**ਰਸਾਲੇ ਅਤੇ ਪਤ੍ਰਿਕਾਵਾਂ:**

ਨਾਨਕ ਪ੍ਰਕਾਸ਼ ਪਤ੍ਰਿਕਾ **ਬਾਣੀ ਗੁਰੂ ਰਾਮਦਾਸ ਤੁਕਤਤਕਰਾ (ਵਿਸ਼ੇਸ਼ ਅੰਕ)** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਉਹੀਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸਬੰਰ 1992

ਖੋਜ ਪਤ੍ਰਿਕਾ**ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ** ਪਬਲੀਕੇਸ਼ਨ, ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1991

ਉਹੀ **ਅੰਕ-26**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1985

ਉਹੀ **ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 2013

ਉਹੀ **ਆਧੁਨਿਕ ਕਾਵਿ ਅੰਕ**, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991

ਖੋਜ ਦਰਪਣ**ਸੈਂਚੀ 29**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1988

ਪੰਜਾਬੀ ਦੁਨੀਆਂ**ਗੁਰੂ ਰਾਮਦਾਸ ਵਿਸ਼ੇਸ਼ ਅੰਕ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਕਤੂਬਰ 1962

ਉਹੀ, **ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਨਵੰਬਰ 1989

ਸਿੱਖ ਸ਼ਹਾਦਤ ਲੜੀਵਾਰ ਮੈਗਜੀਨ, ਲੁਧਿਆਣਾ, 2014

ਸੀਸ ਗੰਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਜਨਵਰੀ 2011

ਸੰਤ ਸਿਪਾਹੀ**ਗੁਰੂ ਰਾਮਦਾਸ ਵਿਸ਼ੇਸ਼ ਅੰਕ**, ਅਕਤੂਬਰ 2001

**ਹਿੰਦੀ ਪੁਸਤਕਾਂ:**

ਸਹਿਗਲ, ਮਨਮੋਹਨ, **ਸੰਤ ਕਾਵਯ ਦਾ ਦਾਰਸ਼ਨਿਕ ਵਿਸ਼ੇਸ਼ਣ**, ਭਾਰਤੇਂਦੂ ਭਵਨ, ਚੰਡੀਗੜ੍ਹ, 1966

ਸਿਹਨਾ, ਹਰੇਂਦਰ ਪ੍ਰਸਾਦ, **ਭਾਰਤੀਯ ਦਰਸ਼ਨ ਕੀ ਰੂਪ ਰੇਖਾ**, ਮੋਤੀ ਲਾਲ, ਬਨਾਰਸੀ ਦਾਸ ਪਬਲੀਕੇਸ਼ਨ, ਦਿੱਲੀ, 1963

ਜੱਗੀ, ਰਤਨ ਸਿੰਘ, **ਗੁਰੂ ਨਾਨਕ ਵਿਅਕਤੀਤਵ, ਕਰਿਤਤਵ ਐਰ ਚਿੰਤਨ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1975.

ਬਲਦੇਵ ਉਪਧਿਆਇ (ਪੰ.) **ਭਾਰਤੀਯ ਦਰਸ਼ਨ**, ਚੋਖੰਭਾ ਪ੍ਰਕਾਸ਼ਨ, ਵਾਰਾਣਸੀ, 1966

**ਹਿੰਦੀ ਕੋਸ਼:**

ਉਦੈ ਚੰਦ ਜੈਨ (ਸੰਪਾ.) **ਬ੍ਰਿਹਦ ਸੰਸਕ੍ਰਿਤ ਹਿੰਦੀ ਕੋਸ਼ (ਚੌਥਾ ਸੰਸਕਰਣ)**, ਗਿਆਨ ਮੰਡਲ, ਵਾਰਾਣਸੀ, 2003.

ਪ੍ਰੇਮ ਪ੍ਰਕਾਸ਼ ਸਿੰਘ (ਸੰਪਾ.) **ਸੰਸਕ੍ਰਿਤ-ਪੰਜਾਬੀ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਵਰਮਾ, ਰਾਮ ਚੰਦ੍ਰ (ਸੰਪਾ.) **ਮਾਨਕ ਹਿੰਦੀ ਕੋਸ਼**, ਹਿੰਦੀ ਸਾਹਿਤ-ਸੰਮੇਲਨ, ਪ੍ਰਯਾਰਗ, 1965.

ਵਾਮਨ ਸਿਵਰਾਮ, ਆਪਟੇ **ਸੰਸਕ੍ਰਿਤ-ਹਿੰਦੀ ਕੋਸ਼**, ਰਚਨਾ ਪ੍ਰਕਾਸ਼ਨ, ਜੈਪੁਰ, 1972

**English Books**

Karl Marx, **Economic and Philosphic Manuscript of 1844**, Progress Publisher, Moscow, 1974

Kohli Surinder Singh (Dr.), **A Critical Study of Adi Granth**, The Punjab Writers Co-Operative Industrial Society Ltd., New Delhi, 1961

Narang, Gokal Chand, **Glourious History of Sikhism**, New Book Society of India, New Delhi, 1956

R.R. Diwakar, Vindbha, **The Spritual Revolutionary**, Gandhi Peace Foundation, New Delhi, 1984

Tylor, E.B. ,**Primitive Culture, Vol. I**, John Nurray, Albernerle Street, London, 1920.

**Encyclopaedia:**

**Encyclopaedia of Religion**, Nag Publishers, Jawahar Nagar, Delhi, 1976.

**The Encylcopaedia of American**, Maria Leach Fundamental, New York, 1950
**The Encylcopaedia of Britannica**, Encyclopaedia Britannica Ltd, London, 1959.
**The Encylcopaedia of Religion and Ethics, Vol. II**, T and T Clartk, Edinburgh, 1967.
**The Encylcopaedia of Sikhism**, Publication Beauro , Punjabi University, Patiala 1996.
**The Encylcopaedia of Social Science**, The Macmillan Company and The Free Press, New York, 1968

ਨਿਗਰਾਨ

ਡਾ. ਗੁਰਨੇਕ ਸਿੰਘ

ਜੀਵਨ ਦਾ ਅਨਿਖੜ ਅੰਗ: ਅਰਦਾਸ

"ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ॥"

ਅੱਜ ਸਾਰਾ ਸੰਸਾਰ ਡਰ ਅਤੇ ਚਿੰਤਾਂ ਨਾਲ ਗ੍ਰਸਿਆ ਹੋਇਆ ਹੈ। ਜ਼ਿਆਦਾਤਰ ਲੋਕ ਡਰ, ਚਿੰਤਾ, ਬੇਚੈਨੀ ਅਤੇ ਤਨਾਅ ਨਾਲ ਪ੍ਰੇਸ਼ਾਨ ਹਨ। ਇਹ ਤਨ ਤੇ ਮਨ ਨੂੰ ਕਮਜ਼ੋਰ ਕਰਦੇ ਹਨ ਤੇ ਇਹ ਹੀ ਸਾਰੇ ਰੋਗਾਂ ਦਾ ਮੂਲ ਕਾਰਣ ਹਨ। ਚਿੰਤਾਂ ਦਾ ਰੋਗ ਤਾਂ ਸਭ ਨੂੰ ਘੁਣ ਵਾਂਗ ਖਾਈ ਜਾ ਰਿਹਾ ਹੈ। ਇਸ ਸਭ ਦਾ ਕਾਰਣ ਸਾਡਾ ਤੇ ਸਾਡੇ ਗੁਰੂ ਤੋਂ ਅਵੇਸਲੇ ਹੋਣਾ ਹੈ। ਅਸੀਂ ਸਭ ਕੁਝ ਜਾਣਦੇ ਹੋਏ ਵੀ ਪਾਖੰਡਾਂ ਵਿੱਚ ਪਏ ਹੋਏ ਹਾਂ। ਜੇਕਰ ਅਸੀਂ ਦੁੱਖਾਂ ਤਕਲੀਫਾਂ ਤੋਂ ਨਵਿਰਤੀ ਚਾਹੁੰਦੇ ਹਾਂ ਤਾਂ ਸਾਨੂੰ ਉਸ ਅਕਾਲ-ਪੁਰਖ ਦੇ ਲੜ ਲੱਗਣਾ ਚਾਹੀਦਾ ਹੈ ਤੇ ਸਦਾ ਮਾਲਕ ਦੇ ਸ਼ੁਕਰਾਨੇ ਹਿੱਤ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ। ਉਸ ਸਰਬ ਵਿਆਪਕ ਅਕਾਲ ਪੁਰਖ ਅੱਗੇ ਸੱਚੇ ਮਨ ਨਾਲ ਦੁੱਖਾਂ, ਤਕਲੀਫਾਂ ਦੀ ਨਵਿਰਤੀ ਲਈ ਕੀਤੀ ਗਈ ਅਰਦਾਸ ਸਾਡਾ ਜੀਵਨ ਬਦਲ ਸਕਦੀ ਹੈ। ਅਰਦਾਸ ਵਿੱਚ ਮਹਾਨ ਸ਼ਕਤੀ ਹੈ ਪਰ ਸ਼ਰਤ ਇਹ ਹੈ ਕਿ ਉਹ ਸੱਚੇ ਦਿਲੋਂ ਕੀਤੀ ਗਈ ਹੋਵੇ।

"ਖੁਦਾਏ ਕਬੂਲ ਹੋਤੀ ਹੈ ਅਰਦਾਸ ਜ਼ੋ ਦਿਲ ਸੇ ਹੋਤੀ ਹੈ

ਮੁਸ਼ਕਿਲ ਯਹ ਹੈ ਕਿ ਯੇ ਬੜੀ ਮੁਸ਼ਕਿਲ ਸੇ ਹੋਤੀ ਹੈ"

ਇਸ ਤਰ੍ਹਾਂ ਕਰਨ ਦੇ ਨਾਲ ਅਸੀਂ ਮਹਿਸੂਸ ਕਰਾਂਗੇ ਕਿ ਅਸੀਂ ਆਪਣੇ ਤੋਂ ਕਿਸੇ ਵੱਡੀ ਅਪਾਰ ਸ਼ਕਤੀ ਨਾਲ ਜੁੜੇ ਹਾਂ। ਅਸਲ ਵਿੱਚ ਪਰਮਾਤਮਾ ਦੇ ਵਿਸ਼ਵਾਸ ਨਾਲ ਮਨ ਜਦੋਂ ਭਰਪੂਰ ਹੋ ਜਾਂਦਾ ਹੈ ਤਾਂ ਸਿਰਫ ਇੰਝ ਲੱਗਦਾ ਹੈ ਕਿ ਸਾਡੇ ਦੁੱਖ-ਸੁੱਖ ਦਾ ਸੰਗੀ ਸਾਥੀ ਉਹ ਹੀ ਹੈ ਤੇ ਫਿਰ ਆਪ ਮੁਹਾਰੇ ਹੀ ਹੱਥ ਉਸ ਦੇ ਅੱਗੇ ਜੁੜ ਜਾਂਦੇ ਹਨ ਅਤੇ ਅੱਖਾਂ ਉਸ ਦੇ ਪਿਆਰ ਵਿੱਚ ਸੇਜਲ ਹੋ ਜਾਂਦੀਆਂ ਹਨ। ਸਿਰ ਨਤਮਸਤਕ ਹੋ ਜਾਂਦਾ ਹੈ ਤੇ ਮਨ ਦੇ ਅੰਦਰੋਂ ਹੂਕ ਨਿਕਲਦੀ ਹੈ। ਮੂੰਹੋਂ ਆਪ ਮੁਹਾਰੇ ਸ਼ਬਦ ਨਿਕਲਦੇ ਹਨ:

"ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥

ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥" (762)

ਤੇ ਜਦ ਵਿਸਰ ਨਾਹੀ, "ਨਿਮਖ ਨਾ ਵਿਸਰੈ ਹਰਿ ਕਾ ਨਾਉਂ" ਦੀ ਜੋਦੜੀ ਵਿੱਚ ਮਨ ਜੁੜ ਜਾਂਦਾ ਹੈ ਤਾਂ ਉਹ ਮਨ ਹਰ ਵੇਲੇ ਵਿਸ਼ਵਾਸ ਨਾਲ ਭਰਿਆ ਰਹਿੰਦਾ ਹੈ ਕਿ ਉਸ ਅੱਗੇ ਮੇਰੀ ਕੀਤੀ ਗਈ ਅਰਦਾਸ ਜ਼ਰੂਰ ਥਾਏਂ ਪਵੇਗੀ ਤੇ ਮੇਰਾ ਕਾਰਜ ਜ਼ਰੂਰ ਨਿਰਵਿਘਨ ਸਮਾਪਤ ਹੋ ਜਾਵੇਗਾ।

"ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥

ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥" (714)

ਅਰਦਾਸ ਦੇ ਜੇਕਰ ਸ਼ਬਦੀ ਅਰਥ ਲਏ ਜਾਣ ਤਾਂ ਅਸਲ ਵਿੱਚ ਇਹ ਫਾਰਸੀ ਦੇ ਸ਼ਬਦ ਅਰਜ਼ + ਦਾਸਤ ਤੋਂ ਬਣਿਆ ਹੈ। ਅਰਜ਼ ਦਾ ਅਰਥ ਹੈ ਬੇਨਤੀ ਤੇ ਦਾਸਤ ਦਾ ਅਰਥ ਹੈ ਕਰਨ (ਰੱਖਣਾ) ਭਾਵ ਬੇਨਤੀ ਕਰਨਾ। ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਅਰਦਾਸ' ਦੇ ਅਰਥ ਮੰਗਣਾ, ਆਸ਼ਾ, ਮੁਰਾਦ-ਮੰਗਣਾ, ਬੇਨਤੀ ਆਦਿ ਕਰਦੇ ਹਨ।

ਅਰਦਾਸ ਕੀ ਹੈ?

ਅਸਲ ਵਿੱਚ ਅਰਦਾਸ ਮਨੁੱਖੀ ਆਤਮਾ ਜੋ ਕਿ ਆਪਣੇ ਮੂਲ ਸੋਮੇ ਤੋਂ ਵਿਛੜ ਚੁੱਕੀ ਹੈ, ਦਾ ਆਪਣੇ ਸੋਮੇ ਨਾਲ ਮੁੜ ਜੁੜਨਾ ਹੈ। ਅਸੀਂ ਕਿਉਂਕਿ ਪਰਮਾਤਮਾ ਦੀ ਅੰਸ਼ ਹਾਂ ਤੇ ਉਸ ਤੋਂ ਵਿਛੜ ਕੇ ਮਾਇਆ ਦੇ ਜਾਲ ਵਿੱਚ ਫਸ ਗਏ ਹਾਂ ਤੇ ਉਸ ਨੂੰ ਮਿਲਣ ਲਈ ਆਤਮਾ ਦੇ ਆਪਣੇ ਅਸਲੇ ਅੰਦਰ ਵਿਰਲਾਪ ਤੇ ਮਿਲਾਪ ਲਈ ਤੜਪ ਵਿਚੋਂ ਮੂੰਹੋਂ ਉਸ ਅੱਗੇ ਨਿਮਰ ਹੋ ਕੇ ਮਿਲਾਪ ਲਈ ਕੀਤੀ ਅਰਜ਼ੋਹੀ ਹੀ ਸੱਚੀ ਅਰਦਾਸ ਹੈ।

ਅਕਾਲ ਪੁਰਖ ਅੰਮ੍ਰਿਤ ਦਾ ਸਾਗਰ ਹੈ। ਜਿਨ੍ਹਾਂ ਨੇ ਇਸ ਅੰਮ੍ਰਿਤ ਨੂੰ ਪੀਤਾ ਹੈ, ਉਹਨਾਂ ਦੀਆਂ ਸਾਰੀਆਂ ਭੁੱਖਾਂ ਤੇ ਤ੍ਰੇਹਾਂ ਮੁੱਕ ਗਈਆਂ ਹਨ ਤੇ ਇਸ ਅੰਮ੍ਰਿਤ ਸਾਗਰ ਦੀ ਪ੍ਰਾਪਤੀ ਦਾ ਸਾਧਨ ਕੇਵਲ ਨਿਮਰ ਕੇ ਕੀਤੀ ਗਈ ਅਰਜ਼ੋਈ, ਬੇਨਤੀ, ਅਰਦਾਸ ਹੀ ਹੈ।

"ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥

ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥"

ਅਰਦਾਸ ਕੇਵਲ ਪਰਮਾਤਮਾ ਪਾਸੋਂ ਮੰਗ ਮੰਗਣ ਦਾ ਸਾਧਨ ਹੀ ਨਹੀਂ ਸਗੋਂ ਇਹ ਤਾਂ ਪਰਮਾਤਮਾ ਦੀ ਯਾਦ ਵਿੱਚ ਭਿੱਜ ਕੇ ਉਸ ਨੂੰ ਅੰਗ-ਸੰਗ ਕਰਨ ਦੇ ਮਹਿਸੂਸ ਕਰਨ ਵਾਂਗ ਹੈ। ਜਦੋਂ ਸਭ ਸੰਗੀ-ਸਾਥੀ ਸਾਥ ਛੱਡ ਜਾਂਦੇ ਹਨ ਜਾਂ ਅਸੀਂ ਕਿਸੇ ਮੁਸ਼ਕਿਲ ਵਿੱਚ ਫਸ ਜਾਂਦੇ ਹਾਂ ਤਾਂ ਅਰਦਾਸ ਹੀ ਸਾਨੂੰ ਹੌਂਸਲਾ ਦਿੰਦੀ ਹੈ। ਅਸੀਂ ਇੰਝ ਮਹਿਸੂਸ ਕਰਦੇ ਹਾਂ ਕਿ ਇਨ੍ਹਾਂ ਸੰਗੀ ਸਾਥੀਆਂ ਤੋਂ ਇਲਾਵਾ ਵੀ ਸਾਡਾ ਇਕ ਸੱਚਾ ਸਾਥੀ ਜਿਹੜਾ ਹਰ ਦੁੱਖ-ਸੁੱਖ ਵਿੱਚ ਸਾਡਾ ਸਾਥ ਦਿੰਦਾ ਹੈ।

ਜੇਕਰ ਅਰਦਾਸ ਦੇ ਵਿਸ਼ੇ ਨੂੰ ਹੋਰ ਗਹਿਰਾਈ ਦੇ ਨਾਲ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਅਰਦਾਸ ਦੇ ਅਰਥਾਂ ਨੂੰ ਵੱਡੇ ਤੋਂ ਵੱਡੇ ਵਿਦਵਾਨਾਂ ਨੇ ਆਪਣੇ ਨਜ਼ਰੀਏ ਨਾਲ ਕਰਨ ਦਾ ਯਤਨ ਕੀਤਾ ਹੈ।

ਅਰਦਾਸ ਚਾਰ ਅੱਖਰਾਂ ਤੋਂ ਮਿਲ ਕੇ ਬਣਿਆ ਸ਼ਬਦ ਹੈ। ਹਰ ਇਕ ਅੱਖਰ ਆਪਣੇ ਆਪ ਵਿਚ ਇਕ ਨਿਵੇਕਲਾ ਸਥਾਨ ਲੈ ਕੇ ਬੈਠਾ ਹੈ। ਅਰਦਾਸ ਦਾ ਪਹਿਲਾ ਅੱਖਰ 'ਅ' ਤੋਂ ਭਾਵ ਹੇ ਇਨਸਾਨ ! ਇਕ ਗੱਲ ਯਾਦ ਰੱਖੀਂ, ਜਿਸਦੇ ਸਾਹਮਣੇ ਖਲੋ ਕਿ ਹੱਥ ਜੋੜ ਕੇ ਤੂੰ ਖੜਾ ਹੋ ਗਿਆ ਆਪਣੀਆਂ ਮੰਗਾਂ ਨੂੰ ਸਾਹਮਣੇ ਰੱਖ ਰਿਹਾ ਹੈਂ। ਇਕ ਗੱਲ ਦਾ ਧਿਆਨ ਰੱਖੀਂ ਆਪਣੇ ਹਿਰਦੇ ਵਿੱਚ ਕਿਸੇ ਵੀ ਤਰ੍ਹਾਂ ਦਾ ਛੱਲ ਕਪਟ ਨਾ ਰੱਖੀਂ ਕਿਉਂਕਿ ਅਰਦਾਸ ਦਾ ਪਹਿਲਾ ਅੱਖਰ 'ਅ' ਹੀ ਆਖ ਰਿਹਾ ਹੈ ਕਿ ਉਹ ਅੰਤਰਜਾਮੀ ਹੈ। ਮਾਲਕ ਸਭ ਦੇ ਦਿਲਾਂ ਦੀਆਂ ਚੰਗੀ ਤਰ੍ਹਾਂ ਜਾਣਦਾ ਹੈ। ਕਿਸੇ ਵੀ ਤਰ੍ਹਾਂ ਦਾ ਛੱਲ ਕਪਟ ਲੈ ਕਿ ਸਾਹਮਣੇ ਆ ਕੇ ਅਰਦਾਸ ਨਾ ਕਰੀਂ। 'ਅ' ਸ਼ਬਦ ਆਖ ਰਿਹਾ ਹੈ।

"ਅੰਤਰਜਾਮੀ ਸਭੁ ਕਿਛੁ ਜਾਨੈ" (381)

ਉਹ ਕੇਵਲ ਅੰਤਰਜਾਮੀ ਵੀ ਨਹੀਂ ਜੇਕਰ ਅਰਦਾਸ ਦਾ ਪਹਿਲਾ ਅੱਖਰ ਅੰਤਰਜਾਮੀ ਦਾ ਸਥਾਨ ਰੱਖਦਾ ਹੈ ਤਾਂ ਅਰਦਾਸ ਦਾ ਦੂਸਰਾ ਅੱਖਰ ਹੈ 'ਰ' ਜਿਸ ਤੋਂ ਭਾਵ ਉਹ ਤੇਰੀ ਰੱਖਿਆ ਕਰਨ ਵਾਲਾ ਵੀ ਹੈ।

"ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥" (1136)

ਕੇਵਲ ਇਥੇ ਹੀ ਪਰਮਾਤਮਾ ਦੀ ਸਿਫਤ-ਸਲਾਹ ਵਡਿਆਈ ਖਤਮ ਨਹੀਂ ਹੋ ਜਾਂਦੀ। ਮਾਲਕ ਉਹ ਜੋ ਕੇਵਲ ਦਿਲਾਂ ਦੀ ਹੀ ਨਹੀਂ ਜਾਣਦਾ, ਰੱਖਿਆ ਹੀ ਨਹੀਂ ਕਰਦਾ ਸਗੋਂ ਅਰਦਾਸ ਦੇ ਅਗਲੇ ਅੱਖਰ 'ਦ' ਦੀ ਤਰ੍ਹਾਂ ਹੋਵੇ ਭਾਵ ਸਾਨੂੰ ਉਸ ਦੇ ਵਰਗੀਆਂ ਵਡਮੁੱਲੀਆਂ ਦਾਤਾਂ ਵੀ ਕੌਣ ਦੇ ਸਕਦਾ ਹੈ।

"ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥" (652)

ਜਾਂ ਫਿਰ ਇੰਞ ਵੀ ਬਿਆਨ ਕੀਤਾ ਜਾ ਸਕਦਾ ਹੈ। ਗੁਰਬਾਣੀ ਦਾ ਹੀ ਪਾਵਨ ਫੁਰਮਾਨ ਹੈ:

"ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥"

ਸੱਚਮੁੱਚ ਸਾਨੂੰ ਉਸ ਦੇ ਵਰਗੀਆਂ ਦਾਤਾਂ ਵੀ ਕੋਈ ਨਹੀਂ ਦੇ ਸਕਦਾ। ਅਰਦਾਸ ਦਾ ਅਖੀਰਲਾ ਸ਼ਬਦ ਆਪਣੇ ਆਪ ਵਿੱਚ ਵੀ ਇਕ ਨਿਵੇਕਲੀ ਤੇ ਮਹੱਤਵਪੂਰਨ ਥਾਂ ਰੱਖਦਾ ਹੈ। ਜਦੋਂ ਜ਼ਿੰਦਗੀ ਬਤੀਤ ਕਰਦਿਆਂ ਇਕ ਦਿਨ ਇਹੋ ਜਿਹਾ ਆ ਜਾਵੇ ਸਾਰੇ ਸੰਗੀ-ਸਾਥੀ ਸਾਥ ਛੱਡ ਦੇਣ। ਕੋਈ ਵੀ ਮਦੱਦ ਦੇ ਲਈ ਅਗਾਂਹ ਨਾ ਆਵੇ ਤਾਂ ਕੇਵਲ ਉਹ ਪ੍ਰਭੂ ਪਰਮਾਤਮਾ ਸੱਚਾ ਸਿਰਜਣਹਾਰਾ ਹੀ ਹੈ। ਉਸ ਦੇ ਵਰਗਾ ਸਹਾਰਾ ਵੀ ਕੋਈ ਨਹੀਂ ਦੇ ਸਕਦਾ।

ਇਹਨਾਂ ਚਾਰ ਅੱਖਰਾਂ ਦੇ ਸੁਮੇਲ ਨੇ ਅਰਦਾਸ ਦੀ ਇਕ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ। ਜਿਹੋ ਜਿਹੇ ਅਰਦਾਸ ਦੇ ਵਡਮੁੱਲੇ ਤੇ ਭਾਵਪੂਰਵਕ ਅਰਥ ਸਪਸ਼ਟ ਹੋਏ ਹਨ ਇਹੋ ਜਿਹੇ ਨੇਕੀ ਤੇ ਸੱਚੇ ਦਿਲ ਨਾਲ ਕੀਤੀ ਗਈ ਅਰਦਾਸ ਨੂੰ ਕਿਵੇਂ ਭਾਗ ਨਹੀਂ ਲੱਗਣਗੇ। ਹੱਥ ਜੋੜ ਕੇ ਖੜਾ ਹੋ ਜਾਣਾ ਹੀ ਅਰਦਾਸ ਨਹੀਂ। ਅਰਦਾਸ ਕੋਈ ਸ਼ਬਦਾਂ ਜਾਂ ਸੋਹਣੇ ਲਫਜ਼ਾਂ ਦੀ ਮੋਥਾਜ਼ ਨਹੀਂ। ਹਾਂ ਇਕ ਸਕੂਲ ਦੇ ਨਿਯਮ, ਗੁਰੂ ਘਰ ਦੇ ਨਿਯਮ ਮੁਤਾਬਿਕ ਪੰਥਕ ਅਰਦਾਸ ਦੇ ਕੁੱਝ ਪੈਰੇ, ਸ਼ਬਦ ਹੋ ਸਕਦੇ ਹਨ ਪਰ ਨਿੱਜੀ ਅਰਦਾਸ ਦੇ ਕੋਈ ਲਫਜ਼ ਜਾਂ ਸ਼ਬਦ ਨਹੀਂ ਹੁੰਦੇ। ਅਰਦਾਸ ਤਾਂ ਕੇਵਲ ਆਪਣੇ ਅੰਦਰ ਦੇ ਵਲਵਲਿਆਂ ਨੂੰ ਪ੍ਰਭੂ-ਪਰਮਾਤਮਾ ਦੇ ਸਾਹਮਣੇ ਪੇਸ਼ ਕਰਨਾ ਹੈ। ਆਪਣੀ ਅੰਦਰਲੀ ਤੜਪ ਅਤੇ ਪਿਆਰ ਨਾਲ ਮਾਲਕ ਦੇ ਚਰਨਾਂ ਨੂੰ ਧੋਣਾਂ ਹੈ।

ਹਨਵੰਤ ਸਿੰਘ

ਰਿਸਰਚ ਸਕਾਲਰ,

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿੱਦਿਆ ਅਤੇ ਸਿੱਖ ਵਿੱਦਿਆ ਪ੍ਰਣਾਲੀ ਸੰਬੰਧੀ ਚੁਣੌਤੀਆਂ

ਆਤਮ ਗਿਆਨ ਅਥਵਾ ਸੱਚ ਦਾ ਗਿਆਨ ਹੀ ਵਿੱਦਿਆ ਹੈ। ਮਨੁੱਖ ਦੀ ਗਿਆਨ, ਵਿਗਿਆਨ ਪ੍ਰਤੀ ਦਿਲਸਚਪੀ, ਕੁਦਰਤ ਦੇ ਗੁਹਜ ਭੇਦਾਂ ਨੂੰ ਜਾਣਨ ਦੀ ਇੱਛਾ, ਸਮਾਜ ਦੀ ਤਰੱਕੀ ਲਈ ਕੀਤੇ ਜਾਣ ਵਾਲੇ ਯਤਨਾਂ ਦੀ ਰੂਪ ਰੇਖਾ ਲਈ ਵਿਚਾਰ, ਰਾਜ ਦੀ ਰਾਜਨੀਤੀ, ਧਰਮ, ਸੱਚ, ਨਿਆਂ ਅਤੇ ਨੈਤਿਕਤਾ ਆਦਿ ਵਿੱਦਿਆ ਦੀ ਹੀ ਦੇਣ ਹੈ। ਵਿੱਦਿਆ ਮਨੁੱਖ ਦੇ ਗਿਆਨ ਦੀ ਬਾਰੀ ਖੋਲ੍ਹਦੀ ਹੈ ਅਤੇ ਉਸ ਨੂੰ ਸੂਝਵਾਨ ਬਣਾ ਕੇ ਚੰਗੇ ਅਤੇ ਸਮਾਜ ਦੇ ਭਲੇ ਹਿੱਤ ਲੈਣ ਵਾਲੇ ਫੈਸਲੇ ਯੋਗ ਬਣਾਉਂਦੀ ਹੈ। ਇਨਸਾਨ ਨੂੰ ਸ਼ਾਂਤ ਸੁਭਾਅ, ਨਿਮਰਤਾ, ਆਪਸੀ ਭਾਈਚਾਰਕ ਸਾਂਝ ਨੂੰ ਪੈਦਾ ਕਰਨਾ ਵਿੱਦਿਆ ਦਾ ਹੀ ਪ੍ਰਮੁੱਖ ਰੋਲ ਹੈ। ਇਸ ਸਦਕਾ ਇਨਸਾਨ ਆਪਣੇ ਜੀਵਨ ਦੇ ਪੜਾਅ ਨੂੰ ਬਹੁਤ ਹੀ ਸੋਹਣੇ ਅਤੇ ਸੁੰਦਰ ਤਰੀਕੇ ਨਾਲ ਬਤੀਤ ਕਰ ਸਕਦਾ ਹੈ। ਹਰ ਧਰਮ, ਕੌਮ ਅਤੇ ਨਸਲ ਦਾ ਵਿਦਿਆਰਥੀ ਆਪਣੇ ਵਿੱਦਿਅਕ ਅਥਵਾ ਜੀਵਨ ਕੈਰੀਅਰ ਨੂੰ ਬਣਾਉਣ ਵਿਚ ਬਚਪਨ ਦੀ ਸ਼ੁਰੂਆਤ ਅੱਖਰ ਗਿਆਨ, ਲਿਖਤੀ ਗਿਆਨ ਅਤੇ ਯਾਦ ਗਿਆਨ ਰਾਹੀਂ ਆਪਣੀ ਉਮਰ ਦੇ ਵਿਸ਼ੇਸ਼ ਪੱਧਰ ਉਤੇ ਗਿਆਨ ਹਾਸਿਲ ਕਰਨ ਲਈ ਆਪਣੇ ਪਰਿਵਾਰ ਵਿਚੋਂ ਬਾਹਰ ਆ ਕੇ ਵਿੱਦਿਅਕ ਅਦਾਰੇ ਨਾਲ ਆਪਣਾ ਰਿਸ਼ਤਾ ਕਾਇਮ ਕਰਦਾ ਹੈ। ਉਹ ਵਿੱਦਿਅਕ ਅਦਾਰੇ ਰਾਹੀਂ ਸਮਾਜ ਅਤੇ ਜੀਵਨ ਦੀਆਂ ਅਹਿਮ ਸੱਚਾਈਆਂ ਦਾ ਸਾਹਮਣਾ ਕਰਨ ਦੇ ਸਮਰੱਥ ਬਣਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਉਚੇਰੀ ਵਿੱਦਿਆ ਮਨੁੱਖ ਨੂੰ ਸਮਾਜ ਦਾ ਹਾਣੀ ਬਣਾਉਣ ਦੇ ਸਮਰੱਥ ਹੁੰਦੀ ਹੈ। ਪਰ ਵਿੱਦਿਆ ਦਾ ਨਾ ਹੋਣਾ ਜੀਵਨ ਵਿੱਚ ਖਾਲੀਪਨ ਦਾ ਝਲਕਾਰਾ ਕਈ ਵਾਰ ਜ਼ਿੰਦਗੀ ਵਿੱਚ ਜਿਉਣਾ ਔਖਾ ਕਰ ਦਿੰਦਾ ਹੈ। ਜੀਵਨ ਦੇ ਹਰ ਪੜਾਅ ਤੇ ਵਿੱਦਿਆ ਅਹਿਮ ਰੋਲ ਅਦਾ ਕਰਦੀ ਹੈ। ਸਮਾਜ ਵਿਚ ਆਮ ਵੇਖਿਆ ਜਾ ਸਕਦਾ ਹੈ ਕਿ ਇਕ ਪੜ੍ਹੇ ਲਿਖੇ ਵਿਅਕਤੀ ਅਤੇ ਅਨਪੜ੍ਹ ਵਿਅਕਤੀ ਵਿੱਚ ਬਹੁਤ ਫਰਕ ਹੁੰਦਾ ਹੈ। ਬੋਲ-ਚਾਲ, ਰਹਿਣ-ਸਹਿਣ, ਖਾਣ-ਪੀਣ ਆਦਿ ਜੀਵਨ ਦੀਆਂ ਨਿੱਤ ਕਿਰਿਆਵਾਂ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਵਿਅਕਤੀ ਵਿਚ ਵਿੱਦਿਆ ਦਾ ਦੀਵਾ ਜਗ ਰਿਹਾ ਹੈ ਜਾਂ ਨਹੀਂ। ਪੜ੍ਹੇ ਲਿਖੇ ਵਿਅਕਤੀ ਦੀ ਸੋਚ ਅਤੇ ਸੱਚ `ਤੇ ਅਧਾਰਿਤ ਸਲੀਕਾ ਸਾਫ ਅਤੇ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ। ਸਿੱਖ ਧਰਮ ਨਾਲ ਸੰਬੰਧਿਤ ਵਿਦਿਆਰਥੀ ਇਸੇ ਮਨੁੱਖਾ ਸਮਾਜ ਦਾ ਇਕ ਅਹਿਮ ਤੇ ਵਿਸ਼ੇਸ਼ ਅੰਗ ਹਨ। ਜਿਥੇ ਸਿੱਖ ਨੇ ਆਪਣੇ ਧਰਮ, ਧਰਮ ਗ੍ਰੰਥ, ਧਰਮ ਸਮੱਸਿਆਵਾਂ ਤੇ ਧਰਮੀ ਜੀਵਨ ਜਾਚ ਨਾਲ ਸੰਬੰਧਿਤ ਸਿੱਖਿਆ ਪ੍ਰਾਪਤ ਕਰਨੀ ਹੈ। ਉਥੇ ਉਸ ਨੇ ‘ਵਿੱਦਿਆ ਵੀਚਾਰੀ ਤਾਂ ਪਰਉਪਕਾਰੀ`9 ਦੇ ਸਿਧਾਂਤ ਅਨੁਸਾਰ ਵਿਸ਼ਵ ਗਿਆਨ ਦੀਆਂ ਸ਼ਾਖਾਵਾਂ ਦੀਆਂ ਗਿਆਨ ਵੀ ਪ੍ਰਾਪਤ ਕਰਨਾ ਹੈ, ਜਿਸ ਲਈ ਉਸਨੂੰ ਮੁੱਢਲੇ ਵਿੱਦਿਅਕ ਅਤੇ ਸਿੱਖੀ ਸੰਸਕਾਰ ਕਿਸੇ ਨਾ ਕਿਸੇ ਵਿੱਦਿਅਕ ਸੰਸਥਾ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ। ਅਫਸੋਸ ਦੀ ਗੱਲ ਇਹ ਹੈ ਕਿ ਸੰਸਾਰ ਵਿੱਚ ਆਪਣੇ ਹਿੱਤ ਅਤੇ ਮਾਇਆ ਦੇ ਪਸਾਰੇ ਨੂੰ ਵੇਖਦਿਆਂ ਬਹੁਤ ਧਰਮ ਗੁਰੂ, ਦੁਨਿਆਵੀ ਗੁਰੂਆਂ ਨੇ ਇਸ ਉੱਚੀ ਸੁੱਚੀ ਵਿੱਦਿਆ ਨੂੰ ਇਕ ਵਿਕਾਊ ਚੀਜ਼ ਬਣਾ ਕੇ ਰੱਖ ਦਿੱਤਾ ਹੈ। ਜਿਸ ਨਾਲ ਹਰ ਪਾਸੇ ਲੋਭ, ਲਾਲਚ, ਰਿਸ਼ਵਤਖੋਰੀ ਦਾ ਬੋਲ ਬਾਲਾ ਵੱਧ ਰਿਹਾ ਹੈ। ਜੀਵਨ ਦੀਆਂ ਨੈਤਿਕ ਕਦਰਾਂ ਕੀਮਤਾਂ ਮਨੁੱਖੀ ਹਿਰਦੇ ਵਿਚੋਂ ਅਲੋਪ ਹੁੰਦੀਆਂ ਸਾਫ ਦਿਖਾਈ ਦੇ ਰਹੀਆਂ ਹਨ। ਪੜ੍ਹਿਆ ਲਿਖਿਆ ਮਨੁੱਖ ਗੈਰ ਪੜੇ ਲਿਖੇ ਮਨੁੱਖ ਭਾਵ ਅਨਪੜ੍ਹ ਮਨੁੱਖ ਨਾਲੋਂ ਵਧੇਰੇ ਲਾਲਚੀ ਅਤੇ ਬੇਈਮਾਨ ਦਿਖਾਈ ਦੇਣ ਲੱਗ ਪਿਆ ਹੈ। ਉਹ ਆਪਣੇ ਨਿਜੀ ਹਿੱਤ ਖਾਤਿਰ ਸ਼ਰੇਆਮ ਵਿੱਦਿਆ ਦੇ ਅਸੂਲ ਵੇਚ ਰਿਹਾ ਹੈ। ਸੱਚ ਨੂੰ ਵੇਚ ਰਿਹਾ ਹੈ, ਜ਼ਮੀਰ ਨਾਂ ਦੀ ਚੀਜ਼ ਦਾ ਕੋਈ ਵੀ ਸਰੋਕਾਰ ਨਹੀਂ ਰਿਹਾ। ਇਹ ਸਾਰੇ ਘੋਟਾਲੇ, ਬੇਈਮਾਨੀਆਂ, ਰਿਸ਼ਵਤ ਖੋਰੀਆਂ, ਲੁੱਟਾਂ, ਖੋਹਾਂ, ਤਸਕਰੀਆਂ ਵਿੱਦਿਆ ਦੇ ਦੁਰ-ਉਪਯੋਗ ਦਾ ਹੀ ਨਤੀਜਾ ਹਨ। ਵਿੱਦਿਆ ਸ਼ਾਸਤਰੀ ਅਤੇ ਇਕ ਪੜੇ ਲਿਖੇ ਵਿਦਵਾਨ ਨੂੰ ਆਪਣੀ ਵਿੱਦਿਆ ਦਾ ਪ੍ਰਯੋਗ ਸੋਹਣਾ ਅਤੇ ਸੁੰਦਰ ਸਮਾਜ ਸਿਰਜਣ ਲਈ ਸਮਰਪਿਤ

ਭਾਵਨਾ ਨਾਲ ਕਰਨਾ ਬਣਦਾ ਹੈ। ਗੁਰਬਾਣੀ ਅਨੁਸਾਰ ਵਿਦਿਆ ਤਾਂ ਹੀ ਗੁਣਕਾਰੀ ਹੈ ਜੇਕਰ ਇਸ ਨਾਲ ਦੂਜਿਆਂ ਦੀ ਮਦਦ ਕੀਤੀ ਜਾਵੇ, ਸੱਚ ਨੂੰ ਲੱਭਿਆ ਜਾਵੇ ਅਤੇ ਇਸ ਨੂੰ ਆਧਾਰ ਬਣਾ ਕੇ ਪਰਮਾਤਮਾ ਤੱਕ ਰਿਸਾਈ ਕੀਤੀ ਜਾਵੇ।ਸਿੱਖ ਵਿੱਦਿਆ ਭਾਵੇਂ ਵਿੱਦਿਆ ਦੇ ਖੇਤਰ ਨਾਲ ਹੀ ਸੰਬੰਧਿਤ ਹੈ ਪਰ ਇਸਨੂੰ ਕਦੇ ਵੀ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਕੇਵਲ ਸਿੱਖ ਧਰਮ ਦੀ ਵਿੱਦਿਆ ਉਸਨੂੰ ਸੰਸਾਰ ਦੇ ਹੋਰ ਗਿਆਨ ਦੀ ਵਿੱਦਿਆ ਤੋਂ ਵਾਂਝਾ ਕਰ ਦੇਵੇਗੀ ਜਿਸ ਨਾਲ ਉਸਦੇ ਜੀਵਨ ਵਿੱਚ ਇਕ ਅਧੂਰਾਪਣ ਸਾਫ ਦਿਖਾਈ ਦੇਵੇਗਾ। ਧਰਮ ਜਾਂ ਨੈਤਿਕਤਾ ਵਿਸ਼ਵ ਗਿਆਨ ਦੀ ਸਮੁੱਚੀ ਵਿੱਦਿਆ ਨਾਲ ਉਸਦੀ ਇਕ ਹੋਰ ਅਧੂਰੀ ਸ਼ਖ਼ਸ਼ੀਅਤ ਬਣੇਗੀ। ਇਸ ਲਈ ਸਿੱਖ ਦੇ ਜੀਵਨ ਦੀ ਸ਼ਖ਼ਸ਼ੀਅਤ ਦੇ ਪੂਰਨ ਵਿਕਾਸ ਲਈ ਸਿੱਖ ਧਰਮ ਅਤੇ ਵਿਸ਼ਵ ਗਿਆਨ ਦੀ ਸਮੁੱਚੀ ਵਿੱਦਿਆ ਪ੍ਰਾਪਤ ਕਰਨੀ ਇਕ ਮੁੱਢਲੀ ਲੋੜ ਹੈ। ਵਿਦਿਆਰਥੀ ਦੀ ਨੈਤਿਕਤਾ ਰੂਪੀ ਸ਼ਖ਼ਸ਼ੀਅਤ ਲਈ ਧਰਮ ਅਧਾਰਿਤ ਵਿੱਦਿਆ ਦਾ ਇਕ ਵਿਸ਼ੇਸ਼ ਅਧਾਰ ਬਣਨਾ ਪਹਿਲੀ ਤਰਜ਼ੀਹ ਹੋਣਾ ਚਾਹੀਦਾ ਹੈ। ਸਿੱਖ ਧਰਮ ਨਿਯਮਿਤ ਰੂਪ ਵਿੱਚ ਆਪਣੇ ਸਿੱਖ ਵਿੱਦਿਅਕ ਅਦਾਰੇ ਸਥਾਪਿਤ ਕਰਨ ਵਿੱਚ ਭਾਰਤ ਦੇ ਹੋਰ ਸਮਾਜਾਂ ਦੇ ਉਲਟ ਕੁਝ ਪੱਛੜ ਗਿਆ ਹੈ। ਉਨੀਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਸਿੱਖ ਵਿੱਦਿਆ ਦੇ ਖੇਤਰ ਵਿੱਚ ਇਸ ਦਾ ਕੁਝ ਮੂੰਹ-ਮਹਾਂਦਰਾ ਬਣਿਆ । ਪਰ ਸਿੱਖ ਵਿੱਦਿਅਕ ਅਦਾਰੇ ਕਿਸੇ ਅਲੱਗ ਥਲੱਗ ਤੇ ਖਨਾਅ ਵਿੱਚ ਨਹੀਂ ਚਲਾਏ ਜਾ ਸਕਦੇ। ਸਿੱਖ ਧਰਮ ਨਾਲ ਸੰਬੰਧਿਤ ਵਿਦਿਅਕ ਅਦਾਰੇ ਤੇ ਸਿੱਖੀ ਪ੍ਰਸਾਰ ਬਾਰੇ ਭਾਰਤ ਦੇ ਧਰਮ ਨਿਰਪੱਖ ਰਾਜ ਦੇ ਕਾਨੂੰਨ ਅਨੁਸਾਰ ਜਿਸ ਤਰ੍ਹਾਂ ਕਾਰਜ ਕਰ ਰਹੇ ਹਨ, ਸਾਰੀ ਸਥਿਤੀ ਸਾਡੇ ਸਾਹਮਣੇ ਸਪਸ਼ਟ ਰੂਪ ਵਿੱਚ ਹੈ, ਜੇਕਰ ਸਿੱਖ ਖੇਤਰ ਵਿੱਚ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਵੱਲ ਵੇਖਿਆ ਜਾਵੇ ਤਾਂ ਬਹੁਤ ਹੀ ਹੈਰਾਨੀਜਨਕ ਅੰਕੜੇ ਸਾਡੇ ਸਾਹਮਣੇ ਆ ਜਾਣਗੇ। ਸਿੰਘ ਸਭਾ ਲਹਿਰ ਨੇ ਕਿਸੇ ਸਮੇਂ ਇਕ ਨਵਾਂ ਇਨਕਲਾਬ ਕੌਮ ਵਿੱਚ ਲਿਆਉਂਦਾ ਸੀ। ਪਰੰਤੂ ਜੇਕਰ ਅੱਜ ਉਸ ਇਨਕਲਾਬ ਦੀ ਗੱਲ ਕੀਤੀ ਜਾਵੇ ਤਾਂ ਅਸੀਂ ਉਸ ਦੇ ਕੀਤੇ ਕਾਰਜਾਂ ਤੋਂ ਮੂੰਹ ਨਹੀਂ ਮੋੜ ਸਕਦੇ। ਸਿੰਘ ਸਭਾ ਲਹਿਰ ਦੇ ਸਮੇਂ ਮੋਢੀਆਂ (ਆਗੂਆਂ) ਨੇ ਕੋਮ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਇੰਨਾਂ ਹੀ ਨਹੀਂ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਸਦਕਾ ਗੁਰਧਾਮਾਂ ਦੀ ਸੇਵਾ ਸੰਭਾਲ ਦੇ ਸਦਕਾ ਗੁਰ-ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਪੂਰਨ ਰੂਪ ਵਿੱਚ ਸੰਸਾਰ ਦੇ ਸਾਹਮਣੇ ਆ ਗਿਆ। ਕੇਵਲ ਇਥੇ ਹੀ ਬੱਸ ਨਹੀਂ, ਸਿੱਖ ਵਿੱਦਿਅਕ ਅਦਾਰਿਆਂ ਵੱਲ ਵੀ ਬਹੁਤ ਧਿਆਨ ਦਿੱਤਾ ਗਿਆ। ਗੁਰੂ ਸਾਹਿਬਾਨਾਂ ਦੇ ਨਾਮ `ਤੇ ਕਾਲਜ ਸਕੂਲ ਆਦਿ ਦਾ ਨਿਰਮਾਣ ਹੋਇਆ ਤਾਂ ਜੋ ਇਹਨਾਂ ਵਿੱਦਿਅਕ ਅਦਾਰਿਆਂ ਵਿੱਚ ਸਿੱਖ ਦੇ ਜੀਵਨ ਦੀ ਘਾੜਤ ਗੁਰਮਤਿ ਸਿਧਾਂਤਾਂ ਅਨੁਸਾਰ ਘੜੀ ਜਾਵੇ। ਪਰੰਤੂ ਅੱਜ ਦੇ ਹਾਲਾਤ ਬਹੁਤ ਹੀ ਤਰਸਯੋਗ ਹਨ। ਗੁਰੂ ਸਾਹਿਬਾਨਾਂ ਦੇ ਨਾਮ `ਤੇ ਇੱਕ ਨਹੀਂ, ਅਨੇਕਾਂ ਵਿੱਦਿਅਕ ਅਦਾਰੇ ਪੰਜਾਬ ਵਿੱਚ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਦੂਸਰੇ ਰਾਜਾਂ ਵਿੱਚ ਵੀ ਬਹੁਤ ਵੱਡੇ ਪੱਧਰ `ਤੇ ਖੋਲ੍ਹੇ ਜਾ ਚੁੱਕੇ ਹਨ ਪ੍ਰੰਤੂ ਉਹਨਾਂ ਅਦਾਰਿਆਂ ਵਿੱਚ ਸਿੱਖ ਧਰਮ ਦੀ ਗੱਲ ਜਾਂ ਸਿੱਖ ਸਿਧਾਂਤਾਂ ਦੀ ਜਾਣਕਾਰੀ ਪ੍ਰਤੀ ਅਦਾਰਿਆਂ ਦੇ ਮੁਖੀਆਂ ਨੇ ਪਿੱਠ ਕਰ ਲਈ ਹੈ। ਇਥੇ ਹੀ ਬੱਸ ਨਹੀਂ, ਇਹਨਾਂ ਅਦਾਰਿਆਂ ਵਿੱਚ ਸਿੱਖ ਵਿਦਿਆਰਥੀਆਂ ਦੀ ਗਿਣਤੀ ਵੀ ਉਂਗਲਾ ਤੇ ਬਹੁਤ ਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਜੇਕਰ ਸਿੱਖ ਵਿੱਦਿਅਕ ਅਦਾਰਿਆਂ ਵਿੱਚ ਸਿੱਖ ਵਿਚਾਰਧਾਰਾ ਦੀ ਗੱਲ ਨਾ ਹੋਈ ਤਾਂ ਰਾਜ ਦੀਆਂ ਸਰਕਾਰਾਂ ਵੱੋਲੋਂ ਵਿਸ਼ੇਸ਼ ਤੌਰ `ਤੇ ਪੰਜਾਬ ਵਿੱਚ ਖੋਲ੍ਹੇ ਜਾ ਰਹੇ ਸਕੂਲ, ਕਾਲਜ, ਯੂਨੀਵਰਸਿਟੀਆਂ ਵਿੱਚ ਕਿਸ ਤਰ੍ਹਾਂ ਸਿੱਖ ਸਿਧਾਂਤਾਂ ਦਾ ਪੂਰਨ ਤੌਰ ਤੇ ਪ੍ਰਚਾਰ ਕੀਤਾ ਜਾ ਸਕਦਾ ਹੈ। ਗਿਣਤੀ ਦੇ ਸਕੂਲ, ਕਾਲਜ, ਯੂਨੀਵਰਸਿਟੀਆਂ ਮੌਜੂਦ ਹਨ। ਜਿਥੇ ਪੂਰਨ ਤੌਰ `ਤੇ ਧਰਮ ਦੀ ਵਿੱਦਿਆ ਦਾ ਪਾਠ ਪੜਾਇਆ ਜਾਂਦਾ ਹੈ। ਸਿੱਖ ਵਿੱਦਿਅਕ ਸੰਸਥਾਵਾਂ ਸਿੱਖੀ ਪ੍ਰਚਾਰ ਤੇ ਪ੍ਰਸਾਰ ਲਈ ਇਕ ਬਹੁਤ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ ਪਰ ਵਿੱਦਿਅਕ

ਸੰਸਥਾਵਾਂ ਦੇ ਮਾਧਿਅਮ ਰਾਹੀਂ ਸਿੱਖੀ ਪ੍ਰਚਾਰ ਵਿੱਚ ਕਈ ਤਰ੍ਹਾਂ ਦੀਆਂ ਤਰੁੱਟੀਆਂ ਵੀ ਹਨ। ਸਿੱਖੀ ਪ੍ਰਚਾਰ ਕਰ ਰਹੀਆਂ ਵਿੱਦਿਅਕ ਸੰਸਥਾਵਾਂ ਨੂੰ ਸ਼੍ਰੋਮਣੀ ਕਮੇਟੀ ਵਰਗੀ ਕਿਸੇ ਵੱਡੀ ਸੰਸਥਾ ਵਲੋਂ ਇਕ ਲੜੀ ਵਿੱਚ ਪਰੋਇਆ ਜਾਣਾ ਜ਼ਰੂਰੀ ਹੈ।

# ਸਿੱਖ ਸਮਾਜ ਸਾਹਮਣੇ ਆਧੁਨਿਕ ਚੁਣੌਤੀਆਂ : ਸਰੂਪ ਤੇ ਸਮਾਧਾਨ (ਗੁਰਬਾਣੀ ਦੇ ਸੰਦਰਭ ਵਿੱਚ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

## ਖੋਜ ਪ੍ਰਬੰਧ


ਨਿਗਰਾਨ :

ਡਾ. ਗੁਰਨੇਕ ਸਿੰਘ

ਖੋਜਾਰਥੀ :

ਹਨਵੰਤ ਸਿੰਘ



ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ


2019

# ਨਿਸ਼ਕਰਸ਼

ਮਨੁੱਖੀ ਮਨ ਦੀ ਬਿਰਤੀ ਅਨੁਸਾਰ ਆਦਿ ਕਾਲ ਤੋਂ ਹੀ ਮਨੁੱਖ ਚਿੰਤਨਸ਼ੀਲ ਪ੍ਰਾਣੀ ਹੋਣ ਸਦਕਾ ਉਸ ਅੰਦਰ ਜਗਿਆਸਾ ਦੀ ਰੁਚੀ ਵਿਦਮਾਨ ਰਹੀ ਹੈ। ਇਸੇ ਜਗਿਆਸਾ ਦੀ ਤ੍ਰਿਪਤੀ ਲਈ ਉਹ ਮੁੱਢ ਤੋਂ ਹੀ ਸਮੁੱਚੀ ਕਾਇਨਾਤ ਅੰਦਰ ਵਰਤ ਰਹੇ ਵਰਤਾਰਿਆਂ ਨੂੰ ਜਾਣਨ ਅਤੇ ਸਮਝਣ ਲਈ ਯਤਨਸ਼ੀਲ ਰਿਹਾ ਹੈ। ਜਿਸਦੇ ਸਿੱਟੇ ਵਜੋਂ ਅਲੱਗ-ਅਲੱਗ ਕੁਦਰਤੀ ਸ਼ਕਤੀਆਂ ਦੇ ਅਹਿਸਾਸ ਵਿਚੋਂ ਪੜਾਅ ਦਰ ਪੜਾਅ ਲੰਘਦਿਆਂ ਉਸ ਨੂੰ ਧਰਮ ਤੇ ਸਮਾਜ ਦੀ ਆਪਸ ਵਿੱਚ ਸਾਂਝ ਤੇ ਇਕਸੁਰਤਾ ਬਾਰੇ ਗਿਆਨ ਹੋਇਆ ਕਿ ਦੋਵੇਂ ਹੀ ਆਪਸ ਵਿੱਚ ਇਸ ਤਰ੍ਹਾਂ ਜੁੜੇ ਹੋਏ ਹਨ ਕਿ ਇਕ-ਦੂਜੇ ਤੋਂ ਬਿਨਾ ਇਨ੍ਹਾਂ ਦੀ ਹੋਂਦ ਕਿਆਸ ਨਹੀਂ ਕੀਤੀ ਜਾ ਸਕਦੀ। ਧਰਮ ਦਾ ਉਦੇਸ਼ ਜਿਥੇ ਮਨੁੱਖ ਦੀ ਅਧਿਆਤਮਿਕ ਪੱਖੋਂ ਰਹਿਨੁਮਾਈ ਕਰਨਾ ਹੈ, ਉਥੇ ਸਮਾਜ ਦਾ ਮੂਲ ਮਨੋਰਥ ਪਰਿਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਭਾਈਚਾਰਕ ਸਾਂਝ ਪੈਦਾ ਕਰਨਾ ਹੈ। ਦੋਹਾਂ ਦੀ ਇਕਸੁਰਤਾ ਤੇ ਸੁਮੇਲਤਾ ਹੀ ਸਿੱਖੀ ਜੀਵਨ ਹੈ। ਸਮਾਜ ਮਨੁੱਖ ਦੀ ਪ੍ਰਗਤੀ ਤੇ ਪ੍ਰਾਪਤੀਆਂ ਦਾ ਅਜਿਹਾ ਧੁਰਾ ਹੈ ਜਿਥੇ ਉਸਨੂੰ ਸਾਰਥਿਕ ਜੀਵਨ ਜੀਉਣ ਦੀ ਅਗਵਾਈ ਮਿਲਦੀ ਹੈ ਅਤੇ ਕਿਸੇ ਆਦਰਸ਼ ਦੀ ਪ੍ਰਾਪਤੀ ਲਈ ਉਹ ਸੇਧ ਗ੍ਰਹਿਣ ਕਰਦਾ ਹੈ। ਇਸ ਲਈ ਸਮਾਜ ਦੀ ਮਨੁੱਖ ਦੇ ਜੀਵਨ ਵਿੱਚ ਵਿਸ਼ੇਸ਼ ਅਹਿਮੀਅਤ ਹੈ। ਸਮਾਜ ਵਿੱਚ ਵਿਚਰਦਿਆਂ ਸਦਾਚਾਰ ਦਾ ਰਾਹ ਅਖਤਿਆਰ ਕਰਦਿਆਂ ਆਪਣੇ ਫਰਜ਼ਾਂ ਦੀ ਪੂਰਤੀ ਕਰਨਾ ਉਸਦਾ ਨੈਤਿਕ ਫਰਜ਼ ਹੈ ਜੋ ਉਸਦੀ ਸਮੁੱਚੀ ਜੀਵਨ-ਜਾਚ ਦਾ ਅਹਿਮ ਪੱਖ ਹੈ ਅਤੇ ਸਮਾਜ ਹੀ ਮਨੁੱਖ ਨੂੰ ਧਰਮ ਦੀ ਸਹੀ ਸੋਝੀ ਪ੍ਰਦਾਨ ਕਰਦਾ ਹੈ। ਡਾ. ਰਜਿੰਦਰ ਕੌਰ ਰੋਹੀ ਦੇ ਵਿਚਾਰ ਇਥੇ ਬੜੇ ਸਾਰਥਿਕ ਪ੍ਰਤੀਤ ਹੁੰਦੇ ਹਨ ਜਦੋਂ ਉਹ ਲਿਖਦੇ ਹਨ ਕਿ ਵਿਅਕਤੀ ਵਿਸ਼ੇਸ਼ ਜਾਂ ਕਿਸੇ ਖਾਸ ਧਾਰਮਿਕ ਸਮੂਹ ਦੀ ਅਧਿਆਤਮਿਕ ਪ੍ਰਾਪਤੀ ਦੀ ਪੂਰਤੀ ਸਮਾਜਿਕ ਫਰਜ਼ਾਂ ਨਾਲ ਸੰਪੂਰਨ ਹੋਣੀ ਚਾਹੀਦੀ ਹੈ ਨਹੀਂ ਤਾਂ ਕਿਸੇ ਦੀ ਵੀ ਅਧਿਆਤਮਿਕ ਪ੍ਰਾਪਤੀ ਵਿਅਰਥ ਹੈ। ਇਸ ਲਈ ਸਿੱਖ ਦਾ ਸਮੁੱਚਾ ਜੀਵਨ ਸਮਾਜ ਤੇ ਧਰਮ ਦਾ ਸੁਮੇਲ ਹੈ। ਗੁਰੂ ਸਾਹਿਬਾਨ ਨੇ ਜਿਸ ਅਨੁਭਵ ਵਿੱਚ ਬਾਣੀ ਉਚਾਰੀ ਹੈ, ਉਹ ਅਧਿਆਤਮਿਕ ਮੰਡਲਾਂ ਦੀਆਂ ਉਚਾਈਆਂ ਵੱਲ ਸੰਕੇਤ ਹੈ ਪਰ ਗੁਰੂ ਸਾਹਿਬਾਨ ਨੇ ਉਨ੍ਹਾਂ ਮਨੁੱਖਾਂ ਦਾ ਧਿਆਨ ਰੱਖਿਆ ਜੋ ਇਨ੍ਹਾਂ ਉਚਾਈਆਂ ਨੂੰ ਸਧਾਰਨ ਬੁੱਧੀ ਰਾਹੀਂ ਸਮਝਣ ਤੋਂ ਅਸਮਰੱਥ ਸਨ। ਅਜਿਹੇ ਮਜ਼ਲੂਮਾਂ ਤੇ ਜ਼ੁਲਮਾਂ ਦੇ ਲਿਤਾੜੇ ਮਨੁੱਖ ਲਈ ਗੁਰੂ ਸਾਹਿਬਾਨ ਅੰਦਰ ਦਰਦ ਸੀ। ਭਾਵੇਂ ਗੁਰੂ ਸਾਹਿਬਾਨ ਅਧਿਆਤਮਿਕ ਮੰਡਲਾਂ ਦੇ ਵਾਸੀ ਸਨ ਪਰ ਫਿਰ ਵੀ ਧਰਤੀ ਦੀ ਛੋਹ ਤੋਂ ਸੱਖਣੇ ਨਹੀਂ ਸਨ।ਉਹ ਆਪ ਅਜਿਹੇ ਲਿਤਾੜੇ ਵਰਗ

ਵਿੱਚ ਵਿਚਰੇ ਸਨ ਅਤੇ ਉਨ੍ਹਾਂ ਦੇ ਦਰਦ ਨੂੰ ਅਨੁਭਵ ਵੀ ਕੀਤਾ ਸੀ। ਇਸੇ ਲਈ ਗੁਰੂ ਨਾਨਕ ਸਾਹਿਬ ਤਾਂ ਰੱਬ ਨੂੰ ਵੀ ਉਲਾਂਭਾ ਦੇਣ ਤੋਂ ਕਤਰਾਏ ਨਹੀਂ ਸਨ। ਜਦ ਬਾਬਰ ਨੇ ਬੜੇ ਹੀ ਅਕਹਿ ਤੇ ਅਸਹਿ ਢੰਗ ਨਾਲ ਹਿੰਦੁਸਤਾਨੀਆਂ 'ਤੇ ਹਮਲਾ ਕੀਤਾ ਸੀ ਅਤੇ ਇਨ੍ਹਾਂ ਦੀ ਅਜਿਹੀ ਦਰਦਨਾਕ ਹਾਲਤ ਕਰ ਦਿੱਤੀ ਜੋ ਬਿਆਨ ਤੋਂ ਵੀ ਪਰ੍ਹੇ ਸੀ। ਉਸ ਸਮੇਂ ਗੁਰੂ ਨਾਨਕ ਸਾਹਿਬ ਨੇ ਹਾਅ ਦਾ ਨਾਅਰਾ ਮਾਰਿਆ ਸੀ ਤੇ ਉਸ ਸਰਵ-ਉੱਚ ਪਰਮਾਤਮਾ ਅੱਗੇ ਵੀ ਬੋਲ ਉੱਠੇ ਸਨ।

*ਏਤੀ ਮਾਰ ਪਈ ਕੁਰਲਾਣੇ*
*ਤੈਂ ਕੀ ਦਰਦੁ ਨਾ ਆਇਆ॥*

ਇਹਨਾਂ ਅਧਿਆਤਮਿਕ ਮੰਡਲਾਂ ਦੇ ਵਾਸੀਆਂ ਅੰਦਰ ਸਮੁੱਚੀ ਲੋਕਾਈ ਪ੍ਰਤੀ ਦਿਲ ਵਿੱਚ ਅਥਾਹ ਪਿਆਰ ਤੇ ਦਰਦ ਸੀ। ਇਸ ਲਈ ਸਮੁੱਚੀ ਮਾਨਵ ਜਾਤੀ ਦਾ ਉਧਾਰ ਤੇ ਸੁਧਾਰ ਕਰਨਾ ਉਨ੍ਹਾਂ ਦਾ ਅਸਲ ਮਨੋਰਥ ਸੀ। ਇਹ ਪੂਰਨ ਪੁਰਖ ਸਮੁੱਚੀ ਮਾਨਵਤਾ ਦੇ ਰਹਿਬਰ ਸਨ ਤੇ ਉਨ੍ਹਾਂ ਦੀ ਮਿਹਨਤ ਤੇ ਘਾਲਣਾ ਸਦਕਾ ਹੀ ਸਮਾਜ ਵਿਚਲੀਆਂ ਗਲਤ ਮਾਨਤਾਵਾਂ ਤੇ ਕਦਰਾਂ-ਕੀਮਤਾਂ ਦਾ ਖਾਤਮਾ ਹੁੰਦਾ ਰਿਹਾ ਹੈ। ਕਿਉਂਕਿ ਗੁਰੂ ਸਾਹਿਬਾਨ ਦਾ ਅਸਲ ਮਨੋਰਥ ਸਵੱਛ ਸਮਾਜ ਦੀ ਉਸਾਰੀ ਕਰਕੇ ਮਨੁੱਖ ਨੂੰ ਸੁਚੱਜੀ ਜੀਵਨ-ਜਾਚ ਬਖਸ਼ਣਾ ਸੀ ਜਿਸ ਸਦਕਾ ਮਨੁੱਖ ਆਪਣੇ ਅਸਲ ਜੀਵਨ ਮਨੋਰਥ ਵੱਲ ਅੱਗੇ ਵੱਧ ਸਕਦਾ । ਇਸੇ ਮਨੋਰਥ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਸਮਾਜ ਵਿੱਚ ਆਈ ਗਿਰਾਵਟ ਦੇ ਖਿਲਾਫ ਗੁਰੂ ਨਾਨਕ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ ਅਹਿਮ ਕਦਮ ਉਠਾਏ। ਉਨ੍ਹਾਂ ਨੇ ਸਮਾਜ ਵਿੱਚ ਫੈਲੇ ਸਮਾਜਿਕ, ਧਾਰਮਿਕ ਵਿਤਕਰਿਆਂ ਤੋਂ ਆਮ ਜਨਤਾ ਦੀ ਬੰਦ-ਖਲਾਸੀ ਕਰਵਾਈ ਕਿਉਂਕਿ ਸਮਾਜ ਵਿੱਚ ਜਾਤ-ਪਾਤ ਤੇ ਊਚ-ਨੀਚ ਸੰਬੰਧੀ ਵਿਤਕਰੇ ਕੀਤੇ ਜਾਂਦੇ ਸਨ, ਲੋਕ ਫੋਕਟ ਦੇ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਵਿੱਚ ਉਲਝੇ ਹੋਏ ਅਜਿਹੇ ਕਰਮ ਕਰੀ ਜਾ ਰਹੇ ਸਨ ਜਿਨ੍ਹਾਂ ਦਾ ਉਨ੍ਹਾਂ ਨੂੰ ਆਪ ਵੀ ਗਿਆਨ ਨਹੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੁਚੱਜੀ ਅਗਵਾਈ ਦੇ ਕੇ ਸੁਣੱਖੀ ਜੀਵਨ ਸ਼ੈਲੀ ਪ੍ਰਦਾਨ ਕੀਤੀ। ਸਮਾਜ ਵਿੱਚ ਜੋਗੀ ਸੰਨਿਆਸੀ ਜੋ ਘਰ-ਬਾਰ ਤਿਆਗ ਕੇ ਜੰਗਲਾਂ ਪਹਾੜਾਂ ਵਿੱਚ ਭਗਤੀ ਕਰਨ ਨੂੰ ਹੀ ਮੁਕਤੀ ਪ੍ਰਾਪਤੀ ਦਾ ਸਾਧਨ ਮੰਨਦੇ ਸਨ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਅਸਲ ਜੀਵਨ ਮਨੋਰਥ ਦਾ ਰਾਹ ਦਰਸਾਉਂਦਿਆਂ 'ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੇ ਮੁਕਤਿ' ਦਾ ਧਾਰਨੀ ਬਣਾਇਆ ਅਤੇ ਪਰਿਵਾਰਿਕ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਪ੍ਰੇਰਿਤ ਕੀਤਾ। ਗੁਰੂ ਸਾਹਿਬ ਨੇ ਆਪਣੇ ਸਮਕਾਲੀ ਸਮਾਜ ਦੇ ਧਾਰਮਿਕ ਆਗੂ ਵਰਗ 'ਤੇ ਕਰਾਰੀ ਚੋਟ ਮਾਰੀ ਜੋ ਲਾਲਚ ਵੱਸ ਆਮ

ਭੋਲੀ-ਭਾਲੀ ਜਨਤਾ ਨੂੰ ਕੁਰਾਹੇ ਪਾ ਰਹੇ ਸਨ ਅਤੇ ਧਾਰਮਿਕ ਗ੍ਰੰਥਾਂ ਦੇ ਪਠਨ-ਪਾਠਨ ਦੇ ਅਧਿਕਾਰ ਆਪਣੇ-ਆਪ ਤੱਕ ਹੀ ਸੀਮਿਤ ਰੱਖਦੇ ਸਨ।ਅਖੌਤੀ ਨੀਵੀਂ ਜਾਤ ਵਾਲਿਆਂ (ਸ਼ੁਦਰ ਵਰਗ) ਵਲੋਂ ਇਨ੍ਹਾਂ ਗ੍ਰੰਥਾਂ ਦਾ ਪਾਠ ਕਰਨਾ ਤਾਂ ਦੂਰ ਸਗੋਂ ਇਨ੍ਹਾਂ ਦੇ ਦਰਸ਼ਨ ਕਰਨੇ, ਇਨ੍ਹਾਂ ਵਿਚਲੇ ਪ੍ਰਵਚਨ ਸੁਣਨੇ ਜਾਂ ਇਨ੍ਹਾਂ ਦੇ ਕੋਲੋਂ ਲੰਘਣ ਦੀ ਵੀ ਪੂਰਨ ਤੌਰ 'ਤੇ ਮਨਾਹੀ ਸੀ। ਜੇਕਰ ਕੋਈ ਗਲਤੀ ਨਾਲ ਵੀ ਅਜਿਹਾ ਕਰ ਦਿੰਦਾ ਸੀ ਤਾਂ ਉਸ ਨੂੰ ਅਸਹਿਣਯੋਗ ਤਸੀਹੇ ਦਿੱਤੇ ਜਾਂਦੇ ਸਨ। ਇਤਿਹਾਸ ਗਵਾਹ ਹੈ ਕਿ ਜੇਕਰ ਕਿਸੇ ਨੀਵੀਂ ਜਾਤ ਵਾਲੇ ਮਨੁੱਖ ਦੇ ਕੰਨਾਂ ਵਿੱਚ ਧਾਰਮਿਕ ਗ੍ਰੰਥਾਂ ਦੇ ਪਾਠ ਦੇ ਬੋਲ ਪੈ ਵੀ ਜਾਂਦੇ ਸਨ ਤਾਂ ਉਸ ਦੇ ਕੰਨਾਂ ਵਿੱਚ ਤੇਲ ਗਰਮ ਕਰਕੇ ਪਾ ਦਿੱਤਾ ਜਾਂਦਾ ਸੀ। ਉਸ ਪਰਮਾਤਮਾ ਦਾ ਨਾਮ ਆਪਣੀ ਜ਼ੁਬਾਨ ਵਿਚੋਂ ਲੈਣ ਵਾਲੇ ਦੀ ਜ਼ੁਬਾਨ ਹੀ ਕੱਟ ਦਿੱਤੀ ਜਾਂਦੀ ਸੀ। ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਅਜਿਹਾ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੂੰ ਵੀ ਨੀਵੀਂ ਜਾਤ ਵਿੱਚ ਜਨਮ ਲੈਣ ਸਦਕਾ ਪਰਮਾਤਮਾ ਦਾ ਨਾਮ ਜਪਦਿਆਂ ਨੂੰ ਬਾਂਹ ਤੋਂ ਫੜ ਕੇ ਭਗਤੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ :

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*  
*ਭਗਤਿ ਕਰਤ ਨਾਮਾ ਪਕਰਿ ਉਠਾਇਆ॥*  
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥*  
*ਛੀਪੇ ਕੇ ਜਨਮਿ ਕਾਹੇ ਕਉ ਆਇਆ॥*

ਅਜਿਹੇ ਅੰਧਕਾਰਮਈ ਯੁੱਗ ਵਿੱਚ ਗੁਰੂ ਨਾਨਕ ਨੇ ਅਗਿਆਨਤਾ ਨਾਲ ਭਰੀ ਲੋਕਾਈ ਵਿੱਚ ਗਿਆਨ ਦਾ ਚਾਨਣ ਖਿਲਾਰਿਆ ਅਤੇ ਆਪਣੇ ਆਪ ਨੂੰ ਆਗੂ ਸਮਝੀ ਜਾਣ ਵਾਲੀ ਧਾਰਮਿਕ ਸ਼੍ਰੇਣੀ ਨੂੰ ਉਸਦੇ ਅਸਲ ਮਨੋਰਥ ਬਾਰੇ ਸੋਝੀ ਕਰਵਾਈ ਤੇ ਉਸ ਦੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਉੱਚ-ਵਰਗ ਵੱਲੋਂ ਨੀਵੇਂ ਵਰਗ 'ਤੇ ਹੁੰਦੇ ਜ਼ੁਲਮਾਂ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਉੱਚ-ਵਰਗ ਦੇ ਅਜਿਹੇ ਕਿਰਦਾਰ ’ਤੇ ਕਰਾਰੀ ਚੋਟ ਮਾਰੀ। ਅਜਿਹੇ ਪਾਖੰਡ ਕਰਮਾਂ ਵਿੱਚੋਂ ਨਿਕਲਣ ਲਈ ਉਨ੍ਹਾਂ ਨੂੰ ਸੁਚੱਜੀ ਜੀਵਨ-ਜਾਚ ਦਾ ਮਾਰਗ ਦਰਸਾਇਆ:

*ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥*  
*ਸੀਲ ਸੰਤੋਖ ਕਾ ਰਖੈ ਧਰਮੁ॥ਬੰਧਨ ਤੋੜੈ ਹੋਵੈ ਮੁਕਤੁ॥*  
*ਸੋਈ ਬ੍ਰਹਮਣੁ ਪੂਜਣ ਜੁਗਤੁ॥*

ਇਸਦੇ ਨਾਲ ਹੀ ਉਨ੍ਹਾਂ ਸਮਾਜ ਵਿੱਚੋਂ ਜਾਤ-ਪਾਤ, ਛੂਤ-ਛਾਤ, ਵਹਿਮਾਂ ਭਰਮਾਂ, ਕਰਮ-ਕਾਂਡਾਂ ਤੋਂ ਸੁਚੇਤ ਕਰਦਿਆਂ ਮਨੁੱਖ ਨੂੰ ਉਸਦੇ ਅਸਲ ਜੀਵਨ ਮਨੋਰਥ ਦੀ ਸੋਝੀ ਕਰਵਾਈ ਅਤੇ ਉਸ ਇਕ ਪਰਮਾਤਮਾ ਦੇ ਨਾਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਕਿਉਂਕਿ ਸਮਾਜ ਉਸ ਸਮੇਂ ਇਕ ਨਹੀਂ, ਅਨੇਕਾਂ ਬੁਰਾਈਆਂ ਨਾਲ ਭਰਿਆ ਪਿਆ ਸੀ। ਇਸ ਲਈ ਅਜਿਹੇ ਵਾਤਾਵਰਨ ਵਿੱਚ ਮਨੁੱਖ ਲਈ ਪਰਮਾਤਮਾ ਦਾ ਨਾਮ ਜਪਣਾ ਤਾਂ ਦੂਰ ਸਗੋਂ ਸੋਚਣਾ ਵੀ ਪਾਪ ਸੀ। ਇਹ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਵੱਡੀ ਵੰਗਾਰ ਸੀ ਜਿਸ ਦਾ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਆਪ ਵੀ ਪੈਰ-ਪੈਰ ਤੇ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਸਮਾਜ ਵਿੱਚ ਅਪਮਾਨਿਤ/ਤ੍ਰਿਸਕਾਰਿਤ ਕੀਤੀ ਜਾ ਰਹੀ ਇਸਤਰੀ ਨੂੰ ਸਤਿਕਾਰਿਤ ਥਾਂ ਦਿਵਾਈ, ਲਾਲਚੀ ਤੇ ਬੇਵੱਸ ਲੋਕਾਈ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਸੁਚੇਤ ਕਰਵਾਇਆ, ਸੁਆਰਥੀ  ਧਾਰਮਿਕ ਆਗੂ ਵਰਗ ਦਾ ਕਿਰਦਾਰ ਉਘਾੜਿਆ, ਸਮਾਜ ਵਿੱਚ ਜਾਤ-ਪਾਤ, ਊਚ-ਨੀਚ ਸੰਬੰਧੀ ਹੁੰਦੇ ਵਿਤਕਰਿਆਂ ਨੂੰ ਖਤਮ ਕਰਨ ਹਿਤ ਅਹਿਮ ਕਾਰਜ ਕੀਤੇ। ਆਪਣੇ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਪ੍ਰਚਾਰ ਦੌਰਿਆਂ ਵਾਲਾ ਵਧੀਆ ਸਾਧਨ ਚੁਣਿਆ ਸੀ ਜਿਨ੍ਹਾਂ ਨੂੰ 'ਉਦਾਸੀਆਂ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਮੋਢੀ ਰਹਿਬਰ ਸਨ ਜਿਨ੍ਹਾਂ ਨੂੰ ਅਜਿਹੀਆਂ ਸਭ ਤਰ੍ਹਾਂ ਦੀਆਂ ਵੰਗਾਰਾਂ ਦਾ ਇਕੱਲਿਆਂ ਹੀ ਸਾਹਮਣਾ ਕਰਨਾ ਪਿਆ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਨੌਂ ਉੱਤਰਾਧਿਕਾਰੀ ਗੁਰੂ ਸਾਹਿਬਾਨ ਨੇ ਵੀ ਉਨ੍ਹਾਂ ਦੀਆਂ ਲੀਹਾਂ 'ਤੇ ਚਲਦਿਆਂ ਸਿੱਖ ਧਰਮ ਦਾ ਪੂਰਨ ਰੂਪ ਵਿੱਚ ਵਿਕਾਸ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਤੇ ਸਮੁੱਚੀ ਲੋਕਾਈ ਨੂੰ ਜੀਵਨ ਦਾ ਅਸਲ ਮਨੋਰਥ ਦ੍ਰਿੜ੍ਹ ਕਰਵਾਇਆ ਜਿਸ ਤਹਿਤ ਉਨ੍ਹਾਂ ਨੇ ਬਹੁਤ ਹੀ ਸਰਲ ਭਾਸ਼ਾ ਆਪਣਾਈ ਅਤੇ ਇਸ ਵਾਸਤੇ ਗੁਰਮੁਖੀ ਲਿਪੀ ਦਾ ਪ੍ਰਚਲਨ ਕੀਤਾ।ਲੋਕਾਂ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਮੱਲ ਅਖਾੜਿਆਂ ਦਾ ਯੋਗ ਪ੍ਰਬੰਧ ਕਰਕੇ ਸੱਚ ਦਾ ਸੁਨੇਹਾ ਦਿੱਤਾ। ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜਿਆਂ ਦੀ ਸਥਾਪਨਾ ਕਰਦੇ ਹੋਏ ਜਿੱਥੇ ਸੰਗਤ ਨੂੰ ਧਰਮ ਨਾਲ ਜੋੜਦੇ ਹੋਏ ਪਰਮਾਤਮਾ ਦਾ ਨਾਮ ਜਪਣ ਦੀ ਤਾਕੀਦ ਕੀਤੀ ਉੱਥੇ ਸਮਾਜ ਵਿੱਚ ਪ੍ਰਚਲਿਤ ਸਤੀ-ਪ੍ਰਥਾ ਜਿਹੀ ਬੁਰਾਈ ਦੇ ਖਾਤਮੇ ਹਿਤ ਵਿਧਵਾ-ਵਿਆਹ ਵਰਗੇ ਕਾਰਜ ਆਰੰਭ ਕਰਕੇ, ਜ਼ੁਲਮਾਂ ਦੀ ਸਤਾਈ ਇਸਤਰੀ ਨੂੰ ਸਵੈ-ਮਾਣ ਨਾਲ ਜਿਉਣ ਲਈ ਰਾਹ ਪੱਧਰਾ ਕੀਤਾ। ਗੁਰੂ ਰਾਮਦਾਸ ਜੀ ਨੇ ਸਮੁੱਚੀ ਲੋਕਾਈ ਵਿੱਚ ਧਰਮ ਪ੍ਰਚਾਰ ਤੇ ਭਾਈਚਾਰਕ ਸਾਂਝ ਸਥਾਪਿਤ ਕਰਨ ਹਿੱਤ ਮਸੰਦ-ਪ੍ਰਥਾ ਦਾ ਆਰੰਭ ਕੀਤਾ, ਸਰੋਵਰਾਂ ਦਾ ਨਿਰਮਾਣ ਕਰਕੇ 'ਰਾਮਦਾਸਪੁਰ' ਦੀ ਸਥਾਪਨਾ ਕੀਤੀ। ਆਰਥਿਕ ਪੱਖੋਂ

ਮਜ਼ਬੂਤ ਕਰਨ ਲਈ ਉਨ੍ਹਾਂ 52 ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਇਥੇ ਕਾਰੋਬਾਰ ਖੋਲ੍ਹਣ ਲਈ ਪ੍ਰੇਰਿਤ ਕੀਤਾ। ਗੁਰੂ ਰਾਮਦਾਸ ਜੀ ਤੋਂ ਹੀ ਗੁਰਗੱਦੀ ਦੀ ਰਸਮ ਪੈਤ੍ਰਿਕ(ਪਿਤਾ-ਪੁਰਖੀ) ਹੋ ਗਈ ਜਿਸ ਸਦਕਾ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਜੋ ਗੁਰਤਾ-ਗੱਦੀ ਦੀਆਂ ਵਾਰਸ ਬਣੀਆਂ, ਉਨ੍ਹਾਂ ਸਾਹਮਣੇ ਅਨੇਕਾਂ ਹੀ ਸਮੱਸਿਆਵਾਂ ਆਈਆਂ। ਵਿਰੋਧੀਆਂ ਦੀਆਂ ਵੰਗਾਰਾਂ ਨੂੰ ਉਨ੍ਹਾਂ ਖਿੜੇ ਮੱਥੇ ਪ੍ਰਵਾਨ ਕੀਤਾ ਤੇ ਸਿੱਖ ਧਰਮ ਦੀ ਸੁਚੱਜੀ ਅਗਵਾਈ ਕਰਦੇ ਹੋਏ ਉਨ੍ਹਾਂ ਨੂੰ ਏਕਤਾ ਦੀ ਲੜੀ ਵਿੱਚ ਪਰੋਏ ਰਹਿਣ ਦਾ ਮਾਰਗ ਦਰਸਾਇਆ।

ਅਜਿਹੀਆਂ ਵੰਗਾਰਾਂ ਕਬੂਲ ਕਰਕੇ ਉਨ੍ਹਾਂ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਵਾਲੇ ਮੋਹਰੀਆਂ ਵਿੱਚ ਗੁਰੂ ਅਰਜਨ ਦੇਵ ਜੀ ਮੋਹਰੀ ਸਨ। ਜਿਨ੍ਹਾਂ ਸਾਹਮਣੇ ਵਿਰੋਧੀਆਂ ਦੀ ਇਹ ਵੰਗਾਰ ਜਾਂ ਤਾਂ ਧਰਮ ਪਰਿਵਰਤਿਤ ਕਰਨ ਦੇ ਰੂਪ ਵਿੱਚ ਸੀ ਜਾਂ ਭਾਰੀ ਰਕਮ ਦੀ ਅਦਾਇਗੀ ਸੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਾਸਤੇ ਸ਼ਹੀਦੀ ਦਾ ਫੁਰਮਾਨ ਸੀ। ਗੁਰੂ ਸਾਹਿਬ ਨੇ ਧਾਰਮਿਕ ਆਦਰਸ਼ਾਂ ਦੀ ਖਾਤਿਰ ਸ਼ਹਾਦਤ ਨੂੰ ਪ੍ਰਵਾਨ ਕੀਤਾ। ਸਿੱਖ ਪੰਥ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਕੁਰਬਾਨੀ ਦੀ ਪ੍ਰਤੀਕ ਸੀ ਜਿਸ ਸਦਕਾ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਵੰਗਾਰ ਦਾ ਸਾਹਮਣਾ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਕੀਤਾ ਅਤੇ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਉਨ੍ਹਾਂ ਸਿੱਖ ਧਰਮ ਜੋ ਸ਼ਾਂਤਮਈ ਤਰੀਕੇ ਨਾਲ ਆਪਣੀਆਂ ਲੀਹਾਂ ਤੇ ਚੱਲ ਰਿਹਾ ਸੀ, ਦਾ ਮੂੰਹ ਮੁਹਾਂਦਰਾ ਹੀ ਬਦਲ ਦਿੱਤਾ ਅਤੇ ਸਮਾਜ ਵਿੱਚ ਵਿਚਰਦੇ ਮਨੁੱਖ ਨੂੰ ਆਮ ਮਨੁੱਖ ਨਹੀਂ ਸਗੋਂ ਹੱਥ ਵਿੱਚ ਤਲਵਾਰ ਫੜਾ ਕੇ 'ਸੰਤ-ਸਿਪਾਹੀ' ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਸ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਜਿਨ੍ਹਾਂ ਨਾ ਕੇਵਲ ਆਪਣੇ ਧਰਮ ਖਾਤਿਰ ਬਲਕਿ ਹਿੰਦੂ ਧਰਮ ਦੀ ਰੱਖਿਆ ਅਤੇ ਬਚਾਅ ਦੀ ਖਾਤਰ ਆਪਣਾ ਬਲੀਦਾਨ ਦਿੱਤਾ ਜਿਸ ਦੇ ਫਲਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਵਿੱਚ ਤਲਵਾਰ ਫੜੀ ਤੇ ਸੰਤ-ਸਿਪਾਹੀ ਨੂੰ ਅੰਮ੍ਰਿਤ ਛਕਾ ਕੇ 'ਖਾਲਸਾ' ਦੇ ਰੂਪ ਵਿੱਚ ਪ੍ਰਗਟ ਕੀਤਾ। ਇਸ ਦੇ ਨਾਲ ਸਿੱਖ ਧਰਮ ਦੀ ਆਪਣੀ ਵਿਲੱਖਣ ਪਛਾਣ ਸਥਾਪਿਤ ਹੋਈ। ਇਸ ਉਪਰੰਤ ਸਿੱਖ ਧਰਮ ਅੰਦਰ ਭਾਵੇਂ ਅਨੇਕਾਂ ਕੁਰਬਾਨੀਆਂ ਤੇ ਸ਼ਹੀਦੀਆਂ ਹੋਈਆਂ ਪਰ ਇਹ ਸੰਸਾਰ ਦੇ ਪ੍ਰਸਿੱਧ ਧਰਮਾਂ ਵਿੱਚੋਂ ਨਿਵੇਕਲੇ ਤੇ ਲਾਸਾਨੀ ਧਰਮ ਵਜੋਂ ਸਥਾਪਿਤ ਹੋਇਆ। ਇਸ ਪਿੱਛੇ ਦਸ ਗੁਰੂ ਸਾਹਿਬਾਨਾਂ ਦੀ ਕਰੜੀ ਘਾਲਣਾ, ਮਿਹਨਤ,ਹਿੰਮਤ, ਕੁਰਬਾਨੀ, ਸਿਦਕ ਤੇ ਸਿਰੜ ਦਾ ਅਹਿਮ ਯੋਗਦਾਨ ਹੈ। ਗੁਰੂ ਸਾਹਿਬਾਨ ਦੀ ਬਦੌਲਤ ਹੀ ਅੱਜ ਸਿੱਖ ਧਰਮ ਵਿਸ਼ਵ ਭਰ ਵਿੱਚ ਆਪਣੀ ਸਿਰਮੌਰ ਪਛਾਣ ਰੱਖਦਾ ਹੈ।

ਵਰਤਮਾਨ ਸਮਾਜ ਵਿੱਚ ਵੀ ਸਿੱਖ ਧਰਮ ਦੀ ਆਪਣੀ ਵਿਲੱਖਣ ਅਤੇ ਮੌਲਿਕ ਪਛਾਣ ਹੈ। ਅੱਜ ਗਿਆਨ-ਵਿਗਿਆਨ ਦਾ ਯੁੱਗ ਹੋਣ ਸਦਕਾ ਮਨੁੱਖ ਨੇ ਪ੍ਰਗਤੀ ਦੀਆਂ ਭਾਵੇਂ ਅਨੇਕਾਂ ਪੁਲਾਂਘਾਂ ਪੁੱਟੀਆਂ ਹਨ ਪਰ ਮਨੁੱਖ ਦੀ ਹਾਲਾਤ ਫਿਰ ਵੀ ਤਨਾਅ-ਮੁਕਤ ਨਹੀਂ ਹੈ। ਅੱਜ ਮਨੁੱਖ ਕੋਲ ਸੁੱਖ-ਸਹੂਲਤਾਂ ਦੇ ਹਰ ਤਰ੍ਹਾਂ ਦੇ ਸਾਧਨ ਉਪਲੱਬਧ ਹਨ, ਦੇਸ਼-ਵਿਦੇਸ਼ਾਂ ਵਿੱਚ ਉਹ ਕੁਝ ਹੀ ਸਮੇਂ ਵਿੱਚ ਘੁੰਮ-ਫਿਰ ਕੇ ਵਾਪਸ ਆ ਸਕਦਾ ਹੈ, ਇੰਟਰਨੈਟ ਦੇ ਜ਼ਰੀਏ ਮੁਸ਼ਕਿਲ ਤੋਂ ਮੁਸ਼ਕਿਲ ਅਤੇ ਦੂਰ-ਦੁਰਾਡੇ ਸਥਾਨਾਂ ਤੇ ਪਲਾਂ ਵਿੱਚ ਹੀ ਆਪਣੇ ਕੰਮਾਂ ਵਿੱਚ ਸਫਲਤਾ ਹਾਸਿਲ ਕਰਦਾ ਹੈ ਪਰ ਅਜਿਹੀ ਭੱਜ-ਦੌੜ ਦੀ ਜ਼ਿੰਦਗੀ ਵਿੱਚ ਅਜੇ ਵੀ ਉਸ ਦਾ ਮਨ ਸ਼ਾਂਤ ਨਹੀ ਹੈ, ਜਿਸ ਕਰਕੇ ਅਜੇ ਵੀ ਉਸ ਦਾ ਅੰਦਰ ਸੱਖਣਾ ਹੈ।

ਆਧੁਨਿਕੀਕਰਣ ਦੀ ਪ੍ਰਕਿਰਿਆ ਵਿੱਚ ਭਾਵੇਂ ਉਸਦਾ ਸਮਾਜਿਕ ਦਾਇਰਾ ਵਿਸ਼ਾਲ ਹੋ ਰਿਹਾ ਹੈ ਪਰ ਸਮਾਜਿਕ ਸਾਂਝ ਲੁਪਤ ਹੁੰਦੀ ਜਾ ਰਹੀ ਹੈ। ਉਸਦਾ ਆਪਣਾ ਵਿਅਕਤੀਗਤ ਜੀਵਨ ਤਹਿਸ-ਨਹਿਸ ਹੋ ਰਿਹਾ ਹੈ। ਉਹ ਨੈਤਿਕ ਗਿਰਾਵਟ ਵੱਲ ਜਾ ਰਿਹਾ ਹੈ। ਇਹ ਉਲਝਣਾਂ ਸਮਾਜਿਕ, ਮਾਨਸਿਕ, ਧਾਰਮਿਕ, ਆਰਥਿਕ ਹਰ ਪੱਖ ਤੋਂ ਉਸ ਦੇ ਜੀਵਨ ਦਾ ਸੰਤੁਲਨ ਵਿਗਾੜ ਰਹੀਆਂ ਹਨ। ਜਿਸ ਦਾ ਮੂਲ ਕਾਰਨ ਉਸਦੀ ਆਪਣੀ ਹਸਤੀ ਦੀ ਪਛਾਣ ਖਤਮ ਹੋਣਾ ਹੈ, ਉਸ ਦਾ ਆਪਣਾ ਮੂਲ ਮਨੋਰਥ ਭੁੱਲ ਕੇ ਸੰਸਾਰ ਵਿੱਚ ਵਿਚਰਨਾ ਹੈ। ਅੱਜ ਮਨੁੱਖ ਇੰਨੀਆਂ ਸਮੱਸਿਆਵਾਂ ਤੇ ਚੁਣੌਤੀਆਂ ਨਾਲ ਲਬਰੇਜ਼ ਹੈ ਕਿ ਉਸਨੂੰ ਕਿਧਰੇ ਵੀ ਇਨ੍ਹਾਂ ਦਾ ਸਮਾਧਾਨ ਨਜ਼ਰ ਨਹੀਂ ਆਉਂਦਾ ਪਰ ਗੁਰਬਾਣੀ ਮਨੁੱਖ ਦੀ ਹਰ ਸਮੱਸਿਆ ਦਾ ਸਮਾਧਾਨ ਕਰਨ ਵਿੱਚ ਹਰ ਪੱਖੋਂ ਕਾਰਗਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸਮੁੱਚੀ ਮਾਨਵਤਾ ਦਾ ਰਹਿਬਰ ਹੈ ਇਸ ਵਿੱਚ ਗੁਰੂ ਸਾਹਿਬਾਨ ਦੁਆਰਾ ਜੀਵਨ ਵਿੱਚ ਵਿਚਰਦਿਆਂ ਕਿਸੇ ਵੀ ਸਮੱਸਿਆ ਦਾ ਸਮਾਧਾਨ ਬਹੁਤ ਹੀ ਸੁਚੱਜੇ ਤਰੀਕੇ ਨਾਲ ਦਰਸਾਇਆ ਗਿਆ ਹੈ। ਲੋੜ ਹੈ ਗੁਰਬਾਣੀ ਵਿੱਚ ਦਰਸਾਈ ਜੀਵਨ ਜਾਚ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨ ਦੀ।

ਗੁਰਬਾਣੀ ਹੀ ਮਨੁੱਖ ਨੂੰ ਅਜਿਹੀ ਅਗਵਾਈ ਪ੍ਰਦਾਨ ਕਰਦੀ ਹੈ ਜਿਸ ਸਦਕਾ ਉਸ ਦਾ ਸਮਾਜਿਕ, ਧਾਰਮਿਕ, ਆਰਥਿਕ, ਵਿਵਹਾਰਿਕ, ਸਭਿਆਚਾਰਕ ਹਰ ਪੱਖੋਂ ਜੀਵਨ ਵਿੱਚ ਸੰਤੁਲਨ ਕਾਇਮ ਰਹਿੰਦਾ ਹੈ ਅਤੇ ਉਸ ਨੂੰ ਹਰ ਮੁਸ਼ਕਿਲ ਤੇ ਤਣਾਅ ਮੁਕਤ ਰੱਖਣ ਵਿੱਚ ਸਹਾਈ ਸਿੱਧ ਹੁੰਦੀ ਹੈ। ਗੁਰਬਾਣੀ ਹੀ ਅਜਿਹਾ ਚਾਨਣ-ਮੁਨਾਰਾ ਹੈ ਜੋ ਮਨੁੱਖ ਅੰਦਰ ਸਰਬੱਤ ਦੇ ਭਲੇ ਲਈ ਚਿਣਗ ਜਗਾ ਕੇ 'ਏਕ ਨੂਰ ਤੇ ਸਭੁ ਜਗੁ ਉਪਜਿਆ' ਦੀ ਹਮਾਇਤ ਕਰਦੀ ਹੈ।

ਗੁਰਬਾਣੀ ਦਾ ਅਸਲ ਮਨੋਰਥ ਇਕ ਅਜਿਹੇ ਆਦਰਸ਼ਕ ਸਮਾਜ ਦੀ ਉਸਾਰੀ ਕਰਨਾ ਹੈ ਜਿੱਥੇ ਵੈਰ-ਵਿਰੋਧ, ਊਚ-ਨੀਚ ਆਦਿ ਵਰਗੇ ਹਰ ਤਰ੍ਹਾਂ ਦੇ ਵਿਤਕਰੇ ਖਤਮ ਹੋ ਕੇ ਭਾਈਚਾਰਕ ਸਾਂਝ ਸਥਾਪਿਤ ਹੁੰਦੀ ਹੈ। ਸਮਾਜ ਵਿੱਚ ਅਤਿ ਦਰਜੇ ਦੇ ਨੀਵੇਂ ਸਮਝੇ ਜਾਂਦੇ ਲੋਕਾਂ ਦਾ ਬਣਦਾ ਮਾਣ ਸਨਮਾਨ ਬਹਾਲ ਕਰਨਾ ਵੀ ਇਸਦਾ ਮੂਲ ਮਨੋਰਥ ਹੈ। ਗੁਰੂ ਸਾਹਿਬਾਨ ਨੇ ਤਾਂ ਸਵੱਛ ਸਮਾਜ ਦੀ ਕਲਪਨਾ ਕੀਤੀ ਹੈ। ਜਾਤ-ਪਾਤ ਦਾ ਭੇਦਭਾਵ ਮਨੁੱਖ ਦਾ ਆਪਣੇ ਆਪ ਪੈਦਾ ਕੀਤਾ ਹੋਇਆ ਹੈ। ਪਰਮਾਤਮਾ ਦੇ ਦਰ ਤੇ ਤਾਂ ਸਾਰੇ ਜੀਵ ਇਕ ਸਮਾਨ ਹਨ। ਕਿਸੇ ਨਾਲ ਕੋਈ ਭੇਦ-ਭਾਵ ਜਾਂ ਵਿਤਕਰੇ ਦੀ ਕੋਈ ਗੁੰਜਾਇਸ਼ ਨਹੀਂ। ਸਗੋਂ ਉੱਥੇ ਤਾਂ "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਆਗੈ ਜਾਤਿ ਨ ਹੇ" ਜਿਹੇ ਮਹਾਂਵਾਕ ਦੀ ਪ੍ਰੋੜ੍ਹਤਾ ਕੀਤੀ ਜਾਂਦੀ ਹੈ। ਗੁਰਬਾਣੀ ਵਿੱਚ ਮਨੁੱਖ ਨੂੰ ਮਨੁੱਖ ਨਾਲ ਪਿਆਰ ਕਰਨ ਤੇ ਇੱਕ ਦੂਜੇ ਦਾ ਸਤਿਕਾਰ ਕਰਨ ਦੀ ਜਾਚ ਸਿਖਾਈ ਗਈ ਹੈ। ਗੁਰੂ ਸਾਹਿਬਾਨ ਨੇ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਗਲੇ ਨਾਲ ਲਾਇਆ ਹੈ। ਇਸੇ ਸਿਧਾਂਤ ਦੀ ਰੋਸ਼ਨੀ ਵਿੱਚ ਉਨ੍ਹਾਂ ਸੰਗਤ-ਪੰਗਤ ਦੀ ਸਥਾਪਨਾ ਕੀਤੀ ਸੀ ਜਿਥੇ ਕਿਸੇ ਨਾਲ ਕੋਈ ਜਾਤੀਗਤ ਭੇਦ-ਭਾਵ ਨਾ ਰੱਖਦੇ ਹੋਏ ਸਭ ਨੂੰ ਇਕੋ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦਾ ਆਦੇਸ਼ ਹੈ। ਇਹ ਸਿਧਾਂਤ ਵਰਤਮਾਨ ਸਮਾਜ ਵਿੱਚ ਵੀ ਉਸੇ ਤਰ੍ਹਾਂ ਹੀ ਅਮਲੀ ਜੀਵਨ ਵਿੱਚ ਧਾਰਨ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਇਸ ਗੱਲ ਦੀ ਪੁਸ਼ਟੀ ਵੀ ਕਰਦੇ ਹਨ ਕਿ ਪਰਮਾਤਮਾ ਦੇ ਦਰ 'ਤੇ ਲੇਖਾ ਜਾਤ-ਪਾਤ ਦੇ ਅਧਾਰ ਤੇ ਨਹੀਂ ਸਗੋਂ ਕਰਮਾਂ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਇਸ ਲਈ ਮਨੁੱਖ ਨੂੰ ਚੰਗੇ ਕਰਮ ਕਰਨੇ ਚਾਹੀਦੇ ਹਨ। ਉਨ੍ਹਾਂ ਅਨੁਸਾਰ ਤਾਂ ਪ੍ਰਭੂ ਨਾਮ ਜਪਣ ਵਾਲਾ ਅਖੌਤੀ ਨੀਵੀਂ ਜਾਤ ਵਾਲਾ ਵੀ ਸ਼੍ਰੇਸ਼ਟ ਪਦਵੀ ਪ੍ਰਾਪਤ ਕਰਕੇ ਸਨਮਾਨਿਆ ਜਾਂਦਾ ਹੈ।

*ਨੀਚ ਜਾਤਿ ਹਰਿ ਜਪਦਿਆ ਉੱਤਮ ਪਦਵੀ ਪਾਇ॥*

ਅਜੋਕੇ ਯੁੱਗ ਵਿੱਚ ਵੀ ਮਨੁੱਖ ਆਪਣੇ ਜੀਵਨ ਨੂੰ ਹੋਰ ਵੀ ਜ਼ਿਆਦਾ ਅਰਾਮ ਭਰਪੂਰ ਬਣਾਉਣ ਤੇ ਹੋਰ ਜ਼ਿਆਦਾ ਸੁੱਖ ਸਹੂਲਤਾਂ ਪ੍ਰਾਪਤ ਕਰਨ ਹਿਤ ਕਈ ਪ੍ਰਕਾਰ ਦੇ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਵਿੱਚ ਪਿਆ ਹੋਇਆ ਹੈ। ਜਿਸ ਦੇ ਸਦਕਾ ਤੀਰਥ-ਇਸ਼ਨਾਨ, ਵਰਤ ਰੱਖਣ, ਕਿਸੇ ਖਾਸ ਦਿਨ-ਵਾਰ ਨੂੰ ਧਰਮ ਅਸਥਾਨ ਜਾਣ ਆਦਿ ਵਰਗੇ ਭਰਮ ਨੂੰ ਕੁਰਾਹੇ ਪਾ ਰਹੇ ਹਨ। ਮਨੁੱਖ ਅਜਿਹੇ ਵਿਅਰਥ ਦੇ ਕਰਮਾਂ-ਕਾਂਡਾਂ ਵਿੱਚ ਪੈ ਕੇ ਆਪਣਾ ਜੀਵਨ ਅਜਾਈਂ ਗੁਆ ਰਿਹਾ ਹੈ। ਇਸ ਤੱਥ ਵਿੱਚ ਸੱਚਾਈ ਹੈ ਕਿ ਜਿਸ ਸਮਾਜ ਨੇ ਆਪਣੀ ਬਹੁ-ਦਿਸ਼ਾਵੀ ਪ੍ਰਕਿਰਿਆ ਹੇਠ ਮਨੁੱਖ ਨੂੰ ਤੀਰਥ ਯਾਤਰਾ, ਬੁੱਤ-ਪੂਜਾ, ਰਿਧੀਆਂ-ਸਿੱਧੀਆਂ, ਵਰਤ, ਦਾਨ-ਪੁੰਨ ਅਤੇ ਕਰਮਾਂ-ਕਾਂਡਾਂ ਵਿੱਚ ਉਲਝਾ ਲਿਆ ਹੋਵੇ ਤੇ ਉਸਦੀ

ਆਪਣੀ 'ਹੋਂਦ' ਦਾ ਵੀ ਉਸਨੂੰ ਅਹਿਸਾਸ ਨਾ ਹੋਵੇ ਤਾਂ ਅਜਿਹੇ ਮਨੁੱਖ ਤੋਂ ਉੱਚ ਜੀਵਨ ਦੇ ਧਾਰਨੀ ਹੋਣ ਤੇ ਜੀਵਨ ਮਨੋਰਥ ਦੀ ਪ੍ਰਾਪਤੀ ਦੀ ਆਸ ਬਿਲਕੁਲ ਵੀ ਨਹੀਂ ਕੀਤੀ ਜਾ ਸਕਦੀ।ਲੋਭੀ ਤੇ ਪਾਖੰਡੀ ਜੀਵਨ ਸ਼ੈਲੀ ਵਿੱਚ ਉਲਝਣ ਸਦਕਾ ਉਸ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ ਸਗੋਂ ਪਰਮਾਤਮਾ ਦੇ ਦਰ 'ਤੇ ਉਹ ਜਮਾਂ ਦੀ ਮਾਰ ਦਾ ਭਾਗੀ ਬਣਦਾ ਹੈ:

*ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ॥*

*ਹਲਤਿ ਪਲਤਿ ਦੁਖਦਾਈ ਹੋਵੈ ਜਮਕਾਲੁ ਖੜਾ ਸਿਰਿ ਮਾਰੇ॥*

ਇਸੇ ਲਈ ਅਜੋਕਾ ਮਨੁੱਖ ਜੋ ਬਾਹਰੀ ਦਿਖਾਵਿਆਂ ਅਤੇ ਪਾਖੰਡਾਂ ਨੂੰ ਹੀ ਅਸਲ ਜ਼ਿੰਦਗੀ ਮੰਨ ਕੇ ਆਪਣੇ ਜੀਵਨ ਮਨੋਰਥ ਤੋਂ ਥਿੜਕਿਆ ਹੋਇਆ ਹੈ, ਗੁਰੂ ਸਾਹਿਬ ਅਜਿਹੇ ਕਿਰਦਾਰ ਸਦਕਾ ਮਨ ਵਿੱਚ ਹਉਮੈ ਦਾ ਵਾਸਾ ਹੋਇਆ ਮੰਨਦੇ ਹਨ। ਉਨ੍ਹਾਂ ਦੀ ਥਾਂ ਉਹ ਬਾਹਰੀ ਚਿੰਨ੍ਹ ਜਾਂ ਅਸ਼ਲੀਲ ਪਹਿਰਾਵੇ ਜੋ ਮਨ ਵਿੱਚ ਵਿਕਾਰਾਂ ਦਾ ਵਾਸ ਕਰਦੇ ਹਨ, ਉਨ੍ਹਾਂ ਦੀ ਥਾਂ ਉਹ ਮਨੁੱਖ ਦੀ ਅੰਦਰਲੀ ਪਵਿੱਤਰਤਾ 'ਤੇ ਜ਼ੋਰ ਦਿੰਦੇ ਹਨ ਕਿਉਂਕਿ ਪਰਮਾਤਮਾ ਦੀ ਪ੍ਰਾਪਤੀ ਲਈ ਮਨ, ਅੰਦਰੋਂ ਖੋਟਾਂ ਤੇ ਵਿਕਾਰਾਂ ਤੋਂ ਰਹਿਤ ਹੋਣਾ ਚਾਹੀਦਾ ਹੈ। ਕਿਉਂਕਿ ਮਨ ਦੀ ਅਪਵਿੱਤਰਤਾ ਸਦਕਾ ਹੀ ਮਨੁੱਖ ਨਾ ਤਾਂ ਅਧਿਆਤਮਕ ਤੌਰ 'ਤੇ ਅੱਗੇ ਵੱਧ ਸਕਦਾ ਹੈ ਅਤੇ ਨਾ ਹੀ ਸਮਾਜਿਕ ਤੌਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਹਿਤ ਕਾਰਜਸ਼ੀਲ ਹੁੰਦਾ ਹੈ। ਅਜਿਹਾ ਵਿਅੰਗ ਉਨ੍ਹਾਂ ਨੇ ਸਮਾਜ ਵਿੱਚ ਵਿਚਰਦੇ ਜੋਗੀਆਂ, ਸੰਨਿਆਸੀਆਂ ਅਤੇ ਧਰਮ ਦੇ ਅਹੁਦੇਦਾਰਾਂ ਲਈ ਵਰਤਿਆ ਸੀ। ਅਜੋਕੇ ਯੁੱਗ ਵਿੱਚ ਪੱਛਮੀ ਸੱਭਿਆਚਾਰ ਦੀ ਮਾਰ ਹੇਠ ਸਿੱਖ ਵੀ ਆਪਣੇ ਪਹਿਰਾਵਿਆਂ ਵਿੱਚ ਤਬਦੀਲੀ ਕਰਨ ਲੱਗ ਪਿਆ ਹੈ। ਉਨ੍ਹਾਂ ਵਾਂਗ ਹੀ ਜੋ ਗੁਰੂ ਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਪੰਜ ਕਕਾਰੀ ਵਰਦੀ ਦਿੱਤੀ ਸੀ, ਦੀ ਵਰਤੋਂ ਕਰਨ ਵਿੱਚ ਵੀ ਆਪਣੀ ਮਰਜ਼ੀ ਕਰ ਰਿਹਾ ਹੈ। ਉਹ ਸਿੱਖੀ ਤੋਂ ਮੁਨਕਰ ਹੋ ਕੇ ਪਤਿਤਪੁਣੇ ਦਾ ਸ਼ਿਕਾਰ ਹੋ ਰਿਹਾ ਹੈ ਜੋ ਕਿ ਸਿੱਖ ਪੰਥ ਅੰਦਰ ਸਿੱਖੀ ਦੀ ਪਹਿਚਾਣ ਲਈ ਸਭ ਤੋਂ ਵੱਡਾ ਖਤਰਾ ਨਜ਼ਰ ਆ ਰਿਹਾ ਹੈ। ਅੱਜ ਦਾ ਸਿੱਖ ਨੌਜਵਾਨ ਮਾਡਰਨ ਜੀਵਨ-ਸ਼ੈਲੀ ਨੂੰ ਅਪਣਾ ਕੇ ਆਪਣੇ ਸਿੱਖ ਵਿਰਸੇ ਤੋਂ ਮੂੰਹ ਮੋੜ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਮਾਪਿਆਂ ਦੀ ਆਪਣੀ ਅਣਗਹਿਲੀ ਨੂੰ ਹੀ ਮੰਨਿਆ ਜਾ ਰਿਹਾ ਹੈ। ਵਰਤਮਾਨ ਸਮਾਜ ਦੀ ਫੈਸ਼ਨ-ਪ੍ਰਸਤੀ ਵਿੱਚ ਅੱਜ ਮੀਡੀਆ ਤੇ ਵੀ ਅਜਿਹਾ ਅਸ਼ਲੀਲ ਸੱਭਿਆਚਾਰ ਅਤੇ ਦੰਗਾ ਫਸਾਦੀ ਫਿਲਮਾਂ ਵੱਲ ਰੁਝਾਨ ਅੱਜ ਦੇ ਨੌਜਵਾਨਾਂ ਨੂੰ ਕੁਰਾਹੇ ਪਾ ਰਿਹਾ ਹੈ। ਨਵੇਂ ਯੁੱਗ ਦੀ ਨਵੀਂ ਸੋਚ ਨੇ ਮਨੁੱਖ ਵਿਚੋਂ ਦਇਆ, ਧਰਮ, ਸੰਤੋਖ, ਨਿਮਰਤਾ, ਸਹਿਨਸ਼ੀਲਤਾ ਅਤੇ ਭਾਈਚਾਰਕ ਸਾਂਝ ਨੂੰ ਤਾਂ

ਬਿਲਕੁਲ ਖਤਮ ਹੀ ਕਰ ਦਿੱਤਾ ਹੈ। ਅੱਜ ਲੋੜ ਹੈ ਨੌਜਵਾਨਾਂ ਵਿੱਚ ਗੁਰੂ ਸਾਹਿਬ ਦੇ ਦਰਸਾਏ ਸਿਧਾਂਤਾਂ ਤੇ ਅਸੂਲਾਂ ਨੂੰ ਵੱਧ ਤੋਂ ਵੱਧ ਪ੍ਰਚਾਰਨ ਦੀ ਅਤੇ ਉਨ੍ਹਾਂ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨ ਦੀ, ਬੇਸ਼ੁਮਾਰ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਭਰੇ ਇਤਿਹਾਸ ਨੂੰ ਆਪਣੀ ਵਿਰਾਸਤ ਦਾ ਫ਼ਖਰ ਸਮਝਣ ਦੀ। ਪਰ ਅਫਸੋਸ ਇਸ ਕਾਰਜ ਪੱਖੋਂ ਭਾਵੇਂ ਵੱਖ-ਵੱਖ ਸਭਾ ਸੋਸਾਇਟੀਆਂ ਵਲੋਂ ਕਾਫੀ ਯਤਨ ਕੀਤੇ ਜਾ ਰਹੇ ਹਨ, ਪਰ ਅਮਲੀ ਜੀਵਨ ਵਿੱਚ ਇਸ ਨੂੰ ਕੋਈ ਵੀ ਧਾਰਨ ਨਹੀਂ ਕਰ ਰਿਹਾ। ਜਿਸ ਦਾ ਮੂਲ ਕਾਰਨ ਸਮਾਜ ਵਿੱਚ ਬੇਰੁਜ਼ਗਾਰੀ ਦਾ ਹੋਣਾ ਹੈ। ਅੱਜ ਦੀ ਅੰਨ੍ਹੀ ਭੱਜ ਦੌੜ ਵਿੱਚ ਸਾਰਾ ਦਿਨ ਮਿਹਨਤ ਕਰਨ ਦੇ ਬਾਵਜੂਦ ਵੀ ਇਨਸਾਨ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। 'ਪੇਟ ਨਾ ਪਈਆਂ ਰੋਟੀਆਂ ਸਭੇ ਗੱਲਾਂ ਖੋਟੀਆਂ' ਅਨੁਸਾਰ ਜਿਥੇ ਇਨਸਾਨ ਨੂੰ ਅੱਜ ਰੁਜ਼ਗਾਰ ਨਾ ਮਿਲਣ ਕਰਕੇ ਉਹ ਤਣਾਅ ਗ੍ਰਸਤ ਹੈ। ਰੁਜ਼ਗਾਰ ਦੀ ਪ੍ਰਾਪਤੀ ਲਈ ਉਹ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਇੰਨਾ ਜ਼ਿਆਦਾ ਪੜ੍ਹ ਲਿਖ ਕੇ, ਮਿਹਨਤ ਕਰਕੇ ਫਿਰ ਜਦ ਰੁਜ਼ਗਾਰ ਪੱਖੋਂ ਨੌਜੁਆਨਾਂ ਨੂੰ ਨਿਰਾਸ਼ਤਾ ਦਾ ਮੂੰਹ ਵੇਖਣਾ ਪੈਦਾਂ ਹੈ ਤਾਂ ਇਸ ਦੇ ਸਿੱਟੇ ਵਜੋਂ ਹੀ ਸਮਾਜ ਵਿੱਚ ਭ੍ਰਿਸ਼ਟਾਚਾਰ, ਦਹਿਸ਼ਤਵਾਦ, ਨਸ਼ਾਖੋਰੀ ਵਰਗੀਆਂ ਬਿਮਾਰੀਆਂ ਭਿਆਨਕ ਰੂਪ ਵਿੱਚ ਆ ਫੈਲਦੀਆਂ ਹਨ ਜੋ ਕਿ ਸਿੱਖ ਸਮਾਜ ਲਈ ਸਭ ਤੋਂ ਵੱਡੀਆਂ ਚੁਣੌਤੀਆਂ ਹਨ। ਇਸੇ ਲਈ ਅੱਜ.ਆਪਣੇ ਰਾਜ ਵਿੱਚ ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਅੱਜ ਦੇ ਨੌਜਵਾਨਾਂ ਅੰਦਰ ਵਿਦੇਸ਼ਾਂ ਵਿੱਚ ਜਾਣ ਦੀ ਹੋੜ੍ਹ ਲੱਗ ਪਈ ਹੈ ਅਤੇ ਉਥੇ ਜਾ ਕੇ ਉਥੋਂ ਦੇ ਸੱਭਿਆਚਾਰ ਨੂੰ ਅਪਣਾ ਕੇ ਉਹ ਸਿੱਖ ਵਿਰਾਸਤ ਤੋਂ ਅਵੇਸਲੇ ਹੁੰਦੇ ਜਾ ਰਹੇ ਹਨ। ਆਪਣੇ ਸੱਭਿਆਚਾਰ, ਆਪਣੀ ਬੋਲੀ, ਆਪਣਾ ਖਾਣਾ-ਪਾਨ ਤਿਆਗ ਕੇ ਵਿਦੇਸ਼ੀ ਰੰਗ ਵਿੱਚ ਰੰਗੇ ਜਾ ਰਹੇ ਹਨ।

ਵਰਤਮਾਨ ਸਮਾਜ ਵਿੱਚ ਜਦ ਸਿੱਖ ਪੰਥ ਦੀ ਅਗਵਾਈ ਦੀ ਗੱਲ ਆਉਂਦੀ ਹੈ ਤਾਂ ਹਰ ਇਕ ਨਿਗਾਹ ਸ੍ਰੀ ਅਕਾਲ ਤਖਤ ਸਾਹਿਬ ਵੱਲ ਜਾਂਦੀ ਹੈ ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਪੰਥ ਦੀ ਵਿਲੱਖਣਤਾ ਤੇ ਨਿਆਰੇਪਣ ਨੂੰ ਅਜ਼ਾਦੀ ਦੇ ਤੌਰ ’ਤੇ ਸਾਰੇ ਵਿਸ਼ਵ ਦੇ ਸਾਹਮਣੇ ਬਰਕਰਾਰ ਰੱਖਣ ਲਈ ਆਪ ਸਥਾਪਿਤ ਕੀਤਾ ਸੀ। ਇਸ ਤਖਤ ਦੀ ਰਹਿਨੁਮਾਈ ਹੇਠ ਸਿੱਖ ਧਰਮ ਦੇ ਸਾਰੇ ਛੋਟੇ-ਵੱਡੇ ਫੈਸਲੇ ਲਏ ਜਾਂਦੇ ਹਨ। ਪਰ ਜਦੋ ਸਿੱਖਾਂ ਵਲੋਂ ਬਾਕੀ ਸਥਾਪਿਤ ਕੀਤੇ ਤਖਤਾਂ ਦੀ ਮਾਣ-ਮਰਿਆਦਾ ਦੀ ਗੱਲ ਆਉਂਦੀ ਹੈ ਤਾਂ ਸਿੱਖਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖੀ ਦਾ ਸਿਧਾਂਤ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਦਾ' ਅਤੇ 'ਸਾਹਿਬੁ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ

ਹੈ ’ ਵਰਗੇ ਗੁਰਬਾਣੀ ਸਿਧਾਂਤ ਜਿੱਥੇ ਸਮੁੱਚੇ ਸਿੱਖ ਭਾਈਚਾਰੇ ਨੂੰ ਇੱਕ ਪਰਮਾਤਮਾ ਦੇ ਸੂਤਰ ਵਿੱਚ ਪਰੋਣ ਲਈ ਏਕੇ ਦਾ ਸਬੂਤ ਦਿੰਦੇ ਹਨ ਉਥੇ ਤਖਤਾਂ ਦੀ ਵੱਖ-ਵੱਖ ਮਰਿਆਦਾ ਸਿੱਖ ਧਰਮ ਨੂੰ ਫਿਰ ਇਕ ਮਾਲਾ ਦੇ ਮਣਕੇ ਵਿਚੋਂ ਕੱਢ ਕੇ ਵੱਖ-ਵੱਖ ਕਰ ਦਿੰਦੀ ਹੈ। ਇਹ ਦੁਬਿਧਾ ਸਿੱਖ ਧਰਮ ਦੇ ਪੈਰੋਕਾਰਾਂ ਦੀ ਅਹਿਮ ਚੁਣੌਤੀ ਬਣ ਕੇ ਸਿੱਖਾਂ ਵਿੱਚ ਵੰਡੀਆਂ ਪਾਉਣ ਦਾ ਕਾਰਜ ਕਰ ਰਹੀ ਹੈ ਜੋ ਕਿ ਸਿੱਖ ਧਰਮ ਲਈ ਬਹੁਤ ਹੀ ਹਾਨੀਕਾਰਕ ਹੈ। ਇੰਨਾ ਹੀ ਨਹੀਂ ਸਿੱਖ ਧਰਮ ਨੂੰ ਵੱਖ-ਵੱਖ ਸਮੇਂ ਤੋਂ ਕਈ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਰਹਿਤ ਮਰਿਆਦਾ ਵੱਲ ਝਾਤ ਮਾਰੀਏ ਤਾਂ ਬੜੀ ਬੇਚੈਨੀ ਤੇ ਹੈਰਾਨੀ ਹੁੰਦੀ ਹੈ ਕਿ ਸਿੱਖ ਧਰਮ ਦੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਨੂੰ ਮੰਨਣ ਤੇ ਨਾ ਮੰਨਣ ਵਾਲੇ ਅਨੇਕਾਂ ਹੀ ਧੜੇ ਸਿੱਖ ਧਰਮ ਵਿੱਚ ਸਥਾਪਿਤ ਹੋ ਚੁੱਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ’ਤੇ ਦੁਨੀਆਂ ਵਿੱਚ ਵੱਸਣ ਵਾਲੇ ਹਰ ਸਿੱਖ ਨੂੰ ਇਕ ਮਾਲਾ ਵਿੱਚ ਪਰੋਣ ਲਈ ਸਿੱਖ ਰਹਿਤ ਮਰਿਯਾਦਾ ਦਾ ਅਹਿਮ ਰੋਲ ਸੀ। ਪਰ ਇਸਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਧਰਮ ਦੀਆਂ ਅਨੇਕਾਂ ਹੀ ਚੁਣੌਤੀਆਂ ਵਿਚੋਂ ਜਦੋਂ ਅਗਲੀ ਚੁਣੌਤੀ ਸਿੱਖ ਵਿੱਦਿਆ ਪ੍ਰਣਾਲੀ ਵੱਲ ਝਾਤ ਮਾਰਦੇ ਹਾਂ ਤਾਂ ਸਾਡਾ ਧਿਆਨ ਸਿੱਖ ਧਰਮ ਦੇ ਉਨ੍ਹਾਂ ਨੌਜਵਾਨਾਂ ਵੱਲ ਜਾਂਦਾ ਹੈ ਜਿਨ੍ਹਾਂ ਧਰਮ ਦੀ ਅਗਵਾਈ ਕਰਨੀ ਸੀ ਪਰੰਤੂ ਵਿੱਦਿਆ ਵਲੋਂ ਅਵੇਸਲੇ ਹੋਣ ਕਰਕੇ ਧਰਮ-ਗ੍ਰੰਥਾਂ ਤੋਂ ਮੂੰਹ ਮੋੜ ਲਿਆ, ਜਿਸ ਸਦਕਾ ਨਾ ਉਹ ਅਧਿਆਤਮਿਕ ਗਿਆਨ ਹਾਸਿਲ ਕਰ ਸਕੇ ਤੇ ਨਾ ਹੀ ਦੁਨਿਆਵੀ। ਵਿਸ਼ਵ ਦੇ ਖਾਕੇ ਤੇ ਜਦੋਂ ਵੱਖ-ਵੱਖ ਧਰਮਾਂ ਦੀ ਹੋਂਦ ਅਤੇ ਵਿਲੱਖਣਤਾ ਦੀ ਗੱਲ ਚਲੇਗੀ ਉਸ ਸਮੇਂ ਸ਼ਾਇਦ ਸਿੱਖ ਧਰਮ ਦਾ ਨੌਜਵਾਨ ਸਿੱਖ ਵਿੱਦਿਅਕ ਪ੍ਰਣਾਲੀ ਤੋਂ ਸੱਖਣਾ ਹੋਣ ਕਰਕੇ ‘ਸਭੇ ਸਾਝੀਵਾਲ ਸਦਾਇਨਿ’ ਪੂਰੇ ਵਿਸ਼ਵ ਨੂੰ ਆਪਣੀ ਗਲਵੱਕੜੀ ਵਿੱਚ ਲੈਣ ਵਾਲੇ ਸਿਧਾਂਤਾਂ ਦਾ ਹੋਕਾ ਦੇਣ ਵਾਲੇ ਗ੍ਰੰਥ ਦੀ ਵਿਆਖਿਆ ਨਾ ਕਰ ਸਕੇ। ਇਸ ਤਰ੍ਹਾਂ ਦੇ ਵਿਸ਼ੇ ਸਿੱਖ ਧਰਮ ਨੂੰ ਬੜੇ ਹੀ ਘਾਤਕ ਨਤੀਜਿਆਂ ਵੱਲ ਲੈ ਕੇ ਜਾਣਗੇ। ਜੇਕਰ ਸਿੱਖ ਧਰਮ ਦੀਆਂ ਹੋਰ ਉੱਭਰ ਰਹੀਆਂ ਚੁਣੌਤੀਆਂ ਵੱਲ ਨਿਗਾਹ ਮਾਰੀ ਜਾਵੇ ਤਾਂ ਡੇਰਾਵਾਦ ਅਤੇ ਸੰਪ੍ਰਦਾਇ ਇਕ ਅਹਿਮ ਚੁਣੌਤੀ ਸਿੱਖ ਧਰਮ ਦੇ ਵਿਕਾਸ ਵਿੱਚ ਰੁਕਾਵਟ ਬਣੀ ਨਜ਼ਰ ਆ ਰਹੀ ਹੈ। ਸਿੱਖ ਜਗਤ ਵਿੱਚ ਭਾਵੇਂ ‘ਸ਼ਬਦ ਗੁਰੂ’ਦਾ ਸਿਧਾਂਤ ਪ੍ਰਚੱਲਿਤ ਹੈ ਪ੍ਰੰਤੂ ਫਿਰ ਵੀ ਸ਼ਬਦ ਗੁਰੂ ਦੇ ਸਾਹਮਣੇ ਸ਼ਰੀਕ ਬਣੇ ਹੋਏ ਦੇਹਧਾਰੀ ਗੁਰੂ ਸਥਾਪਿਤ ਹੋਣ ਸਦਕਾ ਸਿੱਖ ਸਮਾਜ ਦੀ ਸੰਗਤ ਵੱਖ-ਵੱਖ ਧੜੇਬੰਦੀਆਂ ਵਿੱਚ ਉਲਝਦੀ ਨਜ਼ਰ ਆ ਰਹੀ ਹੈ। ‘ ਇਕਾ

ਬਾਣੀ ਇਕੋ ਗੁਰੁ ਇਕੋ ਸਬਦ ਵੀਚਾਰਿ' ਦਾ ਸਿਧਾਂਤ ਪ੍ਰਚਾਰਣ ਵਾਲਾ ਸਿੱਖ ਸਮਾਜ ਅੱਜ ਡੇਰਾਵਾਦ ਸਦਕਾ ਆਪਣੀ ਵਿਲੱਖਣਤਾ ਵਾਲੀ ਹੋਂਦ ਨੂੰ ਬਰਕਰਾਰ ਰੱਖਣ ਵਿੱਚ ਉਲਝਦਾ ਜਾ ਰਿਹਾ ਹੈ।

ਸਿੱਖ ਧਰਮ ਵਿੱਚ ਜਿਥੇ ਇਸਤਰੀਆਂ ਹਰ ਕਾਰਜ ਵਿੱਚ ਮੋਹਰੀ ਰੋਲ ਅਦਾ ਕਰ ਰਹੀਆਂ ਹਨ ਅੱਜ ਉਨ੍ਹਾਂ ਦੀ ਸਥਿਤੀ 'ਤੇ ਵੀ ਪ੍ਰਸ਼ਨ-ਚਿੰਨ੍ਹ ਲੱਗਦਾ ਨਜ਼ਰ ਆ ਰਿਹਾ ਹੈ। ਘਰ ਦੀ ਚਾਰ ਦੀਵਾਰੀ ਵਿੱਚ ਰਹਿਣ ਵਾਲੀ ਸਿੱਖ ਇਸਤਰੀ ਅੱਜ ਅਸਮਾਨ ਨੂੰ ਛੂਹਣ ਦੀ ਪੁਲਾਂਘ ਪੁੱਟ ਚੁੱਕੀ ਹੈ ਪਰ ਫਿਰ ਵੀ ਸਮਾਜ ਵਿੱਚ ਉਹ ਅਜੇ ਵੀ ਦੁਜੈਲੇ ਸਥਾਨ ਦੀ ਹੱਕਦਾਰ ਸਮਝੀ ਜਾਂਦੀ ਹੈ। ਅੱਜ ਵੀ ਉਸ ਨੂੰ ਕਈ ਵਾਰ ਬਦਸਲੂਕੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਦੀ ਤੰਗ ਸੋਚ ਕਾਰਨ ਸਿੱਖ ਇਸਤਰੀ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਆਪ ਹੀ ਕਦਮ ਉਠਾਉਣੇ ਪੈਣਗੇ। ਜੇਕਰ ਗੁਰੂ ਘਰ ਦੀ ਗੱਲ ਕੀਤੀ ਜਾਵੇ ਤਾਂ ਅਜੇ ਤੱਕ ਵੀ ਗੁਰੂ-ਘਰ ਵਿੱਚ ਇਸਤਰੀ ਨੂੰ ਕੀਰਤਨ ਕਰਨ ਦੀ ਪੂਰਨ ਤੌਰ ਤੇ ਆਗਿਆ ਨਹੀਂ ਮਿਲੀ। ਸਿੱਖ ਧਰਮ ਦਾ ਕੇਂਦਰੀ ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜਿਥੇ ਕਿ ਹਰ ਧਰਮ, ਹਰ ਵਰਗ ਤੇ ਹਰ ਕੌਮ ਦੇ ਬਸ਼ਿੰਦੇ ਦਾ ਸਿਰ ਝੁਕਦਾ ਹੈ, ਦੁਨੀਆ ਦਾ ਇਕੋ-ਇਕ ਸਥਾਨ ਜਿੱਥੇ ਜਾਤ, ਨਸਲ, ਗੋਤ, ਮਜ਼ਹਬ ਵਿਤਕਰੇ ਤੋਂ ਉੱਪਰ ਉੱਠ ਕੇ ਇਕੋ ਪੰਗਤ ਵਿੱਚ ਤਨ ਦੀ ਖੁਰਾਕ ਲੰਗਰ ਛਕ ਕੇ ਅਤੇ ਮਨ ਦੀ ਖੁਰਾਕ ਲਈ ਆਪਣੇ ਆਪ ਨੂੰ ਉਸ ਪਰਮਾਤਮਾ ਦੀ ਇਬਾਦਤ ਵਿੱਚ ਲੀਨ ਕੀਤਾ ਜਾਂਦਾ ਹੈ ਉਸੇ ਅਸਥਾਨ ਤੇ ਸਿੱਖ ਇਸਤਰੀ ਨੂੰ ਸ਼ਬਦ ਕੀਰਤਨ ਕਰਨ ਦੀ ਮਨਾਹੀ ਹੈ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਸਿਧਾਂਤ ਪ੍ਰਗਟਾਉਂਦੀ 'ਧੁਰ ਦੀ ਬਾਣੀ' ਅੱਜ ਉਸੀ ਸਿੱਖ ਇਸਤਰੀ ਨੂੰ ਗੁਰੂ ਦੀ ਗੋਦ ਵਿੱਚ ਬੈਠ ਕੇ ਕੀਰਤਨ ਕਰਨ ਲਈ ਲੰਮਾ ਸੰਘਰਸ਼ ਕਰਨਾ ਪੈ ਰਿਹਾ ਹੈ। ਸਿੱਖ ਧਰਮ ਦੀ ਇਹ ਦਰਪੇਸ਼ ਚੁਣੌਤੀ ਸਿੱਖ ਸਮਾਜ ਲਈ ਘਾਤਕ ਸਾਬਿਤ ਹੋ ਰਹੀ ਹੈ।

ਸਿੱਖ ਧਰਮ ਨੂੰ ਆ ਰਹੀਆਂ ਇਨ੍ਹਾਂ ਸਾਰੀਆਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਾਨੂੰ ਇਕ ਖਾਸ ਏਜੰਡਾ ਤਿਆਰ ਕਰਨਾ ਪਵੇਗਾ। ਸਿੱਖ ਸਮਾਜ ਆਪਣੇ ਪਵਿੱਤਰ ਅਤੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਵਿਚਾਰਧਾਰਾ, ਫ਼ਲਸਫ਼ਾ ਅਤੇ ਰੂਹਾਨੀਅਤ ਸਦਕਾ ਵਿਸ਼ਵ ਦੀਆਂ ਬਰੂਹਾਂ ਤੇ ਜੀਵਿਤ ਹੈ। ਪਵਿੱਤਰ ਧਰਮ ਗ੍ਰੰਥ ਦੀ ਅਗਵਾਈ ਵਿੱਚ ਸਮੁੱਚਾ ਸਿੱਖ ਪੰਥ ਜੇਕਰ ਪ੍ਰਫੁੱਲਿਤ ਹੋ ਰਿਹਾ ਹੈ, ਸੰਸਾਰ ਦੇ ਹਰ ਖਿੱਤੇ, ਧਰਮ, ਜਾਤ ਤੇ ਸਮੂਹ ਵਿਸ਼ਵ ਭਾਈਚਾਰੇ ਨੂੰ ਜਦੋਂ ਇਹ ਆਪਣੇ ਕਲਾਵੇ ਵਿੱਚ ਲੈਣ ਦੀ ਸਮਰੱਥਾ ਰੱਖਦਾ ਹੈ ਤਾਂ ਫਿਰ ਸਿੱਖ ਪੰਥ ਆਪਣੇ ਘਰ ਆ

ਰਹੀਆਂ ਦਰਪੇਸ਼ ਚੁਣੌਤੀਆਂ ਤੋਂ ਕਿਉਂ ਘਿਰਿਆ ਹੋਇਆ ਹੈ। ਗਹੁ ਨਾਲ ਵਾਚਾਂਗੇ ਤਾਂ ਪਤਾ ਲੱਗੇਗਾ ਕਿ ਸਿੱਖ ਸਮਾਜ ਦੇ ਇਨ੍ਹਾਂ ਦਰਪੇਸ਼ ਚੁਣੌਤੀਆਂ ਵਿੱਚ ਫਸਣ ਦਾ ਕਾਰਨ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀਅਤ ਤੋਂ ਮੂੰਹ ਮੋੜ ਲਿਆ ਹੈ। ਇਥੇ ਇਹ ਵੀ ਦੱਸ ਦੇਈਏ ਕਿ ਜਿਹੜੀ ਕੌਮ ਆਪਣੀ ਵਿਰਾਸਤ, ਆਪਣੇ ਇਸ਼ਟ, ਆਪਣੇ ਸਿਧਾਂਤਾਂ ਤੋਂ ਮੂੰਹ ਮੋੜ ਲੈਂਦੀ ਹੈ ਭਾਵ ਆਪਣੀ ਸਿਧਾਂਤਕ ਵਿਚਾਰਧਾਰਾ ਨੂੰ ਭੁੱਲ ਜਾਂਦੀ ਹੈ ਤਾਂ ਉਸ ਕੌਮ ਦੀ ਵਿਰਾਸਤ ਦਾ ਤਾਂ ਕੁਝ ਨਹੀਂ ਜਾਂਦਾ ਪਰ ਉਸ ਕੌਮ ਦਾ ਕੁਝ ਨਹੀਂ ਰਹਿੰਦਾ। ਸੋ ਸੰਖੇਪ ਰੂਪ ਵਿੱਚ ਸਿੱਖ ਸਮਾਜ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਆਪਣੇ ਜੀਵਨ ਦਾ ਅੰਗ ਬਣਾਉਣਾ ਪਵੇਗਾ ਅਤੇ ਆਪਸੀ ਭਾਈਚਾਰਕ ਸਾਂਝ ਪੈਦਾ ਕਰਕੇ ਸੰਗਤੀ ਰੂਪ ਵਿੱਚ ਸਿੱਖ ਸਮਾਜ ਦੀ ਚੜ੍ਹਦੀ ਕਲਾ ਲਈ ਤਤਪਰ ਹੋ ਕੇ ਕਾਰਜ ਕਰਨੇ ਪੈਣਗੇ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:-

*ਹੋਇ ਇਕਤ੍ਰ ਮਿਲਹੁ ਮੇਰੇ ਭਾਈ*

*ਦੁਬਿਧਾ ਦੂਰਿ ਕਰਹੁ ਲਿਵ ਲਾਇ॥*

ਸੋ ਆਪਣੇ ਦ੍ਰਿੜ ਇਰਾਦੇ ਤੇ ਨਿਸ਼ਚੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਆਪਣੇ ਆਪ ਨੂੰ ਢਾਲਣਾ ਪਵੇਗਾ। ਕੇਵਲ ਵਰਤਮਾਨ ਵਿੱਚ ਆ ਰਹੀਆਂ ਚੁਣੌਤੀਆਂ ਹੀ ਨਹੀਂ ਸਗੋਂ ਭਵਿੱਖ ਵਿੱਚ ਵੀ ਆਧੁਨਿਕ ਯੁੱਗ ਦੇ ਸਮੇਂ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਗੁਰਬਾਣੀ ਨੇ ਉਨਾਂ ਦਾ ਹੱਲ ਵੀ ਬਾਖੂਬੀ ਦਰਸਾਇਆ ਹੈ। ਜਿਵੇਂ ਸਿੱਖ ਸਮਾਜ ਦੀ ਵਿੱਦਿਆ ਪ੍ਰਣਾਲੀ ਦਾ ਅਹਿਸਾਸ ਸਿੱਖ ਨੌਜਵਾਨਾਂ ਤੱਕ ਇਹ ਕਹਿ ਕੇ ਕਰਵਾਇਆ ਜਾਏ ਕਿ 'ਵਿਦਿਆ ਵੀਚਾਰੀ ਤਾ ਪਰਉਪਕਾਰੀ' ਦੇ ਸਿਧਾਂਤ ਸਦਕਾ ਖੁਦ ਨੂੰ ਗਿਆਨਵਾਨ ਬਣਾ ਕੇ ਪਰਉਪਕਾਰੀ ਜੀਵਨ ਬਣਾਇਆ ਜਾ ਸਕਦਾ ਹੈ। ਸਮਾਜ ਵਿੱਚ ਆਪਸੀ ਨਫਰਤ ਖਤਮ ਕਰਕੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਇਨ੍ਹਾਂ ਹਵਾਲਿਆਂ ਨੂੰ ਅਮਲੀ ਜੀਵਨ ਵਿੱਚ ਢਾਲਿਆ ਜਾ ਸਕਦਾ ਹੈ:

*ਏਕੁ ਪਿਤਾ ਏਕਸ ਕੇ ਹਮ ਬਾਰਿਕ*

*ਤੂ ਮੇਰਾ ਗੁਰ ਹਾਈ॥*

ਵਿਸ਼ਵ ਦੇ ਦਰਦ ਨੂੰ ਨਾ ਸਹਾਰਦੇ ਹੋਏ ਆਪਣੇ ਇਸ਼ਟ ਅੱਗੇ ਸਰਬੱਤ ਦੇ ਭਲੇ ਦੀ ਕਾਮਨਾ ਕਰਨਾ ਤੇ ਭਾਈਚਾਰਕ ਸਾਂਝ ਵਿੱਚ ਮਜ਼ਬੂਤੀ ਲਿਆਉਣਾ ਜੀਵਨ ਦਾ ਪਹਿਲਾ ਪੜਾਅ ਹੈ। ਗੁਰਬਾਣੀ ਦਾ ਇਸ ਪਾਵਨ ਬਚਨ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ" ਜਿਤੁ ਦੁਆਰੈ

ਉਬਰੈ ਤਿਤੈ ਲੈਹੁ ਉਬਾਰਿ' ਵਿੱਚ ਨਿਰੂਪਣ ਕੀਤੇ ਸਿਧਾਂਤ ਤੇ ਚੱਲਿਆ ਜਾ ਸਕਦਾ ਹੈ। ਇਤਨਾ ਹੀ ਨਹੀਂ ਸਮਾਜ ਵਿੱਚ ਸ਼ਾਂਤੀ ਤੇ ਆਪਸੀ ਮੇਲ-ਮਿਲਾਪ ਦੀ ਭਾਵਨਾ ਵੀ ਗੁਰੂ ਆਸ਼ੇ ਅਨੁਸਾਰ ਉਜਾਗਰ ਕੀਤੀ ਜਾ ਸਕਦੀ ਹੈ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ॥*

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*

ਸਿੱਖ ਸਮਾਜ ਦੀ ਨਿੱਤ ਦੀ ਅਰਦਾਸ "ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਇਸ ਵਿੱਚ ਪੈ ਰਹੀਆਂ ਵੰਡੀਆਂ ਨੂੰ ਖਤਮ ਕਰਕੇ ਸਿੱਖ ਧਰਮ ਦੀ ਚੜ੍ਹਦੀ ਕਲਾ ਦਾ ਸਬੂਤ ਦਿੰਦੀ ਹੈ। ਇਸ ਸਿਧਾਂਤ ਨੂੰ ਅਮਲੀ ਜੀਵਨ ਵਿੱਚ ਧਾਰਨ ਕਰਨਾ ਵੀ ਅਤਿ ਜਰੂਰੀ ਹੈ।

ਸੋ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦੇ ਸਾਹਮਣੇ ਆਧੁਨਿਕ, ਸਿਧਾਂਤਕ ਤੇ ਵਿਵਹਾਰਕ ਚੁਣੌਤੀਆਂ ਨੇ ਜਿਹੜਾ ਰੂਪ ਧਾਰਨ ਕੀਤਾ ਹੈ, ਉਹਨਾਂ ਦਾ ਹਲ ਬੜੀ ਹੀ ਸਾਦਗੀ ਤੇ ਹਲੀਮੀ ਨਾਲ ਗੁਰਬਾਣੀ ਦੀ ਸਿਧਾਂਤਕ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਅਪਨਾਉਣ ਨਾਲ ਹੀ ਹੋ ਸਕਦਾ ਹੈ। ਸੋ ਲੋੜ ਹੈ ਗੁਰਬਾਣੀ ਦੇ ਇਕ-ਇਕ ਸਿਧਾਂਤ ਨੂੰ ਪੜ੍ਹਨ, ਸੁਣਨ ਤੇ ਗਾਉਣ ਦੀ ਅਵਸਥਾ ਤੋਂ ਉੱਪਰ ਉੱਠ ਕੇ ਜ਼ਿੰਦਗੀ ਜਿਉਣ ਦੇ ਨਾਲ-ਨਾਲ ਜੀਵਨ ਵਿੱਚ ਢਾਲਿਆ ਵੀ ਜਾਵੇ ਤਾਂ ਜੋ ਜੀਵਨ ਵਿੱਚੋਂ ਗੁਰੂ-ਆਸ਼ੇ ਤੇ ਗੁਰੂ ਸਿਧਾਂਤਾਂ ਦੀਆਂ ਮਹਿਕਾਂ ਸਦਕਾ ਇਕ ਤੰਦਰੁਸਤ ਤੇ ਨਰੋਆ ਸਮਾਜ ਸਿਰਜਿਆ ਜਾ ਸਕੇ। ਇਸ ਦੀ ਸ਼ੁਰੂਆਤ ਹਰ ਸਿੱਖ ਨੂੰ ਆਪਣੇ ਜੀਵਨ ਤੋਂ ਕਰਨੀ ਪਵੇਗੀ ਕਿਉਂਕਿ ਹਰ ਸਿੱਖ ਭਾਵੇਂ ਕਿਸੇ ਵੀ ਸੰਪ੍ਰਦਾਇ ਜਾਂ ਡੇਰੇ ਨਾਲ ਜੁੜ ਕੇ ਬੇ-ਮਰਿਆਦਾ ਜ਼ਿੰਦਗੀ ਬਤੀਤ ਕਰ ਰਿਹਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਨਤ-ਮਸਤਕ ਹੁੰਦਾ ਹੈ। ਸੋ ਕੇਵਲ ਮੱਥਾ ਟੇਕਣ ਤੇ ਪੂਜਣ ਤੱਕ ਹੀ ਜ਼ਿੰਦਗੀ ਬਤੀਤ ਨਾ ਕੀਤੀ ਜਾਵੇ ਸਗੋਂ ਗੁਰਬਾਣੀ ਦੀ ਕਸਵੱਟੀ 'ਤੇ ਆਪਣੇ ਆਪ ਨੂੰ ਖਰਾ ਉਤਾਰਿਆ ਜਾਵੇ ਤਾਂ ਜੋ ਜ਼ਿੰਦਗੀ ਦਾ ਸਹੀ ਮਨੋਰਥ ਪਤਾ ਲੱਗ ਸਕੇ ਤੇ ਗੁਰੂ ਨਾਨਕ ਦੇ ਚਲਾਏ ਨਿਰਮਲ ਪੰਥ ਦੇ ਪਾਂਧੀ ਬਣ ਕੇ ਸਮਾਜ ਵਿੱਚ ਆਪਣਾ ਜੀਵਨ ਸ਼ੁਭ ਗੁਣਾਂ ਨਾਲ ਸਵਾਰਿਆ ਸ਼ਿੰਗਾਰਿਆ ਜਾ ਸਕੇ। ਸੋ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਜਿਸ ਸਿੱਖ ਦੇ ਹਿਰਦੇ ਵਿੱਚ ਗੁਰਬਾਣੀ ਫ਼ਲਸਫ਼ਾ ਤੇ ਵਿਚਾਰਧਾਰਾ ਉਤਪੰਨ ਹੁੰਦੀ ਹੈ, ਉਸਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਕੋਈ ਮਾਇਨੇ ਨਹੀਂ ਰੱਖਦੀਆਂ।

Sikhism is the most innovative and unique religon of the world's major religons. In the practical life of the principle that the spiritual illumination of spiritual joy arose from Guru Nanak's experience, the name of Sikhism is given in the world and, as a result, a social religious community came into being. Now in the 21st Century, the new generation has taken the form of a village by shrinking the whole world, and in this form the organized form of the world community came into being. Religion is being built on the basis of privailing world problems. Through which the religion plays an important role in the society. These efforts can be made only by those who take guidance and motivation from Sri Guru Granth Sahib in this great work, because the entire bani of Guru Srith Sahib naturally guides the people of the entire civilized society to establish a dialict community. The Guru Granth Sahib is one such scripture in the world, which is regarded by the thinkers of every religion and has been honored. The Guru Granth Sahib si the light of light for the whole humanity. Its message is not limited to one specific time and place, but it is the sacred source of common teaching for centuries and twenty- four years. Loyalty and commintment of the Sikh Panth to the Guru Granth Sahib in the

last few years is very excititng for us. In today's era, all the religions of the world are facing the problems of some kind of problems such as freedom of religion, diversity, culture, identity, educational structure. Similarly, the world's newest and most important religion 'Sikhism' is also not free of such serious problems. There are more problems and issues in social, economics political, ethical and other scientific fields that are drawing attention of thinkers.

In this era, due to many reasons, many question marks are being aroused for separate identification of Sikh internally and externally these problems are many types young generation has mostly effected wit degene rate and addiction. External appearance or anxiety. But, we have no attention for degeneration of religious principle idol worship is the example of degeneration of principles of religion. Many saint hs got the status of God. The tradition of principle of panch system is contracting to solve the problems of common man. Sihs who are residing in foreign countries are facing many types of problems to obey the Sikh's code of conduct. The law and cultureal of their countries ar arising many question over the glory and

identy of Sikh community. In the era, there are many fighting's and troubles on the name of religions hatred. Housed and and properties are thrown into fire. The world's public has produced such circumstances that there is a danger of clash of civilization. In future, inter religion relation should be improved to avoid conflict. To awaken, the sentiments of people through inter religion dialogue, the whole sacred bani of Shri Guru Granth Sahib ji has be based for my invention work.

ਸਿੱਖ ਧਰਮ, ਸੰਸਾਰ ਦੇ ਪ੍ਰਮੁੱਖ ਧਰਮਾਂ ਵਿੱਚੋਂ ਸਭ ਤੋਂ ਨਵੀਨ ਅਤੇ ਲਾਸਾਨੀ ਧਰਮ ਹੈ। ਗੁਰੂ ਨਾਨਕ ਦੇਵ ਜੀ ਦੇ ਅਨੁਭਵ ਵਿਚੋਂ ਆਤਮਿਕ ਆਨੰਦਮਈ ਬਾਣੀ ਦਾ ਜੋ ਰੂਹਾਨੀ ਪ੍ਰਕਾਸ਼ ਪੈਦਾ ਹੋਇਆ ਉਸ ਸਿਧਾਂਤ ਦੇ ਅਮਲੀ ਜੀਵਨ ਵਿੱਚ ਧਾਰਨ ਕਰਨ ਨੂੰ ਵਿਸ਼ਵ ਵਿਚ ਸਿੱਖ ਧਰਮ ਦਾ ਨਾਂ ਦਿੱਤਾ ਗਿਆ ਹੈ ਅਤੇ ਇਸ ਦੇ ਫਲਸਰੂਪ ਸਮਾਜਿਕ ਧਾਰਮਿਕ ਭਾਈਚਾਰਾ ਹੋਂਦ ਵਿਚ ਆਇਆ। ਹੁਣ 21ਵੀਂ ਸਦੀ ਵਿਚ ਨਵੀਨ ਸਿਰਜਣਾਵਾਂ ਸਦਕਾ ਸਮੁੱਚਾ ਵਿਸ਼ਵ ਸੁੰਗੜ ਕੇ ਇਕ ਪਿੰਡ ਦਾ ਰੂਪ ਧਾਰਨ ਕਰ ਗਿਆ ਹੈ ਅਤੇ ਇਸ ਰੂਪ ਵਿੱਚ ਵਿਸ਼ਵ ਭਾਈਚਾਰੇ ਦਾ ਸੰਗਠਿਤ ਰੂਪ ਸਾਹਮਣੇ ਆਇਆ।ਵਿਸ਼ਵ ਵਿੱਚ ਪ੍ਰਚਲਿਤ ਸਮੱਸਿਆਵਾਂ ਦੇ ਸਨਮੁੱਖ ਧਰਮ ਨੂੰ ਇਸ ਦਾ ਆਧਾਰ ਬਣਾਇਆ ਜਾ ਰਿਹਾ ਹੈ।ਜਿਸ ਸਦਕਾ ਸਮਾਜ ਵਿੱਚ ਧਰਮ ਇੱਕ ਮਹੱਤਵਪੂਰਨ ਰੋਲ ਅਦਾ ਕਰ ਰਿਹਾ ਹੈ। ਇਹ ਉਪਰਾਲੇ ਤਾਂ ਹੀ ਸੰਭਵ ਹੋ ਸਕਦੇ ਹਨ ਜੇ ਇਸ ਮਹਾਨ ਕਾਰਜਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਤੇ ਪ੍ਰੇਰਰਣਾ ਲਈ ਜਾਵੇ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਸੁਭਾਵਿਕ ਤੌਰ ਤੇ ਸਮੁੱਚੀ ਕਾਇਨਾਤ ਦੇ ਲੋਕਾਂ ਨੂੰ ਵਿਸ਼ਵ ਭਾਈਚਾਰਾ ਸਥਾਪਿਤ ਕਰਨ ਦੀ ਸੇਧ ਦਿੰਦੀ ਹੈ। ਸੰਸਾਰ ਵਿਚ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਰਮ ਗ੍ਰੰਥ, ਹੈ ਜਿਸਨੂੰ ਹਰ ਧਰਮ ਦੇ ਚਿੰਤਕਾਂ ਨੇ ਸਤਿਕਾਰਿਆ ਹੈ ਅਤੇ ਨਤਮਸਤਕ ਹੋਏ ਹਨ। ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਲਈ ਚਾਨਣ ਦਾ ਮੁਨਾਰਾ ਹਨ। ਇਸ ਦਾ ਸੰਦੇਸ਼ ਕਿਸੇ ਇਕ ਸਮੇਂ ਅਤੇ ਖਾਸ ਸਥਾਨ ਤੱਕ ਸੀਮਿਤ ਨਹੀਂ ਬਲਕਿ ਇਹ ਤਾਂ ਸਦੀਵੀਂ ਅਤੇ ਚਹੁੰਵਰਨਾਂ ਲਈ ਸਾਂਝੇ ਉਪਦੇਸ਼ ਦਾ ਪਵਿੱਤਰ ਸੋਮਾ ਹੈ।

ਪਿਛਲੇ ਸਾਲਾਂ ਦੌਰਾਨ ਸਿੱਖ ਪੰਥ ਦੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਵਫ਼ਾਦਾਰੀ ਅਤੇ ਵਚਨ ਬੱਧਤਾ ਸਾਡੇ ਲਈ ਬੜੇ ਫ਼ਖਰ ਵਾਲੀ ਗੱਲ ਹੈ। ਅਜੋਕੇ ਦੌਰ ਵਿੱਚ ਵਿਸ਼ਵ ਦੇ ਸਾਰੇ ਧਰਮ ਹੀ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਸਮੱਸਿਆਵਾਂ ਜਿਵੇਂ ਧਰਮਾਂ ਦੀ ਸੁਤੰਤਰਤਾ, ਵਿਲੱਖਣਤਾ, ਸੱਭਿਆਚਾਰ, ਪਹਿਚਾਣ ਚਿੰਨ, ਵਿਦਿਅਕ ਢਾਂਚਾ ਦੇ ਸਨਮੁੱਖ ਹੋ ਰਹੇ ਹਨ। ਇਸੇ ਤਰਾਂ ਵਿਸ਼ਵ ਦਾ ਨਵੀਨ ਤੇ ਪ੍ਰਮੁੱਖ ਧਰਮ 'ਸਿੱਖ ਧਰਮ' ਵੀ ਅਜਿਹੀਆਂ ਗੰਭੀਰ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਸਮਾਜਿਕ, ਆਰਥਿਕ, ਰਾਜਨੀਤਕ, ਨੈਤਿਕ ਤੇ ਹੋਰ ਵਿਗਿਆਨਕ ਖੇਤਰਾਂ ਵਿਚ ਵਧੇਰੇ ਮੁਸ਼ਕਲਾਂ ਤੇ ਮਸਲੇ ਹਨ ਜੋ ਚਿੰਤਕਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਹਨ।

ਅੱਜ ਦੇ ਯੁੱਗ ਵਿੱਚ ਅਨੇਕਾਂ ਕਾਰਨਾਂ ਕਰਕੇ ਸਿੱਖ ਪੰਥ ਦੀ ਵੱਖਰੀ ਪਹਿਚਾਣ ' ਤੇ ਕਈ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਇਹ ਸਮੱਸਿਆਵਾਂ ਅੰਦਰੋਂ ਤੇ ਬਾਹਰੋਂ ਕਈ ਕਿਸਮ ਦੀਆਂ ਹਨ।ਵਧੇਰੇ ਕਰਕੇ ਨੌਜ਼ਵਾਨ ਪੀੜ੍ਹੀ ਪਤਿਤਪੁਣੇ ਅਤੇ ਨਸ਼ਿਆ ਦੀ ਸ਼ਿਕਾਰ ਹੈ। ਬਾਹਰੀ ਸਰੂਪ ਜਾ ਦਿੱਖ ਬਾਰੇ ਪਤਿਤਪੁਣਾ ਨਿਸ਼ਚੇ ਹੀ ਚਿੰਤਾਂ ਦਾ ਵਿਸ਼ਾ ਹੈ ਪਰ ਧਾਰਮਿਕ ਸਿਧਾਂਤਾਂ ਨੂੰ ਜੋ ਖੋਰਾ ਲੱਗ ਰਿਹਾ ਹੈ ਉਸ ਵੱਲ ਸਾਡਾ ਕੋਈ ਵਧੇਰੇ ਧਿਆਨ ਨਹੀਂ ਗਿਆ ਸਿਧਾਂਤਕ ਖੋਰੇ ਦੀ ਇੱਕ ਮਿਸਾਲ ਸ਼ਖ਼ਸੀ ਪੂਜਾ ਦਾ ਰੁਝਾਨ ਵੱਧ ਰਿਹਾ ਹੈ ਕਈ ਡੇਰੇਦਾਰਾਂ ਨੂੰ ਇਸ਼ਟ ਦਾ ਦਰਜਾ ਪ੍ਰਾਪਤ ਹੋ ਰਿਹਾ ਹੈ। ਦੀਨ ਤੇ ਦੁਨੀਆਂ ਦੀਆਂ ਸਮੱਿਆਵਾਂ ਨੂੰ ਸੁਲਝਾਉਣ ਲਈ ਪੰਚ ਪ੍ਰਧਾਨੀ ਅਸੂਲਾ ਦੀ ਰਵਾਇਤ ਸੁੰਗੜ ਰਹੀ ਹੈ।ਵਿਦੇਸ਼ਾ ਵਿੱਚ ਵਸਦੇ ਸਿੱਖਾ ਨੂੰ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਸੰਬੰਧੀ ਕਈ ਤਰ੍ਹਾਂ ਦੀਆਂ ਕਠਿਨਾਈਆਂ ਦਰਪੇਸ਼ ਹਨ।ਉਨ੍ਹਾਂ ਮੁਲਕਾਂ ਦਾ ਕਾਨੂੰਨ ਅਤੇ ਸੱਭਿਆਚਾਰ ਸਿੱਖ ਪੰਥ ਦੀ ਨਿਰਾਲੀ ਸ਼ਾਨ ਉੱਪਰ ਕਈ ਪ੍ਰਸ਼ਨ ਖੜੇ ਕਰ ਰਿਹਾ ਹੈ ਅਜੋਕੇ ਯੁੱਗ ਵਿੱਚ ਧਰਮ ਦੇ ਨਾਮ ਹੇਠ ਅਨਕਾਂ ਝਗੜੇ ਅਤੇ ਫਸਾਦ ਹੋ ਰਹੇ ਹਨ।ਧਾਰਮਿਕ ਜਨੂੰਨ ਕਾਰਨ ਬਹੁਤ ਕੀਮਤੀ ਮਨੁੱਖੀ ਜਾਨਾਂ ਦਾ ਘਾਣ ਹੋ ਰਿਹਾ ਹੈ। ਘਰ ਘਾਟ ਅੱਗ ਦੀ ਭੇਂਟ ਚੜ੍ਹ ਰਹੇ ਹਨ।ਵਿਸ਼ਵ ਰਾਜਨੀਤੀ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਸੱਭਿਅਤਾਵਾਂ ਵਿਚਕਾਰ ਟਕਰਾਅ ਦਾ ਖਤਰਾ ਮੰਡਲਾ ਰਿਹਾ ਹੈ।ਭਵਿੱਚ ਵਿੱਚ ਐਸੇ ਟਕਰਾਅ ਨੂੰ ਟਾਲਣ ਲਈ ਅੰਤਰ ਧਰਮ ਸੰਬੰਧਾਂ ਵਿੱਚ ਮਜਬੂਤੀ ਦੀ ਜਰੂਰਤ ਹੈ। ਅੰਤਰ ਧਰਮ ਸੰਮਵਾਦ ਰਾਹੀਂ ਸਹਿਹੋਂਦ ਦੀ ਭਾਵਨਾ ਨੂੰ ਜਾਗ੍ਰਿਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਪਵਿੱਤਰ ਬਾਣੀ ਸੁਚੱਜੀ ਅਗਾਵਾਈ ਪ੍ਰਦਾਨ ਕਰਦੀ ਹੈ।

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ **'ਸਿੱਖ ਸਮਾਜ ਸਾਹਮਣੇ ਆਧੁਨਿਕ ਚੁਣੌਤੀਆਂ : ਸਰੂਪ ਤੇ ਸਮਾਧਾਨ (ਗੁਰਬਾਣੀ ਦੇ ਸੰਦਰਭ ਵਿੱਚ)'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

**ਨਿਗਰਾਨ)**

ਡਾ. ਗੁਰਨੇਕ ਸਿੰਘ

**ਖੋਜਾਰਥੀ**

ਹਨਵੰਤ ਸਿੰਘ

# ਭੂਮਿਕਾ

**ਹੋਇ ਇਕਤ੍ਰ ਮਿਲਹੁ ਮੇਰੇ ਭਾਈ**

**ਦੁਬਿਧਾ ਦੂਰਿ ਕਰਹੁ ਲਿਵ ਲਾਇ॥**

**(ਗੁਰੂ ਅਰਜਨ ਦੇਵ ਜੀ)**

ਵਿਸ਼ਵ ਦੇ ਵਿੱਚ ਇਕ ਨਹੀਂ ਅਨੇਕਾਂ ਹੀ ਧਰਮ ਪ੍ਰਚਲਿਤ ਹਨ ਜੋ ਆਪੋ ਆਪਣੇ ਸਿਧਾਂਤਾਂ ਅਨੁਸਾਰ ਇਸ ਸੰਸਾਰ ਵਿੱਚ ਪ੍ਰਫੁੱਲਿਤ ਹੋ ਰਹੇ ਹਨ। ਇਨ੍ਹਾਂ ਪ੍ਰਫੁੱਲਿਤ ਧਰਮਾਂ ਵਿੱਚੋਂ ਸਿੱਖ ਧਰਮ ਵੀ ਇਕ ਨਵੀਨ ਤੇ ਲਾਸਾਨੀ ਧਰਮ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਆਰੰਭ ਸਿੱਖ ਧਰਮ ਸਮੁੱਚੀ ਮਾਨਵਤਾ ਨੂੰ ਸਮੇਂ-ਸਮੇਂ ਤੇ ਇਕ ਪਰਮਾਤਮਾ, ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਅਤੇ ਆਜ਼ਾਦੀ ਨਾਲ ਜ਼ਿੰਦਗੀ ਜਿਉਣ ਦਾ ਢੰਗ ਦੱਸਦਾ ਹੋਇਆ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ (ਸ਼ਬਦ ਗੁਰੂ) ਦੀ ਰਹਿਨੁਮਾਈ ਹੇਠ ਅਗਵਾਈ ਪ੍ਰਦਾਨ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਸੁਭਾਵਿਕ ਤੌਰ ’ਤੇ ਸਮੁੱਚੀ ਕਾਇਨਾਤ ਨੂੰ ਵਿਸ਼ਵ ਭਾਈਚਾਰਾ ਸਥਾਪਿਤ ਹੋਣ ਦਾ ਸੰਦੇਸ਼ ਪ੍ਰਦਾਨ ਕਰਦੀ ਹੈ। ਸੰਸਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਰਮ ਗ੍ਰੰਥ ਹੈ ਜਿਸਨੂੰ ਹਰ ਧਰਮ ਦੇ ਚਿੰਤਕਾਂ ਨੇ ਸਤਿਕਾਰਿਆ ਹੈ ਅਤੇ ਇਸ ਅੱਗੇ ਨਤਮਸਤਕ ਹੋਏ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਲਈ ਚਾਨਣ-ਮੁਨਾਰਾ ਹਨ। ਇਸ ਦਾ ਸੰਦੇਸ਼ ਕਿਸੇ ਇਕ ਸਮੇਂ ਅਤੇ ਖਾਸ ਸਥਾਨ ਤੱਕ ਸੀਮਿਤ ਨਹੀਂ ਬਲਕਿ ਇਹ ਤਾਂ ਸਦੀਵੀ ਅਤੇ ਚਹੁੰ ਵਰਨਾਂ ਲਈ ਸਾਂਝੇ ਉਪਦੇਸ਼ ਦਾ ਪਵਿੱਤਰ ਸੋਮਾ ਹੈ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਬਚਨਾਂ ਵੱਲ ਝਾਤ ਮਾਰਦੇ ਹਾਂ ਤਾਂ ਸੁਤੇ-ਸਿੱਧ ਪ੍ਰਮਾਣ ਸਾਡੇ ਸਾਹਮਣੇ ਆ ਜਾਂਦੇ ਹਨ ਜਿਸ ਤਰ੍ਹਾਂ ਇਕ ਪਰਮਾਤਮਾ ਅਤੇ ਆਪਸੀ ਭਾਈਚਾਰੇ ਦੀ ਹੋਂਦ ਦਾ ਸਬੂਤ ਸਾਫ ਝਲਕਾਰਾ ਮਾਰਦਾ ਹੈ:

**ਏਕੁ ਪਿਤਾ ਏਕਸ ਕੇ ਹਮ ਬਾਰਿਕ**

**ਤੂ ਮੇਰਾ ਗੁਰ ਹਾਈ॥** (ਅੰਗ 611)

**ਸਾਹਿਬੁ ਮੇਰਾ ਏਕੋ ਹੈ॥**

**ਏਕੋ ਹੈ ਭਾਈ ਏਕੋ ਹੈ॥** (ਅੰਗ 350)

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥** **(ਅੰਗ 1349)**

ਮਨੁੱਖੀ ਸਮਾਜ ਵਿਚ ਧਰਮ ਦਾ ਅਹਿਮ ਯੋਗਦਾਨ ਮੰਨਿਆ ਗਿਆ ਹੈ। ਅਜਿਹੀ ਧਾਰਨਾ ਵੀ ਸੰਸਾਰ ਵਿੱਚ ਆਮ ਕਰਕੇ ਪ੍ਰਚੱਲਿਤ ਹੈ ਕਿ ਧਰਮ ਦੇ ਗਿਆਨ ਤੋਂ ਸੱਖਣਾ ਮਨੁੱਖ ਆਪਣੇ ਜੀਵਨ ਦੇ ਅਸਲ ਮੰਤਵ ਨੂੰ ਨਹੀਂ ਸਮਝ ਸਕਦਾ। ਇਸ ਲਈ ਧਰਮ ਦੇ ਸਿਧਾਂਤਾਂ ਨੂੰ ਆਧਾਰ ਬਣਾ ਕੇ ਮਨੁੱਖ ਦੀ ਅਗਵਾਈ ਕਰਨੀ ਸਰਲ ਤੇ ਆਸਾਨ ਹੋ ਜਾਂਦੀ ਹੈ। ਗੁਰੂ ਸਾਹਿਬ ਨੇ ਪਵਿੱਤਰ ਉਪਦੇਸ਼ (ਗੁਰਬਾਣੀ) ਰਾਹੀਂ ਮਨੁੱਖ ਦੇ ਸਮਾਜਿਕ ਅਤੇ ਅਧਿਆਤਮਕ ਜੀਵਨ ਦਾ ਸਾਂਝਾ ਸਿਧਾਂਤ ਦੇ ਕੇ ਹਰ ਸਮੇਂ ਮਨੁੱਖ ਨੂੰ ਅਗਵਾਈ ਪ੍ਰਦਾਨ ਕੀਤੀ ਹੈ ।ਉਨਾਂ ਦੀ ਬਾਣੀ ਵਿੱਚ ਚੰਗਾ ਉਸਾਰੂ ਸਮਾਜ ਸਿਰਜਣ ਦੇ ਆਧਾਰ ਪ੍ਰਦਾਨ ਕੀਤੇ ਹਨ। ਗੁਰੂ ਸਾਹਿਬ ਦੀ ਬਾਣੀ ਦਾ ਤੱਤ ਸਾਰ ਪਰਮਸਤਿ, ਜੀਵਾਤਮਾ ਤੇ ਜਗਤ ਨਾਲ ਸੰਬੰਧਿਤ ਹੈ ਜਿਸ ਦਾ ਕੇਂਦਰ ਬਿੰਦੂ ਸਾਧਾਰਣ ਮਨੁੱਖ ਹੈ ਜੋ ਆਪਣੀ ਅਗਿਆਨਤਾ ਸਦਕਾ ਸਦੀਆਂ ਤੋਂ ਪ੍ਰਚੱਲਿਤ ਸਮਾਜਿਕ ਮਾਨਤਾਵਾਂ ਦੇ ਜਾਲ ਵਿੱਚ ਜਕੜਿਆ ਹੋਇਆ ਹੋਣ ਕਰਕੇ ਆਪਣੇ ਅਸਲ ਮਨੋਰਥ ਤੋਂ ਥਿੜਕਿਆ ਹੋਇਆ ਹੈ। ਅਜੋਕੇ ਦੌਰ ਵਿੱਚ ਵਿਸ਼ਵ ਦੇ ਸਾਰੇ ਧਰਮ ਹੀ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਸਮੱਸਿਆਵਾਂ ਜਿਵੇਂ ਧਰਮ ਦੀ ਸੁਤੰਤਰਤਾ, ਵਿਲੱਖਣਤਾ, ਸੱਭਿਆਚਾਰ, ਪਹਿਚਾਣ-ਚਿੰਨ੍ਹ, ਵਿੱਦਿਅਕ ਢਾਂਚਾ ਦੇ ਸਨਮੁਖ ਹੋ ਰਹੇ ਹਨ। ਇਸ ਤਰ੍ਹਾਂ ਵਿਸ਼ਵ ਦਾ ਨਵੀਨ ਤੇ ਪ੍ਰਮੁੱਖ ਧਰਮ, 'ਸਿੱਖ ਧਰਮ' ਵੀ ਅਜਿਹੀਆਂ ਗੰਭੀਰ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਜਿਸ ਸਮਾਜ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ, ਸਿਧਾਂਤਕ, ਵਿਵਹਾਰਕ, ਨੈਤਿਕ ਅਤੇ ਵਿਗਿਆਨਿਕ ਖੇਤਰ ਆਦਿ ਨਾਲ ਜੁੜੀਆਂ ਹੋਈਆਂ ਜਿਹੜੀਆਂ ਦਰਪੇਸ਼ ਸਮੱਸਿਆਵਾਂ ਹਨ ਉਨ੍ਹਾਂ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਖੋਜ ਕੇ ਅਤੇ ਸੰਸਾਰ ਨੂੰ ਇਸ ਤੋਂ ਜਾਣੂ ਕਰਵਾਉਣ ਲਈ ਇਸ ਖੋਜ ਕਾਰਜ ਵਿਚ ਪ੍ਰਸਤੁਤ ਕਰਨ ਦਾ ਗੁਰੂ ਕ੍ਰਿਪਾ ਸਦਕਾ ਇਕ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ।

ਪ੍ਰਸਤੁਤ ਖੋਜ ਕਾਰਜ ਦਾ ਵਿਸ਼ਾ **"ਸਿੱਖ ਸਮਾਜ ਸਾਹਮਣੇ ਆਧੁਨਿਕ ਚੁਣੌਤੀਆਂ: ਸਰੂਪ ਤੇ ਸਮਾਧਾਨ (ਗੁਰਬਾਣੀ ਦੇ ਸੰਦਰਭ ਵਿੱਚ)"** ਹੈ। ਇਸ ਖੋਜ ਕਾਰਜ ਦੀ ਵਿਲੱਖਣਤਾ ਇਹ ਹੈ ਕਿ ਸਿੱਖ ਸਮਾਜ ਸਾਹਮਣੇ ਆਧੁਨਿਕ ਯੁੱਗ ਵਿਚ ਸਿੱਖ ਪੰਥ ਦੇ ਨੁਮਾਇੰਦਿਆਂ ਨੂੰ ਜਾਂ ਦੇਸ਼-ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੀ ਟੇਕ ਲੈ ਕੇ ਜੀਵਨ ਦੀ ਕਿਵੇਂ ਰਹਿਨੁਮਾਈ ਕਰ ਸਕਦੇ ਹਨ, ਖੁੱਲ ਕੇ ਵਰਣਨ ਕੀਤਾ ਗਿਆ ਹੈ।

'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਨੂੰ ਵੀ ਦਰਪੇਸ਼ ਮੁਸ਼ਕਿਲਾਂ ਨਾਲ ਜੂਝਣਾ ਪੈਂਦਾ ਹੈ। ਵਰਤਮਾਨ ਸਮਾਜ ਦੇ ਹਾਲਾਤਾਂ ਨੂੰ ਵੇਖਦੇ ਹੋਏ ਹਰ ਸਮੱਸਿਆ ਦਾ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਸੁਝਾਇਆ ਹੈ ਜਿਸ ਨੂੰ ਆਪਣੇ ਖੋਜ ਕਰਨ ਵਿੱਚ ਬਹੁਤ ਹੀ ਤਰਤੀਬ ਅਤੇ ਗੁਰਬਾਣੀ ਦੇ ਹਵਾਲੇ ਅਨੁਸਾਰ ਪੇਸ਼ ਕੀਤਾ ਗਿਆ ਹੈ। ਆਪਣੇ ਖੋਜ ਕਾਰਜ ਦੇ ਵਿਸ਼ੇ ਨੂੰ ਸਹੀ ਰੂਪ ਪ੍ਰਦਾਨ ਕਰਨ ਲਈ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਪ੍ਰਥਮ ਅਧਿਆਇ **'ਧਰਮ ਅਤੇ ਸਮਾਜ'** ਸਿਰਲੇਖ ਅਧੀਨ ਰੱਖਿਆ ਗਿਆ ਹੈ। ਇਸ ਅਧਿਆਇ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ 'ਧਰਮ' ਕੀ ਹੈ? ਧਰਮ ਦੀ ਕੀ ਜ਼ਰੂਰਤ ਹੈ, ਧਰਮ ਦੀ ਹੋਂਦ ਮਨੁੱਖ ਨੂੰ ਸਚਿਆਰ ਕਿਵੇਂ ਬਣਾ ਸਕਦੀ ਹੈ ਅਤੇ ਦੂਸਰੇ ਭਾਗ 'ਸਮਾਜ' ਨਾਲ ਜਾਣ-ਪਛਾਣ ਕਰਵਾਉਂਦਿਆਂ ਇਸਦੇ ਅਰਥ ਤੇ ਸਿੱਖ ਸਰੂਪ ਬਾਰੇ ਚਰਚਾ ਕੀਤੀ ਗਈ ਹੈ। ਸੰਖੇਪ ਰੂਪ ਵਿਚ ਕਿਹਾ ਜਾਵੇ ਤਾਂ ਪਹਿਲੇ ਅਧਿਆਇ ਵਿਚ ਧਰਮ ਅਤੇ ਸਮਾਜ ਦੇ ਹਰ ਪਹਿਲੂ ਨੂੰ ਵਿਚਾਰਨ ਦਾ ਯਤਨ ਕੀਤਾ ਗਿਆ ਹੈ ਕਿ ਧਰਮ ਤੋਂ ਬਿਨਾ ਸਮਾਜ ਅਤੇ ਸਮਾਜ ਤੋਂ ਬਿਨਾ ਧਰਮ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਇਹ ਦੋਵੇਂ ਹੀ ਮਨੁੱਖ ਨੂੰ ਅਗਿਆਨਤਾ ਵਿਚੋਂ ਕੱਢ ਕੇ ਗਿਆਨਵਾਨ ਬਣਾ ਕੇ ਇਕ ਸ਼੍ਰੇਸ਼ਟ ਮਨੁੱਖ ਬਣਾਉਣ ਦਾ ਉਪਰਾਲਾ ਕਰਦੇ ਹਨ। ਧਰਮ ਅਤੇ ਸਮਾਜ ਦਾ ਆਪਸੀ ਰਿਸ਼ਤਾ ਮਨੁੱਖ ਦੀਆਂ ਕਦਰਾਂ ਕੀਮਤਾਂ ਨੂੰ ਹਰ ਪੱਖੋਂ ਅਗਵਾਈ ਪ੍ਰਦਾਨ ਕਰਦਾ ਹੈ।

ਖੋਜ ਨਿਬੰਧ ਦਾ ਦੂਸਰਾ ਅਧਿਆਇ **'ਸਿੱਖ ਸਮਾਜ : ਆਰੰਭ ਅਤੇ ਬਣਤਰ'** ਹੈ। ਇਸ ਅਧਿਆਇ ਦੀ ਵਿਸਥਾਰ ਪੂਰਵਕ ਜਾਣਕਾਰੀ ਦੇ ਲਈ ਕਈ ਪੱਖਾਂ ਤੋਂ ਅਧਿਐਨ ਕੀਤਾ ਗਿਆ ਹੈ। ਸਿੱਖ ਸਮਾਜ ਦੀ ਆਰੰਭਤਾ ਗੁਰੂ ਨਾਨਕ ਸਾਹਿਬ ਤੋਂ ਹੋਈ ਹੈ ਪਰੰਤੂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੀ ਸੰਸਾਰ ਵਿੱਚ ਕਈ ਧਰਮ ਵਿਚ ਪ੍ਰਚੱਲਿਤ ਸਨ। ਫਿਰ ਗੁਰੂ ਨਾਨਕ ਸਾਹਿਬ ਨੂੰ ਨਵਾਂ ਸਮਾਜ ਕਿਉਂ ਸਿਰਜਣਾ ਪਿਆ ? ਉਸ ਸਮੇਂ ਦੇ ਹਾਲਾਤਾਂ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਸਾਹਿਬ ਦੇ ਜੀਵਨ, ਉਪਦੇਸ਼ ਅਤੇ ਯਾਤਰਾਵਾਂ ਨੂੰ ਬਿਆਨ ਕੀਤਾ ਗਿਆ ਹੈ।ਇਸ ਤੋਂ ਬਾਅਦ ਬਾਕੀ ਨੌਂ ਗੁਰੂ ਸਾਹਿਬਾਨ ਵਲੋਂ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਨੂੰ ਸੰਸਾਰ ਵਿਚ ਪ੍ਰਚਾਰਦਿਆਂ ਸਿੱਖ ਧਰਮ ਨੂੰ ਪੂਰੇ

ਵਿਸ਼ਵ ਵਿਚ ਵਿਕਸਿਤ ਕਰਨ ਦਾ ਜ਼ਿਕਰ ਵੀ ਇਸ ਅਧਿਆਇ ਵਿਚ ਹੀ ਕੀਤਾ ਗਿਆ ਹੈ। ਗੁਰੂ ਸਾਹਿਬਾਨ ਵੱਲੋਂ ਸਥਾਪਿਤ ਸੰਸਥਾਵਾਂ, ਸਿਧਾਂਤਾਂ ਅਤੇ ਉਪਦੇਸ਼ਾਂ ਨੂੰ ਵੀ ਇਸੇ ਅਧਿਆਇ ਵਿਚ ਵਿਚਾਰਿਆ ਗਿਆ ਹੈ। ਗੁਰੂ ਸਾਹਿਬਾਨ ਨੇ ਸਮਾਜ ਵਿਚ ਅਗਿਆਨਤਾ ਕਰ ਕੇ ਪ੍ਰਚੱਲਿਤ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਪਾਖੰਡ ਆਦਿ ਵਾਰਗੀਆਂ ਕੁਰੀਤੀਆਂ ਨੂੰ ਖਤਮ ਕਰਕੇ ਮਨੁੱਖ ਜਾਤੀ ਨੂੰ ਇਕ ਪਰਮਾਤਮਾ ਦੀ ਭਗਤੀ ਅਤੇ ਸੱਚਾ-ਸੁੱਚਾ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ ਹੈ, ਨਾਲ ਹੀ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾ ਕੇ ਪਹਿਲਾਂ 'ਸੰਤ ਸਿਪਾਹੀ' ਤੇ ਫਿਰ 'ਖਾਲਸਾ' ਦੇ ਰੂਪ ਵਿੱਚ ਪ੍ਰਗਟ ਕਰਦੇ ਹੋਏ ਉਸਨੂੰ ਆਪਣੇ ਅਸਲ ਮਨੋਰਥ ਦੀ ਪ੍ਰਾਪਤੀ ਦਾ ਰਾਹ ਦਰਸਾਇਆ ਹੈ।

ਖੋਜ ਕਾਰਜ ਦਾ ਤੀਸਰਾ ਅਧਿਆਇ **'ਸਿੱਖ ਸਮਾਜ ਸਾਹਮਣੇ ਆਧੁਨਿਕ, ਸਿਧਾਂਤਕ ਅਤੇ ਵਿਵਹਾਰਿਕ ਚੁਣੌਤੀਆਂ'** ਹੈ। ਇਸ ਅਧਿਆਇ ਵਿਚ ਸਿੱਖ ਸਮਾਜ ਸਾਹਮਣੇ ਆ ਰਹੀਆਂ ਚੁਣੌਤੀਆਂ ਨੂੰ ਪੂਰਨ ਰੂਪ ਵਿਚ ਦਰਸਾਇਆ ਗਿਆ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਇਸ ਕਰਕੇ ਵੰਡਿਆ ਗਿਆ ਹੈ ਤਾਂ ਜੋ ਸਿੱਖ ਧਰਮ ਨੂੰ ਆ ਰਹੀਆਂ ਮੁਸ਼ਕਿਲਾਂ ਦਾ ਪਤਾ ਲੱਗ ਸਕੇ ਅਤੇ ਸਮੇਂ ਅਨੁਸਾਰ ਸੁਚੇਤ ਕੀਤਾ ਜਾ ਸਕੇ। ਪਹਿਲੇ ਭਾਗ ਵਿਚ ਆਧੁਨਿਕ ਚੁਣੌਤੀਆਂ ਲਈਆਂ ਗਈਆਂ ਹਨ ਜਿਵੇਂ ਸਿੱਖ ਸਮਾਜ ਵਿਚ ਵਿੱਦਿਅਕ ਪ੍ਰਣਾਲੀ ਦਾ ਕੀ ਸਿਸਟਮ ਹੈ। ਸਿੱਖ ਸਮਾਜ ਵਿਚ ਪ੍ਰਫੁੱਲਤ ਹੋਣ ਵਾਲਾ ਨੌਜਵਾਨ ਵਿੱਦਿਆ ਤੋਂ ਕਿਉਂ ਦੂਰ ਜਾ ਰਿਹਾ ਹੈ? ਇਸਦੇ ਕੀ ਕਾਰਨ ਹੋ ਸਕਦੇ ਹਨ ਪਰਿਵਾਰਿਕ, ਜਥੇਬੰਦਕ ਜਾਂ ਵਿੱਦਿਆ ਦਾ ਮਿਆਰ ਵਰਤਮਾਨ ਸਮਾਜ ਵਿੱਚ ਨੀਵਾਂ ਚਲੇ। ਜਾਣਾ ਇਸ ਵਿਸ਼ੇ ਨੂੰ ਇਸ ਭਾਗ ਵਿਚ ਵਿਚਾਰਿਆ ਗਿਆ ਹੈ। ਸਭਿਆਚਾਰ ਦੀ ਸਮੱਸਿਆ, ਬੋਲੀ ਦੀ ਸਮੱਸਿਆ, ਸਿੱਖ ਰਹਿਤ ਮਰਿਆਦਾ ਦੀ ਸਮੱਸਿਆ। ਇਹ ਸਭ ਵਿਸ਼ੇ ਇਸ ਅਧਿਆਇ ਦੇ ਪਹਿਲੇ ਭਾਗ ਵਿਚ ਵਿਚਾਰੇ ਗਏ ਹਨ। ਇਸ ਅਧਿਆਇ ਦੇ ਦੂਸਰੇ ਭਾਗ ਵਿਚ 'ਸਿਧਾਂਤਕ ਚੁਣੋਤੀਆਂ' ਨੂੰ ਬਿਆਨ ਕੀਤਾ ਗਿਆ ਹੈ। ਇਸ ਭਾਗ ਵਿਚ ਜਾਤ-ਪਾਤ ਸਿਸਟਮ, ਡੇਰਾਵਾਦ, ਸੰਪਰਦਾਵਾਂ, ਤਖਤਾਂ ਦੀ ਮਰਿਆਦਾ ਤੇ ਸਿੱਖ ਸਿਧਾਂਤਾਂ ਦੀ ਭੰਨ ਤੋੜ ਵਰਗੇ ਵਿਸ਼ਿਆ ਨੂੰ ਵਿਚਾਰਿਆ ਗਿਆ ਹੈ। ਆਧੁਨਿਕ ਯੁੱਗ ਵਿਚ ਅਸੀਂ ਭਾਵੇਂ ਬਹੁਤ ਤਰੱਕੀ ਕਰ ਲਈ ਹੈ। ਹਰ ਪੱਖੋਂ ਸੁੱਖ-ਸਹੂਲਤਾਂ ਸਾਡੇ ਸਾਹਮਣੇ ਹਨ ਪਰ ਫਿਰ ਵੀ ਜਦੋਂ ਵਿਸ਼ਵ ਵਿੱਚ ਪ੍ਰਚੱਲਿਤ ਧਰਮਾਂ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਸਿੱਖ ਧਰਮ ਨੂੰ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਅਧਿਆਇ ਦੇ ਅਖੀਰਲੇ ਭਾਗ ਵਿਚ 'ਵਿਵਹਾਰਿਕ ਚੁਣੋਤੀਆਂ' ਨੂੰ ਬਿਆਨ ਕੀਤਾ ਗਿਆ ਹੈ ਜਿਸ ਵਿਚ ਵਹਿਮ-ਭਰਮ, ਕਰਮ-ਕਾਂਡ, ਦਹੇਜ-ਪ੍ਰਥਾ, ਨਸ਼ਾ,

ਬੇਰੁਜ਼ਗਾਰੀ, ਪਤਿਤਪੁਣਾ, ਵਿਦੇਸ਼ਾਂ ਵਿੱਚ ਸਿੱਖ ਪਹਿਚਾਣ ਦੀ ਸਮੱਸਿਆ ਦਾ ਜ਼ਿਕਰ ਕੀਤਾ ਗਿਆ ਹੈ। ਜੇਕਰ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਸ ਵਿਚ ਕਈ ਵਾਰ ਕਸੂਰ ਸਾਡਾ ਆਪਣਾ ਹੀ ਹੁੰਦਾ ਹੈ। ਅਸੀਂ ਸਮਾਜ ਵਿਚ ਵਿਚਰਦਿਆਂ ਸਿੱਖ ਸਮਾਜ ਦਾ ਨਕਸ਼ਾ ਕਿਸ ਤਰ੍ਹਾਂ ਤਿਆਰ ਕਰ ਰਹੇ ਹਾਂ, ਇਸ ਬਾਰੇ ਸੋਚਣਾ ਪਵੇਗਾ ?

ਇਸ ਖੋਜ ਕਾਰਜ ਦਾ ਅਖੀਰਲਾ ਅਤੇ ਚੌਥਾ ਅਧਿਆਇ **'ਸਿੱਖ ਸਮਾਜ ਸਾਹਮਣੇ ਚੁਣੌਤੀਆਂ ਦਾ ਸਮਾਧਾਨ (ਗੁਰਬਾਣੀ ਦੀ ਲੋਅ ਵਿਚ ਸਮਾਧਾਨ)'** ਹੈ। ਤੀਸਰੇ ਅਧਿਆਇ ਵਿਚ ਸਿੱਖ ਸਮਾਜ ਸਾਹਮਣੇ ਜੋ ਵੀ ਦਰਪੇਸ਼ ਚੁਣੋਤੀਆਂ ਹਨ ਭਾਵੇਂ ਉਹ ਸਿਧਾਂਤਕ ਹੋਣ, ਆਧੁਨਿਕ ਹੋਣ ਜਾਂ ਵਿਵਹਾਰਿਕ ਹੋਣ ਸਭ ਦਾ ਗੁਰਬਾਣੀ ਅਨੁਸਾਰ ਸਮਾਧਾਨ ਇਸੇ ਅਧਿਆਇ ਵਿਚ ਕੀਤਾ ਗਿਆ ਹੈ। ਗੁਰਬਾਣੀ ਦੀ ਰੌਸ਼ਨੀ ਵਿੱਚ ਅਸੀਂ ਹਰ ਸਮੱਸਿਆ ਨਾਲ ਨਜਿੱਠ ਸਕਦੇ ਹਾਂ। ਸੋ ਇਥੇ ਇਹ ਕਹਿ ਸਕਦੇ ਹਾਂ ਕਿ ਸਮੁੱਚੇ ਖੋਜ ਕਾਰਜ ਦਾ ਕੇਂਦਰ ਬਿੰਦੂ 'ਗੁਰਬਾਣੀ' ਹੀ ਹੈ। ਭਾਵ ਇਸ ਵਿਚ ਉਸ ਬ੍ਰਹਿਮੰਡ ਦੇ ਹੀ ਖਜ਼ਾਨੇ ਨੂੰ ਜੀਵਨ ਵਿਚ ਲਾਗੂ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਮਨੁੱਖ (ਸਿੱਖ) ਦੀ ਰੂਹ ਦੀ ਖੁਰਾਕ ਹੈ।ਇਸ ਖੋਜ-ਕਾਰਜ ਵਿੱਚ ਰੂਹਾਨੀਅਤ ਤੇ ਜੀਵਨ ਦੇ ਸਹੀ ਆਦਰਸ਼ਾਂ ਨੂੰ ਬਿਆਨ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਵਿਸ਼ੇ ਦੀ ਸਪਸ਼ਟਤਾ ਲਈ ਵਿਦਵਾਨਾਂ ਦੀਆਂ ਪੁਸਤਕਾਂ ਦੀ ਸਹਾਇਤਾ ਲਈ ਗਈ ਹੈ ਜਿਸ ਦੀ ਸੂਚੀ ਅਖੀਰ ਵਿੱਚ 'ਸਹਾਇਕ ਪੁਸਤਕ ਸੂਚੀ' ਸਿਰਲੇਖ ਅਧੀਨ ਦਰਜ ਕੀਤੀ ਗਈ ਹੈ।

ਖੋਜ ਕਾਰਜ ਦਾ ਵਿਸ਼ਾ ਵਿਸਤਰਿਤ ਹੋਣ ਕਾਰਨ ਇਸ ਵਿਚ ਕਮੀਆਂ ਅਤੇ ਤਰੁੱਟੀਆਂ ਦਾ ਰਹਿਣਾ ਸੁਭਾਵਿਕ ਹੀ ਹੈ ਕਿਉਂਕਿ ਗੁਰਬਾਣੀ ਦੇ ਰਚੈਤਾ ਅਗੰਮੀ ਪੁਰਖ ਹਨ ਅਤੇ ਉਨ੍ਹਾਂ ਦੁਆਰਾ ਰਚਿਤ ਗੁਰਬਾਣੀ ਦੀ ਪੂਰੀ ਤਰ੍ਹਾਂ ਥਾਹ ਪਾ ਸਕਣੀ ਮਨੁੱਖ ਦੀ ਬੁੱਧੀ ਦੇ ਖੇਤਰ ਵਿਚ ਨਹੀਂ ਹੈ। ਇਸ ਲਈ ਖੋਜ ਕਾਰਜ ਵਿਚਲੀਆਂ ਕਮੀਆਂ ਲਈ ਖਿਮਾ ਦਾ ਜਾਚਕ ਹਾਂ।

ਇਹ ਖੋਜ ਕਾਰਜ "ਸਿੱਖ ਸਮਾਜ ਸਾਹਮਣੇ ਆਧੁਨਿਕ ਚੁਣੌਤੀਆਂ: ਸਰੂਪ ਤੇ ਸਮਾਧਾਨ (ਗੁਰਬਾਣੀ ਦੇ ਸੰਦਰਭ ਵਿੱਚ)' ਨਿਵੇਕਲਾ ਪ੍ਰੰਤੂ ਨਿਮਾਣਾ ਜਿਹਾ ਮੌਲਿਕ ਯਤਨ ਹੈ। ਇਸ ਖੋਜ ਕਾਰਜ ਦੀ ਸੰਪੰਨਤਾ ਅਤੇ ਸਫਲਤਾ ਲਈ ਸਭ ਤੋਂ ਪਹਿਲਾਂ ਸ਼ੁਕਰਗੁਜ਼ਾਰ ਹਾਂ ਉਸ ਅਕਾਲ ਪੁਰਖ ਵਾਹਿਗੁਰੂ ਜੀ ਦਾ, ਜਿਨ੍ਹਾਂ ਦੀ ਬਖਸ਼ਿਸ਼ ਸਦਕਾ ਅਨੇਕਾਂ ਮੁਸ਼ਕਿਲਾਂ ਹੱਲ ਕਰਦਿਆਂ ਇਹ ਖੋਜ ਕਾਰਜ ਸੰਪੂਰਨ ਹੋਇਆ ਹੈ।

ਇਸ ਦੇ ਨਾਲ ਹੀ ਮੈਂ ਆਪਣੇ ਨਿਗਰਾਨ ਡਾ. ਗੁਰਨੇਕ ਸਿੰਘ ਜੀ ਦੀ ਸੁਯੋਗ ਅਗਵਾਈ ਲਈ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਗੁਰਬਾਣੀ ਨਾਲ ਲਬਰੇਜ਼ ਜੀਵਨ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀ ਕਾਬਲੀਅਤ ਤੇ ਵਿਦਵਤਾ-ਪੂਰਨ ਅਗਵਾਈ ਨੇ ਮੈਨੂੰ ਇਹ ਖੋਜ ਕਾਰਜ ਕਰਨ ਵਿੱਚ ਸਫਲਤਾ ਬਖਸ਼ੀ ਹੈ।ਉਹਨਾਂ ਦੀ ਸੁਚੱਜੀ ਅਗਵਾਈ ਸਦਕਾ ਹੀ ਮੈਂ ਇਹ ਖੋਜ ਕਾਰਜ ਕਰਨ ਵਿਚ ਸਫਲ ਹੋਇਆ ਹਾਂ।

ਮੈਂ ਆਪਣੇ ਵਿਭਾਗ ਦੇ ਮੁਖੀ ਅਤੇ ਮੇਰੇ ਪੱਥ ਪ੍ਰਦਰਸ਼ਕ ਡਾ. ਸਰਬਜਿੰਦਰ ਸਿੰਘ ਜੀ ਦੀ ਸੁਯੋਗ ਅਗਵਾਈ, ਮੁੱਲਵਾਨ ਨਿਰਦੇਸ਼ਨ ਅਤੇ ਅਪਣੱਤ ਭਰੇ ਰਵੱਈਏ ਪ੍ਰਤੀ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਲੋੜ ਪੈਣ ਤੇ ਮੈਨੂੰ ਸੁਚੱਜੀ ਅਗਵਾਈ ਦੇ ਕੇ ਮੇਰੇ ਵਿਸ਼ੇ ਨੂੰ ਹੋਰ ਸੁਖਾਲਾ ਬਣਾਉਣ ਵਿਚ ਮੇਰੀ ਮੱਦਦ ਕੀਤੀ। ਮੈਨੂੰ ਮੇਰੇ ਕੰਮ ਤੋਂ ਅਵੇਸਲੇ ਹੋਣ ਤੇ ਹਮੇਸ਼ਾ ਮੇਰੇ ਕਾਰਜ ਲਈ ਉਤਸ਼ਾਹਿਤ ਕੀਤਾ। ਉਹਨਾਂ ਹਮੇਸ਼ਾ ਮੇਰੀਆਂ ਰਾਹਾਂ ਨੂੰ ਰੌਸ਼ਨ ਕੀਤਾ ਅਤੇ ਸਦਾ ਕਰਦੇ ਰਹਿਣਗੇ।

ਧੰਨਵਾਦੀ ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਲਾਇਬ੍ਰੇਰੀ ਦੇ ਕਰਮਚਾਰੀਆਂ ਦਾ ਜਿਨ੍ਹਾਂ ਸਮੇਂ-ਸਮੇਂ ਮੈਨੂੰ ਲੋੜੀਂਦੀ ਸਮੱਗਰੀ ਮੁਹੱਈਆ ਕਰਵਾ ਕੇ ਮੇਰੇ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਮੇਰੀ ਮਦਦ ਕੀਤੀ। ਧੰਨਵਾਦੀ ਹਾਂ ਆਪਣੇ ਵਿਭਾਗ ਦੇ ਸਤਿਕਾਰ ਯੋਗ ਡਾ. ਮਲਕਿੰਦਰ ਕੌਰ ਜੀ ਦਾ ਜਿਨ੍ਹਾਂ ਦੀਆਂ ਅਸੀਸਾਂ ਨੇ ਇਹ ਖੋਜ ਕਾਰਜ ਕਰਨ ਲਈ ਪ੍ਰੇਰਿਆ ਅਤੇ ਇਸ ਦੌਰਾਨ ਹਰ ਮੁਸ਼ਕਿਲ ਲਈ ਸਹਾਇਤਾ ਪ੍ਰਦਾਨ ਕੀਤੀ।

ਧੰਨਵਾਦੀ ਹਾਂ ਆਪਣੇ ਮਾਤਾ-ਪਿਤਾ ਦਾ ਜਿਨ੍ਹਾਂ ਦੀ ਸੁਯੋਗ ਅਗਵਾਈ ਨੇ ਬਚਪਨ ਤੋਂ ਹੀ ਮੈਨੂੰ ਹਰ ਸਮੇਂ ਅਗਾਂਹ ਵਧਣ ਦੀ ਪ੍ਰੇਰਨਾ ਦਿੱਤੀ। ਧੰਨਵਾਦ ਵਿਸ਼ੇਸ਼ ਕਰਕੇ ਆਪਣੀ ਜੀਵਨ ਸਾਥਣ ਡਾ. ਰਜਿੰਦਰ ਕੌਰ ਜੀ ਦਾ, ਜਿਨ੍ਹਾਂ ਦੇ ਮਿਠਾਸ ਭਰਪੂਰ ਤੇ ਮਿਲਾਪੜੇ ਸੁਭਾਅ ਨੇ ਹਮੇਸ਼ਾ ਹੀ ਅੱਗੇ ਵੱਧਣ ਲਈ ਪ੍ਰੇਰਿਆ। ਇੰਨਾ ਹੀ ਨਹੀਂ ਸਗੋਂ ਹਰ ਸਮੇਂ ਅਗਵਾਈ ਪ੍ਰਦਾਨ ਕਰਕੇ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਮੁਕਤ ਰੱਖ ਕੇ ਮੇਰਾ ਹੌਂਸਲਾ ਵੀ ਕਾਇਮ ਕਰਦੇ ਰਹੇ। ਸਭ ਤੋਂ ਜਿਆਦਾ ਧੰਨਵਾਦੀ ਹਾਂ ਆਪਣੇ ਬੇਟੇ ਤਵਨੂਰ ਸਿੰਘ ਤੇ ਸਹਿਜਰੂਪ ਸਿੰਘ ਦਾ ਜਿਨ੍ਹਾਂ ਦੇ ਚਿਹਰੇ ਦੀ ਖੁਸ਼ੀ ਤੇ ਅੱਖਾਂ ਦੀ ਉਡੀਕ ਦੇ ਕਿੰਨੇ ਹੀ ਪਲ ਮੈਂ ਆਪਣੇ ਖੋਜ ਕਾਰਜ ਵਿੱਚ ਲਗਾਏ।ਧੰਨਵਾਦੀ ਹਾਂ ਆਪਣੇ ਦੋਸਤ ਅਮਰਿੰਦਰ ਸਿੰਘ ਦਾ ਜਿਸ ਨੇ ਥੀਸਿਜ਼ ਦੇ ਟਾਈਪਿੰਗ ਦੇ ਕੰਮ ਵਿੱਚ ਮੇਰੀ ਸੁਯੋਗ ਮਦਦ ਕੀਤੀ ਹੈ।

ਇਸ ਨਿੱਘੇ ਪਿਆਰ ਅਤੇ ਪੂਰਨ ਸਹਿਯੋਗ ਨਾਲ ਇਹ ਥੀਸਿਜ਼ ਮੁਕੰਮਲ ਹੋਇਆ ਹੈ। ਅੰਤ ਇਕ ਵਾਰ ਫਿਰ ਧੰਨਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੇ ਉਹਨਾਂ ਸਭ ਦਾ ਜਿਨ੍ਹਾਂ ਦੇ ਪੂਰਨ ਸਹਿਯੋਗ ਨਾਲ ਇਹ ਕਾਰਜ ਨੇਪਰੇ ਚੜ੍ਹਿਆ ਹੈ।

ਹਨਵੰਤ ਸਿੰਘ

**ਹਨਵੰਤ ਸਿੰਘ**

# ਤਤਕਰਾ


**ਭੂਮਿਕਾ** (i-vii)

ਅਧਿਆਇ - ਪਹਿਲਾ

ਧਰਮ ਅਤੇ ਸਮਾਜ (1-40)

ਅਧਿਆਇ - ਦੂਜਾ

ਸਿੱਖ ਸਮਾਜ: ਆਰੰਭ ਅਤੇ ਬਣਤਰ (41-131)

ਅਧਿਆਇ - ਤੀਜਾ

ਸਿੱਖ ਸਮਾਜ ਸਾਹਮਣੇ ਆਧੁਨਿਕ, ਸਿਧਾਂਤਕ ਅਤੇ ਵਿਵਹਾਰਕ ਚੁਣੌਤੀਆਂ (132-184)

ਅਧਿਆਇ - ਚੌਥਾ

ਸਿੱਖ ਸਮਾਜ ਦਰਪੇਸ਼ ਚੁਣੌਤੀਆਂ ਦਾ ਗੁਰਬਾਣੀ ਦੀ ਲੋਅ ਵਿਚ ਸਮਾਧਾਨ (185-232)

ਨਿਸ਼ਕਰਸ਼ (233-245)

ਸਹਾਇਕ ਪੁਸਤਕ ਸੂਚੀ (246-258)